PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

8th - 17th January 2026 • Issue No. 3112

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com









## ਦਸਵੇਂ ਪਾਤਿਸ਼ਾਹ, ਸਰਬੰਸ ਦਾਨੀ, ਅੰਮ੍ਰਿਤ ਦੇ ਦਾਤੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਸਮੂਹ ਜਗਤ ਨੂੰ ਲੱਖ ਲੱਖ ਵਧਾਈ



ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਕਹਿਣ ਮੁਤਾਬਕ ਕੁੱਝ ਸੰਗਤਾਂ ਨੇ 27 ਦਸੰਬਰ ਨੂੰ ਮਨਾਇਆ ਅਤੇ ਕੁੱਝ ਸੰਗਤਾਂ ਨੇ 5 ਜਨਵਰੀ ਨੂੰ ਮੂਲ ਨਾਨਕਸ਼ਾਹੀ ਕੈਲੰਡਰ (2003) ਮੁਤਾਬਕ ਮਨਾਇਆ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ 5 ਜਨਵਰੀ ਨੂੰ ਸਹਿਜ ਪਾਠ ਦੇ ਭੋਗ ਪਾਏ ਗਏ ਅਤੇ ਸ਼ਾਮ ਨੂੰ ਦੀਵਾਨ ਸਜਾਇਆ ਗਿਆ, ਜਿਸ ਦੌਰਾਨ ਸਥਾਨਕ ਜਥਿਆਂ ਅਤੇ ਸ੍ਰੀ ਦਰਬਾਰ ਸਾਹਿਬ ਤੋਂ ਆਏ ਹਜ਼ੂਰੀ ਰਾਗੀ ਜਥੇ ਨੇ ਹਾਜ਼ਰੀ ਭਰੀ। ਹਫ਼ਤੇ ਦੇ ਅਖੀਰ ਵਿੱਚ ਸ਼ੁੱਕਰਵਾਰ ਤੋਂ ਐਤਵਾਰ ਤੱਕ ਅਖੰਡ ਪਾਠ ਸਾਹਿਬ ਕਰਕੇ ਭੋਗ ਪਾਏ ਜਾਣਗੇ ਅਤੇ ਐਤਵਾਰ ਨੂੰ ਦੀਵਾਨ ਸਜਾਏ ਜਾਣਗੇ।

## ਡੀ ਐਸ ਮੋਟਰਸ ਦੇ ਮਾਲਕ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਦੇ ਮੀਤ ਪ੍ਰਧਾਨ ਸ: ਦਰਸ਼ਨ ਸਿੰਘ ਨਾਗੀ ਅਤੇ ਪਰਿਵਾਰ ਵੱਲੋਂ ਨਵੇਂ ਸਾਲ ਦੇ ਸ਼ੁੱਭ ਮੌਕੇ ਸ਼ੁਕਰਾਨਾ ਸਮਾਗਮ ਕਰਵਾਏ ਗਏ

ਇਸ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਦੇ ਸੇਵਾਦਾਰਾਂ ਵੱਲੋਂ ਸ: ਦਰਸ਼ਨ ਸਿੰਘ ਨਾਗੀ ਦੇ ਪਰਿਵਾਰ ਅਤੇ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਸ: ਗੁਰਮੇਲ ਸਿੰਘ ਮੱਲੀ ਅਤੇ ਸਾਥੀਆਂ ਦਾ ਕੀਤਾ ਗਿਆ ਵਿਸ਼ੇਸ਼ ਮਾਣ ਸਨਮਾਨ


*ਖ਼ਬਰ ਅੰਦਰ ਅਤੇ ਹੋਰ ਤਸਵੀਰਾਂ ਆਖਰੀ ਪੰਨੇ 'ਤੇ*




## ਪ੍ਰਸਿੱਧ ਫੋਟੋ ਪੱਤਰਕਾਰ ਸ: ਜੈਤੇਗ ਸਿੰਘ ਅਨੰਤ ਦੇ ਅਕਾਲ ਚਲਾਣੇ 'ਤੇ ਵੱਖ ਵੱਖ ਸੰਸਥਾਵਾਂ ਵੱਲੋਂ ਸ਼ਰਧਾਂਜ਼ਲੀ







ਲੰਮੇ ਸਮੇਂ ਤੋਂ ਕੈਨੇਡਾ ਰਹਿ ਰਹੇ ਸ: ਜੈਤੇਗ ਸਿੰਘ ਅਨੰਤ ਬੀਤੇ ਦਿਨੀਂ ਕੈਨੇਡਾ ਵਿੱਚ ਅਕਾਲ ਚਲਾਣਾ ਕਰ ਗਏ। ਉਹ ਪਿਛਲੇ ਸਮੇਂ ਤੋਂ ਸਰੀ ਵਿਖੇ ਰਹਿ ਰਹੇ ਸਨ। ਉਹਨਾਂ ਦਾ ਗੁਰਮਤਿ ਸਾਹਿਤ ਵਿੱਚ ਬਹੁਤ ਵਡਮੁੱਲਾ ਯੋਗਦਾਨ ਰਿਹਾ ਹੈ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਨਜ਼ਦੀਕੀ ਸਾਥੀਆਂ ਨਾਲ ਉਹਨਾਂ ਦੀ ਕਾਫੀ ਨੇੜਤਾ ਰਹੀ ਹੈ। ਭਾਈ ਜੈਤੇਗ ਸਿੰਘ ਅਨੰਤ ਹੁਣਾਂ ਨੇ ਸਿੱਖ ਅਜਾਇਬਘਰ ਡਰਬੀ ਨੂੰ ਗਦਰ ਲਹਿਰ ਨਾਲ ਸਬੰਧਿਤ ਯੋਧਿਆਂ ਦੇ ਅਤੇ ਭਾਈ ਰਣਧੀਰ ਸਿੰਘ ਜੀ ਦੇ ਚਿੱਤਰ ਵੀ ਦਿੱਤੇ ਸਨ। ਭਾਈ ਸਾਹਿਬ ਸਿੱਖ ਪੰਥ ਵਿੱਚ ਏਕਤਾ ਅਤੇ ਸਾਰੇ ਭਾਈਚਾਰਿਆਂ ਵਿੱਚ ਪ੍ਰਸਪਰ ਪਿਆਰ ਬਣਾਈ ਰੱਖਣ ਲਈ ਬਹੁਤ ਯਤਨਸ਼ੀਲ ਸਨ। ਉਹ ਆਪਣੇ ਅੰਤਿਮ ਸਮੇਂ ਤੱਕ ਕਿਡਨੀ ਦੀ ਸਮੱਸਿਆ ਹੋਣ ਦੇ ਬਾਵਜੂਦ ਵੀ ਸਾਹਿਤਕ ਕੰਮਾਂ ਵਿੱਚ ਰੁੱਝੇ ਰਹਿੰਦੇ ਸਨ। ਅਦਾਰਾ ਪੰਜਾਬ ਟਾਈਮਜ਼, ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਦੇ ਪ੍ਰਧਾਨ ਸ: ਰਘਬੀਰ ਸਿੰਘ, ਸਿੱਖ ਅਜਾਇਬਘਰ ਡਰਬੀ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ ਅਤੇ ਸਮੁੱਚੀ ਟੀਮ, ਅਖੰਡ ਕੀਰਤਨੀ ਜਥਾ ਯੂ ਕੇ ਦੇ ਸੇਵਾਦਾਰ ਭਾਈ ਦਲਜੀਤ ਸਿੰਘ ਤੇ ਭਾਈ ਜੁਝਾਰ ਸਿੰਘ ਅਤੇ ਹਰਜਿੰਦਰ ਸਿੰਘ ਮੰਡੇਰ ਵੱਲੋਂ ਅਨੰਤ ਜੀ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਵਾਹਿਗੁਰੂ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।


WISHING YOU ALL A HAPPY NEW YEAR
MANAK SOLICITORS
Jasdeep Singh Jandu LL.B (Hons.) - Jas
Head of Wills & Probate & Powers of Attorney
Jas joined this firm as a Trainee Solicitor in September 2007 and now leads one of our Private Client Departments. Jas's clear, practical advice ensures your wishes are protected and your loved ones are cared for as you wish, giving you lasting peace of mind.
Contact Jas on telephone 020 8464 7432 or by email jas@manaksolicitors.co.uk for personal and confidential advice and support today.
Orpington I Gravesend I Sevenoaks I Biggin Hill I Bromley
manaksolicitors.co.uk
01689 870 769
reviewsolicitors Excellent
Lexcel
Rajbir Singh Manak MA (Hons)
Surinder Singh Manak LLB (Hons)

# ਅਕਾਲ ਤਖ਼ਤ ਨੇ ਪੰਜਾਬ ਮੁੱਖ ਮੰਤਰੀ ਨੂੰ ਕੀਤਾ ਤਲਬ

## ✪ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਬਿਆਨਾਂ ਅਤੇ ਵੀਡੀਓਜ਼ ਨੂੰ ਲੈ ਕੇ ਵਿਵਾਦ ਗਰਮਾਇਆ ✪ ਬੇਅਦਬੀ ਮਾਮਲਿਆਂ ਵਿੱਚ ਨਿਆਂ ਨਾ ਮਿਲਣ ਤੇ ਜਥੇਦਾਰ ਨੇ ਸਰਕਾਰ ਨੂੰ ਘੇਰਿਆ ✪ 328 ਗੁੰਮ ਸਰੂਪਾਂ ਮਾਮਲੇ ਵਿੱਚ ਐੱਸਜੀਪੀਸੀ ਨੇ ਪੁਲੀਸ ਨੂੰ ਸਹਿਯੋਗ ਨਾ ਦੇਣ ਦਾ ਕੀਤਾ ਐਲਾਨ

**ਖਾਸ ਖ਼ਬਰ**

ਪੰਜਾਬ ਦੀ ਰਾਜਨੀਤੀ ਅਤੇ ਧਾਰਮਿਕ ਹਲਕਿਆਂ ਵਿੱਚ ਇੱਕ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ ਜਦੋਂ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਤਲਬ ਕੀਤਾ ਹੈ। ਇਹ ਤਲਬੀ 15 ਜਨਵਰੀ 2026 ਨੂੰ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿੱਚ ਹੈ। ਜਥੇਦਾਰ ਨੇ ਮਾਨ ਨੂੰ ਸਿੱਖ ਰਹਿਤ ਮਰਿਆਦਾ, ਅਕਾਲ ਤਖ਼ਤ ਦੀ ਸਰਵਉੱਚਤਾ ਅਤੇ ਗੁਰੂ ਕੀ ਗੋਲਕ ਵਰਗੇ ਮਹੱਤਵਪੂਰਨ ਸਿਧਾਂਤਾਂ ਬਾਰੇ ਅਪਮਾਨਜਨਕ ਟਿੱਪਣੀਆਂ ਕਰਨ ਲਈ ਜਵਾਬਦੇਹ ਬਣਾਉਣ ਲਈ ਬੁਲਾਇਆ ਹੈ। ਇਸ ਤੋਂ ਇਲਾਵਾ, ਕੁਝ ਵੀਡੀਓਜ਼ ਵਿੱਚ ਮਾਨ ਨੂੰ ਗੁਰੂ ਸਾਹਿਬਾਨ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀਆਂ ਤਸਵੀਰਾਂ ਨਾਲ ਅਪਮਾਨ ਵਾਲਾ ਵਿਵਹਾਰ ਕਰਦੇ ਵਿਖਾਇਆ ਗਿਆ ਹੈ, ਜਿਨ੍ਹਾਂ ਦੀ ਫੋਰੈਂਸਿਕ ਜਾਂਚ ਵੀ ਮੰਗੀ ਗਈ ਹੈ। ਇਸ ਘਟਨਾ ਨੇ ਪੰਜਾਬ ਦੀ ਰਾਜਨੀਤੀ ਨੂੰ ਗਰਮਾ ਦਿੱਤਾ ਹੈ ਅਤੇ ਕਈ ਸਵਾਲ ਖੜ੍ਹੇ ਕਰ ਦਿੱਤੇ ਨੇ, ਜਿਵੇਂ ਕਿ ਬੇਅਦਬੀ ਮਾਮਲਿਆਂ ਵਿੱਚ ਨਿਆਂ ਕਿਉਂ ਨਹੀਂ ਮਿਲ ਰਿਹਾ ਅਤੇ 328 ਗੁੰਮ ਸਰੂਪਾਂ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਨੇ ਪੁਲੀਸ ਨੂੰ ਸਹਿਯੋਗ ਨਾ ਦੇਣ ਦਾ ਫੈਸਲਾ ਕਿਉਂ ਕੀਤਾ।



ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦੀ ਸਭ ਤੋਂ ਉੱਚੀ ਧਾਰਮਿਕ ਅਦਾਰਾ ਹੈ, ਜਿੱਥੋਂ ਜਾਰੀ ਹੋਣ ਵਾਲੇ ਹੁਕਮ ਸਿੱਖਾਂ ਲਈ ਅੰਤਿਮ ਅਤੇ ਪਵਿੱਤਰ ਮੰਨੇ ਜਾਂਦੇ ਹਨ। ਇਸ ਅਦਾਰੇ ਦੀ ਸਥਾਪਨਾ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਕੀਤੀ ਸੀ ਅਤੇ ਇਹ ਸਿੱਖ ਧਰਮ ਦੀ ਰਾਜਨੀਤਕ ਅਤੇ ਧਾਰਮਿਕ ਆਜ਼ਾਦੀ ਦਾ ਪ੍ਰਤੀਕ ਹੈ। ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਹਾਲ ਹੀ ਵਿੱਚ ਕਾਰਜਕਾਰੀ ਜਥੇਦਾਰ ਨਿਯੁਕਤ ਕੀਤਾ ਗਿਆ ਸੀ ਅਤੇ ਉਹ ਪੰਥਕ ਮਾਮਲਿਆਂ ਵਿੱਚ ਸਖ਼ਤ ਰਵੱਈਆ ਅਪਣਾਉਣ ਲਈ ਜਾਣੇ ਜਾਂਦੇ ਹਨ। ਉਨ੍ਹਾਂ ਨੇ ਪੱਤਰ ਵਿੱਚ ਕਿਹਾ ਹੈ ਕਿ ਮਾਨ ਨੇ ਵਾਰ-ਵਾਰ ਅਜਿਹੇ ਬਿਆਨ ਦਿੱਤੇ ਹਨ ਜੋ ਸਿੱਖ ਰਹਿਤ ਮਰਿਆਦਾ ਨੂੰ ਚੁਣੌਤੀ ਦਿੰਦੇ ਹਨ ਅਤੇ ਇਹ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੇ ਹਨ। ਖਾਸ ਕਰਕੇ, ਮਾਨ ਨੇ ਗੁਰੂ ਕੀ ਗੋਲਕ ਅਤੇ ਦਸਵੰਧ ਵਰਗੇ ਵਿਸ਼ਿਆਂ ਤੇ ਟਿੱਪਣੀਆਂ ਕੀਤੀਆਂ ਹਨ, ਜਿਨ੍ਹਾਂ ਨੂੰ ਜਥੇਦਾਰ ਨੇ ਅਪਮਾਨਜਨਕ ਕਰਾਰ ਦਿੱਤਾ ਹੈ। ਇਸ ਵਿਵਾਦ ਦੀ ਸ਼ੁਰੂਆਤ ਹਾਲ ਹੀ ਵਿੱਚ ਉਦੋਂ ਹੋਈ ਜਦੋਂ ਕੁਝ ਵੀਡੀਓਜ਼ ਵਾਇਰਲ ਹੋਏ, ਜਿਨ੍ਹਾਂ ਵਿੱਚ ਭਗਵੰਤ ਮਾਨ ਨੂੰ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਜੁੜੀਆਂ ਚੀਜ਼ਾਂ ਨਾਲ ਗਲਤ ਵਿਵਹਾਰ ਕਰਦੇ ਵਿਖਾਇਆ ਗਿਆ ਹੈ। ਜਥੇਦਾਰ ਨੇ ਇਨ੍ਹਾਂ ਵੀਡੀਓਜ਼ ਦੀ ਫੋਰੈਂਸਿਕ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ ਤਾਂ ਜੋ ਇਨ੍ਹਾਂ ਦੀ ਸੱਚਾਈ ਸਾਹਮਣੇ ਆ ਸਕੇ।

ਪੰਥਕ ਹਲਕਿਆਂ ਵਿੱਚ ਇਹ ਵੀਡੀਓਜ਼ ਨੂੰ ਬਹੁਤ ਸੰਵੇਦਨਸ਼ੀਲ ਮੰਨਿਆ ਜਾ ਰਿਹਾ ਹੈ ਅਤੇ ਕਈ ਸਿੱਖ ਜਥੇਬੰਦੀਆਂ ਨੇ ਇਸ ਨੂੰ ਬੇਅਦਬੀ ਨਾਲ ਜੋੜ ਕੇ ਵੇਖਿਆ ਹੈ। ਆਮ ਆਦਮੀ ਪਾਰਟੀ (ਆਪ) ਨੇ ਇਨ੍ਹਾਂ ਵੀਡੀਓਜ਼ ਨੂੰ ਏਆਈ ਨਾਲ ਬਣਾਈਆਂ ਗਈਆਂ ਕਹਿ ਕੇ ਰੱਦ ਕੀਤਾ ਹੈ ਅਤੇ ਸੋਸ਼ਲ ਮੀਡੀਆ ਤੋਂ ਬਲਾਕ ਵੀ ਕਰਵਾਇਆ ਹੈ, ਪਰ ਵਿਰੋਧੀ ਧਿਰਾਂ ਨੇ ਇਨਾਂ ਵੀਡੀਓ ਨੂੰ ਸੱਚ ਮੰਨਿਆ ਹੈ।

ਇਸ ਤਲਬੀ ਨੇ ਪੰਜਾਬ ਵਿੱਚ ਧਾਰਮਿਕ ਅਤੇ ਰਾਜਨੀਤਕ ਤਣਾਅ ਨੂੰ ਵਧਾ ਦਿੱਤਾ ਹੈ। ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਆਮ ਆਦਮੀ ਪਾਰਟੀ ਨੇ 2022 ਦੀਆਂ ਚੋਣਾਂ ਵਿੱਚ ਬੇਅਦਬੀ ਮਾਮਲਿਆਂ ਨੂੰ ਵਰਤ ਕੇ ਸੱਤਾ ਹਾਸਲ ਕੀਤੀ ਸੀ, ਪਰ ਹੁਣ ਤੱਕ ਉਨ੍ਹਾਂ ਵਿੱਚ ਨਿਆਂ ਨਹੀਂ ਦਿੱਤਾ ਗਿਆ। 2015 ਵਿੱਚ ਬਰਗਾੜੀ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ 2017 ਵਿੱਚ ਮੌੜ ਬੰਬ ਧਮਾਕੇ ਵਿੱਚ ਸੱਤ ਵਿਅਕਤੀਆਂ ਦੀ ਮੌਤ ਹੋਈ ਸੀ, ਜਿਸ ਵਿੱਚ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁੱਖ ਦੋਸ਼ੀ ਮੰਨਿਆ ਜਾਂਦਾ ਹੈ। ਜਥੇਦਾਰ ਨੇ ਸਰਕਾਰ ਤੋਂ ਪੁੱਛਿਆ ਹੈ ਕਿ ਇਨ੍ਹਾਂ ਮਾਮਲਿਆਂ ਵਿੱਚ ਨਿਆਂ ਕਿਉਂ ਨਹੀਂ ਮਿਲਿਆ ਅਤੇ ਕਿਉਂ ਨਹੀਂ ਦੋਸ਼ੀਆਂ ਨੂੰ ਸਜ਼ਾ ਦਿੱਤੀ ਗਈ। ਪੰਥਕ ਆਗੂਆਂ ਨੂੰ ਲੱਗਦਾ ਹੈ ਕਿ ਸਰਕਾਰ ਨੇ ਬੇਅਦਬੀ ਮਾਮਲੇ ਵਿਚ ਨਿਆਂ ਦੇ ਵਾਅਦੇ ਕੀਤੇ ਸਨ ਪਰ ਪੂਰੇ ਨਹੀਂ ਕੀਤੇ, ਜਿਸ ਕਾਰਨ ਸਿੱਖ ਕੌਮ ਵਿੱਚ ਨਰਾਜ਼ਗੀ ਆਪ ਸਰਕਾਰ ਵਿਰੁੱਧ ਵਧ ਰਹੀ ਹੈ।

ਬੇਅਦਬੀ ਮਾਮਲਿਆਂ ਵਿੱਚ ਨਿਆਂ ਦੀ ਮੰਗ ਪੰਜਾਬ ਵਿੱਚ ਇੱਕ ਲੰਮੇ ਸਮੇਂ ਤੋਂ ਚੱਲ ਰਹੀ ਹੈ। 2015 ਵਿੱਚ ਬਰਗਾੜੀ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਬੇਅਦਬ ਕੀਤਾ ਗਿਆ ਸੀ, ਜਿਸ ਨੇ ਪੰਜਾਬ ਵਿੱਚ ਵੱਡੇ ਵਿਰੋਧ ਪ੍ਰਦਰਸ਼ਨ ਕੀਤੇ ਸਨ। ਉਸ ਸਮੇਂ ਅਕਾਲੀ ਦਲ-ਬੀਜੇਪੀ ਸਰਕਾਰ ਸੱਤਾ ਵਿੱਚ ਸੀ ਅਤੇ ਉਨ੍ਹਾਂ ਤੇ ਵੀ ਨਿਆਂ ਨਾ ਕਰਨ ਦੇ ਇਲਜ਼ਾਮ ਲੱਗੇ ਸਨ। ਆਮ ਆਦਮੀ ਪਾਰਟੀ ਨੇ ਇਨ੍ਹਾਂ ਮਾਮਲਿਆਂ ਨੂੰ ਚੋਣਾਂ ਵਿੱਚ ਵੱਡਾ ਮੁੱਦਾ ਬਣਾਇਆ ਸੀ ਅਤੇ ਵਾਅਦਾ ਕੀਤਾ ਸੀ ਕਿ ਸੱਤਾ ਵਿੱਚ ਆਉਣ ਤੇ ਨਿਆਂ ਕਰੇਗੀ। ਪਰ ਹੁਣ ਤੱਕ ਕੋਈ ਵੱਡੀ ਕਾਰਵਾਈ ਨਹੀਂ ਹੋਈ ਅਤੇ ਦੋਸ਼ੀ ਅਜੇ ਵੀ ਆਜ਼ਾਦ ਘੁੰਮ ਰਹੇ ਹਨ। ਪੰਥਕ ਹਲਕਿਆਂ ਵਿੱਚ ਇਹ ਸਵਾਲ ਉੱਠ ਰਹੇ ਹਨ ਕਿ ਸਰਕਾਰ ਨੇ ਕਿਉਂ ਨਹੀਂ ਇਨਸਾਫ ਕੀਤਾ ਅਤੇ ਕਿਉਂ ਨਹੀਂ ਡੇਰਾ ਮੁਖੀ ਨੂੰ ਸਜ਼ਾ ਦਿੱਤੀ। ਕੁਝ ਸਿੱਖ ਆਗੂ ਕਹਿ ਰਹੇ ਹਨ ਕਿ ਇਹ ਮਾਮਲੇ ਰਾਜਨੀਤਕ ਕਾਰਨਾਂ ਕਰਕੇ ਲਟਕ ਰਹੇ ਹਨ ਅਤੇ ਨਿਆਂ ਨੂੰ ਰੋਕਿਆ ਜਾ ਰਿਹਾ ਹੈ।

ਬਾਕੀ ਹਿਸਾ ਸਫਾ 4 ਤੇ ਪੜ੍ਹੋ →

## ਕੀ ਨਤੀਜੇ ਨਿਕਲਗੇ ਪੰਜਾਬ ਦੀ ਸਿਆਸਤ ਦੇ

ਭਗਵੰਤ ਮਾਨ ਨੇ ਪਹਿਲਾਂ ਹੀ ਘੋਸ਼ਣਾ ਕੀਤੀ ਹੈ ਕਿ ਉਹ ਨੰਗੇ ਪੈਰੀਂ ਚੱਲ ਕੇ ਅਕਾਲ ਤਖ਼ਤ ਅੱਗੇ ਨਿਮਾਣੇ ਸਿੱਖ ਵਜੋਂ ਪੇਸ਼ ਹੋਣਗੇ ਅਤੇ ਹੁਕਮ ਮੰਨਣਗੇ। ਜੇ ਉਹ ਪੇਸ਼ ਹੋ ਕੇ ਆਪਣੇ ਬਿਆਨਾਂ ਅਤੇ ਵੀਡੀਓਜ਼ ਬਾਰੇ ਸਪੱਸ਼ਟੀਕਰਨ ਦਿੰਦੇ ਹਨ ਅਤੇ ਮਾਫ਼ੀ ਮੰਗਦੇ ਹਨ, ਤਾਂ ਜਥੇਦਾਰ ਵੱਲੋਂ ਉਨ੍ਹਾਂ ਨੂੰ ਧਾਰਮਿਕ ਸਜ਼ਾ ਜਾਂ ਚੇਤਾਵਨੀ ਦਿੱਤੀ ਜਾ ਸਕਦੀ ਹੈ।

ਇਤਿਹਾਸ ਵਿੱਚ ਅਜਿਹੇ ਮਾਮਲੇ ਵਾਪਰੇ ਹਨ, ਜਿਵੇਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 1979 ਵਿੱਚ ਅਤੇ ਸੁਰਜੀਤ ਸਿੰਘ ਬਰਨਾਲਾ ਨੂੰ 1986 ਵਿੱਚ ਤਲਬ ਕੀਤਾ ਗਿਆ ਸੀ, ਅਤੇ ਉਨ੍ਹਾਂ ਨੇ ਮਾਫ਼ੀ ਮੰਗ ਕੇ ਮਾਮਲਾ ਨਿਬੇੜਿਆ ਸੀ। ਇਸ ਵਾਰ ਵੀ ਫੋਰੈਂਸਿਕ ਜਾਂਚ ਤੇ ਨਿਰਭਰ ਕਰੇਗਾ ਕਿ ਵੀਡੀਓ ਅਸਲੀ ਹੈ ਜਾਂ ਨਹੀਂ। ਜੇ ਵੀਡੀਓ ਫਰਜ਼ੀ ਸਾਬਤ ਹੋਇਆ ਤਾਂ ਮਾਨ ਨੂੰ ਰਾਹਤ ਮਿਲ ਸਕਦੀ ਹੈ। ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਜੇ ਮਾਨ ਪੇਸ਼ ਨਾ ਹੋਏ ਜਾਂ ਉਨ੍ਹਾਂ ਦੇ ਸਪੱਸ਼ਟੀਕਰਨ ਨਾਲ ਜਥੇਦਾਰ ਸੰਤੁਸ਼ਟ ਨਾ ਹੋਏ, ਤਾਂ ਉਨ੍ਹਾਂ ਨੂੰ ਪੰਥ ਵਿੱਚੋਂ ਛੇਕਿਆ ਜਾ ਸਕਦਾ ਹੈ । ਇਹ ਪੰਥਕ ਭਾਵਨਾਵਾਂ ਨੂੰ ਹੋਰ ਗਰਮਾ ਸਕਦਾ ਹੈ ਅਤੇ ਬੇਅਦਬੀ ਮਾਮਲਿਆਂ (ਜਿਵੇਂ ਬਰਗਾੜੀ 2015 ਅਤੇ ਮੌੜ ਬੰਬ ਧਮਾਕਾ 2017) ਵਿੱਚ ਨਿਆਂ ਨਾ ਮਿਲਣ ਤੇ ਵੀ ਧਿਆਨ ਵਧੇਗਾ। ਜਥੇਦਾਰ ਨੇ ਪਹਿਲਾਂ ਹੀ ਸਰਕਾਰ ਤੋਂ ਇਨ੍ਹਾਂ ਮਾਮਲਿਆਂ ਵਿੱਚ ਨਿਆਂ ਬਾਰੇ ਜਵਾਬ ਮੰਗਿਆ ਹੈ, ਜੋ ਗੁਰਮੀਤ ਰਾਮ ਰਹੀਮ ਅਤੇ ਹਨੀ ਪ੍ਰੀਤ ਨਾਲ ਜੁੜੇ ਹਨ। ਐੱਸਜੀਪੀਸੀ ਅਤੇ ਸਰਕਾਰ ਵਿਚਾਲੇ ਤਣਾਅ ਵਧਣਾ: ਇਹ ਮਸਲਾ 328 ਗੁੰਮ ਪਾਵਨ ਸਰੂਪਾਂ ਨਾਲ ਵੀ ਜੁੜਿਆ ਹੈ, ਜਿੱਥੇ ਐੱਸਜੀਪੀਸੀ ਨੇ ਪੁਲੀਸ ਨੂੰ ਸਹਿਯੋਗ ਨਾ ਦੇਣ ਦਾ ਐਲਾਨ ਕੀਤਾ ਹੈ। ਜੇ ਅਕਾਲ ਤਖ਼ਤ ਵੱਲੋਂ ਸਰਕਾਰ ਖ਼ਿਲਾਫ਼ ਹੁਕਮ ਜਾਰੀ ਹੋਇਆ ਤਾਂ ਧਾਰਮਿਕ ਅਦਾਰਿਆਂ ਅਤੇ ਸਰਕਾਰ ਵਿਚਾਲੇ ਵਿਵਾਦ ਵਧ ਸਕਦਾ ਹੈ, ਜਿਸ ਨਾਲ ਜਾਂਚ ਪ੍ਰਕਿਰਿਆ ਰੁਕ ਸਕਦੀ ਹੈ।

ਪੰਜਾਬ ਦੀ ਸਿਆਸਤ ਤੇ ਪ੍ਰਭਾਵ-ਆਮ ਆਦਮੀ ਪਾਰਟੀ (ਆਪ) ਨੂੰ ਨੁਕਸਾਨ: ਆਪ ਨੇ 2022 ਚੋਣਾਂ ਵਿੱਚ ਬੇਅਦਬੀ ਮਾਮਲਿਆਂ ਨੂੰ ਵੱਡਾ ਮੁੱਦਾ ਬਣਾ ਕੇ ਜਿੱਤ ਹਾਸਲ ਕੀਤੀ ਸੀ, ਪਰ ਹੁਣ ਤੱਕ ਨਿਆਂ ਨਾ ਮਿਲਣ ਕਾਰਨ ਪੰਥਕ ਹਲਕਿਆਂ ਵਿੱਚ ਨਿਰਾਸ਼ਾ ਹੈ। ਇਹ ਤਲਬੀ ਆਪ ਨੂੰ "ਐਂਟੀ-ਸਿੱਖ" ਵਜੋਂ ਪੇਸ਼ ਕਰ ਸਕਦੀ ਹੈ, ਜਿਸ ਨਾਲ ਸਿੱਖ ਵੋਟਰਾਂ ਵਿੱਚ ਨਕਾਰਾਤਮਕ ਅਸਰ ਪੈ ਸਕਦਾ ਹੈ। ਆਉਣ ਵਾਲੀਆਂ ਚੋਣਾਂ ਵਿੱਚ ਇਹ ਆਪ ਲਈ ਚੁਣੌਤੀ ਬਣ ਸਕਦਾ ਹੈ, ਖਾਸ ਕਰਕੇ ਜੇ ਪੰਥਕ ਜਥੇਬੰਦੀਆਂ ਵਿਰੋਧ ਵਧਾਉਂਦੀਆਂ ਹਨ।

ਵਿਰੋਧੀ ਪਾਰਟੀਆਂ ਨੂੰ ਫਾਇਦਾ-ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ ਧੜਾ) ਇਸ ਨੂੰ ਆਪ ਖ਼ਿਲਾਫ਼ ਵਰਤ ਸਕਦੇ ਹਨ। ਅਕਾਲੀ ਦਲ ਨੂੰ ਆਪਣੇ ਪੰਥਕ ਅਕਸ ਨੂੰ ਮਜ਼ਬੂਤ ਕਰਨ ਦਾ ਮੌਕਾ ਮਿਲ ਸਕਦਾ ਹੈ, ਜਦਕਿ ਕਾਂਗਰਸ ਆਗੂ ਜਿਵੇਂ ਸੁਖਪਾਲ ਖਹਿਰਾ ਪਹਿਲਾਂ ਹੀ ਇਸ ਨੂੰ ਸਿਆਸੀ ਸਾਜ਼ਿਸ਼ ਕਹਿ ਕੇ ਫਾਇਦਾ ਲੈ ਰਹੇ ਹਨ। ਆਖਰੀ ਨਤੀਜਾ ਮਾਨ ਦੀ ਨਿਮਰਤਾ ਅਤੇ ਜਥੇਦਾਰ ਦੇ ਫੈਸਲੇ ਤੇ ਨਿਰਭਰ ਕਰੇਗਾ, ਜੋ ਪੰਜਾਬ ਦੀ ਰਾਜਨੀਤੀ ਨੂੰ ਨਵਾਂ ਮੋੜ ਦੇ ਸਕਦਾ ਹੈ। ਇਹ ਮਾਮਲਾ ਅਜੇ ਵਿਕਸਤ ਹੋ ਰਿਹਾ ਹੈ, ਅਤੇ 15 ਜਨਵਰੀ ਬਾਅਦ ਹੀ ਪੂਰੀ ਤਸਵੀਰ ਸਾਫ਼ ਹੋਵੇਗੀ।

3 ਸਫ਼ੇ ਦੀ ਬਾਕੀ

ਇਸ ਵਿਵਾਦ ਵਿੱਚ 328 ਗੁੰਮ ਪਾਵਨ ਸਰੂਪਾਂ ਦਾ ਮਾਮਲਾ ਵੀ ਜੁੜ ਗਿਆ ਹੈ। ਐੱਸਜੀਪੀਸੀ ਨੇ ਸਪੱਸ਼ਟ ਕਿਹਾ ਹੈ ਕਿ ਉਹ ਪੁਲੀਸ ਨੂੰ ਕੋਈ ਸਹਿਯੋਗ ਨਹੀਂ ਦੇਣਗੇ ਕਿਉਂਕਿ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਉਨ੍ਹਾਂ ਨੇ ਪਹਿਲਾਂ ਹੀ ਵਿਭਾਗੀ ਕਾਰਵਾਈ ਕੀਤੀ ਹੈ। ਐੱਸਜੀਪੀਸੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਹੈ ਕਿ ਦੋਸ਼ੀ ਮੁਲਾਜ਼ਮਾਂ ਤੇ ਕਾਰਵਾਈ ਹੋ ਚੁੱਕੀ ਹੈ ਅਤੇ ਅਕਾਲ ਤਖ਼ਤ ਦਾ ਆਦੇਸ਼ ਉਨ੍ਹਾਂ ਲਈ ਅੰਤਿਮ ਹੈ। ਉਨ੍ਹਾਂ ਨੇ ਆਪ ਸਰਕਾਰ ਤੇ ਇਲਜ਼ਾਮ ਲਾਇਆ ਕਿ ਉਹ ਸਿੱਖ ਸੰਸਥਾ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਪਰ ਆਮ ਆਦਮੀ ਪਾਰਟੀ ਦੇ ਆਗੂ ਕਹਿ ਰਹੇ ਹਨ ਕਿ ਐੱਸਜੀਪੀਸੀ ਕਾਨੂੰਨ ਤੋਂ ਉੱਪਰ ਨਹੀਂ ਅਤੇ ਜਾਂਚ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ।

ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਨੇ ਕਿਹਾ ਹੈ ਕਿ ਇਹ ਮਾਮਲਾ ਭ੍ਰਿਸ਼ਟਾਚਾਰ ਅਤੇ ਅਣਗਹਿਲੀ ਨਾਲ ਜੁੜਿਆ ਹੈ, ਬੇਅਦਬੀ ਨਾਲ ਨਹੀਂ, ਅਤੇ ਸਰਕਾਰ ਨੂੰ ਦਖਲ ਨਹੀਂ ਦੇਣਾ ਚਾਹੀਦਾ। ਇਹ ਮਾਮਲਾ ਪੰਜ ਸਾਲ ਪੁਰਾਣਾ ਹੈ ਅਤੇ ਹਾਲ ਹੀ ਵਿੱਚ ਸਰਕਾਰ ਨੇ ਕੁਝ ਪੰਥਕ ਧੜਿਆਂ ਦੀ ਅਪੀਲ ਕਾਰਣ ਇਸ ਨੂੰ ਮੁੜ ਖੋਲ੍ਹ ਕੇ ਐਫਆਈਆਰ ਦਰਜ ਕੀਤੀ ਹੈ, ਜਿਸ ਨੇ ਵਿਵਾਦ ਨੂੰ ਹੋਰ ਵਧਾ ਦਿੱਤਾ ਹੈ।

ਵੱਖ-ਵੱਖ ਰਾਜਨੀਤਕ ਧਿਰਾਂ ਨੇ ਇਸ ਘਟਨਾ ਤੇ ਵੱਖਰੇ ਰਿਐਕਸ਼ਨ ਦਿੱਤੇ ਹਨ। ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਨੇ ਜਥੇਦਾਰ ਦੇ ਫੈਸਲੇ ਦਾ ਸਵਾਗਤ ਕੀਤਾ ਹੈ ਅਤੇ ਵੀਡੀਓਜ਼ ਦੀ ਫੋਰੈਂਸਿਕ ਜਾਂਚ ਮੰਗੀ ਹੈ। ਉਨ੍ਹਾਂ ਨੇ ਕਿਹਾ ਕਿ ਜੇ ਮਾਨ ਸੱਚਮੁੱਚ ਨਿਮਰਤਾ ਨਾਲ ਪੇਸ਼ ਹੋਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਮੁੱਖ ਮੰਤਰੀ ਅਹੁਦੇ ਤੋਂ ਅਸਤੀਫਾ ਦੇ ਕੇ ਜਾਂਚ ਨੂੰ ਨਿਰਪੱਖ ਬਣਾਉਣਾ ਚਾਹੀਦਾ ਹੈ। ਖਹਿਰਾ ਨੇ ਆਪ ਦੀ ਆਲੋਚਨਾ ਵੀ ਕੀਤੀ ਕਿ ਉਨ੍ਹਾਂ ਨੇ ਭਗਵੰਤ ਮਾਨ ਨੇ ਆਪਣੀਆਂ ਸਿੱਖ ਮਰਿਆਦਾ ਵਿਰੋਧੀ ਵੀਡੀਓਜ਼ ਨੂੰ ਬਲਾਕ ਕਰਵਾ ਕੇ ਪਾਰਦਰਸ਼ਤਾ ਨੂੰ ਖਤਮ ਕੀਤਾ ਹੈ। ਉਨ੍ਹਾਂ ਨੇ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਮਾਨ ਅਤੇ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਬੇਅਦਬੀ ਮਾਮਲਿਆਂ ਵਿੱਚ ਨਿਆਂ ਨਾ ਦੇਣ ਬਾਰੇ ਵੀ ਜਵਾਬਦੇਹ ਬਣਾਉਣ।

ਸ਼੍ਰੋਮਣੀ ਅਕਾਲੀ ਦਲ (ਬਾਦਲ ਧੜੇ) ਨੇ ਇਸ ਮਾਮਲੇ ਵਿੱਚ ਚੁੱਪ ਵੱਟੀ ਰੱਖੀ ਹੈ, ਪਰ ਪੰਥਕ ਹਲਕਿਆਂ ਵਿੱਚ ਇਹ ਸਵਾਲ ਉੱਠ ਰਹੇ ਹਨ ਕਿ ਉਹ ਬੇਅਦਬੀ ਮਸਲੇ ਬਾਰੇ ਕਿਉਂ ਨਹੀਂ ਆਵਾਜ਼ ਉਠਾ ਰਹੇ। ਅਕਾਲੀ ਦਲ ਨੇ ਹਮੇਸ਼ਾ ਆਪਣੇ ਆਪ ਨੂੰ ਬੇਅਦਬੀ ਮਾਮਲਿਆਂ ਵਿੱਚ ਨਿਰਦੋਸ਼ ਦੱਸਿਆ ਹੈ, ਪਰ ਹੁਣ ਉਹ ਸਰਕਾਰ ਤੇ ਦਬਾਅ ਨਹੀਂ ਬਣਾ ਰਹੇ। ਪੰਥਕ ਆਗੂ ਕਹਿ ਰਹੇ ਹਨ ਕਿ ਅਕਾਲੀ ਦਲ ਨੂੰ ਨਿਆਂ ਲਈ ਆਵਾਜ਼ ਉਠਾਉਣੀ ਚਾਹੀਦੀ ਹੈ ਅਤੇ ਜਥੇਦਾਰ ਨਾਲ ਖੜ੍ਹੇ ਹੋਣਾ ਚਾਹੀਦਾ ਹੈ। ਜੇ ਅਕਾਲੀ ਦਲ ਆਪਣਾ ਸਟੈਂਡ ਸਪੱਸ਼ਟ ਰੱਖੇ ਤਾਂ ਉਨ੍ਹਾਂ ਦਾ ਪੰਥਕ ਅਕਸ ਸੁਧਰ ਸਕਦਾ ਹੈ।

ਆਮ ਆਦਮੀ ਪਾਰਟੀ ਨੇ ਇਸ ਤਲਬੀ ਨੂੰ ਸਿਆਸੀ ਸਾਜ਼ਿਸ਼ ਕਰਾਰ ਦਿੱਤਾ ਹੈ। ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਇਸ ਨੂੰ ਮੰਦਭਾਗਾ ਕਿਹਾ ਹੈ ਅਤੇ ਕਿਹਾ ਕਿ ਅਜਿਹਾ ਫੈਸਲਾ ਨਹੀਂ ਲਿਆ ਜਾਣਾ ਚਾਹੀਦਾ ਸੀ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਹੁਕਮ ਦਾ ਜਵਾਬ ਦੇਣਗੇ। ਆਪ ਆਗੂ ਬਲਤੇਜ ਪੰਨੂ ਨੇ ਐੱਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਹਮਲਾ ਕਰ ਕੇ ਪੁੱਛਿਆ ਹੈ ਕਿ ਪਾਵਨ ਸਰੂਪ ਕਿੱਥੇ ਗਏ ਅਤੇ ਰਿਕਵਰੀ ਕਿਉਂ ਨਹੀਂ ਹੋਈ। ਆਪ ਨੇ ਕਿਹਾ ਕਿ ਸਰਕਾਰ ਬੇਅਦਬੀ ਮਾਮਲਿਆਂ ਵਿੱਚ ਨਿਆਂ ਦੇਣ ਲਈ ਵਚਨਬੱਧ ਹੈ ਪਰ ਐੱਸਜੀਪੀਸੀ ਸਹਿਯੋਗ ਨਹੀਂ ਦੇ ਰਹੀ।

ਡਾਕਟਰ ਪਰਮਜੀਤ ਸਿੰਘ ਮਾਨਸਾ ਨੇ ਕਿਹਾ ਹੈ ਕਿ ਅਕਾਲ ਤਖ਼ਤ ਸਿੱਖਾਂ ਲਈ ਸਰਵਉੱਚ ਹੈ ਅਤੇ ਰਹਿਤ ਮਰਿਆਦਾ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਨੇ ਕਿਹਾ ਕਿ ਭਾਵੇਂ ਕੋਈ ਮੁੱਖ ਮੰਤਰੀ ਹੋਵੇ ਜਾਂ ਕੇਂਦਰੀ ਨੇਤਾ, ਅਕਾਲ ਤਖ਼ਤ ਦੇ ਫੈਸਲੇ ਸਭ ਤੇ ਲਾਗੂ ਹੁੰਦੇ ਹਨ। ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਅਕਾਲ ਤਖ਼ਤ ਦੇ ਫੈਸਲੇ ਪੰਥ ਨੂੰ ਲਾਭ ਪਹੁੰਚਾਉਣ ਵਾਲੇ ਹੋਣੇ ਚਾਹੀਦੇ ਹਨ ਅਤੇ ਜਥੇਦਾਰੀ ਦੇ ਅਹੁਦੇ ਦਾ ਮਾਣ ਬਚਾਉਂਦੇ ਹੋਏ ਲਏ ਜਾਣੇ ਚਾਹੀਦੇ ਹਨ। ਪਰ ਕੁਝ ਲੋਕ ਇਸ ਨੂੰ 328 ਸਰੂਪਾਂ ਦੇ ਮਾਮਲੇ ਵਿੱਚ ਚੱਲ ਰਹੀ ਜਾਂਚ ਨੂੰ ਧੁੰਦਲਾ ਕਰਨ ਵਾਲੀ ਚਾਲ ਮੰਨ ਰਹੇ ਹਨ।

ਭਗਵੰਤ ਮਾਨ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਉਹ ਅਕਾਲ ਤਖ਼ਤ ਅੱਗੇ ਨਿਮਾਣੇ ਸਿੱਖ ਵਜੋਂ ਪੇਸ਼ ਹੋਣਗੇ, ਨਾ ਕਿ ਮੁੱਖ ਮੰਤਰੀ ਵਜੋਂ। ਉਨ੍ਹਾਂ ਨੇ ਕਿਹਾ ਕਿ ਉਹ ਨੰਗੇ ਪੈਰੀਂ ਚੱਲ ਕੇ ਹਾਜ਼ਰ ਹੋਣਗੇ ਅਤੇ ਹੁਕਮ ਨੂੰ ਸਿਰ ਮੱਥੇ ਤੇ ਲੈਣਗੇ। ਹਾਲਾਂਕਿ 15 ਜਨਵਰੀ ਨੂੰ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਆ ਰਹੇ ਹਨ, ਪਰ ਮਾਨ ਨੇ ਕਿਹਾ ਕਿ ਅਕਾਲ ਤਖ਼ਤ ਉਨ੍ਹਾਂ ਲਈ ਸਭ ਤੋਂ ਉੱਪਰ ਹੈ। ਇਸ ਤੋਂ ਲੱਗਦਾ ਹੈ ਕਿ ਉਹ ਜ਼ਰੂਰ ਪੇਸ਼ ਹੋਣਗੇ ਅਤੇ ਆਪਣਾ ਸਪੱਸ਼ਟੀਕਰਨ ਦੇਣਗੇ। ਪਰ ਵਿਰੋਧੀ ਆਗੂ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਅਸਤੀਫਾ ਦੇ ਕੇ ਪੇਸ਼ ਹੋਣਾ ਚਾਹੀਦਾ ਹੈ ਤਾਂ ਜੋ ਜਾਂਚ ਨਿਰਪੱਖ ਰਹੇ।

ਇਤਿਹਾਸ ਵਿੱਚ ਵੀ ਅਕਾਲ ਤਖ਼ਤ ਨੇ ਕਈ ਵਾਰ ਰਾਜਨੀਤਕ ਆਗੂਆਂ ਨੂੰ ਤਲਬ ਕੀਤਾ ਹੈ। ਜਿਵੇਂ 1979 ਵਿੱਚ ਪ੍ਰਕਾਸ਼ ਸਿੰਘ ਬਾਦਲ, 1986 ਵਿੱਚ ਸੁਰਜੀਤ ਸਿੰਘ ਬਰਨਾਲਾ ਅਤੇ ਪਹਿਲਾਂ ਗਿਆਨੀ ਜ਼ੈਲ ਸਿੰਘ ਅਤੇ ਬੂਟਾ ਸਿੰਘ ਨੂੰ ਬੁਲਾਇਆ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਨੂੰ ਵੀ ਤਲਬ ਕੀਤਾ ਗਿਆ ਸੀ। ਇਹ ਘਟਨਾ ਉਸੇ ਪਰੰਪਰਾ ਨੂੰ ਜਾਰੀ ਰੱਖ ਰਹੀ ਹੈ। ਪੰਜਾਬ ਦੇ ਲੋਕ ਚਾਹੁੰਦੇ ਹਨ ਕਿ ਬੇਅਦਬੀ ਦਾ ਨਿਆਂ ਮਿਲੇ ਅਤੇ ਧਰਮ ਤੇ ਸਿਆਸਤ ਵਿੱਚ ਸੰਤੁਲਨ ਬਣਿਆ ਰਹੇ।

ਅਗਲੇ ਦਿਨਾਂ ਵਿੱਚ ਕੀ ਹੋਵੇਗਾ, ਇਹ ਵੇਖਣ ਵਾਲੀ ਗੱਲ ਹੈ। ਇਹ ਵਿਵਾਦ ਪੰਜਾਬ ਦੀ ਰਾਜਨੀਤੀ ਨੂੰ ਨਵਾਂ ਮੋੜ ਦੇ ਸਕਦਾ ਹੈ ਅਤੇ ਆਉਣ ਵਾਲੀਆਂ ਚੋਣਾਂ ਤੇ ਅਸਰ ਪਾ ਸਕਦਾ ਹੈ। ਪੰਜਾਬ ਵਿੱਚ ਧਾਰਮਿਕ ਅਤੇ ਰਾਜਨੀਤਕ ਸੰਤੁਲਨ ਬਣਾਉਣ ਲਈ ਸਭ ਨੂੰ ਸਾਵਧਾਨੀ ਵਰਤਣੀ ਚਾਹੀਦੀ ਹੈ ਤਾਂ ਜੋ ਕੌਮ ਨੂੰ ਨੁਕਸਾਨ ਨਾ ਹੋਵੇ।

# ਲੁਧਿਆਣਾ ਕਾਂਗਰਸ ਵਿਚ ਵੜਿੰਗ ਤੇ ਆਸ਼ੂ ਵਿਚਾਲੇ ਤਕਰਾਰ ਵਧਿਆ

## ✪ ਦੋ ਧੜਿਆਂ ਵਿਚ ਵੰਡੀ ਗਈ ਪਾਰਟੀ

ਲੁਧਿਆਣਾ-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਲੁਧਿਆਣਾ ਦੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਵਿਚਾਲੇ ਸਿਆਸੀ ਜੰਗ ਤੇਜ਼ ਹੋ ਗਈ ਹੈ। ਦੋਵਾਂ ਆਗੂਆਂ ਵਿਚਾਲੇ ਵਧਦੀ ਦੂਰੀ ਕਾਰਨ ਲੁਧਿਆਣਾ ਕਾਂਗਰਸ ਹੁਣ ਦੋ ਧੜਿਆਂ ਵਿੱਚ ਵੰਡੀ ਨਜ਼ਰ ਆ ਰਹੀ ਹੈ, ਜਿਸ ਦਾ ਅਸਰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਤੇ ਪੈ ਸਕਦਾ ਹੈ।

### ਵੜਿੰਗ ਨੇ ਆਸ਼ੂ ਨੂੰ ਦੱਸਿਆ 'ਵਿਰੋਧੀ'

ਰਾਜਾ ਵੜਿੰਗ ਨੇ ਭਾਰਤ ਭੂਸ਼ਣ ਆਸ਼ੂ 'ਤੇ ਸਿੱਧਾ ਹਮਲਾ ਕਰਦਿਆਂ ਉਨ੍ਹਾਂ ਨੂੰ ਪਾਰਟੀ ਵਿਰੋਧੀ ਤੱਕ ਕਹਿ ਦਿੱਤਾ ਹੈ। ਦਰਅਸਲ, ਪਿਛਲੇ ਦਿਨੀਂ ਆਸ਼ੂ ਨੇ ਵੜਿੰਗ 'ਤੇ ਵਰਕਰਾਂ ਨਾਲ ਨਾ ਖੜ੍ਹਨ ਦੇ ਦੋਸ਼ ਲਾਏ ਸਨ। ਇਸ ਦੇ ਜਵਾਬ ਵਿੱਚ ਵੜਿੰਗ ਨੇ ਕਿਹਾ, "ਪ੍ਰਧਾਨ ਦੇ ਖਿਲਾਫ਼ ਬੋਲਣ ਵਾਲਾ ਵਿਰੋਧੀ ਹੀ ਹੁੰਦਾ ਹੈ। ਮੈਂ ਵਰਕਰਾਂ ਲਈ ਲੜਿਆ ਹਾਂ, ਇਸੇ ਲਈ ਅੱਜ ਇਸ ਮੁਕਾਮ 'ਤੇ ਹਾਂ, ਜਿਹੜੇ ਨਹੀਂ ਲੜੇ ਉਨ੍ਹਾਂ ਨੂੰ ਲੋਕਾਂ ਨੇ ਘਰ ਬਿਠਾ ਦਿੱਤਾ।"

### ਵਿਧਾਨ ਸਭਾ ਹਲਕਿਆਂ 'ਚ ਗੁੱਟਬੰਦੀ ਤੇਜ਼

ਲੁਧਿਆਣਾ ਦੇ ਚਾਰ ਪ੍ਰਮੁੱਖ ਹਲਕਿਆਂ ਵਿੱਚ ਦੋਵਾਂ ਗੁੱਟਾਂ ਦੇ ਆਗੂ ਇੱਕ-ਦੂਜੇ ਦੇ ਸਾਹਮਣੇ ਡਟ ਗਏ ਹਨ:

ਆਤਮ ਨਗਰ (ਬੈਂਸ ਬਨਾਮ ਕੜਵਲ): ਲੋਕ ਸਭਾ ਚੋਣਾਂ ਦੌਰਾਨ ਵੜਿੰਗ ਨੇ ਸਿਮਰਜੀਤ ਸਿੰਘ ਬੈਂਸ ਨੂੰ ਕਾਂਗਰਸ ਵਿੱਚ ਸ਼ਾਮਲ ਕਰਵਾਇਆ ਅਤੇ ਉਨ੍ਹਾਂ ਨੂੰ ਇਸ ਹਲਕੇ ਤੋਂ ਤਿਆਰੀ ਕਰਨ ਲਈ ਕਿਹਾ। ਦੂਜੇ ਪਾਸੇ, ਆਸ਼ੂ ਗੁੱਟ ਦੇ ਕਮਲਜੀਤ ਸਿੰਘ ਕੜਵਲ ਨੇ ਨਵੇਂ ਸਾਲ ਦੇ ਪੋਸਟਰਾਂ ਵਿੱਚ ਖੁਦ ਨੂੰ 'ਹਲਕਾ ਇੰਚਾਰਜ' ਦੱਸ ਕੇ ਬੈਂਸ ਨੂੰ ਚੁਣੌਤੀ ਦਿੱਤੀ ਹੈ।

ਲੁਧਿਆਣਾ ਦੱਖਣੀ (ਬਲਵਿੰਦਰ ਬੈਂਸ ਬਨਾਮ ਈਸ਼ਵਰ ਜੋਤ ਚੀਮਾ): ਇੱਥੇ ਆਸ਼ੂ ਗੁੱਟ ਦੇ ਈਸ਼ਵਰ ਜੋਤ ਸਿੰਘ ਚੀਮਾ ਪਹਿਲਾਂ ਹੀ ਸਰਗਰਮ ਹਨ, ਪਰ ਵੜਿੰਗ ਨੇ ਹੁਣ ਬਲਵਿੰਦਰ ਸਿੰਘ ਬੈਂਸ ਨੂੰ ਇਸ ਹਲਕੇ ਵਿੱਚ ਸਰਗਰਮ ਹੋਣ ਦੇ ਨਿਰਦੇਸ਼ ਦੇ ਦਿੱਤੇ ਹਨ।

ਲੁਧਿਆਣਾ ਪੱਛਮੀ (ਆਸ਼ੂ ਦਾ ਗੜ੍ਹ): ਵੜਿੰਗ ਹੁਣ ਆਸ਼ੂ ਨੂੰ ਉਨ੍ਹਾਂ ਦੇ ਆਪਣੇ ਹਲਕੇ ਵਿੱਚ ਘੇਰਨ ਦੀ ਤਿਆਰੀ ਕਰ ਰਹੇ ਹਨ। ਉਨ੍ਹਾਂ ਨੇ ਸਾਬਕਾ ਜ਼ਿਲ੍ਹਾ ਪ੍ਰਧਾਨ ਪਵਨ ਦੀਵਾਨ ਨੂੰ ਇੱਥੇ ਜ਼ਿੰਮੇਵਾਰੀ ਸੌਂਪੀ ਹੈ। ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਵੀ ਇੱਥੇ ਪਵਨ ਦੀਵਾਨ ਨਾਲ ਕਈ ਪ੍ਰੋਗਰਾਮਾਂ ਵਿੱਚ ਸ਼ਾਮਲ ਹੋ ਚੁੱਕੀ ਹੈ।

ਸਾਹਨੇਵਾਲ (ਬਿਕਰਮ ਬਾਜਵਾ ਬਨਾਮ ਲੱਕੀ ਸੰਧੂ): ਹਲਕਾ ਇੰਚਾਰਜ ਬਿਕਰਮ ਸਿੰਘ ਬਾਜਵਾ (ਰਾਜਾ ਵੜਿੰਗ ਗੁੱਟ) ਵਿਰੁੱਧ ਯੂਥ ਕਾਂਗਰਸ ਆਗੂ ਲੱਕੀ ਸੰਧੂ ਨੇ ਮੋਰਚਾ ਖੋਲ੍ਹ ਦਿੱਤਾ ਹੈ। ਸੰਧੂ ਨੇ ਬਾਜਵਾ ਨੂੰ ਹਾਰ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਹਾਈਕਮਾਂਡ ਕੋਲ ਸ਼ਿਕਾਇਤ ਕਰਨ ਦੀ ਗੱਲ ਕਹੀ ਹੈ।



### ਚੋਣਾਂ 'ਤੇ ਪਵੇਗਾ ਅਸਰ

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਲੁਧਿਆਣਾ ਕਾਂਗਰਸ ਦੀ ਇਹ ਅੰਦਰੂਨੀ ਲੜਾਈ ਜਲਦ ਖਤਮ ਨਾ ਹੋਈ, ਤਾਂ ਆਉਣ ਵਾਲੀਆਂ ਚੋਣਾਂ ਵਿੱਚ ਪਾਰਟੀ ਨੂੰ ਵੱਡਾ ਨੁਕਸਾਨ ਝੱਲਣਾ ਪੈ ਸਕਦਾ ਹੈ। ਕਾਂਗਰਸੀ ਵਰਕਰ ਵੀ ਇਸ ਖਿੱਚੋਤਾਣ ਕਾਰਨ ਦੁਵਿਧਾ ਵਿੱਚ ਹਨ।

# ਦਰਬਾਰ ਸਾਹਿਬ ਵਿਖੇ ਸਤਵੰਤ ਸਿੰਘ ਤੇ ਕਿਹਰ ਸਿੰਘ ਦੀ ਬਰਸੀ ਮਨਾਈ



ਅੰਮ੍ਰਿਤਸਰ-ਸ਼੍ਰੋਮਣੀ ਕਮੇਟੀ ਵੱਲੋਂ ਸੱਚਖੰਡ ਹਰਿਮੰਦਰ ਸਾਹਿਬ ਸਮੂਹ ਵਿਚ ਸਥਿਤ ਗੁਰਦੁਆਰਾ ਝੰਡਾ ਬੁੰਗਾ ਸਾਹਿਬ ਵਿਖੇ ਸਤਵੰਤ ਸਿੰਘ ਅਤੇ ਕਿਹਰ ਸਿੰਘ ਦੀ ਬਰਸੀ ਮੌਕੇ ਅਖੰਡ ਪਾਠ ਦੇ ਭੋਗ ਪਾਏ ਗਏ। ਹਜ਼ੂਰੀ ਰਾਗੀ ਭਾਈ ਗੁਰਦੇਵ ਸਿੰਘ ਖਾਲਸਾ ਦੇ ਜਥੇ ਨੇ ਕੀਰਤਨ ਕੀਤਾ। ਇਸ ਮੌਕੇ ਗ੍ਰੰਥੀ ਗਿਆਨੀ ਬਲਵਿੰਦਰ ਸਿੰਘ ਨੇ ਕਿਹਾ ਕਿ 1984 ਵਿਚ ਤਤਕਾਲੀ ਕਾਂਗਰਸ ਸਰਕਾਰ ਨੇ ਫ਼ੌਜੀ ਹਮਲਾ ਕਰਕੇ ਅਕਾਲ ਤਖ਼ਤ ਨੂੰ ਢਹਿ-ਢੇਰੀ ਕੀਤਾ ਤੇ ਬੇਦੋਸ਼ੀ ਸੰਗਤ ਨੂੰ ਸ਼ਹੀਦ ਕੀਤਾ। ਸਤਵੰਤ ਸਿੰਘ, ਬੇਅੰਤ ਸਿੰਘ ਤੇ ਕਿਹਰ ਸਿੰਘ ਨੇ ਇਸ ਖ਼ਿਲਾਫ਼ ਕਾਰਵਾਈ ਕਰਦਿਆਂ ਸ਼ਹਾਦਤ ਪ੍ਰਾਪਤ ਕੀਤੀ। ਸਮਾਗਮ ਦੌਰਾਨ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਦਿੱਤੇ ਗਏ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸਕੱਤਰ ਪ੍ਰਤਾਪ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਸਾਬਕਾ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ, ਦਲ ਖਾਲਸਾ ਦੇ ਕੰਵਰਪਾਲ ਸਿੰਘ, ਜਸਕਰਨ ਸਿੰਘ ਕਾਹਨ ਸਿੰਘ ਵਾਲਾ ਸਮੇਤ ਸੰਗਤਾਂ ਮੌਜੂਦ ਸਨ।

# ਅਮਰੀਕੀ ਡੈਲਟਾ ਫੋਰਸ ਨੇ ਮਾਦੁਰੋ ਨੂੰ ਕੀਤਾ ਗ੍ਰਿਫ਼ਤਾਰ: ਵੈਨੇਜ਼ੁਏਲਾ ਉੱਤੇ ਹਮਲੇ ਨੇ ਦੁਨੀਆਂ ਹਿਲਾਈ

## ✪ ਟਰੰਪ ਦੀ ਠਾਣੇਦਾਰੀ ਬਰਕਰਾਰ, ਕੋਲੰਬੀਆ, ਮੈਕਸੀਕੋ ਤੇ ਈਰਾਨ ਨੂੰ ਖੁੱਲ੍ਹੀਆਂ ਧਮਕੀਆਂ ✪ ਤੇਲ ਉਪਰ ਕਬਜ਼ੇ ਲਈ ਅਮਰੀਕਾ ਦੀ ਨਵੀਂ ਰਣਨੀਤੀ ਤੇ ਰਾਜਨੀਤੀ ✪ ਰੂਸ-ਚੀਨ ਨਾਰਾਜ਼, ਭਾਰਤ ਨੂੰ ਟੈਰਿਫ਼ ਦੀ ਚਿਤਾਵਨੀ:ਕਿੱਥੇ ਜਾ ਕੇ ਰੁੱਕੇਗੀ ਟਰੰਪ ਦੀ ਥਾਣੇਦਾਰੀ ?

**ਕਵਰ ਸਟੋਰੀ**

ਬੀਤੇ ਦਿਨੀਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਵੈਨੇਜ਼ੁਏਲਾ ਉੱਤੇ ਹਮਲਾ ਕਰ ਦਿੱਤਾ ਤੇ ਅਮਰੀਕੀ ਫੌਜ ਨੇ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਅਤੇ ਉਸ ਦੀ ਪਤਨੀ ਨੂੰ ਗ੍ਰਿਫ਼ਤਾਰ ਕਰ ਕੇ ਅਮਰੀਕਾ ਲੈ ਆਏ। ਇਸ ਨੂੰ 'ਆਪਰੇਸ਼ਨ ਐਬਸੋਲੂਟ ਰਿਜ਼ਾਲਵ' ਨਾਂ ਦਿੱਤਾ ਗਿਆ ਹੈ। ਇਸ ਘਟਨਾ ਨੇ ਪੂਰੀ ਦੁਨੀਆ ਵਿੱਚ ਚਰਚਾ ਛੇੜ ਦਿੱਤੀ ਹੈ ਕਿ ਕੀ ਟਰੰਪ ਸੱਚਮੁੱਚ ਦੁਨੀਆਂ ਦਾ ਥਾਣੇਦਾਰ ਬਣ ਗਿਆ ਹੈ ? ਉਹ ਕਿਸ-ਕਿਸ ਉੱਤੇ ਹਮਲੇ ਕਰੇਗਾ ? ਇਨ੍ਹਾਂ ਹਮਲਿਆਂ ਪਿੱਛੇ ਰਾਜਨੀਤਕ ਮਨੋਰਥ ਕੀ ਨੇ ? ਕਿਹੜੇ ਦੇਸ਼ ਉਸ ਦੇ ਨਿਸ਼ਾਨੇ ਉੱਤੇ ਨੇ ਅਤੇ ਕੀ ਭਾਰਤ ਵੀ ਇਸ ਵਿੱਚ ਸ਼ਾਮਲ ਹੈ ?

ਇਥੇ ਜ਼ਿਕਰਯੋਗ ਹੈ ਕਿ ਵੈਨੇਜ਼ੁਏਲਾ ਇੱਕ ਛੋਟਾ ਜਿਹਾ ਦੇਸ਼ ਹੈ ਲਾਤੀਨੀ ਅਮਰੀਕਾ ਵਿੱਚ, ਜਿੱਥੇ ਕੱਚੇ ਤੇਲ ਦੇ ਵੱਡੇ ਭੰਡਾਰ ਨੇ। ਰਾਸ਼ਟਰਪਤੀ ਨਿਕੋਲਸ ਮਾਦੁਰੋ ਖੱਬੇ ਪੱਖੀ ਵਿਚਾਰਧਾਰਾ ਵਾਲਾ ਆਗੂ ਹੈ, ਜੋ ਰੂਸ ਅਤੇ ਚੀਨ ਨਾਲ ਨਜ਼ਦੀਕੀ ਰੱਖਦਾ ਹੈ। ਉਸ ਨੇ ਅਮਰੀਕੀ ਕੰਪਨੀਆਂ ਨੂੰ ਆਪਣੇ ਦੇਸ਼ ਵਿੱਚੋਂ ਕੱਢ ਦਿੱਤਾ ਸੀ ਅਤੇ ਤੇਲ ਦੇ ਵਸੀਲਿਆਂ ਨੂੰ ਰਾਸ਼ਟਰੀਕਰਨ ਕੀਤਾ ਸੀ। ਟਰੰਪ ਨੂੰ ਇਹ ਗੱਲ ਪਸੰਦ ਨਹੀਂ ਸੀ। ਪਿਛਲੇ ਸਾਲ ਮਾਦੁਰੋ ਨੂੰ ਚੋਣਾਂ ਵਿੱਚ ਧਾਂਦਲੀ ਦੇ ਇਲਜ਼ਾਮ ਲੱਗੇ ਸਨ ਅਤੇ ਵਿਰੋਧੀ ਆਗੂ ਮਾਰੀਆ ਕੋਰੀਨਾ ਮੈਚਾਡੋ ਨੂੰ ਨੋਬਲ ਸ਼ਾਂਤੀ ਪੁਰਸਕਾਰ ਮਿਲਿਆ ਸੀ, ਜਿਸ ਨਾਲ ਮਾਦੁਰੋ ਦੀ ਸੱਤਾ ਡੋਲ ਗਈ ਸੀ।

3 ਜਨਵਰੀ ਦੀ ਰਾਤ ਨੂੰ ਅਮਰੀਕੀ ਫੌਜ ਦੀ ਵਿਸ਼ੇਸ਼ ਯੂਨਿਟ 'ਡੈਲਟਾ ਫੋਰਸ' ਨੇ ਵੈਨੇਜ਼ੁਏਲਾ ਦੀ ਰਾਜਧਾਨੀ ਕਾਰਾਕਾਸ ਉੱਤੇ ਹਮਲਾ ਕੀਤਾ। ਮਹਿਜ਼ 30 ਮਿੰਟ ਵਿੱਚ ਉਨ੍ਹਾਂ ਨੇ ਮਾਦੁਰੋ ਨੂੰ ਉਸ ਦੇ ਬੈੱਡਰੂਮ ਵਿੱਚੋਂ ਚੁੱਕ ਲਿਆ ਅਤੇ ਅਮਰੀਕਾ ਲੈ ਆਏ। ਹੁਣ ਮਾਦੁਰੋ ਨਿਊਯਾਰਕ ਦੀ ਜੇਲ੍ਹ ਵਿੱਚ ਹੈ ਅਤੇ ਉਸ ਉੱਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਅੱਤਵਾਦ ਦੇ ਇਲਜ਼ਾਮ ਨੇ। ਟਰੰਪ ਨੇ ਕਿਹਾ ਕਿ ਅਮਰੀਕਾ ਵੈਨੇਜ਼ੁਏਲਾ ਨੂੰ ਚਲਾਏਗਾ ਜਦੋਂ ਤੱਕ ਚੰਗੀ ਸਰਕਾਰ ਨਹੀਂ ਬਣ ਜਾਂਦੀ। ਇਸ ਨਾਲ ਵੈਨੇਜ਼ੁਏਲਾ ਵਿੱਚ ਤੇਲ ਦੀਆਂ ਅਮਰੀਕੀ ਕੰਪਨੀਆਂ ਵਾਪਸ ਆ ਜਾਣਗੀਆਂ ਅਤੇ ਅਰਬਾਂ ਡਾਲਰਾਂ ਦਾ ਨਿਵੇਸ਼ ਹੋਵੇਗਾ।

ਇਹ ਘਟਨਾ ਨੇ ਪੂਰੀ ਦੁਨੀਆ ਵਿੱਚ ਹਲਚਲ ਮਚਾ ਦਿੱਤੀ ਹੈ। ਬਹੁਤੇ ਦੇਸ਼ਾਂ ਨੇ ਇਸ ਨੂੰ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਕਿਹਾ ਹੈ। ਯੂਐਨਓ ਤੇ ਯੂਰਪੀਅਨ ਯੂਨੀਅਨ ਨੇ ਨਿੰਦਾ ਕੀਤੀ ਹੈ ਅਤੇ ਲਾਤੀਨੀ ਅਮਰੀਕੀ ਦੇਸ਼ ਵੀ ਨਾਰਾਜ਼ ਨੇ। ਪਰ ਟਰੰਪ ਨੇ ਇਸ ਨੂੰ ਅਮਰੀਕੀ ਸੁਰੱਖਿਆ ਲਈ ਜ਼ਰੂਰੀ ਦੱਸਿਆ ਹੈ। ਉਹ ਕਹਿੰਦੇ ਨੇ ਕਿ ਮਾਦੁਰੋ ਨੇ ਅਮਰੀਕਾ ਨੂੰ ਨਸ਼ੇ ਅਤੇ ਅੱਤਵਾਦ ਨਾਲ ਨੁਕਸਾਨ ਪਹੁੰਚਾਇਆ ਸੀ। ਇਸ ਤੋਂ ਪਹਿਲਾਂ ਅਮਰੀਕਾ ਨੇ ਪਨਾਮਾ ਦੇ ਮੈਨੂਅਲ ਨੋਰੀਏਗਾ, ਇਰਾਕ ਦੇ ਸੱਦਾਮ ਹੁਸੈਨ ਅਤੇ ਹਾਂਡੂਰਸ ਦੇ ਜੁਆਨ ਆਰਲੈਂਡੋ ਹਰਨਾਂਡੇਜ਼ ਨੂੰ ਵੀ ਇਸੇ ਤਰ੍ਹਾਂ ਫੜਿਆ ਸੀ। ਇਸ ਲਈ ਬਹੁਤੇ ਲੋਕ ਟਰੰਪ ਨੂੰ 'ਦੁਨੀਆਂ ਦਾ ਥਾਣੇਦਾਰ' ਕਹਿ ਰਹੇ ਨੇ, ਜੋ ਆਪਣੀ ਮਰਜ਼ੀ ਨਾਲ ਕਿਸੇ ਵੀ ਦੇਸ਼ ਵਿੱਚ ਦਖਲ ਦਿੰਦਾ ਹੈ।

ਟਰੰਪ ਕਿਸ-ਕਿਸ ਉੱਤੇ ਹਮਲੇ ਕਰੇਗਾ ਤੇ ਨਿਸ਼ਾਨੇ ਵਾਲੇ ਦੇਸ਼-ਟਰੰਪ ਨੇ ਵੈਨੇਜ਼ੁਏਲਾ ਤੋਂ ਬਾਅਦ ਹੋਰ ਦੇਸ਼ਾਂ ਨੂੰ ਵੀ ਧਮਕੀਆਂ ਦਿੱਤੀਆਂ ਨੇ। ਟਰੰਪ ਨੇ ਕੋਲੰਬੀਆ ਦੇ ਰਾਸ਼ਟਰਪਤੀ ਗੁਸਤਾਵੋ ਪੇਟਰੋ ਨੂੰ ਧਮਕਾਇਆ ਕਿ ਉਹ ਕੋਕੀਨ ਦੀ ਤਸਕਰੀ ਰੋਕੇ ਨਹੀਂ ਤਾਂ ਅਮਰੀਕਾ ਹਮਲਾ ਕਰੇਗਾ। ਇਸੇ ਤਰ੍ਹਾਂ ਮੈਕਸੀਕੋ ਨੂੰ ਵੀ ਧਮਕੀ ਦਿੱਤੀ ਕਿ ਕਾਰਟਲਾਂ ਨੂੰ ਖਤਮ ਕਰਨ ਲਈ ਅਮਰੀਕਾ ਘੁਸ ਕੇ ਹਮਲਾ ਕਰ ਸਕਦਾ ਹੈ। ਕਿਊਬਾ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ ਕਿਉਂਕਿ ਉਹ ਮਾਦੁਰੋ ਨੂੰ ਮਦਦ ਕਰ ਰਿਹਾ ਸੀ। ਹੋਰ ਦੇਸ਼ਾਂ ਵਿੱਚ ਈਰਾਨ ਵੀ ਨਿਸ਼ਾਨੇ ਉੱਤੇ ਹੈ। ਟਰੰਪ ਨੇ ਈਰਾਨ ਨੂੰ ਧਮਕਾਇਆ ਕਿ ਜੇ ਉਹ ਵਿਰੋਧੀ ਪ੍ਰਦਰਸ਼ਨਕਾਰੀਆਂ ਉੱਤੇ ਗੋਲੀ ਚਲਾਉਂਦਾ ਹੈ ਤਾਂ ਅਮਰੀਕਾ ਦਖਲ ਦੇਵੇਗਾ। ਈਰਾਨ ਵਿੱਚ ਆਰਥਿਕ ਸੰਕਟ ਕਾਰਨ ਪ੍ਰਦਰਸ਼ਨ ਹੋ ਰਹੇ ਨੇ ਅਤੇ ਟਰੰਪ ਇਸ ਨੂੰ ਮੌਕੇ ਵਜੋਂ ਵੇਖ ਰਿਹਾ ਹੈ। ਬ੍ਰਾਜ਼ੀਲ ਵੀ ਨਿਸ਼ਾਨੇ ਉੱਤੇ ਹੋ ਸਕਦਾ ਹੈ ਕਿਉਂਕਿ ਉਸ ਨੇ ਚੀਨ ਨਾਲ ਨਜ਼ਦੀਕੀ ਵਧਾਈ ਹੈ। ਟਰੰਪ ਨੇ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਲਾ ਨੂੰ ਵੀ ਚੇਤਾਵਨੀ ਦਿੱਤੀ ਹੈ। ਇਸ ਤੋਂ ਇਲਾਵਾ, ਚੀਨ ਅਤੇ ਰੂਸ ਨੂੰ ਅਸਿੱਧੇ ਤੌਰ ਤੇ ਧਮਕੀ ਦਿੱਤੀ ਹੈ ਕਿ ਉਹ ਲਾਤੀਨੀ ਅਮਰੀਕਾ ਵਿੱਚ ਨਾ ਆਉਣ।

ਕੀ ਭਾਰਤ ਵੀ ਨਿਸ਼ਾਨੇ ਉੱਤੇ ਹੈ ?-ਟਰੰਪ ਨੇ ਭਾਰਤ ਨੂੰ ਸਿੱਧੇ ਹਮਲੇ ਦੀ ਧਮਕੀ ਨਹੀਂ ਦਿੱਤੀ ਪਰ ਰੂਸੀ ਤੇਲ ਖਰੀਦਣ ਉੱਤੇ ਟੈਰਿਫ਼ ਵਧਾਉਣ ਦੀ ਧਮਕੀ ਦਿੱਤੀ ਹੈ। ਉਹ ਕਹਿੰਦੇ ਨੇ ਕਿ ਜੇ ਭਾਰਤ ਰੂਸ ਤੋਂ ਤੇਲ ਖਰੀਦਦਾ ਰਿਹਾ ਤਾਂ ਭਾਰਤੀ ਵਸਤੂਆਂ ਉੱਤੇ ਟੈਰਿਫ਼ ਵਧਾ ਦੇਵਾਂਗੇ। ਪਿਛਲੇ ਸਾਲ ਅਗਸਤ ਵਿੱਚ ਟੈਰਿਫ਼ ਨੂੰ 50% ਵਧਾਇਆ ਗਿਆ ਸੀ, ਜਿਸ ਨਾਲ ਭਾਰਤੀ ਨਿਰਯਾਤ ਨੂੰ ਨੁਕਸਾਨ ਹੋਇਆ ਹੈ। ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਚੰਗਾ ਆਦਮੀ' ਕਿਹਾ ਪਰ ਕਿਹਾ ਕਿ ਉਹ ਮੋਦੀ ਤੋਂ ਖੁਸ਼ ਨਹੀਂ ਨੇ। ਭਾਰਤ ਨੇ ਇਸ ਨੂੰ ਖਾਰਜ ਕੀਤਾ ਹੈ ਅਤੇ ਕਿਹਾ ਕਿ ਉਸ ਦੀ ਨੀਤੀ ਬਾਜ਼ਾਰ ਅਤੇ ਲੋਕਾਂ ਦੀਆਂ ਲੋੜਾਂ ਉੱਤੇ ਆਧਾਰਿਤ ਹੈ। ਸਿਆਸੀ। ਮਾਹਿਰਾਂ ਨੇ ਸਾਵਧਾਨ ਕੀਤਾ ਹੈ ਕਿ ਭਾਰਤ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਕਿਉਂਕਿ ਟਰੰਪ ਦੀ ਨੀਤੀ ਅਮਰੀਕਾ ਫਰਸਟ ਹੈ ਅਤੇ ਉਹ ਵਪਾਰਕ ਜੰਗ ਚਾਹੁੰਦਾ ਹੈ।

ਇਨ੍ਹਾਂ ਹਮਲਿਆਂ ਪਿੱਛੇ ਰਾਜਨੀਤਕ ਮਨੋਰਥ ਕੀ ਹੈ-ਟਰੰਪ ਦੇ ਇਨ੍ਹਾਂ ਕਦਮਾਂ ਪਿੱਛੇ ਵੱਡੇ ਰਾਜਨੀਤਕ ਮਨੋਰਥ ਨੇ। ਪਹਿਲਾਂ ਤਾਂ ਤੇਲ ਅਤੇ ਵਸੀਲੇ। ਵੈਨੇਜ਼ੁਏਲਾ ਵਿੱਚ ਦੁਨੀਆਂ ਦੇ ਸਭ ਤੋਂ ਵੱਡੇ ਤੇਲ ਭੰਡਾਰ ਨੇ ਅਤੇ ਟਰੰਪ ਚਾਹੁੰਦਾ ਹੈ ਕਿ ਅਮਰੀਕੀ ਕੰਪਨੀਆਂ ਉੱਥੇ ਵਾਪਸ ਆਉਣ ਅਤੇ ਮੁਨਾਫ਼ਾ ਕਮਾਉਣ। ਉਹ ਕਹਿੰਦੇ ਨੇ ਕਿ ਇਸ ਨਾਲ ਅਮਰੀਕੀ ਅਤੇ ਵੈਨੇਜ਼ੁਏਲਾ ਵਾਸੀ ਦੋਵੇਂ ਅਮੀਰ ਹੋਣਗੇ। ਦੂਜਾ, ਨਸ਼ੀਲੇ ਪਦਾਰਥਾਂ ਦੀ ਰੋਕਥਾਮ। ਟਰੰਪ ਨੇ ਮਾਦੁਰੋ ਉੱਤੇ ਨਾਰਕੋ-ਅੱਤਵਾਦ ਦੇ ਇਲਜ਼ਾਮ ਲਾਏ ਨੇ ਅਤੇ ਕਿਹਾ ਕਿ ਉਹ ਅਮਰੀਕਾ ਵਿੱਚ ਨਸ਼ੇ ਭੇਜ ਰਿਹਾ ਸੀ। ਤੀਜਾ, ਅਮਰੀਕੀ ਪ੍ਰਭਾਵ ਨੂੰ ਵਧਾਉਣਾ ਹੈ। ਟਰੰਪ ਮੁਨਰੋ ਡਾਕਟਰੀਨ ਨੂੰ ਮਜ਼ਬੂਤ ਕਰਨਾ ਚਾਹੁੰਦਾ ਹੈ ਤਾਂ ਜੋ ਰੂਸ ਅਤੇ ਚੀਨ ਨੂੰ ਲਾਤੀਨੀ ਅਮਰੀਕਾ ਤੋਂ ਦੂਰ ਰੱਖੇ। ਉਹ ਚਾਹੁੰਦਾ ਹੈ ਕਿ ਅਮਰੀਕਾ ਮਹਾਸ਼ਕਤੀ ਵਜੋਂ ਵਾਪਸ ਆਵੇ ਅਤੇ ਵਿਰੋਧੀ ਸਰਕਾਰਾਂ ਨੂੰ ਬਦਲੇ। ਚੌਥਾ, ਅੰਦਰੂਨੀ ਰਾਜਨੀਤੀ। ਟਰੰਪ ਨੂੰ ਅਮਰੀਕਾ ਵਿੱਚ ਵੋਟਰਾਂ ਨੂੰ ਦਿਖਾਉਣਾ ਹੈ ਕਿ ਉਹ ਮਜ਼ਬੂਤ ਆਗੂ ਹੈ ਅਤੇ ਅੱਤਵਾਦ ਅਤੇ ਨਸ਼ਿਆਂ ਨੂੰ ਨਹੀਂ ਬਰਦਾਸ਼ਤ ਕਰਦਾ। ਇਸ ਨਾਲ ਉਸ ਦੀ ਰਿਪਬਲੀਕਨ ਪਾਰਟੀ ਨੂੰ ਫਾਇਦਾ ਹੋ ਸਕਦਾ ਹੈ। ਪਰ ਬਹੁਤੇ ਵਿਸ਼ਲੇਸ਼ਕ ਕਹਿੰਦੇ ਨੇ ਕਿ ਇਹ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਹੈ ਅਤੇ ਅਮਰੀਕਾ ਨੂੰ ਇਕੱਲਾ ਕਰ ਸਕਦੀ ਹੈ। ਟਰੰਪ ਨੇ ਪਹਿਲਾਂ ਵੀ ਟੈਰਿਫ਼ ਜੰਗ ਸ਼ੁਰੂ ਕੀਤੀ ਸੀ, ਜਿਸ ਨਾਲ ਬਹੁਤੇ ਦੇਸ਼ ਨਾਰਾਜ਼ ਹੋਏ ਸਨ। ਇਹ ਨੀਤੀ ਅਮਰੀਕਾ ਨੂੰ ਮਜ਼ਬੂਤ ਬਣਾਉਣ ਲਈ ਹੈ ਪਰ ਇਸ ਨਾਲ ਯੂਕਰੇਨ ਅਤੇ ਫਲਸਤੀਨ ਵਰਗੇ ਵਿਵਾਦ ਵਧ ਸਕਦੇ ਨੇ।

ਰੂਸ ਅਤੇ ਚੀਨ ਕੀ ਕਹਿ ਰਹੇ ਨੇ-ਰੂਸ ਅਤੇ ਚੀਨ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ। ਰੂਸੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਹ ਅਮਰੀਕਾ ਵੱਲੋਂ ਹਮਲਾਵਰ ਕਾਰਵਾਈ ਹੈ ਅਤੇ ਅੰਤਰਰਾਸ਼ਟਰੀ ਕਾਨੂੰਨ ਦੀ ਗੰਭੀਰ ਉਲੰਘਣਾ ਹੈ। ਉਨ੍ਹਾਂ ਨੇ ਕਿਹਾ ਕਿ ਅਮਰੀਕਾ ਨੇ ਬਿਨਾਂ ਕਿਸੇ ਵਾਜਬ ਕਾਰਨ ਸੰਸਾਰੀ ਦੇਸ਼ ਉੱਤੇ ਹਮਲਾ ਕੀਤਾ ਹੈ ਅਤੇ ਇਹ ਚਿੰਤਾਜਨਕ ਹੈ। ਰੂਸ ਨੇ ਆਪਣੇ ਯੂਕਰੇਨ ਵਾਲੇ ਕੰਮ ਨੂੰ ਜਾਇਜ਼ ਠਹਿਰਾਉਣ ਲਈ ਇਸ ਨੂੰ ਵਰਤਿਆ ਹੈ ਅਤੇ ਕਿਹਾ ਕਿ ਅਮਰੀਕਾ ਵੀ ਉਹੀ ਕਰ ਰਿਹਾ ਹੈ ਜੋ ਉਹ ਰੂਸ ਨੂੰ ਰੋਕਦਾ ਹੈ। ਚੀਨ ਨੇ ਵੀ ਡੂੰਘਾ ਰੋਸ ਪ੍ਰਗਟ ਕੀਤਾ ਹੈ ਅਤੇ ਕਿਹਾ ਕਿ ਤਾਕਤ ਵਰਤ ਕੇ ਕਿਸੇ ਸੰਸਾਰੀ ਦੇਸ਼ ਅਤੇ ਉਸ ਦੇ ਰਾਸ਼ਟਰਪਤੀ ਉੱਤੇ ਹਮਲਾ ਕਰਨਾ ਗਲਤ ਹੈ। ਚੀਨ ਨੇ ਚੇਤਾਵਨੀ ਦਿੱਤੀ ਕਿ ਇਹ ਖੇਤਰੀ ਸਥਿਰਤਾ ਨੂੰ ਖਰਾਬ ਕਰੇਗਾ । ਚੀਨ ਨੇ ਵੈਨੇਜ਼ੁਏਲਾ ਵਿੱਚ ਅਰਬਾਂ ਡਾਲਰ ਨਿਵੇਸ਼ ਕੀਤੇ ਨੇ ਅਤੇ ਚੀਨ ਨੂੰ ਨੁਕਸਾਨ ਦਾ ਡਰ ਹੈ। ਚੀਨ ਨੇ ਇਸ ਨੂੰ ਤਾਈਵਾਨ ਵਾਲੇ ਵਿਵਾਦ ਨਾਲ ਜੋੜ ਕੇ ਵੇਖਿਆ ਹੈ ਅਤੇ ਕਿਹਾ ਕਿ ਅਮਰੀਕਾ ਨੂੰ ਚੀਨ ਵਿਚ ਨਹੀਂ ਦਖਲ ਦੇਣਾ ਚਾਹੀਦਾ।

ਸੰਯੁਕਤ ਰਾਸ਼ਟਰ ਨੇ ਕੀ ਕਿਹਾ-ਸੰਯੁਕਤ ਰਾਸ਼ਟਰ ਨੇ ਵੀ ਇਸ ਘਟਨਾ ਨੂੰ ਚਿੰਤਾਜਨਕ ਦੱਸਿਆ ਹੈ। ਯੂਐੱਨ ਮੁਖੀ ਨੇ ਕਿਹਾ ਕਿ ਇਹ ਇੱਕ ਖਤਰਨਾਕ ਮਿਸਾਲ ਹੈ ਜੋ ਅੰਤਰਰਾਸ਼ਟਰੀ ਕਾਨੂੰਨ ਨੂੰ ਕਮਜ਼ੋਰ ਕਰੇਗੀ। ਯੂਐੱਨ ਨੇ ਅਪੀਲ ਕੀਤੀ ਹੈ ਕਿ ਸਾਰੇ ਦੇਸ਼ ਗੱਲਬਾਤ ਨਾਲ ਮਸਲੇ ਹੱਲ ਕਰਨ ਅਤੇ ਤਾਕਤ ਨਾ ਵਰਤਣ। ਇਹ ਮੀਟਿੰਗ ਵਿੱਚ ਅਮਰੀਕਾ ਨੂੰ ਜਵਾਬ ਦੇਣਾ ਪਵੇਗਾ ਅਤੇ ਸ਼ਾਇਦ ਕੋਈ ਪ੍ਰਸਤਾਵ ਪਾਸ ਹੋਵੇ। ਪਰ ਅਮਰੀਕਾ ਨੇ ਕਿਹਾ ਕਿ ਇਹ ਉਸ ਦੀ ਅੰਦਰੂਨੀ ਸੁਰੱਖਿਆ ਦਾ ਮਾਮਲਾ ਹੈ ਅਤੇ ਯੂਐੱਨ ਨੂੰ ਦਖਲ ਨਹੀਂ ਦੇਣਾ ਚਾਹੀਦਾ।

## ਟਰੰਪ ਦੀ ਰਾਜਨੀਤੀ ਅਤੇ ਅਮਰੀਕਾ ਨੂੰ ਫਾਇਦਾ ਜਾਂ ਨੁਕਸਾਨ



ਟਰੰਪ ਦੀ ਰਾਜਨੀਤੀ 'ਅਮਰੀਕਾ ਫਸਟ' ਹੈ। ਉਹ ਚਾਹੁੰਦਾ ਹੈ ਕਿ ਅਮਰੀਕਾ ਮਜ਼ਬੂਤ ਬਣੇ ਅਤੇ ਵਿਰੋਧੀਆਂ ਨੂੰ ਸਜ਼ਾ ਦੇਵੇ। ਉਸ ਨੇ ਪਹਿਲਾਂ ਵੀ ਚੀਨ ਅਤੇ ਯੂਰਪ ਨੂੰ ਟੈਰਿਫ਼ ਨਾਲ ਧਮਕਾਇਆ ਹੈ ਅਤੇ ਹੁਣ ਲਾਤੀਨੀ ਅਮਰੀਕਾ ਵਿੱਚ ਪ੍ਰਭਾਵ ਵਧਾ ਰਿਹਾ ਹੈ। ਇਹ ਨੀਤੀ ਅਮਰੀਕੀ ਆਰਥਿਕਤਾ ਲਈ ਚੰਗੀ ਹੈ ਕਿਉਂਕਿ ਤੇਲ ਅਤੇ ਵਸੀਲੇ ਮਿਲਣਗੇ ਅਤੇ ਨਸ਼ੇ ਰੁਕਣਗੇ। ਅਮਰੀਕੀ ਲੋਕਾਂ ਨੂੰ ਇਹ ਪਸੰਦ ਆ ਸਕਦੀ ਹੈ ਅਤੇ ਟਰੰਪ ਦੀ ਪ੍ਰਸਿੱਧੀ ਵਧੇਗੀ। ਪਰ ਨੁਕਸਾਨ ਵੀ ਬਹੁਤ ਨੇ। ਇਸ ਨਾਲ ਅਮਰੀਕਾ ਅੰਤਰਰਾਸ਼ਟਰੀ ਪੱਧਰ ਤੇ ਇਕੱਲਾ ਪੈ ਸਕਦਾ ਹੈ ਅਤੇ ਰੂਸ-ਚੀਨ ਨਾਲ ਜੰਗ ਵਧ ਸਕਦੀ ਹੈ। ਅਮਰੀਕੀ ਅਰਥ ਵਿਵਸਥਾ ਉੱਤੇ ਵੀ ਅਸਰ ਪੈ ਸਕਦਾ ਹੈ ਜੇ ਹੋਰ ਦੇਸ਼ ਟੈਰਿਫ਼ ਵਧਾਉਣ। ਅਮਰੀਕਾ ਵਿੱਚ ਵੀ ਵਿਰੋਧ ਹੋ ਰਿਹਾ ਹੈ ਅਤੇ ਡੈਮੋਕ੍ਰੈਟ ਪਾਰਟੀ ਨੇ ਇਸ ਨੂੰ ਗਲਤ ਕਿਹਾ ਹੈ। ਲੰਮੇ ਸਮੇਂ ਵਿੱਚ ਇਹ ਅਮਰੀਕਾ ਦੇ ਲੋਕਤੰਤਰ ਨੂੰ ਨੁਕਸਾਨ ਪਹੁੰਚਾ ਸਕਦੀ ਹੈ ਅਤੇ ਦੁਨੀਆਂ ਵਿੱਚ ਅਮਰੀਕਾ ਨੂੰ ਦਾਦਾਗਿਰੀ ਵਾਲਾ ਦੇਸ਼ ਮੰਨਿਆ ਜਾਵੇਗਾ। ਅੰਤ ਵਿੱਚ, ਇਹ ਘਟਨਾ ਨੇ ਦੁਨੀਆਂ ਨੂੰ ਨਵਾਂ ਮੋੜ ਦਿੱਤਾ ਹੈ। ਟਰੰਪ ਦੀ ਥਾਣੇਦਾਰੀ ਕਿੰਨੀ ਚੱਲੇਗੀ ਅਤੇ ਇਸ ਨਾਲ ਕੀ ਨਤੀਜੇ ਨਿਕਲਣਗੇ, ਇਹ ਵੇਖਣ ਵਾਲੀ ਗੱਲ ਹੈ। ਪਰ ਇੱਕ ਗੱਲ ਸਾਫ ਹੈ ਕਿ ਅਜਿਹੀਆਂ ਨੀਤੀਆਂ ਨਾਲ ਦੁਨੀਆਂ ਵਿੱਚ ਤਣਾਅ ਵਧੇਗਾ ਅਤੇ ਸ਼ਾਂਤੀ ਲਈ ਗੱਲਬਾਤ ਜ਼ਰੂਰੀ ਹੈ।

# 'ਆਪ' ਸਰਪੰਚ ਵਿਦੇਸ਼ੀ ਗੈਂਗਸਟਰਾਂ ਦੇ ਨਿਸ਼ਾਨੇ ਉਪਰ

## ✪ ਵਿਦੇਸ਼ੀ ਹੈਂਡਲਰਾਂ ਦੇ ਇਸ਼ਾਰੇ 'ਤੇ ਹੋ ਰਹੇ ਕਤਲ

ਤਰਨਤਾਰਨ-ਸਾਲ 2022 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ, ਪਾਰਟੀ ਨਾਲ ਸਬੰਧਤ ਆਗੂ ਅਤੇ ਸਰਪੰਚ ਵਿਦੇਸ਼ਾਂ ਵਿੱਚ ਬੈਠੇ ਗੈਂਗਸਟਰਾਂ ਦੇ ਨਿਸ਼ਾਨੇ 'ਤੇ ਹਨ। ਹਾਲ ਹੀ ਵਿੱਚ ਪਿੰਡ ਵਲਟੋਹਾ ਸੰਧੂਆਂ ਦੇ ਮੌਜੂਦਾ ਸਰਪੰਚ ਜਰਮਲ ਸਿੰਘ ਵਲਟੋਹਾ ਦੇ ਕਤਲ ਨੇ ਪੁਲਿਸ ਪ੍ਰਸ਼ਾਸਨ ਦੀ ਕਾਰਜਸ਼ੈਲੀ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਤਰਨਤਾਰਨ ਜ਼ਿਲ੍ਹੇ ਵਿੱਚ ਇਸ ਤੋਂ ਪਹਿਲਾਂ ਵੀ ਕਈ ਆਗੂ ਗੈਂਗਸਟਰਾਂ ਦਾ ਸ਼ਿਕਾਰ ਹੋ ਚੁੱਕੇ ਹਨ।

14 ਜਨਵਰੀ 2023: ਝੱਬਾਲ ਦੇ ਸਰਪੰਚ ਅਵਨ ਕੁਮਾਰ ਸੋਨੂੰ ਚੀਮਾ ਦਾ ਉਸ ਸਮੇਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ, ਜਦੋਂ ਉਹ ਆਪਣੀ ਫਾਰਚੂਨਰ ਕਾਰ ਵਿੱਚ ਸਵਾਰ ਹੋ ਕੇ ਭਿੱਖੀਵਿੰਡ ਰੋਡ 'ਤੇ ਸਥਿਤ ਇੱਕ ਸੈਲੂਨ ਵਿੱਚ ਵਾਲ ਕਟਵਾਉਣ ਗਏ ਹੋਏ ਸਨ। ਆਮ ਆਦਮੀ ਪਾਰਟੀ ਦੇ ਮਰਹੂਮ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੇ ਕਰੀਬੀ ਰਹੇ ਸੋਨੂੰ ਚੀਮਾ ਕਾਫ਼ੀ ਸਮੇਂ ਤੋਂ ਗੈਂਗਸਟਰਾਂ ਦੀ 'ਹਿੱਟ ਲਿਸਟ' 'ਤੇ ਸਨ।

1 ਮਾਰਚ 2024 ਨੂੰ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਕਰੀਬੀ 'ਆਪ' ਵਾਲੰਟੀਅਰ ਗੁਰਪ੍ਰੀਤ ਸਿੰਘ ਗੋਪੀ ਚੋਹਲਾ ਦਾ ਫਤਿਹਾਬਾਦ ਸਥਿਤ ਰੇਲਵੇ ਟਰੈਕ ਦੇ ਨੇੜੇ ਮੋਟਰਸਾਈਕਲ ਸਵਾਰ ਹਮਲਾਵਰਾਂ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਗੋਪੀ ਚੋਹਲਾ ਉਸ ਸਮੇਂ ਆਪਣੀ ਇਨੋਵਾ ਕਾਰ ਵਿੱਚ ਸਵਾਰ ਹੋ ਕੇ ਕਪੂਰਥਲਾ ਦੇ ਸੁਲਤਾਨਪੁਰ ਲੋਧੀ ਸਥਿਤ ਅਦਾਲਤ ਵਿੱਚ ਧਾਰਾ-307 ਦੇ ਤਹਿਤ ਦਰਜ ਇੱਕ ਮਾਮਲੇ ਦੀ ਤਰੀਕ ਭੁਗਤਣ ਲਈ ਜਾ ਰਹੇ ਸਨ। ਜਦੋਂ ਉਹ ਫਤਿਹਾਬਾਦ ਨੇੜੇ ਪਹੁੰਚੇ ਤਾਂ ਮੋਟਰਸਾਈਕਲ ਸਵਾਰ ਗੈਂਗਸਟਰਾਂ ਨੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਅਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਗੋਪੀ ਚੋਹਲਾ ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਬਹੁਤ ਕਰੀਬੀ ਮੰਨੇ ਜਾਂਦੇ ਸਨ।



13 ਸਤੰਬਰ 2024 ਨੂੰ ਵਿਧਾਨ ਸਭਾ ਹਲਕਾ ਪੱਟੀ ਦੇ ਪਿੰਡ ਚੌਧਰੀਵਾਲਾ ਦੇ ਰਹਿਣ ਵਾਲੇ ਆਮ ਆਦਮੀ ਪਾਰਟੀ ਦੇ ਵਾਲੰਟੀਅਰ ਬਚਿੱਤਰ ਸਿੰਘ ਦਾ ਮੋਟਰਸਾਈਕਲ ਸਵਾਰ ਸ਼ੂਟਰਾਂ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਬਚਿੱਤਰ ਸਿੰਘ ਆਮ ਆਦਮੀ ਪਾਰਟੀ ਦੇ ਮੁੱਢਲੇ ਮੈਂਬਰਾਂ (ਫ਼ੌਂਡਰ 'ਮੈਂਬਰਸ) ਵਿੱਚੋਂ ਇੱਕ ਸਨ। ਉਹ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਬਹੁਤ ਕਰੀਬੀ ਸਾਥੀਆਂ ਵਿੱਚ ਗਿਣੇ ਜਾਂਦੇ ਸਨ। ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਉਨ੍ਹਾਂ ਨੂੰ ਨਿਸ਼ਾਨਾ ਬਣਾ ਕੇ ਅੰਨ੍ਹੇਵਾਹ ਗੋਲੀਆਂ ਚਲਾਈਆਂ, ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਇਸ ਹੱਤਿਆ ਕਾਂਡ ਦੀ ਜਾਂਚ ਵਿੱਚ ਵੀ ਇਹ ਸਾਹਮਣੇ ਆਇਆ ਸੀ ਕਿ ਇਸ ਦੇ ਤਾਰ ਗੈਂਗਸਟਰਾਂ ਨਾਲ ਜੁੜੇ ਹੋਏ ਸਨ।

ਪੰਚਾਇਤੀ ਚੋਣਾਂ ਦੇ ਦੌਰਾਨ, ਵਿਧਾਨ ਸਭਾ ਹਲਕਾ ਪੱਟੀ ਦੇ ਪਿੰਡ ਤਲਵੰਡੀ ਮੋਹਰ ਸਿੰਘ ਦੀ ਮਹਿਲਾ ਸਰਪੰਚ ਰਾਜਵਿੰਦਰ ਕੌਰ ਰਾਜ ਨੂੰ ਨਿਰਵਿਰੋਧ ਚੋਣ ਜਿਤਾਉਣ ਵਾਲੇ ਆਮ ਆਦਮੀ ਪਾਰਟੀ ਦੇ ਵਾਲੰਟੀਅਰ ਰਾਜਵਿੰਦਰ ਸਿੰਘ ਉਰਫ਼ ਰਾਜੂ ਸੰਧੂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਰਾਜੂ ਸੰਧੂ ਜਦੋਂ ਬੀ.ਡੀ.ਪੀ.ਓ. (ਭਧਫੌ) ਦਫ਼ਤਰ ਪੱਟੀ ਤੋਂ ਵਾਪਸ ਪਰਤ ਰਹੇ ਸਨ, ਤਾਂ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਉਨ੍ਹਾਂ ਦੀ ਕਾਰ ਰੋਕ ਕੇ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਵਾਲੰਟੀਅਰ ਰਾਜਵਿੰਦਰ ਸਿੰਘ ਰਾਜੂ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਬਹੁਤ ਨਜ਼ਦੀਕੀ ਮੰਨੇ ਜਾਂਦੇ ਸਨ। ਇਸ ਹੱਤਿਆ ਕਾਂਡ ਦੀ ਜਾਂਚ ਵਿੱਚ ਵੀ ਇਹ ਗੱਲ ਸਾਹਮਣੇ ਆਈ ਕਿ ਇਸ ਕਤਲ ਦੀ ਸਾਜ਼ਿਸ਼ ਦੇ ਤਾਰ ਵਿਦੇਸ਼ਾਂ ਵਿੱਚ ਬੈਠੇ ਗੈਂਗਸਟਰਾਂ ਨਾਲ ਜੁੜੇ ਹੋਏ ਸਨ।

ਵਿਧਾਨ ਸਭਾ ਹਲਕਾ ਤਰਨਤਾਰਨ ਦੇ ਪਿੰਡ ਲਾਡੂਘੁਮਣ ਦੇ ਨਿਰਵਿਰੋਧ ਸਰਪੰਚ ਚੁਣੇ ਗਏ 74 ਸਾਲਾ ਪ੍ਰਤਾਪ ਸਿੰਘ ਦਾ 18 ਨਵੰਬਰ ਨੂੰ ਮੋਟਰਸਾਈਕਲ ਸਵਾਰ ਸ਼ੂਟਰਾਂ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਹ ਵਾਰਦਾਤ ਉਸ ਸਮੇਂ ਹੋਈ ਜਦੋਂ ਉਹ ਇੱਕ ਸੋਗ ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਗੁਰਦੁਆਰਾ ਸਾਹਿਬ ਤੋਂ ਵਾਪਸ ਪਰਤ ਰਹੇ ਸਨ।ਇਸ ਅੰਨ੍ਹੇਵਾਹ ਗੋਲੀਬਾਰੀ ਵਿੱਚ ਪ੍ਰਤਾਪ ਸਿੰਘ ਦੀ ਮੌਤ ਹੋ ਗਈ, ਜਦਕਿ ਉਨ੍ਹਾਂ ਦੇ ਨਾਲ ਮੌਜੂਦ ਬੁੱਧ ਸਿੰਘ ਅਤੇ ਭਗਵੰਤ ਸਿੰਘ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਸਨ। ਸਰਪੰਚ ਪ੍ਰਤਾਪ ਸਿੰਘ ਖੇਤੀਬਾੜੀ ਵਿਭਾਗ ਤੋਂ ਸੁਪਰਵਾਈਜ਼ਰ ਵਜੋਂ ਸੇਵਾਮੁਕਤ ਹੋਏ ਸਨ ਅਤੇ ਇਲਾਕੇ ਵਿੱਚ ਇੱਕ ਸਤਿਕਾਰਤ ਸ਼ਖਸੀਅਤ ਸਨ। ਉਹ ਹਲਕੇ ਦੇ ਤਤਕਾਲੀ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੇ ਬਹੁਤ ਕਰੀਬੀ ਸਾਥੀਆਂ ਵਿੱਚੋਂ ਇੱਕ ਸਨ। ਪੁਲਿਸ ਜਾਂਚ ਵਿੱਚ ਇਸ ਹੱਤਿਆ ਕਾਂਡ ਦੇ ਤਾਰ ਵੀ ਗੈਂਗਸਟਰਾਂ ਨਾਲ ਜੁੜੇ ਹੋਏ ਪਾਏ ਗਏ ਸਨ।

## ਪੰਜਾਬ ਵਿਚ ਬੇਅਦਬੀ ਬਾਰੇ ਸਖਤ ਕਾਨੂੰਨ ਬਣੇਗਾ !

### ✪ ਕਮੇਟੀ ਜਲਦੀ ਹੀ ਸੌਂਪੇਗੀ ਰਿਪੋਰਟ

ਜਲੰਧਰ/ਚੰਡੀਗੜ੍ਹ-ਧਾਰਮਿਕ ਗ੍ਰੰਥਾਂ ਦੀ ਬੇਅਦਬੀ ਲਈ ਪੰਜਾਬ ਵਿਚ ਜਲਦੀ ਸਖ਼ਤ ਕਾਨੂੰਨ ਬਣੇਗਾ। ਇਸ ਨੂੰ ਲੈ ਕੇ ਵਿਧਾਨ ਸਭਾ ਕਮੇਟੀ ਜਲਦੀ ਆਪਣੀ ਰਿਪੋਰਟ ਪੇਸ਼ ਕਰੇਗੀ। ਇਸ ਦੀ ਜਾਣਕਾਰੀ ਆਮ ਆਦਮੀ ਪਾਰਟੀ ਦੇ ਜੁਆਇੰਟ ਸੈਕਟਰੀ ਬਲਤੇਜ ਪੰਨੂੰ ਨੇ ਦਿੱਤੀ। ਪੰਨੂੰ ਨੇ ਇਹ ਵੀ ਕਿਹਾ ਕਿ ਇਹ ਕਾਨੂੰਨ ਸਾਰੇ ਧਰਮਾਂ ਦੇ ਪਵਿੱਤਰ ਗ੍ਰੰਥਾਂ ਦੀ ਬੇਅਦਬੀ 'ਤੇ ਲਾਗੂ ਰਹੇਗਾ। ਇਸ ਕਾਨੂੰਨ ਦੇ ਤਹਿਤ ਬੇਅਦਬੀ ਦੇ ਦੋਸ਼ੀ ਨੂੰ ਉਮਰਕੈਦ ਅਤੇ ਬੇਅਦਬੀ ਦੀ ਕੋਸ਼ਿਸ਼ ਕਰਨ 'ਤੇ 3 ਤੋਂ ਲੈ ਕੇ 5 ਸਾਲ ਤੱਕ ਕੈਦ ਦੀ ਵਿਵਸਥਾ ਕੀਤੀ ਗਈ ਹੈ। ਇੰਨਾ ਹੀ ਨਹੀਂ ਇਹ ਕਾਨੂੰਨ ਇੰਨਾ ਸਖ਼ਤ ਹੈ ਕਿ ਦੋਸ਼ੀ ਨੂੰ ਜ਼ਮਾਨਤ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਕੋਈ ਰਾਜੀਨਾਮਾ ਕੀਤਾ ਜਾ ਸਕੇਗਾ।

ਇਸ ਕਾਨੂੰਨ ਲਈ ਬਿੱਲ 15 ਜੁਲਾਈ ਨੂੰ ਵਿਧਾਨ ਸਭਾ ਵਿੱਚ ਪੇਸ਼ ਕੀਤਾ ਗਿਆ ਸੀ ਜਿਸ ਤੋਂ ਬਾਅਦ ਇਸ ਨੂੰ ਇੱਕ ਕਮੇਟੀ ਨੂੰ ਭੇਜਿਆ ਗਿਆ ਸੀ। 'ਆਪ' ਦਾ ਇਹ ਬਿਆਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਸਰਕਾਰ ਨੂੰ ਬੇਅਦਬੀ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦੀ ਬੇਨਤੀ ਤੋਂ ਬਾਅਦ ਆਇਆ ਹੈ।

## ਆਨੰਦਪੁਰ ਸਾਹਿਬ ਹੈਰੀਟੇਜ ਸਟਰੀਟ ਪ੍ਰਾਜੈਕਟ ਕਿਉਂ ਰੁਕਿਆ

### ✪ ਉੱਚ ਪੱਧਰੀ ਵਿਕਾਸ ਪ੍ਰਾਜੈਕਟ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਵਿਚਾਲੇ ਸਿਆਸੀ ਟਕਰਾਅ ਦਾ ਮੁੱਦਾ ਬਣਿਆ





ਰੋਪੜ-ਆਨੰਦਪੁਰ ਸਾਹਿਬ ਵਿੱਚ ਧਾਰਮਿਕ ਸੈਰ-ਸਪਾਟੇ ਨੂੰ ਹੁਲਾਰਾ ਦੇਣ ਦੇ ਉਦੇਸ਼ ਨਾਲ ਤਿਆਰ ਕੀਤਾ ਉੱਚ ਪੱਧਰੀ ਵਿਕਾਸ ਪ੍ਰਾਜੈਕਟ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਾਲੇ ਸਿਆਸੀ ਟਕਰਾਅ ਦਾ ਮੁੱਦਾ ਬਣ ਗਿਆ ਹੈ। ਇਸ ਪ੍ਰਾਜੈਕਟ ਤਹਿਤ ਕੌਮੀ ਸ਼ਾਹਰਾਹ-503 ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੱਕ ਸਫੇਦ ਸੰਗਮਰਮਰ ਦਾ ਗਲਿਆਰਾ ਉਸਾਰਿਆ ਜਾਣਾ ਹੈ, ਜਿਸ ਦਾ ਕੰਮ ਰੁਕਿਆ ਪਿਆ ਹੈ। ਅਧੂਰੇ ਕੰਮ ਕਾਰਨ ਆਵਾਜਾਈ ਦੀ ਸਮੱਸਿਆ ਪੈਦਾ ਹੋ ਗਈ ਹੈ।

ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਕਥਿਤ ਤੌਰ 'ਤੇ ਸੈਰ ਸਪਾਟਾ ਵਿਭਾਗ ਦੇ ਕੰਟਰੈਕਟਰ ਨੂੰ ਕੰਮ ਰੋਕਣ ਲਈ ਮਜਬੂਰ ਕਰ ਦਿੱਤਾ। ਸਰਕਾਰ ਇਸ ਮਾਮਲੇ ਵਿੱਚ ਸਿੱਧਾ ਦਖ਼ਲ ਦੇਣ ਦੇ ਰੌਂਅ ਵਿੱਚ ਨਹੀਂ ਜਾਪਦੀ।

ਸੂਤਰਾਂ ਅਨੁਸਾਰ ਸਰਕਾਰ ਅਸਿੱਧੇ ਤਰੀਕੇ ਨਾਲ ਇਹ ਕੰਮ ਨੇਪਰੇ ਚਾੜ੍ਹਨ ਦੇ ਰਾਹ ਤਲਾਸ਼ ਰਹੀ ਹੈ। ਉਹ ਜਮੂਦ ਤੋੜਨ ਲਈ ਕਾਰ ਸੇਵਾ ਵਾਲੇ ਬਾਬਿਆਂ ਅਤੇ ਨਿਹੰਗ ਸਿੰਘਾਂ ਦਾ ਸਮਰਥਨ ਚਾਹੁੰਦੀ ਹੈ। ਸੈਰ ਸਪਾਟਾ ਵਿਭਾਗ ਦੇ ਕੁਝ ਅਧਿਕਾਰੀਆਂ ਅਨੁਸਾਰ ਇਹ ਪ੍ਰਾਜੈਕਟ ਮਾਰਚ ਵਿੱਚ ਹੋਲਾ ਮਹੱਲਾ ਸਮਾਗਮ ਬਾਅਦ ਸ਼ੁਰੂ ਹੋ ਸਕਦਾ ਹੈ। ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਇਸ ਪ੍ਰਾਜੈਕਟ ਨਾਲ ਸ਼ਰਧਾਲੂਆਂ ਨੂੰ ਪ੍ਰੇਸ਼ਾਨੀ ਹੋਵੇਗੀ। ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਹਾਲ ਹੀ ਵਿੱਚ ਇਤਰਾਜ਼ ਜਤਾਉਂਦਿਆਂ ਕਿਹਾ ਸੀ ਕਿ ਇਸ ਨਾਲ ਤਖ਼ਤ ਨੂੰ ਦੇਖਣ ਵਿੱਚ ਰੁਕਾਵਟ ਪੈ ਸਕਦੀ ਹੈ। ਇਸ ਪ੍ਰਾਜੈਕਟ ਲਈ ਸਰਕਾਰ ਨੇ 25 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਸਿੱਖਿਆ ਅਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਸ ਵਿਵਾਦ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪਵਿੱਤਰ ਸ਼ਹਿਰ ਲਈ ਫੰਡ ਮੁਹੱਈਆ ਕਰਵਾ ਕੇ ਆਪਣੀ ਜ਼ਿੰਮੇਵਾਰੀ ਨਿਭਾਈ ਹੈ।

# 2025 ਦੀ ਸਿਆਸਤ-ਕੀ ਟਰੰਪ ਦੀਆਂ ਨੀਤੀਆਂ ਵਿਸ਼ਵਗੁਰੂ ਮੋਦੀ ਚੈਲਿੰਜ ਸਾਬਤ ਹੋਈਆਂ ?

## ✪ ਪਹਿਲਗਾਮ ਹਮਲੇ, ਆਪ੍ਰੇਸ਼ਨ ਸਿੰਦੂਰ, ਲਾਲ ਕਿਲ੍ਹੇ ਵਿਸਫੋਟ ਦੇ ਮਾਮਲੇ ਵਿਚ ਮੋਦੀ ਸਰਕਾਰ ਦੀ ਨੀਤੀ ਕੀ ਠੋਸ ਰਹੀ ? ✪ ਭਾਰਤ ਆਰਥਿਕ ਸੰਕਟ ਵਿਚ ਕਿਉਂ ਅਤੇ ਏਆਈ ਵਿੱਚ ਪੱਛੜਿਆ ਕਿਉਂ ? ✪ ਘਰੇਲੂ ਰਾਜਨੀਤੀ ਵਿੱਚ ਕਿਉਂ ਘਿਰ ਗਈ ਮੋਦੀ ਸਰਕਾਰ

2025 ਦਾ ਸਾਲ ਭਾਰਤ ਲਈ ਇੱਕ ਅਜਿਹਾ ਸਾਲ ਸੀ ਜੋ ਨਾ ਸਿਰਫ਼ ਰਾਜਨੀਤਕ ਅਤੇ ਆਰਥਿਕ ਰੂਪ ਵਿੱਚ ਵੱਡੇ ਬਦਲਾਅ ਲਿਆਇਆ, ਬਲਕਿ ਰਾਸ਼ਟਰੀ ਪਛਾਣ ਅਤੇ ਅੰਤਰਰਾਸ਼ਟਰੀ ਸਨਮਾਨ ਨੂੰ ਵੀ ਗੰਭੀਰ ਨੁਕਸਾਨ ਪਹੁੰਚਾਇਆ। ਇਹ ਸਾਲ ਉਹਨਾਂ ਵਾਅਦਿਆਂ ਦੀ ਨਿਸ਼ਾਨੀ ਬਣ ਗਿਆ ਜਿਹੜੇ ਨਰਿੰਦਰ ਮੋਦੀ ਨੇ 2014 ਵਿੱਚ ਕੀਤੇ ਸਨ - ਅੱਤਵਾਦ ਦਾ ਖਾਤਮਾ, ਆਰਥਿਕ ਵਿਕਾਸ ਅਤੇ ਅੰਤਰਰਾਸ਼ਟਰੀ ਮਜ਼ਬੂਤੀ। ਪਰ ਅਸਲੀਅਤ ਵਿੱਚ, ਇਹ ਸਾਲ ਇੱਕ ਖੋਖਲੇ ਸਾਬਤ ਹੋਇਆ ਜਿੱਥੇ ਆਪ੍ਰੇਸ਼ਨ ਸਿੰਦੂਰ ਵਰਗੀਆਂ ਘਟਨਾਵਾਂ ਨੇ ਭਾਰਤ ਨੂੰ ਅੱਤਵਾਦੀ ਹਮਲਿਆਂ ਦੇ ਸਾਮ੍ਹਣੇ ਬੇਬੱਸ ਬਣਾ ਦਿੱਤਾ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤ ਦੀ ਅਰਥਵਿਵਸਥਾ ਅਤੇ ਸੈਨਿਕ ਸਮਰੱਥਾ ਨੂੰ ਮਜ਼ਾਕ ਬਣਾ ਕੇ ਰੱਖ ਦਿੱਤਾ, ਅਤੇ ਏਆਈ ਵਿੱਚ ਪਿੱਛੇ ਰਹਿਣ ਕਾਰਨ ਭਾਰਤ ਦੀ ਆਈਟੀ ਪਛਾਣ ਵੀ ਖ਼ਤਰੇ ਵਿੱਚ ਪੈ ਗਈ।

ਆਪ੍ਰੇਸ਼ਨ ਸਿੰਦੂਰ ਜੋ ਇਸ ਸਾਲ ਦੀ ਸਭ ਤੋਂ ਵੱਡੀ ਘਟਨਾ ਸੀ। ਮਈ 2025 ਵਿੱਚ ਭਾਰਤ ਨੇ ਪਾਕਿਸਤਾਨ ਵਿੱਚ ਅੱਤਵਾਦੀ ਕੈਂਪਾਂ ’ਤੇ ਹਮਲੇ ਕੀਤੇ, ਜਿਸ ਨੂੰ ਆਪ੍ਰੇਸ਼ਨ ਸਿੰਦੂਰ ਨਾਮ ਦਿੱਤਾ ਗਿਆ। ਇਹ ਹਮਲੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਜਵਾਬ ਵਿੱਚ ਸਨ, ਜਿੱਥੇ 26 ਨਿਰਦੋਸ਼ ਲੋਕ ਮਾਰੇ ਗਏ ਸਨ। ਪਰ ਇਸ ਆਪ੍ਰੇਸ਼ਨ ਨੇ ਭਾਰਤ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਅਲੱਗ-ਥਲੱਗ ਕਰ ਦਿੱਤਾ।ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦਾਅਵਾ ਕੀਤਾ ਕਿ ਉਹਨਾਂ ਨੇ ਭਾਰਤ ਅਤੇ ਪਾਕਿਸਤਾਨ ਨੂੰ ਯੁੱਧ ਰੋਕਣ ਲਈ ਮਜਬੂਰ ਕੀਤਾ, ਅਤੇ ਭਾਰਤ ਨੇ ਆਪਣੇ ਪੰਜ ਜੈੱਟ ਗੁਆ ਲਏ। ਇਹ ਘਟਨਾ ਭਾਰਤ ਦੀ ਸੈਨਿਕ ਸਮਰੱਥਾ ’ਤੇ ਸਵਾਲ ਖੜ੍ਹੇ ਕਰਦੀ ਹੈ। ਵਿਕੀਪੀਡੀਆ ਅਨੁਸਾਰ, ਇਹ ਇੱਕ ਸੰਖੇਪ ਯੁੱਧ ਸੀ ਜਿਸ ਵਿੱਚ ਭਾਰਤ ਨੇ ਅੱਤਵਾਦੀ ਟਾਰਗੇਟਾਂ ’ਤੇ ਮਿਸਾਈਲ ਹਮਲੇ ਕੀਤੇ। ਪਰ ਅਸਲੀ ਨਤੀਜਾ ਇਹ ਸੀ ਕਿ ਭਾਰਤ ਨੂੰ ਅੰਤਰਰਾਸ਼ਟਰੀ ਸਹਿਯੋਗ ਨਹੀਂ ਮਿਲਿਆ, ਅਤੇ ਟਰੰਪ ਨੇ ਇਸ ਨੂੰ ਆਪਣੀ ਕੂਟਨੀਤਕ ਜਿੱਤ ਦੱਸਿਆ।

ਅੱਤਵਾਦੀ ਹਮਲੇ ਇਸ ਸਾਲ ਦੀ ਇੱਕ ਵੱਡੀ ਸਮੱਸਿਆ ਰਹੇ। ਪਹਿਲਗਾਮ ਤੋਂ ਲੈ ਕੇ ਲਾਲ ਕਿਲੇ ਨੇੜੇ ਕਾਰ ਬੰਬ ਵਿਸਫੋਟ ਤੱਕ, ਇਹਨਾਂ ਹਮਲਿਆਂ ਨੇ ਮੋਦੀ ਸਰਕਾਰ ਨੂੰ ਉਸੇ ਸਥਿਤੀ ਵਿੱਚ ਲਿਆ ਖੜ੍ਹਾ ਕੀਤਾ ਜਿੱਥੇ ਮਨਮੋਹਨ ਸਿੰਘ ਦੀ ਸਰਕਾਰ ਸੀ। ਫਰਕ ਸਿਰ.ਫ ਇਹ ਹੈ ਕਿ ਹੁਣ ਫੋਟੋਸ਼ੂਟ ਅਤੇ ਨੈਰੇਟਿਵ ਬਿਲਡਿੰਗ ਹੈ, ਪਰ ਅਸਲੀ ਸੁਰੱਖਿਆ ਵਿੱਚ ਕੋਈ ਸੁਧਾਰ ਨਹੀਂ ਹੋਇਆ। ਸ਼ੋਸ਼ਲ ਮੀਡੀਆ ਉਪਰ ਲੋਕ ਆਪ੍ਰੇਸ਼ਨ ਸਿੰਦੂਰ ਨੂੰ ਇੱਕ ਰਾਜਨੀਤਕ ਡਰਾਮਾ ਮੰਨ ਰਹੇ ਹਨ।

ਆਰਥਿਕ ਤੌਰ ਤੇ, ਰੁਪਏ ਦੀ ਕੀਮਤ 90 ਡਾਲਰ ਤੋਂ ਪਾਰ ਚਲੀ ਗਈ, ਜੋ ਮਨਮੋਹਨ



ਸਿੰਘ ਦੇ ਸਮੇਂ ਦੀ ਆਲੋਚਨਾ ਨੂੰ ਯਾਦ ਕਰਾਉਂਦੀ ਹੈ। ਟਰੰਪ ਨੇ ਭਾਰਤ ’ਤੇ 50% ਟੈਰਿਫ ਲਗਾਏ, ਜੋ ਰੂਸ ਤੋਂ ਤੇਲ ਖਰੀਦਣ ਕਾਰਨ ਸਨ। ਇਹ ਟੈਰਿਫ ਨੇ ਭਾਰਤ ਨੂੰ ਅੰਤਰਰਾਸ਼ਟਰੀ ਨਿਵੇਸ਼ਕਾਂ ਤੋਂ ਦੂਰ ਕੀਤਾ, ਅਤੇ ਸ਼ੇਅਰ ਮਾਰਕੀਟ 82-85 ਹਜ਼ਾਰ ਵਿੱਚ ਘਿਰੀ ਰਹੀ। ਰਿਪੋਰਟਾਂ ਅਨੁਸਾਰ, 90% ਸ਼ੇਅਰਾਂ ਵਿੱਚ ਗਿਰਾਵਟ ਆਈ, ਜਿਸ ਨਾਲ ਰਿਟੇਲ ਨਿਵੇਸ਼ਕਾਂ ਨੂੰ ਵੱਡਾ ਨੁਕਸਾਨ ਹੋਇਆ। ਇਸ ਤੋਂ ਇਲਾਵਾ, ਭਾਰਤੀ ਪਾਸਪੋਰਟ ਦੀ ਰੈਂਕਿੰਗ 80ਵੇਂ ਤੋਂ 85ਵੇਂ ਸਥਾਨ ਤੇ ਡਿੱਗ ਗਈ, ਜੋ ਅਫਰੀਕਾ ਅਤੇ ਏਸ਼ੀਆ ਦੇ ਕੁਝ ਦੇਸ਼ਾਂ ਨੇ ਆਪਣੀ ਸਥਿਤੀ ਸੁਧਾਰਨ ਕਾਰਨ ਹੋਇਆ।

### ਰਾਜਨੀਤਕ ਅਸਫਲਤਾਵਾਂ ਅਤੇ ਚੋਣਾਂ

ਮੋਦੀ ਸਰਕਾਰ ਲਈ 2025 ਸਭ ਤੋਂ ਮੁਸ਼ਕਲ ਸਾਲ ਸੀ। ਵਿਸ਼ਵਗੁਰੂ ਦੀ ਤਸਵੀਰ ਟੁੱਟ ਗਈ, ਅੱਤਵਾਦ ਨੂੰ ਖਤਮ ਨਾ ਹੋ ਸਕਿਆ, ਅਤੇ ਆਰਥਿਕ ਅਸਥਿਰਤਾ ਨੇ ਵਿਕਾਸ ਨੂੰ ਪ੍ਰਭਾਵਿਤ ਕੀਤਾ। ਭਾਜਪਾ ਨੇ ਦਿੱਲੀ ਅਤੇ ਬਿਹਾਰ ਚੋਣਾਂ ਜਿੱਤੀਆਂ, ਪਰ ਇਹ ਜਿੱਤਾਂ ਅਸਲੀ ਸਮੱਸਿਆਵਾਂ ਨੂੰ ਨਹੀਂ ਛੁਪਾ ਸਕੀਆਂ। ਪਹਿਲਗਾਮ ਵਿੱਚ ਹੋਏ ਹਮਲੇ ਨੇ ਅਨੁੱਛੇਦ 370 ਹਟਾਉਣ ਤੋਂ ਬਾਅਦ ਦੀ ਸਥਿਤੀ ਨੂੰ ਨੰਗਾ ਕਰ ਦਿੱਤਾ।ਕਸ਼ਮੀਰ ਵਿਚ ਯਾਤਰੀਆਂ ਦੀ ਗਿਣਤੀ ਘਟੀ। ਆਪ੍ਰੇਸ਼ਨ ਸਿੰਦੂਰ ਨੇ ਪਾਕਿਸਤਾਨ ਨੂੰ ਨੁਕਸਾਨ ਪਹੁੰਚਾਇਆ, ਪਰ ਟਰੰਪ ਨੇ ਇਸ ਨੂੰ ਆਪਣੀ ਜਿੱਤ ਦੱਸ ਕੇ ਭਾਰਤ ਨੂੰ ਅਲੱਗ ਕਰ ਦਿੱਤਾ।

ਟਰੰਪ ਨੇ ਭਾਰਤ ’ਤੇ 50% ਟੈਰਿਫ ਲਗਾਏ ਅਤੇ ਵੀਜ਼ਾ ਨਿਯਮ ਸਖ਼ਤ ਕੀਤੇ, ਜਿਸ ਨਾਲ ਅਮਰੀਕਾ ਵਿੱਚ ਰਹਿੰਦੇ ਭਾਰਤੀ ਪ੍ਰਭਾਵਿਤ ਹੋਏ। ਇਹਨਾਂ ਟੈਰਿਫਾਂ ਨੇ ਅੰਤਰਰਾਸ਼ਟਰੀ ਨਿਵੇਸ਼ ਨੂੰ ਰੋਕਿਆ ਅਤੇ ਰੁਪਏ ਨੂੰ ਡਿੱਗਣ ਲਈ ਮਜਬੂਰ ਕੀਤਾ। ਘਰੇਲੂ ਰਾਜਨੀਤੀ ਵਿੱਚ ਵੀ ਸਰਕਾਰ ਘਿਰੀ ਰਹੀ - ਰਾਹੁਲ ਗਾਂਧੀ ਨੇ ਚੋਣ ਕਮਿਸ਼ਨ ’ਤੇ ਧਾਂਦਲੀ ਦੇ ਇਲਜ਼ਾਮ ਲਗਾਏ, ਅਤੇ ਵਿਰੋਧੀ ਪਾਰਟੀਆਂ ਨੇ ਇਹ ਮੁੱਦੇ ਉਠਾਏ। ਅਖਿਲੇਸ਼ ਯਾਦਵ ਨੇ ਰਾਮਪੁਰ ਅਤੇ ਮਿਲਕੀਪੁਰ ਵਿੱਚ ਗੜਬੜੀਆਂ ਦੀ ਮਿਸਾਲ ਦਿੱਤੀ। ਰਾਹੁਲ ਨੇ ਜਰਮਨੀ ਵਿੱਚ ਭਾਰਤੀ ਸੰਸਥਾਵਾਂ ’ਤੇ ਕਬਜ਼ੇ ਦਾ ਮੁੱਦਾ ਉਠਾਇਆ, ਜਿਸ ਨੂੰ ਭਾਜਪਾ ਨੇ ਦੇਸ਼ ਵਿਰੋਧੀ ਕਿਹਾ।

ਘੁਸਪੈਠ ਅਤੇ ਪ੍ਰਦੂਸ਼ਣ ਵਰਗੇ ਮੁੱਦੇ ਵੀ ਸਰਕਾਰ ਲਈ ਮੁਸੀਬਤ ਬਣੇ। ਬਿਹਾਰ ਵਿੱਚ ਵੋਟਰ ਸੂਚੀ ਦੀ ਜਾਂਚ ਹੋਈ, ਪਰ ਕੋਈ ਨਤੀਜਾ ਨਹੀਂ ਨਿਕਲਿਆ। ਦਿੱਲੀ ਵਿੱਚ ਪ੍ਰਦੂਸ਼ਣ ਨੇ ਭਾਜਪਾ ਨੂੰ ਨਿਸ਼ਾਨਾ ਬਣਾਇਆ, ਅਤੇ ਅਮਰੀਕਾ ਨਾਲ ਵਿਗੜਦੇ ਸੰਬੰਧਾਂ ਨੇ ਮੱਧ ਵਰਗ ਨੂੰ ਪਰੇਸ਼ਾਨ ਕੀਤਾ। ਇਹ ਸਭ ਨੇ ਭਾਜਪਾ ਦੇ ਨੈਰੇਟਿਵ ਨੂੰ ਕਮਜ਼ੋਰ ਕੀਤਾ।

### ਅੰਤਰਰਾਸ਼ਟਰੀ ਸੰਬੰਧ ਅਤੇ ਕੂਟਨੀਤਕ ਅਸਫਲਤਾਵਾਂ

ਅੰਤਰਰਾਸ਼ਟਰੀ ਪੱਧਰ ’ਤੇ, ਭਾਰਤ ਨੇ ਬਹੁਤ ਕੁਝ ਗੁਆਇਆ। ਟਰੰਪ ਨੇ ਭਾਰਤ ਨੂੰ ਆਰਥਿਕ ਅਤੇ ਸੈਨਿਕ ਤੌਰ ’ਤੇ ਨੀਵਾਂ ਵਿਖਾਇਆ - ਉਹਨਾਂ ਨੇ ਭਾਰਤ ਅਤੇ ਰੂਸ ਨੂੰ ’ਮਿਤਰ ਅਰਥਵਿਵਸਥਾਵਾਂ’ ਕਿਹਾ ਅਤੇ ਆਪ੍ਰੇਸ਼ਨ ਸਿੰਦੂਰ ਬਾਅਦ ਯੁੱਧ ਵਿਰਾਮ ਨੂੰ ਆਪਣੀ ਜਿੱਤ ਦੱਸਿਆ। ਟਰੰਪ ਨੇ ਕਿਹਾ ਕਿ ਉਹਨਾਂ ਨੇ ਭਾਰਤ ਨੂੰ ਧਮਕੀ ਦੇ ਕੇ ਯੁੱਧ ਰੋਕਿਆ, ਅਤੇ ਭਾਰਤ ਨੇ ਪੰਜ ਜੈੱਟ ਗੁਆ ਲਏ ਸਨ ਪਾਕਿਸਤਾਨ ਨਾਲ ਯੁਧ ਦੌਰਾਨ। ਇਹ ਦਾਅਵੇ ਭਾਰਤ ਦੀ ਮਜਬੂਤੀ ਨੂੰ ਨਿਸ਼ਾਨਾ ਬਣਾਉਂਦੇ ਹਨ।

ਦੱਖਣੀ ਏਸ਼ੀਆ ਵਿੱਚ, ਭੂਟਾਨ ਚੀਨ ਨਾਲ ਨੇੜੇ ਆ ਰਿਹਾ ਹੈ, ਨੇਪਾਲ ਅਤੇ ਬੰਗਲਾਦੇਸ਼ ਵਿੱਚ ਜਨਰੇਸ਼ਨ ਜ਼ੈੱਡ ਦੀ ਸੱਤਾ ਪਲਟ ਨੇ ਚੀਨ ਨੂੰ ਮਜ਼ਬੂਤ ਕੀਤਾ। ਰੂਸ ਚੀਨ ’ਤੇ ਨਿਰਭਰ ਹੈ, ਅਤੇ ਪੁਤਿਨ ਪਾਕਿਸਤਾਨ ਵਿਰੋਧੀ ਸਟੈਂਡ ਨਹੀਂ ਲੈ ਸਕਦੇ। ਬੰਗਲਾਦੇਸ਼ ਅਤੇ ਨੇਪਾਲ ਵਿੱਚ ਬਦਲਾਅ ਨੇ ਭਾਰਤ ਲਈ ਮੁਸ਼ਕਲਾਂ ਖੜੀਆਂ ਕੀਤੀਆਂ ਹਨ।

ਵਪਾਰਕ ਸੰਬੰਧਾਂ ਵਿੱਚ ਇੱਕ ਪਾਜ਼ੇਟਿਵ ਪਹਿਲੂ ਹੈ - ਕਈ ਦੇਸ਼ਾਂ ਨਾਲ ਫ੍ਰੀ ਟਰੇਡ ਐਗਰੀਮੈਂਟ। ਪਰ ਇਹ ਭਾਰਤ ਨੂੰ ਸਿਰ.ਫ ਇੱਕ ਬਾਜ਼ਾਰ ਵਜੋਂ ਵੇਖਦੇ ਹਨ, ਜਿੱਥੇ 140 ਕਰੋੜ ਲੋਕਾਂ ਨੂੰ ਵੇਚ ਸਕਦੇ ਹਨ। ਭਾਰਤ ਕੋਲ ਵੇਚਣ ਲਈ ਮਜ਼ਦੂਰੀ ਅਤੇ ਸੇਵਾਵਾਂ ਹਨ, ਪਰ ਕੁਆਲਿਟੀ ਵਸਤੂਆਂ ਨਹੀਂ। ਏਆਈ ਵਿਸਫੋਟ ਨੇ ਭਾਰਤ ਨੂੰ ਹੋਰ ਪਿੱਛੇ ਧੱਕ ਦਿੱਤਾ - ਅਮਰੀਕੀ ਕੰਪਨੀਆਂ ਦਾ ਉਪਭੋਗਤਾ ਬਣ ਗਿਆ, ਪਰ ਵਿਕਾਸ ਨਹੀਂ ਕੀਤਾ। ਇਹ ਭਾਰਤ ਦੀ ਆਈਟੀ ਪਛਾਣ ਨੂੰ ਖਤਮ ਕਰ ਰਿਹਾ ਹੈ। ਵਿਸ਼ਵ ਰਾਜਨੀਤੀ ਵਿੱਚ, ਭਾਰਤ ਅਮਰੀਕੀ ਐਟਮੀ ਕਰਾਰ ਬਾਅਦ ਵੱਡਾ ਪ੍ਰਭਾਵ ਗੁਆ ਰਿਹਾ ਹੈ। ਹੁਣ ਇਹ ਸਿਰ.ਫ ਬਾਜ਼ਾਰ ਵਜੋਂ ਵੇਖਿਆ ਜਾਂਦਾ ਹੈ, ਨਾ ਕਿ ਵਿਚਾਰਕ ਤਾਕਤ ਵਜੋਂ।

2025 ਨੇ ਭਾਰਤ ਨੂੰ ਇੱਕ ਦਰਪਣ ਵਿਖਾਇਆ - ਉਸ ਵਿੱਚ ਪ੍ਰਾਪਤੀਆਂ ਵੀ ਝਲਕੀਆਂ, ਅਤੇ ਕਮਜ਼ੋਰੀਆਂ ਵੀ। ਭਾਰਤ ਨੇ ਕੋਈ ਯੁੱਧ ਨਹੀਂ ਹਾਰਿਆ, ਕੋਈ ਚੋਣ ਨਹੀਂ ਹਾਰੀ, ਪਰ ਜੋ ਗੁਆਇਆ ਉਹ ਵਿਵੇਕ ਸੀ। ਇਹ ਸਾਲ ਜਵਾਬਾਂ ਨਾਲ ਬੰਦ ਨਹੀਂ ਹੁੰਦਾ, ਬਲਕਿ ਚੇਤਾਵਨੀ ਨਾਲ। ਲੋਕਤੰਤਰ ਚੋਣਾਂ ਨਾਲ ਨਹੀਂ ਟਿਕਦਾ, ਬਲਕਿ ਵਿਵੇਕ ਦੇ ਸਪਸ਼ਟ ਨੀਤੀਆਂ ਨਾਲ।

## ਰਾਜਸਥਾਨ ਦੇ ਸਕੂਲਾਂ ਵਿਚ ਪੜ੍ਹਾਈ ਜਾਵੇਗੀ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਦਾਸਤਾਨ

ਰਾਜਸਥਾਨ-ਵੀਰ ਬਾਲ ਦਿਵਸ 2025 ਦੇ ਮੌਕੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੇ ਐਲਾਨ ਕੀਤਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ - ਸਾਹਿਬਜ਼ਾਦਾ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ - ਦੀ ਬਹਾਦਰੀ, ਕੁਰਬਾਨੀ ਅਤੇ ਸ਼ਹਾਦਤ ਦੀ ਗੌਰਵਮਈ ਗਾਥਾ ਨੂੰ ਰਾਜ ਦੇ ਪ੍ਰਾਇਮਰੀ ਸਿੱਖਿਆ ਪਾਠਕ੍ਰਮ ਵਿੱਚ ਸ਼ਾਮਲ ਕੀਤਾ ਜਾਵੇਗਾ। ਇਸ ਨਾਲ ਬੱਚਿਆਂ ਨੂੰ ਬਚਪਨ ਤੋਂ ਹੀ ਦੇਸ਼ ਭਗਤੀ, ਧਰਮ ਦੀ ਰੱਖਿਆ, ਹਿੰਮਤ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਪ੍ਰੇਰਨਾ ਮਿਲੇਗੀ। ਜੈਪੁਰ ਵਿੱਚ ਭਾਜਪਾ ਰਾਜ ਦ.ਫਤਰ ਵਿਖੇ ਆਯੋਜਿਤ ਇੱਕ ਪ੍ਰੋਗਰਾਮ ਦੌਰਾਨ ਮੁੱਖ ਮੰਤਰੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਜੀਵਨੀ, ਬਹਾਦਰੀ ਅਤੇ ਕੁਰਬਾਨੀਆਂ ਨੂੰ ਯਾਦ ਕਰਦਿਆਂ ਇੱਕ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ। ਉਨ੍ਹਾਂ ਨੇ ਕਿਹਾ ਕਿ ਇਸ ਫੈਸਲੇ ਨਾਲ ਰਾਜਸਥਾਨ ਦੇ ਸਕੂਲੀ ਬੱਚੇ ਪਾਠ ਪੁਸਤਕਾਂ ਵਿੱਚ ਸਾਹਿਬਜ਼ਾਦਿਆਂ ਨਾਲ ਜੁੜਿਆ ਇਤਿਹਾਸ ਪੜ੍ਹ ਸਕਣਗੇ। ਇਹ ਕਦਮ ਨਾ ਸਿਰ.ਫ ਸਿੱਖ ਇਤਿਹਾਸ ਨੂੰ ਸਨਮਾਨ ਦੇਵੇਗਾ, ਸਗੋਂ ਸਾਰੇ ਭਾਰਤੀ ਨੌਜਵਾਨਾਂ ਨੂੰ ਅਟੁੱਟ ਵਚਨਬੱਧਤਾ ਅਤੇ ਧਰਮ ਰੱਖਿਆ ਦੇ ਮੁੱਲ ਸਿਖਾਏਗਾ। ਇਸ ਨਾਲ ਨਵੀਂ ਪੀੜ੍ਹੀ ਵਿੱਚ ਕੌਮੀ ਏਕਤਾ ਅਤੇ ਦੇਸ਼ ਪ੍ਰੇਮ ਦੀ ਭਾਵਨਾ ਮਜ਼ਬੂਤ ਹੋਵੇਗੀ।

**ਸੰਪਾਦਕੀ** ਵਿਚਾਰ :– ਮੂਰਖ ਚੀਕ ਮਾਰ ਕੇ ਚੱਕ੍ਰਿਤ ਕਰਦਾ ਹੈ ਜਦ ਕਿ ਸਿਆਣਾ ਵੇਲੇ ਸਿਰ ਢੁਕਵੀਂ ਗੱਲ ਕਹਿ ਕੇ ।



ਰਜਿੰਦਰ ਸਿੰਘ ਪੁਰੇਵਾਲ

# ਅਮਰੀਕਾ ਦੀ ਦੂਜੇ ਦੇਸ਼ਾਂ ਵਿਚ ਦਖਲਅੰਦਾਜ਼ੀ: ਇਤਿਹਾਸ, ਨਤੀਜੇ ਅਤੇ ਭਵਿੱਖ ਦੇ ਖਤਰੇ

ਅਮਰੀਕਾ ਨੂੰ ਦੁਨੀਆਂ ਦਾ ਸਭ ਤੋਂ ਤਾਕਤਵਰ ਦੇਸ਼ ਮੰਨਿਆ ਜਾਂਦਾ ਹੈ, ਪਰ ਇਸ ਦਾ ਇਤਿਹਾਸ ਦੂਸਰੇ ਦੇਸ਼ਾਂ ਵਿੱਚ ਦਖਲਅੰਦਾਜ਼ੀ ਨਾਲ ਭਰਿਆ ਪਿਆ ਹੈ। ਪਿਛਲੇ 120 ਸਾਲਾਂ ਵਿੱਚ ਅਮਰੀਕਾ ਨੇ ਲਗਭਗ 35 ਦੇਸ਼ਾਂ ਵਿੱਚ ਤਖਤਾਪਲਟ ਜਾਂ ਸੱਤਾ ਬਦਲਣ ਵਾਲੇ ਕੰਮ ਕੀਤੇ ਹਨ। ਇਹ ਨਾ ਸਿਰਫ਼ ਫੌਜੀ ਹਮਲੇ ਹਨ, ਸਗੋਂ ਰਾਜਨੀਤਕ ਦਬਾਅ, ਖੁਫ਼ੀਆ ਏਜੰਸੀਆਂ ਵੱਲੋਂ ਖੇਡ ਅਤੇ ਆਰਥਿਕ ਪਾਬੰਦੀਆਂ ਵੀ ਸ਼ਾਮਲ ਹਨ। ਅਜਿਹੇ ਕੰਮਾਂ ਨੂੰ ਅਮਰੀਕਾ ਅਕਸਰ ਲੋਕਤੰਤਰ, ਮਨੁੱਖੀ ਅਧਿਕਾਰਾਂ ਜਾਂ ਸੁਰੱਖਿਆ ਦੇ ਨਾਂ ਹੇਠ ਜਾਇਜ਼ ਠਹਿਰਾਉਂਦਾ ਹੈ, ਪਰ ਨਤੀਜੇ ਅਕਸਰ ਅਸਥਿਰਤਾ, ਗ੍ਰਹਿ ਯੁੱਧ ਅਤੇ ਲੰਮੀ ਅਰਾਜਕਤਾ ਵੱਲ ਲੈ ਜਾਂਦੇ ਹਨ। ਇਤਿਹਾਸ ਵਿੱਚ ਅਮਰੀਕਾ ਨੇ ਬਹੁਤ ਸਾਰੇ ਦੇਸ਼ਾਂ ਵਿੱਚ ਆਪਣੀ ਮਰਜ਼ੀ ਨਾਲ ਸੱਤਾ ਬਦਲੀ ਹੈ। ਉਦਾਹਰਨ ਵਜੋਂ, 1898 ਵਿੱਚ ਕਿਊਬਾ ਵਿੱਚ ਅਮਰੀਕਾ ਨੇ ਸਪੇਨ ਨੂੰ ਹਰਾ ਕੇ ਨਿਯੰਤਰਣ ਲਿਆ ਅਤੇ ਫਿਰ ਆਪਣੇ ਅਨੁਕੂਲ ਸਰਕਾਰ ਬਣਾਈ। 1903 ਵਿੱਚ ਪਨਾਮਾ ਵਿੱਚ ਅਮਰੀਕਾ ਨੇ ਕੈਨਾਲ ਬਣਾਉਣ ਲਈ ਦਖਲਅੰਦਾਜੀ ਕੀਤੀ ਅਤੇ ਫਿਰ 1989 ਵਿੱਚ ਵੀ ਇੱਥੇ ਫੌਜ ਭੇਜ ਕੇ ਸਤਾਧਾਰੀ ਨੂੰ ਹਟਾਇਆ। ਗੁਆਟੇਮਾਲਾ ਵਿੱਚ 1954 ਵਿੱਚ ਅਮਰੀਕਾ ਨੇ ਸੀਆਈਏ ਦੀ ਮੱਦਦ ਨਾਲ ਰਾਸ਼ਟਰਪਤੀ ਨੂੰ ਹਟਾਇਆ ਕਿਉਂਕਿ ਉਹ ਅਮਰੀਕੀ ਕੰਪਨੀਆਂ ਨੂੰ ਨੁਕਸਾਨ ਪਹੁੰਚਾ ਰਿਹਾ ਸੀ। ਇਸ ਤੋਂ ਬਾਅਦ ਗੁਆਟੇਮਾਲਾ ਵਿੱਚ ਦਹਾਕਿਆਂ ਤੱਕ ਹਿੰਸਾ ਅਤੇ ਗ੍ਰਹਿ ਯੁੱਧ ਚੱਲਿਆ, ਜਿਸ ਵਿੱਚ ਲੱਖਾਂ ਲੋਕ ਮਾਰੇ ਗਏ। ਬ੍ਰਾਜ਼ੀਲ ਵਿੱਚ 1964 ਵਿੱਚ ਅਮਰੀਕਾ ਨੇ ਤਖਤਾਪਲਟ ਵਿੱਚ ਮੱਦਦ ਕੀਤੀ ਅਤੇ ਚਿਲੀ ਵਿੱਚ 1973 ਵਿੱਚ ਅਲੈਂਡੇ ਨੂੰ ਹਟਾ ਕੇ ਪਿਨੋਸ਼ੇ ਨੂੰ ਸੱਤਾ ਵਿੱਚ ਲਿਆਂਦਾ, ਜਿਸ ਨੇ ਹਜ਼ਾਰਾਂ ਲੋਕਾਂ ਨੂੰ ਮਾਰਿਆ।

ਏਸ਼ੀਆ ਵਿੱਚ ਵੀ ਅਮਰੀਕਾ ਨੇ ਬਹੁਤ ਕੁਝ ਕੀਤਾ ਹੈ। ਈਰਾਨ ਵਿੱਚ 1953 ਵਿੱਚ ਮੋਸੱਦੇਕ ਨੂੰ ਹਟਾਇਆ ਗਿਆ ਕਿਉਂਕਿ ਉਹ ਤੇਲ ਨੂੰ ਰਾਸ਼ਟਰੀਕਰਨ ਕਰ ਰਿਹਾ ਸੀ। ਇਸ ਨਾਲ ਈਰਾਨ ਵਿੱਚ ਅਸਥਿਰਤਾ ਵਧੀ ਅਤੇ ਬਾਅਦ ਵਿੱਚ ਇਸਲਾਮੀ ਕ੍ਰਾਂਤੀ ਹੋਈ। ਇਰਾਕ ਵਿੱਚ 2003 ਵਿੱਚ ਅਮਰੀਕਾ ਨੇ ਸੱਦਾਮ ਹੁਸੈਨ ਨੂੰ ਹਟਾਇਆ ਅਤੇ ਲੋਕਤੰਤਰ ਲਿਆਉਣ ਦਾ ਵਾਅਦਾ ਕੀਤਾ, ਪਰ ਨਤੀਜਾ ਗ੍ਰਹਿ ਯੁੱਧ, ਆਈਐੱਸਆਈਐੱਸ ਵਰਗੇ ਅੱਤਵਾਦੀ ਗਰੁੱਪ ਅਤੇ ਲੱਖਾਂ ਮੌਤਾਂ ਹੋਈਆਂ। ਅਫਗਾਨਿਸਤਾਨ ਵਿੱਚ 2001 ਵਿੱਚ ਤਾਲਿਬਾਨ ਨੂੰ ਹਟਾਇਆ ਗਿਆ, ਪਰ 20 ਸਾਲ ਬਾਅਦ 2021 ਵਿੱਚ ਤਾਲਿਬਾਨ ਵਾਪਸ ਆ ਗਏ ਅਤੇ ਅਮਰੀਕਾ ਨੂੰ ਭੱਜਣਾ ਪਿਆ। ਪਾਕਿਸਤਾਨ ਵਿੱਚ 2022 ਵਿੱਚ ਇਮਰਾਨ ਖਾਨ ਦੀ ਸਰਕਾਰ ਡਿੱਗੀ ਅਤੇ ਉਨ੍ਹਾਂ ਨੇ ਅਮਰੀਕਾ ਉੱਤੇ ਇਲਜ਼ਾਮ ਲਾਇਆ ਕਿ ਉਨ੍ਹਾਂ ਦੀ ਰੂਸ ਨਾਲ ਨੇੜਤਾ ਕਾਰਨ ਅਜਿਹਾ ਹੋਇਆ। ਬੰਗਲਾਦੇਸ਼ ਵਿੱਚ 2024 ਵਿੱਚ ਸ਼ੇਖ ਹਸੀਨਾ ਦੀ ਸਰਕਾਰ ਵਿਰੋਧ ਪ੍ਰਦਰਸ਼ਨਾਂ ਨਾਲ ਡਿੱਗੀ ਅਤੇ ਆਲੋਚਕ ਕਹਿੰਦੇ ਹਨ ਕਿ ਅਮਰੀਕਾ ਨੇ ਮਨੁੱਖੀ ਅਧਿਕਾਰਾਂ ਦੇ ਨਾਂ ਹੇਠ ਦਬਾਅ ਬਣਾਇਆ। ਲੀਬੀਆ ਵਿੱਚ 2011 ਵਿੱਚ ਗੱਦਾਫੀ ਨੂੰ ਹਟਾਇਆ ਗਿਆ ਅਤੇ ਨਤੀਜਾ ਅਰਾਜਕਤਾ ਅਤੇ ਗ੍ਰਹਿ ਯੁੱਧ ਹੈ। ਵੀਅਤਨਾਮ, ਕੰਬੋਡੀਆ, ਇੰਡੋਨੇਸ਼ੀਆ ਅਤੇ ਥਾਈਲੈਂਡ ਵਿੱਚ ਵੀ ਅਮਰੀਕਾ ਨੇ ਦਖਲਅੰਦਾਜ਼ੀ ਕੀਤੀ, ਜਿਨ੍ਹਾਂ ਨਾਲ ਲੱਖਾਂ ਲੋਕ ਮਾਰੇ ਗਏ ਅਤੇ ਅਸਥਿਰਤਾ ਵਧੀ। ਇਸ ਦਖਲਅੰਦਾਜੀ ਦੇ ਨਤੀਜੇ ਬਹੁਤ ਬੁਰੇ ਨਿਕਲੇ ਹਨ। ਅਮਰੀਕਾ ਨੇ  ਜਿੱਤਾਂ ਜ਼ਰੂਰ ਹਾਸਲ ਕੀਤੀਆਂ, ਪਰ ਬਾਅਦ ਵਿੱਚ ਅਸਥਿਰਤਾ ਅਤੇ ਅੱਤਵਾਦ ਵਧਿਆ। ਅਮਰੀਕਾ ਨੂੰ ਇਸ ਕਾਰਣ ਬਹੁਤ ਵੱਡਾ ਆਰਥਿਕ ਨੁਕਸਾਨ ਹੋਇਆ । ਇਹ ਨਤੀਜੇ ਦੱਸਦੇ ਹਨ ਕਿ ਅਮਰੀਕਾ ਨੂੰ ਇਤਿਹਾਸ ਤੋਂ ਸਬਕ ਨਹੀਂ ਸਿੱਖਿਆ ਅਤੇ ਉਹ ਉਹੀ ਗਲਤੀਆਂ ਦੁਹਰਾਉਂਦਾ ਰਹਿੰਦਾ ਹੈ। ਹੁਣ ਗੱਲ ਕਰੀਏ ਕਿ ਕੀ ਅਮਰੀਕਾ ਦੇ ਸੱਤਾਧਾਰੀਆਂ ਉੱਤੇ ਹਮਲੇ ਹੋ ਸਕਦੇ ਹਨ। ਹਾਲ ਹੀ ਵਿੱਚ ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਨਸ ਦੇ ਘਰ ਉੱਤੇ ਹਮਲਾ ਹੋਇਆ ਹੈ। ਇਹ ਘਟਨਾ ਦੱਸਦੀ ਹੈ ਕਿ ਅਮਰੀਕੀ ਲੀਡਰ ਵੀ ਸੁਰੱਖਿਆ ਵਿੱਚ ਕਮਜ਼ੋਰ ਹਨ। ਜਾਂਚ ਚੱਲ ਰਹੀ ਹੈ। ਅਮਰੀਕਾ ਦੇ ਦੂਜੇ ਦੇਸ਼ਾਂ ਵਿਚ ਦਖਲਅੰਦਾਜ਼ੀ ਕਾਰਨ ਦੁਨੀਆਂ ਵਿੱਚ ਉਸ ਵਿਰੋਧ ਵਧ ਰਿਹਾ ਹੈ, ਜਿਸ ਨਾਲ ਅੱਤਵਾਦੀ ਜਾਂ ਵਿਰੋਧੀ ਗਰੁੱਪ ਅਮਰੀਕੀ ਲੀਡਰਾਂ ਨੂੰ ਨਿਸ਼ਾਨਾ ਬਣਾ ਸਕਦੇ ਹਨ। ਇਤਿਹਾਸ ਵਿੱਚ ਵੀ ਅਜਿਹੇ ਹਮਲੇ ਹੋਏ ਹਨ, ਜਿਵੇਂ ਕਿ ਕੈਨੇਡੀ ਦੀ ਹੱਤਿਆ। ਅੱਜ ਦੇ ਸਮੇਂ ਵਿੱਚ ਅਮਰੀਕਾ ਵਿਚ ਅੱਤਵਾਦ ਦਾ ਖਤਰਾ ਵਧ ਗਿਆ ਹੈ, ਇਸ ਲਈ, ਅਮਰੀਕੀ ਸੱਤਾਧਾਰੀਆਂ ਉੱਤੇ ਹਮਲੇ ਹੋ ਸਕਦੇ ਹਨ ਅਤੇ ਉਨ੍ਹਾਂ ਨੂੰ ਵਧੇਰੇ ਸੁਰੱਖਿਆ ਦੀ ਲੋੜ ਹੈ।ਟਰੰਪ ਨੇ ਭਾਰਤ ਨੂੰ 50 ਫੀਸਦੀ ਟੈਰਿਫ ਲਗਾਇਆ ਅਤੇ ਇਸ ਨੂੰ ਰੂਸ ਦੇ ਤੇਲ ਵਪਾਰ ਨਾਲ ਤੇ ਨੇੜਤਾ ਨਾਲ ਜੋੜਿਆ। ਇਹ ਰਾਜਨੀਤਕ ਦਬਾਅ ਹੈ ਅਤੇ ਅਮਰੀਕਾ ਭਾਰਤ ਨੂੰ ਆਪਣੀ ਨੀਤੀ ਵੱਲ ਝੁਕਾਉਣਾ ਚਾਹੁੰਦਾ ਹੈ। ਪਰ ਭਾਰਤ ਆਪਣੇ ਪੁਰਾਣੇ ਸੰਬੰਧਾਂ ਨੂੰ ਰੂਸ ਅਤੇ ਚੀਨ ਨਾਲ ਨਹੀਂ ਤੋੜ ਸਕਦਾ। ਜੇ ਅਮਰੀਕਾ ਨੇ ਵਧੇਰੇ ਦਬਾਅ ਬਣਾਇਆ ਤਾਂ ਭਾਰਤ ਵਿੱਚ ਰਾਜਨੀਤਕ ਅਸਥਿਰਤਾ ਆ ਸਕਦੀ ਹੈ, ਪਰ ਭਾਰਤ ਦੀ ਮਜ਼ਬੂਤ ਫੌਜ ਅਤੇ ਆਰਥਿਕਤਾ ਕਾਰਨ ਸਿੱਧੀ ਦਖਲਅੰਦਾਜ਼ੀ ਮੁਸ਼ਕਲ ਹੈ। ਫਿਰ ਵੀ, ਭਾਰਤ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਅਤੇ ਆਪਣੀ ਵਿਦੇਸ਼ ਨੀਤੀ ਨੂੰ ਸੰਤੁਲਿਤ ਰੱਖਣੀ ਚਾਹੀਦੀ ਹੈ। ਚੀਨ ਅਮਰੀਕਾ ਦਾ ਵਿਰੋਧ ਕਰ ਰਿਹਾ ਹੈ ਕਿਉਂਕਿ ਅਮਰੀਕਾ ਚੀਨ ਨੂੰ ਆਪਣੇ ਪ੍ਰਭਾਵ ਵਾਲੇ ਖੇਤਰਾਂ ਵਿੱਚ ਰੋਕਣਾ ਚਾਹੁੰਦਾ ਹੈ। ਅਮਰੀਕਾ ਨੇ ਦੂਜੇ ਵਿਸ਼ਵ ਯੁੱਧ ਵਾਲੇ ਏਅਰਬੇਸ ਨੂੰ ਵਾਪਸ ਚਾਲੂ ਕੀਤੇ ਹਨ, ਜਿਵੇਂ ਕਿ ਟਿਨੀਅਨ ਆਈਲੈਂਡ ਉੱਤੇ ਨੌਰਥ ਫੀਲਡ। ਇਹ ਚੀਨ ਨਾਲ ਟਕਰਾਅ ਦੀ ਤਿਆਰੀ ਹੈ, ਖਾਸ ਕਰ ਤਾਈਵਾਨ ਨੂੰ ਲੈ ਕੇ। ਅਮਰੀਕਾ ਨੇ ਐਗਾਈਲ ਕੰਬੈਟ ਇੰਪਲਾਇਮੈਂਟ (ਏਸੀਈ) ਨੀਤੀ ਅਪਣਾਈ ਹੈ, ਜਿਸ ਵਿੱਚ ਬਹੁਤ ਸਾਰੇ ਛੋਟੇ ਬੇਸ ਬਣਾ ਕੇ ਚੀਨ ਦੀਆਂ ਮਿਜ਼ਾਈਲਾਂ ਨੂੰ ਨਿਸ਼ਾਨਾ ਬਣਾਉਣਾ ਮੁਸ਼ਕਲ ਕੀਤਾ ਜਾ ਰਿਹਾ ਹੈ। ਚੀਨ ਕੋਲ ਵੱਡੀ ਫੌਜ ਅਤੇ ਮਿਜ਼ਾਈਲਾਂ ਹਨ, ਜੋ ਅਮਰੀਕੀ ਬੇਸਾਂ ਨੂੰ ਖਤਰੇ ਵਿੱਚ ਪਾ ਸਕਦੀਆਂ ਹਨ। 2027 ਤੱਕ ਤਾਈਵਾਨ ਉੱਤੇ ਹਮਲੇ ਦੀ ਸੰਭਾਵਨਾ ਹੈ ਅਤੇ ਅਮਰੀਕਾ ਇਸ ਲਈ ਤਿਆਰੀ ਕਰ ਰਿਹਾ ਹੈ। ਪਰ ਯੁੱਧ ਹੋਣ ਨਾਲ ਦੁਨੀਆਂ ਨੂੰ ਵੱਡਾ ਨੁਕਸਾਨ ਹੋਵੇਗਾ, ਇਸ ਲਈ ਗੱਲਬਾਤ ਨਾਲ ਹੱਲ ਕੱਢਣਾ ਬਿਹਤਰ ਹੈ। ਅਮਰੀਕਾ ਨੂੰ ਆਪਣੀਆਂ ਦਖਲਅੰਦਾਜ਼ੀ ਤੋਂ ਸਬਕ ਸਿੱਖਣਾ ਚਾਹੀਦਾ ਹੈ ਅਤੇ ਦੁਨੀਆਂ ਨੂੰ ਸਾਂਝੇ ਵਿਕਾਸ ਵੱਲ ਲੈ ਜਾਣਾ ਚਾਹੀਦਾ ਹੈ। ਨਹੀਂ ਤਾਂ ਇਤਿਹਾਸ ਉਹੀ ਕਹਾਣੀ ਦੁਹਰਾਏਗਾ ਅਤੇ ਅਸਥਿਰਤਾ ਵਧੇਗੀ।

-ਰਜਿੰਦਰ ਸਿੰਘ ਪੁਰੇਵਾਲ

**NEWS & VIEWS**

# DECEMBER REMINDS THE SIKHS OF SARBANS DAAN OF GURU GOBIND SINGH



Gurmukh Singh OBE

The month of December reminds the Sikhs of the siege of Anandpur Fort [1705]. It reminds them of the starving and dwindling number of Sikhs with Guru Gobind Singh Ji, the leaving of Anandpur following false promises by the Mughals and the Hill Rajas, the treacherous attack at Sirsa River and the separation of the family of Guru Ji, the betrayal of Mata Gujri by Gangu, the Kashmiri Brahmin, the torture and martyrdom of Shotay Sahibzaday, martyrdom of Mata Gujri; the epic battle of Chamkaur; the martyrdoms in battle of the Vadday Sahibzaday and the Sikhs. [Dya Singh of Australia.]

Next generations should continue to research and discover own great heritage, the treasure left behind by their ancestors (Peo daaday da khajaana), as they contribute to the plural societies they live in.

Every month in history records numerous Sikh martyrdoms over the last 500 years. Guru Arjan Dev started the Sikhi shaheedi tradition and will always be remembered as Shaheedan de Sirtaaj (Leader of Martyrs). He gave His life for the cause of the Panth of Guru Nanak. Guru Tegh Bahadur gave his life for the freedom of all to follow own chosen path. His martyrdom has no other parallel in the Abrahamic martyrdom traditions, while the concept of martyrdom is alien to the ancient Indic tradition.

During the closing chapters of the Guru history, sacrifices of living-martyr, Guru Gobind Singh, and the Four Sahibzaady, shocked and roused ordinary people to topple successive oppressive empires. The blood-stained history of the month of December is particularly moving. The month is especially remembered for the martyrdom of the four Sahibzaday. That requires reflection in the context of sarbans-daan by Guru Gobind Singh, regarded as a unique example of a living-martyr. He taught, how the mar-jeevra Khalsa should live a fully participative life but without attachment and not hesitate to make the ultimate sacrifice for the righteous cause.

Sarbans daan needs understanding. It means the end of the own biological family line. This was a willing unique sacrifice by Guru Gobind Singh while he offered a prayer of gratitude before the Timeless Being. Why? Because he believed that the mission with which he came to the world was nearing completion. His father, Guru Tegh Bahadur gave his life for religious freedom. His four sons gave their lives so that thousands of Khalsa children of the Guru would live to resist oppression and prosper (Jeevat kayee hazaar).

Next generation Sikhs have done well in many fields. It is most refreshing to see thousands of highly successful young Sikhs in Western countries who have kept their proud Sikh identity. Otherwise, not numbers but those few who follow the righteous cause, the Panth of the Guru, have always counted in Sikhi .

It is for them to also contribute to their rich Sikh heritage. Because, the life of every Sikh man and woman, no-matter how high an achiever regarding worldly position, is but a very small time-window in the continuity and prosperity of the family of Guru Nanak-Guru Gobind Singh. To be identified and counted as a Sikh is not separatism but an essential part of the process of self-orientation in the wider plural society as a responsible citizen.

History shows that threats to minority communities like the Sikhs need to be met by greater visibility of community identity, ideology and way of life which rejects otherness. Our experience in Western countries is that hiding is not an option.

Gurmukh Singh OBE, Ret'd Principal Civil Servant (UK) sewauk2005@yahoo.co.uk

# ਪੰਜਾਬ ਦੇ ਮੁੱਖ ਮੰਤਰੀ ਦੀ ਵੀਡੀਓ ਜੇ ਸਹੀ ਪਾਈ ਗਈ ਤਾਂ ਸਿੱਖ ਇਹਨਾਂ ਨੂੰ ਕਦੇ ਮੁਆਫ਼ ਨਹੀਂ ਕਰਨਗੇ

## ਸਿੱਖ ਅਦਾਰਿਆਂ ਤੇ ਗੁਰਦੁਆਰਿਆਂ ਬਾਰੇ 'ਆਪ' ਸਰਕਾਰ ਝੂਠ ਫੈਲਾਉਣਾ ਬੰਦ ਕਰੇ- ਰਘਬੀਰ ਸਿੰਘ, ਰਾਜਿੰਦਰ ਸਿੰਘ ਪੁਰੇਵਾਲ

***ਡਰਬੀ (ਪੰਜਾਬ ਟਾਈਮਜ਼) – ਜਿਹੜਾ ਵਿਅਕਤੀ ਸਾਡੇ ਸਿੱਖ ਧਰਮ ਸਾਡੇ ਗੁਰਦੁਆਰਿਆਂ ਬਾਰੇ ਝੂਠੇ ਤੇ ਨੀਵੀਂ ਪੱਧਰ ਦੇ ਬਿਆਨ ਮੀਡੀਆ ਵਿੱਚ ਦਿੰਦਾ ਹੈ, ਉਸ ਵਿਅਕਤੀ ਨੂੰ ਅਕਾਲ ਤਖ਼ਤ ਤੇ ਸੱਦਿ-ਆ ਜਾਣਾ ਚਾਹੀਦਾ ਹੈ। ਚਾਹੇ ਉਹ ਸਿੱਖ ਜਾਂ ਗ਼ੈਰ ਸਿੱਖ ਕਿਉਂ ਨਾ ਹੋਵੇ। ਕਈ ਸਿਆਸੀ ਪਾਰਟੀਆਂ ਦੇ ਆਗੂ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਜਾਣ ਬੁੱਝ ਕੇ ਸਿੱਖ ਗੁਰੂ ਘਰਾਂ ਸਬੰਧੀ ਝੂਠ ਫੈਲਾਉਂਦੇ ਹਨ, ਉਹਨਾਂ ਵਿਰੁੱਧ ਕਾਰਵਾਈ ਹੋਣੀ ਚਾਹੀਦੀ ਹੈ।***

ਉਕਤ ਬਿਆਨ ਦਿੰਦਿਆਂ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਦੇ ਪ੍ਰਧਾਨ ਸ: ਰਘਬੀਰ ਸਿੰਘ ਅਤੇ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਕਿਹਾ ਕਿ ਕੁੱਝ ਸਿਆਸੀ ਪਾਰਟੀਆਂ ਤੇ ਸਰਕਾਰੀ ਏਜੰਸੀਆਂ ਤੇ ਸਿੱਖ ਵਿਰੋਧੀ ਲੋਕ ਜਾਣ ਬੁੱਝ ਕੇ ਇਹੋ ਜਿਹੀ ਬਿਆਨ ਬਾਜ਼ੀ ਕਰਕੇ ਲੋਕਾਂ ਵਿੱਚ ਸਿੱਖ ਧਰਮ ਅਤੇ ਗੁਰਦੁਆਰਿਆਂ ਦਾ ਅਕਸ ਖਰਾਬ ਕਰਨ ਦੀ ਕੋਸ਼ਿਸ਼ ਕਰਦੇ ਹਨ। ਪੰਜਾਬ ਦੇ ਮੁੱਖ ਮੰਤਰੀ ਵੱਲੋਂ ਜੋ ਬਿਆਨ ਜਾਣ ਬੁੱਝ ਕੇ ਦਿੱਤੇ ਗਏ ਹਨ, ਉਹ ਬਖਸ਼ਣ ਯੋਗ ਨਹੀਂ ਹਨ। ਸਦਾ ਹੀ ਸ਼ਰਾਬੀ ਰਹਿਣ ਵਾਲੇ ਨੂੰ ਮੁੱਖ ਮੰਤਰੀ ਦੇ ਪਦ ਤੋਂ ਤੁਰੰਤ ਲਾਹੁਣਾ ਚਾਹੀਦਾ ਹੈ। ਆਮ ਆਦਮੀ ਪਾਰਟੀ ਦੇ ਕੋਲ ਬਹੁਤ ਚੰਗੇ ਆਗੂ ਵੀ ਹਨ, ਜਿਹਨਾਂ ਨੂੰ ਇਹ ਸੇਵਾ ਦਿੱਤੀ ਜਾ ਸਕਦੀ ਹੈ। ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਲੋਕ ਇਹਨਾਂ ਨੂੰ ਮੂੰਹ ਨਹੀਂ ਲਾਉਣਗੇ।


ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਮੇਂ ਵੀ ਪੰਜਾਬ ਵਿੱਚ ਰਿਸ਼ਵਤ, ਜੁਰਮ ਅਤੇ ਭ੍ਰਿਸ਼ਟਾਚਾਰ ਖਤਮ ਨਹੀਂ ਹੋਇਆ ਤੇ ਇਹ ਲੋਕ ਸਿੱਖ ਅਦਾਰਿਆਂ ਦੀ ਨਿੰਦਾ ਕਰਦੇ ਰਹਿੰਦੇ ਹਨ। ਇਹੀ ਮੁੱਖ ਮੰਤਰੀ ਪੰਜਾਬ ਦੇ ਲੋਕਾਂ ਦੇ ਖਰਚ ਨਾਲ ਗੱਡੀਆਂ ਲੈ ਕੇ ਬਾਹਰ ਜਾਂਦਾ


ਰਾਜਿੰਦਰ ਸਿੰਘ ਪੁਰੇਵਾਲ, ਰਘਬੀਰ ਸਿੰਘ

ਹੈ। ਜੇ ਉਹ ਪੰਜਾਬ ਵਿੱਚ ਆਪ ਏਨੀ ਸੁਰੱਖਿਆ ਰੱਖਦਾ ਹੈ ਤਾਂ ਇਸ ਤੋਂ ਪਤਾ ਲਗਦਾ ਹੈ ਕਿ ਉਥੇ ਆਮ ਪੰਜਾਬੀ ਕਿੰਨੇ ਕੁ ਸੁਰੱਖਿਅਤ ਹੋਣਗੇ। ਹਰ ਰੋਜ਼ ਫਿਰੌਤੀਆਂ ਨਾ ਮਿਲਣ ਕਰਕੇ ਲੋਕਾਂ ਨੂੰ ਮਾਰਿਆ ਜਾ ਰਿਹਾ ਹੈ। ਪੰਜਾਬ ਸਰਕਾਰ ਆਪਣੀਆਂ ਡਿਊਟੀਆਂ ਨਿਭਾਅ ਨਹੀਂ ਸਕੀ। ਉਹਨਾਂ ਅੱਗੇ ਕਿਹਾ, ਕਿ ਇਹੋ ਜਿਹੀਆਂ ਪਾਰਟੀਆਂ ਤੋਂ ਲੋਕਾਂ ਨੂੰ ਦੂਰ ਹੀ ਰਹਿਣਾ ਚਾਹੀਦਾ ਹੈ। ਮੁੱਖ ਮੰਤਰੀ ਦੀ ਜੋ ਵੀਡੀਓ ਦੀ ਚਰਚਾ ਹੋ ਰਹੀ ਹੈ, ਜੇ ਇਹ ਸੱਚੀ ਸਾਬਤ ਹੋ ਜਾਂਦੀ ਹੈ ਅਤੇ ਜੇ ਪਾਰਟੀ ਨੇ ਉਹਨਾਂ ਦੇ ਸਿੱਖ ਵਿਰੋਧੀ ਬਿਆਨ ਵਾਪਸ ਨਾ ਲਏ ਤਾਂ ਪੰਜਾਬ ਦੇ ਲੋਕਾਂ ਨੇ ਇਸ ਮੁੱਖ ਮੰਤਰੀ ਅਤੇ 'ਆਪ' ਪਾਰਟੀ ਨੂੰ ਕਦੇ ਮੂੰਹ ਨਹੀਂ ਲਾਉਣਾ।

## ਪਾਕਿਸਤਾਨੀ ਕਬੱਡੀ ਖਿਡਾਰੀ ਤੇ ਪਾਬੰਦੀ ਲਗਾਉਣ ਦੀ ਇੰਗਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਸਖ਼ਤ ਨਿਖੇਧੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਦਿਨੀ ਪਾਕਿਸਤਾਨੀ ਖਿਡਾਰੀ ਓਬੇਦ ਓਲਾ ਰਾਜਪੂਤ ਵੱਲੋਂ ਖੇਡੇ ਗਏ ਮੈਚ ਵਿੱਚ ਭਾਰਤੀ ਤਿਰੰਗਾ ਲਹਿਰਾਉਣ ਨੂੰ ਲੈ ਕੇ ਪਾਕਿਸਤਾਨ ਕਬੱਡੀ ਫੈਡਰੇਸ਼ਨ ਵੱਲੋਂ ਖਿਡਾਰੀ ਖਿਲਾਫ਼ ਲਏ ਗਏ ਫ਼ੈਸਲੇ ਦੀ ਇੰਗਲੈਂਡ ਕਬੱਡੀ ਫੈਡਰੇਸ਼ਨ ਨੇ ਸਖ਼ਤ ਨਿਖੇਧੀ ਕੀਤੀ ਹੈ। ਫੈਡਰੇਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਕੰਮਾ ਔਜਲਾ, ਚੇਅਰਮੈਨ ਬਲਵਿੰਦਰ ਸਿੰਘ ਚੱਠਾ, ਜਨਰਲ ਸਕੱਤਰ ਸਤਨਾਮ ਸਿੰਘ ਸੱਤਾ ਮੁਠੱਡਾ, ਸਤਿੰਦਰਪਾਲ ਸਿੰਘ ਗੋਲਡੀ, ਕੁਲਵੰਤ ਸਿੰਘ ਸੰਘਾ, ਸ਼ੀਰਾ ਸਿੰਘ ਔਲਖ ਨੇ ਕਿਹਾ ਕਿ ਕਬੱਡੀ ਪੰਜਾਬੀਆਂ ਦੀ ਮਾਂ ਖੇਡ ਹੈ ਅਤੇ ਖੇਡਾਂ ਨੂੰ ਖੇਡਾਂ ਹੀ ਰਹਿਣ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਜਿੱਥੇ ਭਾਰਤ ਅਤੇ ਪਾਕਿਸਤਾਨ ਤੋਂ ਖਿਡਾਰੀ ਵੱਖ-ਵੱਖ ਕਲੱਬਾਂ ਲਈ ਖੇਡਦੇ ਹਨ, ਉਹੀ ਖਿਡਾਰੀ ਵੱਖ-ਵੱਖ ਦੇਸ਼ਾਂ ਦੀਆਂ ਟੀਮਾਂ ਵੱਲੋਂ ਵੀ ਖੇਡਦੇ ਹਨ। ਲੇਕਿਨ ਇਹ ਪਹਿਲੀ ਵਾਰ ਹੈ ਜਦੋਂ ਪਾਕਿਸਤਾਨ ਦੇ ਖਿਡਾਰੀ ਤੇ ਇਸ ਤਰ੍ਹਾਂ ਪਾਬੰਦੀ ਲਗਾਈ ਗਈ ਹੈ। ਸੱਤਾ ਮੁਠੱਡਾ ਨੇ ਕਿਹਾ ਕਿ ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਰਹਿਨੁਮਾਈ ਹੇਠ ਅਣਗਿਣਤ ਪਾਕਿਸਤਾਨੀ ਖਿਡਾਰੀ ਖੇਡਦੇ ਰਹੇ ਹਨ। ਜੇ ਪਾਕਿਸਤਾਨ ਕਬੱਡੀ ਫੈਡਰੇਸ਼ਨ ਨੇ ਰਾਜਪੂਤ ਤੇ ਪਾਬੰਦੀ ਨਾ ਹਟਾਈ ਤਾਂ ਭਵਿੱਖ ਵਿੱਚ ਇੰਗਲੈਂਡ ਕਬੱਡੀ ਫੈਡਰੇਸ਼ਨ ਵੀ ਮਜ਼ਬੂਰ ਹੋ ਕੇ ਸਖ਼ਤ ਫ਼ੈਸਲੇ ਲਵੇਗੀ ਅਤੇ ਕਿਸੇ ਵੀ ਪਾਕਿਸਤਾਨੀ ਖਿਡਾਰੀ ਨੂੰ ਇੰਗਲੈਂਡ ਦੀਆਂ ਕਲੱਬਾਂ ਵਿੱਚ ਖੇਡਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ ਇੰਗਲੈਂਡ ਦੇ ਕਬੱਡੀ ਪ੍ਰਮੋਟਰ ਭਾਰਤੀ ਪੰਜਾਬ ਤੋਂ ਹੋਣ ਦੇ ਬਾਵਜੂਦ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਕਬੱਡੀ ਖਿਡਾਰੀਆਂ ਨੂੰ ਹਮੇਸ਼ਾਂ ਬਰਾਬਰ ਦਾ ਮਾਣ ਦਿੰਦੇ ਹਨ। ਲੇਕਿਨ ਬੇਲੋੜੀ ਬਿਆਨਬਾਜ਼ੀ, ਨਫ਼ਰਤ ਅਤੇ ਪਾਬੰਦੀਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।


ਪਾਕਿਸਤਾਨੀ ਖਿਡਾਰੀ ਓਬੇਦ ਓਲਾ ਰਾਜਪੂਤ

# CHAOS IN VENEZUELA





Much has already been said about the united states action in venezuela and the arrest of Maduro but i subscribe to analyse confirm illegality of those actions under international law. Yet amid all these technical and normative discussions, we often forget to think about the people of venezuela who have had to endure so many years of economical disparities with millions fleeing to other countries and the strikes many facing frustrating and for some scary uncertainty about the future of thier venezuela. I want to express my solidarity with them and hope the situation stablises as soon as possible.

Those who understand the specific context of venezuela and latin America regions, yet it also includes many who choose to comment, sometimes in manner without prior knowledge or insight into what people in venezuela have experienced over the past decades. And regardless of one view on Maduro as a official head of state with immunities or illegitimate dictator or yes both yes it can be both or Mrs Maria Machado with controversial views and links but was mislead. I believe it is absolutely necessary that we listen to venezuela and how to envision the future of their country. I do not want to generalise and i do not want their freedom to come out of the cast of legitimising imperial expansion. And i would genuinely like to learn why people in venezuela celebrate the past events and how they envision the course of action, including in the context of trumps official statements. Venezuela did not suddenly change over the weekend venezuela holds the world's largest proven oil reserves but many argue they where weaponised by state instead not used to strengthen the nation. Although this is US foreign policy that has stipped democracy and human rights are out , what remains is doctrine of influence, resources, control military power clearly articulated in trumps administration national security strategy. The implications extend beyond venezuela what does this model mean for US democracy, as we see the the administration to futher militaries US cities and accuse society. Although the counter narcotics justification callpses under scrutiny, and venezuela oil wealth remains the topic on many but its important for production, infrastructure and stabilty. I stand by people of venezuela and support a peaceful and democratic transition. Any solution must respect international law and the UN charter.


ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

From : LAMBARDAR DHARMVEER SINGH CLAIRE COVENTRY

# 8 ਜਨਵਰੀ ਤੋਂ 2026 ਤੋਂ ਲਾਗੂ ਹੋਣਗੇ ਯੂ ਕੇ ਦਾ ਕੰਮਕਾਜ਼ ਵੀਜ਼ਾ ਲੈਣ ਲਈ ਅੰਗਰੇਜ਼ੀ ਬੋਲਣ ਵਾਲੇ ਨਵੇਂ ਨਿਯਮ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਸਰਕਾਰ ਪ੍ਰਵਾਸੀਆਂ ਲਈ ਇੰਮੀਗ੍ਰੇਸ਼ਨ ਨਿਯਮਾਂ ਨੂੰ ਹੋਰ ਸਖ਼ਤ ਕਰਨ ਲਈ ਯਤਨ ਕਰ ਰਹੀ ਹੈ। ਨਵੇਂ ਇਮੀਗ੍ਰੇਸ਼ਨ ਨਿਯਮ ਜਿਹੜੇ 2026 ਵਿੱਚ ਲਾਗੂ ਹੋਣ ਵਾਲੇ ਹਨ, ਹੁਣ ਤੱਕ ਦੇ ਇੰਮੀਗ੍ਰੇਸ਼ਨ ਸਿਸਟਮ ਦੇ ਸਭ ਤੋਂ ਮਹੱਤਵਪੂਰਨ ਸੁਧਾਰਾਂ ਵਿੱਚੋਂ ਇੱਕ ਮੰਨੇ ਜਾ ਰਹੇ ਹਨ।**

ਸਰਕਾਰ ਦੀ ਮੂਲ ਪ੍ਰਵਾਸ (ਨੈੱਟ ਮਾਈਗ੍ਰੇਸ਼ਨ) ਨੂੰ ਘਟਾਉਣ ਦੀਆਂ ਯੋਜਨਾਵਾਂ ਵਿੱਚ ਵਿਦੇਸ਼ੀ ਕਾਮਿਆਂ ਲਈ ਅੰਗਰੇਜ਼ੀ ਭਾਸ਼ਾ ਦੀਆਂ ਜ਼ਰੂਰਤਾਂ ਵਿੱਚ ਮਹੱਤਵਪੂਰਨ ਵਾਧਾ ਕੀਤਾ ਹੈ। ਵਰਕ ਵੀਜ਼ਾ ਲਈ ਅੰਗਰੇਜ਼ੀ ਭਾਸ਼ਾ ਲਾਜ਼ਮੀ ਕੀਤੀ ਗਈ ਹੈ। 8 ਜਨਵਰੀ 2026 ਤੋਂ ਬਹੁਤ ਸਾਰੇ ਪ੍ਰਵਾਸੀਆਂ ਨੂੰ ਸਖ਼ਤ ਨਵੇਂ ਨਿਯਮਾਂ ਦੇ ਤਹਿਤ ਏ ਲੈਵਲ ਤੱਕ ਦੇ ਮਿਆਰ ਦੀ ਅੰਗਰੇਜ਼ੀ ਬੋਲਣੀ ਆਉਣੀ ਚਾਹੀਦੀ ਹੈ। ਇਹ ਬਦਲਾਅ ਗ੍ਰੈਜੂਏਟਾਂ ਅਤੇ ਹੁਨਰਮੰਦ ਕਾਮਿਆਂ ਜਾਂ ਸਕੇਲ-ਅੱਪ ਵੀਜ਼ਿਆਂ ਲਈ ਅਰਜ਼ੀ ਦੇਣ ਵਾਲਿਆਂ 'ਤੇ ਪ੍ਰਭਾਵ ਪਾਵੇਗਾ, ਜੋ ਕਿ ਤੇਜ਼ੀ ਨਾਲ ਵਧ ਰਹੇ ਕਾਰੋਬਾਰਾਂ ਲਈ ਰੁਜ਼ਗਾਰ ਪ੍ਰਾਪਤ ਕਰਨਾ ਚਾਹੁੰਦੇ ਹਨ।

ਇਹ ਨਿਯਮ ਸਿਰਫ਼ ਨਵੇਂ ਅਤੇ ਪਹਿਲੀ ਵਾਰ ਅਰਜ਼ੀ ਦੇਣ ਵਾਲੇ ਬਿਨੈਕਾਰਾਂ 'ਤੇ ਲਾਗੂ ਹੋਵੇਗਾ। ਬਰਤਾਨੀਆਂ ਵਿੱਚ ਪਹਿਲਾਂ ਤੋਂ ਰਹਿ ਰਹੇ ਵੀਜ਼ਾ ਧਾਰਕਾਂ ਨੂੰ ਵੀਜ਼ਾ ਵਧਾਉਣ ਵੇਲੇ ਇਸ ਦੀ ਲੋੜ ਨਹੀਂ ਹੋਵੇਗੀ।

ਸਰਕਾਰ ਦੇ ਇਮੀਗ੍ਰੇਸ਼ਨ ਸੁਧਾਰਾਂ ਵਿੱਚ "ਸੈਟਲਮੈਂਟ ਕਮਾਉਣਾ" ਮਾਡਲ ਦੀ ਸ਼ੁਰੂਆਤ ਕੀਤੀ ਹੈ, ਜੋ ਪ੍ਰਵਾਸੀਆਂ ਦੇ ਬ੍ਰਿਟੇਨ ਵਿੱਚ ਸਥਾਈ ਤੌਰ ਤੇ ਰਹਿਣ ਲਈ ਯੋਗਤਾ ਪੂਰੀ ਕਰਨ ਦੇ ਤਰੀਕੇ ਨੂੰ ਬਦਲ ਦੇਵੇਗਾ। ਇਸ ਦੇ ਨਾਲ ਹੀ ਗ੍ਰਹਿ ਮੰਤਰਾਲੇ ਵੱਲੋਂ ਅਨਿਸ਼ਚਿਤ ਸਮੇਂ ਲਈ ਰਹਿਣ ਲਈ ਯੋਗਤਾ ਦੀ ਮਿਆਦ ਪੰਜ ਤੋਂ ਵਧਾ ਕੇ 10 ਸਾਲ ਕਰਨ ਦੀ ਯੋਜਨਾਂ ਜੋ ਕੁਝ ਮਾਮਲਿਆਂ ਵਿੱਚ ਇਹ ਮਿਆਦ 20 ਸਾਲ ਤੱਕ ਹੋ ਸਕਦੀ ਹੈ, ਵੀ ਜਲਦੀ ਲਾਗੂ ਹੋਣ ਦੀ ਸੰਭਾਵਨਾ ਹੈ। ਇਹ ਨਿਯਮ ਲੱਗਭੱਗ 26 ਲੱਖ ਲੋਕਾਂ ਤੇ ਲਾਗੂ ਹੋਣਗੇ ਜੋ 2021 ਤੋਂ ਪਹਿਲਾਂ ਯੂ ਕੇ ਵਿੱਚ ਪਹੁੰਚੇ ਸਨ।

ਇਥੇ ਹੀ ਬੱਸ ਨਹੀਂ ਸਰਕਾਰੀ ਲਾਭ ਭੱਤੇ ਲੈਣ ਲਈ ਵੀ ਸਥਾਈ ਤੌਰ ਤੇ ਰਹਿਣ ਦੀ ਇਜ਼ਾਜ਼ਤ ਤੋਂ ਬਾਅਦ ਹੀ ਦਾਅਵਾ ਕਰ ਸਕਣਗੇ, ਜਿਸ ਲਈ 15 ਸਾਲ ਜਾਂ ਕਈ ਕੇਸਾਂ ਵਿੱਚ 20 ਸਾਲ ਤੱਕ ਦੀ ਉਡੀਕ ਦਾ ਸਾਹਮਣਾ ਕਰਨਾ ਪਵੇਗਾ। ਬ੍ਰੈਗਜ਼ਿਟ ਤੋਂ ਬਾਅਦ ਸਿਹਤ ਅਤੇ ਸਮਾਜਿਕ ਦੇਖਭਾਲ ਵੀਜ਼ਾ 'ਤੇ ਆਏ ਲੋਕਾਂ ਨੂੰ ਵੀ ਸਥਾਈ ਤੌਰ ਤੇ ਰਹਿਣ ਦੀ ਇਜ਼ਾਜ਼ਤ ਲੈਣ ਲਈ 15 ਸਾਲ ਤੱਕ ਉਡੀਕ ਕਰਨੀ ਪੈ ਸਕਦੀ ਹੈ। ਜੋ ਹੁਣ ਸਿਰਫ 5 ਸਾਲ ਹੈ। ਇਹ ਤਬਦੀਲੀਆਂ ਫਰਵਰੀ ਵਿੱਚ ਸਰਕਾਰੀ ਸਲਾਹ-ਮਸ਼ਵਰਾ ਖਤਮ ਹੋਣ ਤੋਂ ਬਾਅਦ ਬਸੰਤ 2026 ਤੋਂ ਆਉਣ ਦੀ ਉਮੀਦ ਹੈ।

## ਵਰਕ ਵੀਜ਼ਾ 'ਤੇ ਯੂ ਕੇ ਆਏ 13 ਹਜ਼ਾਰ ਤੋਂ ਵੱਧ ਵਿਦੇਸ਼ੀ ਨਾਗਰਿਕਾਂ ਨੇ ਬਰਤਾਨੀਆਂ ਵਿੱਚ ਮੰਗੀ ਸ਼ਰਣ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਿਛਲੇ ਸਾਲ 13,000 ਤੋਂ ਵੱਧ ਵਿਦੇਸ਼ੀ ਨਾਗਰਿਕਾਂ ਨੇ ਵਰਕ ਵੀਜ਼ਾ 'ਤੇ ਪਹੁੰਚਣ ਤੋਂ ਬਾਅਦ ਬਰਤਾਨੀਆਂ ਵਿੱਚ ਸ਼ਰਣ ਦਾ ਦਾਅਵਾ ਕੀਤਾ ਹੈ। ਗ੍ਰਹਿ ਦਫ਼ਤਰ ਦੇ ਨਵੇਂ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਜਿਹੜੇ ਲੋਕ ਬਰਤਾਨੀਆਂ ਵਿੱਚ ਕੰਮ ਕਰਨ ਲਈ ਪਹੁੰਚਦੇ ਹਨ ਅਤੇ ਬਾਅਦ ਵਿੱਚ ਆਪਣੇ ਆਪ ਨੂੰ ਸ਼ਰਨਾਰਥੀ ਹੋਣ ਦਾ ਦਾਅਵਾ ਕਰਦੇ ਹਨ, ਉਨ੍ਹਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

ਅਧਿਕਾਰਤ ਅੰਕੜਿਆਂ ਅਨੁਸਾਰ, ਵਰਕ ਵੀਜ਼ਾ ਧਾਰਕਾਂ ਦੁਆਰਾ ਸਤੰਬਰ ਤੱਕ ਇੱਕ ਸਾਲ ਵਿੱਚ 13,427 ਸ਼ਰਣ ਲਈ ਅਰਜ਼ੀਆਂ ਦਿੱਤੀਆਂ ਗਈਆਂ। ਜੋ ਪਿਛਲੇ ਸਾਲ ਦੇ 9,392 ਤੋਂ ਵੱਧ ਹੈ। ਜੁਲਾਈ ਤੋਂ ਸਤੰਬਰ ਤੱਕ ਦੇ ਤਿੰਨ ਮਹੀਨਿਆਂ ਦੇ ਅੰਕੜਿਆਂ ਵਿੱਚ ਵਿਦੇਸ਼ਾਂ ਤੋਂ ਆਏ ਕਾਮਿਆਂ ਦੁਆਰਾ ਸ਼ਰਣ ਦੇ ਦਾਅਵੇ ਪਹਿਲੀ ਵਾਰ 4,000 ਦੇ ਅੰਕੜੇ ਤੋਂ ਉੱਪਰ ਗਏ ਜੋ 4,057 ਸਨ।

ਗ੍ਰਹਿ ਦਫ਼ਤਰ ਦੇ ਅਨੁਸਾਰ 2018 ਅਤੇ 2023 ਦੇ ਮੱਧ ਵਿਚਕਾਰ ਪ੍ਰਤੀ ਤਿਮਾਹੀ ਸਿਰਫ਼ 100 ਅਤੇ 1,000 ਤੱਕ ਦਾਅਵੇ ਦਰਜ਼ ਕੀਤੇ ਜਾਂਦੇ ਰਹੇ। ਇਸ ਤੋਂ ਇਲਾਵਾ ਇਸ ਸਾਲ ਲੱਗਭੱਗ 41,500 ਹੋਰ ਪ੍ਰਵਾਸੀਆਂ ਨੇ ਸ਼ਰਣ ਮੰਗੀ ਜੋ ਪਹਿਲਾਂ ਵੱਖ ਵੱਖ ਵੀਜ਼ਾ ਜਾਂ ਪਰਮਿਟਾਂ 'ਤੇ ਇੱਥੇ ਆਏ ਸਨ। ਇਸ ਸਾਲ ਵਿੱਚ ਰਿਕਾਰਡ 110,051 ਸ਼ਰਣ ਦੇ ਦਾਅਵਿਆਂ ਦਾ 38 ਪ੍ਰਤੀਸ਼ਤ ਸਨ। ਸ਼ੈਡੋ ਗ੍ਰਹਿ ਮੰਤਰੀ ਕ੍ਰਿਸ ਫਿਲਪ ਨੇ ਕਿਹਾ ਕਿ "ਇਹ ਸ਼ਰਮ ਦੀ ਗੱਲ ਹੈ ਕਿ ਇਹ ਸਰਕਾਰ ਹਰ ਸਾਲ ਹਜ਼ਾਰਾਂ ਲੋਕਾਂ ਨੂੰ ਆਉਣ ਦੇ ਰਹੀ ਹੈ ਜੋ ਯੂ ਕੇ ਵਿੱਚ ਸਥਾਈ ਤੌਰ 'ਤੇ ਰਹਿਣ ਲਈ ਸ਼ਰਣ ਦਾ ਦਾਅਵਾ ਕਰਕੇ ਸਿਸਟਮ ਦੀ ਦੁਰਵਰਤੋਂ ਕਰਦੇ ਹਨ।

ਇਹ ਸਪੱਸ਼ਟ ਹੈ ਕਿ ਵਰਕ ਵੀਜ਼ਿਆਂ ਦੀ ਖਾਸ ਤੌਰ 'ਤੇ ਦੁਰਵਰਤੋਂ ਕੀਤੀ ਜਾ ਰਹੀ ਹੈ। ਲੋਕਾਂ ਨੂੰ ਆਉਣ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਸਾਨੂੰ ਬਹੁਤ ਸਖ਼ਤ ਜਾਂਚਾਂ ਦੀ ਲੋੜ ਹੈ ਅਤੇ ਸ਼ਰਣ ਪ੍ਰਣਾਲੀ ਨੂੰ ਸਖ਼ਤ ਕੀਤਾ ਜਾਵੇ ਤਾਂ ਜੋ ਮਨਘੜਤ ਅਤੇ ਜਾਅਲੀ ਦਾਅਵਿਆਂ ਨੂੰ ਰੱਦ ਕੀਤਾ ਜਾ ਸਕੇ।

## ਜੱਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਯਾਦ ਵਿੱਚ ਸ਼ਹੀਦੀ ਸਮਾਗਮ



ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਸ: ਗੁਰਮੇਲ ਸਿੰਘ ਮੱਲੀ, ਗੁਰਪ੍ਰਤਾਪ ਸਿੰਘ ਢਿਲੋਂ, ਬਲਵਿੰਦਰ ਸਿੰਘ ਪੱਟੀ, ਗੁਰੂ ਘਰ ਦੇ ਗ੍ਰੰਥੀ ਅਤੇ ਪੂਰਨ ਸਿੰਘ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜੱਥੇਦਾਰ ਭਾਈ ਗੁਰਦੇਵ ਸਿੰਘ ਕਾਉਂਦੇ ਦੀ ਯਾਦ ਵਿੱਚ ਕਾਉਂਕੇ ਕਲਾਂ ਦੀਆਂ ਸੰਗਤਾਂ ਵੱਲੋਂ ਸ਼ਹੀਦੀ ਸਮਾਗਮ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਬਾਣੀ ਕੀਰਤਨ ਅਤੇ ਕਥਾ ਵਿਚਾਰਾਂ ਰਾਹੀਂ ਗੁਰੂ ਘਰ ਦੇ ਜੱਥਿਆਂ ਨੇ ਨਿਹਾਲ ਕੀਤਾ। ਇਸ ਮੌਕੇ ਬੋਲਦਿਆਂ ਭਾਈ ਗੁਰਪ੍ਰਤਾਪ ਸਿੰਘ ਢਿਲੋਂ, ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ, ਬਲਵਿੰਦਰ ਸਿੰਘ ਪੱਟੀ ਨੇ ਕਿਹਾ ਕਿ ਮੁਗਲ ਹਕੂਮਤ, ਫਿਰ ਅੰਗਰੇਜ਼ਾਂ ਤੋਂ ਸ਼ੁਰੂ ਹੋਈ ਹੋਂਦ ਦੀ, ਸੱਚ ਅਤੇ ਝੂਠ ਦੀ ਲੜਾਈ ਅੱਜ ਵੀ ਚੱਲ ਰਹੀ ਹੈ। ਉਹਨਾਂ ਕਿਹਾ ਕਿ ਜੱਥੇਦਾਰ ਕਾਉਂਕੇ ਨੂੰ ਸ਼ਹੀਦ ਕਰਨ ਉਪਰੰਤ ਉਸ ਸਮੇਂ ਦੀਆਂ ਸਰਕਾਰਾਂ ਅਤੇ ਪ੍ਰਸ਼ਾਸ਼ਨ ਨੇ ਉਹਨਾਂ ਨੂੰ ਭਗੌੜਾ ਕਰਾਰ ਦੇ ਦਿੱਤਾ ਗਿਆ, ਜੋ ਅੱਜ ਵੀ ਕਾਇਮ ਹੈ। ਇਸ ਮੌਕੇ ਛੋਟੇ ਬੱਚੇ ਪੂਰਨ ਸਿੰਘ ਨੇ ਜੱਥੇਦਾਰ ਕਾਉਂਕੇ ਦੇ ਜੀਵਨ ਅਤੇ ਸ਼ਹਾਦਤ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਢਾਡੀ ਜੱਥਾ ਭਾਈ ਨਿਸ਼ਾਨ ਸਿੰਘ ਨੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦੇ, ਕਾਉਂਕੇ ਕਲਾਂ ਦੀਆਂ ਸੰਗਤਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਡਿਜ਼ਿਟਲ ਵਾਲਿਟ ਧੋਖਾਧੜੀ: ਬੈਂਕ ਕਾਰਡ ਕਿਵੇਂ ਬਿਨਾਂ ਵਾਲਿਟ ਤੋਂ ਬਾਹਰ ਆਏ ਹੀ ਚੋਰੀ ਹੋ ਸਕਦਾ ਹੈ

ਅੱਜ ਦੇ ਡਿਜ਼ਿਟਲ ਯੁੱਗ ਵਿੱਚ ਜਿੱਥੇ ਮੋਬਾਈਲ ਭੁਗਤਾਨ ਅਤੇ ਡਿਜ਼ਿਟਲ ਵਾਲਿਟ ਸਾਡੀ ਜ਼ਿੰਦਗੀ ਨੂੰ ਆਸਾਨ ਬਣਾ ਰਹੇ ਹਨ, ਉੱਥੇ ਹੀ ਸਾਇਬਰ ਅਪਰਾਧੀ ਨਵੇਂ ਤਰੀਕਿਆਂ ਨਾਲ ਲੋਕਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਹੁਣ ਤੁਹਾਡਾ ਬੈਂਕ ਕਾਰਡ ਤੁਹਾਡੇ ਵਾਲਿਟ ਵਿੱਚ ਹੀ ਰਹਿੰਦਿਆਂ ਵੀ ਚੋਰੀ ਹੋ ਸਕਦਾ ਹੈ।

**ਕਾਰਡ ਚੋਰੀ ਕਿਵੇਂ ਹੁੰਦੀ ਹੈ?**

ਅਧਿਕਾਂਸ਼ ਡੈਬਿਟ ਅਤੇ ਕਰੈਡਿਟ ਕਾਰਡਾਂ ਵਿੱਚ NFC (Near Field Communication) ਤਕਨਾਲੋਜੀ ਹੁੰਦੀ ਹੈ, ਜਿਸ ਨਾਲ ਟੈਪ ਕਰਕੇ ਭੁਗਤਾਨ ਕੀਤਾ ਜਾ ਸਕਦਾ ਹੈ। ਸਾਇਬਰ ਅਪਰਾਧੀ ਖਾਸ ਡਿਵਾਈਸਾਂ ਦੀ ਮਦਦ ਨਾਲ ਤੁਹਾਡੇ ਕਾਰਡ ਤੋਂ ਡਾਟਾ ਸਕੈਨ ਕਰ ਸਕਦੇ ਹਨ, ਬਿਨਾਂ ਤੁਹਾਨੂੰ ਪਤਾ ਲੱਗਣ ਦੇ।


**ਇਸ ਤੋਂ ਇਲਾਵਾ:**

ਨਕਲੀ ਐਪਸ ਜਾਂ ਫ਼ਿਸ਼ਿੰਗ ਲਿੰਕਾਂ ਰਾਹੀਂ ਕਾਰਡ ਡੀਟੇਲ ਚੁਰਾਈ ਜਾਂਦੀ ਹੈ।ਡਿਜ਼ਿਟਲ ਵਾਲਿਟ ਨੂੰ ਮਾਲਵੇਅਰ ਨਾਲ ਹੈਕ ਕੀਤਾ ਜਾਂਦਾ ਹੈ।ਜਨਤਕ Wi-Fi ਵਰਤੋਂ ਦੌਰਾਨ ਡਾਟਾ ਲੀਕ ਹੋ ਜਾਂਦਾ ਹੈ

**ਡਿਜ਼ਿਟਲ ਵਾਲਿਟ ਵੀ ਸੁਰੱਖਿਅਤ ਨਹੀਂ**

ਜੇ ਤੁਹਾਡਾ ਮੋਬਾਈਲ ਫ਼ੋਨ ਸੁਰੱਖਿਅਤ ਨਹੀਂ ਹੈ ਜਾਂ ਉਸ ਵਿੱਚ ਕਮਜ਼ੋਰ ਪਾਸਵਰਡ ਹੈ, ਤਾਂ ਹੈਕਰ ਤੁਹਾਡੇ ਡਿਜ਼ਿਟਲ ਵਾਲਿਟ ਤੱਕ ਆਸਾਨੀ ਨਾਲ ਪਹੁੰਚ ਸਕਦੇ ਹਨ। ਇੱਕ ਵਾਰ ਪਹੁੰਚ ਬਣ ਗਈ, ਤਾਂ ਉਹ ਤੁਹਾਡੇ ਪੈਸੇ ਉਡਾ ਸਕਦੇ ਹਨ।

## 12 ਦਿਨਾਂ ਦਾ 1 ਕਰੋੜ 85 ਲੱਖ ਰੁਪਏ ਤੋਂ ਵੱਧ ਦਾ ਫੋਨ ਬਿੱਲ ਆਇਆ ਪੰਜਾਬਣ ਨੂੰ



ਕਰਨਜੀਤ ਕੌਰ ਜੌਹਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਮੂਲ ਦੀ ਕਾਰੋਬਾਰੀ ਕਰਨਜੀਤ ਕੌਰ ਜੌਹਲ ਬੀਤੇ ਸਾਲ 12 ਦਿਨ ਲਈ ਅਮਰੀਕਾ ਦੇ ਸ਼ਹਿਰ ਸ਼ਾਨ-ਫਰਾਂਸਿਸਕੋ ਗਈ, ਇਸ ਦੌਰਾਨ ਉਸ ਦਾ ਮੋਬਾਇਲ ਫੋਨ ਬਿੱਲ 1 ਲੱਖ 53 ਹਜ਼ਾਰ ਪੌਂਡ ਲੱਗਭੱਗ 1 ਕਰੋੜ 85 ਲੱਖ ਰੁਪਏ ਆਇਆ ਹੈ। ਲੱਗਭੱਗ ਪ੍ਰਤੀਕਾਲ ਦੀ ਕੀਮਤ 37 ਹਜ਼ਾਰ ਪੌਂਡ ਦੱਸੀ ਜਾਂਦੀ ਹੈ। 27 ਸਾਲਾ ਕਰਨਜੀਤ ਕੌਰ ਉਸ ਸਮੇਂ ਹੈਰਾਨ ਰਹਿ ਗਈ ਜਦੋਂ ਉਸਦੀ ਮੋਬਾਈਲ ਕੰਟਰੈਕਟ ਪ੍ਰਦਾਤਾ ਕਰੀਜ਼ ਬਿਜ਼ਨਸ ਨੇ ਇੱਕ ਈਮੇਲ ਭੇਜੀ ਜਿਸ ਵਿੱਚ ਖੁਲਾਸਾ ਕੀਤਾ ਗਿਆ ਕਿ ਉਸਦਾ ਮਈ ਦਾ ਬਿੱਲ 57,386 ਪੌਂਡ ਤੱਕ ਪਹੁੰਚ ਗਿਆ ਹੈ। ਜਦੋਂ ਉਸ ਨੇ ਚਿੰਤਾਵਾਂ ਜ਼ਾਹਰ ਕੀਤੀਆਂ ਤਾਂ ਪਤਾ ਲੱਗਦਾ ਕਿ ਉਸ ਦਾ ਜੂਨ ਦਾ ਬਿੱਲ ਮਿਲਾ ਕੇ 96,098 ਪੌਂਡ ਤੱਕ ਹੈ। ਵੈਸਟ ਮਿਡਲੈਂਡਜ਼ ਦੀ ਕਰਨਜੀਤ ਨੇ ਕਿਹਾ ਕਿ ਉਸਨੇ ਆਪਣਾ ਖਾਤਾ ਸਥਾਪਤ ਕਰਦੇ ਸਮੇਂ ਵੱਧ ਤੋਂ ਵੱਧ ਬਿੱਲ 100 ਪੌਂਡ ਤੱਕ ਕਰਨ ਦੀ ਬੇਨਤੀ ਕੀਤੀ ਸੀ। ਹਾਲਾਂਕਿ ਕਰੀਜ਼ ਤੋਂ ਆਈਆਂ ਈਮੇਲਾਂ ਤੋਂ ਪਤਾ ਲੱਗਦਾ ਹੈ ਕਿ ਉਸ ਦੀਆਂ ਕਾਲ ਰਿਕਾਰਡਿੰਗਾਂ ਵਿੱਚ ਇਸ ਬੇਨਤੀ ਦਾ ਕੋਈ ਸਬੂਤ ਨਹੀਂ ਹੈ। ਕਰਨਜੀਤ ਨੇ ਕਿਹਾ ਕਿ ਇਸ ਅਦਾਇਗੀ ਨੂੰ ਲੈ ਕੇ ਉਸ ਦੀ ਪ੍ਰਾਪਰਟੀ ਫਰਮ ਦੇ ਕ੍ਰੈਡਿਟ ਸਕੋਰ ਨੂੰ ਨੁਕਸਾਨ ਹੋਇਆਂ ਹੈ। ਮੇਰਾ ਬਿੱਲ ਕਦੇ ਵੀ 68 ਪੌਂਡ ਤੋਂ ਵੱਧ ਨਹੀਂ ਆਇਆ ਸੀ। ਮੈਂ ਅਕਸਰ ਵਿਦੇਸ਼ ਯਾਤਰਾ ਕਰਦੀ ਹਾਂ। ਮੈਨੂੰ ਅਮਰੀਕਾ ਵਿੱਚ ਆਪਣੇ ਸਮੇਂ ਦੌਰਾਨ ਕੋਈ ਚੇਤਾਵਨੀ ਜਾਂ ਕੋਈ ਖਰਚ ਸੂਚਨਾ ਨਹੀਂ ਮਿਲੀ। ਆਖਿਰ ਓ 2 ਵਿਵਾਦਿਤ ਰੋਮਿੰਗ ਚਾਰਜ ਹਟਾ ਦਿੱਤਾ।

# ਵੋਟਾਂ ਰਾਹੀਂ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦੇ ਸੰਵਿਧਾਨ ਵਿੱਚ ਕੀਤੀ ਗਈ ਤਬਦੀਲੀ

## * ਚੋਣ ਨਤੀਜਿਆਂ ਮੁਤਾਬਿਕ 858 ਵੋਟਾਂ ਹਾਂ ਅਤੇ 10 ਵੋਟਾਂ ਨਾ ਦੇ ਪੱਖ 'ਚ ਪਈਆਂ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਧਾਰਮਿਕ ਸਰਗਰਮੀਆਂ ਚ ਹਮੇਸ਼ਾ ਮੋਹਰੀ ਰਹਿਣ ਵਾਲੇ ਇੰਗਲੈਂਡ ਦੇ ਵੱਡੇ ਗੁਰੂ ਘਰਾਂ ਚ ਜਾਣੇ ਜਾਂਦੇ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਈਸਟ ਪਾਰਕ ਰੋਡ ਦਾ ਲੰਮੇ ਸਮੇਂ ਤੋਂ ਬਾਅਦ ਸੰਵਿਧਾਨ ਵੋਟਾਂ ਰਾਹੀਂ ਬਦਲ ਦਿੱਤਾ ਗਿਆ ਹੈ ।ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਸਾਬਕਾ ਪ੍ਰਧਾਨ ਅਤੇ ਤੀਰ ਗਰੁੱਪ ਦੇ ਮੁੱਖ ਬੁਲਾਰੇ ਰਾਜਮਨਵਿੰਦਰ ਸਿੰਘ ਰਾਜਾ ਕੰਗ, ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ, ਜਨਰਲ ਸਕੱਤਰ ਸਤਵਿੰਦਰ ਸਿੰਘ ਦਿਓਲ ਨੇ ਸਾਂਝੇ ਤੌਰ ਤੇ ਦੱਸਿਆ ਕਿ ਸੰਗਤਾਂ ਦੀ ਮੰਗ ਨੂੰ ਮੱਦੇ ਨਜ਼ਰ ਰੱਖਦਿਆਂ ਬੀਤੇ ਦਿਨੀਂ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਵਿਚ ਹਿੱਸਾ ਲੈ ਚੁੱਕੇ ਸ਼ੇਰ ਗਰੁੱਪ, ਸੰਗਤ ਗਰੁੱਪ ਅਤੇ ਤੀਰ ਗਰੁੱਪ ਦੇ ਅਹੁਦੇਦਾਰਾਂ ਦਾ ਪੰਜ ਮੈਂਬਰੀ ਬੋਰਡ ਬਣਾ ਕੇ ਗੁਰਦੁਆਰਾ ਸਾਹਿਬ ਵਿਖੇ ਗੁਰੂ ਘਰ ਦੇ ਮੈਂਬਰਾਂ (ਵੋਟਰਾਂ) ਦੀਆਂ ਵੋਟਾਂ ਪਵਾਈਆਂ ਗਈਆਂ ਜੋ ਕਿ ਸਵੇਰ ਤੋਂ ਸ਼ਾਮ 6 ਵਜੇ ਤੱਕ ਜਾਰੀ ਰਹੀਆਂ, ਜਿਸ ਦੌਰਾਨ 900 ਦੇ ਕਰੀਬ ਵੋਟਰਾਂ ਨੇ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ। ਦੇਰ ਸ਼ਾਮ ਆਏ ਨਤੀਜੀਆਂ ਮੁਤਾਬਕ 858 ਵੋਟਾਂ ਹਾਂ ਦੇ ਪੱਖ ਵਿੱਚ ਤੇ 10 ਵੋਟਾਂ ਨਾ ਦੇ ਪੱਖ ਵਿੱਚ ਪਈਆਂ।ਜਿਸ ਕਾਰਨ ਵੱਡੀ ਗਿਣਤੀ ਵਿਚ ਵੋਟਾਂ ਹਾ ਪੱਖ ਵਿੱਚ ਨਿਕਲਣ ਕਾਰਨ ਗੁਰੂ ਘਰ ਦੇ ਸੰਵਿਧਾਨ ਵਿੱਚ ਸੋਧ ਕਰਦਿਆਂ ਤਬਦੀਲੀ ਕੀਤੀ ਗਈ।



**ਤਬਦੀਲੀ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰੂ ਘਰ ਦੇ ਸਾਬਕਾ ਪ੍ਰਧਾਨ ਅਤੇ ਤੀਰ ਗਰੁੱਪ ਦੇ ਬੁਲਾਰੇ ਰਾਜਮਨਵਿੰਦਰ ਸਿੰਘ ਰਾਜਾ ਕੰਗ, ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ ਅਤੇ ਜਨਰਲ ਸਕੱਤਰ ਸਤਵਿੰਦਰ ਸਿੰਘ ਦਿਓਲ ਅਤੇ ਹੋਰ ਕਮੇਟੀ ਮੈਂਬਰ।**

ਗੁਰੂ ਘਰ ਦੇ ਜਨਰਲ ਸਕੱਤਰ ਸਤਵਿੰਦਰ ਸਿੰਘ ਦਿਓਲ ਨੇ ਦੱਸਿਆ ਕਿ ਨਵੇਂ ਸੰਵਿਧਾਨ ਮੁਤਾਬਕ ਹੁਣ ਗੁਰੂ ਘਰ ਦੀ ਕਮੇਟੀ ਦੀ ਟਰਮ ਦੋ ਸਾਲ ਤੋਂ ਵਧਾ ਕੇ ਤਿੰਨ ਸਾਲ ਅਤੇ ਮੈਂਬਰਸ਼ਿਪ ਦੀ ਮੁਨਿਆਦ ਦੋ ਸਾਲ ਤੋਂ ਵਧਾ ਕੇ 9 ਸਾਲ ਕੀਤੀ ਜਾਵੇਗੀ ਤੇ 60 ਸਾਲ ਤੋਂ ਵੱਧ ਉਮਰ ਦੇ ਮੈਂਬਰਾਂ ਨੂੰ ਜ਼ਿੰਦਗੀ ਭਰ ਲਈ ਗੁਰਦੁਆਰਾ ਸਾਹਿਬ ਦਾ ਮੈਂਬਰ (ਵੋਟਰ) ਬਣਾਇਆ ਜਾਵੇਗਾ।

ਉਕਤ ਅਹੁਦੇਦਾਰਾਂ ਨੇ ਦੱਸਿਆ ਕਿ ਲੈਸਟਰ ਦੀਆਂ ਸੰਗਤਾਂ ਦੀ ਇਹ ਲੰਮੇ ਸਮੇਂ ਤੋਂ ਮੰਗ ਸੀ ਕਿ ਗੁਰੂ ਘਰ ਦੇ ਸੰਵਿਧਾਨ ਵਿੱਚ ਸੋਧ ਕੀਤੀ ਜਾਵੇ, ਜਿਸ ਨੂੰ ਮੱਦੇਨਜ਼ਰ ਰੱਖਦਿਆਂ ਸੰਵਿਧਾਨ ਵਿੱਚ ਸੋਧ ਕਰਨ ਲਈ ਅਤੇ ਵੋਟਾਂ ਰਾਹੀਂ ਇਹ ਤਬਦੀਲੀ ਕੀਤੀ ਗਈ।ਇਸ ਮੌਕੇ ਤੇ ਵੱਡੀ ਗਿਣਤੀ ਵਿਚ ਸੰਗਤਾਂ ਅਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਹਾਜ਼ਰ ਸਨ।

# ਹੈਰੀ ਨੇ ਦਾਦੇ ਲਈ ਰਾਹ ਖੋਲਿਆ, ਹੈਰੀ ਦੀ ਇੱਛਾ, ਦਾਦਾ ਚਾਰਲਸ ਪੋਤਿਆਂ ਨੂੰ ਆ ਕੇ ਮਿਲੇ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਬ੍ਰਿਟਿਸ਼ ਸ਼ਾਹੀ ਪਰਿਵਾਰ ਵਿੱਚ ਪਿਛਲੇ ਕਾਫ਼ੀ ਸਮੇਂ ਤੋਂ ਚੱਲ ਰਹੀ ਤਣਾਅਪੂਰਨ ਸਥਿਤੀ ਦੇ ਦਰਮਿਆਨ ਹੁਣ ਰਿਸ਼ਤਿਆਂ ਨੂੰ ਸੁਧਾਰਨ ਸਬੰਧੀ ਚਰਚਾ ਮੁੜ ਤੇਜ਼ ਹੋ ਗਈ ਹੈ। ਮੀਡੀਆ ਰਿਪੋਰਟਾਂ ਅਨੁਸਾਰ ਪ੍ਰਿੰਸ ਹੈਰੀ ਦੀ ਇਹ ਖ਼ਾਹਿਸ਼ ਹੈ ਕਿ ਉਨ੍ਹਾਂ ਦੇ ਪਿਤਾ ਕਿੰਗ ਚਾਰਲਜ਼ ਆਪਣੇ ਅਮਰੀਕਾ ਦੌਰੇ ਦੌਰਾਨ ਆਪਣੇ ਪੌਤਿਆਂ ਆਰਚੀ ਅਤੇ ਲਿਲੀਬੈਟ ਨਾਲ ਮੁਲਾਕਾਤ ਕਰਨ। ਇਸ ਸੰਭਾਵਨਾ ਨੂੰ ਸ਼ਾਹੀ ਪਰਿਵਾਰ ਦੇ ਰਿਸ਼ਤਿਆਂ ਲਈ ਇਕ ਮਹੱਤਵਪੂਰਨ ਮੋੜ ਵਜੋਂ ਵੇਖਿਆ ਜਾ ਰਿਹਾ ਹੈ।

ਰਿਪੋਰਟਾਂ ਮੁਤਾਬਕ ਕਿੰਗ ਚਾਰਲਜ਼ ਅਪ੍ਰੈਲ ਮਹੀਨੇ ਵਿੱਚ ਅਮਰੀਕਾ ਜਾਣ ਦੀ ਯੋਜਨਾ ਬਣਾ ਰਹੇ ਹਨ। ਇਸ ਦੌਰੇ ਨੂੰ ਲੈ ਕੇ ਇਹ ਅਟਕਲਾਂ ਵੀ ਲੱਗ ਰਹੀਆਂ ਹਨ ਕਿ ਕੀ ਇਹ ਮੌਕਾ ਪਿਤਾ ਤੇ ਪੁੱਤਰ ਦਰਮਿਆਨ ਦੂਰੀਆਂ ਘਟਾਉਣ ਵਿੱਚ ਮਦਦਗਾਰ ਸਾਬਤ ਹੋ ਸਕੇਗਾ। ਕਿਹਾ ਜਾ ਰਿਹਾ ਹੈ ਕਿ ਹੈਰੀ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚਿਆਂ ਦਾ ਆਪਣੇ ਦਾਦਾ ਨਾਲ ਰਿਸ਼ਤਾ ਬਣਿਆ ਰਹੇ ਅਤੇ ਪਰਿਵਾਰਕ ਤਣਾਅ ਨੂੰ ਹੌਲੀ ਹੌਲੀ ਘਟਾਇਆ ਜਾਵੇ।

ਸ਼ਾਹੀ ਮਾਮਲਿਆਂ ਨਾਲ ਜੁੜੇ ਜਾਣਕਾਰਾਂ ਦਾ ਕਹਿਣਾ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਬਿਆਨਾਂ, ਇੰਟਰਵਿਊਆਂ ਅਤੇ ਵਪਾਰਕ ਸਮਝੌਤਿਆਂ ਕਾਰਨ ਸ਼ਾਹੀ ਪਰਿਵਾਰ ਅਤੇ ਹੈਰੀ ਤੇ ਮੇਘਨ ਦਰਮਿਆਨ ਖਟਾਸ ਵਧੀ ਸੀ। ਇਸ ਕਾਰਨ ਦੋਹਾਂ ਧਿਰਾਂ ਦੇ ਰਿਸ਼ਤਿਆਂ ਤੇ ਗਹਿਰਾ ਅਸਰ ਪਿਆ। ਹਾਲਾਂਕਿ ਹੁਣ ਪਰਿਵਾਰਕ ਪੱਧਰ ਤੇ ਸਲਾਹ ਮਸ਼ਵਰੇ ਅਤੇ ਮਿਲਾਪ ਦੀਆਂ ਸੰਭਾਵਨਾਵਾਂ ਸਾਹਮਣੇ ਆਉਣ ਨਾਲ ਆਸ ਜਤਾਈ ਜਾ ਰਹੀ ਹੈ ਕਿ ਹਾਲਾਤ ਬਿਹਤਰ ਹੋ ਸਕਦੇ ਹਨ।

ਰਾਜਨੀਤਕ ਅਤੇ ਸ਼ਾਹੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇਕਰ ਕਿੰਗ ਚਾਰਲਜ਼ ਆਪਣੇ ਪੌਤਿਆਂ ਨਾਲ ਮੁਲਾਕਾਤ ਕਰਦੇ ਹਨ ਤਾਂ ਇਹ ਸਿਰਫ਼ ਨਿੱਜੀ ਪੱਧਰ ਤੇ ਹੀ ਨਹੀਂ, ਸਗੋਂ ਜਨਤਕ ਤੌਰ ਤੇ ਵੀ ਇਕ ਸਕਾਰ-ਾਤਮਕ ਸੰਦੇਸ਼ ਦੇਵੇਗਾ। ਇਸ ਨਾਲ ਇਹ ਦਰਸਾਇਆ ਜਾ ਸਕੇਗਾ ਕਿ ਸ਼ਾਹੀ ਪਰਿਵਾਰ ਅੰਦਰ ਚੱਲ ਰਹੇ ਵਿਵਾਦਾਂ ਦੇ ਬਾਵਜੂਦ ਰਿਸ਼ਤਿਆਂ ਨੂੰ ਸੰਭਾਲਣ ਦੀ ਕੋਸ਼ਿਸ਼ ਜਾਰੀ ਹੈ।

ਫ਼ਿਲਹਾਲ ਬਕਿੰਗਹਮ ਪੈਲੇਸ ਵੱਲੋਂ ਇਸ ਮਾਮਲੇ ਤੇ ਕੋਈ ਸਰਕਾਰੀ ਬਿਆਨ ਜਾਰੀ ਨਹੀਂ ਕੀਤਾ ਗਿਆ, ਪਰ ਬ੍ਰਿਟੇਨ ਅਤੇ ਅਮਰੀਕਾ ਦੋਵਾਂ ਵਿੱਚ ਇਹ ਮਸਲਾ ਚਰਚਾ ਦਾ ਕੇਂਦਰ ਬਣਿਆ ਹੋਇਆ ਹੈ। ਆਉਣ ਵਾਲੇ ਦਿਨਾਂ ਵਿੱਚ ਇਹ ਸਪਸ਼ਟ ਹੋ ਜਾਵੇਗਾ ਕਿ ਕੀ ਇਹ ਦੌਰਾ ਸ਼ਾਹੀ ਪਰਿਵਾਰ ਲਈ ਰਿਸ਼ਤਿਆਂ ਦੀ ਨਵੀਂ ਸ਼ੁਰੂਆਤ ਸਾਬਤ ਹੁੰਦਾ ਹੈ ਜਾਂ ਨਹੀਂ।

# ਗ੍ਰੀਨਲੈਂਡ ਦਾ ਭਵਿੱਖ ਗ੍ਰੀਨਲੈਂਡ ਤੇ ਡੈਨਮਾਰਕ ਹੀ ਤੈਅ ਕਰਨ—ਕੀਅਰ ਸਟਾਰਮਰ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਗ੍ਰੀਨਲੈਂਡ ਨੂੰ ਲੈ ਕੇ ਚੱਲ ਰਹੀ ਅੰਤਰਰਾਸ਼ਟਰੀ ਚਰਚਾ ਵਿਚਕਾਰ ਦੋ-ਟੁੱਕ ਸ਼ਬਦਾਂ ਵਿੱਚ ਕਿਹਾ ਹੈ ਕਿ ਗ੍ਰੀਨਲੈਂਡ ਦੇ ਭਵਿੱਖ ਬਾਰੇ ਫ਼ੈਸਲਾ ਕਰਨ ਦਾ ਪੂਰਾ ਹੱਕ ਸਿਰਫ਼ ਗ੍ਰੀਨਲੈਂਡ ਅਤੇ ਡੈਨਮਾਰਕ ਨੂੰ ਹੀ ਹੈ। ਉਨ੍ਹਾਂ ਆਖਿਆ ਕਿ ਕਿਸੇ ਵੀ ਹੋਰ ਦੇਸ਼ ਵੱਲੋਂ ਦਬਾਅ, ਧਮਕੀ ਜਾਂ ਦਖ਼ਲ ਕਤਈ ਕਬੂਲ ਨਹੀਂ ਕੀਤਾ ਜਾ ਸਕਦਾ।ਪ੍ਰਧਾਨ ਮੰਤਰੀ ਸਟਾਰਮਰ ਨੇ ਕਿਹਾ ਕਿ ਹਰ ਦੇਸ਼ ਅਤੇ ਖੇਤਰ ਦੀ ਸਰਬਭੌਮਤਾ ਦਾ ਆਦਰ ਕਰਨਾ ਅੰਤਰਰਾਸ਼ਟਰੀ ਮਰਿਆਦਾ ਦਾ ਅਹੰਮ ਹਿੱਸਾ ਹੈ। ਗ੍ਰੀਨਲੈਂਡ ਡੈਨਮਾਰਕ ਦੇ ਅਧੀਨ ਖੁਦਮੁਖਤਿਆਰ ਖੇਤਰ ਹੈ ਅਤੇ ਇਸ ਨਾਲ ਜੁੜਿਆ ਹਰ ਫ਼ੈਸਲਾ ਉਥੋਂ ਦੇ ਲੋਕਾਂ ਦੀ ਰਜ਼ਾਮੰਦੀ ਅਤੇ ਡੈਨਮਾਰਕ ਦੀ ਸਹਿਮਤੀ ਨਾਲ ਹੀ ਹੋ ਸਕਦਾ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਜ਼ਬਰਦਸਤੀ ਨਾਲ ਕਿਸੇ ਖੇਤਰ ਦੀ ਕਿਸਮਤ ਨਹੀਂ ਬਦਲੀ ਜਾ ਸਕਦੀ।ਇਹ ਬਿਆਨ ਉਸ ਪਿਛੋਕੜ ਵਿੱਚ ਆਇਆ ਹੈ ਜਦੋਂ ਗ੍ਰੀਨਲੈਂਡ ਬਾਰੇ ਕੁਝ ਤਿੱਖੇ ਬਿਆਨਾਂ ਨੇ ਯੂਰਪ ਭਰ ਵਿੱਚ ਚਿੰਤਾ ਪੈਦਾ ਕਰ ਦਿੱਤੀ ਸੀ। ਡੈਨਮਾਰਕ ਸਰਕਾਰ ਨੇ ਵੀ ਆਪਣਾ ਰੁਖ ਸਾਫ਼ ਕਰਦਿਆਂ ਕਿਹਾ ਸੀ ਕਿ ਗ੍ਰੀਨਲੈਂਡ ਦੀ ਸਰਬਭੌਮਤਾ 'ਤੇ ਕੋਈ ਸਮਝੌਤਾ ਨਹੀਂ ਹੋਵੇਗਾ।ਕੀਅਰ ਸਟਾਰਮਰ ਨੇ ਦੱਸਿਆ ਕਿ ਉਨ੍ਹਾਂ ਨੇ ਡੈਨਮਾਰਕ ਦੀ ਪ੍ਰਧਾਨ ਮੰਤਰੀ ਨਾਲ ਗੱਲਬਾਤ ਕਰਕੇ ਬ੍ਰਿਟੇਨ ਦੀ ਪੂਰੀ ਹਮਾਇਤ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਆਖਿਆ ਕਿ ਬ੍ਰਿਟੇਨ ਡੈਨਮਾਰਕ ਦੇ ਨਾਲ ਖੜ੍ਹਾ ਹੈ ਅਤੇ ਯੂਰਪ ਵਿੱਚ ਅਮਨ ਤੇ ਸਥਿਰਤਾ ਨੂੰ ਕਿਸੇ ਵੀ ਕੀਮਤ 'ਤੇ ਖਤਰੇ ਵਿੱਚ ਨਹੀਂ ਪੈਣ ਦਿੱਤਾ ਜਾਵੇਗਾ।ਲੇਬਰ ਪਾਰਟੀ ਅੰਦਰੋਂ ਵੀ ਕਈ ਸੰਸਦ ਮੈਂਬਰਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਮਾਮਲੇ 'ਚ ਸਖ਼ਤ ਅਤੇ ਸਪਸ਼ਟ ਰੁਖ ਜਾਰੀ ਰੱਖਿਆ ਜਾਵੇ। ਸਿਆਸੀ ਜਾਣਕਾਰਾਂ ਦਾ ਮੰਨਣਾ ਹੈ ਕਿ ਪ੍ਰਧਾਨ ਮੰਤਰੀ ਦਾ ਇਹ ਬਿਆਨ ਛੋਟੇ ਅਤੇ ਖੁਦਮੁਖਤਿਆਰ ਖੇਤਰਾਂ ਲਈ ਹੌਂਸਲਾ ਵਧਾਉਣ ਵਾਲਾ ਹੈ ਅਤੇ ਇਹ ਸੰਦੇਸ਼ ਦਿੰਦਾ ਹੈ ਕਿ ਲੋਕਾਂ ਦੀ ਇੱਛਾ ਤੋਂ ਬਿਨਾਂ ਕਿਸੇ ਖੇਤਰ ਦਾ ਭਵਿੱਖ ਤੈਅ ਨਹੀਂ ਕੀਤਾ ਜਾ ਸਕਦਾ।**

# ਸਮੁੰਦਰੀ ਤਟ 'ਤੇ ਹਾਦਸਾ, ਦੋ ਦੀ ਮੌਤ, ਇਕ ਲਾਪਤਾ

## ਬਚਾਅ ਕਾਰਜਾ ਚ ਜੁਟੀਆਂ ਫਾਈਰ ਬ੍ਰਿਗੇਡ, ਐਂਬੂਲੈਂਸ ਅਤੇ ਪੁਲਿਸ ਦੀਆਂ ਟੀਮਾਂ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਇੰਗਲੈਂਡ ਦੇ ਈਸਟ ਯਾਰਕਸ਼ਾਇਰ ਖੇਤਰ ਦੇ ਪ੍ਰਸਿੱਧ ਸਮੁੰਦਰੀ ਤਟ ਵਿਥਰਨਸੀ ਤੇ ਉਸ ਵੇਲੇ ਸੋਗ ਦੀ ਲਹਿਰ ਫੈਲ ਗਈ, ਜਦੋਂ ਸਮੁੰਦਰ ਵਿੱਚ ਫਸੇ ਤਿੰਨ ਵਿਅਕਤੀਆਂ ਨੂੰ ਬਚਾਉਣ ਲਈ ਚਲਾਈ ਗਈ ਵੱਡੀ ਖੋਜ ਮੁਹਿੰਮ ਦੌਰਾਨ ਦੋ ਵਿਅਕਤੀਆਂ ਦੀ ਮੌਤ ਹੋ ਜਾਣ ਦੀ ਪੁਸ਼ਟੀ ਕੀਤੀ ਗਈ, ਜਦਕਿ ਤੀਜਾ ਵਿਅਕਤੀ ਅਜੇ ਤੱਕ ਲਾਪਤਾ ਦੱਸਿਆ ਜਾ ਰਿਹਾ ਹੈ।ਪੁਲਿਸ ਅਤੇ ਐਮਰਜੈਂਸੀ ਸੇਵਾਵਾਂ ਮੁਤਾਬਕ ਸਮੁੰਦਰ ਵਿੱਚ ਕੁਝ ਲੋਕਾਂ ਦੇ ਮੁਸੀਬਤ ਵਿੱਚ ਫਸਣ ਦੀ ਸੂਚਨਾ ਮਿਲਣ ਉਪਰੰਤ ਤੁਰੰਤ ਹੀ ਕੋਸਟਗਾਰਡ, ਪੁਲਿਸ, ਫਾਇਰ ਬ੍ਰਿਗੇਡ ਅਤੇ ਐਂਬੂਲੈਂਸ ਸੇਵਾਵਾਂ ਵੱਲੋਂ ਸਾਂਝੀ ਰੈਸਕਿਊ ਕਾਰਵਾਈ ਸ਼ੁਰੂ ਕੀਤੀ ਗਈ। ਭਾਰੀ ਠੰਢ, ਤੇਜ਼ ਹਵਾਵਾਂ ਅਤੇ ਉੱਚੀਆਂ ਲਹਿਰਾਂ ਦੇ ਬਾਵਜੂਦ ਬਚਾਵ ਟੀਮਾਂ ਵੱਲੋਂ ਕਈ ਘੰਟਿਆਂ ਤੱਕ ਸਮੁੰਦਰ ਅਤੇ ਤਟਵਰਤੀ ਖੇਤਰ ਵਿੱਚ ਵਿਆਪਕ ਤਲਾਸ਼ੀ ਮੁਹਿੰਮ ਚਲਾਈ ਗਏ ੀ।ਰੈਸਕਿਊ ਟੀਮਾਂ ਵੱਲੋਂ ਦੋ ਵਿਅਕਤੀਆਂ ਨੂੰ ਸਮੁੰਦਰ ਵਿੱਚੋਂ ਬਾਹਰ ਕੱਢ ਕੇ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਪਰ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤ ਘੋਸ਼ਿਤ ਕਰ ਦਿੱਤਾ। ਤੀਜੇ ਵਿਅਕਤੀ ਦੀ ਭਾਲ ਲਈ ਸਮੁੰਦਰੀ ਕਿਸ਼ਤੀਆਂ, ਹਵਾਈ ਸਹਾਇਤਾ ਅਤੇ ਤਟ ਤੇ ਪੈਦਲ ਟੀਮਾਂ ਵੱਲੋਂ ਲਗਾਤਾਰ ਤਲਾਸ਼ ਜਾਰੀ ਰੱਖੀ ਗਈ ਹੈ।ਘਟਨਾ ਦੀ ਸੂਚਨਾ ਮਿਲਣ ਉਪਰੰਤ ਵਿਥਰਨਸੀ ਸਮੁੰਦਰੀ ਤਟ ਦੇ ਆਲੇ-ਦੁਆਲੇ ਇਲਾਕੇ ਨੂੰ ਘੇਰਾਬੰਦੀ ਹੇਠ ਲਿਆ ਗਿਆ, ਜਿੱਥੇ ਵੱਡੀ ਗਿਣਤੀ ਵਿੱਚ ਸਥਾਨਕ ਲੋਕ ਅਤੇ ਸੈਲਾਨੀ ਇਕੱਠੇ ਹੋ ਗਏ। ਹਾਦਸੇ ਦੀ ਭਿਆਨਕਤਾ ਨੂੰ ਦੇਖਦਿਆਂ ਮੌਕੇ ਤੇ ਮੌਜੂਦ ਲੋਕਾਂ ਵਿੱਚ ਕਾਫੀ ਸਮੇਂ ਤੱਕ ਦਹਿਸ਼ਤ ਅਤੇ ਸੋਗ ਦਾ ਮਾਹੌਲ ਬਣਿਆ ਰਿਹਾ।ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਅਤੇ ਹਾਦਸੇ ਦੇ ਅਸਲ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਮੌਸਮ ਖਰਾਬ ਹੋਣ ਦੀ ਸਥਿਤੀ ਵਿੱਚ ਸਮੁੰਦਰ ਦੇ ਨੇੜੇ ਜਾਣ ਤੋਂ ਪਰਹੇਜ਼ ਕੀਤਾ ਜਾਵੇ ਅਤੇ ਸੁਰੱਖਿਆ ਨਿਯਮਾਂ ਦੀ ਪਾਲਣਾ ਕੀਤੀ ਜਾਵੇ।ਸਥਾਨਕ ਪ੍ਰਸ਼ਾਸਨ ਅਤੇ ਐਮਰਜੈਂਸੀ ਸੇਵਾਵਾਂ ਵੱਲੋਂ ਕਿਹਾ ਗਿਆ ਹੈ ਕਿ ਤੀਜੇ ਲਾਪਤਾ ਵਿਅਕਤੀ ਦੀ ਭਾਲ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਜਿਵੇਂ ਹੀ ਕੋਈ ਨਵੀਂ ਜਾਣਕਾਰੀ ਮਿਲੇਗੀ, ਉਹ ਸਾਂਝੀ ਕੀਤੀ ਜਾਵੇਗੀ। ਇਸ ਹਾਦਸੇ ਨੇ ਇਕ ਵਾਰ ਫਿਰ ਸਮੁੰਦਰੀ ਤਟਾਂ ਤੇ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਚਿੰਤਾ ਪੈਦਾ ਕਰ ਦਿੱਤੀ ਹੈ।**

# ਸਕੱਤਰੇਤ ਅਕਾਲ ਤਖ਼ਤ ਦਾ ਹਿੱਸਾ ਨਹੀਂ ਤਾਂ ਕੀ ਪ੍ਰੋ. ਦਰਸ਼ਨ ਸਿੰਘ ਰਾਗੀ ਵਿਰੁੱਧ ਹੁਕਮਨਾਮਾ ਰੱਦ ਕਰੋਗੇ?: ਪ੍ਰੋ. ਸਰਚਾਂਦ ਸਿੰਘ ਖਿਆਲਾ

***ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦਾ ਪਾਲਣ ਕੀਤਾ ਹੁੰਦਾ ਤਾਂ ਅੱਜ ਕਿਸੇ 'ਤੇ 'ਝੂਠਾ ਪ੍ਰਾਪੇਗੰਡਾ' ਕਰਨ ਦੇ ਦੋਸ਼ ਲਾਉਣ ਦੀ ਨੌਬਤ ਨਾ ਆਉਂਦੀ**
***ਸੱਚ ਸਾਹਮਣੇ ਲਿਆਉਣ ਲਈ ਕਾਨੂੰਨ ਨੂੰ ਬਿਨਾ ਕਿਸੇ ਦਬਾਅ ਆਪਣਾ ਕੰਮ ਕਰਨ ਦਿੱਤਾ ਜਾਣਾ ਚਾਹੀਦਾ ਹੈ**



ਅੰਮ੍ਰਿਤਸਰ-ਸਿੱਖ ਚਿੰਤਕ ਅਤੇ ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਤਲਬੀ ਦੇ ਮਾਮਲੇ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ 'ਜਥੇਦਾਰ' ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਕਾਲ ਤਖ਼ਤ ਦਾ ਹਿੱਸਾ ਨਾ ਮੰਨਣ ਵਾਲੀ ਦਲੀਲ ਨੂੰ ਚੁਨੌਤੀ ਦਿੱਤੀ ਅਤੇ ਇਸ ਨੂੰ ਪੰਥਕ ਇਤਿਹਾਸ ਅਤੇ ਰਵਾਇਤਾਂ ਦੇ ਉਲਟ ਕਰਾਰ ਦਿੱਤਾ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਜੇ ਸਕੱਤਰੇਤ ਅਕਾਲ ਤਖ਼ਤ ਸਾਹਿਬ ਦਾ ਅਟੁੱਟ ਹਿੱਸਾ ਨਹੀਂ, ਤਾਂ ਫਿਰ 2009-10 ਵਿੱਚ ਪ੍ਰੋ. ਦਰਸ਼ਨ ਸਿੰਘ ਰਾਗੀ ਨੂੰ ਸਕੱਤਰੇਤ ਵਿਖੇ ਪੇਸ਼ ਨਾ ਹੋਣ ਦੇ ਆਧਾਰ 'ਤੇ ਤਨਖ਼ਾਹੀਆ ਅਤੇ ਬਾਅਦ ਵਿੱਚ ਪੰਥ ਵਿੱਚੋਂ ਛੇਕਣ ਦਾ ਹੁਕਮਨਾਮਾ ਕਿਹੜੇ ਅਧਿਕਾਰ ਹੇਠ ਜਾਰੀ ਹੋਇਆ? ਉਨ੍ਹਾਂ ਸਵਾਲ ਉਠਾਇਆ ਕਿ ਜੇ ਗਿਆਨੀ ਗੜਗੱਜ ਆਪਣੀ ਦਲੀਲ 'ਤੇ ਕਾਇਮ ਹਨ, ਤਾਂ ਕੀ ਉਹ ਪ੍ਰੋ. ਦਰਸ਼ਨ ਸਿੰਘ ਰਾਗੀ ਵਿਰੁੱਧ ਜਾਰੀ ਇਤਿਹਾਸਕ ਹੁਕਮਨਾਮੇ ਨੂੰ ਰੱਦ ਕਰਨ ਦੀ ਹਿੰਮਤ ਵੀ ਦਿਖਾਉਣਗੇ?

ਉਹਨਾਂ ਕਿਹਾ ਕਿ 328 ਪਾਵਨ ਸਰੂਪਾਂ ਦੀ ਪੜਤਾਲ ਦੇ ਮਾਮਲੇ ਵਿੱਚ ਨਿਆਂ ਪ੍ਰਣਾਲੀ ਤੇ ਸਰਕਾਰ ਬਨਾਮ ਧਰਮ ਤੇ ਅਕਾਲ ਤਖ਼ਤ ਸਾਹਿਬ ਨੂੰ ਆਪਸ ਦੇ ਸਨਮੁਖ ਖੜ੍ਹਾ ਕਰਨਾ ਨਾ ਪੰਜਾਬ ਦੇ ਹਿਤਾਂ 'ਚ ਹੈ ਅਤੇ ਨਾ ਹੀ ਪੰਥਕ ਹਿੱਤਾਂ 'ਚ ਹੋਵੇਗਾ। ਸੱਚ ਸਾਹਮਣੇ ਲਿਆਉਣ ਲਈ ਕਾਨੂੰਨ ਨੂੰ ਬਿਨਾ ਕਿਸੇ ਦਬਾਅ ਆਪਣਾ ਕੰਮ ਕਰਨ ਦਿੱਤਾ ਜਾਣਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਅਕਾਲ ਤਖ਼ਤ ਮਹਾਨ ਹੈ ਕਹਿਣ ਵਾਲੇ ਲੋਕ ਹੀ ਅਕਾਲ ਤਖ਼ਤ ਸਾਹਿਬ ਤੋਂ ਰਵਾਇਤ ਅਨੁਸਾਰ ਕੀਤੇ ਗਏ ਫ਼ੈਸਲਿਆਂ ਨੂੰ ਤਾਕ ਵਿੱਚ ਰੱਖ ਕੇ ਆਪ ਹੁਦਰੇ ਫ਼ੈਸਲੇ ਲੈ ਰਹੇ ਹਨ। 328 ਪਾਵਨ ਸਰੂਪਾਂ ਦੇ ਮਾਮਲੇ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦਾ ਪਾਲਣ ਕੀਤਾ ਜਾ ਰਿਹਾ ਹੋਣ ਦਾ ਦਾਅਵਾ ਕਰਨ ਵਾਲੀ ਸ਼੍ਰੋਮਣੀ ਕਮੇਟੀ ਜੋ ਆਦੇਸ਼ ਦੀ ਆੜ 'ਚ ਪੁਲੀਸ ਨੂੰ ਕਿਸੇ ਤਰਾਂ ਦਾ ਵੀ ਸਹਿਯੋਗ ਨਾ ਦੇਣ 'ਤੇ ਅੜੀ ਹੋਈ ਹੈ ਨੂੰ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਦੀ ਰੋਸ਼ਨੀ 'ਚ 27 ਅਗਸਤ 2020 ਨੂੰ ਮਤਾ ਨੰਬਰ 466 ਪਾਸ ਕਰਦਿਆਂ ਦੋਸ਼ੀਆਂ 'ਤੇ ਫ਼ੌਜਦਾਰੀ ਕਾਰਵਾਈ ਕਰਨ ਦੇ ਫ਼ੈਸਲੇ ਨੂੰ ਹਫ਼ਤੇ ਬਾਅਦ ਹੀ ਇਕ ਵਿਅਕਤੀ ਦੀ ਰਾਏ ਨਾਲ ਮਤਾ ਨੰਬਰ 493 ਪਾਸ ਕਰਕੇ ਅਕਾਲ ਤਖ਼ਤ ਦੇ ਆਦੇਸ਼ ਨੂੰ ਠੁਕਰਾਉਣ ਦਿੱਤਾ ਸੀ, ਕੀ ਉਸ ਸਮੇਂ ਅਕਾਲ ਤਖ਼ਤ ਸਾਹਿਬ ਦੀ ਮਹਾਨਤਾ ਨਹੀਂ ਯਾਦ ਰਹੀ ਸੀ?

ਉਨ੍ਹਾਂ ਕਿਹਾ ਕਿ ਗੁਰੂ ਕੀ ਗੋਲਕ 'ਚੋਂ ਕਰੋੜਾਂ ਰੁਪ ਦੀ ਅਦਾਇਗੀ ਲੈਣ ਵਾਲੇ ਸਤਿੰਦਰ ਸਿੰਘ ਕੋਹਲੀ ਦੇ ਕੰਮਾਂ 'ਤੇ ਨਿਗਰਾਨੀ ਰੱਖੀ ਹੁੰਦੀ ਅਤੇ ਜਾਂਚ ਰਿਪੋਰਟ 'ਚ ਲਾਪਤਾ ਪਾਵਨ ਸਰੂਪਾਂ ਬਾਰੇ ਹੋਏ ਖ਼ੁਲਾਸੇ ਨੂੰ ਸੰਜੀਦਗੀ ਨਾਲ ਲੈਂਦਿਆਂ ਪਾਵਨ ਰੂਪਾਂ ਦੀ ਭਾਲ ਕੀਤੀ ਗਈ ਹੁੰਦੀ ਤਾਂ ਅੱਜ ਕਿਸੇ 'ਤੇ ਝੂਠਾ ਪ੍ਰਾਪੇਗੰਡਾ ਕਰਨ ਦੇ ਦੋਸ਼ ਨਾ ਲਾਉਣੇ ਪੈਂਦੇ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਦੀਆਂ ਪਰੰਪਰਾਵਾਂ ਅਤੇ ਆਭਾ ਨੂੰ ਖ਼ੁਦ ਭਾਰੀ ਢਾਹ ਸ਼੍ਰੋਮਣੀ ਕਮੇਟੀ ਨੇ ਹੀ ਲਗਾਈ ਹੈ।

ਪ੍ਰੋ. ਖਿਆਲਾ ਨੇ ਗਿਆਨੀ ਗੜਗੱਜ ਨੂੰ ਕਿਸੇ ਵੀ ਰਾਜਨੀਤਿਕ ਦਬਾਅ ਜਾਂ ਪਾਰਟੀਗਤ ਏਜੰਡੇ ਦਾ ਸੰਦ ਨਾ ਬਣਨ ਅਤੇ ਸੰਗਤ ਨੂੰ ਹੋਰ ਦੁਬਿਧਾ ਵਿੱਚ ਨਾ ਪਾਉਣ ਦੀ ਸਲਾਹ ਦਿੱਤੀ। ਉਨ੍ਹਾਂ ਕਿਹਾ ਕਿ ਹਾਲ ਹੀ 'ਚ ਸਿਆਸਤ ਤੋਂ ਪ੍ਰੇਰਿਤ ਲਏ ਗਏ ਫ਼ੈਸਲਿਆਂ ਅਤੇ ਨੀਵੇਂ ਪੱਧਰ ਦੀ ਸਿਆਸੀ ਖੇਡ ਨੇ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ ਅਤੇ 'ਜਥੇਦਾਰੀ' ਵਰਗੇ ਉੱਚੇ ਰੁਤਬਿਆਂ ਨੂੰ ਵਿਵਾਦਾਂ ਦਾ ਕੇਂਦਰ ਬਣਾ ਦਿੱਤਾ ਹੈ।

ਪ੍ਰੋ. ਖਿਆਲਾ ਨੇ ਦੋ ਟੁੱਕ ਸ਼ਬਦਾਂ ਵਿੱਚ ਕਿਹਾ ਕਿ ਕਿਸੇ ਵਿਅਕਤੀ ਵਿਸ਼ੇਸ਼ ਖ਼ਾਤਰ ਸਰਬਉੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤਾਂ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ। ਅਤੀਤ ਗਵਾਹ ਹੈ ਕਿ ਜਿਸ ਕਿਸੇ ਵੀ 'ਜਥੇਦਾਰ' ਨੇ ਵਿਅਕਤੀ ਵਿਸ਼ੇਸ਼ ਨੂੰ ਸਿਧਾਂਤਾਂ ਤੋਂ ਉੱਪਰ ਅਹਿਮੀਅਤ ਦਿੱਤੀ ਉਹ ਆਪ ਖ਼ੁਆਰ ਹੋਇਆ।

ਉਹਨਾਂ ਗਿਆਨੀ ਗੜਗੱਜ ਦੀ ਅਗਵਾਈ ਸਮਰੱਥਾ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਨਵੀਂਆਂ ਪਿਰਤਾਂ ਪੰਥ ਨੂੰ ਹੋਰ ਦੁਬਿਧਾ ਵਿੱਚ ਧੱਕ ਰਹੀਆਂ ਹਨ। ਇਸ ਲਈ ਜਥੇਦਾਰੀ ਪ੍ਰਣਾਲੀ ਲਈ ਸਪਸ਼ਟ ਵਿਧੀ-ਵਿਧਾਨ ਤੈਅ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ, ਨਹੀਂ ਤਾਂ ਅਜਿਹੇ ਬੇਲੋੜੇ ਵਿਵਾਦ ਲਗਾਤਾਰ ਜਨਮ ਲੈਂਦੇ ਰਹਿਣਗੇ।

ਉਹਨਾਂ ਪ੍ਰੋ. ਦਰਸ਼ਨ ਸਿੰਘ ਰਾਗੀ ਦੇ ਮਾਮਲੇ ਨੂੰ ਵਿਸਥਾਰ 'ਚ ਦਸਿਆ ਕਿ ਅਮਰੀਕਾ ਦੇ ਇੱਕ ਗੁਰਦੁਆਰੇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਬੰਧੀ ਇਤਰਾਜ਼ਯੋਗ ਟਿੱਪਣੀਆਂ ਲਈ ਤਲਬ ਕੀਤੇ ਗਏ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋਫ਼ੈਸਰ ਦਰਸ਼ਨ ਸਿੰਘ ਰਾਗੀ ਨੂੰ ਸਕੱਤਰੇਤ ਵਿਖੇ ਪੰਜ ਸਿੰਘ ਸਾਹਿਬਾਨ ਦੇ ਸਨਮੁੱਖ ਪੇਸ਼ ਨਾ ਹੋਣ ਕਾਰਨ 5 ਦਸੰਬਰ 2009 ਨੂੰ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਉਸ ਵਿਰੁੱਧ ਗੁਰੂ ਪੰਥ ਦੇ ਸਰਬ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਰੰਪਰਾ ਨੂੰ ਠੇਸ ਪਚਾਉਣ ਅਤੇ ਮਾਨ ਮਰਿਆਦਾ ਤੇ ਸਿਧਾਂਤ ਦੀ ਘੋਰ ਉਲੰਘਣਾ ਦੇ ਦੋਸ਼ 'ਚ ਤਨਖ਼ਾਹੀਆ ਕਰਾਰ ਦੇ ਦਿੱਤਾ ਗਿਆ ਅਤੇ ਬਾਅਦ ਵਿਚ ਫਿਰ ਵੀ ਸਕੱਤਰੇਤ ਵਿਖੇ ਪੇਸ਼ ਨਾ ਹੋਣ ਦੀ ਜਿਦ ਲਈ ਗੁਰੂ ਨਿੰਦਕ ਅਤੇ ਗੁਰੂ ਪੰਥ ਤੋਂ ਆਕੀ ਹੋਣਾ ਕਹਿ ਕੇ 29 ਜਨਵਰੀ 2010 ਨੂੰ ਸਿੱਖ ਪੰਥ ਵਿੱਚੋਂ ਛੇਕ ਦਿੱਤਾ ਗਿਆ। ਇਹ ਵਾਕਿਆ ਇਹ ਸਾਫ਼ ਕਰਦਾ ਹੈ ਕਿ ਸਕੱਤਰੇਤ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ, ਅਧਿਕਾਰ ਅਤੇ ਸੰਸਥਾਗਤ ਸਰੂਪ ਦਾ ਅਟੁੱਟ ਹਿੱਸਾ ਹੈ।

# ਮੈ ਦੋਸ਼ੀ ਨਹੀਂ ਹੈ, ਅਜੇ ਵੀ ਰਾਸ਼ਟਰਪਤੀ ਹਾਂ- ਨਿਕੋਲਸ ਮਾਦੁਰੋ
## * 3 ਵਿੱਚੋਂ 1 ਅਮਰੀਕੀ ਵੱਲੋਂ ਟਰੰਪ ਦੀ ਕਾਰਵਾਈ ਦਾ ਸਮਰਥਨ

***ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਆਦੇਸ਼ 'ਤੇ ਅਮਰੀਕੀ ਫ਼ੌਜ ਵੱਲੋਂ ਵੈਨੇਜ਼ੁਏਲਾ ਉਪਰ ਹਮਲਾ ਕਰਕੇ ਹਿਰਾਸਤ ਵਿੱਚ ਲਏ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੂੰ ਮੈਨਹਟਨ ਦੀ ਇੱਕ ਸੰਘੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਿਥੇ ਉਸ ਨੇ ਦੋਸ਼ੀ ਵਜੋਂ ਦਰਖਾਸਤ ਦਾਇਰ ਕਰਨ ਤੋਂ ਨਾਂਹ ਕਰ ਦਿੱਤੀ।***



ਉਨਾਂ ਸੰਘੀ ਅਦਾਲਤ ਦੇ ਜੱਜ ਨੂੰ ਕਿਹਾ ਕਿ ਉਹ ਦੋਸ਼ੀ ਨਹੀਂ ਹੈ ਤੇ ਉਹ ਅਜੇ ਵੀ ਆਪਣੇ ਦੇਸ਼ ਦਾ ਰਾਸ਼ਟਰਪਤੀ ਹੈ। ਮਾਦੁਰੋ ਜਿਸ ਨੇ ਇੱਕ ਕੈਦੀ ਵਾਲੀ ਵਰਦੀ ਪਾਈ ਹੋਈ ਸੀ, ਨੂੰ ਯੂ ਐਸ ਡਿਸਟ੍ਰਿਕਟ ਜੱਜ ਐਲਵਿਨ ਹੈਲਰਸਟੀਨ ਅੱਗੇ ਪੇਸ਼ ਕੀਤਾ ਗਿਆ। ਮਾਦੁਰੋ ਨੇ ਦੁਭਾਈਸ਼ੇ ਰਾਹੀਂ ਆਪਣੇ ਬਿਆਨ ਵਿੱਚ ਕਿਹਾ ਕਿ ਮੈ ਨਿਰਦੋਸ਼ ਹਾਂ, ਮੈ ਦੋਸ਼ੀ ਨਹੀਂ ਹਾਂ, ਮੈ ਇੱਕ ਜਿੰਮੇਵਾਰ ਵਿਅਕਤੀ ਹਾਂ ਤੇ ਅਜੇ ਵੀ ਵੈਨੇਜ਼ੁਏਲਾ ਦਾ ਰਾਸ਼ਟਰਪਤੀ ਹਾਂ। ਮਾਦੁਰੋ ਦੀ ਪਤਨੀ ਸਿਲੀਆ ਫਲੋਰਸ ਨੇ ਵੀ ਦੋਸ਼ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਦੋਸ਼ੀ ਵਜੋਂ ਅਪੀਲ ਦਾਇਰ ਨਹੀਂ ਕੀਤੀ। ਜੱਜ ਨੇ ਅਗਲੀ ਸੁਣਵਾਈ 17 ਮਾਰਚ 'ਤੇ ਪਾਉਂਦਿਆਂ ਮਾਦੁਰੋ ਨੂੰ ਹਿਰਾਸਤ ਵਿੱਚ ਰੱਖਣ ਦਾ ਆਦੇਸ਼ ਦਿੱਤਾ। ਮਾਦੁਰੋ ਨੂੰ ਬਰੁੱਕਲਿਨ ਦੀ ਸੰਘੀ ਜੇਲ ਵਿੱਚੋਂ ਸੰਘੀ ਅਦਾਲਤ ਵਿੱਚ ਪੇਸ਼ ਕਰਨ ਲਈ ਮੈਨਹਟਨ ਲਿਆਂਦਾ ਗਿਆ। ਇਸ ਮੌਕੇ ਮਾਦੁਰੋ ਦੇ ਸਮਰਥਕ ਤੇ ਵਿਰੋਧੀ ਵੀ ਮੌਜੂਦ ਸਨ ਜਿਨਾਂ ਨੇ ਝੰਡੇ ਲਹਿਰਾ ਕੇ ਆਪਣੇ-ਆਪਣੇ ਢੰਗ ਨਾਲ ਪ੍ਰਦਰਸ਼ਨ ਕੀਤਾ। ਮੁਦਾਰੋ ਤੇ ਫਲੋਰਸ ਵਿਰੁੱਧ ਡਰੱਗ ਦਹਿਸ਼ਤਵਾਦ ਨਾਲ ਸਬੰਧਤ ਦੋਸ਼ ਲਾਏ ਗਏ ਹਨ।

### 3 ਵਿਚੋਂ 1 ਅਮਰੀਕੀ ਟਰੰਪ ਦੇ ਹੱਕ ਵਿੱਚ---

ਇਸੇ ਦੌਰਾਨ ਇਕ ਤਾਜ਼ਾ ਸਰਵੇਖਣ ਵਿੱਚ 3 ਵਿਚੋਂ ਇੱਕ ਅਮਰੀਕੀ ਨੇ ਰਾਸ਼ਟਰਪਤੀ ਟਰੰਪ ਦੀ ਵੈਨੇਜ਼ੁਏਲਾ ਵਿਰੁੱਧ ਕਾਰਵਾਈ ਦਾ ਸਮਰਥਨ ਕੀਤਾ ਹੈ। ਇਹ ਸਰਵੇ ਰਾਈਟਰ ਤੇ ਇਪਸੋਸ ਵੱਲੋਂ ਕਰਵਾਇਆ ਗਿਆ ਜੋ 5 ਜਨਵਰੀ ਨੂੰ ਜਾਰੀ ਕੀਤਾ ਗਿਆ ਹੈ। ਇਸ ਸਰਵੇ ਵਿੱਚ 72% ਅਮਰੀਕੀਆਂ ਨੇ ਅਮਰੀਕਾ ਵੱਲੋਂ ਦੱਖਣੀ ਅਮਰੀਕੀ ਦੇਸ਼ ਨਾਲ ਉਲਝ ਜਾਣ 'ਤੇ ਚਿੰਤਾ ਪ੍ਰਗਟ ਕੀਤੀ ਹੈ। ਸਰਵੇ ਵਿੱਚ ਰਾਸ਼ਟਰਪਤੀ ਦੀ ਪ੍ਰਵਾਨਗੀ ਦਰ 42% ਰਹੀ। 65% ਰਿਪਬਲੀਕਨਾਂ ਨੇ ਫੌਜੀ ਕਾਰਵਾਈ ਦਾ ਸਮਰਥਨ ਕੀਤਾ , 11% ਡੈਮੋਕਰੈਟਸ ਤੇ 23% ਆਜ਼ਾਦ ਲੋਕਾਂ ਨੇ ਵੀ ਫੌਜੀ ਕਾਰਵਾਈ ਨੂੰ ਠੀਕ ਕਿਹਾ।

# ਨਵੇਂ ਸਾਲ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵਿਖੇ ਮੀਤ ਪ੍ਰਧਾਨ ਦਰਸ਼ਨ ਸਿੰਘ ਨਾਗੀ ਦੇ ਪ੍ਰੀਵਾਰ ਵੱਲੋਂ ਸ਼ੁਕਰਾਨਾ ਸਮਾਗਮ

## ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਵੱਡੇ ਪੱਧਰ ਤੇ ਮਨਾਇਆ ਜਾਵੇਗਾ – ਪ੍ਰਬੰਧਕ ਕਮੇਟੀ

## ਦਰਸ਼ਨ ਸਿੰਘ ਨਾਗੀ ਅਤੇ ਪ੍ਰੀਵਾਰ, ਸ: ਗੁਰਮੇਲ ਸਿੰਘ ਮੱਲੀ ਅਤੇ ਸਾਥੀਆਂ ਦਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ





ਦਰਸ਼ਨ ਸਿੰਘ ਨਾਗੀ ਅਤੇ ਗੁਰਮੇਲ ਸਿੰਘ ਮੱਲੀ ਅਤੇ ਸਾਥੀਆਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਨਵੇਂ ਸਾਲ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵਿਖੇ ਨਵੇਂ ਸਾਲ ਮੌਕੇ ਡੀ ਐਸ ਮੋਟਰ ਦੇ ਮਾਲਿਕ ਅਤੇ ਮੀਤ ਪ੍ਰਧਾਨ ਦਰਸ਼ਨ ਸਿੰਘ ਨਾਗੀ ਦੇ ਪ੍ਰੀਵਾਰ ਵੱਲੋਂ ਸ਼ੁਕਰਾਨਾ ਸਮਾਗਮ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਿਰਕਤ ਕੀਤੀ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰੂ ਘਰ ਦੇ ਰਾਗੀ ਜੱਥੇ ਭਾਈ ਰਣਜੀਤ ਸਿੰਘ ਅਤੇ ਸਾਥੀਆਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।***

ਉਪਰੰਤ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਆਤਮਾ ਰਾਮ ਢਾਂਡਾ, ਜਨਰਲ ਸਕੱਤਰ ਸ਼ਿਵ ਰੱਤੂ, ਸਟੇਜ ਸਕੱਤਰ ਮੋਹਨ ਹਾਲੈਂਡ, ਚੁੰਨੀ ਲਾਲ ਚੈਂਬਰ, ਕੌਂਸਲਰ ਮਹਿੰਦਰ ਕੌਰ ਮਿੱਡਾ ਨੇ ਸੰਗਤਾਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਸ: ਗੁਰਮੇਲ ਸਿੰਘ ਮੱਲੀ, ਖਜ਼ਾਨਚੀ ਪ੍ਰਮਜੀਤ ਸਿੰਘ ਧਾਲੀਵਾਲ, ਹਰਜਿੰਦਰ ਸਿੰਘ ਉਚੇਚੇ ਤੌਰ ਤੇ ਹਾਜ਼ਰ ਹੋਏ ਅਤੇ ਪ੍ਰਬੰਧਕ ਕਮੇਟੀ ਵੱਲੋਂ ਸ: ਮੱਲੀ ਅਤੇ ਸਾਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸ: ਮੱਲੀ ਨੇ ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸਮੁੱਚੇ ਭਾਈਚਾਰੇ ਦੀ ਬੇਹਤੀ ਲਈ ਮਿਲ ਕੇ ਕੰਮ ਕਰਨ ਦੀ ਅਪੀਲ ਕੀਤੀ। ਉਹਨਾਂ ਵੰਡ ਪਾਊ ਤਾਕਤਾਂ ਤੋਂ ਸਾਵਧਾਨ ਰਹਿਣ ਲਈ ਆਖਿਆ। ਉਹਨਾਂ ਕਿਹਾ ਕਿ ਨਵੇਂ ਸਾਲ ਨੂੰ ਜਿਸ ਤਰ੍ਹਾਂ ਅਸੀਂ ਉਤਸ਼ਾਹ ਵਿਖਾਉਂਦੇ ਹਾਂ ਸਾਨੂੰ ਨਾਨਕਸ਼ਾਹੀ ਸੰਮਤ ਅਨੁਸਾਰ ਨਵੇਂ ਸਾਲ ਲਈ ਵੀ ਉਤਸ਼ਾਹ ਵਿਖਾਉਣਾ ਚਾਹੀਦਾ ਹੈ। ਉਹਨਾਂ ਬੱਚਿਆਂ ਲਈ ਚੰਗੀ ਸਿੱਖਿਆ, ਵਿਦਿਆ ਅਤੇ ਸਿਆਸਤ ਵੱਲ ਉਤਸ਼ਾਹਿਤ ਕਰਨ ਦੀ ਵੀ ਅਪੀਲ ਕੀਤੀ।

ਸ੍ਰੀ ਗੁਰੂ ਰਵਿਦਾਸ ਸਭਾ ਦੀ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਸਬੰਧੀ 2027 ਵਿੱਚ ਵੱਡੇ ਪੱਧਰ ਤੇ ਸਮਾਗਮ ਕਰਵਾਏ ਜਾਣਗੇ, ਜਿਸ ਦੀ ਹੁਣੇ ਤੋਂ ਤਿਆਰੀ ਕੀਤੀ ਜਾ ਰਹੀ ਹੈ। ਸ: ਮੱਲੀ ਨੇ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਅਤੇ ਨਿੱਜੀ ਤੌਰ ਤੇ ਹਰ ਤਰ੍ਹਾਂ ਦੀਆਂ ਸੇਵਾਵਾਂ ਲਈ ਸਾਥ ਦੇਣ ਦਾ ਭਰੋਸਾ ਦਿੱਤਾ।

ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ: ਦਰਸ਼ਨ ਸਿੰਘ ਨਾਗੀ ਅਤੇ ਉਹਨਾਂ ਦੇ ਪ੍ਰੀਵਾਰ ਦਾ ਵੀ ਵਿਸ਼ੇਸ਼ ਸਨਮਾਨ ਕੀਤਾ। ਪ੍ਰਧਾਨ ਆਤਮਾ ਰਾਮ ਢਾਂਡਾ ਅਤੇ ਸਕੱਤਰ ਸ਼ਿਵ ਰੱਤੂ ਨੇ ਕਿਹਾ ਕਿ ਸ: ਨਾਗੀ ਅਤੇ ਉਹਨਾਂ ਦਾ ਪ੍ਰੀਵਾਰ ਗੁਰਦੁਆਰਾ ਸਾਹਿਬ ਲਈ ਅਣਥੱਕ ਸੇਵਾਵਾਂ ਕਰਦੇ ਹਨ। ਨਾਗੀ ਪ੍ਰੀਵਾਰ ਨੇ ਗੁਰਦੁਆਰਾ ਸਾਹਿਬ ਦੇ ਨਾਲ ਨਾਲ ਸਥਾਨਿਕ ਭਾਈਚਾਰਕ ਕੰਮਾਂ ਲਈ ਵੀ ਅੱਗੇ ਹੋ ਕੇ ਆਪਣਾ ਯੋਗਦਾਨ ਪਾਇਆ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ, ਭਾਈਚਾਰਕ ਸਖਸ਼ੀਅਤਾਂ ਹਾਜ਼ਰ ਸਨ।

# ਸਿੱਖ ਬੀਬੀਆਂ ਤੇ ਹੋ ਰਹੇ ਹਮਲਿਆਂ ਨੂੰ ਰੋਕਣ ਲਈ ਯੂ ਕੇ ਵਿੱਚ ਲੜਕੀਆਂ ਨੂੰ ਵੰਡੇ ਜਾ ਰਹੇ ਸਵੈਰੱਖਿਅਕ ਅਲਾਰਮ ਉਪਕਰਨ



ਸਵੈਰੱਖਿਅਕ ਬਿਜਲਈ ਯੰਤਰਾਂ ਨਾਲ ਸਿੱਖ ਬੱਚੀਆਂ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਕੁਝ ਸਮੇਂ ਤੋਂ ਇੰਗਲੈਂਡ ਵਿੱਚ ਸਿੱਖਾਂ ਤੇ ਹੋ ਰਹੇ ਨਸਲੀ ਹਮਲਿਆਂ ਦੀ ਗਿਣਤੀ ਵਿੱਚ ਹੋਏ ਵਾਧੇ ਤੋਂ ਸਿੱਖ ਭਾਈਚਾਰਾ ਚਿੰਤਤ ਹੈ। ਵੈਸਟ ਮਿਡਲੈਂਡ ਦੇ ਸ਼ਹਿਰ ਵਾਲਸਾਲ ਅਤੇ ਓਲਡਬਰੀ ਵਿੱਚ ਸਿੱਖ ਬੀਬੀਆਂ ਤੇ ਹੋਏ ਜਿਣਸੀ ਹਮਲਿਆਂ ਤੇ ਪੂਰਾ ਸਿੱਖ ਭਾਈਚਾਰਾ ਝੰਜੋੜ ਕੇ ਰੱਖ ਦਿੱਤਾ। ਜਿਸ ਤੋਂ ਬਾਅਦ ਸਿੱਖਾਂ ਅਤੇ ਖਾਸ ਤੌਰ ਤੇ ਸਿੱਖ ਬੀਬੀਆਂ ਨੂੰ ਸਵੈ ਰੱਖਿਆ ਲਈ ਉਤਸ਼ਾਹਿਤ ਕਰਨ ਲਈ ਸਿੱਖ ਯੂਥ ਯੂ ਕੇ ਵੱਲੋਂ ਦੇਸ਼ ਭਰ ਦੇ ਗੁਰਦੁਆਰਿਆਂ ਵਿੱਚ ਸੈਮੀਨਾਰ ਕਰਵਾਏ ਜਾ ਰਹੇ ਹਨ ਅਤੇ ਕੈਂਪ ਲਗਾਏ ਕਾ ਰਹੇ ਹਨ। ਇਸ ਦੌਰਾਨ ਹੀ ਸਵੈਰੱਖਿਅਕ ਬਿਜਲਈ ਯੰਤਰ ਵੀ ਸਿੱਖ ਬੀਬੀਆਂ ਅਤੇ ਬਜ਼ੁਰਗਾਂ ਨੂੰ ਵੰਡੇ ਜਾ ਰਹੇ ਹਨ।**

ਸੰਸਥਾ ਦੇ ਸੰਚਾਲਕ ਦੀਪਾ ਸਿੰਘ ਨੇ ਦੱਸਿਆ ਕਿ ਉਹਨਾਂ ਦੀ ਸੰਸਥਾ ਬੀਤੇ ਲੰਮੇਂ ਸਮੇਂ ਤੋਂ ਸਿੱਖ ਬੀਬੀਆਂ ਤੇ ਹੋ ਰਹੇ ਹਮਲੇ ਅਤੇ ਗੁੰਮਰਾਹ ਕਰਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਕੰਮ ਕਰਦੇ ਆ ਰਹੇ ਹਨ। ਬੀਤੇ ਸਮੇਂ ਵਿੱਚ ਵੈਸਟ ਮਿਡਲੈਂਡ ਵਿੱਚ ਸਿੱਖ ਬੀਬੀਆਂ ਤੇ ਹੋਏ ਹਮਲੇ ਅਤੇ ਜਬਰਜਨਾਹ ਦੀਆਂ ਘਟਨਾਵਾਂ ਕਾਰਨ ਦੇਸ਼ ਭਰ ਵਿੱਚ ਵੱਸਦੇ ਸਿੱਖਾਂ ਨੂੰ ਵੱਡੀ ਸੱਟ ਵੱਜੀ ਹੈ। ਜਿਸ ਤੋਂ ਬਾਅਦ ਸਿੱਖ ਯੂਥ ਯੂ ਕੇ ਵੱਲੋਂ ਵੱਖ ਵੱਖ ਸ਼ਹਿਰਾਂ ਵਿੱਚ ਜਾ ਕੇ ਸਵੈ ਰੱਖਿਅਕ ਬਿਜਲਈ ਉਪਕਰਨ ਵੰਡੇ ਗਏ ਹਨ। ਇਸ ਯੰਤਰ ਨਾਲ ਜਦੋਂ ਵੀ ਕੋਈ ਖੁਦ ਨੂੰ ਅਸੁਰੱਖਿਅਤ ਮਹਿਸੂਸ ਕਰਦਾ ਹੈ ਤਾਂ ਉਹ ਆਪਣੇ ਆਸ ਪਾਸ ਦੇ ਲੋਕਾਂ ਨੂੰ ਮਦਦ ਲਈ ਚਿਤਾਵਨੀ ਦੇ ਸਕਦਾ ਹੈ। ਭਾਈ ਦੀਪਾ ਨੇ ਕਿਹਾ ਕਿ ਗੁਰਦਆਰਾ ਸਾਹਿਬ, ਸੰਸਥਾਵਾਂ ਅਤੇ ਸੇਵਾਦਾਰਾਂ ਦੇ ਸਹਿਯੋਗ ਨਾਲ ਹੁਣ ਤੱਕ 20 ਹਜ਼ਾਰ ਤੋਂ ਵੱਧ ਸਵੈ ਰੱਖਿਅਕ ਯੰਤਰ ਵੰਡੇ ਜਾ ਚੁੱਕੇ ਹਨ। ਇਸ ਦੇ ਨਾਲ ਹੀ ਸੰਗਤਾਂ ਨੂੰ ਜਾਣਕਾਰੀ ਵਾਲੇ ਪਰਚੇ ਵੰਡੇ ਗਏ ਹਨ ਅਤੇ ਸਵੈ ਰੱਖਿਆ ਸਬੰਧੀ ਸੈਮੀਨਾਰਾਂ ਰਾਹੀਂ ਜਾਣਕਾਰੀ ਦਿੱਤੀ ਜਾਂਦੀ ਹੈ। ਬੀਤੇ ਹਫਤੇ ਨੌਟਿੰਘਮ ਵਿੱਚ ਉਕਤ ਉਪਕਰਨ ਵੰਡੇ ਗਏ ਹਨ।

# ਪਾਕਿਸਤਾਨੀ ਮੂਲ ਦੇ ਨਸ਼ਾ ਤਸਕਰ ਦੀ ਹਥਿਆਰ ਰੱਖਣ ਦੇ ਦੋਸ਼ 'ਚ ਕੈਦ ਦੀ ਸਜ਼ਾ ਵਧਾਈ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਾਕਿਸਤਾਨੀ ਮੂਲ ਦੇ ਨਸ਼ਾ ਤਸਕਰ ਦੀ ਕੈਦ ਦੀ ਸਜ਼ਾ ਵਿੱਚ ਅਦਾਲਤ ਨੇ ਵਾਧਾ ਕਰ ਦਿੱਤਾ ਹੈ। ਹੈਰੋਇਨ ਤਸਕਰੀ ਮਾਮਲੇ 'ਚ ਕੈਦ ਦੀ ਸਜ਼ਾ ਭੁਗਤ ਰਹੇ 47 ਸਾਲਾ ਅਮੇਰਨ ਜ਼ੇਬ ਖਾਨ ਦੀ ਹਥਿਆਰਾਂ ਦੀ ਇੱਕ ਸਾਜ਼ਿਸ਼ ਨੂੰ ਯੂ ਕੇ ਦੀ ਰਾਸ਼ਟਰੀ ਅਪਰਾਧ ਏਜੰਸੀ ਨੇ ਨਾਕਾਮਯਾਬ ਕਰ ਦਿੱਤਾ।**

ਅਮੇਰਨ ਨੇ ਬ੍ਰਮਿੰਘਮ ਸਥਿਤ ਇੱਕ ਗਿਰੋਹ ਦੇ ਮੈਂਬਰਾਂ ਨਾਲ ਮਿਲ ਕੇ ਸਵੈਲੋਡਿੰਗ ਗੰਨ ਅਤੇ ਗੋਲਾ ਬਰੂਦ ਪ੍ਰਾਪਤ ਕਰਨ ਲਈ ਰਚੀ ਗਈ ਸਾਜਿਸ਼ ਦਾ ਪਤਾ ਲੱਗਾ। ਐਨ ਸੀ ਏ ਜਾਂਚ ਵਿੱਚ ਪਤਾ ਲੱਗਿਆ ਕਿ ਖਾਨ ਨੇ ਆਪਣੀ 22 ਸਾਲ ਦੀ ਕੈਦ ਦੀ ਸਜ਼ਾ ਘਟਾਉਣ ਲਈ ਜੇਲ੍ਹ ਵਿੱਚੋਂ ਇੱਕ ਸਾਜਿਸ਼ ਰਚੀ ਜਿਸ ਤਹਿਤ 20 ਹਥਿਆਰ ਖਰੀਦਣ ਦੀ ਯੋਜਨਾ ਸੀ। ਖਾਨ ਦੇ ਰਿਸ਼ਤੇਦਾਰ ਸਰਵੀਥ ਰਹਿਮਾਨ ਨਾਲ ਜੇਲ੍ਹ ਵਿੱਚ ਹੀ ਯੋਜਨਾ ਬਣਾਈ ਅਤੇ ਬਾਹਰੋਂ ਤਿੰਨ ਲੋਕ ਕੈਬਰ ਰਹਿਮਾਨ, ਅਕਬਰ ਰਹਿਮਾਨ ਅਤੇ ਅਹਿਮਦ ਹੁਸੈਨ ਨਾਲ ਸੰਪਰਕ ਕੀਤਾ। ਜੇਲ੍ਹ ਵਿੱਚੋਂ ਹੀ ਮੋਬਾਇਲ ਫੋਨ ਰਾਹੀਂ ਖਾਨ ਨੇ ਏ ਕੇ 47 ਸਮੇਤ ਕਈ ਹਥਿਆਰ ਖਰੀਦਣ ਦੀ ਯੋਜਨਾ ਸੀ। ਜਿਸ ਲਈ ਵੱਖ ਵੱਖ ਕੋਡ ਵਰਡ ਤਿਆਰ ਕੀਤੇ ਗਏ। ਅਪਰਾਧੀਆਂ ਨੇ ਆਪਣੇ ਫੋਨ ਤੋਂ ਸਜ਼ਾ ਘਟਾਉਣ ਲਈ ਸੰਗਠਿਤ ਅਪਰਾਧ ਅਤੇ ਪੁਲਿਸ ਐਕਟ 2005 ਦੀ ਖੋਜ਼ ਵੀ ਕੀਤੀ। ਖਾਨ ਉਸ ਗ੍ਰੋਹ ਵਿੱਚ ਕੈਦ ਦੀ ਸਜ਼ਾ ਭੁਗਤ ਰਿਹਾ ਹੈ ਜਿਸ ਨੂੰ ਪਾਕਿਸਤਾਨ ਤੋਂ ਲੰਡਨ 10 ਮਿਲੀਅਨ ਪੌਂਡ ਦੀ ਡਰਗ ਮੰਗਵਾਉਣ ਦੇ ਦੋਸ਼ਾਂ ਤਹਿਤ 140 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ।

22 ਸਾਲ ਦੀ ਸਜ਼ਾ ਭੁਗਤ ਰਹੇ ਖਾਨ ਨੂੰ ਆਸ ਸੀ ਕਿ ਹਥਿਆਰਾਂ ਅਤੇ ਗੋਲਾਬਾਰੂਦ ਬਾਰੇ ਉਕਤ ਸਾਜ਼ਿਸ਼ ਦੀ ਖੁਫੀਆ ਜਾਣਕਾਰੀ ਦੇ ਕੇ, ਉਸ ਦੀ ਸਜ਼ਾ ਵਿੱਚ ਘੱਟੋ ਘੱਟ 10 ਸਾਲ ਦੀ ਸਜ਼ਾ ਘਟ ਜਾਵੇਗੀ। ਲੇਕਨ ਬ੍ਰਮਿੰਘਮ ਅਦਾਲਤ ਨੇ ਖਾਨ ਅਤੇ ਰਹਿਮਾਨ ਨੂੰ 6 ਸਾਲ ਹੋਰ ਕੈਦ ਅਤੇ ਰਹਿਮਾਨ ਦੇ ਭਰਾਵਾਂ ਨੂੰ 6 ਸਾਲ 8 ਮਹੀਨੇ ਕੈਦ ਦੀ ਸਜ਼ਾ ਸੁਣਾਈ ਹੈ।

# ਲੰਡਨ ਵਿੱਚ ਖਾਲਿਸਤਾਨ ਵਿਰੋਧੀ ਕਾਰਕੁਨ ਹਰਮਨ ਸਿੰਘ ਕਪੂਰ ਦੇ ਘਰ ਤੇ ਹਮਲਾ: ਕਿਉਂ ਹੋਇਆ ?

## ✪ ਉਹ ਕਿਉਂ ਕਰਦੇ ਹਨ ਖਾਲਿਸਤਾਨ ਤੇ ਸੰਤ ਭਿੰਡਰਾਂਵਾਲਿਆਂ ਦਾ ਵਿਰੋਧ ?

ਲੰਡਨ-ਯੂਕੇ ਵਿੱਚ ਰਹਿਣ ਵਾਲੇ ਸਿੱਖ ਕਾਰਕੁਨ ਹਰਮਨ ਸਿੰਘ ਕਪੂਰ ਦੇ ਘਰ ਉੱਤੇ ਹਾਲ ਹੀ ਵਿੱਚ ਹਮਲਾ ਹੋਇਆ ਹੈ। ਉਸ ਨੇ ਖਾਲਿਸਤਾਨੀਆਂ ਨੂੰ ਇਸ ਹਮਲੇ ਲਈ ਦੋਸ਼ੀ ਠਹਿਰਾਇਆ ਹੈ। 2-3 ਜਨਵਰੀ ਨੂੰ ਵਾਪਰੀ ਇਸ ਘਟਨਾ ਵਿੱਚ ਮੁਖੌਟੇ ਪਹਿਨੇ ਵਿਅਕਤੀਆਂ ਨੇ ਇੱਕ ਘੰਟੇ ਵਿੱਚ ਦੋ ਵਾਰ ਕਪੂਰ ਦੀਆਂ ਗੱਡੀਆਂ ਦੇ ਸ਼ੀਸ਼ੇ ਤੋੜੇ ਅਤੇ ਨੁਕਸਾਨ ਪਹੁੰਚਾਇਆ। ਕਪੂਰ ਅਨੁਸਾਰ ਉਹ ਉਸ ਵੇਲੇ ਦੇਸ਼ ਤੋਂ ਬਾਹਰ ਸਨ, ਪਰ ਉਨ੍ਹਾਂ ਦਾ ਪਰਿਵਾਰ ਨੂੰ ਖਤਰੇ ਵਿੱਚ ਸੀ। ਕਪੂਰ ਨੇ ਸੋਸ਼ਲ ਮੀਡੀਆ ਰਾਹੀਂ ਪੁਲਿਸ ਨੂੰ ਮੱਦਦ ਲਈ ਕਿਹਾ, ਪਰ ਪੁਲਿਸ ਨਹੀਂ ਆਈ। ਇਸ ਤੋਂ ਬਾਅਦ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਅਤੇ ਕਈ ਵਿਅਕਤੀਆਂ ਨੇ ਠੰਡ ਵਿੱਚ ਉਨ੍ਹਾਂ ਦੇ ਘਰ ਅੱਗੇ ਇਕੱਠੇ ਹੋ ਕੇ ਰੱਖਿਆ ਕੀਤੀ। ਕਪੂਰ ਨੇ ਸੀਸੀਟੀਵੀ ਵੀਡੀਓ ਵੀ ਸਾਂਝੀ ਕੀਤੀ ਜਿਸ ਵਿੱਚ ਹਮਲਾਵਰ ਗੱਡੀਆਂ ਨੂੰ ਨੁਕਸਾਨ ਪਹੁੰਚਾਉਂਦੇ ਨਜ਼ਰ ਆ ਰਹੇ ਹਨ।



ਹਰਮਨ ਸਿੰਘ ਕਪੂਰ ਲੰਡਨ ਵਿੱਚ ਇੱਕ ਰੈਸਟੋਰੈਂਟ ਚਲਾਉਂਦੇ ਹਨ ਅਤੇ ਉਹ ਖਾਲਿਸਤਾਨ ਅੰਦੋਲਨ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਵਿਰੋਧ ਵਿੱਚ ਖੁੱਲ੍ਹ ਕੇ ਬੋਲਦੇ ਰਹਿੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਖਾਲਿਸਤਾਨੀ ਕਟੜਵਾਦੀ ਹਨ ਤੇ ਸਿੱਖ ਧਰਮ ਨੂੰ ਬਦਨਾਮ ਕਰ ਰਹੇ ਹਨ। ਕਪੂਰ ਅਫਗਾਨਿਸਤਾਨ ਤੋਂ ਆਇਆ ਹੈ, ਜਿੱਥੇ ਉਸ ਨੇ ਅਫਗਾਨੀ ਕੱਟੜਵਾਦੀਆਂ ਦੇ ਖਿਲਾਫ ਲੜਾਈ ਲੜੀ ਸੀ। ਉਹ ਕਹਿੰਦਾ ਹੈ ਕਿ ਖਾਲਿਸਤਾਨੀ ਵੀ ਉਸੇ ਤਰ੍ਹਾਂ ਦੇ ਰੈਡੀਕਲ ਵਿਚਾਰਾਂ ਨੂੰ ਉਤਸ਼ਾਹਿਤ ਕਰਦੇ ਹਨ ਜਿਨ੍ਹਾਂ ਤੋਂ ਉਹ ਭੱਜ ਕੇ ਅਫਗਾਨਿਸਤਾਨ ਛਡਕੇ ਇਥੇ ਆਏ ਹਨ। ਕਪੂਰ ਨੇ ਆਪਣੇ ਸੋਸ਼ਲ ਮੀਡੀਆ ਪੋਸਟਾਂ ਵਿੱਚ ਸੰਤ ਭਿੰਡਰਾਂਵਾਲਿਆਂ ਵਿਰੁਧ ਤਿਖੇ ਤੇ ਘਟੀਆ ਸ਼ਬਦ ਬੋਲੇ ਸਨ ਅਤੇ ਕਿਹਾ ਹੈ ਕਿ ਉਨ੍ਹਾਂ ਨੇ ਦਰਬਾਰ ਸਾਹਿਬ ਵਿੱਚ ਹਥਿਆਰਾਂ ਨਾਲ ਆਸਰਾ ਲੈ ਕੇ ਸਿੱਖ ਧਰਮ ਨੂੰ ਨੁਕਸਾਨ ਪਹੁੰਚਾਇਆ ਸੀ ਜਦ ਕਿ ਅਕਾਲ ਤਖਤ ਸਾਹਿਬ ਤੋਂ ਸੰਤਾਂ ਨੂੰ ਮਹਾਨ ਜਰਨੈਲ ਕਰਾਰ ਦਿਤਾ ਸੀ। ਇਸ ਹਮਲੇ ਦਾ ਕਾਰਨ ਸਿੱਧੇ ਤੌਰ ਤੇ ਕਪੂਰ ਦੇ ਖਾਲਿਸਤਾਨ ਵਿਰੋਧੀ ਵਿਚਾਰ ਹਨ। ਉਹ ਲਗਾਤਾਰ ਸੋਸ਼ਲ ਮੀਡੀਆ ਤੇ ਪੋਸਟਾਂ ਪਾ ਕੇ ਖਾਲਿਸਤਾਨ ਨੂੰ 'ਭੰਡਦਾ' ਰਹਿੰਦਾ ਹੈ ਅਤੇ ਕਹਿੰਦਾ ਹੈ ਕਿ ਇਹ ਅੰਦੋਲਨ ਪਾਕਿਸਤਾਨੀ ਏਜੰਸੀ ਆਈਐੱਸਆਈ ਵੱਲੋਂ ਆਰਥਿਕ ਸਹਿਯੋਗ ਦਿਤਾ ਜਾਂਦਾ ਹੈ। ਉਨ੍ਹਾਂ ਨੂੰ ਪਹਿਲਾਂ ਵੀ ਧਮਕੀਆਂ ਮਿਲੀਆਂ ਹਨ। 2023 ਵਿੱਚ ਉਨ੍ਹਾਂ ਨੇ ਇੱਕ ਵੀਡੀਓ ਪੋਸਟ ਕੀਤੀ ਸੀ ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਖਾਲਿਸਤਾਨ ਅੰਦੋਲਨ ਭਾਰਤ ਵਿੱਚ ਨਹੀਂ ਚੱਲ ਰਿਹਾ ਪਰ ਵਿਦੇਸ਼ਾਂ ਵਿੱਚ ਰਹਿਣ ਵਾਲੇ ਕੁਝ ਲੋਕ ਇਸ ਨੂੰ ਚਲਾਉਣਾ ਚਾਹੁੰਦੇ ਹਨ। ਇਸ ਤੋਂ ਬਾਅਦ ਉਨ੍ਹਾਂ ਨੂੰ ਮੌਤ ਦੀਆਂ ਧਮਕੀਆਂ ਮਿਲੀਆਂ, ਰੈਸਟੋਰੈਂਟ ਉਪਰ ਹਮਲਾ ਹੋਇਆ ਅਤੇ ਗੱਡੀ ਤੇ ਗੋਲੀਆਂ ਚੱਲੀਆਂ। ਹਾਲ ਹੀ ਵਿੱਚ ਲਾਸ ਵੇਗਾਸ ਵਿੱਚ ਵੀ ਖਾਲਿਸਤਾਨ ਸਮਰਥਕਾਂ ਨੇ ਉਨ੍ਹਾਂ ਤੇ ਹਮਲਾ ਕੀਤਾ ਅਤੇ ਧੱਕਾ ਦਿੱਤਾ।

ਹਰਮਨ ਸਿੰਘ ਕਪੂਰ ਦੇ ਤਿੱਖੇ ਵਿਚਾਰਾਂ ਨੇ ਉਨ੍ਹਾਂ ਨੂੰ ਆਪਣੇ ਸਿੱਖ ਸਮਾਜ ਵਿੱਚੋਂ ਅਲੱਗ-ਥਲੱਗ ਕਰ ਦਿੱਤਾ ਹੈ। ਉਨ੍ਹਾਂ ਨੂੰ ਆਪਣੇ ਹੀ ਲੋਕਾਂ ਵੱਲੋਂ 'ਗੱਦਾਰ' ਕਿਹਾ ਜਾਂਦਾ ਹੈ ਕਿਉਂਕਿ ਉਹ ਖਾਲਿਸਤਾਨ ਤੇ ਸੰਤ ਭਿੰਡਰਾਂਵਾਲਿਆਂ ਦੇ ਵਿਰੋਧੀ ਹਨ।

ਕਪੂਰ ਨੇ ਕਿਹਾ ਹੈ ਕਿ ਮੈਟ ਪੁਲਿਸ ਅਪਰਾਧੀਆਂ ਨਾਲ ਮਿਲੀ ਹੋਈ ਹੈ ਅਤੇ ਉਨ੍ਹਾਂ ਨੂੰ ਸੁਰੱਖਿਆ ਨਹੀਂ ਮਿਲ ਰਹੀ। ਉਨ੍ਹਾਂ ਨੇ ਯੂਕੇ ਪ੍ਰਧਾਨ ਮੰਤਰੀ ਅਤੇ ਮੇਅਰ ਨੂੰ ਅਪੀਲ ਕੀਤੀ ਹੈ ਕਿ ਖਾਲਿਸਤਾਨੀਆਂ ਵਿਰੁੱਧ ਕਾਰਵਾਈ ਕੀਤੀ ਜਾਵੇ। ਇਹ ਘਟਨਾ ਸਿੱਖ ਡਾਇਸਪੋਰਾ ਵਿੱਚ ਚੱਲ ਰਹੇ ਵਿਵਾਦਾਂ ਦੀ ਇੱਕ ਮਿਸਾਲ ਹੈ ਅਤੇ ਇਸ ਨੂੰ ਹੱਲ ਕਰਨ ਲਈ ਸੰਵਾਦ ਦੀ ਲੋੜ ਹੈ। ਬਹੁਤੇ ਸਿੱਖ ਕਪੂਰ ਨੂੰ ਠੀਕ ਨਹੀ ਮੰਨ ਰਹੇ ਕਿ ਉਹ ਬੇਵਜਾ ਵਿਵਾਦ ਖੜੇ ਕਰ ਰਹੇ ਹਨ।

# ਪ੍ਰੇਮਿਕਾ ਨੂੰ ਉਸ ਦੇ ਘਰ ਮਿਲਣ ਗਏ ਪ੍ਰੇਮੀ ਦੀ ਪਰਿਵਾਰ ਵਲੋਂ ਗਿੱਦੜ ਕੁਟ-ਇਲਾਜ ਦੌਰਾਨ ਮੌਤ

ਬਮਿਆਲ-ਇਥੋਂ ਦੇ ਪਿੰਡ ਕੋਲੀਆਂ ਵਿਖੇ ਆਪਣੀ ਪ੍ਰੇਮਿਕਾ ਨੂੰ ਮਿਲਣ ਗਏ ਨੌਜਵਾਨ ਦੀ ਉਸ ਦੇ ਪਰਿਵਾਰਕ ਮੈਂਬਰਾਂ ਵਲੋਂ ਕੁੱਟ-ਕੁੱਟ ਕੇ ਗੰਭੀਰ ਜ਼ਖ਼ਮੀ ਕਰ ਦਿੱਤਾ ਗਿਆ, ਜਿਸ ਦੀ ਬਾਅਦ 'ਚ ਹਸਪਤਾਲ ਵਿਚ ਇਲਾਜ ਦੌਰਾਨ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਕੁਸ਼ਲ ਕੁਮਾਰ ਵਜੋਂ ਹੋਈ ਹੈ, ਜੋ ਕਿ ਪਿੰਡ ਝੇਲਾ ਆਮਦਾਂ ਦੇ ਵਾਸੀ ਬਲਬੀਰ ਕੁਮਾਰ ਦਾ ਪੁੱਤਰ ਹੈ। ਮ੍ਰਿਤਕ ਦੇ ਪਿਤਾ ਬਲਬੀਰ ਕੁਮਾਰ ਨੇ ਦੋਸ਼ ਲਗਾਇਆ ਹੈ ਕਿ ਉਸ ਦਾ ਪੁੱਤਰ ਕੁਸ਼ਲ ਕੁਮਾਰ ਪਿਛਲੇ 7 ਸਾਲਾ ਤੋਂ ਇਲਾਕੇ ਦੀ ਇਕ ਲੜਕੀ ਨਾਲ ਪ੍ਰੇਮ ਸੰਬੰਧਾਂ ਵਿਚ ਸੀ। ਪਿਛਲੇ ਸਨਿਚਰਵਾਰ (3 ਜਨਵਰੀ) ਨੂੰ ਲੜਕੀ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਉਸ ਦੇ ਪੁੱਤਰ ਨੂੰ ਆਪਣੇ ਘਰ ਬੁਲਾਉਣ ਦੀ ਸਾਜ਼ਿਸ਼ ਰਚੀ ਅਤੇ ਉਸ ਨੂੰ ਮਾਰ ਦਿੱਤਾ। ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਨਰੋਟ ਜੈਮਲ ਸਿੰਘ ਥਾਣਾ ਪੁਲਿਸ ਨੇ ਗੰਭੀਰ ਜ਼ਖ਼ਮੀ ਨੌਜਵਾਨ ਨੂੰ ਇਲਾਜ ਲਈ ਨਰੋਟ ਜੈਮਲ ਸਿੰਘ ਸਰਕਾਰੀ ਹਸਪਤਾਲ ਵਿਚ ਦਾਖਲ ਕਰਵਾਇਆ, ਜਿਥੇ ਕੁਸ਼ਲ ਕੁਮਾਰ ਦੀ ਗੰਭੀਰ ਹਾਲਤ ਕਾਰਨ ਉਸ ਨੂੰ ਪਠਾਨਕੋਟ ਜ਼ਿਲ੍ਹਾ ਹਸਪਤਾਲ ਰੈਫ਼ਰ ਕਰ ਦਿੱਤਾ ਗਿਆ, ਉਥੋਂ ਉਸ ਦੇ ਪਰਿਵਾਰਕ ਮੈਂਬਰ ਉਸ ਨੂੰ ਇਲਾਜ ਲਈ ਇਕ ਨਿੱਜੀ ਹਸਪਤਾਲ ਲੈ ਗਏ, ਜਿਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।



# ਅਕਾਲੀ ਆਗੂ ਤੇ ਸਾਬਕਾ ਮੰਤਰੀ ਰਘੁਬੀਰ ਸਿੰਘ ਚਲ ਵਸੇ, ਸਿਆਸੀ ਜਗਤ ਵਿਚ ਸੋਗ ਦੀ ਲਹਿਰ

ਕਪੂਰਥਲਾ-ਕਪੂਰਥਲਾ ਵਿਧਾਨ ਸਭਾ ਹਲਕੇ ਦੇ ਸਾਬਕਾ ਵਿਧਾਇਕ ਅਤੇ ਪੰਜਾਬ ਦੇ ਸਾਬਕਾ ਟਰਾਂਸਪੋਰਟ ਮੰਤਰੀ ਰਘੁਬੀਰ ਸਿੰਘ ਦਾ ਬੀਤੇ ਐਤਵਾਰ ਨੂੰ ਕੁਝ ਸਮੇਂ ਤੋਂ ਬਿਮਾਰ ਰਹਿਣ ਤੋਂ ਬਾਅਦ ਦੇਹਾਂਤ ਹੋ ਗਿਆ। ਰਘੁਬੀਰ ਸਿੰਘ ਸਵਰਗੀ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਦਿੱਗਜ ਆਗੂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਬੇਹੱਦ ਕਰੀਬੀ ਸਾਥੀ ਸਨ। ਉਨ੍ਹਾਂ ਨੇ ਹਸਪਤਾਲ ਵਿੱਚ ਇਲਾਜ ਦੌਰਾਨ ਆਖਰੀ ਸਾਹ ਲਿਆ।



# ਪੜ੍ਹਾਈ ਜਾਰੀ ਰਖਣ ਕਾਰਣ ਪਿਤਾ ਵੱਲੋਂ ਧੀ ਦਾ ਬੇਰਹਿਮੀ ਨਾਲ ਕਤਲ

## ✪ ਪਿੰਡ ਮਿੱਡਾ 'ਚ ਵਾਰਦਾਤ ਮਗਰੋਂ ਮੁਲਜ਼ਮ ਫ਼ਰਾਰ

ਲੰਬੀ-ਪਿੰਡ ਮਿੱਡਾ ਵਿੱਚ ਪਿਤਾ ਵੱਲੋਂ ਆਪਣੀ ਧੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਮ੍ਰਿਤਕਾ ਦੀ ਪਛਾਣ ਕਰੀਬ 18 ਸਾਲਾ ਚਮਨਦੀਪ ਕੌਰ ਵਜੋਂ ਹੋਈ ਹੈ। ਇਸ ਧੀ ਦਾ ਕਸੂਰ ਸਿਰਫ਼ ਇਹ ਸੀ ਕਿ ਉਹ ਅੱਗੇ ਪੜ੍ਹਨਾ ਚਾਹੁੰਦੀ ਸੀ, ਜਦਕਿ ਉਸ ਦਾ ਪਿਤਾ ਇਸ ਦੇ ਖ਼ਿਲਾਫ਼ ਸੀ। ਇਸੇ ਗੱਲ 'ਤੇ ਅਕਸਰ ਘਰ ਵਿੱਚ ਕਲੇਸ਼ ਰਹਿੰਦਾ ਸੀ। ਚਮਨਦੀਪ ਕੌਰ ਮੁਹਾਲੀ ਸਥਿਤ ਸੀ ਜੀ ਸੀ ਕਾਲਜ ਵਿੱਚ ਬੀ.ਕਾਮ ਕਰ ਰਹੀ ਸੀ ਅਤੇ ਛੁੱਟੀਆਂ ਵਿੱਚ ਘਰ ਆਈ ਸੀ।



ਜਾਣਕਾਰੀ ਮੁਤਾਬਕ ਚਮਨਦੀਪ ਕੌਰ ਸਵੇਰੇ ਕਰੀਬ ਸੱਤ ਵਜੇ ਆਪਣੇ ਕਮਰੇ ਵਿੱਚ ਸੌਂ ਰਹੀ ਸੀ ਕਿ ਉਸ ਦੇ ਪਿਤਾ ਹਰਪਾਲ ਸਿੰਘ ਪਾਲਾ ਨੇ ਕਹੀ ਨਾਲ ਉਸ 'ਤੇ ਕਈ ਵਾਰ ਕੀਤੇ। ਇਹ ਹਮਲਾ ਇੰਨਾ ਜਬਰਦਸਤ ਸੀ ਕਿ ਕਹੀ ਦੇ ਵਾਰ ਸਿੱਧੇ ਲੜਕੀ ਦੇ ਮੂੰਹ ਅਤੇ ਗਰਦਨ 'ਤੇ ਲੱਗੇ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਵਾਰਦਾਤ ਤੋਂ ਬਾਅਦ ਮੁਲਜ਼ਮ ਮੌਕੇ ਤੋਂ ਹਥਿਆਰ ਸਣੇ ਫ਼ਰਾਰ ਹੋ ਗਿਆ। ਇਸ ਤੋਂ ਘਬਰਾਈ ਮ੍ਰਿਤਕਾ ਦੀ ਮਾਂ ਜਸਵਿੰਦਰ ਕੌਰ ਨੇ ਰੌਲਾ ਪਾ ਦਿੱਤਾ ਅਤੇ ਪੁਲੀਸ ਨੂੰ ਸੂਚਨਾ ਦੇ ਦਿੱਤੀ। ਥਾਣਾ ਕਬਰਵਾਲਾ ਦੀ ਮੁਖੀ ਹਰਪ੍ਰੀਤ ਕੌਰ ਪੁਲੀਸ ਅਮਲੇ ਸਮੇਤ ਤੁਰੰਤ ਮੌਕੇ 'ਤੇ ਪੁੱਜੀ ਅਤੇ ਲਾਸ਼ ਨੂੰ ਕਬਜ਼ੇ ਵਿੱਚ ਲਿਆ।

### ਸਵੇਰੇ ਮਾਂ-ਪਿਓ 'ਚ ਹੋਈ ਸੀ ਤਕਰਾਰ

ਮ੍ਰਿਤਕਾ ਦੀ ਮਾਂ ਜਸਵਿੰਦਰ ਕੌਰ ਨੇ ਪੁਲੀਸ ਨੂੰ ਦੱਸਿਆ ਕਿ ਚਮਨਦੀਪ ਕੌਰ ਦੀ ਪੜ੍ਹਾਈ ਸਬੰਧੀ ਸਵੇਰੇ ਉਨ੍ਹਾਂ ਦੋਵਾਂ (ਪਤੀ-ਪਤਨੀ) ਵਿਚਕਾਰ ਕਾਫ਼ੀ ਤਕਰਾਰ ਹੋਈ ਸੀ, ਜਿਸ ਉਪਰੰਤ ਗੁੱਸੇ ਵਿੱਚ ਉਸ ਦੇ ਪਤੀ ਨੇ ਹੱਤਿਆ ਕੀਤੀ। ਥਾਣਾ ਕਬਰਵਾਲਾ ਨੇ ਮ੍ਰਿਤਕਾ ਦੀ ਮਾਂ ਜਸਵਿੰਦਰ ਕੌਰ ਦੇ ਬਿਆਨਾਂ 'ਤੇ ਮੁਲਜ਼ਮ ਹਰਪਾਲ ਸਿੰਘ ਪਾਲਾ ਵਾਸੀ ਮਿੱਡਾ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਫ਼ਰਾਰ ਮੁਲਜ਼ਮ ਦੀ ਭਾਲ ਕੀਤੀ ਜਾ ਰਹੀ।

# ਨਵੇਂ ਸਾਲ ਦੇ ਸ਼ਾਹੀ ਸਨਮਾਨਾਂ ਦੀ ਸੂਚੀ ਜਾਰੀ-ਵੱਖ ਵੱਖ ਖੇਤਰਾਂ ਵਿੱਚ ਯੋਗਦਾਨ ਪਾਉਣ ਵਾਲੇ ਸਿੱਖਾਂ ਦਾ ਸ਼ਾਹੀ ਖਿਤਾਬਾਂ ਨਾਲ ਸਨਮਾਨ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਨਵੇਂ ਸਾਲ ਮੌਕੇ ਮਹਾਰਾਜਾ ਚਾਰਲਸ ਤੀਜੇ ਵੱਲੋਂ ਵੱਖ ਵੱਖ ਖੇਤਰਾਂ ਵਿੱਚ ਯੋਗਦਾਨ ਪਾਉਣ ਵਾਲੇ ਲੋਕਾਂ ਨੂੰ ਨਵੇਂ ਸਾਲ ਮੌਕੇ ਸ਼ਾਹੀ ਖਿਤਾਬਾਂ ਨਾਲ ਸਨਮਾਨਿਤ ਕੀਤਾ ਗਿਆ ਹੈ। ਜਿਹਨਾਂ ਵਿੱਚ ਸਿੱਖ ਧਰਮ ਅਤੇ ਵਿਰਾਸਤ, ਉਦਯੋਗਿਕ ਖੇਤਰ, ਅਕਾਦਮਿਕ ਅਤੇ ਵਿੱਤੀ ਸੇਵਾਵਾਂ ਤੋਂ ਲੈ ਕੇ ਫੈਸ਼ਨ ਅਤੇ ਕਲਾ ਨਾਲ ਸਬੰਧਿਤ ਸਿੱਖ ਪਿਛੋਕੜ ਵਾਲੇ ਲੋਕ ਸ਼ਾਮਿਲ ਹਨ।***

ਗੁਰਮਤਿ ਸੰਗੀਤ ਅਕੈਡਮੀ ਦੇ ਸੰਸਥਾਪਕ ਡਾ. ਹਰਜਿੰਦਰ ਸਿੰਘ ਲਾਲੀ ਨੂੰ ਓ ਬੀ ਈ ਦੇ ਖਿਤਾਬ ਨਾਲ ਸਨਮਾਨਿਤ ਕੀਤਾ ਹੈ ਜਿਹਨਾਂ ਨੇ ਤਿੰਨ ਦਹਾਕਿਆਂ ਤੋਂ ਅਧਿਆਪਨ ਅਤੇ ਭਾਈਚਾਰਕ ਆਗੂ ਵਜੋਂ ਸੇਵਾਵਾਂ ਕਰਦਿਆਂ ਸਿੱਖ ਸੰਗੀਤ ਵਿਰਾਸਤ ਲਈ ਅਹਿਮ ਯੋਗਦਾਨ ਪਾਇਆ ਹੈ। ਉਹਨਾਂ ਦੇ ਉਦਮ ਸਦਕਾ ਹੀ ਯੂ ਕੇ ਵਿੱਚ ਮਿਊਜ਼ਿਕ ਟੀਚਰ ਬੋਰਡ ਰਾਹੀਂ ਕੀਰਤਨ ਸਿਖਲਾਈ ਨੂੰ ਵਿਦਿਅਕ ਖੇਤਰ ਵਿੱਚ ਮਾਨਤਾ ਮਿਲੀ। ਇਸ ਅੱਠ-ਗ੍ਰੇਡ ਪ੍ਰਣਾਲੀ ਵਿੱਚ ਦਿਲਰੁਬਾ, ਤਾਊਸ, ਐਸਰਾਜ, ਸਾਰੰਗੀ ਅਤੇ ਸਰੰਦਾ ਵਰਗੇ ਰਵਾਇਤੀ ਯੰਤਰ ਸ਼ਾਮਲ ਹਨ।

ਬਰਤਾਨੀਆਂ ਦੇ ਵਿੱਤੀ ਵਿਭਾਗਾਂ ਵਿੱਚ ਸੇਵਾਵਾਂ ਦੇਣ ਵਾਲੀ ਨੀਤਾ ਅਟਕੜ ਨੂੰ ਸੀ ਬੀ ਈ ਦੇ ਖਿਤਾਬ ਦਿੱਤਾ ਗਿਆ ਹੈ। ਵਿੱਤੀ ਖੇਤਰ 30 ਸਾਲਾਂ ਤੋਂ ਵੱਧ ਸਮਾਂ ਸੇਵਾਵਾਂ ਦੇਣ ਵਾਲੀ ਨੀਤਾ ਨੇ ਬੈਂਕ ਆਫ਼ ਇੰਗਲੈਂਡ ਅਤੇ ਆਰਥਿਕ ਸੇਵਾ ਅਥਾਰਟੀ ਤੋਂ ਕੰਮ ਸ਼ੁਰੂ ਕੀਤਾ। ਉਹਨਾਂ ਲੋਇਡਜ਼ ਬੈਂਕਿੰਗ ਗਰੁੱਪ ਅਤੇ ਟੀ ਐਸ ਬੀ ਬੈਂਕ ਸਮੇਤ ਕਈ ਵਿੱਤੀ ਸੰਸਥਾਵਾਂ ਵਿੱਚ ਮੋਹਰੀ ਭੂਮਿਕਾਵਾਂ ਨਿਭਾਈਆਂ। ਨੀਤਾ ਹੁਣ ਕੁਇਲਟਰ ਪੀ ਐਲ ਸੀ ਬੋਰਡ ਕਮੇਟੀ ਦੀ ਚੇਅਰਪਰਸਨ ਹੈ।



ਡਾ. ਹਰਜਿੰਦਰ ਸਿੰਘ ਲਾਲੀ ਓ ਬੀ.ਈ., ਨੀਤਾ ਅਟਕੜ ਸੀ.ਬੀ.ਈ., ਬਲਬੀਰ ਸਿੰਘ ਐਮ.ਬੀ.ਈ., ਮਨੀ ਕੋਹਲੀ ਐਮ.ਬੀ.ਈ., ਪ੍ਰੋਫੈਸਰ ਅਵਤਾਰ ਸਿੰਘ ਮਠਾਰੂ ਐਮ.ਬੀ.ਈ. ਅਤੇ ਪ੍ਰੋਫੈਸਰ ਗੁਰਪ੍ਰੀਤ ਸਿੰਘ ਜਗਪਾਲ ਓ.ਬੀ.ਈ

ਬਰਤਾਨਵੀ ਕੋਰੀਓਗ੍ਰਾਫਰ ਅਤੇ ਕਲਾਤਮਕ ਨਿਰਦੇਸ਼ਕ ਬਲਬੀਰ ਸਿੰਘ ਨੂੰ ਐਮ ਬੀ ਈ ਦਾ ਸਨਮਾਨ ਦਿੱਤਾ ਹੈ। ਉਹ ਲੀਡਜ਼ ਵਿੱਚ ਬੀ ਐਸ ਡੀ ਸੀ ਦੇ ਸੰਸਥਾਪਕ ਹਨ। ਜੋ ਕਲਾ ਨ੍ਰਿਤ ਦੇ ਖੇਤਰ ਵਿੱਚ ਲੰਮੇਂ ਸਮੇਂ ਤੋਂ ਕੰਮ ਕਰ ਰਹੇ ਹਨ। ਉਹ ਅਕਸਰ ਹੀ ਪੰਜਾਬੀ ਸੱਭਿਆਚਾਰ, ਵਿਰਾ-ਸਤ ਨੂੰ ਮਹੱਤਵ ਦਿੰਦੇ ਹਨ। ਇਸ ਤੋਂ ਇਲਾਵਾ ਬਰਤਾਨਵੀ ਫੈਸ਼ਨ ਦੇ ਖੇਤਰ ਵਿੱਚ 40 ਸਾਲ ਤੋਂ ਵੱਧ ਸਮੇਂ ਤੋਂ ਕੰਮ ਕਰ ਰਹੇ ਮਨੀ ਕੋਹਲੀ ਨੂੰ ਐਮ ਬੀ ਈ ਦਾ ਖਿਤਾਬ ਦਿੱਤਾ ਹੈ। ਉਹ ਬਰਤਾਨੀਆਂ ਵਿੱਚ ਦੱਖਣੀ ਏਸ਼ੀਆਈ ਫੈਸ਼ਨ ਦੇ ਵਿਕਾਸ ਲਈ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ। ਉਸਦੇ ਕੰਮ ਨੇ ਨਵੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕੀਤਾ ਹੈ। ਉਹ ਭਾਰਤ ਵਿੱਚ ਮਹਿਲਾ ਕਾਰੀਗਰਾਂ ਅਤੇ ਵਿਰਾਸਤੀ ਸ਼ਿਲਪਕਾਰਾਂ ਦੀ ਮਦਦ ਕਰਦੀ ਹੈ।

ਯੌਰਕ ਯੂਨੀਵਰਸਿਟੀ ਵਿੱਚ ਕੈਮਿਸਟਰੀ ਪ੍ਰੋਫੈਸਰ ਵਜੋਂ ਸੇਵਾਵਾਂ ਦੇ ਰਹੇ ਪ੍ਰੋਫੈਸਰ ਅਵਤਾਰ ਸਿੰਘ ਮਠਾਰੂ ਦਾ ਐਮ ਬੀ ਈ ਨਾਲ ਸਨਮਾਨ ਕੀਤਾ ਗਿਆ। ਉਨ੍ਹਾਂ ਦੀ ਅਗਵਾਈ ਵਿੱਚ ਯੌਰਕ ਇੰਟਰਫੇਥ ਗਰੁੱਪ ਨੇ ਨਫ਼ਰਤੀ ਅਪਰਾਧ ਅਤੇ ਨਸਲੀ ਵਿਤਕਰਿਆਂ ਨਾਲ ਨਜਿੱਠਣ ਲਈ ਸਥਾਨਕ ਅਧਿਕਾਰੀਆਂ ਅਤੇ ਪੁਲਿਸ ਨਾਲ ਮਿਲ ਕੇ ਕੰਮ ਕੀਤਾ।

ਪ੍ਰੋਫੈਸਰ ਗੁਰਪ੍ਰੀਤ ਸਿੰਘ ਜਗਪਾਲ ਨੂੰ ਓ ਬੀ ਈ ਦਾ ਖਿਤਾਬ ਦਿੱਤਾ ਗਿਆ ਹੈ, ਜੋ ਐਸਟਨ ਯੂਨੀਵਰਸਿਟੀ ਵਿੱਚ ਮੁੱਖ ਵਪਾਰਕ ਅਧਿਕਾਰੀ ਵਜੋਂ ਯੂਨੀਵਰਸਿਟੀ ਦੀ ਵਿਕਾਸ ਰਣਨੀਤੀ ਅਤੇ ਵਪਾਰਕ ਵਿਕਾਸ ਲਈ ਕੰਮ ਕਰਦੇ ਹਨ। ਉਹ ਯੂ ਕੇ ਦੀਆਂ ਹੋਰ ਯੂਨੀਵਰਸਿਟੀਆਂ ਵਿੱਚ ਪ੍ਰੋ ਵਾਈਸ-ਚਾਂਸਲਰ ਅਤੇ ਖੋਜ, ਉੱਦਮ ਅਤੇ ਨਵੀਨਤਾ ਦੇ ਨਿਰਦੇਸ਼ਕ ਸਮੇਤ ਕਈ ਭੂਮਿਕਾਵਾਂ ਨਿਭਾ ਚੁੱਕੇ ਹਨ।

ਇਸ ਤੋਂ ਇਲਾਵਾ ਦਲਜੀਤ ਸਿੰਘ ਰੀਹਲ ਮੁੱਖ ਡਿਜੀਟਲ ਸੂਚਨਾ ਅਧਿਕਾਰੀ, ਐਚ ਐਮ ਆਰ ਅਤੇ ਕਸਟਮਜ਼ ਨੂੰ ਸੀ ਬੀ, ਈ, ਨਰਿੰਦਰ ਕੌਰ ਸ਼ੇਰਗਿਲ ਸੁਰੱਖਿਆ ਸਲਾਹਕਾਰ, ਨਿਆਂ ਪ੍ਰਸ਼ਾਸਨ (ਲੰਡਨ) ਨੂੰ ਓ ਬੀ ਈ, ਕੁਲਵੰਤ ਸਿੰਘ ਸੈਹਮੀ ਨੂੰ ਐਨ ਐਚ ਐਸ ਫਾਊਂਡੇਸ਼ਨ ਟਰੱਸਟ ਮੁਰਫੀਲਡ ਹਸਪਤਾਲ ਦੀਆਂ ਸੇਵਾਵਾਂ ਲਈ ਐਮ ਬੀ ਈ, ਮਨਜਿੰਦਰ ਸਿੰਘ ਕਾਂਗ ਨੂੰ ਭਾਈਚਰਕ ਸੁਰੱਖਿਆ ਸੇਵਾਵਾਂ ਨੈੱਟਵਰਕ ਰੇਲ ਲਈ ਬੀ ਈ ਐਮ, ਭਜਨ ਮਠਾੜੂ ਸਹਾਇਕ ਮੁੱਖ ਅਧਿਆਪਕ, ਡੀਨਸਫੀਲਡ ਲੰਡਨ ਬਾਰੋ ਆਫ਼ ਹਿਲਿੰਗਡਨ ਨੂੰ ਬੀ ਈ ਐਮ, ਸਭੀਜਿੰਦਰ ਸਿੰਘ ਹੇਅਰ ਨੂੰ ਭਾਈਚਾਰਕ ਸੇਵਾਵਾਂ ਲਈ ਬੀ ਈ ਐਮ ਦਾ ਖਿਤਾਬ ਦਿੱਤਾ ਗਿਆ ਹੈ।

# ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਜੱਗੀ ਜੌਹਲ ਦੀ ਰਿਹਾਈ ਲਈ ਉਠਾਇਆ ਮਾਮਲਾ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਭਾਰਤ ਵਿੱਚ ਗ੍ਰਿਫਤਾਰ ਜਗਤਾਰ ਸਿੰਘ ਜੱਗੀ ਜੌਹਲ ਦਾ ਮਾਮਲਾ ਉਠਾਇਆ ਹੈ। ਸੰਸਦ ਵਿੱਚ ਸੰਬੋਧਨ ਕਰਦਿਆਂ ਅੱਜ ਐਮ ਪੀ ਢੇਸੀ ਨੇ ਬਰਤਾਨੀਆਂ ਦੀ ਸੰਸਦ ਵਿੱਚ ਸਰਕਾਰ ਨੂੰ ਪੁੱਛਿਆ ਕਿ ਮੇਰੇ ਸਲੋਹ ਹਲਕੇ ਦੇ ਲੋਕ ਭਾਰਤ ਵਿੱਚ ਹਿਰਾਸਤ ਵਿੱਚ ਰੱਖੇ ਹੋਏ ਜਗਤਾਰ ਸਿੰਘ ਜੱਗੀ ਜੌਹਲ ਦੀ ਰਿਹਾਈ ਲਈ ਪੁੱਛ ਰਹੇ ਹਨ। ਜਿਸ ਨੂੰ ਯੂ ਐਨ ਓ ਵਿੱਚ ਜਬਰੀ ਹਿਰਾ-ਸਤ ਵਿੱਚ ਦੱਸਿਆ ਗਿਆ ਹੈ। ਐਮ ਪੀ ਢੇਸੀ ਨੇ ਕਿਹਾ ਕਿ ਉਹ ਇਸ ਮਾਮਲੇ ਨੂੰ ਕਈ ਵਾਰ ਸੰਸਦ ਵਿੱਚ ਉਠਾ ਚੁੱਕੇ ਹਨ, 2017 ਤੋਂ ਭਾਰਤ ਵਿੱਚ ਨਜ਼ਰਬੰਦ ਜੱਗੀ ਲਈ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਕੀ ਕਰ ਰਹੇ ਹਨ? ਜਿਸ ਦੇ ਜਵਾਬ ਵਿੱਚ ਸਦਨ ਦੇ ਨੇਤਾ ਨੇ ਕਿਹਾ ਕਿ ਐਮ ਪੀ ਢੇਸੀ ਇਸ ਮਾਮਲੇ ਨੂੰ ਕਈ ਵਾਰ ਸੰਸਦ ਵਿੱਚ ਉਠਾ ਚੁੱਕੇ ਹਨ, ਅਸੀਂ ਇਸ ਮਾਮਲੇ ਨੂੰ ਤੇਜ਼ੀ ਨਾਲ ਨਜਿੱਠਣ ਲਈ ਵਚਣਵੱਧ ਹਾਂ, ਵਿਦੇਸ਼ ਮੰਤਰਾਲਾ ਲਗਾਤਾਰ ਜੌਹਲ ਅਤੇ ਉਸ ਦੇ ਪ੍ਰਵਿਾਰ ਦੀ ਮਦਦ ਕਰ ਰਿਹਾ ਹੈ। ਇਹ ਮਾਮਲਾ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਬਰਤਾਨੀਆਂ ਸਰਕਾਰ ਵੱਲੋਂ ਸਿੱਧੇ ਤੌਰ ਤੇ ਉਠਾਇਆ ਗਿਆ ਹੈ। ਉਹ ਦੁਬਾਰਾ ਇਸ ਨੂੰ ਯਾਦ ਕਰਵਾਉਣਗੇ।


JSR CONTRACTS LTD T/A
JSR 247 RECOVERY

Reliable Vehicle Transport & Recovery Services - Local and Nationwide

We provide professional and efficient vehicle transport solutions tailored to your needs:



• Local and Nationwide Vehicle Transport – Single or multiple vehicles
• Trade Plate Deliveries & Collections – Fast and compliant vehicle movements
• Auction Collections & Dealership Transfers – Safe and timely service
• Transport for Non-Runners & Damaged Vehicles – Secure and careful handling
• Customer Handovers, Scheduled Deliveries, Professional presentation every time
• Flexible Scheduling & Competitive Pricing – Quality service that fits your budget

Whether you're a dealership, trader, or private customer, we ensure your vehicles are transported safely and on time.

Contact us today for a reliable quote and hassle-free service!

We are available 24X7 and cover Bilston, West Bromwich, Dalston, Walsall, Wednesbury, Wednesfield, Willenhall, Wolverhampton, Dudley, Hilltop, Great Bridge and the surrounding areas for the recovery services. We have the full insurance.

ਜੇ. ਐਸ. ਆਰ. 247 ਰਿਕਵਰੀ

ਵੱਲੋਂ ਆਪ ਜੀ ਦੀ ਸਹੂਲਤ ਲਈ ਕਾਰ ਰਿਕਵਰੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਆਪ ਜੀ ਦੇ ਸਹਿਯੋਗ ਦੀ ਲੋੜ ਹੈ।

ਕਿਰਪਾ ਕਰਕੇ ਸੇਵਾ ਦਾ ਮੌਕਾ ਦਿਓ।

* ਏਰੀਆ ਅਤੇ ਸਰਵਿਸ ਸੱਤੇ ਦਿਨ 24 ਘੰਟੇ ਤੁਹਾਡੀ ਸੇਵਾ ਵਿੱਚ ਹਾਜ਼ਿਰ ਹਨ।
* ਬਿਲਸਟਨ, ਵੈਸਟ ਬਰੋਮਵਿਚ, ਡਾਰਲਸਟਨ, ਵਾਲਸਾਲ, ਵੈਡਨਸਬਰੀ, ਵੈਡਨਸਫ਼ੀਲਡ, ਵਿਲਨਹਾਲ, ਵੂਲਵਰਹੈਂਪਟਨ, ਡਡਲੀ, ਹਿੱਲਟਾਪ, ਗ੍ਰੇਟ ਬ੍ਰਿਜ ਦੇ ਆਸ ਪਾਸ ਕਿਤੇ ਵੀ ਗੱਡੀ ਰਿਕਵਰੀ ਦੀ ਸਰਵਿਸ ਪ੍ਰਦਾਨ ਕਰਦੇ ਹਾਂ।
* ਇੱਕ ਜਾਂ ਵੱਧ ਕਾਰਾਂ, ਟ੍ਰੇਡ ਪਲੇਟ, ਲੋਕਲ ਜਾਂ ਪੂਰੇ ਯੂ ਕੇ ਵਿੱਚ ਚੱਕ ਤੇ ਛੱਡ ਸਕਦੇ ਹਾਂ।

ਸਾਡੇ ਕੋਲ ਪੂਰੀ ਇੰਸ਼ੋਰੈਂਸ ਹੈ। ਤੁਹਾਨੂੰ ਘਬਰਾਉਣ ਦੀ ਕੋਈ ਲੋੜ ਨਹੀ।

ਵਧੇਰੇ ਜਾਣਕਾਰੀ ਜਾਂ ਬੁਕਿੰਗ ਲਈ ਹੇਠਾਂ ਦਿੱਤੇ ਨੰਬਰ ਜਾਂ ਈਮੇਲ ਰਾਹੀਂ ਸੰਪਰਕ ਕਰੋ:

FOR MORE INFO CALL OR SEND MESSAGE TO:

WhatsApp Phone: 07462 760 215
Email:info@jsr247recovery.com
www.jsr247recovery.com



# ਮੇਲ ਗੇਲ ਸਾਊਥਾਲ ਦੀਆਂ ਵਿੱਤੀ ਬੇਨਿਯਮੀਆਂ ਮਾਮਲੇ 'ਚ ਅਦਾਲਤ ਨੇ ਗੁਰਬਚਨ ਸਿੰਘ ਅਟਵਾਲ ਦੇ ਹੱਕ ਵਿੱਚ ਦਿੱਤਾ ਫੈਸਲਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਅਧੀਨ ਚੱਲ ਰਹੇ ਮੇਲ ਗੇਲ ਗਰੁੱਪ ਦੇ ਵਿੱਤੀ ਮਾਮਲਿਆਂ ਵਿੱਚ ਬੇਨਿਯਮੀਆਂ ਦੇ ਇੱਕ ਪੁਰਾਣੇ ਮਾਮਲੇ ਵਿੱਚ ਅਦਾਲਤ ਨੇ ਗੁਰਬਚਨ ਸਿੰਘ ਅਟਵਾਲ ਦੇ ਹੱਕ ਵਿੱਚ ਫੈਸਲਾ ਸੁਣਾਇਆ ਹੈ। ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵੱਲੋਂ ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਅਟਵਾਲ ਖ਼ਿਲਾਫ਼ ਦਰਜ਼ ਮਾਮਲਾ ਸਿਆਸਤ ਤੋਂ ਪ੍ਰੇਰਿਤ ਸੀ। ਜਿਸ ਬਾਰੇ ਪੁਲਿਸ ਵੀ ਜਾਂਚ ਕਰ ਰਹੀ ਹੈ। ਪਰ ਇਸ ਚੱਲ ਰਹੀ ਜਾਂਚ ਦੇ ਬਾਵਜੂਦ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਹਰਮੀਤ ਸਿੰਘ ਗਿੱਲ ਮਾਮਲੇ ਨੂੰ ਅਦਾਲਤ ਵਿੱਚ ਲੈ ਗਏ। ਜਿਸ ਦਾ ਕੋਈ ਅਧਾਰ ਨਹੀਂ ਸੀ ਬਣਦਾ। ਉਹਨਾਂ ਦੋਸ਼ ਲਾਇਆ ਕਿ ਉਕਤ ਮਾਮਲੇ ਵਿੱਚ ਅਦਾਲਤ ਨੂੰ ਨਹੀਂ ਦੱਸਿਆ ਗਿਆ ਕਿ ਮਾਮਲਾ ਪੁਲਿਸ ਜਾਂਚ ਅਧੀਨ ਹੈ ਅਤੇ ਨਾ ਹੀ ਪੁਲਿਸ ਨੂੰ ਦੱਸਿਆ ਗਿਆ ਕਿ ਉਹ ਮਾਮਲੇ ਨੂੰ ਅਦਾਲਤ ਵਿੱਚ ਲਿਜਾ ਰਹੇ ਹਨ। ਸ: ਸੰਘਾ ਨੇ ਜਾਰੀ ਬਿਆਨ ਵਿੱਚ ਕਿਹਾ ਕਿ ਹਰਮੀਤ ਸਿੰਘ ਗਿੱਲ ਨੇ ਉਹਨਾਂ ਦੀ ਪਾਰਟੀ ਦੇ ਚੋਣਾਂ ਹਾਰਨ ਤੋਂ ਬਾਅਦ 6 ਅਕਤੂਬਰ 2025 ਨੂੰ ਸ਼ਾਮੀ 8:58 ਵਜੇ ਕੇਸ ਸਬੰਧੀ ਈ ਮੇਲ ਬਦਲਣ ਦੀ ਬੇਨਤੀ ਕੀਤੀ ਸੀ ਪਰ ਇਸ ਦੇ ਬਾਵਜੂਦ ਅਦਾਲਤ ਨੇ ਸਿੰਘ ਸਭਾ ਨੂੰ ਸੰਮਨ ਭੇਜ ਦਿੱਤੇ ਅਤੇ ਸਾਰਾ ਮਾਮਲਾ ਸ਼ਪਸ਼ਟ ਹੋ ਗਿਆ। ਪ੍ਰਬੰਧਕ ਕਮੇਟੀ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਸ: ਗਿੱਲ ਨੇ ਜੋ ਕੇਸ ਦਾਇਰ ਕੀਤਾ ਸੀ, ਜਿਸ ਵਿੱਚ ਕਈ ਤੱਥਾਂ ਨੂੰ ਛੁਪਾਇਆ ਗਿਆ, ਸਬੂਤਾਂ ਦੀ ਘਾਟ ਕਰਕੇ ਸਭਾ ਨੂੰ ਬੇਲੋੜੇ ਖਰਚੇ ਤੋਂ ਬਚਾਉਣ ਲਈ ਵਾਪਿਸ ਲੈਣਾ ਪਿਆ। ਉਨ੍ਹਾਂ ਇਹ ਵੀ ਕਿਹਾ ਕਿ ਵਿੱਤੀ ਮਾਮਲਿਆਂ ਦੀ ਜਾਂਚ ਵੀ ਇੱਕ ਵਿਵਾਦਿਤ ਕੰਪਨੀ ਤੋਂ ਕਰਵਾਈ ਗਈ ਸੀ। ਸ: ਸੰਘਾ ਨੇ ਕਿਹਾ ਕਿ ਮੌਜੂਦਾ ਪ੍ਰਬੰਧਕ ਕਮੇਟੀ ਵਿੱਤੀ ਮਾਮਲਿਆਂ ਦੀ ਨਿਰਪੱਖ ਜਾਂਚ ਕਰਵਾਏਗੀ ਜੇ ਕੋਈ ਵੀ ਬੇਨਿਯਮੀ ਪਾਈ ਗਈ ਤਾਂ ਉਸ ਵਿਅਕਤੀ ਖਿਲਾਫ਼ ਕਾਰਵਾਈ ਕੀਤੀ ਜਾਵੇਗੀ। ਦੂਜੇ ਪਾਸੇ ਹਰਮੀਤ ਸਿੰਘ ਗਿੱਲ ਨੇ ਕਿਹਾ ਕਿ ਪ੍ਰਬੰਧਕ ਕਮੇਟੀ ਨੇ ਕੇਸ ਵਾਪਿਸ ਲੈ ਕੇ ਅਟਵਾਲ ਦਾ ਬਚਾਅ ਕੀਤਾ ਹੈ। ਉਹਨਾਂ ਅਦਾਲਤ ਵਿੱਚ ਇਸ ਦਾ ਵਿਰੋਧ ਕਰਦਿਆਂ ਖ਼ੁਦ ਪੇਸ਼ ਹੋ ਕੇ ਕੇਸ ਦੀ ਪੈਰਵੀ ਕੀਤੀ ਜਿਸ ਨੂੰ ਮਾਣਯੋਗ ਅਦਾਲਤ ਨੇ ਇਹ ਕਹਿ ਕੇ ਇਜਾਜ਼ਤ ਨਹੀਂ ਦਿੱਤੀ ਕਿਉਂਕਿ ਮਾਮਲਾ ਸਭਾ ਵੱਲੋਂ ਦਾਇਰ ਕੀਤਾ ਗਿਆ ਸੀ। ਪਰ ਨਾਲ ਹੀ ਅਦਾਲਤ ਨੇ ਕਿਹਾ ਕਿ ਜੇ ਉਹ ਚਾਹੁੰਦੇ ਹਨ ਤਾਂ ਨਿੱਜੀ ਕੇਸ ਕਰ ਸਕਦੇ ਹਨ। ਸ: ਗੁਰਬਚਨ ਸਿੰਘ ਅਟਵਾਲ ਨੇ ਕਿਹਾ ਕਿ ਉਹ ਨਹੀਂ ਚਾਹੁੰਦੇ ਕਿ ਸਭਾ ਦਾ ਪੈਸਾ ਅਦਾਲਤਾਂ ਵਿੱਚ ਬਰਬਾਦ ਹੋਵੇ, ਜੇ ਸਾਬਕਾ ਪ੍ਰਬੰਧਕ ਕਮੇਟੀ ਦੇ


ਗੁਰਬਚਨ ਸਿੰਘ ਅਟਵਾਲ

ਕਿਸੇ ਵੀ ਮੈਂਬਰ ਨੂੰ ਅਜੇ ਵੀ ਕੋਈ ਵਿੱਤੀ ਬੇਨਿਯਮੀ ਲੱਗਦੀ ਹੈ ਤਾਂ ਉਹ ਨਿੱਜੀ ਕੇਸ ਕਰ ਸਕਦਾ ਹੈ ਮੈਂ ਹਰ ਸਵਾਲ ਦਾ ਜਵਾਬ ਦੇਵਾਂਗਾ ਅਤੇ ਕੇਸ ਦਾ ਸਾਹਮਣਾ ਕਰਾਂਗਾ। ਸ: ਅਟਵਾਲ ਨੇ ਕਿਹਾ ਕਿ ਉਹਨਾਂ ਤੇ ਲਾਏ ਗਏ ਸਾਰੇ ਦੋਸ਼ ਝੂਠੇ ਅਤੇ ਬੇਬੁਨਿਆਦ ਸਨ। ਸਿਰਫ਼ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਜਾਣਬੁੱਝ ਕੇ ਉਹਨਾਂ ਦੇ ਅਕਸ ਨੂੰ ਖਰਾਬ ਕਰਨ ਲਈ ਉਛਾਲਿਆ ਗਿਆ। ਪਰ ਪਹਿਲਾਂ ਵਾਹਿਗੁਰੂ ਨੇ ਸੰਗਤਾਂ ਰਾਹੀਂ ਮੁੜ ਸੇਵਾ ਬਖਸ਼ ਕੇ ਅਤੇ ਹੁਣ ਅਦਾਲਤ ਰਾਹੀਂ ਇਨਸਾਫ਼ ਮਿਲਿਆ ਹੈ।

ਜਿਕਰਯੋਗ ਹੈ ਕਿ ਇਹ ਮਾਮਲਾ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਅਗਸਤ 2025 ਵਿੱਚ ਦਾਇਰ ਕੀਤਾ ਗਿਆ ਸੀ ਉਸ ਸਮੇਂ ਹਰਮੀਤ ਸਿੰਘ ਗਿੱਲ ਜਨਰਲ ਸਕੱਤਰ ਸਨ। ਇਸ ਤੋਂ ਇਲਾਵਾ ਜਿਸ ਸਮੇਂ ਦੀ ਵਿੱਤੀ ਬੇਨਯਮੀਆਂ ਦੇ ਦੋਸ਼ ਲੱਗੇ ਹਨ ਉਸ ਸਮੇਂ ਵੀ ਹਰਮੀਤ ਸਿੰਘ ਗਿੱਲ ਅਤੇ ਗੁਰ-ਬਚਨ ਸਿੰਘ ਅਟਵਾਲ ਦੋਵੇਂ ਸਭਾ ਦੇ ਮੈਂਬਰ ਸਨ ਅਤੇ ਸ਼ੇਰ ਗਰੁੱਪ ਵੱਲੋਂ ਚੋਣਾਂ ਜਿੱਤ ਕੇ ਪ੍ਰਬੰਧਕ ਕਮੇਟੀ ਦੇ ਮੈਂਬਰ ਬਣੇ ਸਨ। ਪਰ ਬਾਅਦ ਵਿੱਚ ਸ: ਗਿੱਲ ਅਤੇ ਉਹਨਾਂ ਦੇ ਸਾਥੀਆਂ ਨੇ ਦੂਸਰੇ ਗਰੁਪਾਂ ਨਾਲ ਮਿਲ ਕੇ ਪੰਥਕ ਗਰੁੱਪ ਬਣਾ ਲਿਆ। ਬੇਨਿਯਮੀਆਂ ਦੀ ਜਾਂਚ ਅਤੇ ਕੇਸ ਦਾਇਰ ਕਰਨ ਮੌਕੇ ਪੰਥਕ ਗਰੁੱਪ ਕੋਲ ਪ੍ਰਬੰਧ ਸੀ ਅਤੇ ਹੁਣ ਚੋਣਾਂ ਤੋਂ ਬਾਅਦ ਸ਼ੇਰ ਗਰੁੱਪ ਕੋਲ ਪ੍ਰਬੰਧ ਆਇਆ ਹੈ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਅਦਾਲਤ ਨੇ ਖ਼ਰਚੇ ਸਬੰਧੀ ਅਜੇ ਹੁਕਮ ਜਾਰੀ ਕਰਨੇ ਹਨ। ਇਸ ਤੋਂ ਬਾਅਦ ਹੀ ਪਤਾ ਲੱਗੇਗਾ ਕਿ ਖ਼ਰਚਿਆਂ ਦਾ ਭਾਰ ਸਭਾ ਤੇ ਪੈਂਦਾ ਹੈ ਜਾਂ ਕਿਸੇ ਨਿੱਜੀ ਵਿਅਕਤੀ ਨੂੰ ਭੁਗਤਾਨ ਕਰਨਾ ਪਵੇਗਾ। ਜੋ ਵੀ ਹੈ ਸੰਗਤਾਂ ਰੋਜ਼ਾਨਾ ਦੇ ਅਦਾਲਤੀ ਕੇਸਾਂ ਤੋਂ ਨਿਰਾਸ਼ ਹਨ।

## ਗੈਰਕਾਨੂੰਨੀ ਢੰਗ ਨਾਲ ਯੂ ਕੇ ਵਿੱਚ ਦਾਖਿਲ ਹੋਣ ਵਾਲਿਆਂ ਦੇ ਫੋਨ ਅਤੇ ਸਿਮ ਕਾਰਡ ਹੋਣਗੇ ਜ਼ਬਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸੋਮਵਾਰ ਤੋਂ ਲਾਗੂ ਹੋਏ ਨਵੇਂ ਇੰਮੀਗ੍ਰੇਸ਼ਨ ਨਿਯਮਾਂ ਤਹਿਤ ਛੋਟੀਆਂ ਕਿਸ਼ਤੀਆਂ ਰਾਹੀਂ ਗੈਰ-ਕਾਨੂੰਨੀ ਢੰਗ ਨਾਲ ਯੂ ਕੇ ਵਿੱਚ ਦਾਖਿਲ ਹੋਣ ਵਾਲੇ ਪ੍ਰਵਾਸੀਆਂ ਦੇ ਮੋਬਾਈਲ ਫੋਨ, ਬਿਜਲੀ ਉਪਕਰਨ ਅਤੇ ਸਿਮ ਕਾਰਡ ਜ਼ਬਤ ਕੀਤੇ ਜਾ ਸਕਣਗੇ। ਇਸਦਾ ਉਦੇਸ਼ ਮਨੁੱਖੀ ਤਸਕਰਾਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਲਈ ਖੁਫੀਆ ਜਾਣਕਾਰੀ ਇਕੱਠੀ ਕਰਨਾ ਹੈ। ਯੂ ਕੇ ਦੇ ਗ੍ਰਹਿ ਦਫਤਰ ਨੇ ਕਿਹਾ ਕਿ ਨਵੇਂ ਅਪਰਾਧਿਕ ਨਿਯਮ ਹੁਣ ਅਧਿਕਾਰੀਆਂ ਨੂੰ ਸੰਗਠਿਤ ਅਪਰਾਧੀਆਂ ਨੂੰ ਤੇਜ਼ੀ ਨਾਲ ਰੋਕਣ ਵਿੱਚ ਮਦਦ ਕਰਨਗੇ ਅਤੇ ਪੁਲਿਸ ਨੂੰ ਗੈਰ-ਕਾਨੂੰਨੀ ਪ੍ਰਵਾਸ ਨੂੰ ਉਤਸ਼ਾਹਿਤ ਕਰਨ ਵਾਲੇ ਮਨੁੱਖੀ ਤਸਕਰਾਂ ਨੂੰ ਗ੍ਰਿਫਤਾਰ ਕਰਨ 'ਚ ਸਹਿਯੋਗ ਦੇਣਗੇ।

ਯੂ ਕੇ ਦੇ ਸਰਹੱਦੀ ਸੁਰੱਖਿਆ ਅਤੇ ਸ਼ਰਣ ਮੰਤਰੀ ਐਲੇਕਸ ਨੌਰਿਸ ਨੇ ਕਿਹਾ ਕਿ ਅਸੀਂ ਆਪਣੀਆਂ ਸਰਹੱਦਾਂ ਮਜ਼ਬੂਤ ਕਰਨ ਅਤੇ ਸੁਰੱਖਿਆ ਬਹਾਲ ਕਰਨ ਦਾ ਵਾਅਦਾ ਪੂਰਾ ਕਰਨ ਲਈ ਮਨੁੱਖੀ ਤਸਕਰਾਂ ਤੇ ਸ਼ਿਕੰਜਾ ਕਸ ਰਹੇ ਹਾਂ। ਦੱਖਣ-ਪੂਰਬੀ ਇੰਗਲੈਂਡ ਦੇ ਕੈਂਟ ਵਿੱਚ ਮੈਨਸਟਨ ਵਿਖੇ ਪ੍ਰਵਾਸੀਆਂ ਤੋਂ ਫ਼ੋਨ ਜ਼ਬਤ ਕਰਕੇ ਸਮੱਗਰੀ ਡਾਊਨਲੋਡ ਕਰਨ ਲਈ ਨਵੀਂ ਤਕਨਾਲੋਜੀ ਦੀ ਵਰਤੋਂ ਸ਼ੁਰੂ ਕੀਤੀ ਗਈ। ਨੈਸ਼ਨਲ ਕ੍ਰਾਈਮ ਏਜੰਸੀ, ਪੁਲਿਸ ਅਤੇ ਹੋਰ ਇਮੀਗ੍ਰੇਸ਼ਨ ਇਨਫੋਰਸਮੈਂਟ ਅਧਿਕਾਰੀ ਹੁਣ ਜਾਇਦਾਦ ਜਾਂ ਵਾਹਨਾਂ ਦੀ ਤਲਾਸ਼ੀ ਜਾਂ ਹੋਰ ਛਾਪੇਮਾਰੀ ਦੌਰਾਨ ਵੀ ਫੋਨ ਜ਼ਬਤ ਕਰ ਸਕਦੇ ਹਨ।

ਮਨੁੱਖੀ ਤਸਕਰੀ ਵਿੱਚ ਅਪਰਾਧੀਆਂ ਨੂੰ 14 ਸਾਲ ਤੱਕ ਕੈਦ ਹੋ ਸਕਦੀ ਹੈ। ਗੈਰ-ਕਾਨੂੰਨੀ ਪ੍ਰਵਾਸ ਨੂੰ ਬੜਾਵਾ ਦੇਣ ਲਈ ਕੋਈ ਵੀ ਜਾਣਕਾਰੀ ਡਾਊਨਲੋਡ ਕਰਨ, ਖੋਜ ਕਰਨ ਅਤੇ ਰਿਕਾਰਡ ਕਰਨ ਵਾਲੇ ਤਸਕਰਾਂ ਨੂੰ ਵੀ ਪੰਜ ਸਾਲ ਤੱਕ ਕੈਦ ਦੀ ਸਜ਼ਾ ਹੋ ਸਕਦੀ ਹੈ। ਜਿਕਰਯੋਗ ਹੈ ਕਿ ਜੁਲਾਈ 2024 ਵਿੱਚ ਲੇਬਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ 50,000 ਗੈਰਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦਿੱਤਾ ਜਾ ਚੁੱਕਾ ਹੈ।

## ਐਮਸਟਰਡਮ ਹਵਾਈ ਅੱਡੇ 'ਤੇ ਖਰਾਬ ਮੌਸਮ ਕਾਰਨ 450 ਉਡਾਣਾਂ ਰੱਦ

**ਐਮਸਟਰਡਮ ਦੇ ਸ਼ਿਫੋਲ ਹਵਾਈ ਅੱਡੇ ਤੇ ਯਾਤਰੀਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਇੱਥੇ ਭਾਰੀ ਬਰਫਬਾਰੀ ਹੋਣ ਕਾਰਨ ਸੋਮਵਾਰ ਸਵੇਰੇ 450 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। ਇਹ ਜਾਣਕਾਰੀ ਡੱਚ ਨਿਊਜ਼ ਏਜੰਸੀ ਏਐਨਪੀ ਨੇ ਹਵਾਈ ਅੱਡੇ ਦੇ ਹਵਾਲੇ ਨਾਲ ਦਿੰਦਿਆਂ ਦੱਸਿਆ ਕਿ ਉਡਾਣਾਂ ਦੀ ਗਿਣਤੀ ਦਿਨ ਵੇਲੇ ਹੋਰ ਵਧਣ ਦੀ ਉਮੀਦ ਹੈ। ਜ਼ਿਕਰਯੋਗ ਹੈ ਕਿ ਇਹ ਹਵਾਈ ਅੱਡਾ ਯੂਰਪ ਦੇ ਸਭ ਤੋਂ ਰੁਝੇਵਿਆਂ ਵਾਲੇ ਹਵਾਈ ਅੱਡੇ ਵਿਚੋਂ ਇਕ ਹੈ ਪਰ ਇਸ ਹਵਾਈ ਅੱਡੇ ਫ਼ਰਸਤੂੰਤੇ ਪਿਛਲੇ ਦੋ ਦਿਨਾਂ ਤੋਂ ਖਰਾਬ ਮੌਸਮ ਕਾਰਨ ਵੱਡੀ ਗਿਣਤੀ ਉਡਾਣਾਂ ਰੱਦ ਹੋ ਰਹੀਆਂ ਹਨ ਜਾਂ ਦੇਰੀ ਨਾਲ ਚੱਲ ਰਹੀਆਂ ਹਨ।**

## ਨਵੇਂ ਸਾਲ ਮੌਕੇ ਇੱਕ ਲੱਖ ਤੋਂ ਵੱਧ ਲੋਕਾਂ ਨੇ ਥੇਮਸ ਨਦੀ ਕਿਨਾਰੇ ਵੇਖੀ ਆਤਿਸ਼ਬਾਜ਼ੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਵਿੱਚ ਨਵੇਂ ਸਾਲ ਦੇ ਜਸ਼ਨਾਂ ਮੌਕੇ ਸਰਕਾਰੀ ਅਤੇ ਗੈਰਸਰਕਾਰੀ ਤੌਰ ਤੇ ਹਜ਼ਾਰਾਂ ਸਮਾਗਮ ਉਲੀਕੇ ਗਏ। ਇਹਨਾਂ ਵਿੱਚੋਂ ਸਭ ਤੋਂ ਵੱਧ ਅਕ੍ਰਸ਼ਿਤ ਲੰਡਨ ਵਿੱਚ ਆਯੋਜਿਤ ਕੀਤਾ ਗਿਆ ਸਮਾਗਮ ਰਿਹਾ। ਜਿਸ ਨੂੰ ਇੱਕ ਲੱਖ ਤੋਂ ਵੱਧ ਲੋਕਾਂ ਨੇ ਮੌਕੇ ਤੇ ਅੱਖੀਂ ਵੇਖਿਆ। ਜਿਉਂ ਹੀ ਬਰਤਾਨਵੀ ਸੰਸਦ ਦੇ ਵਿਹੜੇ ਵਿੱਚ ਲੱਗੀ ਬਿੱਗ ਬੈਨ (ਐਲਿਜ਼ਾਬੈਥ ਟਾਵਰ) ਦੀ ਘੜੀ ਦੀਆਂ ਸੂਈਆਂ ਨੇ ਨਵੇਂ ਸਾਲ ਦਾ ਸੰਕੇਤ ਦਿੱਤਾ ਤਿਉਂ ਹੀ ਲੰਡਨ ਆਈ ਅਤੇ ਥੇਮਸ ਨਦੀ ਵਿੱਚੋਂ ਉਡੀਆਂ ਆਤਿਸ਼ਬਾਜ਼ੀਆਂ ਨੇ ਸਾਰਾ ਅਸਮਾਨ ਚਮਕਾ ਦਿੱਤਾ। ਰੰਗ ਬਰੰਗੀਆਂ 12000 ਆਤਿਸ਼ਬਾਜ਼ੀਆਂ ਅਤੇ 400 ਲਾਈਟਾਂ ਦਾ ਹੁਣ ਤੱਕ ਯੂਰਪ ਦਾ ਸਭ ਤੋਂ ਵੱਡਾ ਇਤਿਹਾਸ ਦ੍ਰਿਸ਼ ਸੀ। ਵੱਡੀ ਗਿਣਤੀ ਵਿੱਚ ਲੋਕ ਥੇਮਸ ਨਦੀ ਕਿਨਾਰੇ ਠੰਡੇ ਮੌਸਮ ਦੇ ਬਾਵਜੂਦ ਨਵੇਂ ਸਾਲ ਦਾ ਸਵਾਗਤ ਕਰਨ ਲਈ ਪਹੁੰਚੇ।


ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਕੀਰਤਨ ਕਰਦਾ ਰਾਗੀ ਜੱਥਾ ਤੇ ਸੰਗਤ

**ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿੱਚ ਹਜ਼ਾਰਾਂ ਸੰਗਤਾਂ ਹੋਈਆਂ ਨਤਮਸਤਕ**

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਸ਼ਾਮ ਤੋਂ ਹੀ ਸੰਗਤਾਂ ਪਹੁੰਚਣੀਆਂ ਸ਼ੁਰੂ ਹੋ ਗਈਆਂ ਸਨ, 12 ਵਜੇ ਤੱਕ ਚੱਲੇ ਧਾਰਮਿਕ ਸਮਾਗਮਾਂ ਵਿੱਚ ਗੁਰਬਾਣੀ ਕੀਰਤਨ, ਕਥਾ ਪ੍ਰਵਾਹ ਅਤੇ ਇਤਿਹਾਸਕ ਵਿਚਾਰਾਂ ਸਰਵਣ ਕਰਦਿਆਂ ਸੰਗਤਾਂ ਨੇ ਨਵੇਂ ਸਾਲ ਮੌਕੇ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਲਗਾਏ ਅਤੇ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ ਨੇ ਸੰਗਤਾਂ ਨੂੰ ਨਵੇਂ ਸਾਲ ਦੀ ਵਧਾਈ ਦਿੰਦਿਆਂ ਨਾਨਕਸ਼ਾਹੀ ਕਲੰਡਰ ਮੁਤਾਬਿਕ ਸਿੱਖਾਂ ਦੇ ਨਵੇਂ ਸਾਲ ਮੌਕੇ ਵੀ ਇਸੇ ਤਰ੍ਹਾਂ ਸਮਾਗਮ ਵਿੱਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ। ਇਸੇ ਤਰ੍ਹਾਂ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਗ੍ਰੇਵਜ਼ੈਂਡ, ਗੁਰੂ ਨਾਨਕ ਗੁਰਦੁਆਰਾ ਸਮੈਦਿਕ, ਕਵੈਂਟਰੀ, ਹੰਸਲੋ, ਸਲੋਹ ਅਤੇ ਹੋਰ ਸ਼ਹਿਰਾਂ ਵਿੱਚ ਨਵੇਂ ਸਾਲ ਮੌਕੇ ਸਮਾਗਮ ਕਰਵਾਏ ਗਏ।

# ਲੇਖਾ-ਜੋਖਾ 2025: ਭਾਰਤ ਤੇ ਪਾਕਿਸਤਾਨ ਵਿਚਕਾਰ ਨਫ਼ਰਤ ਦੀ ਖਾਈ ਹੋਰ ਡੂੰਘੀ ਹੋਈ

## ○ ਕਰਤਾਰਪੁਰ ਲਾਂਘਾ ਬੰਦ ਹੋਣ ਨਾਲ ਸਿੱਖਾਂ ਦੇ ਜਜ਼ਬਾਤਾਂ ਨੂੰ ਠੇਸ ਪਹੁੰਚੀ ○ ਵਾਘਾ ਬਾਰਡਰ, ਹੁਸੈਨੀ ਵਾਲ ਦੀ ਵਪਾਰ ਪਬੰਦੀ ਨੇ ਪੰਜਾਬ ਦੀ ਅਰਥ ਵਿਵਸਥਾ ਨੂੰ ਲਾਇਆ ਝਟਕਾ

ਸਾਲ 2025 ਭਾਰਤ ਤੇ ਪਾਕਿਸਤਾਨ ਵਿਚਕਾਰ ਸਬੰਧਾਂ ਲਈ ਇੱਕ ਕਾਲਾ ਅਧਿਆਏ ਵਾਂਗ ਬੀਤ ਰਿਹਾ ਹੈ। ਜੰਮੂ-ਕਸ਼ਮੀਰ ਵਿੱਚ ਪਹਿਲਗਾਮ ਵਿਖੇ 22 ਅਪ੍ਰੈਲ ਨੂੰ ਹੋਏ ਜਿਹਾਦੀ ਹਮਲੇ ਨੇ ਦੋਵਾਂ ਮੁਲਕਾਂ ਨੂੰ ਜੰਗ ਦੇ ਮੂੰਹ ਵੱਲ ਧੱਕ ਦਿੱਤਾ ਸੀ। ਇਸ ਹਮਲੇ ਵਿੱਚ ਕਈ ਨਿਰਦੋਸ਼ ਲੋਕ ਮਾਰੇ ਗਏ ਸਨ ਤੇ ਭਾਰਤ ਨੇ ਇਸ ਲਈ ਪਾਕਿਸਤਾਨ ਨੂੰ ਸਿੱਧੇ ਤੌਰ ਤੇ ਜਿੰਮੇਵਾਰ ਠਹਿਰਾਇਆ। ਇਸ ਦੇ ਜਵਾਬ ਵਿੱਚ ਭਾਰਤ ਨੇ 7 ਮਈ ਨੂੰ 'ਆਪ੍ਰੇਸ਼ਨ ਸੰਧੂਰ' ਸ਼ੁਰੂ ਕੀਤਾ ਸੀ, ਜਿਸ ਵਿੱਚ ਪਾਕਿਸਤਾਨ ਵਿੱਚ ਜਿਹਾਦੀ ਟਿਕਾਣਿਆਂ ਤੇ ਮਿਜ਼ਾਈਲ ਹਮਲੇ ਕੀਤੇ ਗਏ। ਇਸ ਨੇ ਨਾ ਸਿਰਫ਼ ਜਿਹਾਦੀ ਸੰਗਠਨਾਂ ਜਿਵੇਂ ਲਸ਼ਕਰ-ਏ-ਤੋਇਬਾ ਤੇ ਜੈਸ਼-ਏ-ਮੁਹੰਮਦ ਨੂੰ ਨੁਕਸਾਨ ਪਹੁੰਚਾਇਆ, ਸਗੋਂ ਦੋਵਾਂ ਮੁਲਕਾਂ ਵਿਚਕਾਰ ਨਫ਼ਰਤ ਦੀ ਖਾਈ ਨੂੰ ਹੋਰ ਡੂੰਘਾ ਕਰ ਦਿੱਤਾ। ਇਸ ਸਾਲ ਦੌਰਾਨ ਕਰਤਾਰਪੁਰ ਲਾਂਘਾ ਬੰਦ ਹੋਣ ਨਾਲ ਸਿੱਖ ਭਾਈਚਾਰੇ ਨੂੰ ਵੱਡਾ ਝਟਕਾ ਲੱਗਾ ਹੈ, ਜਦਕਿ ਵਾਘਾ ਤੇ ਹੁਸੈਨੀ ਵਾਲਾ ਬਾਰਡਰ ਨਾ ਖੁੱਲ੍ਹਣ ਕਾਰਨ ਪੰਜਾਬ ਦੀ ਅਰਥ ਵਿਵਸਥਾ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ।

ਪਹਿਲਗਾਮ ਹਮਲਾ ਤੇ ਇਸ ਦੇ ਬਾਅਦ ਵਧਿਆ ਤਣਾਅ-ਸਭ ਤੋਂ ਪਹਿਲਾਂ ਗੱਲ ਕਰੀਏ ਉਸ ਘਟਨਾ ਦੀ ਜਿਸ ਨੇ 2025 ਸਾਲ ਨੂੰ ਤਣਾਅ ਨਾਲ ਭਰ ਦਿੱਤਾ। 22 ਅਪ੍ਰੈਲ 2025 ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਅੱਤਵਾਦੀਆਂ ਨੇ ਇੱਕ ਵੱਡਾ ਹਮਲਾ ਕੀਤਾ, ਜਿਸ ਵਿੱਚ ਕਈ ਨਿਰਦੋਸ਼ ਲੋਕ ਮਾਰੇ ਗਏ ਤੇ ਸੈਲਾਨੀਆਂ ਨੂੰ ਨਿਸ਼ਾਨਾ ਬਣਾਇਆ ਗਿਆ। ਭਾਰਤੀ ਸੁਰੱਖਿਆ ਏਜੰਸੀਆਂ ਨੇ ਇਸ ਹਮਲੇ ਲਈ ਪਾਕਿਸਤਾਨ ਨੂੰ ਜਿੰਮੇਵਾਰ ਠਹਿਰਾਇਆ, ਕਹਿੰਦੇ ਹੋਏ ਕਿ ਇਹ ਜਿਹਾਦੀ ਸੰਗਠਨ ਜੈਸ਼-ਏ-ਮੁਹੰਮਦ ਤੇ ਲਸ਼ਕਰ-ਏ-ਤੋਇਬਾ ਨਾਲ ਜੁੜੇ ਸਨ, ਜਿਨ੍ਹਾਂ ਨੂੰ ਪਾਕਿਸਤਾਨੀ ਫੌਜ ਦੀ ਮੱਦਦ ਮਿਲ ਰਹੀ ਹੈ। ਭਾਰਤ ਨੇ ਇਸ ਨੂੰ ਬਰਦਾਸ਼ਤ ਨਾ ਕੀਤਾ ਤੇ 7 ਮਈ ਨੂੰ 'ਆਪ੍ਰੇਸ਼ਨ ਸੰਧੂਰ' ਸ਼ੁਰੂ ਕੀਤਾ। ਇਸ ਆਪ੍ਰੇਸ਼ਨ ਵਿੱਚ ਭਾਰਤੀ ਫੌਜ ਨੇ ਪਾਕਿਸਤਾਨ ਵਿੱਚ ਬਹਾਵਲਪੁਰ, ਮੁਰੀਦਕੇ, ਕੋਟਲੀ, ਭਿੰਬਰ, ਬਾਗ ਤੇ ਮੁਜ਼ੱਫਰਾਬਾਦ ਵਰਗੇ ਥਾਂਵਾਂ ਤੇ ਮਿਜ਼ਾਈਲ ਹਮਲੇ ਕੀਤੇ। ਭਾਰਤੀ ਅਧਿਕਾਰੀਆਂ ਮੁਤਾਬਕ, ਇਨ੍ਹਾਂ ਹਮਲਿਆਂ ਵਿੱਚ ਜੈਸ਼-ਏ-ਮੁਹੰਮਦ ਦੇ ਮੁਖੀ ਮੌਲਾਨਾ ਮਸੂਦ ਅਜ਼ਹਰ ਦੇ ਪਰਿਵਾਰ ਦੇ 10 ਮੈਂਬਰਾਂ ਸਮੇਤ 100 ਤੋਂ ਵੱਧ ਅੱਤਵਾਦੀ ਮਾਰੇ ਗਏ ਤੇ ਪਾਕਿਸਤਾਨ ਦੇ ਕਈ ਹਵਾਈ ਅੱਡੇ ਤਬਾਹ ਹੋ ਗਏ। ਪਾਕਿਸਤਾਨ ਨੇ ਇਸ ਨੂੰ ਜੰਗ ਦੀ ਘੋਸ਼ਣਾ ਮੰਨਿਆ ਤੇ ਜਵਾਬ ਵਿੱਚ 'ਬੁਨਯਾਨ-ਅਲ-ਮਰਸੂਸ' ਨਾਂ ਨਾਲ ਫੌਜੀ ਕਾਰਵਾਈ ਸ਼ੁਰੂ ਕੀਤੀ ਸੀ। ਇਸ ਵਿੱਚ ਪਾਕਿਸਤਾਨ ਨੇ ਭਾਰਤ ਦੇ ਪਠਾਨਕੋਟ, ਊਧਮਪੁਰ, ਗੁਜਰਾਤ, ਰਾਜਸਥਾਨ ਤੇ ਆਦਮਪੁਰ ਵਰਗੇ ਹਵਾਈ ਅੱਡਿਆਂ ਤੇ ਬ੍ਰਹਮੋਸ ਮਿਜ਼ਾਈਲਾਂ ਦੇ ਸਟੋਰਾਂ ਨੂੰ ਨਿਸ਼ਾਨਾ ਬਣਾਉਣ ਦਾ ਦਾਅਵਾ ਕੀਤਾ ਸੀ। ਦੋਵੇਂ ਮੁਲਕ ਜੰਗ ਦੇ ਮੂੰਹ ਵੱਲ ਵਧ ਰਹੇ ਸਨ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਿਚੋਲਗੀ ਕੀਤੀ ਤੇ ਜੰਗਬੰਦੀ ਖਤਮ ਕਰਵਾਉਣ ਦਾ ਦਾਅਵਾ ਕੀਤਾ। ਪਰ ਭਾਰਤ ਨੇ ਕਿਹਾ ਕਿ ਉਹ ਕਿਸੇ ਤੀਜੇ ਮੁਲਕ ਦੀ ਵਿਚੋਲਗੀ ਨਹੀਂ ਮੰਨਦਾ। ਇਸ ਸਭ ਨੇ ਨਫ਼ਰਤ ਨੂੰ ਹੋਰ ਵਧਾ ਦਿੱਤਾ ਤੇ ਕਰਤਾਰਪੁਰ ਲਾਂਘਾ ਬੰਦ ਹੋ ਗਿਆ, ਜਿਸ ਨੇ ਸਿੱਖ ਸੰਗਤ ਨੂੰ ਪ੍ਰਭਾਵਿਤ ਕੀਤਾ।

ਸਿੰਧੂ ਜਲ ਸੰਧੀ ਦੀ ਮੁਅੱਤਲੀ ਤੇ ਪਾਕਿਸਤਾਨ ਦਾ ਜਲ ਸੰਕਟ-ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦਾ ਐਲਾਨ ਕੀਤਾ, ਜਿਸ ਨੇ ਪਾਕਿਸਤਾਨ ਨੂੰ ਵੱਡਾ ਝਟਕਾ ਦਿੱਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਕਿਹਾ ਸੀ, "ਪਾਣੀ ਤੇ ਖੂਨ ਇਕੱਠੇ ਨਹੀਂ ਵਹਿ ਸਕਦੇ।" ਇਸ ਨਾਲ ਪਾਕਿਸਤਾਨ ਵਿੱਚ ਜਲ ਸੰਕਟ ਵਧ ਗਿਆ ਤੇ ਮਾਨਸੂਨ ਬਾਰਿਸ਼ਾਂ ਤੋਂ ਬਾਅਦ ਹੜ੍ਹਾਂ ਨੇ ਭਾਰੀ ਤਬਾਹੀ ਮਚਾਈ। ਪਾਕਿਸਤਾਨ ਨੇ ਇਸ ਲਈ ਭਾਰਤ ਨੂੰ ਜਿੰਮੇਵਾਰ ਠਹਿਰਾਇਆ ਤੇ ਕੌਮਾਂਤਰੀ ਮੰਚਾਂ ਤੇ ਦਰਜਨਾਂ ਵਾਰ ਅਪੀਲ ਕੀਤੀ ਕਿ ਸੰਧੀ ਨੂੰ ਬਹਾਲ ਕੀਤਾ ਜਾਵੇ। ਪਾਕਿਸਤਾਨੀ ਅਧਿਕਾਰੀ ਕਹਿੰਦੇ ਹਨ ਕਿ ਸਿੰਧੂ ਨਦੀ ਉਨ੍ਹਾਂ ਦੀ ਜੀਵਨ ਰੇਖਾ ਹੈ - ਉਨ੍ਹਾਂ ਦੇ 90 ਫੀਸਦੀ ਫਸਲਾਂ ਇਸ ਤੋਂ ਪਾਣੀ ਲੈਂਦੀਆਂ ਹਨ ਤੇ ਹਰ 10 ਵਿੱਚੋਂ 9 ਲੋਕ ਇਸ ਤੇ ਨਿਰਭਰ ਹਨ।

ਪਾਕਿਸਤਾਨੀ ਫੌਜ ਨੇ ਬਿਆਨ ਜਾਰੀ ਕਰਕੇ ਭਾਰਤ ਨੂੰ ਧਮਕੀਆਂ ਦਿੱਤੀਆਂ ਕਿ ਜੇ ਪਾਣੀ ਬੰਦ ਕੀਤਾ ਤਾਂ ਅਸੀਂ ਤੁਹਾਡਾ ਸਾਹ ਬੰਦ ਕਰ ਦੇਵਾਂਗੇ। ਕਈ ਸੀਨੀਅਰ ਸਿਆਸਤਦਾਨਾਂ ਨੇ ਖੂਨ-ਖਰਾਬੇ ਦੀ ਧਮਕੀ ਵੀ ਦਿੱਤੀ। ਭਾਰਤ ਨੇ ਇਨ੍ਹਾਂ ਧਮਕੀਆਂ ਨੂੰ ਨਜ਼ਰਅੰਦਾਜ਼ ਕੀਤਾ ਤੇ ਕਿਹਾ ਕਿ ਅੱਤਵਾਦ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। 9 ਮਹੀਨੇ ਬੀਤਣ ਤੋਂ ਬਾਅਦ ਵੀ ਇਹ ਮਾਮਲੇ ਕੌਮਾਂਤਰੀ ਚਰਚਾ ਵਿੱਚ ਹਨ ਤੇ ਨਫ਼ਰਤ ਵਧ ਰਹੀ ਹੈ। ਇਸ ਨੇ ਨਾ ਸਿਰਫ਼ ਫੌਜੀ ਤਣਾਅ ਵਧਾਇਆ ਸਗੋਂ ਸਿੱਖ ਭਾਈਚਾਰੇ ਦੇ ਜੀਵਨ ਨੂੰ ਪ੍ਰਭਾਵਿਤ ਕੀਤਾ।

ਕਰਤਾਰਪੁਰ ਲਾਂਘਾ: ਕਿੰਨੀ ਵਾਰ ਬੰਦ ਹੋਇਆ ਤੇ ਪਾਬੰਦੀ ਦੇ ਕਾਰਨ-ਕਰਤਾਰਪੁਰ ਲਾਂਘਾ, ਜੋ ਨਵੰਬਰ 2019 ਵਿੱਚ ਖੁੱਲ੍ਹਿਆ ਸੀ, ਸਿੱਖਾਂ ਲਈ ਇੱਕ ਪੁਲ ਵਾਂਗ ਸੀ ਜੋ ਭਾਰਤ ਤੇ ਪਾਕਿਸਤਾਨ ਨੂੰ ਜੋੜਦਾ ਸੀ। ਇਹ ਲਾਂਘਾ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਨੂੰ ਵੀਜ਼ਾ ਮੁਕਤ ਪਹੁੰਚ ਪ੍ਰਦਾਨ ਕਰਦਾ ਹੈ। ਪਰ ਇਸ ਸਾਲ ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ 7 ਮਈ 2025 ਨੂੰ ਇਸ ਨੂੰ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤਾ। ਇਹ ਪਹਿਲੀ ਵਾਰ ਨਹੀਂ ਸੀ ਜਦੋਂ ਲਾਂਘਾ ਬੰਦ ਹੋਇਆ - ਪਹਿਲਾਂ ਕੋਵਿਡ-19 ਮਹਾਮਾਰੀ ਦੌਰਾਨ 2020 ਵਿੱਚ ਬੰਦ ਹੋਇਆ ਸੀ ਤੇ 2022 ਵਿੱਚ ਫਿਰ ਖੁੱਲ੍ਹਿਆ। ਪਰ ਇਸ ਵਾਰ ਬੰਦੀ ਲੰਮੀ ਚੱਲ ਰਹੀ ਹੈ ਤੇ ਨਵੰਬਰ 2025 ਵਿੱਚ ਇਸ ਦੇ 6ਵੇਂ ਵਰ੍ਹੇਗੰਢ ਤੇ ਵੀ ਬੰਦ ਰਹਿਣ ਨੇ ਸਿੱਖਾਂ ਨੂੰ ਨਿਰਾਸ਼ ਕੀਤਾ।

ਭਾਰਤੀ ਸਰਕਾਰ ਨੇ ਬੰਦੀ ਦਾ ਕਾਰਨ ਸੁਰੱਖਿਆ ਨੂੰ ਦੱਸਿਆ ਹੈ। ਵਿਦੇਸ਼ ਸਕੱਤਰ ਨੇ ਕਿਹਾ ਕਿ ਪਾਕਿਸਤਾਨ ਵਿੱਚ ਅੱਤਵਾਦੀ ਗਤੀਵਿਧੀਆਂ ਕਾਰਨ ਸਿੱਖ ਯਾਤਰੀਆਂ ਦੀ ਸੁਰੱਖਿਆ ਨੂੰ ਖਤਰਾ ਹੈ। ਪਰ ਪਾਕਿਸਤਾਨ ਨੇ ਕਿਹਾ ਕਿ ਉਨ੍ਹਾਂ ਵੱਲੋਂ ਲਾਂਘਾ ਖੁੱਲ੍ਹਾ ਹੈ ਤੇ ਭਾਰਤ ਨੇ ਇੱਕਤਰਫ਼ਾ ਫੈਸਲਾ ਲਿਆ ਹੈ। ਨਵੰਬਰ 2025 ਵਿੱਚ ਲਾਂਘੇ ਦੀ ਵਰ੍ਹੇਗੰਢ ਤੇ ਪਾਕਿਸਤਾਨ ਨੇ ਐਲਾਨ ਕੀਤਾ ਸੀ ਕਿ ਉਹ ਅਪ੍ਰੈਲ 2026 ਤੱਕ 17 ਹੋਰ ਗੁਰਦੁਆਰੇ ਖੋਲ੍ਹਣਗੇ, ਪਰ ਭਾਰਤ ਨੇ ਕੋਈ ਜਵਾਬ ਨਹੀਂ ਦਿੱਤਾ। ਸਿੱਖ ਯਾਤਰੀਆਂ ਨੂੰ ਪਾਕਿਸਤਾਨ ਜਾਣ ਤੋਂ ਰੋਕਣ ਲਈ ਭਾਰਤ ਨੇ ਅਕਤੂਬਰ 2025 ਵਿੱਚ ਵੀਜ਼ਾ ਰੱਦ ਕਰ ਦਿੱਤੇ ਤੇ ਅਡਵਾਈਜ਼ਰੀ ਜਾਰੀ ਕੀਤੀ। ਇਸ ਨੇ ਸਿੱਖਾਂ ਵਿੱਚ ਰੋਸ ਪੈਦਾ ਕੀਤਾ ਹੈ।

ਭਾਰਤ ਦਾ ਸਿੱਖਾਂ ਪ੍ਰਤੀ ਰਵੱਈਆ ਤੇ ਪੰਥਕ ਜਥੇਬੰਦੀਆਂ ਦੇ ਵਿਚਾਰ-ਸਿੱਖ ਭਾਈਚਾਰੇ ਨੂੰ ਲੱਗਦਾ ਹੈ ਕਿ ਭਾਰਤ ਸਰਕਾਰ ਉਨ੍ਹਾਂ ਪ੍ਰਤੀ ਸੁਹਿਰਦ ਨਹੀਂ ਹੈ। ਲਾਂਘਾ ਬੰਦ ਹੋਣ ਨਾਲ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਜਥੇ ਨਹੀਂ ਜਾ ਸਕੇ, ਜਿਸ ਨੇ ਪੰਜਾਬ ਵਿੱਚ ਰੋਸ ਵਧਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਸੀ ਕਿ, "ਭਾਰਤ ਸਰਕਾਰ ਸਿੱਖਾਂ ਦੇ ਧਾਰਮਿਕ ਅਧਿਕਾਰਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਜੇ ਕ੍ਰਿਕਟ ਮੈਚ ਹੋ ਸਕਦੇ ਹਨ ਤਾਂ ਧਾਰਮਿਕ ਯਾਤਰਾ ਕਿਉਂ ਨਹੀਂ ?" ਉਨ੍ਹਾਂ ਨੇ ਮੰਗ ਕੀਤੀ ਸੀ ਕਿ ਲਾਂਘਾ ਤੁਰੰਤ ਖੋਲ੍ਹਿਆ ਜਾਵੇ।

ਸਿੱਖ ਬੁੱਧੀਜੀਵੀ ਡਾਕਟਰ ਪਰਮਜੀਤ ਮਾਨਸਾ ਨੇ ਕਿਹਾ, "ਸਿੱਖਾਂ ਨੂੰ ਮਾਰਜੀਨਲਾਈਜ਼ ਕੀਤਾ ਜਾ ਰਿਹਾ ਹੈ। ਗੁਰੂ ਨਾਨਕ ਦੇ ਅਸਥਾਨ ਤੱਕ ਪਹੁੰਚ ਸਿੱਖਾਂ ਦਾ ਅਧਿਕਾਰ ਹੈ, ਪਰ ਰਾਜਨੀਤੀ ਅੜਿਕੇ ਡਾਹ ਰਹੀ ਹੈ।"

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਕੇਂਦਰ ਨੂੰ ਅਪੀਲ ਕੀਤੀ ਸੀ ਕਿ ਯਾਤਰਾ ਨੂੰ ਮਨਜ਼ੂਰੀ ਦਿੱਤੀ ਜਾਵੇ, ਪਰ ਕੇਂਦਰ ਨੇ ਸੁਰੱਖਿਆ ਦਾ ਹਵਾਲਾ ਦੇ ਕੇ ਇਨਕਾਰ ਕਰ ਦਿੱਤਾ। ਸਤੰਬਰ 2025 ਵਿੱਚ ਸਿੱਖ ਆਗੂਆਂ ਨੇ ਨਵੀਂ ਦਿੱਲੀ ਵਿੱਚ ਪ੍ਰਦਰਸ਼ਨ ਕੀਤਾ ਸੀ ਤੇ ਬੈਨ ਹਟਾਉਣ ਦੀ ਮੰਗ ਕੀਤੀ ਸੀ। ਅੰਤਰਰਾਸ਼ਟਰੀ ਸਿੱਖ ਸੰਗਠਨਾਂ ਨੇ ਵੀ ਇਸ ਨੂੰ ਧਾਰਮਿਕ ਆਜ਼ਾਦੀ ਦੀ ਉਲੰਘਣਾ ਕਿਹਾ ਸੀ। ਇੱਕ ਰਿਪੋਰਟ ਮੁਤਾਬਕ, ਲਾਂਘਾ ਬੰਦ ਹੋਣ ਨਾਲ ਹਜ਼ਾਰਾਂ ਸਿੱਖ ਯਾਤਰੀ ਪ੍ਰਭਾਵਿਤ ਹੋਏ ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਲੱਗੀ। ਪੰਥਕ ਜਥੇਬੰਦੀਆਂ ਜਿਵੇਂ ਅਕਾਲੀ ਦਲ ਤੇ ਦਲ ਖਾਲਸਾ ਨੇ ਕਿਹਾ ਸੀ ਕਿ ਇਹ ਭਾਰਤ ਦੀ ਸਿੱਖ ਵਿਰੋਧੀ ਨੀਤੀ ਦਾ ਹਿੱਸਾ ਹੈ ਤੇ ਉਹ ਇਸ ਵਿਰੋਧ ਵਿੱਚ ਅੰਤਰਰਾਸ਼ਟਰੀ ਮੰਚਾਂ ਤੇ ਜਾਣਗੇ।

ਵਾਘਾ ਤੇ ਹੁਸੈਨੀ ਵਾਲਾ ਬਾਰਡਰ: ਬੰਦੀ ਦਾ ਜਿੰਮੇਵਾਰ ਤੇ ਪੰਜਾਬ ਅਰਥ ਵਿਵਸਥਾ ਤੇ ਅਸਰ-ਵਾਘਾ (ਅਟਾਰੀ) ਬਾਰਡਰ ਭਾਰਤ ਤੇ ਪਾਕਿਸਤਾਨ ਵਿਚਕਾਰ ਵਪਾਰ ਦਾ ਮੁੱਖ ਰਸਤਾ ਹੈ। ਪਹਿਲਗਾਮ ਹਮਲੇ ਤੋਂ ਬਾਅਦ 24 ਅਪ੍ਰੈਲ 2025 ਨੂੰ ਪਾਕਿਸਤਾਨ ਨੇ ਇਸ ਨੂੰ ਬੰਦ ਕਰ ਦਿੱਤਾ ਤੇ ਭਾਰਤ ਨੇ ਵੀ ਜਵਾਬ ਵਿੱਚ ਬੰਦ ਕਰ ਦਿੱਤਾ। ਹੁਸੈਨੀ ਵਾਲਾ ਬਾਰਡਰ, ਜੋ 1971 ਵਿੱਚ ਬੰਦ ਹੋਇਆ ਸੀ, ਪਹਿਲਾਂ ਹੀ ਬੰਦ ਹੈ ਤੇ ਇਸ ਸਾਲ ਵੀ ਨਹੀਂ ਖੁੱਲ੍ਹਿਆ। ਨਿਰਪੱਖ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਆਪਸੀ ਟਕਰਾਅ ਦੇ ਜਿੰਮੇਵਾਰ ਦੋਵੇਂ ਮੁਲਕ ਹਨ। ਮਈ 2025 ਵਿੱਚ ਇਸ ਪਾਬੰਦੀ ਨੂੰ ਅਣਮਿੱਥੇ ਸਮੇਂ ਲਈ ਵਧਾ ਦਿੱਤਾ ਗਿਆ।

ਇਸ ਨੇ ਪੰਜਾਬ ਦੀ ਅਰਥ ਵਿਵਸਥਾ ਨੂੰ ਵੱਡਾ ਝਟਕਾ ਦਿੱਤਾ। ਅਟਾਰੀ ਬਾਰਡਰ ਰਾਹੀਂ ਸਾਲਾਨਾ 3800 ਕਰੋੜ ਰੁਪਏ ਦਾ ਵਪਾਰ ਹੁੰਦਾ ਸੀ, ਜਿਸ ਵਿੱਚ ਖੇਤੀ ਉਤਪਾਦ, ਸੀਮੈਂਟ ਤੇ ਫਲ-ਸਬਜ਼ੀਆਂ ਸ਼ਾਮਲ ਹਨ। ਇਸ ਵਪਾਰ ਬੰਦੀ ਕਾਰਣ ਅਫਗਾਨਿਸਤਾਨ ਨਾਲ ਵਪਾਰ ਵੀ ਰੁਕ ਗਿਆ, ਜਿਸ ਨੇ ਡ੍ਰਾਈ ਫਰੂਟਸ ਤੇ ਹੋਰ ਵਸਤਾਂ ਨੂੰ ਪ੍ਰਭਾਵਿਤ ਕੀਤਾ। ਪੰਜਾਬ ਦੇ ਵਪਾਰੀ ਕਹਿੰਦੇ ਹਨ ਕਿ ਇਸ ਨਾਲ ਅਰਥ ਵਿਵਸਥਾ ਨੂੰ ਕਰੋੜਾਂ ਦਾ ਨੁਕਸਾਨ ਹੋ ਰਿਹਾ ਹੈ। ਇੱਕ ਵਪਾਰੀ ਨੇ ਕਿਹਾ, "ਵਾਘਾ ਬੰਦ ਹੋਣ ਨਾਲ ਪੰਜਾਬ ਦੀ ਆਰਥਿਕਤਾ ਨੂੰ ਧੱਕਾ ਲੱਗਾ ਹੈ। ਅਸੀਂ ਅਫਗਾਨਿਸਤਾਨ ਨੂੰ ਮਾਲ ਭੇਜ ਨਹੀਂ ਸਕਦੇ ਤੇ ਪਾਕਿਸਤਾਨ ਨਾਲ ਵਪਾਰ ਰੁਕ ਗਿਆ ਹੈ।" ਰਿਪੋਰਟਾਂ ਮੁਤਾਬਕ ਇਸ ਪਾਬੰਦੀ ਨਾਲ ਪੰਜਾਬ ਨੂੰ 1000 ਕਰੋੜ ਤੋਂ ਵੱਧ ਦਾ ਨੁਕਸਾਨ ਹੋਇਆ ਹੈ ਤੇ ਵਪਾਰੀ ਵਿਕਲਪੀ ਰਸਤੇ ਲੱਭ ਰਹੇ ਹਨ ਜੋ ਮਹਿੰਗੇ ਹਨ। ਹੁਸੈਨੀ ਵਾਲਾ ਬੰਦ ਰਹਿਣ ਨਾਲ ਵੀ ਪੰਜਾਬ ਦੇ ਦੱਖਣੀ ਇਲਾਕੇ ਪ੍ਰਭਾਵਿਤ ਹਨ।

ਪੰਜਾਬ ਸਰਕਾਰ ਨੇ ਕੇਂਦਰ ਨੂੰ ਅਪੀਲ ਕੀਤੀ ਕਿ ਬਾਰਡਰ ਖੋਲ੍ਹੇ ਜਾਣ ਪਰ ਸੁਰੱਖਿਆ ਕਾਰਨ ਇਨਕਾਰ ਹੋ ਰਿਹਾ ਹੈ। ਵਪਾਰੀ ਸੰਗਠਨ ਕਹਿੰਦੇ ਹਨ ਕਿ ਇਹ ਰਾਜਨੀਤੀ ਦਾ ਸ਼ਿਕਾਰ ਹੈ ਤੇ ਆਮ ਲੋਕ ਭੁਗਤ ਰਹੇ ਹਨ। ਇੱਕ ਆਰਥਿਕ ਵਿਸ਼ਲੇਸ਼ਕ ਨੇ ਕਿਹਾ, "ਪੰਜਾਬ ਦੀ ਅਰਥ ਵਿਵਸਥਾ ਖੇਤੀ ਤੇ ਵਪਾਰ ਤੇ ਨਿਰਭਰ ਹੈ। ਬਾਰਡਰ ਬੰਦੀ ਨੇ ਇਸ ਨੂੰ ਕਮਜ਼ੋਰ ਕੀਤਾ ਹੈ ਤੇ ਬੇਰੁਜ਼ਗਾਰੀ ਵਧੀ ਹੈ।"

ਨਫ਼ਰਤ ਦੀ ਖਾਈ ਡੂੰਘੀ ਹੋਣ ਦੇ ਨਤੀਜੇ ਤੇ ਭਵਿੱਖ-ਇਸ ਸਾਲ ਦੇ ਘਟਨਾਕ੍ਰਮ ਨੇ ਭਾਰਤ ਤੇ ਪਾਕਿਸਤਾਨ ਵਿਚਕਾਰ ਨਫ਼ਰਤ ਨੂੰ ਹੋਰ ਵਧਾ ਦਿੱਤਾ ਹੈ। ਆਪ੍ਰੇਸ਼ਨ ਸੰਧੂਰ ਤੇ ਬੁਨਯਾਨ-ਅਲ-ਮਰਸੂਸ ਨੇ ਫੌਜੀ ਤਣਾਅ ਵਧਾਇਆ, ਜਦਕਿ ਸਿੰਧੂ ਜਲ ਸੰਧੀ ਨੇ ਆਰਥਿਕ ਜੰਗ ਸ਼ੁਰੂ ਕੀਤੀ। ਕਰਤਾਰਪੁਰ ਲਾਂਘੇ ਦੀ ਪਾਬੰਦੀ ਨੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਤੇ ਵਾਘਾ ਬਾਰਡਰ ਬੰਦ ਹੋਣ ਕਾਰਣ ਅਰਥ ਵਿਵਸਥਾ ਨੂੰ ਨੁਕਸਾਨ ਪਹੁੰਚਿਆ ਹੈ। ਸਿੱਖ ਜਥੇਬੰਦੀਆਂ ਤੇ ਬੁੱਧੀਜੀਵੀ ਸ਼ਾਂਤੀ ਦੀ ਅਪੀਲ ਕਰ ਰਹੇ ਹਨ ਪਰ ਫਿਰਕੂ ਤੇ ਨਫਰਤੀ ਰਾਜਨੀਤੀ ਨੇ ਇਸ ਨੂੰ ਔਖਾ ਬਣਾ ਦਿੱਤਾ ਹੈ। ਪੰਜਾਬੀ ਲੋਕ ਸ਼ਾਂਤੀ ਚਾਹੁੰਦੇ ਹਨ ਤੇ ਉਮੀਦ ਕਰਦੇ ਹਨ ਕਿ 2026 ਵਿੱਚ ਹਾਲਾਤ ਸੁਧਰਨਗੇ।

* * * * * * *

# ਈਡੀ ਦੀ ਸਖਤ ਕਾਰਵਾਈ: ਡੰਕੀ ਰੂਟ ਏਜੰਟਾਂ ਤੋਂ 19 ਕਰੋੜ ਦੀ ਨਕਦੀ, ਸੋਨਾ-ਚਾਂਦੀ ਜ਼ਬਤ !

**ਵਿਸ਼ੇਸ਼ ਰਿਪੋਰਟ**

## ✪ ਪੰਜਾਬ-ਹਰਿਆਣਾ ਦਿੱਲੀ ਵਿਚ ਈਡੀ ਦੇ 13 ਛਾਪੇ, ਕਰੋੜਾਂ ਦੀ ਜਾਇਦਾਦ ਫੜੀ
## ✪ ਅਮਰੀਕਾ ਡਿਪੋਰਟ ਮਾਮਲੇ ਵਿਚ ਈਡੀ ਸਖ਼ਤ: 50 ਪਾਸਪੋਰਟ ਤੇ ਕਰੋੜਾਂ ਰੁਪਏ ਬਰਾਮਦ

ਭਾਰਤ ਵਿੱਚ ਗੈਰ-ਕਾਨੂੰਨੀ ਪ੍ਰਵਾਸ ਦੇ ਰੂਟਾਂ ਨੂੰ ਬੰਦ ਕਰਨ ਲਈ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਹਾਲ ਹੀ ਵਿੱਚ ਸਖਤ ਕਾਰਵਾਈ ਕੀਤੀ ਹੈ। ਇਹ ਕਾਰਵਾਈ 'ਡੰਕੀ ਰੂਟ' ਨਾਂ ਨਾਲ ਜਾਣੇ ਜਾਂਦੇ ਗੈਰ-ਕਾਨੂੰਨੀ ਪ੍ਰਵਾਸ ਨੈੱਟਵਰਕ ਨਾਲ ਜੁੜੀ ਹੈ, ਜਿਸ ਵਿੱਚ ਨੌਜਵਾਨਾਂ ਨੂੰ ਅਮਰੀਕਾ ਵਰਗੇ ਦੇਸ਼ਾਂ ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਭੇਜਿਆ ਜਾਂਦਾ ਹੈ। ਈਡੀ ਨੇ ਪੰਜਾਬ, ਹਰਿਆਣਾ ਤੇ ਦਿੱਲੀ ਵਿੱਚ 13 ਥਾਵਾਂ ਤੇ ਛਾਪੇ ਮਾਰੇ ਹਨ, ਜਿਸ ਵਿੱਚ ਕਰੋੜਾਂ ਰੁਪਏ ਦੀ ਨਕਦੀ, ਸੋਨਾ, ਚਾਂਦੀ ਤੇ ਹੋਰ ਸਮੱਗਰੀ ਜ਼ਬਤ ਕੀਤੀ ਗਈ ਹੈ।

ਡੰਕੀ ਰੂਟ ਕੀ ਹੈ ਤੇ ਇਹ ਕਿਉਂ ਬਣਿਆ ਮਸਲਾ ?-ਡੰਕੀ ਰੂਟ ਨੂੰ ਅੰਗਰੇਜ਼ੀ ਵਿੱਚ 'ਡੰਕੀ ਰੂਟ' ਜਾਂ 'ਡੌਂਕੀ ਫਲਾਈਟ' ਵੀ ਕਿਹਾ ਜਾਂਦਾ ਹੈ। ਇਹ ਇੱਕ ਗੈਰ-ਕਾਨੂੰਨੀ ਰਸਤਾ ਹੈ ਜਿਸ ਰਾਹੀਂ ਲੋਕ ਅਮਰੀਕਾ, ਕੈਨੇਡਾ ਜਾਂ ਯੂਰਪ ਵਰਗੇ ਦੇਸ਼ਾਂ ਵਿੱਚ ਜਾਣ ਲਈ ਵੱਖ-ਵੱਖ ਦੇਸ਼ਾਂ ਵਿੱਚੋਂ ਲੰਘਦੇ ਹਨ।ਪੰਜਾਬੀ ਵਿੱਚ 'ਡੰਕੀ' ਦਾ ਮਤਲਬ ਹੈ 'ਛਾਲ ਮਾਰਨਾ' ਜਾਂ 'ਲੰਮੀ ਯਾਤਰਾ ਕਰਨਾ', ਜਿਵੇਂ ਗਧੇ ਵਾਂਗ ਲੰਮੇ ਰਸਤੇ ਤੇ ਚੱਲਣਾ। ਇਸ ਰੂਟ ਵਿੱਚ ਲੋਕ ਭਾਰਤ ਤੋਂ ਦੁਬਈ, ਇਕੁਏਡਰ, ਕੋਲੰਬੀਆ, ਪਨਾਮਾ, ਮੈਕਸੀਕੋ ਵਰਗੇ ਦੇਸ਼ਾਂ ਰਾਹੀਂ ਅਮਰੀਕਾ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ। ਇਹ ਯਾਤਰਾ ਬਹੁਤ ਖ਼ਤਰਨਾਕ ਹੁੰਦੀ ਹੈ - ਜੰਗਲਾਂ ਵਿੱਚੋਂ ਲੰਘਣਾ, ਨਦੀਆਂ ਪਾਰ ਕਰਨਾ, ਗੈਂਗਾਂ ਨਾਲ ਮੁਕਾਬਲਾ ਤੇ ਕਈ ਵਾਰ ਮੌਤ ਵੀ ਹੋ ਜਾਂਦੀ ਹੈ। ਇਸ ਸਾਲ ਫਰਵਰੀ 2025 ਵਿੱਚ ਅਮਰੀਕਾ ਨੇ 330 ਭਾਰਤੀਆਂ ਨੂੰ ਵਾਪਸ ਭੇਜਿਆ ਸੀ, ਜਿਨ੍ਹਾਂ ਨੂੰ ਅਮਰੀਕਾ-ਮੈਕਸੀਕੋ ਸਰਹੱਦ ਤੇ ਫੜਿਆ ਗਿਆ ਸੀ। ਇਹ ਲੋਕ ਜ਼ਿਆਦਾਤਰ ਪੰਜਾਬ ਤੇ ਹਰਿਆਣਾ ਦੇ ਨੌਜਵਾਨ ਸਨ, ਜਿਨ੍ਹਾਂ ਨੇ ਡੰਕੀ ਏਜੰਟਾਂ ਨੂੰ 45 ਤੋਂ 55 ਲੱਖ ਰੁਪਏ ਦਿੱਤੇ ਸਨ। ਇਨ੍ਹਾਂ ਨੌਜਵਾਨਾਂ ਨੂੰ ਅਮਰੀਕੀ ਫੌਜੀ ਜਹਾਜ਼ਾਂ ਵਿੱਚ ਵਾਪਸ ਭੇਜਿਆ ਗਿਆ ਸੀ। ਪੰਜਾਬ ਤੇ ਹਰਿਆਣਾ ਪੁਲਿਸ ਨੇ ਇਸ ਮਾਮਲੇ ਵਿੱਚ 19 ਐਫਆਈਆਰ ਦਰਜ ਕੀਤੀਆਂ, ਜਿਸ ਤੇ ਈਡੀ ਨੇ ਮਨੀ ਲਾਂਡਰਿੰਗ ਦੀ ਜਾਂਚ ਸ਼ੁਰੂ ਕੀਤੀ ਸੀ।

ਡੰਕੀ ਰੂਟ ਨਾਲ ਜੁੜੇ ਏਜੰਟ ਲੋਕਾਂ ਨੂੰ ਧੋਖਾ ਦਿੰਦੇ ਹਨ। ਉਹ ਨੌਜਵਾਨਾਂ ਨੂੰ ਵੀਜ਼ਾ ਤੇ ਨੌਕਰੀ ਦੇ ਵਾਅਦੇ ਕਰਦੇ ਹਨ।ਇਸ ਨੈੱਟਵਰਕ ਵਿੱਚ ਟਰੈਵਲ ਏਜੰਟ, ਦਲਾਲ, ਵਿਦੇਸ਼ੀ ਸਹਿਯੋਗੀ, ਹਵਾਲਾ ਵਪਾਰੀ ਤੇ ਰਿਹਾਇਸ਼ ਪ੍ਰਬੰਧ ਕਰਨ ਵਾਲੇ ਸ਼ਾਮਲ ਹੁੰਦੇ ਹਨ। ਇਹ ਲੋਕ ਲੱਖਾਂ ਰੁਪਏ ਵਸੂਲ ਕਰਦੇ ਹਨ ਤੇ ਉਨ੍ਹਾਂ ਨੂੰ ਧੱਕੇ ਨਾਲ ਗੈਰ-ਕਾਨੂੰਨੀ ਤਰੀਕੇ ਨਾਲ ਵਿਦੇਸ਼ ਭੇਜਦੇ ਹਨ। ਕਈ ਵਾਰ ਨੌਜਵਾਨਾਂ ਦੀ ਜਾਨ ਵੀ ਚਲੀ ਜਾਂਦੀ ਹੈ ਜਾਂ ਉਹ ਵਿਚਾਲੇ ਫਸ ਜਾਂਦੇ ਹਨ।

ਈਡੀ ਡੰਕੀ ਏਜੰਟਾਂ ਬਾਰੇ ਸਖ਼ਤ ਕਿਉਂ ਹੈ ?-ਈਡੀ ਇੱਕ ਕੇਂਦਰੀ ਏਜੰਸੀ ਹੈ ਜੋ ਮਨੀ ਲਾਂਡਰਿੰਗ (ਕਾਲੇ ਧਨ ਨੂੰ ਸਫੈਦ ਕਰਨਾ) ਨਾਲ ਜੁੜੇ ਮਾਮਲਿਆਂ ਦੀ ਜਾਂਚ ਕਰਦੀ ਹੈ। ਡੰਕੀ ਰੂਟ ਵਿੱਚ ਏਜੰਟ ਲੋਕਾਂ ਤੋਂ ਵੱਡੀ ਰਕਮ ਵਸੂਲ ਕਰਦੇ ਹਨ, ਜੋ ਕਿ ਗੈਰ-ਕਾਨੂੰਨੀ ਹੈ। ਇਹ ਰਕਮ ਹਵਾਲਾ ਰਾਹੀਂ ਵਿਦੇਸ਼ ਭੇਜੀ ਜਾਂਦੀ ਹੈ ਤੇ ਇਸ ਨਾਲ ਦੇਸ਼ ਦੀ ਅਰਥਵਿਵਸਥਾ ਨੂੰ ਨੁਕਸਾਨ ਪਹੁੰਚਦਾ ਹੈ। ਈਡੀ ਨੂੰ ਇਸ ਮਾਮਲੇ ਵਿੱਚ ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ (ਪੀਐਮਐਲਏ) ਤਹਿਤ ਜਾਂਚ ਕਰਨ ਦਾ ਅਧਿਕਾਰ ਹੈ।

ਈਡੀ ਸਖ਼ਤ ਹੈ ਕਿਉਂਕਿ ਇਹ ਨੈੱਟਵਰਕ ਨਾ ਸਿਰਫ਼ ਲੋਕਾਂ ਨੂੰ ਧੋਖਾ ਦਿੰਦਾ ਹੈ ਬਲਕਿ ਮਨੁੱਖੀ ਤਸਕਰੀ (ਹਿਊਮਨ ਟ੍ਰੈਫਿਕਿੰਗ) ਨਾਲ ਵੀ ਜੁੜਿਆ ਹੈ। ਫਰਵਰੀ 2025 ਵਿੱਚ ਅਮਰੀਕਾ ਵੱਲੋਂ ਡਿਪੋਰਟ ਕੀਤੇ ਗਏ 330 ਭਾਰਤੀਆਂ ਦੇ ਬਿਆਨਾਂ ਤੋਂ ਈਡੀ ਨੂੰ ਬਹੁਤ ਸਬੂਤ ਮਿਲੇ ਹਨ। ਇਸ ਨਾਲ ਈਡੀ ਨੇ ਦੂਜੇ ਤੇ ਤੀਜੇ ਪੱਧਰ ਦੇ ਏਜੰਟਾਂ ਦੇ ਨਾਂ ਲੱਭੇ ਤੇ ਉਨ੍ਹਾਂ ਤੇ ਕਾਰਵਾਈ ਸ਼ੁਰੂ ਕੀਤੀ।

ਈਡੀ ਦੀ ਸਖ਼ਤੀ ਦਾ ਇੱਕ ਕਾਰਨ ਇਹ ਵੀ ਹੈ ਕਿ ਇਹ ਨੈੱਟਵਰਕ ਵੱਡੇ ਪੈਮਾਨੇ ਤੇ ਚੱਲ ਰਿਹਾ ਹੈ। 2021 ਵਿੱਚ ਅਮਰੀਕੀ ਸਰਹੱਦ ਤੇ ਫੜੇ ਗਏ ਭਾਰਤੀਆਂ ਦੀ ਗਿਣਤੀ 30,662 ਸੀ, ਜੋ 2023 ਵਿੱਚ ਵਧ ਕੇ 96,917 ਹੋ ਗਈ। ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ ਤੇ ਰਹਿ ਰਹੇ ਭਾਰਤੀਆਂ ਦੀ ਗਿਣਤੀ ਲਗਭਗ 7 ਲੱਖ ਹੈ। ਇਹ ਨੈੱਟਵਰਕ ਪੰਜਾਬ-ਹਰਿਆਣਾ , ਹਿਮਾਚਲ, ਜੰਮੂ-ਕਸ਼ਮੀਰ ਵਰਗੇ ਰਾਜਾਂ ਵਿੱਚ ਵੀ ਫੈਲਿਆ ਹੋਇਆ ਹੈ। ਈਡੀ ਚਾਹੁੰਦੀ ਹੈ ਕਿ ਇਸ ਨੂੰ ਜੜ੍ਹੋਂ ਖ਼ਤਮ ਕੀਤਾ ਜਾਵੇ ਤਾਂ ਜੋ ਨੌਜਵਾਨਾਂ ਦੀ ਜਾਨ ਬਚਾਈ ਜਾ ਸਕੇ ਤੇ ਪਰਿਵਾਰਾਂ ਨੂੰ ਧੋਖੇ ਤੋਂ ਬਚਾਇਆ ਜਾ ਸਕੇ।

ਪਿਛਲੇ ਦੋ ਮਹੀਨਿਆਂ ਵਿੱਚ ਕਿੰਨੀ ਰਕਮ ਜ਼ਬਤ ਹੋਈ ?-ਪਿਛਲੇ ਦੋ ਮਹੀਨਿਆਂ (ਅਕਤੂਬਰ ਤੋਂ ਦਸੰਬਰ 2025) ਵਿੱਚ ਈਡੀ ਨੇ ਡੰਕੀ ਰੂਟ ਮਾਮਲੇ ਵਿੱਚ ਵੱਡੀ ਰਕਮ ਜ਼ਬਤ ਕੀਤੀ ਹੈ। 18 ਤੇ 19 ਦਸੰਬਰ ਨੂੰ ਹੋਏ ਛਾਪਿਆਂ ਵਿੱਚ ਈਡੀ ਨੇ 4.68 ਕਰੋੜ ਰੁਪਏ ਨਕਦੀ, 5.9 ਕਿਲੋ ਸੋਨੇ ਦੀਆਂ ਬਾਰਾਂ (ਕੀਮਤ ਲਗਭਗ 8.07 ਕਰੋੜ), 20 ਗ੍ਰਾਮ ਸੋਨੇ ਦੇ ਸਿੱਕੇ (ਕੀਮਤ 2.7 ਲੱਖ) ਤੇ 313 ਕਿਲੋ ਚਾਂਦੀ ਦੀਆਂ ਬਾਰਾਂ (ਕੀਮਤ ਲਗਭਗ 6.42 ਕਰੋੜ) ਜ਼ਬਤ ਕੀਤੀਆਂ ਹਨ। ਇਸ ਨਾਲ ਕੁੱਲ ਰਕਮ ਲਗਭਗ 19.2 ਕਰੋੜ ਰੁਪਏ ਬਣਦੀ ਹੈ। ਇਸ ਤੋਂ ਇਲਾਵਾ, 50 ਅਸਲ ਪਾਸਪੋਰਟ, ਡਿਜੀਟਲ ਡਿਵਾਈਸਾਂ ਤੇ ਇਨਕ੍ਰੀਮੀਨੇਟਿੰਗ ਦਸਤਾਵੇਜ਼ ਵੀ ਮਿਲੇ ਹਨ। ਇਸ ਤੋਂ ਪਹਿਲਾਂ, 15 ਦਸੰਬਰ 2025 ਨੂੰ ਈਡੀ ਨੇ 5.41 ਕਰੋੜ ਰੁਪਏ ਦੀ ਜਾਇਦਾਦ ਅਟੈਚ ਕੀਤੀ ਸੀ, ਜਿਸ ਵਿੱਚ ਖੇਤੀ ਜ਼ਮੀਨਾਂ, ਰਿਹਾਇਸ਼ੀ ਘਰ ਤੇ ਵਪਾਰਕ ਥਾਵਾਂ ਸ਼ਾਮਲ ਹਨ। ਇਹ ਜਾਇਦਾਦਾਂ ਏਜੰਟਾਂ ਸ਼ੁਭਮ ਸ਼ਰਮਾ, ਜਗਜੀਤ ਸਿੰਘ ਤੇ ਸੁਰਮੁਖ ਸਿੰਘ ਨਾਂ ਨਾਲ ਜੁੜੀਆਂ ਹਨ। ਪਿਛਲੇ ਦੋ ਮਹੀਨਿਆਂ ਵਿੱਚ ਕੁੱਲ ਜ਼ਬਤ ਰਕਮ ਲਗਭਗ 24.61 ਕਰੋੜ ਰੁਪਏ ਬਣਦੀ ਹੈ। ਇਸ ਤੋਂ ਪਹਿਲਾਂ ਜੁਲਾਈ 2025 ਵਿੱਚ ਵੀ ਛਾਪੇ ਮਾਰੇ ਗਏ ਸਨ, ਜਿਸ ਵਿੱਚ ਨਕਲੀ ਇਮੀਗ੍ਰੇਸ਼ਨ ਸਟੈਂਪ ਤੇ ਡਿਵਾਈਸਾਂ ਮਿਲੀਆਂ ਸਨ, ਪਰ ਉਹ ਦੋ ਮਹੀਨਿਆਂ ਤੋਂ ਪਹਿਲਾਂ ਦੀ ਗੱਲ ਹੈ। ਇਹ ਰਕਮ ਡੰਕੀ ਏਜੰਟਾਂ ਵੱਲੋਂ ਵਸੂਲੀ ਗਈ ਹੈ ਤੇ ਇਸ ਨੂੰ ਪ੍ਰੋਸੀਡਜ਼ ਆਫ ਕ੍ਰਾਈਮ (ਅਪਰਾਧ ਦੀ ਕਮਾਈ) ਮੰਨਿਆ ਜਾਂਦਾ ਹੈ।

ਪਿਛਲੇ ਦੋ ਮਹੀਨਿਆਂ ਵਿੱਚ ਕਿੰਨੇ ਬੰਦੇ ਫੜੇ ਗਏ ?-ਪਿਛਲੇ ਦੋ ਮਹੀਨਿਆਂ ਵਿੱਚ ਈਡੀ ਨੇ ਸਿੱਧੇ ਤੌਰ ਤੇ ਗ੍ਰਿਫ਼ਤਾਰੀਆਂ ਨਹੀਂ ਕੀਤੀਆਂ, ਪਰ ਕਈ ਏਜੰਟਾਂ ਤੇ ਨੈੱਟਵਰਕ ਨਾਲ ਜੁੜੇ ਲੋਕਾਂ ਤੇ ਛਾਪੇ ਮਾਰੇ ਹਨ। ਦਸੰਬਰ ਦੇ ਛਾਪਿਆਂ ਵਿੱਚ ਜਲੰਧਰ ਦੀ ਰਿਚੀ ਟਰੈਵਲਜ਼, ਦਿੱਲੀ ਦੇ ਤਰੁਣ ਖੋਸਲਾ ਤੇ ਪਾਨੀਪਤ ਦੇ ਬਲਵਾਨ ਸ਼ਰਮਾ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ, ਸ਼ੁਭਮ ਸ਼ਰਮਾ, ਜਗਜੀਤ ਸਿੰਘ ਤੇ ਸੁਰਮੁਖ ਸਿੰਘ ਵਰਗੇ ਏਜੰਟਾਂ ਦੀ ਜਾਇਦਾਦ ਅਟੈਚ ਕੀਤੀ ਗਈ ਹੈ। ਹਾਲਾਂਕਿ, ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨਆਈਏ) ਨੇ ਜੁਲਾਈ 2025 ਵਿੱਚ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ - ਸੰਨੀ (ਧਰਮਸ਼ਾਲਾ), ਸ਼ੁਭਮ ਸੰਧਲ (ਰੂਪਨਗਰ) ਤੇ ਗਗਨਦੀਪ ਸਿੰਘ (ਦਿੱਲੀ)। ਇਹ ਗ੍ਰਿਫ਼ਤਾਰੀਆਂ ਦੋ ਮਹੀਨਿਆਂ ਤੋਂ ਪਹਿਲਾਂ ਦੀਆਂ ਹਨ, ਪਰ ਡੰਕੀ ਰੂਟ ਨਾਲ ਜੁੜੀਆਂ ਹਨ। ਈਡੀ ਨੇ ਡਿਪੋਰਟ ਕੀਤੇ ਗਏ ਨੌਜਵਾਨਾਂ ਦੇ ਬਿਆਨ ਰਿਕਾਰਡ ਕੀਤੇ ਹਨ ਤੇ ਉਨ੍ਹਾਂ ਤੋਂ ਬੈਂਕ ਡਿਟੇਲਾਂ ਮੰਗੀਆਂ ਹਨ। ਇਸ ਨਾਲ ਹੋਰ ਏਜੰਟਾਂ ਨੂੰ ਫੜਨ ਦੀ ਤਿਆਰੀ ਹੈ।

### ਨੌਜਵਾਨਾਂ ਤੇ ਪਰਿਵਾਰਾਂ ਲਈ ਸਲਾਹ



ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਨੌਜਵਾਨਾਂ ਨੂੰ ਡੰਕੀ ਰੂਟ ਤੋਂ ਦੂਰ ਰਹਿਣਾ ਚਾਹੀਦਾ ਹੈ। ਪੰਜਾਬ ਵਿੱਚ ਰਜਿਸਟਰਡ ਟਰੈਵਲ ਏਜੰਟਾਂ ਦੀ ਗਿਣਤੀ ਹਜ਼ਾਰਾਂ ਵਿੱਚ ਹੈ, ਪਰ ਬਹੁਤੇ ਗੈਰ-ਰਜਿਸਟਰਡ ਹਨ। 2013 ਦੇ ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ ਅਨੁਸਾਰ ਰਜਿਸਟ੍ਰੇਸ਼ਨ ਜ਼ਰੂਰੀ ਹੈ, ਪਰ ਬਹੁਤੇ ਏਜੰਟ ਇਸ ਨੂੰ ਨਜ਼ਰਅੰਦਾਜ਼ ਕਰਦੇ ਹਨ। ਇਸ ਧੋਖਾਧੜੀ ਤੋਂ ਬਚਣ ਲਈ ਸਿਰਫ਼ ਰਜਿਸਟਰਡ ਏਜੰਟਾਂ ਨਾਲ ਹੀ ਡੀਲ ਕਰੋ। ਵੀਜ਼ਾ ਅਪਲਾਈ ਖੁਦ ਕਰੋ ਜਾਂ ਅਧਿਕਾਰਤ ਵੈੱਬਸਾਈਟਾਂ ਰਾਹੀਂ। ਵੱਡੀ ਰਕਮ ਅਡਵਾਂਸ ਨਾ ਦਿਓ ਅਤੇ ਰਸੀਦ ਲਓ। ਸੋਸ਼ਲ ਮੀਡੀਆ ਇਸ਼ਤਿਹਾਰਾਂ ਤੇ ਭਰੋਸਾ ਨਾ ਕਰੋ। ਸ਼ਿਕਾਇਤ ਲਈ ਐਨ ਆਰ ਆਈ ਪੁਲਿਸ ਹੈਲਪਲਾਈਨ 0172-2260042 ਜਾਂ ਔਨਲਾਈਨ ਪੋਰਟਲ ਵਰਤੋ। ਸਰਕਾਰ ਨੂੰ ਵਧੇਰੇ ਜਾਗਰੂਕਤਾ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਹਨ ਅਤੇ ਸਖ਼ਤ ਕਾਨੂੰਨ ਲਾਗੂ ਕਰਨੇ ਚਾਹੀਦੇ ਹਨ। ਪੰਜਾਬ ਵਿੱਚ ਨੌਕਰੀਆਂ ਅਤੇ ਸਿੱਖਿਆ ਦੇ ਮੌਕੇ ਵਧਾਉਣ ਨਾਲ ਵੀ ਇਹ ਸਮੱਸਿਆ ਘੱਟ ਹੋ ਸਕਦੀ ਹੈ। ਸਰਕਾਰ ਨੇ ਅਜਿਹੇ ਏਜੰਟਾਂ ਵਿਰੁੱਧ ਹੈਲਪਲਾਈਨ ਸ਼ੁਰੂ ਕੀਤੀ ਹੈ। ਪੰਜਾਬ ਸਰਕਾਰ ਦੀ ਵੈੱਬਸਾਈਟ punjab.gov.in ਤੇ ਲਿਸਟ ਚੈੱਕ ਕਰੋ। ਪੜ੍ਹਾਈ ਤੇ ਨੌਕਰੀ ਲਈ ਕਾਨੂੰਨੀ ਰਸਤੇ ਅਪਣਾਓ।

### ਧੋਖਾਧੜੀ ਦੇ ਤਰੀਕੇ

ਫ਼ੇਕ ਵੀਜ਼ਾ ਅਤੇ ਦਸਤਾਵੇਜ਼: ਏਜੰਟ ਫ਼ੇਕ ਬੈਂਕ ਸਟੇਟਮੈਂਟਸ, ਨੌਕਰੀ ਦੇ ਸਰਟੀਫਿਕੇਟ, ਵਿਦਿਆਰਥੀ ਆਫਰ ਲੈਟਰ ਅਤੇ ਵੀਜ਼ਾ ਸਟਿੱਕਰ ਬਣਾਉਂਦੇ ਹਨ। 2024 ਵਿੱਚ ਅਮਰੀਕੀ ਦੂਤਾਵਾਸ ਨੇ ਅਜਿਹੇ ਕੇਸਾਂ ਵਿੱਚ ਏਜੰਟਾਂ ਨੂੰ ਫੜਿਆ ਜੋ ਗਲਤ ਜਾਣਕਾਰੀ ਭਰ ਕੇ ਵੀਜ਼ਾ ਅਪਲਾਈ ਕਰਦੇ ਸਨ ਏਜੰਟ ਲੋਕਾਂ ਨੂੰ ਗੈਰ-ਕਾਨੂੰਨੀ ਰਸਤਿਆਂ ਰਾਹੀਂ ਅਮਰੀਕਾ ਜਾਂ ਯੂਰਪ ਭੇਜਦੇ ਹਨ। ਮੈਕਸੀਕੋ, ਬਾਲੀ ਜਾਂ ਰੂਸ ਵਾਲੇ ਰੂਟ ਆਮ ਹਨ। ਗਲਫ਼ ਦੇਸ਼ਾਂ ਜਾਂ ਯੂਰਪ ਵਿੱਚ ਨੌਕਰੀਆਂ ਦੇ ਨਾਮ ਤੇ ਲੱਖਾਂ ਵਸੂਲੇ ਜਾਂਦੇ ਹਨ। ਮੋਹਾਲੀ ਅਤੇ ਚੰਡੀਗੜ੍ਹ ਵਿੱਚ ਅਜਿਹੇ ਕੇਸਾਂ ਵਿੱਚ ਲੋਕਾਂ ਨੂੰ 65 ਲੱਖ ਤੱਕ ਦੀ ਠੱਗੀ ਮਾਰੀ ਗਈ। ਏਜੰਟ ਫੇਸਬੁੱਕ ਅਤੇ ਇੰਸਟਾਗ੍ਰਾਮ ਤੇ ਝੂਠੇ ਇਸ਼ਤਿਹਾਰ ਦਿੰਦੇ ਹਨ। ਪੰਜਾਬ ਪੁਲਿਸ ਨੇ 2024 ਵਿੱਚ 25 ਅਜਿਹੇ ਏਜੰਟਾਂ ਖ਼ਿਲਾਫ਼ ਕੇਸ ਦਰਜ ਕੀਤੇ ਹਨ।

ਡੰਕੀ ਰੂਟ ਦਾ ਨੁਕਸਾਨ-ਡੰਕੀ ਰੂਟ ਦਾ ਇਤਿਹਾਸ ਲੰਮਾ ਹੈ। 1996 ਵਿੱਚ 283 ਪੰਜਾਬੀ ਨੌਜਵਾਨ ਮਾਲਟਾ ਨੇੜੇ ਡੁੱਬੇ ਜਹਾਜ਼ ਵਿੱਚ ਮਰ ਗਏ ਸਨ। ਅੱਜ ਵੀ ਕਈ ਨੌਜਵਾਨ ਵਿਚਕਾਰਲੇ ਦੇਸ਼ਾਂ ਵਿੱਚ ਫਸੇ ਹੋਏ ਹਨ। ਇਸ ਰੂਟ ਨਾਲ ਜੁੜੇ ਨੌਜਵਾਨ ਜ਼ਿਆਦਾਤਰ 25 ਤੋਂ 40 ਸਾਲਾਂ ਦੇ ਹੁੰਦੇ ਹਨ ਤੇ ਉਹ ਪਰਿਵਾਰਾਂ ਦੀ ਜੀਵਨ ਭਰ ਦੀ ਕਮਾਈ ਖਰਚ ਕਰ ਦਿੰਦੇ ਹਨ। ਇਸ ਨਾਲ ਪਰਿਵਾਰ ਨੂੰ ਆਰਥਿਕ ਤੇ ਮਾਨਸਿਕ ਨੁਕਸਾਨ ਹੁੰਦਾ ਹੈ। ਡੰਕੀ ਰੂਟ ਨਾਲ ਦੇਸ਼ ਨੂੰ ਵੀ ਨੁਕਸਾਨ ਹੈ। ਇਹ ਨੈੱਟਵਰਕ ਅਪਰਾਧੀ ਗੈਂਗਾਂ ਨਾਲ ਜੁੜਿਆ ਹੈ ਤੇ ਇਸ ਨਾਲ ਰਾਸ਼ਟਰੀ ਸੁਰੱਖਿਆ ਨੂੰ ਖ਼ਤਰਾ ਹੈ। ਅਮਰੀਕਾ ਤੇ ਭਾਰਤ ਵਿਚਕਾਰ ਰਿਸ਼ਤੇ ਵੀ ਪ੍ਰਭਾਵਿਤ ਹੁੰਦੇ ਹਨ। ਈਡੀ ਤੇ ਹੋਰ ਏਜੰਸੀਆਂ ਇਸ ਨੂੰ ਰੋਕਣ ਲਈ ਕੰਮ ਕਰ ਰਹੀਆਂ ਹਨ।

# ਚਾਰ ਭਾਰਤੀ ਬਰਤਾਨੀਆਂ ਦੇ ਹਾਊਸ ਆਫ ਲਾਰਡ ਦੇ ਮੈਂਬਰ ਬਣੇ



ਸ਼ਮਾ ਟੈਟਲਰ ਉਦੈ ਨਾਗਰਾਜੂ ਗੀਤਾ ਨਾਰਗੁੰਡ ਨੀਨਾ ਗਿੱਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) - ਹਾਊਸ ਆਫ਼ ਲਾਰਡਜ਼ ਵਿੱਚ ਨਵੇਂ ਭਾਰਤੀ ਮੂਲ ਦੇ ਚਾਰ ਲੋਕਾਂ ਗੀਤਾ ਨਾਰਗੁੰਡ, ਉਦੈ ਨਾਗਰਾਜੂ, ਨੀਨਾ ਗਿੱਲ ਅਤੇ ਸ਼ਮਾ ਟੈਟਲਰ ਨੂੰ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੁਆਰਾ ਲੇਬਰ ਪਾਰਟੀ ਵੱਲੋਂ ਨਾਮਜ਼ਦ ਕੀਤਾ ਗਿਆ ਹੈ।

ਕਰੀਟ ਫਰਟੀਲਿਟੀ ਦੀ ਸੰਸਥਾਪਕ ਪ੍ਰੋਫੈਸਰ ਗੀਤਾ ਨਾਰਗੁੰਡ, ਏ ਆਈ ਪਾਲਿਸੀ ਲੈਬਜ਼ ਦੇ ਸੰਸਥਾਪਕ ਉਦੈ ਨਾਗਰਾਜੂ; ਇੰਗਲੈਂਡ ਦੇ ਵੈਸਟ ਮਿਡਲੈਂਡਜ਼ ਖੇਤਰ ਲਈ ਯੂਰਪੀਅਨ ਸੰਸਦ ਦੀ ਸਾਬਕਾ ਮੈਂਬਰ ਨੀਨਾ ਗਿੱਲ ਅਤੇ ਉੱਤਰ-ਪੱਛਮੀ ਲੰਡਨ ਵਿੱਚ ਬ੍ਰੈਂਟ ਤੋਂ ਕੌਂਸਲਰ ਸ਼ਮਾ ਟੈਟਲਰ ਨੂੰ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੁਆਰਾ ਲੇਬਰ ਪਾਰਟੀ ਦੇ ਸਾਥੀਆਂ ਵਜੋਂ ਨਾਮਜ਼ਦ ਕੀਤਾ ਗਿਆ। ਡਾਊਨਿੰਗ ਸਟ੍ਰੀਟ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਰਾਜਨੀਤਿਕ ਸਾਥੀਆਂ ਦੇ ਨਵੀਨਤਮ ਸਮੂਹ ਦੀ ਪੁਸ਼ਟੀ ਕੀਤੀ, ਜਿਸਨੂੰ ਰਸਮੀ ਤੌਰ 'ਤੇ ਕਿੰਗ ਚਾਰਲਸ ਤੀਜੇ ਦੁਆਰਾ ਬ੍ਰਿਟਿਸ਼ ਸੰਸਦ ਦੇ ਉਪਰਲੇ ਸਦਨ ਵਿੱਚ ਨਿਯੁਕਤ ਕੀਤਾ ਹੈ।

ਪ੍ਰੋਫੈਸਰ ਗੀਤਾ ਨਾਰਗੁੰਡ ਇੱਕ ਮਹਿਲਾ ਸਿਹਤ ਮਾਹਿਰ, ਅਕਾਦਮਿਕ, ਸੰਸਥਾਪਕ, ਵਿਭਿੰਨਤਾ ਚੈਂਪੀਅਨ ਅਤੇ ਲਿੰਗ ਸਮਾਨਤਾ ਲਈ ਇੱਕ ਮੁਹਿੰਮਕਾਰ ਹੈ। ਉਹ ਕ੍ਰੀਏਟ ਫਰਟੀਲਿਟੀ ਦੀ ਸੰਸਥਾਪਕ ਹੈ ਅਤੇ ਜੁਲਾਈ 2025 ਤੱਕ ਉਸ ਨੇ ਮੈਡੀਕਲ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਈਆਂ।

ਉਦੈ ਨਾਗਰਾਜੂ ਲੇਬਰ ਪਾਰਟੀ ਦੇ ਤਕਨਾਲੋਜੀ ਸਲਾਹਕਾਰ ਰਹੇ ਹਨ ਅਤੇ "ਸਮਾਜਿਕ ਭਲਾਈ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਪ੍ਰਤੀ ਉਨ੍ਹਾਂ ਦੀ ਮਜ਼ਬੂਤ ਵਚਨਬੱਧਤਾ ਹੈ ਜਿਸ ਕਰਕੇ ਉਨ੍ਹਾਂ ਨੂੰ ਪੀਅਰੇਜ਼ ਵਜੋਂ ਨਾਮਜ਼ਦ ਕੀਤਾ ਹੈ। ਤਕਨਾਲੋਜੀ ਖੇਤਰ ਵਿੱਚ ਦੋ ਦਹਾਕਿਆਂ ਤੋਂ ਵੱਧ ਦਾ ਤਜਰਬਾ ਰੱਖਣ ਵਾਲੇ ਉਦੈ ਨੇ ਪ੍ਰਦਰਸ਼ਨ ਟੈਸਟਿੰਗ ਅਤੇ ਡਿਜੀਟਲ ਪਰਿਵਰਤਨ ਵਿੱਚ ਰਣਨੀਤਕ ਅਗਵਾਈ ਪ੍ਰਦਾਨ ਕੀਤੀ ਹੈ, ਸੰਗਠਨਾਂ ਨੂੰ ਭਰੋਸੇਯੋਗ, ਉੱਚ-ਪ੍ਰਦਰਸ਼ਨ ਵਾਲੇ ਤਕਨਾਲੋਜੀ ਹੱਲ ਪ੍ਰਦਾਨ ਕਰਨ ਵਿੱਚ ਮਦਦ ਕੀਤੀ ਹੈ।

ਉਦੈ ਨੇ ਮਹਾਤਮਾ ਗਾਂਧੀ ਫਿਊਚਰ ਲੀਡਰਜ਼ ਪ੍ਰੋਗਰਾਮ ਦੀ ਵੀ ਅਗਵਾਈ ਕੀਤੀ, ਜੋ ਕਿ ਲੇਬਰ ਪਾਰਟੀ ਦੇ ਬ੍ਰਿਟਿਸ਼ ਭਾਰਤੀ ਮੈਂਬਰਾਂ ਵਿੱਚ ਰਾਜਨੀਤਿਕ ਲੀਡਰਸ਼ਿਪ ਨੂੰ ਉਤਸ਼ਾਹਿਤ ਕਰਨ ਵਾਲੀ ਇੱਕ ਸਲਾਹਕਾਰ ਪਹਿਲ ਹੈ।

ਨੀਨਾ ਗਿੱਲ, ਜਿਸਨੂੰ ਭਾਈਚਾਰੇ ਲਈ ਸੇਵਾਵਾਂ ਲਈ ਸੀ ਬੀ ਈ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਸੀ, ਦਾ ਜਨਮ ਲੁਧਿਆਣਾ ਵਿੱਚ ਹੋਇਆ ਸੀ ਅਤੇ ਉਹ 10 ਸਾਲ ਦੀ ਉਮਰ ਵਿੱਚ ਯੂ ਕੇ ਗਈ ਸੀ। ਉਹ ਯੂਰਪੀਅਨ ਸੰਸਦ ਦੀ ਮੈਂਬਰ ਰਹਿ ਚੁੱਕੀ ਹੈ।

2013 ਤੋਂ ਉਹ ਸਿੱਖਸ ਫਾਰ ਲੇਬਰ ਦੀ ਚੇਅਰਪਰਸਨ ਵਜੋਂ ਸੇਵਾਵਾਂ ਨਿਭਾ ਰਹੀ ਹੈ।

ਸ਼ਮਾ ਟੈਟਲਰ ਜਿਸਨੂੰ ਲੇਬਰ ਪਾਰਟੀ ਵਿੱਚ ਬ੍ਰਿਟਿਸ਼ ਭਾਰਤੀ ਜ਼ਮੀਨੀ ਪੱਧਰ ਦੇ ਸਿਆਸਤਦਾਨਾਂ ਦੀ ਨੌਜਵਾਨ ਪੀੜ੍ਹੀ ਵਿੱਚੋਂ ਇੱਕ ਉੱਭਰਦੀ ਹੋਈ ਸਿਤਾਰਾ ਮੰਨਿਆ ਜਾਂਦਾ ਹੈ, ਲੇਬਰ ਇੰਡੀਅਨਜ਼ ਡਾਇਸਪੋਰਾ ਸਮੂਹ ਦੀ ਉਪ-ਚੇਅਰਪਰਸਨ ਵਜੋਂ ਸੇਵਾ ਨਿਭਾਉਂਦੀ ਹੈ। ਉਸ ਨੇ ਯੂ ਕੇ ਦੀ ਹਾਊਸ ਆਫ ਲਾਰਡ ਦੀ ਪਹਿਲੀ ਜੈਨ ਮੈਂਬਰ ਹੋਣ ਦਾ ਮਾਣ ਪ੍ਰਾਪਤ ਕੀਤਾ ਹੈ।

# ਭਾਰਤ 'ਚ ਪਤੀ ਦੇ ਕਤਲ ਮਾਮਲੇ 'ਚ ਫਾਂਸੀ ਦੀ ਸਜ਼ਾ ਤੁੜਵਾਉਣ ਲਈ ਬਰਤਾਨਵੀ ਮਹਿਲਾ ਰਮਨਦੀਪ ਕੌਰ ਮਾਨ ਵੱਲੋਂ ਅਪੀਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਬਰਤਾਨੀਆਂ ਦੇ ਸ਼ਹਿਰ ਡਰਬੀ ਦੀ ਰਮਨਦੀਪ ਕੌਰ ਮਾਨ 2016 ਵਿੱਚ ਆਪਣੇ ਪਤੀ 34 ਸਾਲਾ ਸੁਖਜੀਤ ਸਿੰਘ ਦੇ ਖਾਣੇ ਵਿੱਚ ਨਸ਼ੀਲੇ ਪਦਾਰਥ ਮਿਲਾ ਕੇ ਉਸ ਦਾ ਗਲਾ ਕੱਟ ਕੇ ਹੱਤਿਆ ਕਰਨ ਦੇ ਦੋਸ਼ਾਂ ਤਹਿਤ ਸਜ਼ਾ ਭੁਗਤ ਰਹੀ ਹੈ। ਜਿਸ ਨੂੰ ਅਕਤੂਬਰ 2023 ਵਿੱਚ ਭਾਰਤੀ ਅਦਾਲਤ ਨੇ ਦੋਸ਼ੀ ਠਹਿਰਾਇਆ ਅਤੇ ਫਾਂਸੀ ਦੀ ਸਜ਼ਾ ਸੁਣਾਈ। ਭਾਰਤ ਦੀ ਸ਼ਾਹਜਹਾਂਪੁਰ ਜੇਲ੍ਹ ਵਿੱਚ ਬੰਦ ਰਮਨਦੀਪ ਨੇ ਫਾਂਸੀ ਦੀ ਸਜ਼ਾ ਤੁੜਵਾਉਣ ਲਈ ਅਪੀਲ ਕਰਦਿਆਂ ਖੁਦ ਨੂੰ ਬੇਕਸੂਰ ਦੱਸਿਆ ਹੈ। ਰਮਨਦੀਪ ਨੇ ਦਾਅਵਾ ਕੀਤਾ ਹੈ ਕਿ ਉਸ ਦੇ ਬੇਟੇ (ਹੁਣ 18 ਸਾਲ) ਨੂੰ ਝੂਠੀ ਗਵਾਹੀ ਦੇਣ ਲਈ ਸਿਖਾਇਆ ਗਿਆ ਸੀ ਕਿ ਉਸ ਨੇ ਆਪਣੀ ਮਾਂ ਨੂੰ ਆਪਣੇ ਪਿਤਾ ਦਾ ਕਤਲ ਕਰਦੇ ਦੇਖਿਆ ਸੀ। ਅਪੀਲ ਵਿੱਚ ਕਿਹਾ ਗਿਆ ਕਿ ਸੁਖਜੀਤ ਦੀ ਮਾਂ ਬੰਸ ਕੌਰ ਨੇ ਪੁਲਿਸ ਅਤੇ ਹੋਰ ਰਿਸ਼ਤੇਦਾਰਾਂ ਨਾਲ ਮਿਲ ਕੇ ਉਸ ਦੇ ਖਿਲਾਫ ਕੇਸ ਘੜਿਆ ਸੀ। ਮਾਨ ਦੇ ਵਕੀਲਾਂ ਨੇ ਗਵਾਹੀਆਂ ਦੇ ਮਨਘੜਤ ਹੋਣ ਦਾ ਦਾਅਵਾ ਕੀਤਾ ਹੈ, ਇਹ ਵੀ ਕਿਹਾ ਕਿ ਅਪੀਲ ਕਰਤਾ ਮਾਨ ਵਿਰੁੱਧ ਲਗਾਏ ਸਾਰੇ ਦੋਸ਼ ਝੂਠੇ ਹਨ, ਇਸ ਗੱਲ ਦਾ ਵੀ ਕੋਈ ਸਬੂਤ ਨਹੀਂ ਕਿ ਗੁਰਪ੍ਰੀਤ ਸਿੰਘ ਨਾਲ ਕੋਈ ਪ੍ਰੇਮ ਸਬੰਧ ਸਨ।

ਸਥਾਨਿਕ ਅੰਗਰੇਜ਼ੀ ਅਖਬਾਰ ਵਿੱਚ ਛਪੀ ਰਿਪੋਰਟ ਵਿੱਚ ਸੁਖਜੀਤ ਸਿੰਘ ਦੀ ਮਾਂ ਬੰਸ ਕੌਰ ਨੇ ਕਿਹਾ ਕਿ ਉਹ ਇਸ ਅਪੀਲ ਨੂੰ ਚਣੌਤੀ ਦੇਣਗੇ। ਇਸ ਔਰਤ ਨੇ ਮੇਰੇ ਬੇਟੇ ਦਾ ਕਤਲ ਕੀਤਾ ਹੈ। ਉਹਨਾਂ ਕਿਹਾ ਕਿ ਇੱਕ



ਮ੍ਰਿਤਕ ਸੁਖਜੀਤ ਸਿੰਘ ਅਤੇ ਰਮਨਦੀਪ ਕੌਰ ਮਾਨ

ਨੌਜਵਾਨ ਨੂੰ ਕੋਈ ਕਿਸ ਤਰ੍ਹਾਂ ਝੂਠ ਬੋਲਣ ਲਈ ਮਜ਼ਬੂਰ ਕਰ ਸਕਦਾ ਹੈ। ਅਰਜੁਨ ਦਾ ਕਹਿਣਾ ਹੈ ਕਿ ਉਸ ਨੂੰ ਸਬੂਤ ਦੇਣ ਤੇ ਕੋਈ ਪਛਤਾਵਾ ਨਹੀਂ, ਉਹ ਉਸ ਨੂੰ ਫਾਂਸੀ ਤੇ ਲਟਕਦਾ ਦੇਖਣਾ ਚਾਹੁੰਦਾ ਹੈ। ਉਸ ਨੇ ਦੱਸਿਆ ਕਿ ਰਮਨਦੀਪ ਨੇ ਆਪਣੇ ਪ੍ਰੇਮੀ 38 ਸਾਲਾ ਗੁਰਪ੍ਰੀਤ ਸਿੰਘ ਨਾਲ ਮਿਲ ਕੇ ਸੁਖਜੀਤ ਦੀ ਹੱਤਿਆ ਕੀਤੀ ਸੀ, ਇਸ ਵਰਤਾਰੇ ਨੂੰ ਅਰਜਨ ਨੇ ਖੁਦ ਦੇਖਿਆ, ਜੋ ਉਸ ਸਮੇਂ ਸਿਰਫ 9 ਸਾਲ ਦਾ ਸੀ। ਅਰਜਨ ਮੁਤਾਬਿਕ ਉਸਨੇ ਆਪਣੀ ਮਾਂ ਨੂੰ ਸਿਰਹਾਣੇ ਨਾਲ ਆਪਣੇ ਪਿਤਾ ਦਾ ਗਲਾ ਘੁੱਟਦੇ ਦੇਖਿਆ, ਉਸਦੇ ਪ੍ਰੇਮੀ ਨੇ ਹਥੌੜਾ ਸਿਰ 'ਤੇ ਮਾਰਿਆ ਅਤੇ ਫਿਰ ਗਲਾ ਵੱਢ ਦਿੱਤਾ।

ਰਮਨਦੀਪ ਦਾ ਇਹ ਮਾਮਲਾ ਉਸ ਸਮੇਂ ਸਾਹਮਣੇ ਆਇਆ ਜਦੋਂ ਕਿ ਉਸ ਦੀਆਂ ਜੇਲ੍ਹ ਵਿੱਚ ਬਣਾਈਆਂ ਕਲਾ ਕ੍ਰਿਤਾਂ ਦੀ ਚਰਚਾ ਹੋ ਰਹੀ ਹੈ।

# ਭਾਰਤੀ ਕਰਮਚਾਰੀ ਨੂੰ 'ਗੁਲਾਮ' ਕਹਿਣ ਤੇ ਕੇ ਐਫ ਸੀ ਸ਼ਾਖਾ ਨੂੰ 70,000 ਪੌਂਡ ਦਾ ਜੁਰਮਾਨਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਭਾਰਤੀ ਕਰਮਚਾਰੀ ਨੂੰ 'ਗੁਲਾਮ' ਕਹਿਣ ਤੇ ਕੇ ਐਫ ਸੀ ਸ਼ਾਖਾ ਨੂੰ 70,000 ਪੌਂਡ ਦਾ ਜੁਰਮਾਨਾ ਕੀਤਾ ਗਿਆ ਹੈ। ਇੱਕ ਟ੍ਰਿਬਿਊਨਲ ਵਿੱਚ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਦੱਖਣ-ਪੂਰਬੀ ਲੰਡਨ ਦੇ ਇੱਕ ਕੇ ਐਫ ਸੀ ਫਰੈਂਚਾਇਜ਼ੀ ਦੇ ਇੱਕ ਮੈਨੇਜਰ ਨੇ ਇੱਕ ਭਾਰਤੀ ਕਰਮਚਾਰੀ ਨੂੰ "ਗੁਲਾਮ" ਕਿਹਾ ਅਤੇ ਉਸਨੂੰ ਵਾਧੂ ਘੰਟੇ ਕੰਮ ਕਰਨ ਲਈ ਮਜਬੂਰ ਕੀਤਾ।

ਭਾਰਤੀ ਰਾਜ ਤਾਮਿਲਨਾਡੂ ਦੇ ਰਹਿਣ ਵਾਲੇ ਮਧੇਸ਼ ਰਵੀਚੰਦਰਨ ਨੇ ਜਨਵਰੀ 2023 ਵਿੱਚ ਵੈਸਟ ਵਿਕਹੈਮ ਕੇ ਐਫ ਸੀ ਸ਼ਾਖਾ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਸੀ। ਦੋ ਮਹੀਨਿਆਂ ਬਾਅਦ, ਸ਼੍ਰੀ ਰਵੀਚੰਦਰਨ ਨੂੰ ਸਾਲਾਨਾ ਛੁੱਟੀ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਅਤੇ ਟ੍ਰਿਬਿਊਨਲ ਨੂੰ ਦੱਸਿਆ ਗਿਆ ਕਿ ਉਨ੍ਹਾਂ ਦੇ ਮੈਨੇਜਰ ਕਾਜਨ ਥੀਵੇਂਥਿਰਮ ਨੇ ਕਿਹਾ ਕਿ ਉਹ ਸ਼੍ਰੀਲੰਕਾਈ ਤਾਮਿਲ ਸਟਾਫ ਨੂੰ ਤਰਜੀਹ ਦੇਵੇਗਾ ਅਤੇ ਦਾਅਵੇਦਾਰ ਨੂੰ "ਇਹ ਗੁਲਾਮ" ਕਹਿ ਸੰਬੋਧਨ ਕੀਤਾ। ਟ੍ਰਿਬਿਊਨਲ ਦੇ ਜੱਜ ਪਾਲ ਐਬੋਟ ਨੇ ਪਾਇਆ ਕਿ ਸ਼੍ਰੀ ਰਵੀਚੰਦਰਨ ਨੂੰ ਗਲਤ ਤਰੀਕੇ ਨਾਲ ਬਰਖਾਸਤ ਕੀਤਾ ਗਿਆ ਸੀ ਅਤੇ ਸਿੱਧੇ ਨਸਲੀ ਵਿਤਕਰੇ, ਨਸਲ ਨਾਲ ਸਬੰਧਤ ਪਰੇਸ਼ਾਨੀ ਅਤੇ ਪੀੜਤ ਹੋਣ ਦਾ ਸ਼ਿਕਾਰ





ਕੇ ਐਫ ਸੀ ਸ਼ਾਖਾ ਜਿੱਥੇ ਪੀੜਤ ਕੰਮ ਕਰਦਾ ਸੀ

ਬਣਾਇਆ ਗਿਆ ਸੀ। ਟ੍ਰਿਬਿਊਨਲ ਨੇ ਪਾਇਆ ਕਿ ਸ਼੍ਰੀ ਰਵੀਚੰਦਰਨ ਨੇ ਟਿੱਪਣੀਆਂ ਸੁਣਨ ਤੋਂ ਮਹੀਨਿਆਂ ਬਾਅਦ ਅਸਤੀਫਾ ਦੇ ਦਿੱਤਾ ਪਰ ਉਨ੍ਹਾਂ ਦੇ ਦੋਸ਼ਾਂ ਦੀ ਕੋਈ ਅਸਲ ਜਾਂਚ ਨਹੀਂ ਹੋਈ। ਉਹ "ਪਰੇਸ਼ਾਨ ਅਤੇ ਅਪਮਾਨਿਤ" ਸੀ। ਜੱਜ ਐਬੋਟ ਨੇ ਦਾਅਵੇਦਾਰ ਦੇ ਸਬੂਤਾਂ ਨੂੰ ਸਵੀਕਾਰ ਕਰਦਿਆਂ ਸ਼੍ਰੀ ਥੀਵੇਂਥੀਰਮ ਨੂੰ "ਨਸਲੀ ਪੱਖਪਾਤੀ ਰਵੱਈਏ" ਦਾ ਦੋਸ਼ੀ ਪਾਇਆ। ਦਾਅਵੇਦਾਰ ਨੂੰ ਮੁਆਵਜ਼ੇ ਵਜੋਂ 66,800 ਪੌਂਡ ਅਦਾ ਕਰਨ ਦੇ ਹੁਕਮ ਦਿੱਤੇ ਗਏ ਅਤੇ ਵੈਸਟ ਵਿਕਹੈਮ ਕੇ ਐਫ ਸੀ ਸ਼ਾਖਾ ਦਾ ਸੰਚਾਲਨ ਕਰਨ ਵਾਲੀ ਨੇਕਸਸ ਫੂਡਜ਼ ਲਿਮਟਿਡ ਨੂੰ ਕੰਮ ਵਾਲੀ ਥਾਂ 'ਤੇ ਵਿਤਕਰੇ ਸੰਬੰਧੀ ਸਾਰੇ ਕਰਮਚਾਰੀਆਂ ਲਈ ਇੱਕ ਸਿਖਲਾਈ ਪ੍ਰੋਗਰਾਮ ਲਾਗੂ ਕਰਨ ਦੀ ਸਿਫਾਰਸ਼ ਕੀਤੀ।

# ਗ੍ਰੇਵਜ਼ੈਂਡ ਗੁਰਦੁਆਰਾ ਸਾਹਿਬ ਵਿੱਚ ਹੁੱਲੜਬਾਜ਼ੀ ਕਰਨ ਦੇ ਮਾਮਲੇ ਵਿੱਚ ਚਾਰ ਗ੍ਰਿਫ਼ਤਾਰ





ਗੁਰਦੁਆਰਾ ਗ੍ਰੇਵਜ਼ੈਂਡ ਅਤੇ ਕਾਰ ਦੀ ਭੰਨਤੋੜ ਦਾ ਦ੍ਰਿਸ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਬਰਤਾਨੀਆਂ ਦੇ ਵੱਡੇ ਗੁਰੂ ਘਰਾਂ ਵਿੱਚੋਂ ਜਾਣੇ ਜਾਂਦੇ ਸ੍ਰੀ ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਹਿਬ ਵਿੱਚ ਨਵੇਂ ਸਾਲ ਮੌਕੇ ਕੁਝ ਲੋਕਾਂ ਨੇ ਹੁੱਲੜਬਾਜ਼ੀ ਕੀਤੀ ਅਤੇ ਤਕਰੀਰਬਾਜ਼ੀ ਇਥੋਂ ਤੱਕ ਵੱਧ ਗਈ ਕਿ ਪੁਲਿਸ ਨੂੰ ਬੁਲਾਉਣਾ ਪਿਆ। ਇਸ ਮੌਕੇ ਇੱਕ ਵਿਅਕਤੀ ਦੇ ਮਾਮੂਲੀ ਸੱਟਾਂ ਲੱਗੀਆਂ ਜਿਸ ਦਾ ਮੌਕੇ 'ਤੇ ਐਂਬੂਲੈਂਸ ਅਧਿਕਾਰੀਆਂ ਨੇ ਇਲਾਜ ਕੀਤਾ ਗਿਆ।

ਪੁਲਿਸ ਨੇ ਘਟਨਾ ਤੋਂ ਤੁਰੰਤ ਬਾਅਦ ਡਾਰਟਫੋਰਡ ਸ਼ਹਿਰ ਦੇ ਨੇੜੇ ਜਰਨੈਲੀ ਸੜਕ ਏ2 ਲੰਡਨ ਜਾਣ ਵਾਲੇ ਰਸਤੇ ਤੋਂ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ।

ਗੁਰਦੁਆਰਾ ਸਾਹਿਬ ਦੇ ਬੁਲਾਰੇ ਸ ? ਜਗਦੇਵ ਸਿੰਘ ਵਿਰਦੀ ਨੇ ਕਿਹਾ ਕਿ ਨਵੇਂ ਸਾਲ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਗੁਰਦੁਆਰਾ ਸਾਹਿਬ ਨਤਮਸਤਕ ਹੋਣ ਲਈ ਪਹੁੰਚੀਆਂ ਹੋਈਆਂ ਸਨ। ਜਦੋਂ ਕੁਝ ਲੋਕਾਂ ਦੀ ਆਪਸ ਵਿੱਚ ਤਕਰਾਰਬਾਜ਼ੀ ਹੋਈ। ਲੇਕਨ ਦੋਵੇਂ ਧਿਰਾਂ ਦੇ ਲੋਕ ਬਾਹਰੋਂ ਆਏ ਸਨ ਅਤੇ ਇਹ ਉਹਨਾਂ ਦਾ ਕੋਈ ਨਿੱਜੀ ਝਗੜਾ ਸੀ।

ਉਹਨਾਂ ਇਹ ਵੀ ਸਪੱਸ਼ਟ ਕੀਤਾ ਕਿ ਇਸ ਝਗੜੇ ਦਾ ਗੁਰਦੁਆਰਾ ਸਾਹਿਬ ਜਾਂ ਗੁਰਦੁਆਰਾ ਸਾਹਿਬ ਦੀਆਂ ਸੰਗਤਾਂ ਨਾਲ ਕੋਈ ਸਬੰਧ ਨਹੀਂ। ਲੇਕਨ ਅਫ਼ਸੋਸ ਕਿ ਝਗੜਾ ਕਰਨ ਵਾਲੇ ਲੋਕਾਂ ਨੇ ਗੁਰਦੁਆਰਾ ਸਾਹਿਬ ਦੇ ਅੰਦਰ ਝਗੜਾ ਕੀਤਾ। ਜੋ ਕਦਾਚਿੱਤ ਵੀ ਸਹੀ ਨਹੀਂ ਸੀ। ਗੁਰਦੁਆਰਾ ਸਾਹਿਬ ਦੀਆਂ ਸੰਗਤਾਂ ਅਤੇ ਪ੍ਰਬੰਧਕ ਇਸ ਘਟਨਾ ਨੂੰ ਲੈ ਕੇ ਨਿਰਾਸ਼ ਹਨ ਕਿਉਂਕਿ ਸੰਗਤਾਂ ਇੱਥੇ ਨਵੇਂ ਸਾਲ ਮੌਕੇ ਆਪਣੇ ਪਰਿਵਾਰਾਂ ਅਤੇ ਬੱਚਿਆਂ ਨਾਲ ਆਈਆਂ ਹੋਈਆਂ ਸਨ।

ਗੁਰਦੁਆਰਾ ਸਾਹਿਬ ਸ਼ਾਂਤੀ, ਨਿਮਰਤਾ ਅਤੇ ਸਮੂਹਿਕ ਸਦਭਾਵਨਾ ਦੇ ਸਿਧਾਂਤਾਂ 'ਤੇ ਸਥਾਪਿਤ ਇੱਕ ਪਵਿੱਤਰ ਸੰਸਥਾ ਹੈ। ਜਿਸ ਦੀ ਮਾਣ ਮਰਿਯਾਦਾ ਦਾ ਸਭ ਨੂੰ ਖਿਆਲ ਅਤੇ ਸਤਿਕਾਰ ਕਰਨਾ ਚਾਹੀਦਾ ਹੈ। ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਦਵਿੰਦਰ ਸਿੰਘ ਭਿੰਦਾ ਮੁਠੱਡਾ ਨੇ ਸੰਗਤਾਂ ਨੂੰ ਉਪਰੋਕਤ ਵਿਵਾਦ ਸੰਬੰਧੀ ਸ਼ੋਸ਼ਲ ਮੀਡੀਆ ਤੇ ਫੈਲਾਈਆਂ ਜਾ ਰਹੀਆਂ ਅਫ਼ਵਾਹਾਂ ਤੋਂ ਵੀ ਸੁਚੇਤ ਰਹਿਣ ਦੀ ਅਪੀਲ ਕੀਤੀ। ਉਹਨਾਂ ਕਿਹਾ ਕਿ ਅਜੇਹੀ ਹੁੱਲੜਬਾਜ਼ੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਉੱਘੇ ਗੀਤਕਾਰ ਝਲਮਣ ਸਿੰਘ ਢੰਡਾ ਦੀ ਯਾਦ ਵਿੱਚ ਸਮਾਗਮ




ਝਲਮਣ ਸਿੰਘ ਢੰਡਾ ਦੇ ਪੁੱਤਰਾਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਦੇ ਹੋਏ ਗਿਆਨੀ ਮਾਹਲਾ ਸਿੰਘ, ਭਿੰਦਾ ਮੁਠੱਡਾ ਅਤੇ ਹੋਰ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)-ਯੂ ਕੇ ਦੇ ਉੱਘੇ ਗੀਤਕਾਰ ਝਲਮਣ ਸਿੰਘ ਢੰਡਾ ਦੀ ਯਾਦ ਵਿੱਚ ਸ੍ਰੀ ਗੁਰੂ ਨਾਨਕ ਦਰਬਾਰ ਗੁਰਦੁਆਰਾ ਗ੍ਰੇਵਜ਼ੈਂਡ ਵਿਖੇ ਯਾਦਗਾਰੀ ਸਮਾਗਮ ਕਰਵਾਏ ਗਏ। ਗੁਰਬਾਣੀ ਪਾਠ, ਸ਼ਬਦ ਕੀਰਤਨ ਉਪਰੰਤ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਗੁਰੂ ਘਰ ਵੱਲੋਂ ਸ. ਢੰਡਾਂ ਦੇ ਬੇਟਿਆਂ ਜਿੰਦੀ ਢੰਡਾ ਅਤੇ ਪ੍ਰਮਿੰਦਰ ਸਿੰਘ ਢੰਡਾ ਨੂੰ ਪ੍ਰਬੰਧਕ ਕਮੇਟੀ ਵੱਲੋਂ ਗਿਆਨੀ ਮਾਹਲਾ ਸਿੰਘ, ਜਨਰਲ ਸਕੱਤਰ ਦਵਿੰਦਰ ਸਿੰਘ ਭਿੰਦਾ ਮੁਠੱਡਾ, ਸ਼ੇਰਾ ਸਿੰਘ, ਜੈਗ ਸਿੰਘ, ਸੁਰਿੰਦਰ ਸਿੰਘ ਢੰਡਾ, ਅਵਤਾਰ ਸਿੰਘ ਮੋਰਾਂਵਾਲੀ ਵੱਲੋਂ ਯਾਦਗਾਰੀ ਚਿੰਨ੍ਹ ਭੇਂਟ ਕੀਤੇ ਗਏ। ਜਨਰਲ ਸਕੱਤਰ ਦਵਿੰਦਰ ਸਿੰਘ ਭਿੰਦਾ ਨੇ ਕਿਹਾ ਕਿ ਝਲਮਣ ਸਿੰਘ ਢੰਡਾ ਨੇ ਆਪਣੇ ਗੀਤਾਂ ਰਾਹੀਂ ਪੰਜਾਬ ਅਤੇ ਖਾਸ ਤੌਰ ਤੇ ਸਿੱਖ ਇਤਿਹਾਸ ਨੂੰ ਗੀਤਾਂ, ਕਵਿਤਾਵਾਂ ਅਤੇ ਵਾਰਾਂ ਰਾਹੀਂ ਲਿਖਿਆ ਜਿਹਨਾਂ ਨੂੰ ਸੁਖਸ਼ਿੰਦਰ ਸ਼ਿੰਦਾ ਅਤੇ ਬਹੁਤ ਸਾਰੇ ਗਾਇਕਾਂ, ਢਾਡੀ ਜੱਥਿਆਂ ਵੱਲੋਂ ਗਾਇਆ ਗਿਆ। ਸ ? ਢੰਡਾ ਨੇ ਉੱਘੇ ਕੀਰਤਨੀਏ ਗਿਆਨ ਸਿੰਘ ਸੁਰਜੀਤ ਤੋਂ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਗੀਤਾਂ ਦੀਆਂ ਕਿਤਾਬਾਂ ਵੀ ਪੰਥ ਦੀ ਝੋਲੀ ਪਾਈਆਂ। ਮੌਜੂਦਾ ਸੰਘਰਸ਼ ਦੇ ਯੋਧਿਆ ਦਾ ਇਤਿਹਾਸ ਵੀ ਉਹਨਾਂ ਦੀ ਕਲਮ ਨੇ ਲਿਖਿਆ।

## 2027 ਤੱਕ ਮੈਂ ਹੀ ਪ੍ਰਧਾਨ ਮੰਤਰੀ ਰਹਾਂਗਾ - ਕੀਰ ਸਟਾਰਮਰ



ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਬਰਤਾਨੀਆਂ ਦੇ ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਨੇ ਆਪਣੀ ਲੀਡਰਸ਼ਿਪ ਬਾਰੇ ਚਿੰਤਾਵਾਂ ਨੂੰ ਖਾਰਜ ਕਰਦਿਆਂ ਕਿਹਾ ਹੈ ਕਿ ਉਹ ਹੀ ਪ੍ਰਧਾਨ ਮੰਤਰੀ ਰਹਿਣਗੇ ਅਤੇ ਉਨ੍ਹਾਂ ਦੀ ਕੁਰਸੀ ਨੂੰ ਕੋਈ ਖ਼ਤਰਾ ਨਹੀਂ ਹੈ।

ਬੀ ਬੀ ਸੀ ਦੇ ਸੰਡੇ ਵਿਦ ਲੌਰਾ ਕੁਏਨਸਬਰਗ ਨਾਲ ਲੰਡਨ ਵਿੱਚ ਹੋਈ ਇੱਕ ਵਿਸ਼ੇਸ਼ ਇੰਟਰਵਿਊ ਵਿੱਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਮਈ ਵਿੱਚ ਸਕਾਟਲੈਂਡ, ਵੇਲਜ਼ ਅਤੇ ਇੰਗਲੈਂਡ ਵਿੱਚ ਹੋਣ ਵਾਲੀਆਂ ਚੋਣਾਂ ਉਨ੍ਹਾਂ ਦੀ ਸਰਕਾਰ ਲਈ "ਜਨਮਤ" ਨਹੀਂ ਹਨ। ਪਰ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਸਰ ਕੀਰ ਲਈ 2025 ਇੱਕ ਮੁਸ਼ਕਲ ਸਾਲ ਰਿਹਾ ਹੈ ਧੀਮਾ ਆਰਥਿਕ ਵਿਕਾਸ, ਮਾੜੇ ਸਰਵੇਖਣ ਅਤੇ ਅਟਕਲਾਂ ਨਾਲ ਜੂਝ ਰਹੇ ਸਰ ਸਟਾਰਮਰ ਨੂੰ ਲੀਡਰਸ਼ਿਪ ਚੁਣੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜਦ ਕਿ ਪ੍ਰਧਾਨ ਮੰਤਰੀ 2026 ਵਿੱਚ ਲੋਕਾਂ ਨੂੰ ਆਪਣੇ ਜੀਵਨ ਵਿੱਚ "ਸਕਾਰਾਤਮਕ ਤਬਦੀਲੀ" ਮਹਿਸੂਸ ਕਰਨ ਦਾ ਦਾਅਵਾ ਕਰ ਰਹੇ ਹਨ।

ਸਰ ਕੀਰ ਨੇ ਕਿਹਾ ਕਿ "ਮੈਨੂੰ 2024 ਵਿੱਚ ਦੇਸ਼ ਨੂੰ ਬਦਲਣ ਲਈ ਪੰਜ ਸਾਲਾਂ ਦੇ ਫ਼ਤਵੇ ਨਾਲ ਚੁਣਿਆ ਗਿਆ ਸੀ, ਮੈਂ ਲੋਕਾਂ ਦਾ ਭਰੋਸਾ ਟੁੱਟਣ ਨਹੀਂ ਦੇਵਾਂਗਾ। ਮੈਂ ਜਾਣਦਾ ਹਾਂ ਕਿ ਅਗਲੀਆਂ ਚੋਣਾਂ ਵਿੱਚ ਨਿਰਣਾ ਕੀਤਾ ਜਾਵੇਗਾ ਕਿ ਕੀ ਮੈਂ ਲੋਕਾਂ ਨਾਲ ਕੀਤੇ ਵਾਅਦੇ ਨੂੰ ਪੂਰਾ ਕੀਤਾ ਹੈ।" ਉਹਨਾਂ ਮੰਨਿਆ ਕਿ ਦੇਸ਼ ਭਰ ਦੇ ਪਰਿਵਾਰ ਅਜੇ ਵੀ ਰਹਿਣ-ਸਹਿਣ ਲੋੜੀਂਦੀਆਂ ਚੀਜ਼ਾਂ ਦੇ ਖ਼ਰਚਿਆਂ ਲਈ ਚਿੰਤਤ ਹਨ। ਲੋਕਾਂ ਦੇ ਜੀਵਨ ਬਿਹਤਰ ਬਣਾਉਣ ਲਈ ਸਾਡੀ ਲੜਾਈ ਵਿੱਚ ਕੋਈ ਢਿੱਲ ਨਹੀਂ ਹੋਵੇਗੀ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਪਿਛਲੀ ਸਰਕਾਰ ਦੇ ਅਧੀਨ ਅਸੀਂ ਬਹੁਤ ਕੁਝ ਵੇਖਿਆ ਕਟੌਤੀਆਂ, ਤਬਦੀਲੀਆਂ, ਲੀਡਰਸ਼ਿਪ ਬਦਲੀਆਂ ਆਦਿ ਕਾਰਨਾਂ ਕਰਕੇ ਲੋਕਾਂ ਨੇ ਸੱਤਾ ਤੋਂ ਲਾਂਭੇ ਕਰ ਦਿੱਤਾ ਸੀ।

# ਲੰਡਨ ਵਿੱਚ ਕਤਲ ਕੀਤੇ ਭਾਰਤੀ ਦੇ ਸਬੰਧ ਵਿੱਚ ਇੱਕ ਗ੍ਰਿਫਤਾਰ



ਕਲੀਮ ਸ਼ੇਖ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਨਵੇਂ ਸਾਲ ਦੇ ਦਿਨ ਦੱਖਣੀ ਲੰਡਨ ਦੇ ਘਰ ਵਿੱਚ ਮ੍ਰਿਤਕ ਪਾਏ ਗਏ ਵਿਅਕਤੀ ਦੀ ਪਹਿਚਾਣ 41 ਸਾਲਾ ਕਲੀਮ ਸ਼ੇਖ ਵਜੋਂ ਹੋਈ ਹੈ। ਜੋ ਇੱਕ ਭਾਰਤੀ ਨਾਗਰਿਕ ਹੈ। ਮੈਟਰੋਪੁਲੀਟਨ ਪੁਲਿਸ ਨੇ ਕਿਹਾ ਕਿ ਨਵੇਂ ਸਾਲ ਦੇ ਦਿਨ ਪੁਲਿਸ ਰਾਤ 8 ਵਜੇ ਲੈਂਬਥ ਦੇ ਬੌਂਡਵੇਅ ਸਥਿਤ ਇੱਕ ਘਰ ਵਿੱਚ ਦਾਖਿਲ ਹੋਈ ਸੀ। ਜਿੱਥੋਂ 41 ਸਾਲਾ ਕਲੀਮ ਸ਼ੇਖ ਦੀ ਲਾਸ਼ ਮਿਲੀ ਅਤੇ ਉਕਤ ਮਾਮਲੇ ਵਿੱਚ ਉਸੇ ਸੜਕ ਦੇ ਰਹਿਣ ਵਾਲੇ ਡੈਨੀਅਲ ਲੇਵੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਬੀਤੇ ਕੱਲ 48 ਸਾਲਾ ਡੈਨੀਅਲ ਲੇਵੀ 'ਤੇ ਕਤਲ ਦਾ ਦੋਸ਼ ਲਗਾਇਆ ਗਿਆ ਅਤੇ ਉਸਨੂੰ ਵੈਸਟਮਿੰਸਟਰ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਲਿਆ ਗਿਆ ਹੈ।

ਪੁਲਿਸ ਮੁਤਾਬਕ ਡੈਨੀਅਲ 5 ਜਨਵਰੀ ਨੂੰ ਓਲਡ ਬੇਲੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਮੈਟਰੋਪੋਲੀਟਨ ਪੁਲਿਸ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਕਲੀਮ ਸ਼ੇਖ ਇੱਕ ਭਾਰਤੀ ਨਾਗਰਿਕ ਸੀ। ਉਸਦੇ ਭਾਰਤ ਵਿੱਚ ਰਹਿੰਦੇ ਪਰਿਵਾਰ ਨੂੰ ਸੂਚਿਤ ਕਰ ਦਿੱਤਾ ਹੈ ਅਤੇ ਮਾਹਰ ਅਧਿਕਾਰੀਆਂ ਦੁਆਰਾ ਸਹਾਇਤਾ ਕੀਤੀ ਜਾ ਰਹੀ ਹੈ। ਜਾਂਚ ਅਧਿਕਾਰੀ ਡਿਟੈਕਟਿਵ ਚੀਫ਼ ਇੰਸਪੈਕਟਰ ਫਿਲ ਕਲਾਰਕ ਨੇ ਕਿਹਾ "ਇਸ ਔਖੇ ਸਮੇਂ ਵਿੱਚ ਸਾਡੀਆਂ ਭਾਵਨਾਵਾਂ ਕਲੀਮ ਦੇ ਪਰਿਵਾਰ ਨਾਲ ਹਨ। ਘਟਨਾ ਦੇ ਸਬੰਧ ਵਿੱਚ ਇਸ ਵੇਲੇ ਕਿਸੇ ਹੋਰ ਸ਼ੱਕੀ ਦੀ ਭਾਲ ਨਹੀਂ ਕੀਤੀ ਜਾ ਰਹੀ। ਹੱਤਿਆ ਦੇ ਕਾਰਨਾਂ ਦੀ ਪੜਤਾਲ ਕੀਤੀ ਜਾ ਰਹੀ ਹੈ।"

# ਭਾਰਤ ਵਿੱਚ ਕ੍ਰਿਸਮਸ ਦਾ ਜਸ਼ਨ ਫਿਰਕੂਵਾਦ ਦੇ ਡਰ ਦੇ ਪਰਛਾਵੇਂ ਹੇਠ ਮਨਾਇਆ

**✪ ਕ੍ਰਿਸਮਸ ਦੌਰਾਨ ਚਰਚਾਂ ਤੇ ਪ੍ਰਾਰਥਨਾ ਸਭਾਵਾਂ ਤੇ ਹਮਲੇ: ਪੁਲਿਸ ਦੀ ਚੁੱਪ ਨੇ ਵਧਾਈ ਚਿੰਤਾ ✪ ਸਭ ਤੋਂ ਵੱਧ ਹਮਲੇ ਛੱਤੀਸਗੜ੍ਹ ਤੇ ਯੂਪੀ ਵਿੱਚ ਹੋਏ, ਮੱਧ ਪ੍ਰਦੇਸ਼, ਕੇਰਲਾ, ਹਰਿਆਣਾ ਤੇ ਹੋਰ ਰਾਜਾਂ ਵਿੱਚ ਵੀ ਵਾਪਰੀਆਂ ਘਟਨਾਵਾਂ ✪ ਯੂਨਾਈਟਿਡ ਕ੍ਰਿਸਚੀਅਨ ਫੋਰਮ ਮੁਤਾਬਕ 2025 ਵਿੱਚ ਨਵੰਬਰ ਤੱਕ ਹੀ 700 ਤੋਂ ਵੱਧ ਹਮਲਿਆਂ ਦੀਆਂ ਰਿਪੋਰਟਾਂ**






**ਖਾਸ ਰਿਪੋਟ**

ਭਾਰਤ ਵਿੱਚ ਕ੍ਰਿਸਮਸ ਦਾ ਤਿਉਹਾਰ ਆਮ ਤੌਰ ਤੇ ਖੁਸ਼ੀਆਂ ਅਤੇ ਜਸ਼ਨਾਂ ਨਾਲ ਮਨਾਇਆ ਜਾਂਦਾ ਹੈ। ਚਰਚਾਂ ਵਿੱਚ ਪ੍ਰਾਰਥਨਾ ਸਭਾਵਾਂ ਅਤੇ ਕੈਰਲ ਗਾਉਣ ਦੇ ਪ੍ਰੋਗਰਾਮ ਹੁੰਦੇ ਹਨ। ਪਰ 2025 ਵਿੱਚ ਇਹ ਤਿਉਹਾਰ ਈਸਾਈ ਭਾਈਚਾਰੇ ਲਈ ਡਰ ਅਤੇ ਹਿੰਸਾ ਦੇ ਪਰਛਾਵੇਂ ਵਿੱਚ ਮਨਾਇਆ ਜਾ ਰਿਹਾ ਹੈ। ਦੇਸ਼ ਦੇ ਕਈ ਹਿੱਸਿਆਂ ਵਿੱਚ ਈਸਾਈਆਂ ਉੱਤੇ ਫਿਰਕੂ ਹਮਲੇ ਵਧ ਗਏ ਹਨ। ਇਹ ਹਮਲੇ ਜ਼ਿਆਦਾਤਰ ਧਰਮ ਪਰਿਵਰਤਨ ਦੇ ਝੂਠੇ ਦੋਸ਼ਾਂ ਹੇਠ ਹੋ ਰਹੇ ਹਨ। ਯੂਨਾਈਟਿਡ ਕ੍ਰਿਸਚੀਅਨ ਫੋਰਮ ਮੁਤਾਬਕ 2025 ਵਿੱਚ ਨਵੰਬਰ ਤੱਕ ਹੀ 700 ਤੋਂ ਵੱਧ ਹਮਲਿਆਂ ਦੀਆਂ ਰਿਪੋਰਟਾਂ ਮਿਲੀਆਂ ਹਨ। ਇਹ ਅੰਕੜੇ ਦੱਸਦੇ ਹਨ ਕਿ ਹਰ ਮਹੀਨੇ ਔਸਤਨ 60-70 ਹਮਲੇ ਹੋ ਰਹੇ ਹਨ।

ਸਭ ਤੋਂ ਵੱਧ ਹਮਲੇ ਛੱਤੀਸਗੜ੍ਹ ਅਤੇ ਉੱਤਰ ਪ੍ਰਦੇਸ਼ ਵਿੱਚ ਹੋਏ ਹਨ। ਇਸ ਤੋਂ ਇਲਾਵਾ ਮੱਧ ਪ੍ਰਦੇਸ਼, ਕੇਰਲਾ, ਹਰਿਆਣਾ ਅਤੇ ਹੋਰ ਰਾਜਾਂ ਵਿੱਚ ਵੀ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ। ਈਸਾਈ ਆਗੂਆਂ ਨੇ ਕਿਹਾ ਹੈ ਕਿ ਇਹ ਹਮਲੇ ਹਿੰਦੂ ਸੰਗਠਨਾਂ ਵੱਲੋਂ ਕੀਤੇ ਜਾ ਰਹੇ ਹਨ ਅਤੇ ਪੁਲਿਸ ਅਕਸਰ ਚੁੱਪ ਰਹਿੰਦੀ ਹੈ ਜਾਂ ਹਮਲਾਵਰਾਂ ਦੇ ਨਾਲ ਖੜ੍ਹੀ ਨਜ਼ਰ ਆਉਂਦੀ ਹੈ। ਕੈਥੋਲਿਕ ਬਿਸ਼ਪਸ ਕਾਨਫਰੰਸ ਆਫ਼ ਇੰਡੀਆ ਨੇ ਇਨ੍ਹਾਂ ਹਮਲਿਆਂ ਦੀ ਸਖ਼ਤ ਨਿਖੇਧੀ ਕੀਤੀ ਹੈ ਅਤੇ ਕਿਹਾ ਹੈ ਕਿ ਇਹ ਭਾਰਤੀ ਸੰਵਿਧਾਨ ਦੀ ਧਰਮ ਦੀ ਆਜ਼ਾਦੀ ਦੀ ਗਾਰੰਟੀ ਨੂੰ ਠੇਸ ਪਹੁੰਚਾ ਰਹੇ ਹਨ।

## ਮੱਧ ਪ੍ਰਦੇਸ਼ ਵਿੱਚ ਜਬਲਪੁਰ ਦੀਆਂ ਘਟਨਾਵਾਂ

ਮੱਧ ਪ੍ਰਦੇਸ਼ ਦੇ ਜਬਲਪੁਰ ਸ਼ਹਿਰ ਵਿੱਚ ਕ੍ਰਿਸਮਸ ਦੇ ਜਸ਼ਨਾਂ ਦੌਰਾਨ ਦੋ ਵੱਡੀਆਂ ਘਟਨਾਵਾਂ ਵਾਪਰੀਆਂ। 20 ਦਸੰਬਰ ਨੂੰ ਗੋਰਖਪੁਰ ਇਲਾਕੇ ਵਿੱਚ ਇੱਕ ਚਰਚ ਵਿੱਚ ਨੇਤਰਹੀਣ ਬੱਚਿਆਂ ਲਈ ਕ੍ਰਿਸਮਸ ਦਾ ਭੋਜਨ ਪ੍ਰੋਗਰਾਮ ਚੱਲ ਰਿਹਾ ਸੀ। ਇਸ ਵਿੱਚ ਨੇਤਰਹੀਣ ਬੱਚੇ ਅਤੇ ਉਨ੍ਹਾਂ ਨਾਲ ਆਈਆਂ ਔਰਤਾਂ ਸ਼ਾਮਲ ਸਨ। ਅਚਾਨਕ ਭਾਜਪਾ ਦੀ ਜ਼ਿਲ੍ਹਾ ਉਪ ਪ੍ਰਧਾਨ ਅੰਜੂ ਭਾਰਗਵ ਅਤੇ ਕੁਝ ਹਿੰਦੂ ਸੰਗਠਨਾਂ ਦੇ ਲੋਕ ਉੱਥੇ ਪਹੁੰਚ ਗਏ। ਉਨ੍ਹਾਂ ਨੇ ਦੋਸ਼ ਲਾਇਆ ਕਿ ਇੱਥੇ ਧਰਮ ਪਰਿਵਰਤਨ ਕਰਵਾਇਆ ਜਾ ਰਿਹਾ ਹੈ।

ਇੱਕ ਵੀਡੀਓ ਵਿੱਚ ਅੰਜੂ ਭਾਰਗਵ ਨੂੰ ਇੱਕ ਨੇਤਰਹੀਣ ਔਰਤ ਨਾਲ ਬਹਿਸ ਕਰਦੇ ਅਤੇ ਉਸ ਨੂੰ ਧੱਕਾ ਮਾਰਦੇ ਵੇਖਿਆ ਗਿਆ। ਉਹ ਈਸਾਈ ਔਰਤ ਦੀ ਬਾਂਹ ਮਰੋੜ ਰਹੀ ਸੀ ਅਤੇ ਗਾਲ੍ਹਾਂ ਕੱਢ ਰਹੀ ਸੀ। ਔਰਤ ਨੇ ਕਿਹਾ ਕਿ ਉਸ ਨਾਲ ਗੱਲ ਕਰੋ, ਮਾਰੋ ਨਾ। ਪਰ ਅੰਜੂ ਭਾਰਗਵ ਨੇ ਕਿਹਾ ਕਿ "ਤੂੰ ਇਸ ਜਨਮ ਵਿੱਚ ਅੰਨ੍ਹੀ ਹੈ, ਅਗਲੇ ਜਨਮ ਵਿੱਚ ਵੀ ਅੰਨ੍ਹੀ ਰਹੇਂਗੀ"। ਇਹ ਸਭ ਬੱਚਿਆਂ ਅਤੇ ਪੁਲਿਸ ਅਫ਼ਸਰ ਦੇ ਸਾਹਮਣੇ ਵਾਪਰਿਆ। ਪੁਲਿਸ ਅਫ਼ਸਰ ਚੁੱਪਚਾਪ ਖੜ੍ਹਾ ਰਿਹਾ ਅਤੇ ਸਿਰਫ਼ ਚੁੱਪ ਕਰਨ ਲਈ ਕਿਹਾ। ਬੱਚਿਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਸਿਰਫ਼ ਭੋਜਨ ਦਿੱਤਾ ਗਿਆ ਸੀ, ਧਰਮ ਪਰਿਵਰਤਨ ਬਾਰੇ ਕੁਝ ਨਹੀਂ ਕਿਹਾ ਗਿਆ। ਪੁਲਿਸ ਨੇ ਵੀ ਕਿਹਾ ਕਿ ਧਰਮ ਪਰਿਵਰਤਨ ਦਾ ਕੋਈ ਸਬੂਤ ਨਹੀਂ ਮਿਲਿਆ। ਫਿਰ ਵੀ ਹਿੰਦੂ ਸੰਗਠਨਾਂ ਨੇ ਸ਼ਿਕਾਇਤ ਦਰਜ ਕਰਵਾ ਦਿੱਤੀ।

ਦੋ ਦਿਨ ਬਾਅਦ, 22 ਦਸੰਬਰ ਨੂੰ ਜਬਲਪੁਰ ਦੇ ਹੀ ਸ਼ਕਤੀ ਨਗਰ ਇਲਾਕੇ ਵਿੱਚ ਇੱਕ ਹੋਰ ਪ੍ਰਾਰਥਨਾ ਸਭਾ ਵਿੱਚ ਵਿਘਨ ਪਾਇਆ ਗਿਆ। ਲੋਕਾਂ ਨੇ ਚਰਚ ਵਿੱਚ ਵੜ ਕੇ ਨਾਅਰੇ ਲਾਏ ਅਤੇ ਧਰਮ ਪਰਿਵਰਤਨ ਦੇ ਦੋਸ਼ ਲਾਏ। ਸੀਬੀਸੀਆਈ ਮਤਲਬ Catholic Bishops' Conference of India। ਨੇ ਇਸ ਘਟਨਾ ਨੂੰ "ਦਰਿੰਦਗੀ" ਕਿਹਾ ਅਤੇ ਅੰਜੂ ਭਾਰਗਵ ਨੂੰ ਭਾਜਪਾ ਤੋਂ ਬਾਹਰ ਕੱਢਣ ਦੀ ਮੰਗ ਕੀਤੀ। ਭਾਜਪਾ ਨੇ ਅੰਜੂ ਭਾਰਗਵ ਨੂੰ ਨੋਟਿਸ ਜਾਰੀ ਕੀਤਾ ਅਤੇ ਜਵਾਬ ਮੰਗਿਆ ਹੈ।




## ਛੱਤੀਸਗੜ੍ਹ ਈਸਾਈਆਂ ਵਿਰੁੱਧ ਫਿਰਕੂ ਹਿੰਸਾ ਦਾ ਕੇਂਦਰ

ਛੱਤੀਸਗੜ੍ਹ ਵਿੱਚ ਈਸਾਈਆਂ ਖ਼ਿਲਾਫ਼ ਹਿੰਸਾ ਸਭ ਤੋਂ ਵੱਧ ਹੈ। 24 ਦਸੰਬਰ ਨੂੰ ਈਸਾਈਆਂ ਵਿਰੁੱਧ ਬੰਦ ਦਾ ਸੱਦਾ ਦਿੱਤਾ ਗਿਆ ਸੀ। ਡਿਜੀਟਲ ਪੋਸਟਰ ਵਾਇਰਲ ਹੋਏ ਜਿਨ੍ਹਾਂ ਵਿੱਚ ਈਸਾਈਆਂ ਨੂੰ ਨਿਸ਼ਾਨਾ ਬਣਾਇਆ ਗਿਆ। ਕੰਕੇਰ ਜ਼ਿਲ੍ਹੇ ਵਿੱਚ ਇੱਕ ਈਸਾਈ ਆਦਿਵਾਸੀ ਦੀ ਮੌਤ ਤੋਂ ਬਾਅਦ ਉਸ ਦੀ ਲਾਸ਼ ਨੂੰ ਦਬਣ ਕਾਰਣ ਵਿਵਾਦ ਹੋਇਆ। ਗੁੱਸੇ ਵਿੱਚ ਫਿਰਕਾਪ੍ਰਸਤਾਂ ਨੇ ਘਰ ਸਾੜੇ ਤੇ ਚਰਚਾਂ ਨੂੰ ਨੁਕਸਾਨ ਪਹੁੰਚਾਇਆ। ਇਸ ਤੋਂ ਇਲਾਵਾ ਕਈ ਈਸਾਈਆਂ ਨੂੰ ਧਰਮ ਤਬਦੀਲੀ ਕਾਨੂੰਨ ਹੇਠ ਗ੍ਰਿਫ਼ਤਾਰ ਕੀਤਾ ਗਿਆ। ਯੂਸੀਐਫ ਨੇ ਕਿਹਾ ਕਿ ਇਹ ਕਾਨੂੰਨ ਈਸਾਈਆਂ ਨੂੰ ਨਿਸ਼ਾਨਾ ਬਣਾਉਣ ਲਈ ਵਰਤੇ ਜਾ ਰਹੇ ਹਨ।

## ਕੇਰਲਾ ਵਿੱਚ ਵੀ ਹਮਲੇ

ਕੇਰਲਾ ਵਿੱਚ ਵੀ ਅਜਿਹੀਆਂ ਘਟਨਾਵਾਂ ਵਾਪਰੀਆਂ। ਪਲੱਕੜ ਵਿੱਚ ਆਰਐੱਸਐੱਸ ਦੇ ਇੱਕ ਵਰਕਰ ਨੂੰ ਬੱਚਿਆਂ ਨਾਲ ਕੈਰਲ ਗਾਉਣ ਵਾਲੇ ਗਰੁੱਪ ਤੇ ਹਮਲਾ ਕਰਨ ਲਈ ਗ੍ਰਿਫ਼ਤਾਰ ਕੀਤਾ ਗਿਆ। ਕਈ ਸਕੂਲਾਂ ਵਿੱਚ ਕ੍ਰਿਸਮਸ ਪ੍ਰੋਗਰਾਮ ਰੱਦ ਕਰ ਦਿੱਤੇ ਗਏ ਕਿਉਂਕਿ ਸੰਘ ਪਰਿਵਾਰ ਦੇ ਲੋਕਾਂ ਨੇ ਦਬਾਅ ਪਾਇਆ।

ਇਸ ਤੋਂ ਇਲਾਵਾ ਹਰਿਦੁਆਰ ਵਿੱਚ ਹੋਟਲਾਂ ਨੂੰ ਕ੍ਰਿਸਮਸ ਜਸ਼ਨ ਨਾ ਮਨਾਉਣ ਲਈ ਕਿਹਾ ਗਿਆ। ਓਡੀਸ਼ਾ ਵਿੱਚ ਸਾਂਤਾ ਕਲਾਜ਼ ਦੇ ਕੱਪੜੇ ਵੇਚਣ ਵਾਲਿਆਂ ਨੂੰ ਧਮਕੀਆਂ ਮਿਲੀਆਂ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਹਿੰਦੂਆਂ ਨੂੰ ਕ੍ਰਿਸਮਸ ਨਾ ਮਨਾਉਣ ਦੀ ਅਪੀਲ ਕੀਤੀ।

## ਧਰਮ ਪਰਿਵਰਤਨ ਦੇ ਦੋਸ਼ ਅਤੇ ਹਕੀਕਤ

ਇਨ੍ਹਾਂ ਹਮਲਿਆਂ ਦਾ ਮੁੱਖ ਕਾਰਨ ਧਰਮ ਪਰਿਵਰਤਨ ਦੇ ਦੋਸ਼ ਹਨ। ਭਾਰਤੀ ਸੰਵਿਧਾਨ ਮੁਤਾਬਕ ਧਰਮ ਪ੍ਰਚਾਰ ਕਰਨਾ ਅਧਿਕਾਰ ਹੈ, ਪਰ ਜ਼ਬਰਦਸਤੀ ਜਾਂ ਲਾਲਚ ਨਾਲ ਪਰਿਵਰਤਨ ਨਹੀਂ। ਕਈ ਰਾਜਾਂ ਵਿੱਚ ਐਂਟੀ-ਕਨਵਰਜ਼ਨ ਕਾਨੂੰਨ ਹਨ, ਪਰ ਇਨ੍ਹਾਂ ਦੀ ਆੜ ਵਿੱਚ ਈਸਾਈਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਵਿਡੰਬਨਾ ਇਹ ਹੈ ਕਿ ਹਿੰਸਾ ਦੇ ਸ਼ਿਕਾਰ ਈਸਾਈਆਂ ਨੂੰ ਹੀ ਗ੍ਰਿਫ਼ਤਾਰ ਕੀਤਾ ਜਾਂਦਾ ਹੈ।

ਈਸਾਈਆਂ ਦੀ ਆਬਾਦੀ ਭਾਰਤ ਵਿੱਚ ਸਿਰਫ਼ 2.3 ਫੀਸਦੀ ਹੈ ਅਤੇ ਪਿਛਲੇ ਕਈ ਦਹਾਕਿਆਂ ਤੋਂ ਲਗਭਗ ਇਹੀ ਰਹੀ ਹੈ। 2011 ਦੀ ਜਨਗਣਨਾ ਮੁਤਾਬਕ ਈਸਾਈਆਂ ਦੀ ਵਾਧਾ ਦਰ 15.5 ਫੀਸਦੀ ਸੀ, ਜੋ ਕਿ ਰਾਸ਼ਟਰੀ ਔਸਤ ਤੋਂ ਘੱਟ ਹੈ। ਫਿਰ ਵੀ ਉਨ੍ਹਾਂ ਨੂੰ ਹਿੰਦੂਆਂ ਲਈ ਖਤਰਾ ਦੱਸਿਆ ਜਾ ਰਿਹਾ ਹੈ। ਈਸਾਈਆਂ ਨੇ ਦੇਸ਼ ਵਿੱਚ ਹਜ਼ਾਰਾਂ ਸਕੂਲ, ਹਸਪਤਾਲ ਅਤੇ ਸੇਵਾ ਕੇਂਦਰ ਬਣਾਏ ਹਨ, ਜਿਨ੍ਹਾਂ ਤੋਂ ਲੱਖਾਂ ਹਿੰਦੂ ਬੱਚੇ ਪੜ੍ਹੇ ਹਨ। ਪਰ ਅੱਜ ਉਹ ਚੁੱਪ ਹਨ।

## ਸਰਕਾਰ ਅਤੇ ਅਦਾਲਤਾਂ ਦੀ ਚੁੱਪ

ਈਸਾਈ ਆਗੂਆਂ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਚੁੱਪ ਹਨ। ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖੇ ਗਏ ਹਨ ਕਿ ਹਿੰਸਾ ਰੋਕੀ ਜਾਵੇ। ਪਰ ਕੋਈ ਵੱਡੀ ਕਾਰਵਾਈ ਨਹੀਂ ਹੋਈ। ਅਦਾਲਤਾਂ ਵਿੱਚ ਵੀ ਕਈ ਮਾਮਲੇ ਲੰਬੇ ਚੱਲ ਰਹੇ ਹਨ। ਈਸਾਈ ਪਾਸਟਰ ਪੁੱਛ ਰਹੇ ਹਨ ਕਿ ਈਸਾਈ ਭਾਰਤ ਦੇ ਨਾਗਰਿਕ ਨਹੀਂ ਹਨ? ਉਨ੍ਹਾਂ ਨੂੰ ਆਪਣਾ ਧਰਮ ਮਨਾਉਣ ਦਾ ਅਧਿਕਾਰ ਕਿਉਂ ਨਹੀਂ?

ਇਹ ਹਮਲੇ ਨਾ ਸਿਰਫ਼ ਈਸਾਈਆਂ ਲਈ ਖਤਰਾ ਹਨ, ਸਗੋਂ ਭਾਰਤ ਦੀ ਲੋਕਤੰਤਰ ਅਤੇ ਸੰਵਿਧਾਨਕ ਮੁੱਲਾਂ ਲਈ ਵੀ। ਜੇਕਰ ਇੱਕ ਘੱਟਗਿਣਤੀ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤਾਂ ਇਹ ਸਾਰੇ ਭਾਰਤ ਲਈ ਚਿੰਤਾ ਦੀ ਗੱਲ ਹੈ।

# ਆਈ. ਸੀ. ਈ. ਦੀਆਂ ਕਾਰਵਾਈਆਂ ਵਧਣ ਕਾਰਨ ਸਿੱਖ ਭਾਈਚਾਰੇ ਵਿੱਚ ਵਧਿਆ ਡਰ

**✪ ਗੁਰਦੁਆਰਿਆਂ ਵਿੱਚ ਵੀ ਸੁਰੱਖਿਆ ਦੀ ਚਿੰਤਾ ਵਧੀ, ਸਿੱਖ ਭਾਈਚਾਰਾ ਵਿਰੋਧ ਕਰਨ ਲੱਗਾ ✪ ਇੰਮੀਗ੍ਰੇਸ਼ਨ ਨਿਯਮ ਸਖਤ ਹੋਣ ਕਾਰਣ ਪ੍ਰਵਾਸੀ ਗੁਰਦੁਆਰੇ ਵਿਚ ਘਟਨ ਲੱਗੇ**

ਈਸਟ ਸੈਨ ਜੋਜ਼ੇ ਦੀਆਂ ਹਰੀਆਂ-ਭਰੀਆਂ ਪਹਾੜੀਆਂ ਉੱਤੇ ਖੜ੍ਹਾ ਹੈ ਅਮਰੀਕਾ ਦਾ ਸਭ ਤੋਂ ਵੱਡਾ ਸਿੱਖ ਗੁਰਦੁਆਰਾ। ਹਰ ਐਤਵਾਰ ਨੂੰ ਇੱਥੇ ਦਰਸ਼ਨਾਂ ਲਈ ਹਜ਼ਾਰਾਂ ਸ਼ਰਧਾਲੂ ਆਉਂਦੇ ਹਨ। ਪਰ ਪਿਛਲੇ ਕੁਝ ਮਹੀਨਿਆਂ ਵਿੱਚ ਆਈ. ਸੀ. ਈ. (ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ) ਦੀਆਂ ਵਧੀਆਂ ਕਾਰਵਾਈਆਂ ਕਾਰਨ ਇਸ ਜਗ੍ਹਾ ਵਿੱਚ ਇੱਕ ਅਜੀਬ ਜਿਹਾ ਡਰ ਫੈਲ ਗਿਆ ਹੈ। ਬਹੁਤੇ ਸਿੱਖ ਪ੍ਰਵਾਸੀ ਹੁਣ ਸੋਚਦੇ ਹਨ ਕਿ ਕੀ ਉਹ ਆਪਣੇ ਪਵਿੱਤਰ ਗੁਰਦੁਆਰੇ ਵਿੱਚ ਵੀ ਸੁਰੱਖਿਅਤ ਹਨ? ਸੈਨ ਜੋਜ਼ੇ ਗੁਰਦੁਆਰੇ ਦੀ ਸਥਾਪਨਾ 1984 ਵਿੱਚ ਹੋਈ ਸੀ। ਇਹ 40 ਏਕੜ ਜ਼ਮੀਨ ਉੱਤੇ ਫੈਲਿਆ ਹੈ ਅਤੇ ਇਸ ਵਿੱਚ 37,000 ਵਰਗ ਫੁੱਟ ਦਾ ਵੱਡਾ ਪ੍ਰਾਰਥਨਾ ਹਾਲ ਹੈ, 35,000 ਵਰਗ ਫੁੱਟ ਦੀ ਕਿਚਨ ਅਤੇ ਡਾਇਨਿੰਗ ਸਪੇਸ ਹੈ, ਅਤੇ 12 ਕਲਾਸਰੂਮ ਹਨ ਜਿੱਥੇ ਧਾਰਮਿਕ ਸਿੱਖਿਆ ਦਿੱਤੀ ਜਾਂਦੀ ਹੈ। ਇੱਥੇ ਹਰ ਰੋਜ਼ ਲੰਗਰ ਚਲਦਾ ਹੈ ਜੋ ਸਭਨਾਂ ਲਈ ਹੈ। ਇਹ ਇੱਕ ਤਰ੍ਹਾਂ ਨਾਲ ਮਨੁੱਖਤਾ ਦੀ ਸੇਵਾ ਹੈ, ਜਿੱਥੇ ਕੋਈ ਵੀ ਭੁੱਖਾ ਨਹੀਂ ਰਹਿਣਾ ਚਾਹੀਦਾ। ਸੇਵਾਦਾਰ ਤੇ ਸ਼ਰਧਾਲੂ ਖੁਦ ਰਸੋਈ ਵਿੱਚ ਕੰਮ ਕਰਦੇ ਹਨ ਅਤੇ ਭੋਜਨ ਬਣਾਉਂਦੇ ਹਨ। ਪਰ ਹੁਣ ਇਸ ਗੁਰਦੁਆਰੇ ਵਿੱਚ ਵੀ ਡਰ ਦਾ ਮਾਹੌਲ ਹੈ।

ਕੈਲੀਫੋਰਨੀਆ ਵਿੱਚ ਬਹੁਤ ਸਾਰੇ ਸਿੱਖ ਪ੍ਰਵਾਸੀ ਪੰਜਾਬ ਤੋਂ ਆਏ ਹਨ। ਉਹ ਖੇਤੀਬਾੜੀ, ਟਰੱਕਿੰਗ ਅਤੇ ਮਜ਼ਦੂਰੀ ਵਾਲੇ ਕੰਮ ਕਰਦੇ ਹਨ। ਇਸ ਸਾਲ ਅਮਰੀਕੀ ਸਰਹੱਦ ਉੱਤੇ ਭਾਰਤ ਤੋਂ 35,000 ਲੋਕ ਫੜੇ ਗਏ ਹਨ, ਜਿਨ੍ਹਾਂ ਵਿੱਚ ਜ਼ਿਆਦਾਤਰ ਪੰਜਾਬੀ ਸਿੱਖ ਹਨ। ਬਹੁਤੇ ਲੋਕ ਰਾਜਨੀਤਕ ਸ਼ਰਨ ਲੈਣ ਆਉਂਦੇ ਹਨ ਜਾਂ ਅਸਥਾਈ ਵੀਜ਼ੇ ਉੱਤੇ ਆ ਕੇ ਰਹਿ ਜਾਂਦੇ ਹਨ। ਪਰ ਉਨ੍ਹਾਂ ਵਿੱਚੋਂ ਬਹੁਤਿਆਂ ਕੋਲ ਡਾਕੂਮੈਂਟ ਨਹੀਂ ਹਨ, ਭਾਵ ਗੈਰਕਾਨੂੰਨੀ ਉਪਰ ਰਹਿ ਰਹੇ ਹਨ। ਅਮਰੀਕਾ ਵਿੱਚ ਭਾਰਤੀ ਲੋਕ ਪੰਜਵਾਂ ਸਭ ਤੋਂ ਵੱਡਾ ਗੈਰਕਨੂੰਨੀ ਗਰੁੱਪ ਹਨ। ਇਸ ਲਈ ਆਈ.ਸੀ.ਈ. ਦੀਆਂ ਰੇਡਾਂ ਉਨ੍ਹਾਂ ਲਈ ਵੱਡੀ ਚਿੰਤਾ ਹਨ।

## ਇਹ ਮੁੱਦਾ ਕੀ ਹੈ?

ਮੁੱਦਾ ਇਹ ਹੈ ਕਿ ਆਈ. ਸੀ. ਈ. ਨੇ ਕੈਲੀਫੋਰਨੀਆ ਵਿੱਚ ਆਪਣੀਆਂ ਕਾਰਵਾਈਆਂ ਵਧਾ ਦਿੱਤੀਆਂ ਹਨ। ਪਹਿਲਾਂ ਇਹ ਅਧਿਕਾਰੀ "ਸੈਂਸਿਟਿਵ ਲੋਕੇਸ਼ਨਾਂ" ਜਿਵੇਂ ਸਕੂਲਾਂ, ਹਸਪਤਾਲਾਂ ਅਤੇ ਇਬਾਦਤ ਸਥਾਨਾਂ ਵਿੱਚ ਕਾਰਵਾਈ ਨਹੀਂ ਕਰ ਸਕਦੇ ਸਨ, ਜਦੋਂ ਤੱਕ ਬਹੁਤ ਜ਼ਰੂਰੀ ਨਾ ਹੋਵੇ। ਪਰ ਟਰੰਪ ਪ੍ਰਸ਼ਾਸਨ ਨੇ ਇਸ ਨਿਯਮ ਨੂੰ ਬਦਲ ਦਿੱਤਾ ਹੈ। 20 ਜਨਵਰੀ 2025 ਨੂੰ ਟਰੰਪ ਨੇ ਅਹੁਦਾ ਸੰਭਾਲਿਆ ਅਤੇ ਉਸੇ ਦਿਨ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਉਰਿਟੀ (ਡੀ. ਐਚ. ਐਸ.) ਨੇ ਇੱਕ ਮੈਮੋ ਜਾਰੀ ਕੀਤਾ। ਇਸ ਮੈਮੋ ਵਿੱਚ ਆਈ.ਸੀ.ਈ. ਅਧਿਕਾਰੀਆਂ ਨੂੰ ਸੈਂਸਿਟਿਵ ਲੋਕੇਸ਼ਨਾਂ ਵਿੱਚ ਵੀ ਕੰਮ ਕਰਨ ਦੀ ਇਜਾਜ਼ਤ ਦਿੱਤੀ ਗਈ। ਇਸ ਨਾਲ ਗੁਰਦੁਆਰੇ ਵਰਗੇ ਪਵਿੱਤਰ ਸਥਾਨ ਵੀ ਸੁਰੱਖਿਅਤ ਨਹੀਂ ਰਹੇ।





ਟਰੰਪ ਪ੍ਰਸ਼ਾਸਨ ਨੇ ਕਿਹਾ ਕਿ ਇਮੀਗ੍ਰੇਸ਼ਨ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ ਤਾਂ ਜੋ ਅਮਰੀਕੀ ਲੋਕਾਂ ਨੂੰ ਸੁਰੱਖਿਆ ਮਿਲੇ। ਇਸ ਨਾਲ ਆਈ.ਸੀ.ਈ. ਨੇ ਆਪਣੀਆਂ ਰੇਡਾਂ ਵਧਾ ਦਿੱਤੀਆਂ। ਕੈਲੀਫੋਰਨੀਆ ਵਿੱਚ ਸਿੱਖ ਭਾਈਚਾਰੇ ਵਿੱਚ ਅਫਵਾਹਾਂ ਫੈਲੀਆਂ ਕਿ ਗੁਰਦੁਆਰਿਆਂ ਵਿੱਚ ਵੀ ਰੇਡਾਂ ਹੋ ਸਕਦੀਆਂ ਹਨ। ਇਸ ਕਾਰਨ ਗੁਰਦੁਆਰਿਆਂ ਵਿੱਚ ਹਾਜ਼ਰੀ ਘਟ ਗਈ ਹੈ। ਲੋਕ ਡਰਦੇ ਹਨ ਕਿ ਐਤਵਾਰ ਨੂੰ ਪੂਜਾ ਕਰਨ ਜਾਣ ਤੇ ਬਾਹਰ ਨਿਕਲਦਿਆਂ ਆਈ.ਸੀ.ਈ. ਉਨ੍ਹਾਂ ਨੂੰ ਫੜ ਲਵੇਗੀ।




ਵੈਸਟ ਸੈਕਰਾਮੈਂਟੋ ਗੁਰਦੁਆਰੇ ਦੇ ਪ੍ਰਧਾਨ ਨਰਿੰਦਰ ਸਿੰਘ ਨੇ ਕਿਹਾ, "ਅਸੀਂ ਨਹੀਂ ਚਾਹੁੰਦੇ ਕਿ ਆਈ.ਸੀ.ਈ. ਅਧਿਕਾਰੀ ਗੁਰਦੁਆਰੇ ਵਿੱਚ ਆਉਣ। ਉਹ ਜੁਤੇ ਸਮੇਤ ਹਥਿਆਰਾਂ ਨਾਲ ਆਉਣਗੇ, ਜੋ ਸਿੱਖ ਮਰਿਆਦਾ ਵਿਰੁੱਧ ਹੈ। ਗੁਰਦੁਆਰੇ ਵਿੱਚ ਸਿਰ ਢੱਕਣਾ ਚਾਹੀਦਾ ਹੈ ਅਤੇ ਹਥਿਆਰ ਨਹੀਂ ਲਿਆਉਣੇ ਚਾਹੀਦੇ। ਇਹ ਕਾਰਵਾਈਆਂ ਗੁਰਦੁਆਰੇ ਦੇ ਪਵਿੱਤਰ ਮਾਹੌਲ ਨੂੰ ਖਰਾਬ ਕਰਨਗੀਆਂ। ਗੁਰਦੁਆਰੇ ਨਾ ਸਿਰਫ਼ ਪੂਜਾ ਦੀ ਜਗ੍ਹਾ ਹਨ ਬਲਕਿ ਨਵੇਂ ਪ੍ਰਵਾਸੀਆਂ ਲਈ ਸਹਾਇਤਾ ਕੇਂਦਰ ਵੀ ਹਨ। ਇੱਥੇ ਪੰਜਾਬੀ ਵਿੱਚ ਜਾਣਕਾਰੀ ਮਿਲਦੀ ਹੈ, ਮੈਡੀਕਲ ਕਲੀਨਿਕ ਚੱਲਦੇ ਹਨ ਅਤੇ ਸਮਾਜਿਕ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਕੈਲੀਫੋਰਨੀਆ ਦੀਆਂ ਕਈ ਥਾਵਾਂ ਵਿੱਚ ਪੰਜਾਬੀ ਤੀਜੀ ਸਭ ਤੋਂ ਵੱਧ ਬੋਲੀ ਜਾਂਦੀ ਭਾਸ਼ਾ ਹੈ। ਇਸ ਲਈ ਗੁਰਦੁਆਰੇ ਪੰਜਾਬੀ ਪ੍ਰਵਾਸੀਆਂ ਲਈ ਘਰ ਵਰਗੇ ਹਨ।

ਡਾ. ਹਰਪ੍ਰੀਤ ਸਿੰਘ ਪੰਨੂ ਸੈਨ ਜੋਜ਼ੇ ਗੁਰਦੁਆਰੇ ਵਿੱਚ ਮੁਫ਼ਤ ਮੈਡੀਕਲ ਕਲੀਨਿਕ ਚਲਾਉਂਦੇ ਹਨ। ਉਹ ਕਹਿੰਦੇ ਹਨ, "ਲੋਕ ਡਰ ਕਾਰਨ ਨਹੀਂ ਆਉਂਦੇ। ਬਜ਼ੁਰਗਾਂ ਲਈ ਇਹ ਇੱਕੋ ਇੱਕ ਜਗ੍ਹਾ ਹੈ ਜਿੱਥੇ ਉਨ੍ਹਾਂ ਨੂੰ ਪੰਜਾਬੀ ਵਿੱਚ ਸਿਹਤ ਸਲਾਹ ਮਿਲਦੀ ਹੈ। ਹਸਪਤਾਲਾਂ ਵਿੱਚ ਉਨ੍ਹਾਂ ਨੂੰ ਅਜਨਬੀ ਲੱਗਦਾ ਹੈ। ਪਰ ਹੁਣ ਉਹ ਸੋਚਦੇ ਹਨ ਕਿ ਇੱਥੇ ਆਉਣ ਨਾਲ ਆਈ.ਸੀ.ਈ. ਉਨ੍ਹਾਂ ਨੂੰ ਫੜ ਲਵੇਗੀ।" ਇਸ ਨਾਲ ਸਿੱਖ ਭਾਈਚਾਰੇ ਵਿੱਚ ਸਿਹਤ ਸਮੱਸਿਆਵਾਂ ਵਧ ਰਹੀਆਂ ਹਨ। ਲੋਕ ਡਾਕਟਰ ਕੋਲ ਜਾਣ ਤੋਂ ਡਰਦੇ ਹਨ ਅਤੇ ਛੋਟੀਆਂ ਬੀਮਾਰੀਆਂ ਵੱਡੀਆਂ ਬਣ ਜਾਂਦੀਆਂ ਹਨ।

ਸਿੱਖ ਭਾਈਚਾਰੇ ਵਿੱਚ ਇੱਕ ਹੋਰ ਵੱਡੀ ਸਮੱਸਿਆ ਡਿਟੈਂਸ਼ਨ ਸੈਂਟਰਾਂ ਵਿੱਚ ਬੰਦੀਆਂ ਦੀ ਹੈ। ਸਿਮਰਨ ਸਿੰਘ ਵਰਗੇ ਵਲੰਟੀਅਰ ਡਿਟੈਂਸ਼ਨ ਸੈਂਟਰਾਂ ਵਿੱਚ ਜਾ ਕੇ ਸਿੱਖ ਬੰਦੀਆਂ ਨੂੰ ਮਦਦ ਕਰਦੇ ਹਨ। ਉਹ ਲੰਗਰ ਭੋਜਨ, ਗੁਟਕੇ (ਪਵਿੱਤਰ ਪ੍ਰਾਰਥਨਾ ਕਿਤਾਬ), ਦਸਤਾਰ ਕੱਪੜੇ ਅਤੇ ਪੰਜਾਬੀ ਅਖ਼ਬਾਰ ਲੈ ਕੇ ਜਾਂਦੇ ਹਨ। ਡਿਟੈਂਸ਼ਨ ਵਿੱਚ ਬੰਦੀਆਂ ਨੂੰ ਬਹੁਤ ਇਕੱਲਤਾ ਮਹਿਸੂਸ ਹੁੰਦੀ ਹੈ। ਉਹ ਭਾਰਤ ਤੋਂ ਲੰਮੇ ਸਫ਼ਰ ਬਾਅਦ ਆਏ ਹੁੰਦੇ ਹਨ ਅਤੇ ਉੱਥੇ ਭਾਸ਼ਾ ਦੀ ਸਮੱਸਿਆ ਕਾਰਨ ਕਿਸੇ ਨਾਲ ਗੱਲ ਨਹੀਂ ਕਰ ਸਕਦੇ। ਫ਼ੋਨ ਕਾਲ ਵੀ ਮਹਿੰਗੀ ਹੁੰਦੀ ਹੈ - ਇੱਕ ਮਿੰਟ ਲਈ 85 ਸੈਂਟ। ਸਿਮਰਨ ਸਿੰਘ ਨੇ ਕਿਹਾ, "ਉਨ੍ਹਾਂ ਨੂੰ ਗੁਟਕਾ ਮਿਲਣ ਨਾਲ ਬਹੁਤ ਖੁਸ਼ੀ ਹੁੰਦੀ ਹੈ। ਇਹ ਉਨ੍ਹਾਂ ਨੂੰ ਬਾਹਰੀ ਦੁਨੀਆ ਨਾਲ ਜੋੜਦਾ ਹੈ।" ਪਰ ਡਿਟੈਂਸ਼ਨ ਸੈਂਟਰਾਂ ਵਿੱਚ ਧਾਰਮਿਕ ਵਸਤਾਂ ਰੱਖਣ ਵਿੱਚ ਵੀ ਸਮੱਸਿਆਵਾਂ ਹਨ। ਗੁਟਕੇ ਹਾਰਡਬਾਊਂਡ ਹੁੰਦੇ ਹਨ ਪਰ ਨਿਯਮਾਂ ਅਨੁਸਾਰ ਸਾਫਟਬਾਊਂਡ ਚਾਹੀਦੇ ਹਨ। ਸਿਮਰਨ ਸਿੰਘ ਨੇ ਭਾਰਤ ਤੋਂ ਅਜਿਹੇ ਗੁਟਕੇ ਮੰਗਵਾਏ। ਇਸੇ ਤਰ੍ਹਾਂ ਦਸਤਾਰ ਉਤਾਰਨਾ ਸਿੱਖਾਂ ਲਈ ਵੱਡੀ ਬੇਇੱਜ਼ਤੀ ਹੈ, ਪਰ ਸਰਹੱਦ ਉੱਤੇ ਅਜਿਹੇ ਮਾਮਲੇ ਹੋਏ ਹਨ ਜਿੱਥੇ ਅਧਿਕਾਰੀਆਂ ਨੇ ਦਸਤਾਰਾਂ ਕੂੜੇ ਵਿੱਚ ਸੁੱਟ ਦਿੱਤੀਆਂ ਸਨ। 2016 ਵਿੱਚ ਡਿਟੈਂਸ਼ਨ ਵਿੱਚ ਸਿਰਫ਼ ਤਿੰਨ ਸਿੱਖ ਸਨ, ਹੁਣ 65 ਹਨ। ਇਸ ਸੰਕਟ ਕਾਰਣ ਸਿੱਖ ਭਾਈਚਾਰੇ ਵਿੱਚ ਏਕਤਾ ਵਧ ਰਹੀ ਹੈ ਪਰ ਡਰ ਵੀ। ਟਰੰਪ ਪ੍ਰਸ਼ਾਸਨ ਨੇ ਆਪਣੇ ਪਹਿਲੇ 100 ਦਿਨਾਂ ਵਿੱਚ ਬਹੁਤ ਸਾਰੇ ਬਦਲਾਅ ਕੀਤੇ ਹਨ। ਉਨ੍ਹਾਂ ਨੇ ਇਮੀਗ੍ਰੇਸ਼ਨ ਦੇ ਸਖ਼ਤ ਨਿਯਮ ਲਾਗੂ ਕੀਤੇ ਹਨ।

ਸਿੱਖ ਕੋਲੀਸ਼ਨ ਵਰਗੀਆਂ ਸੰਸਥਾਵਾਂ ਇਸ ਵਿਰੋਧ ਵਿੱਚ ਲੱਗੀਆਂ ਹਨ। ਉਨ੍ਹਾਂ ਨੇ Department of Homeland Security ਦੀ ਪਾਲਿਸੀ ਤਬਦੀਲੀ ਉੱਤੇ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਪਾਲਿਸੀ ਸਿੱਖਾਂ ਨੂੰ ਇਕੱਠੇ ਹੋਣ ਤੋਂ ਰੋਕੇਗੀ ਅਤੇ ਧਾਰਮਿਕ ਅਜ਼ਾਦੀ ਉੱਤੇ ਅਸਰ ਪਾਵੇਗੀ।

ਇਸ ਸਭ ਨਾਲ ਸਿੱਖ ਭਾਈਚਾਰਾ ਮਜ਼ਬੂਤੀ ਨਾਲ ਲੜ ਰਿਹਾ ਹੈ। ਉਹ ਆਪਣੀਆਂ ਪਰੰਪਰਾਵਾਂ ਨੂੰ ਜਾਰੀ ਰੱਖ ਰਹੇ ਹਨ ਪਰ ਸਰਕਾਰ ਨੂੰ ਅਪੀਲ ਕਰ ਰਹੇ ਹਨ ਕਿ ਗੁਰਦੁਆਰੇ ਨੂੰ ਸੁਰੱਖਿਅਤ ਰੱਖਿਆ ਜਾਵੇ। ਇਹ ਮੁੱਦਾ ਨਾ ਸਿਰਫ਼ ਸਿੱਖਾਂ ਲਈ ਹੈ ਬਲਕਿ ਅਮਰੀਕਾ ਵਿੱਚ ਰਹਿੰਦੇ ਸਾਰੇ ਪ੍ਰਵਾਸੀਆਂ ਲਈ ਹੈ। ਟਰੰਪ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ਨੂੰ ਸਖ਼ਤ ਬਣਾ ਕੇ ਅਮਰੀਕੀ ਨਾਗਰਿਕਾਂ ਨੂੰ ਸੁਰੱਖਿਆ ਦੇਣ ਦਾ ਵਾਅਦਾ ਕੀਤਾ ਹੈ ਪਰ ਇਸ ਨਾਲ ਸਿੱਖ ਭਾਈਚਾਰੇ ਵਿੱਚ ਡਰ ਵਧ ਰਿਹਾ ਹੈ। ਸੈਨ ਜੋਜ਼ੇ ਗੁਰਦੁਆਰੇ ਵਿੱਚ ਲੰਗਰ ਅਜੇ ਵੀ ਚੱਲ ਰਿਹਾ ਹੈ। ਸਿਖ ਭਾਈਚਾਰੇ ਨੂੰ ਉਮੀਦ ਹੈ ਕਿ ਇਹ ਸਥਿਤੀ ਜਲਦੀ ਬਦਲੇਗੀ ਅਤੇ ਗੁਰਦੁਆਰੇ ਵਰਗੇ ਸਥਾਨ ਪੂਰੀ ਤਰ੍ਹਾਂ ਸੁਰੱਖਿਅਤ ਰਹਿਣਗੇ।

# 2025 - ਸਿੱਖ ਜਗਤ ਲਈ ਚੁਣੌਤੀਆਂ ਅਤੇ ਉਥਲ-ਪੁਥਲ ਵਾਲਾ ਵਰ੍ਹਾ

**○ ਜਥੇਦਾਰਾਂ ਦੀ ਬਰਖਾਸਤਗੀ ਤੇ ਨਵੀਆਂ ਨਿਯੁਕਤੀਆਂ: ਪੰਥ ਵਿੱਚ ਉਥਲ-ਪੁਥਲ ○ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ: ਏਕਤਾ ਦੀ ਬਜਾਏ ਵੰਡੀਆਂ ਪਈਆਂ ○ ਅਕਾਲੀ ਦਲ ਵਿੱਚ ਫੁਟ ਤੇ ਨਵੀਂ ਪਾਰਟੀ: ਬਣੀ, ਪੰਥਕ ਰਾਜਨੀਤੀ ਵਿਚ ਭੂਚਾਲ ○ ਸਿੱਖ ਸੰਸਥਾਵਾਂ ਦੀ ਸੇਵਾ ਤੇ ਵਿਦੇਸ਼ਾਂ ਵਿੱਚ ਚਮਕ: ਆਸ ਦੀਆਂ ਕਿਰਨਾਂ ਪ੍ਰਫੁਲਿਤ ○ ਜਥੇਦਾਰਾਂ ਦੀ ਬਰਖਾਸਤਗੀ ਦਾ ਸੰਕਟ ਤੇ ਨਵੀਆਂ ਨਿਯੁਕਤੀਆਂ: ਪੰਥ ਵਿੱਚ ਉਥਲ-ਪੁਥਲ ○ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ: ਏਕਤਾ ਦੀ ਬਜਾਏ ਵੰਡੀ ○ ਅਕਾਲੀ ਦਲ ਵਿੱਚ ਵੰਡ ਤੇ ਨਵੀਂ ਪਾਰਟੀ: ਰਾਜਨੀਤਿਕ ਭੂਚਾਲ ○ ਸਿੱਖ ਸੰਸਥਾਵਾਂ ਦੀ ਸੇਵਾ ਤੇ ਵਿਦੇਸ਼ਾਂ ਵਿੱਚ ਚਮਕ: ਆਸ ਦੀਆਂ ਕਿਰਨਾਂ**









ਜਿਵੇਂ ਕਿ ਸਾਲ 2025 ਆਪਣੇ ਅੰਤ ਵੱਲ ਵਧ ਰਿਹਾ ਹੈ, ਸਿੱਖ ਜਗਤ ਅਤੇ ਸਿੱਖ ਸੰਸਥਾਵਾਂ ਲਈ ਇਹ ਵਰ੍ਹਾ ਇੱਕ ਅਜਿਹੇ ਸਮੇਂ ਵਜੋਂ ਯਾਦ ਰਹੇਗਾ ਜਿਸ ਵਿੱਚ ਚੁਣੌਤੀਆਂ, ਉਥਲ-ਪੁਥਲ ਅਤੇ ਵਿਵਾਦਾਂ ਨੇ ਪੰਥ ਨੂੰ ਨਵੀਆਂ ਦਿਸ਼ਾਵਾਂ ਵੱਲ ਧੱਕਿਆ ਹੈ। ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਨੂੰ ਲੈ ਕੇ ਚੱਲਣ ਵਾਲੇ ਸਿੱਖ ਭਾਈਚਾਰੇ ਲਈ ਇਹ ਵਰ੍ਹਾ ਨਾ ਸਿਰਫ਼ ਧਾਰਮਿਕ ਅਤੇ ਰਾਜਨੀਤਿਕ ਬਦਲਾਅ ਨਾਲ ਭਰਪੂਰ ਰਿਹਾ, ਸਗੋਂ ਵਿਸ਼ਵ ਪੱਧਰ 'ਤੇ ਵੀ ਸਿੱਖ ਸ਼ਖ਼ਸੀਅਤਾਂ ਨੇ ਪੰਥ ਦਾ ਨਾਂ ਰੌਸ਼ਨ ਕੀਤਾ ਹੈ।

ਸਾਲ ਦੀ ਸ਼ੁਰੂਆਤ ਹੀ ਧਾਰਮਿਕ ਉਤਸ਼ਾਹ ਨਾਲ ਹੋਈ। ਜਨਵਰੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ, ਪਰ ਨਾਨਕਸ਼ਾਹੀ ਕੈਲੰਡਰ ਵਿਵਾਦ ਕਾਰਨ ਇਹ ਦੋ ਵਾਰ ਮਨਾਇਆ ਗਿਆ - ਜਨਵਰੀ ਅਤੇ ਦਸੰਬਰ ਵਿੱਚ।

ਇਸ ਨੇ ਸੰਗਤਾਂ ਵਿੱਚ ਦੁਬਿਧਾ ਪੈਦਾ ਕੀਤੀ, ਖਾਸ ਕਰਕੇ 27 ਦਸੰਬਰ ਨੂੰ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਵਾਲੇ ਦਿਨ ਹੀ ਗੁਰੂ ਜੀ ਦਾ ਪ੍ਰਕਾਸ਼ ਪੁਰਬ ਆਉਣ ਕਾਰਨ। ਪੰਥਕ ਵਿਦਵਾਨਾਂ ਨੇ ਇਸ ਵਿਵਾਦ ਨੂੰ ਹੱਲ ਕਰਨ ਲਈ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ, ਪਰ ਇਹ ਮਾਮਲਾ ਜਾਰੀ ਰਿਹਾ। ਇਸ ਵਰ੍ਹੇ ਨਾਨਕਸ਼ਾਹੀ ਕੈਲੰਡਰ ਨੂੰ ਲੈ ਕੇ ਪੰਜਾਬ ਅਤੇ ਵਿਦੇਸ਼ਾਂ ਵਿੱਚ ਵੀ ਚਰਚਾਵਾਂ ਹੋਈਆਂ।

ਫਰਵਰੀ ਮਹੀਨੇ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਸਤੀਫਾ ਦਿੱਤਾ, ਜੋ ਪੰਥਕ ਹਲਕਿਆਂ ਵਿੱਚ ਵੱਡੀ ਚਰਚਾ ਦਾ ਵਿਸ਼ਾ ਬਣਿਆ। ਉਨ੍ਹਾਂ ਨੇ ਸੱਤ ਮੈਂਬਰੀ ਭਰਤੀ ਕਮੇਟੀ ਬਣਾਈ ਸੀ, ਪਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਹੁਕਮਾਂ 'ਤੇ ਅਸਤੀਫਾ ਵਾਪਸ ਲੈ ਲਿਆ। ਇਸ ਮਹੀਨੇ ਹੀ ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਨੂੰ ਕੇਂਦਰ ਸਰਕਾਰ ਵੱਲੋਂ ਪਦਮ ਸ੍ਰੀ ਸਨਮਾਨ ਮਿਲਿਆ, ਜੋ ਸਿੱਖ ਰਾਗੀ ਭਾਈਚਾਰੇ ਲਈ ਮਾਣ ਵਾਲੀ ਗੱਲ ਸੀ। ਉਨ੍ਹਾਂ ਨੇ ਗੁਰਬਾਣੀ ਕੀਰਤਨ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਇਆ ਹੈ।

ਮਾਰਚ ਮਹੀਨੇ ਵਿੱਚ ਸ਼੍ਰੋਮਣੀ ਕਮੇਟੀ ਨੇ ਨਵੇਂ ਜਥੇਦਾਰ ਨਿਯੁਕਤ ਕੀਤੇ। ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਅਕਾਲ ਤਖ਼ਤ ਅਤੇ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਬਣਾਇਆ ਗਿਆ, ਜਦਕਿ ਬਾਬਾ ਟੇਕ ਸਿੰਘ ਧਨੌਲਾ ਨੂੰ ਤਖ਼ਤ ਦਮਦਮਾ ਸਾਹਿਬ ਦਾ ਜਥੇਦਾਰ। ਪਰ ਗੜਗੱਜ ਜੀ ਦੀ ਸੇਵਾ ਸੰਭਾਲ ਰਸਮ ਨੂੰ ਲੈ ਕੇ ਵਿਵਾਦ ਉੱਠਿਆ, ਜਿਸ ਕਾਰਨ ਐੱਸਜੀਪੀਸੀ ਨੂੰ ਇਹ ਰਸਮ ਦੁਬਾਰਾ ਕਰਨੀ ਪਈ। ਇਸ ਨੇ ਪੰਥ ਵਿੱਚ ਵੰਡ ਪੈਦਾ ਕੀਤੀ, ਅਤੇ ਕਈ ਜਥੇਬੰਦੀਆਂ ਨੇ ਇਸ ਨੂੰ ਅਕਾਲ ਤਖ਼ਤ ਦੀ ਮਰਿਆਦਾ ਨਾਲ ਖਿਲਵਾੜ ਵਜੋਂ ਵੇਖਿਆ। ਇਸੇ ਮਹੀਨੇ ਬਜਟ ਇਜਲਾਸ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਜਥੇਦਾਰਾਂ ਦੀ ਨਿਯੁਕਤੀ ਅਤੇ ਸੇਵਾ ਨਿਯਮਾਂ ਬਣਾਉਣ ਦੀ ਮੰਗ ਨੂੰ ਲੈ ਕੇ ਵਿਰੋਧ ਕੀਤਾ। ਉਹ ਸੰਗਤਾਂ ਨਾਲ ਵਿਰੋਧ ਪ੍ਰਦਰਸ਼ਨ ਲਈ ਪਹੁੰਚੇ, ਜਿਸ ਨੇ ਐੱਸਜੀਪੀਸੀ ਦੀ ਮੀਟਿੰਗ ਨੂੰ ਪ੍ਰਭਾਵਿਤ ਕੀਤਾ।

ਅਪ੍ਰੈਲ ਤੋਂ ਜੂਨ ਤੱਕ ਪੰਜਾਬ ਵਿੱਚ ਹੜ੍ਹਾਂ ਨੇ ਤਬਾਹੀ ਮਚਾਈ। ਸ਼੍ਰੋਮਣੀ ਕਮੇਟੀ ਸਮੇਤ ਹੋਰ ਸਿੱਖ ਸੰਸਥਾਵਾਂ ਅਤੇ ਸਮਾਜ ਸੇਵੀ ਜਥੇਬੰਦੀਆਂ ਨੇ ਹੜ੍ਹ ਪੀੜ੍ਹਤਾਂ ਲਈ ਰਾਹਤ ਕੰਮ ਕੀਤੇ, ਜੋ ਸਰਾਹੁਣਯੋਗ ਰਹੇ। ਲੰਗਰ ਵੰਡੇ ਗਏ, ਮੈਡੀਕਲ ਕੈਂਪ ਲਗਾਏ ਗਏ ਅਤੇ ਰਾਹਤ ਸਮੱਗਰੀ ਪਹੁੰਚਾਈ ਗਈ। ਇਸ ਨੇ ਸਿੱਖ ਸੇਵਾ ਦੀ ਭਾਵਨਾ ਨੂੰ ਉਜਾਗਰ ਕੀਤਾ, ਪਰ ਇਸੇ ਸਮੇਂ ਬੰਦੀ ਸਿੰਘਾਂ ਦੀ ਰਿਹਾਈ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਨੂੰ ਉਮਰ ਕੈਦ ਵਿੱਚ ਬਦਲਣ ਵਾਲੇ ਮਾਮਲੇ ਵਿੱਚ ਕੋਈ ਪ੍ਰਗਤੀ ਨਹੀਂ ਹੋਈ, ਜਿਸ ਨੇ ਪੰਥ ਨੂੰ ਨਿਰਾਸ਼ ਕੀਤਾ।

ਅਗਸਤ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿੱਚ ਨਾਰਾਜ਼ ਸੀਨੀਅਰ ਆਗੂਆਂ ਨੇ ਅਕਾਲ ਤਖ਼ਤ ਵੱਲੋਂ ਗਠਿਤ ਭਰਤੀ ਕਮੇਟੀ ਦੀ ਅਗਵਾਈ ਵਿੱਚ ਨਵੀਂ ਪਾਰਟੀ ਬਣਾਈ। ਇਹ ਪਾਰਟੀ ਅੰਮ੍ਰਿਤਸਰ ਵਿੱਚ ਸਥਾਪਿਤ ਕੀਤੀ ਗਈ ਅਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਪਹਿਲਾ ਪ੍ਰਧਾਨ ਬਣਾਇਆ ਗਿਆ। ਇਸ ਨੇ ਅਕਾਲੀ ਦਲ ਵਿੱਚ ਵੰਡ ਪੈਦਾ ਕੀਤੀ ਅਤੇ ਪੰਜਾਬ ਰਾਜਨੀਤੀ ਨੂੰ ਪ੍ਰਭਾਵਿਤ ਕੀਤਾ। ਇਸੇ ਸਮੇਂ ਸ੍ਰੀ ਦਰਬਾਰ ਸਾਹਿਬ ਨੂੰ ਵਿਸਫੋਟਕ ਧਮਕੀਆਂ ਵਾਲੀਆਂ ਈਮੇਲਾਂ ਮਿਲੀਆਂ, ਜਿਸ ਨੇ ਸੁਰੱਖਿਆ ਚਿੰਤਾਵਾਂ ਵਧਾਈਆਂ। ਐੱਸਜੀਪੀਸੀ ਨੇ ਇਸ ਨੂੰ ਗੰਭੀਰਤਾ ਨਾਲ ਲਿਆ ਅਤੇ ਪੁਲਿਸ ਨਾਲ ਮਿਲ ਕੇ ਜਾਂਚ ਕਰਵਾਈ।

ਸਤੰਬਰ ਅਤੇ ਅਕਤੂਬਰ ਵਿੱਚ ਧਾਰਮਿਕ ਵਿਵਾਦ ਵਧੇ। ਅਕਾਲ ਤਖ਼ਤ ਅਤੇ ਤਖ਼ਤ ਪਟਨਾ ਸਾਹਿਬ ਵਿਚਾਲੇ ਟਕਰਾਅ ਜਾਰੀ ਰਿਹਾ, ਜਿਸ ਵਿੱਚ ਦੋਵਾਂ ਤਖ਼ਤਾਂ ਨੇ ਇੱਕ ਦੂਜੇ ਨੂੰ ਤਨਖਾਹੀਆ ਕਰਾਰ ਦਿੱਤਾ। ਬਾਅਦ ਵਿੱਚ ਐੱਸਜੀਪੀਸੀ ਪ੍ਰਧਾਨ ਦੇ ਯਤਨਾਂ ਨਾਲ ਇਹ ਹੱਲ ਹੋ ਗਿਆ। ਇਸੇ ਵਿੱਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ ਜਗਦੀਸ਼ ਸਿੰਘ ਝੀਂਡਾ ਚੁਣੇ ਗਏ। ਨਵੰਬਰ ਵਿੱਚ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮਨਾਈ ਗਈ। ਦੇਸ਼ ਭਰ ਵਿੱਚ ਉਤਸ਼ਾਹ ਸੀ, ਪਰ ਐੱਸਜੀਪੀਸੀ ਅਤੇ ਪੰਜਾਬ ਸਰਕਾਰ ਨੇ ਵੱਖਰੇ ਸਮਾਗਮ ਕੀਤੇ। ਦਿੱਲੀ ਗੁਰਦੁਆਰਾ ਕਮੇਟੀ, ਤਖ਼ਤ ਪਟਨਾ ਅਤੇ ਹਜ਼ੂਰ ਸਾਹਿਬ ਨੇ ਵੀ ਵੱਖਰੇ ਸਮਾਗਮ ਕਰਵਾਏ। ਪੰਜਾਬ ਸਰਕਾਰ ਨੇ ਸ੍ਰੀ ਨਗਰ ਵਿੱਚ ਸੈਮੀਨਾਰ ਕੀਤਾ, ਜਿਸ ਵਿੱਚ ਕੈਬਨਿਟ ਮੰਤਰੀ ਹਰਜੋਤ ਬੈਂਸ ਅਤੇ ਜਸਵੰਤ ਜ਼ਫਰ ਨੂੰ ਤਨਖਾਹ ਭੁਗਤਣੀ ਪਈ।

ਇਸ ਵਰ੍ਹੇ ਕਈ ਪ੍ਰਮੁੱਖ ਸ਼ਖ਼ਸੀਅਤਾਂ ਸੁਖਦੇਵ ਸਿੰਘ ਢੀਂਡਸਾ, ਭਾਈ ਮਹਿਲ ਸਿੰਘ ਬੱਬਰ, ਬਾਬਾ ਸੁੱਚਾ ਸਿੰਘ, ਬਾਪੂ ਫੌਜਾ ਸਿੰਘ (114 ਸਾਲਾ ਦੌੜਾਕ), ਭਾਈ ਰਾਮ ਸਿੰਘ, ਦਿਲਜੀਤ ਸਿੰਘ ਬੇਦੀ, ਭਾਈ ਹਰਚਰਨ ਸਿੰਘ ਰੋਡੇ, ਬਾਪੂ ਸੂਰਤ ਸਿੰਘ, ਕੁਲਜੀਤ ਸਿੰਘ ਦਿਲਬਰ ਅਤੇ ਭਾਈ ਇੰਦਰਜੀਤ ਸਿੰਘ ਮੁੰਬਈ ਨੇ ਅਕਾਲ ਚਲਾਣਾ ਕੀਤਾ।

ਵਿਦੇਸ਼ਾਂ ਵਿੱਚ ਸਿੱਖ ਭਾਈਚਾਰੇ ਨੇ ਵੀ ਵੱਡੀਆਂ ਪ੍ਰਾਪਤੀਆਂ ਕੀਤੀਆਂ। ਸਵਰਨਜੀਤ ਸਿੰਘ ਖਾਲਸਾ ਨੇ ਅਮਰੀਕਾ ਵਿੱਚ ਮੇਅਰ ਬਣ ਕੇ ਸਿੱਖਾਂ ਲਈ ਨਵਾਂ ਅਧਿਆਏ ਖੋਲ੍ਹਿਆ। ਅਜੈ ਸਿੰਘ ਬੰਗਾ ਨੇ ਵਰਲਡ ਬੈਂਕ ਵਿੱਚ ਲੀਡਰਸ਼ਿਪ ਨਾਲ ਆਰਥਿਕ ਵਿਕਾਸ ਵਿੱਚ ਯੋਗਦਾਨ ਪਾਇਆ। ਹਰਜਿੰਦਰ ਸਿੰਘ ਕੁਕਰੇਜਾ ਨੇ ਕਨੇਡਾ ਵਿੱਚ ਵਪਾਰ ਅਤੇ ਸੇਵਾ ਨਾਲ ਨਾਂ ਕਮਾਇਆ। ਰਮੇਸ਼ ਸਿੰਘ ਅਰੋੜਾ ਦੇ ਸਰਕਾਰੀ ਮੰਤਰੀ ਦੇ ਤੌਰ 'ਤੇ ਏਸ਼ੀਆ ਵਿਚ ਸਿੱਖਾਂ ਲਈ ਇਤਿਹਾਸਕ ਮੌਕਾ ਬਣਾਇਆ।

ਇੰਦਰਜੀਤ ਸਿੰਘ ਗਿਲ ਚੀਫ ਇਕਨਾਮਿਸਟ ਵਰਲਡ ਬੈਂਕ - ਗਲੋਬਲ ਆਰਥਿਕ ਨੀਤੀ ਦੌਰਾਨ ਇਤਿਹਾਸਿਕ ਯੋਗਦਾਨ।

ਦਲਜੀਤ ਸਿੰਘ ਦੁਸਾਂਝ ਨੇ ਅੰਤਰਰਾਸ਼ਟਰੀ ਸੰਗੀਤ ਅਤੇ ਮਨੋਰੰਜਨ ਉਦਯੋਗ ਵਿੱਚ ਪੰਜਾਬੀ-ਸਿੱਖ ਸਭਿਆਚਾਰ ਦਾ ਵਿਆਪਕ ਪ੍ਰਸਾਰ ਕੀਤਾ।

ਇਸ ਵਰ੍ਹੇ ਵੀਰ ਬਾਲ ਦਿਵਸ ਦਾ ਨਾਂ ਬਦਲਣ ਦੀ ਮੰਗ ਜਾਰੀ ਰਹੀ। ਸਾਬਕਾ ਜਥੇਦਾਰ ਗੁਰਬਚਨ ਸਿੰਘ, ਹਰਜੋਤ ਬੈਂਸ ਅਤੇ ਵਿਰਸਾ ਸਿੰਘ ਵਲਟੋਹਾ ਨੂੰ ਤ ਅਕਾਲ ਤਖਤ ਸਾਹਿਬ ਤੋਂ ਨਖਾਹਾਂ ਲੱਗੀਆਂ। ਜਥੇਦਾਰ ਵਲਟੋਹਾ 'ਤੇ ਅਕਾਲੀ ਮੈਂਬਰਸ਼ਿਪ ਦੀ ਪਾਬੰਦੀ ਹਟੀ। ਚੀਫ ਖਾਲਸਾ ਦੀਵਾਨ ਦੇ ਗੈਰ-ਅੰਮ੍ਰਿਤਧਾਰੀ ਮੈਂਬਰਾਂ ਦਾ ਮਾਮਲਾ ਅਕਾਲ ਤਖ਼ਤ ਪਹੁੰਚਿਆ, ਜਿਸ ਦੀ ਅਗਲੀ ਸੁਣਵਾਈ 5 ਜਨਵਰੀ 2026 ਨੂੰ ਹੈ।

2020 ਦੇ 328 ਪਾਵਨ ਸਰੂਪਾਂ ਵਾਲਾ ਮਾਮਲਾ ਮੁੜ ਚਰਚਾ ਵਿੱਚ ਆਇਆ, ਜਦੋਂ ਪੰਜਾਬ ਸਰਕਾਰ ਨੇ ਐਫਆਈਆਰ ਦਰਜ ਕੀਤੀ ਅਤੇ ਸਿੱਟ ਬਣਾਈ। ਪੰਜਾਬ ਸਰਕਾਰ ਨੇ ਅੰਮ੍ਰਿਤਸਰ, ਅਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਨੂੰ ਪਵਿੱਤਰ ਸ਼ਹਿਰਾਂ ਦਾ ਦਰਜਾ ਦਿੱਤਾ। ਸਾਬਕਾ ਮੰਤਰੀ ਬਿਕਰਮ ਮਜੀਠੀਆ ਨੂੰ ਜੇਲ੍ਹ ਯਾਤਰਾ ਕਰਨੀ ਪਈ। ਸੁਖਬੀਰ ਬਾਦਲ ਮੁੜ ਅਕਾਲੀ ਪ੍ਰਧਾਨ ਬਣੇ, ਅੰਮ੍ਰਿਤਪਾਲ ਸਿੰਘ ਦੀ ਰਿਹਾਈ ਨਹੀਂ ਹੋਈ।

ਇਸ ਵਰ੍ਹੇ ਸਿੱਖ ਜਗਤ ਨੇ ਚੁਣੌਤੀਆਂ ਦਾ ਸਾਹਮਣਾ ਕੀਤਾ, ਪਰ ਏਕਤਾ ਅਤੇ ਸੇਵਾ ਨਾਲ ਅੱਗੇ ਵਧਿਆ। 2026 ਵਿੱਚ ਨਵੇਂ ਅਧਿਆਏ ਦੀ ਉਮੀਦ ਹੈ।

* * * * *

# ਮਹੀਨਾਵਾਰ ਕਿਸਮਤ ਦੇ ਸਿਤਾਰੇ

## ਜਨਵਰੀ ਮਹੀਨਾ 2026

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਆਮਦਨ ਦੇ ਸਾਧਨਾਂ ਵਿੱਚ ਵਾਧਾ ਹੋਣ ਦੇ ਨਾਲ-ਨਾਲ ਖਰਚ ਵੀ ਵਧੇਰੇ ਹੋਣਗੇ। ਇਸ ਸਮੇਂ ਦੌਰਾਨ ਭਵਿੱਖ ਸਬੰਧੀ ਕਈ ਨਵੀਆਂ ਸਕੀਮਾਂ ਵੀ ਬਣਨਗੀਆਂ, ਪਰ ਉਨ੍ਹਾਂ ਦੇ ਅਸਲੀ ਰੂਪ ਵਿੱਚ ਆਉਣ ਵਿੱਚ ਦੇਰੀ ਹੋਵੇਗੀ। ਗੁਜ਼ਾਰੇ ਯੋਗ ਆਮਦਨ ਦੇ ਸਾਧਨ ਰੁਕਾਵਟਾਂ ਦੇ ਬਾਵਜੂਦ ਬਣਦੇ ਰਹਿਣਗੇ। ਇਸ ਸਮੇਂ ਦੌਰਾਨ ਕਿਸੇ ਨਜ਼ਦੀਕੀ ਨਾਲ ਮੁਲਾਕਾਤ ਹੋਵੇਗੀ ਅਤੇ ਸੰਤਾਨ ਪੱਖੋਂ ਕੁਝ ਫਿਕਰ ਰਹੇਗਾ। ਬੱਚਿਆਂ ਨਾਲ ਜਰੂਰ ਪਰਿਵਾਰ ਦੀਆਂ ਗੱਲਾਂਬਾਤਾਂ ਸਾਂਝੀਆਂ ਕਰੋ। ਸਭ ਭਲਾ ਚੰਗਾ ਹੋਵੇਗਾ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਇਸ ਸਮੇਂ ਬਣਦੇ ਕੰਮਾਂ ਵਿੱਚ ਰੁਕਾਵਟਾਂ, ਵਧੇਰੇ ਮਿਹਨਤ ਅਤੇ ਸੰਘਰਸ਼ ਤੋਂ ਬਾਅਦ ਆਮਦਨ ਦੇ ਵਸੀਲੇ ਬਣਨਗੇ। ਦਿਮਾਗੀ ਤਣਾਅ, ਪਰਿਵਾਰ ਵਿੱਚ ਕਲਹ-ਕਲੇਸ਼, ਦੁਸ਼ਮਣ ਦਾ ਡਰ ਅਤੇ ਧਨ ਦਾ ਖਰਚ ਜ਼ਿਆਦਾ ਹੋਵੇਗਾ। ਸਿਹਤ ਵੀ ਕੁਝ ਢਿੱਲੀ ਰਹੇਗੀ। ਯਾਤਰਾ ਦਾ ਵੀ ਯੋਗ ਹੈ। ਸਾਂਝੇਦਾਰੀ ਦੇ ਕੰਮ ਵਿੱਚ ਨੁਕਸਾਨ ਦਾ ਯੋਗ ਹੈ, ਪ੍ਰਮਾਤਮਾ ਵਿੱਚ ਵਿਸ਼ਵਾਸ ਰੱਖੋ ਅਤੇ ਉਸ ਵੱਲੋਂ ਬਖ਼ਸ਼ੀਆਂ ਦਾਤਾਂ ਦਾ ਹਮੇਸ਼ਾ ਸ਼ੁਕਰੀਆ ਕਰੋ ਅਤੇ ਸਰਬਤ ਦਾ ਭਲਾ ਮੰਗੋ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਆਮਦਨ ਦੇ ਸਾਧਨਾਂ ਵਿੱਚ ਵਾਧਾ ਹੁੰਦਾ ਰਹੇਗਾ। ਆਰਥਿਕ ਹਾਲਾਤ ਪਹਿਲਾਂ ਨਾਲੋਂ ਬਿਹਤਰ ਹੋਣਗੇ। ਕਿਸੇ ਨਵੇਂ ਵਪਾਰ ਦੀ ਯੋਜਨਾ 'ਤੇ ਵਿਚਾਰ ਵਟਾਂਦਰਾ ਹੋ ਸਕਦਾ ਹੈ। ਪਰਿਵਾਰ ਵਿੱਚ ਸੁੱਖਦ ਮਾਹੌਲ ਹੋਣ ਨਾਲ ਲਾਭ ਮਿਲਦਾ ਰਹੇਗਾ। ਮਨ ਦੀ ਸ਼ਾਂਤੀ ਲਈ ਆਪਣੇ ਮਾਤਾ-ਪਿਤਾ ਨੂੰ ਗੁਰਦੁਆਰਾ ਸਾਹਿਬ ਸਵੇਰ ਜਾਂ ਸ਼ਾਮ ਦਿਨ ਵਿੱਚ ਇਕ ਵਾਰ ਜਰੂਰ ਲੈ ਕੇ ਜਾਵੋ, ਮਨ ਦੀ ਪ੍ਰੇਸ਼ਾਨੀ ਦੂਰ ਹੋਵੇਗੀ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਕੰਮਕਾਰ ਦੇ ਹਾਲਾਤ ਵਿੱਚ ਕੁਝ ਸੁਧਾਰ ਹੋਵੇਗਾ। ਆਮਦਨ ਦੇ ਸਾਧਨ ਬਣਦੇ ਰਹਿਣਗੇ। ਸੰਤਾਨ ਸਬੰਧੀ ਪ੍ਰੇਸ਼ਾਨੀ ਵੀ ਰਹੇਗੀ। ਕਿਸੇ ਮਿੱਤਰ ਦੀ ਮਦਦ ਨਾਲ ਕੋਈ ਵਿਗੜਿਆ ਕੰਮ ਬਣੇਗਾ। ਘਰ ਵਿੱਚ ਕੋਈ ਮੰਗਲ ਕਾਰਜ ਵੀ ਹੋ ਸਕਦਾ ਹੈ। ਉਮੀਦਾਂ ਵਿੱਚ ਥੋੜ੍ਹੀ ਸਫਲਤਾ ਮਿਲੇਗੀ। ਫਜ਼ੂਲ ਦੇ ਖਰਚ ਜ਼ਿਆਦਾ ਹੋਣਗੇ। ਵਪਾਰ ਵਿੱਚ ਤਰੱਕੀ ਦੇ ਮੌਕੇ ਮਿਲਣਗੇ। ਨੌਕਰੀ ਵਿੱਚ ਤਰੱਕੀ ਦੀ ਉਮੀਦ ਹੈ। ਨਸ਼ਿਆਂ ਤੋਂ ਆਪਣੇ ਆਪ ਨੂੰ ਦੂਰ ਰੱਖੋ ਅਤੇ ਆਪਣੇ ਬੱਚਿਆਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰੋ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਖਰਾਬ ਗ੍ਰਹਿ ਸਥਿਤੀ ਹੋਣ ਕਰਕੇ ਘਰੇਲੂ ਅਤੇ ਵਪਾਰਕ ਰੁਕਾਵਟਾਂ ਕਰਕੇ ਲਾਭ ਵਿੱਚ ਕਮੀ ਅਤੇ ਪ੍ਰੇਸ਼ਾਨੀਆਂ ਵਧਣਗੀਆਂ। ਕਿਸੇ ਨਜ਼ਦੀਕੀ ਭਾਈ ਬੰਧੂ ਨਾਲ ਤਕਰਾਰ ਦਾ ਡਰ ਹੋਵੇਗਾ। ਜ਼ਿਆਦਾ ਸਮਾਂ ਆਲਸ ਨਾਲ ਬੀਤੇਗਾ। ਖਰਚ ਵੀ ਵੱਧ-ਚੜ੍ਹਕੇ ਹੋਣਗੇ। ਜਲਦਬਾਜ਼ੀ ਵਿੱਚ ਕੀਤੇ ਫ਼ੈਸਲੇ ਨਾਲ ਨੁਕਸਾਨ ਹੋਣ ਦਾ ਡਰ ਹੈ। ਆਪਣੇ ਰੁਝੇਵਿਆਂ ਵਿੱਚੋਂ ਕੁਝ ਸਮਾਂ ਕੱਢਕੇ ਗੁਰੂ ਘਰ ਵਿਖੇ ਬੱਚਿਆਂ ਸਮੇਤ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਦੂਸਰਿਆਂ ਦੀ ਭਲਾਈ ਲਈ ਕੰਮ ਕਰਨ ਵਿੱਚ ਦਿਲਚਸਪੀ ਵਧੇਗੀ। ਵਪਾਰ ਵਿੱਚ ਚਾਹੇ ਤਰੱਕੀ ਅਤੇ ਲਾਭ ਦੇ ਮੌਕੇ ਮਿਲਣਗੇ, ਪਰ ਫਿਰ ਵੀ ਉਸ ਦਾ ਪੂਰਾ ਲਾਭ ਨਹੀਂ ਲੈ ਸਕੋਗੇ। ਵਿੱਦਿਆਰਥੀ ਵਰਗ ਨੂੰ ਥੋੜ੍ਹੀ ਮਿਹਨਤ ਦੀ ਲੋੜ ਹੈ, ਫੇਰ ਹੀ ਸਫਲਤਾ ਹਾਸਲ ਹੋਵੇਗੀ। ਗੁੱਸਾ ਅਤੇ ਉਤੇਜਨਾ ਵਧੇਗੀ। ਸਿਹਤ ਵੀ ਢਿੱਲੀ ਰਹਿਣ ਦੇ ਯੋਗ ਹਨ। ਆਪਣੇ ਵੀ ਬੇਗਾਨਿਆਂ ਵਰਗਾ ਸਲੂਕ ਕਰਨਗੇ, ਜਿਸ ਕਾਰਨ ਮਨ ਪ੍ਰੇਸ਼ਾਨ ਅਤੇ ਚਿੰਤਤ ਰਹੇਗਾ। ਰੋਜ਼ਾਨਾ ਸੁਖਮਨੀ ਸਾਹਿਬ ਦਾ ਪਾਠ ਕਰੋ, ਰੁਕਾਵਟਾਂ ਆਪਣੇ ਆਪ ਦੂਰ ਹੋ ਜਾਣਗੀਆਂ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਪਰਿਵਾਰਕ ਅਤੇ ਵਪਾਰਕ ਉਲਝਣਾਂ ਕਰਕੇ ਮਨ ਪ੍ਰੇਸ਼ਾਨ ਰਹੇਗਾ। ਯਾਤਰਾ ਵਿੱਚ ਸੱਟ ਲੱਗਣ ਦਾ ਵੀ ਡਰ ਹੈ। ਵਪਾਰ ਵਿੱਚ ਲਾਭ ਦੇ ਮੌਕੇ ਮਿਲਣਗੇ, ਪਰ ਉਨ੍ਹਾਂ ਦਾ ਸਹੀ ਫਾਇਦਾ ਨਹੀਂ ਉਠਾ ਸਕੋਗੇ। ਸੰਤਾਨ ਤੇ ਨਜ਼ਦੀਕੀ ਰਿਸ਼ਤੇਦਾਰਾਂ ਨਾਲ ਮੇਲ-ਮਿਲਾਪ ਵਿੱਚ ਖ਼ੁਸ਼ੀ ਮਿਲੇਗੀ। ਸੰਘਰਸ਼ ਅਤੇ ਸੰਯਮ ਨਾਲ ਵਿਹਾਰ ਕਰਨ ਨਾਲ ਪਰਿਵਾਰ ਵਿੱਚ ਸੁੱਖਦ ਮਾਹੌਲ ਰੱਖਣ ਵਿੱਚ ਮਦਦ ਮਿਲਗੀ। ਸਾਂਝੇਦਾਰੀ ਦੇ ਕੰਮ ਵਿੱਚ ਨੁਕਸਾਨ ਦਾ ਡਰ ਹੈ। ਆਪਣੇ ਤੋਂ ਵੱਡਿਆਂ ਦਾ ਹਮੇਸ਼ਾ ਮਾਣ-ਸਤਿਕਾਰ ਕਰੋ ਅਤੇ ਛੋਟਿਆਂ ਨੂੰ ਪਿਆਰ ਦਿਉ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਆਮਦਨ ਦੇ ਸਾਧਨ ਬਣਦੇ ਰਹਿਣਗੇ, ਪਰ ਵਪਾਰਕ ਖੇਤਰਾਂ ਵਿੱਚ ਸੰਘਰਸ਼ ਜ਼ਿਆਦਾ ਰਹੇਗਾ। ਸਾਂਝੇਦਾਰੀ ਦੇ ਕੰਮਾਂ ਵਿੱਚ ਠੀਕ ਲਾਭ ਨਹੀਂ ਹੋਵੇਗਾ। ਪਰਿਵਾਰ ਵਿੱਚ ਖਰਚ ਜ਼ਿਆਦਾ ਅਤੇ ਸੰਤਾਨ ਸਬੰਧੀ ਪ੍ਰੇਸ਼ਾਨੀ ਰਹੇਗੀ। ਸਰਕਾਰੀ ਖੇਤਰਾਂ ਵਿੱਚ ਪ੍ਰੇਸ਼ਾਨੀ ਰਹੇਗੀ। ਕਿਸੇ ਖਾਸ ਚੀਜ਼ ਦੇ ਗੁਆਚਣ ਜਾਂ ਨਸ਼ਟ ਹੋਣ ਕਰਕੇ ਮਨ ਦੁਖੀ ਰਹੇਗਾ। ਮਨ ਦੀ ਸ਼ਾਂਤੀ ਲਈ ਗੁਰੂ ਘਰ ਜਾ ਕੇ ਮੱਥਾ ਟੇਕੋ। ਤਾਂਤਰਿਕ ਜੋਤਸ਼ੀਆਂ ਦੇ ਚੁੰਗਲ ਵਿੱਚ ਨਾ ਫਸੋ, ਇਹ ਵੱਡੇ ਠੱਗ ਹੋ ਸਕਦੇ ਹਨ, ਇਨ੍ਹਾਂ ਤੋਂ ਦੂਰੀ ਬਣਾਈ ਰੱਖਣ ਵਿੱਚ ਹੀ ਭਲਾਈ ਹੈ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਧਨ ਲਾਭ ਸਾਧਾਰਨ ਰੂਪ ਨਾਲ ਹੋਵੇਗਾ, ਖਰਚੇ ਜ਼ਿਆਦਾ ਹੋਣ ਕਰਕੇ ਤਣਾਅ ਅਤੇ ਗੁੱਸੇ ਦੀ ਭਾਵਨਾ ਜ਼ਿਆਦਾ ਰਹੇਗੀ। ਕਿਸੇ ਭਾਈ-ਬੰਧੂ ਨਾਲ ਮਨ-ਮੁਟਾਵ ਹੋਵੇਗਾ। ਧਰਮ-ਕਰਮ ਦੇ ਕੰਮਾਂ ਵਿੱਚ ਰੁਝਾਨ ਰਹੇਗਾ। ਸ਼ੁੱਭ ਕੰਮਾਂ 'ਤੇ ਵੀ ਖਰਚ ਹੋਵੇਗਾ, ਸਰੀਰਕ ਕਸ਼ਟ ਅਤੇ ਮਨ ਵਿੱਚ ਉਚਾਟਤਾ ਰਹੇਗੀ। ਸਿਹਤ ਸਬੰਧੀ ਪ੍ਰੇਸ਼ਾਨੀਆਂ ਵੀ ਹੋ ਸਕਦੀਆਂ ਹਨ। ਇਸ ਲਈ ਜਰੂਰੀ ਹੈ ਕਿ ਸਾਵਧਾਨੀ ਵਰਤੋ। ਪਰਿਵਾਰਕ ਮਾਹੌਲ ਠੀਕ ਰਹੇਗਾ। ਹਮੇਸ਼ਾ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ,


**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਗੁਰੂ ਦੀ ਨਜ਼ਰ ਪੈਣ ਨਾਲ ਕੁਝ ਰੁਕੇ ਕੰਮਾਂ ਵਿੱਚ ਕਾਮਯਾਬੀ ਮਿਲੇਗੀ। ਧਨ ਲਾਭ ਅਤੇ ਤਰੱਕੀ ਦੇ ਰਸਤੇ ਖੁੱਲ੍ਹਣਗੇ। ਕੋਈ ਅਣਸੁਖਾਵੀਂ ਘਟਨਾ ਨਾਲ ਸੱਟ ਆਦਿ ਲੱਗਣ ਦਾ ਡਰ ਹੈ, ਸਾਵਧਾਨੀ ਵਰਤੋ। ਅਚਾਨਕ ਧਨ ਦਾ ਫਜ਼ੂਲ ਖਰਚ ਹੋਣਾ ਸ਼ੁਰੂ ਹੋਵੇਗਾ। ਬੇਕਾਰ ਦੀ ਭੱਜ-ਦੌੜ ਵੀ ਰਹੇਗੀ। ਵਿਦਿਆਰਥੀਆਂ ਨੂੰ ਕੈਰੀਅਰ ਸਬੰਧੀ ਫਿਕਰ ਚਿੰਤਾ ਰਹੇਗੀ। ਜਰੂਰੀ ਕੰਮ ਤੋਂ ਕਿਸੇ ਨਾਲ ਨਾ ਬੋਲੋ, ਮਨ ਅੰਦਰ ਸਿਰਫ਼ ਪ੍ਰਮਾਤਮਾ ਦਾ ਸਿਮਰਨ ਕਰੋ, ਮਨ ਨੂੰ ਸ਼ਾਂਤੀ ਮਿਲੇਗੀ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਇਸ ਸਮੇਂ ਵਪਾਰ ਸਬੰਧੀ ਭੱਜ-ਦੌੜ ਜ਼ਿਆਦਾ ਰਹੇਗੀ। ਆਮਦਨ ਨਾਲੋਂ ਖਰਚ ਵਧੇਰੇ ਹੋਣਗੇ। ਨਿਕਟ-ਬੰਧੂਆਂ ਦੀ ਮਦਦ ਵਿੱਚ ਕਮੀ ਰਹੇਗੀ। ਸਵਾਰੀ ਆਦਿ ਚਲਾਂਦੇ ਸਮੇਂ ਸਾਵਧਾਨੀ ਵਰਤੋ, ਸੱਟ ਆਦਿ ਦਾ ਡਰ ਹੈ। ਬਣਦੇ ਕੰਮਾਂ ਵਿੱਚ ਉਲਝਣਾਂ ਰਹਿਣਗੀਆਂ ਅਤੇ ਖਰਚ ਵਧੇਰੇ ਹੋਣਗੇ। ਜ਼ਮੀਨ-ਵਾਹਨ ਆਦਿ ਸੁੱਖਾਂ ਵਿੱਚ ਵਾਧਾ ਅਤੇ ਖਰੀਦੋ-ਫਰੋਖਤ ਦੇ ਕੰਮਾਂ ਵਿੱਚ ਲਾਭ ਮਿਲੇਗਾ। ਆਪਣੇ ਕੰਮ 'ਤੇ ਜਾਂ ਬਾਹਰ ਹਰੇਕ ਨਾਲ ਨਿਮਰਤਾ ਨਾਲ ਪੇਸ਼ ਆਵੋ, ਕਾਰੋਬਾਰ ਠੀਕ ਹੋਣਗੇ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਇਸ ਸਮੇਂ ਦੌਰਾਨ ਕਿਸੇ ਨਜ਼ਦੀਕੀ ਨਾਲ ਅਚਾਨਕ ਸਬੰਧ ਵਿਗੜ ਸਕਦੇ ਹਨ। ਧਿਆਨ ਨਾਲ ਵਰਤਾਅ ਕਰਨ ਦੀ ਲੋੜ ਹੈ। ਇਕ ਸਮੇਂ 'ਤੇ ਇਕ ਤੋਂ ਜ਼ਿਆਦਾ ਕੰਮ ਕਰਨ ਨਾਲ ਪ੍ਰੇਸ਼ਾਨੀ ਹੋਵੇਗੀ। ਮਾਨਸਿਕ ਉਚਾਟਤਾ ਅਤੇ ਬੇਲੋੜੀ ਯਾਤਰਾ ਵੀ ਹੋ ਸਕਦੀ ਹੈ। ਕਾਰੋਬਾਰ ਵਿੱਚ ਰੁਝੇਵੇਂ ਬਣੇ ਰਹਿਣਗੇ। ਸਰਕਾਰੀ ਖੇਤਰਾਂ ਵਿੱਚ ਪ੍ਰੇਸ਼ਾਨੀ ਕਾਰਨ ਮਨ ਅਸ਼ਾਂਤ ਰਹੇਗਾ। ਜਲਦਬਾਜੀ ਵਿੱਚ ਆਕੇ ਕੋਈ ਵੀ ਫੈਸਲਾ ਨੁਕਸਾਨ ਦੇ ਸਕਦਾ ਹੈ। ਆਪਣੀ ਸੋਚ ਨੂੰ ਹਮੇਸ਼ਾ ਸਾਕਾਰਾਤਮਕ ਰੱਖੋ, ਚੰਗਾ ਸੋਚੋਗੇ ਤਾਂ ਹੀ ਚੰਗਾ ਕਰੋਗੇ ਅਤੇ ਫਿਰ ਹੀ ਚੰਗਾ ਹੋਵੇਗਾ।

---------

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੂਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ !
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com


# ਦੰਦਾਂ ਦੇ ਪ੍ਰਸਿੱਧ ਡਾਕਟਰ ਤੇ ਉਸ ਦੀ ਪਤਨੀ ਦੀ ਗੋਲੀਆਂ ਮਾਰ ਕੇ ਹੱਤਿਆ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਉਹਾਈਓ ਵਿੱਚ ਇੱਕ ਪ੍ਰਸਿੱਧ ਡੈਨਟਿਸਟ ਸਪੈਨਸਰ ਟੇਪੇ (37) ਤੇ ਉਸ ਦੀ ਪਤਨੀ ਮੋਨੀਕ ਟੇਪੇ (39) ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਕੋਲੰਬਸ ਪੁਲਿਸ ਅਨੁਸਾਰ ਪਤੀ-ਪਤਨੀ ਦੀ ਹੱਤਿਆ ਉਨਾਂ ਦੇ ਘਰ ਵਿੱਚ ਕੀਤੀ ਗਈ ਤੇ ਘਰ ਵਿਚੋਂ ਉਨਾਂ ਦੇ ਦੋ ਛੋਟੇ ਬੱਚੇ ਵੀ ਮਿਲੇ ਹਨ ਜਿਨਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ ਹੈ। ਪੁਲਿਸ ਨੇ ਕਿਹਾ ਹੈ ਕਿ ਮੌਕੇ ਤੋਂ ਕੋਈ ਹਥਿਆਰ ਨਹੀਂ ਮਿਲਿਆ ਹੈ ਤੇ ਇਹ ਖੁਦਕੁੱਸ਼ੀ ਦਾ ਮਾਮਲਾ ਨਹੀਂ ਹੈ ਬਲਕਿ ਦੋਹਰੇ ਕਤਲ ਦਾ ਮਾਮਲਾ ਹੈ। ਪੁਲਿਸ ਹਤਿਆਰੇ ਦੀ ਭਾਲ ਵਿੱਚ ਹੈ। ਪੁਲਿਸ ਨੇ ਸੰਭਾਵੀ ਸ਼ੱਕੀ ਬਾਰੇ ਕੋਈ ਵੇਰਵਾ ਜਾਰੀ ਨਹੀਂ ਕੀਤਾ ਹੈ ਤੇ ਆਮ ਲੋਕਾਂ ਨੂੰ ਕਾਤਲ ਨੂੰ ਗ੍ਰਿਫਤਾਰ ਕਰਨ ਵਿੱਚ ਮੱਦਦ ਦੀ ਅਪੀਲ ਕੀਤੀ ਹੈ।

# ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਵੀਰ ਬਾਲ ਦਿਵਸ ਵਜੋਂ ਮਨਾਉਣਾ ਅਕਾਲ ਤਖ਼ਤ 'ਤੇ ਤੋਪਾਂ ਟੈਂਕਾਂ ਨਾਲ ਕੀਤੇ ਗਏ ਹਮਲੇ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੈ

ਗੁਰੂ ਗ੍ਰੰਥ, ਗੁਰੂ ਖ਼ਾਲਸਾ ਪੰਥ ਨੂੰ ਪਿੱਠ ਦੇ ਕੇ ਸਿੱਖੀ ਸਿਦਕ ਤੋਂ ਭਗੋੜੇ ਕੁਝ ਮੁੱਠੀ ਭਰ ਰਾਸ਼ਟਰਵਾਦੀ ਸਿੱਖਾਂ ਦੀ ਸਹਾਇਤਾ ਨਾਲ, ਭਾਜਪਾ ਸਰਕਾਰ ਨੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ, ਵੀਰ ਬਾਲ ਦਿਵਸ ਵਜੋਂ 26 ਦਸੰਬਰ, 2022 ਤੋਂ ਮਨਾਉਣਾ ਸ਼ੁਰੂ ਕੀਤਾ ਹੋਇਆ ਹੈ। ਇਸ ਸਮਾਗਮ ਵਿੱਚ ਸ੍ਰੀ ਨਰਿੰਦਰ ਮੋਦੀ ਨੇ ਕਿਹਾ ਕਿ:

**ਲੇਖਕ - ਜਥੇਦਾਰ ਮਹਿੰਦਰ ਸਿੰਘ ਯੂ ਕੇ**
ਮੋਬਾਈਲ ਫੋਨ:
07989 927477



ਆਜ ਦੇਸ਼ ਵੀਰ ਸਾਹਿਬਜ਼ਾਦੋਂ ਕੇ ਅਮਰ ਬਲੀਦਾਨ ਕੋ ਯਾਦ ਕਰ ਰਿਹਾ ਹੈ।

ਜਦੋਂ 26 ਦਸੰਬਰ 2022 ਨੂੰ ਭਾਜਪਾ ਸਰਕਾਰ ਨੇ ਵੀਰ ਬਾਲ ਦਿਵਸ ਮਨਾਇਆ ਸੀ ਤਾਂ ਸ੍ਰੀ ਨਰਿੰਦਰ ਮੋਦੀ ਨੇ ਉਦੋਂ ਵੀ ਕਿਹਾ ਸੀ ਕਿ: ਭਾਰਤ ਕੇ ਉਹ ਬੇਟੇ (ਸਾਹਿਬਜ਼ਾਦੇ) ਵੀਰ ਬਾਲਕ ਮੌਤ ਸੇ ਭੀ ਨਹੀਂ ਘਬਰਾਏ, ਉਹ ਦੀਵਾਰ ਮੇਂ ਜ਼ਿੰਦਾ ਚੁਨ ਦੀਏ ਗਏ ਲੇਕਿਨ ਉਨਹੋਂ ਨੇ ਔਰੰਗਜ਼ੇਬ ਕੇ ਮਨਸੂਬੋਂ ਕੋ ਹਮੇਸ਼ਾਂ ਕੇ ਲੀਏ ਦਫ਼ਨ ਕਰ ਦੀਆ, ਇਸੀ ਲੀਏ ਵੋਹ ਹਮਾਰੇ ਰਾਸ਼ਟਰ ਕਾ ਗੌਰਵ ਹੈਂ।

ਸ੍ਰੀ ਨਰਿੰਦਰ ਮੋਦੀ ਨੇ ਇਹ ਵੀ ਕਿਹਾ ਸੀ ਕਿ: ਸਾਥੀਓ! ਸਿੱਖ ਗੁਰੂ ਪਰੰਪਰਾ ਕੇਵਲ ਆਸਥਾ ਔਰ ਅਧਿਆਤਮਕ ਕੀ ਪਰੰਪਰਾ ਨਹੀਂ ਹੈ, ਯਹ ਏਕ ਸ੍ਰੇਸ਼ਟ ਭਾਰਤ ਕੇ ਵਿਚਾਰ ਕਾ ਭੀ ਪ੍ਰੇਰਨਾ ਪੁੰਜ ਹੈ। Sikh Guru tradition is a source for Ek Bharat Shreshtha Bharat.

ਇਸੇ ਤਰ੍ਹਾਂ ਸ੍ਰੀ ਅਦਿਤਿਆ ਨਾਥ ਯੋਗੀ ਨੇ ਜੋ ਭਗਵੇਂ ਲਿਬਾਸ ਨਾਲ ਭਗਵੀਂ ਪੱਗ ਬੰਨ੍ਹ ਕੇ ਜੋ ਕਿਹਾ ਉਸ ਦਾ ਸਾਰਅੰਸ਼ ਹੈ ਕਿ : ਭੈਣੋ ਔਰ ਭਾਈਓ! ਆਜ ਭਾਰਤ ਕੇ ਇਤਿਹਾਸ ਕਾ ਏਕ ਐਸਾ ਦਿਵਸ ਹੈ, ਜੋ ਹਰ ਯੁਵਾ ਕੋ ਹਰ ਬੱਚੇ ਕੋ ਨਈ ਪ੍ਰੇਰਨਾ ਦੇਤਾ ਹੈ। ਗੁਰੂ ਗੋਬਿੰਦ ਸਿੰਘ ਕੇ ਪਿਤਾ ਤੇਗ ਬਹਾਦਰ ਨੇ ਸਵੈਮ ਕਾ ਬਲੀਦਾਨ ਦੇ ਕਰ ਦੇਸ਼ ਔਰ ਸਨਾਤਨ ਧਰਮ ਕੀ ਰੱਖਿਆ ਕੀ, ਗੁਰੂ ਗੋਬਿੰਦ ਸਿੰਘ ਕੇ ਸਾਹਿਬਜ਼ਾਦੋਂ ਨੇ ਭੀ ਦੇਸ਼ ਔਰ ਧਰਮ ਕੀ ਰੱਖਿਆ ਕਰਨੇ ਕੇ ਲੀਏ ਜੋ ਮਹਾਨ ਬਲੀ-ਦਾਨ ਦੀਯਾ, ਸਾਹਿਬਜ਼ਾਦੋਂ ਕੇ ਪ੍ਰਤੀ ਸਨਮਾਨ ਕਰਨੇ ਕਾ ਦਿਵਸ ਹੈ ਵੀਰ ਬਾਲ ਦਿਵਸ।

ਇਸੇ ਤਰ੍ਹਾਂ ਸ੍ਰੀ ਨਰਿੰਦਰ ਮੋਦੀ ਨੇ ਵੀਰ ਬਾਲ ਦਿਵਸ ਦੀ ਵਿਆਖਿਆ ਇਨ੍ਹਾਂ ਸ਼ਬਦਾਂ ਨਾਲ ਵੀ ਕੀਤੀ ਸੀ ਕਿ: ਗੁਰੂ ਗੋਬਿੰਦ ਸਿੰਘ ਜੀ ਕਾ ਅਟਲ ਸੰਕਲਪ ਥਾ ਕਿ ਰਾਸ਼ਟਰ ਧਰਮ ਕੀ ਰੱਖਿਆ ਕੇ ਲੀਏ ਬੜੇ ਬਲੀਦਾਨ ਕੀ ਜ਼ਰੂਰਤ ਹੈ, ਉਨਹੋਂ ਨੇ ਅਪਨੇ ਪਿਤਾ ਸੇ ਕਹਾ ਕਿ ਆਪ ਸੇ ਮਹਾਨ ਕੌਨ ਹੈ, ਯਹ ਬਲੀਦਾਨ ਆਪ ਦੀਜੀਏ, ਜਬ ਵੋਹ ਪਿਤਾ ਬਨੇ ਉਸੀ ਤਰ੍ਹਾਂ ਉਨਹੋਂ ਨੇ ਰਾਸ਼ਟਰ ਧਰਮ ਕੇ ਲੀਏ ਅਪਨੇ ਬੇਟੋਂ ਕਾ ਬਲੀਦਾਨ ਦੇਨੇ ਸੇ ਭੀ ਸੰਕੋਚ ਨਹੀਂ ਕੀਆ।

ਅੱਗੇ ਚੱਲਕੇ ਨਰਿੰਦਰ ਮੋਦੀ ਨੇ ਗੁਰੂ ਨਾਨਕ ਸਾਹਿਬ ਦੇ ਦੈਵੀ ਰੁਤਬੇ ਨੂੰ ਘਟਾ ਕੇ ਦੁਨੀਆਵੀ ਨਾਇਕਾਂ ਦੇ ਬਰਾਬਰ ਲਿਆਉਂਦਿਆਂ ਕਿਹਾ: We try to live by the words of Guru Nanak Dev ji, we read about and follow the examples of heroes like Maharana Pratap and Chatarpati veer Shivaji Maharaj. That's why we celebrate various anniversaries and organize festivals even on hundreds and thousands of years old events. ਭਾਵ-ਅਸੀਂ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਅਨੁਸਾਰ ਵੀ ਜੀਉਣ ਦੀ ਕੋਸ਼ਿਸ਼ ਕਰਦੇ ਹਾਂ। ਅਸੀਂ ਮਹਾਰਾਣਾ ਪ੍ਰਤਾਪ ਅਤੇ ਛੱਤਰਪਤੀ ਵੀਰ ਸ਼ਿਵਾਜੀ ਮਹਾਰਾਜ ਵਰਗੇ ਮਹਾਨ ਨਾਇਕਾਂ ਦੀਆਂ ਉਦਾਹਰਣਾਂ ਨੂੰ ਪੜ੍ਹਦੇ ਤੇ ਮੰਨਦੇ ਹਾਂ। ਇਸੇ ਲਈ ਅਸੀਂ ਵੱਖ-ਵੱਖ ਵਰ੍ਹੇਗੰਢਾਂ ਮਨਾਉਂਦੇ ਹਾਂ ਅਤੇ ਸੈਂਕੜੇ ਤੇ ਹਜ਼ਾਰਾਂ ਸਾਲ ਪੁਰਾਣੀਆਂ ਘਟਨਾਵਾਂ ਤੇ ਤਿਓਹਾਰ ਮਨਾਉਂਦੇ ਹਾਂ। ਨਰਿੰਦਰ ਮੋਦੀ ਨੇ ਬਾਰ ਬਾਰ ਬਲੀਦਾਨ ਸ਼ਬਦ ਦੀ ਵਰਤੋਂ ਕੀਤੀ ਹੈ। ਬਲੀਦਾਨ ਅਤੇ ਸ਼ਹਾਦਤ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਸ਼ਹੀਦ ਅਰਬੀ ਦਾ ਲਫ਼ਜ਼ ਹੈ ਅਤੇ ਨਿਰਜਿੰਦ ਸ਼ਬਦ ਕੋਸ਼ਾਂ ਵਿੱਚ ਇਸ ਦਾ ਅਰਥ ਹੈ ਗਵਾਹੀ ਦੇਣ ਵਾਲਾ ਜਾਂ ਅਜਿਹਾ ਕਾਰਨਾਮਾ ਕਰਨ ਵਾਲਾ ਜੋ ਪ੍ਰਮਾਣ ਹੋ ਨਿਬੜੇ। ਸਿੱਖੀ ਵਿੱਚ ਇਹ ਸ਼ਬਦ ਉਸ ਅਤਿਅੰਤ ਸਚਿਆਰ ਮਹਾਂਪੁਰਖ ਵਾਸਤੇ ਵਰਤਿਆ ਜਾਂਦਾ ਹੈ, ਜੋ ਸੱਚ ਦੀ ਖ਼ਾਤਰ ਸਿਰ ਧੜ ਦੀ ਬਾਜ਼ੀ ਨਿਸੰਗ ਹੋ ਕੇ ਲਾ ਦੇਵੇ ਅਤੇ ਸੱਚ ਨੂੰ ਦੋਹਾਂ ਜਹਾਨਾਂ ਵਿੱਚ ਪ੍ਰਤੱਖ ਕਰਨ ਖ਼ਾਤਰ ਆਪਣੇ ਜੀਵਨ ਨੂੰ ਲੇਖੇ ਲਾ ਦੇਵੇ। ਅਰਬੀ ਦੇ ਏਸ ਲਫ਼ਜ਼ ਵਿੱਚ ਜੋ ਸਿੱਖੀ ਨੇ ਜਾਨ ਪਾਈ,_ਉਸ ਦੇ ਨਤੀਜੇ ਵਜੋਂ, ਇਹ ਸ਼ਬਦ ਇਕ ਨਿਰਾਲੀ ਦਿਖ ਵਾਲੇ ਹੀਰੇ ਵਾਂਗ ਸਾਹਿਤ ਦੀ ਦੁਨੀਆਂ ਵਿੱਚ ਚਮਕ ਰੱਖਦਾ ਹੈ। ਸ਼ਰਧਾ ਦਾ ਭਾਵ ਏਸ ਵਿੱਚ ਇਸ ਹੱਦ ਤੱਕ ਘੁੱਲ ਮਿਲ ਗਿਆ ਹੈ ਕਿ ਸ਼ਬਦ ਸੁਣਦਿਆਂ ਸਿੱਖ ਦਾ ਸਿਰ ਆਪਣੇ ਆਪ ਸਤਿਕਾਰ ਨਾਲ ਝੁੱਕ ਜਾਂਦਾ ਹੈ। ਪੁਰਾਤਨ ਸਿੰਘਾਂ ਦੀ ਮਨੌਤ ਸੀ ਕਿ ਕੇਵਲ ਸ਼ਹੀਦ ਦਾ ਨਾਂ ਜ਼ੁਬਾਨ 'ਤੇ ਲਿਆਉਣ ਨਾਲ ਬੱਜਰ ਪਾਪੀ ਦੇ ਵੀ ਹਜ਼ਾਰਾਂ ਅਪਰਾਧ ਇਕ ਖਿਨ ਵਿੱਚ ਧੋਤੇ ਜਾਂਦੇ ਹਨ। (ਸਿੱਖੀ ਵਿੱਚ ਸ਼ਹਾਦਤ-ਗੁਰਤੇਜ ਸਿੰਘ)



ਪੰਜਾਬ ਟਾਈਮਜ਼ ਦੇ ਅੰਕ 3010 ਦੀ ਸੰਪਾਦਕੀ ਵਿੱਚ ਸਿੱਖਿਆ ਬਾਰੇ ਭਾਜਪਾ ਦਾ ਭਗਵਾਂ ਏਜੰਡਾ ਬਨਾਮ ਲੋਕ ਹਿੱਤ ਦੇ ਸਿਰਲੇਖ ਹੇਠ ਸ: ਰਜਿੰਦਰ ਸਿੰਘ ਪੁਰੇਵਾਲ ਲਿਖਦੇ ਹਨ: ਇਹ ਉਦੋਂ ਕੀਤਾ ਜਾ ਰਿਹਾ ਹੈ ਜਦੋਂ ਲੋਕ ਸਭਾ ਦੀਆਂ ਚੋਣਾਂ ਸਿਰ ਉੱਤੇ ਹਨ। ਇਸ ਦੇ ਨਾਲ ਹੀ ਇਹ ਨਿਰਦੇਸ਼ ਵੀ ਦਿੱਤਾ ਗਿਆ ਹੈ ਕਿ ਸੱਤਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪਾਠਕ੍ਰਮ ਦੇ ਹਿੱਸੇ ਵਜੋਂ ਮਹਾਂਭਾਰਤ ਅਤੇ ਰਮਾਇਣ ਦੀ ਪੜ੍ਹਾਈ ਕਰਾਈ ਜਾਵੇ, ਪਰ ਸਿੱਖ ਧਰਮ ਦੀ ਪੜ੍ਹਾਈ ਬਾਰੇ ਸਿਲੇਬਸ ਖ਼ਤਮ ਕੀਤੇ ਜਾ ਰਹੇ ਹਨ, ਜੋ ਸਰਬੱਤ ਦੇ ਭਲੇ ਦਾ ਸੁਨੇਹਾ ਦਿੰਦੇ ਹਨ। ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਵੀਰ ਬਾਲ ਦਿਵਸ ਵਜੋਂ ਮਨਾਉਣ ਦਾ ਮਨੋਰਥ ਸਿੱਖ ਧਰਮ ਨੂੰ ਹਿੰਦੂ ਧਰਮ ਵਿੱਚ ਜਜ਼ਬ ਕਰ ਲੈਣ ਦਾ ਹੈ। ਭਾਰਤ ਦੇ ਮਨੁੱਖੀ ਸਰੋਤ ਵਿਕਾਸ ਦੇ ਮੰਤਰਾਲੇ ਦਾ ਕੰਮਕਾਰ ਦਾ ਢੰਗ ਹੀ ਬਦਲ ਗਿਆ ਹੈ। ਉਹ ਸੰਘ ਪਰਿਵਾਰ ਦੇ ਬਿਰਤਾਂਤ ਨੂੰ ਫਿੱਟ ਕਰਨ ਲਈ ਇਤਿਹਾਸ ਨੂੰ ਮੁੜ ਲਿਖਣ 'ਤੇ ਰੁੱਝਾ ਹੋਇਆ ਹੈ। ਇਸ ਪ੍ਰਸ਼ਾਸਨ ਦੇ ਪਿੱਛੇ ਆਰ.ਐਸ.ਐਸ. ਹੈ, ਜੋ ਰੈਡੀਕਲ ਸੰਸਥਾ ਹੈ। ਜਿਥੇ ਇਕ ਗੰਭੀਰ ਸਾਜ਼ਿਸ਼ ਤੇ ਹਮਲੇ ਤਹਿਤ ਭਾਰਤ ਦੇ ਲੋਕਤੰਤਰ ਅਤੇ ਸੈਕੂਲਰਇਜ਼ਮ ਨੂੰ ਖ਼ਤਮ ਕੀਤਾ ਜਾ ਰਿਹਾ ਹੈ, ਉਥੇ ਸਿੱਖਾਂ ਨੂੰ ਹਿੰਦੂ ਸਿੱਧ ਕਰਨ ਲਈ ਆਰ.ਐਸ.ਐਸ. ਨੇ ਗੁਰ ਇਤਿਹਾਸ, ਸਿੱਖ ਇਤਿਹਾਸ ਦੁਬਾਰਾ ਲਿਖਵਾ ਲਿਆ ਹੈ। ਇਸ ਕੰਮ ਲਈ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਨੇ ਰਾਸ਼ਟਰੀ ਸਿੱਖ ਸੰਗਤ ਦੇ ਮੁਖੀ ਚਿਰੰਜੀਵ ਸਿੰਘ ਨੂੰ 85 ਲੱਖ ਰੁਪਏ ਦਿੱਤੇ ਸਨ 2015 ਨੂੰ। ਸਿੱਖਾਂ ਦੀਆਂ ਮੁੱਖ ਸੰਸਥਾਵਾਂ ਸ਼੍ਰੋਮਣੀ ਕਮੇਟੀ, ਅਕਾਲ ਤਖ਼ਤ ਸਾਹਿਬ ਤੇ ਦਿੱਲੀ ਗੁਰਦੁਆਰਾ ਕਮੇਟੀ ਆਦਿ ਨੇ ਲਿਖਵਾਏ ਜਾ ਰਹੇ ਗ਼ਲਤ ਸਿੱਖ ਇਤਿਹਾਸ, ਗੁਰ ਇਤਿਹਾਸ ਦਾ ਵਿਰੋਧ ਤਾਂ ਕੀ ਕਰਨਾ ਸੀ, ਸਗੋਂ ਆਰ. ਐਸ. ਐਸ. ਤੇ ਭਾਜਪਾ ਦੀ ਹਾਂ ਵਿੱਚ ਹਾਂ ਮਿਲਾਉਂਦਿਆਂ ਨਜ਼ਰ ਆ ਰਹੀਆਂ ਹਨ, ਜੋ ਬਹੁਤ ਹੀ ਸ਼ਰਮਨਾਕ ਵਰਤਾਰਾ ਹੈ। ਆਰ. ਐਸ. ਐਸ. ਤੇ ਭਾਜਪਾ ਆਪਣੀ ਮਰਜ਼ੀ ਨਾਲ ਲਿਖਵਾਏ ਗੁਰ ਇਤਿਹਾਸ, ਸਿੱਖ ਇਤਿਹਾਸ ਨਾਲ ਸਿੱਖ ਧਰਮ ਦਾ ਭਗਵਾਂਕਰਨ ਕਰਨ ਅਤੇ ਸਿੱਖ ਕੌਮ ਦੀ ਵਿਲੱਖਣ ਹੋਂਦ-ਹਸਤੀ ਮਿਟਾਉਣ ਲਈ ਯਤਨਸ਼ੀਲ ਹੈ। ਇਤਿਹਾਸ ਵੀ ਇਕ ਸ਼ਸਤਰ ਦੀ ਤਰ੍ਹਾਂ ਹੁੰਦਾ ਹੈ। ਪਰਤਾਵੇ ਨਾਲ ਪਤਾ ਲੱਗਦਾ ਹੈ ਕਿ ਸੱਚਮੁੱਚ ਇਤਿਹਾਸ ਦਾ ਸ਼ਸਤਰ ਸਭ ਤੋਂ ਵੱਧ ਅਸਰ ਕਰਨ ਵਾਲਾ ਹੁੰਦਾ ਹੈ। ਤਲਵਾਰ ਦੀ ਧਾਰ ਤੋਂ ਮਨੁੱਖ ਬਚ ਜਾਏ ਤਾਂ ਬਚ ਜਾਏ, ਮੋਈਆਂ ਹੋਈਆਂ ਕੌਮਾਂ ਜਿਊਂਦੀਆਂ ਹੋ ਜਾਣ ਪਰ ਇਤਿਹਾਸ ਦੀ ਮਾਰ ਫੇਰ ਉੱਠਣ ਜੋਗਾ ਨਹੀਂ ਛੱਡਦੀ। ਗੱਲ ਕੀ ਇਤਿਹਾਸ ਦੀ ਮਾਰ, ਤੋਪਾਂ ਬੰਦੂਕਾਂ ਦੀ ਮਾਰ, ਗੈਸ ਦੀ ਮਾਰ ਤੇ ਹਵਾਈ ਜਹਾਜ਼ ਦਿਆਂ ਬੰਬਾਂ ਦੀ ਮਾਰ ਤੋਂ ਵੀ ਵਧੇਰੇ ਘਾਤਕ ਸਾਬਤ ਹੋਈ ਹੈ। ਰਾਜਸੀ ਤਾਕਤਾਂ ਜੇ ਕਿਸੇ ਜਾਤੀ ਜਾਂ ਕੌਮ ਨੂੰ ਅਧੀਨ ਕਰਨਾ ਚਾਹੁਣ ਤੇ ਸਮਝਣ ਕਿ ਤਲਵਾਰ ਦੀ ਲੜਾਈ ਨਾਲ ਅਸੀਂ ਇਸ ਦੇ ਵਾਰੇ ਨਹੀਂ ਆ ਸਕਦੇ ਤਾਂ ਉਸ ਜਾਤੀ ਜਾਂ ਕੌਮ ਦੇ ਇਤਿਹਾਸ ਨੂੰ ਆਪਣੇ ਹੱਕ ਵਿੱਚ ਕਰਨ ਲਈ ਉਸ ਦਾ ਰਾਸ਼ਟਰੀਕਰਨ ਕਰ ਦਿੰਦੀਆਂ ਹਨ।

ਦੂਸਰਾ ਤਰੀਕਾ ਚਾਣਕੀਆ ਨੀਤੀ ਵਾਲਾ ਵਰਤਦੇ ਹਨ ਕਿਉਂਕਿ ਚਾਣਕੀਆ ਨੀਤੀ ਕਹਿੰਦੀ ਹੈ ਕਿ ਜੇਕਰ ਤੁਸੀਂ ਆਪਣੇ ਦੁਸ਼ਮਣ ਨੂੰ ਤਾਕਤ (ਬਲ) ਨਾਲ ਨਹੀਂ ਹਰਾ ਸਕਦੇ ਅਤੇ ਉਸ ਨੂੰ ਹਰਾਉਣ ਦੀ ਸਮਰੱਥਾ ਵੀ ਨਹੀਂ ਰੱਖਦੇ ਤਾਂ ਫਿਰ ਉਸ ਦੇ ਧਰਮ ਵਿਸ਼ਵਾਸ ਵਿੱਚ ਦੁਬਿਧਾ ਪਾ ਦਿਓ, ਉਸ ਦੀ ਸ਼ਕਤੀ ਅੱਧੀ ਰਹਿ ਜਾਵੇ-ਗੀ।

ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਪੈਂਦੀ, ਕਿਉਂਕਿ ਆਰ. ਐਸ. ਐਸ. ਤੇ ਭਾਜਪਾ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਏਜੰਡੇ ਤਹਿਤ ਸਿੱਖ ਕੌਮ ਦੀ ਅੱਡਰੀ ਤੇ ਸੁਤੰਤਰ ਹੋਂਦ-ਹਸਤੀ ਨੂੰ ਮਿਟਾਉਣ ਲਈ ਗੁਰ ਇਤਿਹਾਸ, ਸਿੱਖ ਇਤਿਹਾਸ ਦਾ ਹਿੰਦੂਕਰਨ ਕਰ ਕੇ ਇਤਿਹਾਸ ਦੇ ਸ਼ਸਤਰ ਦੀ ਵਰਤੋਂ ਕਰ ਰਹੀ ਹੈ। ਸਿੱਖ ਇਤਿਹਾਸ ਦੇ ਇਤਿਹਾਸਕ ਸੋਮਿਆਂ ਵਿੱਚਲੇ ਮਿਲਾਵਟੀ ਅੰਸ਼ਾਂ ਨੂੰ ਉਭਾਰ ਕੇ ਸਿੱਖ ਧਰਮ ਦੇ ਪ੍ਰਚਾਰਕਾਂ ਵਿੱਚ ਭਰਾ ਮਾਰੂ ਜੰਗ ਦਾ ਮਾਹੌਲ ਸਿਰਜ ਰਹੀ ਹੈ। ਆਰ. ਐਸ. ਐਸ. ਨੇ ਸਿੱਖ ਇਤਿਹਾਸ ਦੀ ਵਿਆਖਿਆ ਹਿੰਦੂ ਧਰਮ ਦੇ ਹੱਕ ਵਿੱਚ ਭੁਗਤਾਉਣ ਲਈ ਕਰਵਾ ਲਈ ਹੈ ਅਤੇ ਸਿੱਖ ਧਰਮ ਵਿੱਚ ਅਨੇਕਾਂ ਦੁਬਿਧਾਵਾਂ ਪਾ ਦਿੱਤੀਆਂ ਹਨ ਅਤੇ ਆਪਣੀ ਕੇਸਾਧਾਰੀ ਸ਼ਾਖਾ ਰਾਸ਼ਟਰੀ ਸਿੱਖ ਸੰਗਤ ਰਾਹੀਂ ਇਨ੍ਹਾਂ ਦੁਬਿਧਾਵਾਂ ਦਾ ਪ੍ਰਚਾਰ ਯੋਜਨਾਬੱਧ ਤਰੀਕੇ ਨਾਲ ਕਰਵਾਇਆ ਜਾ ਰਿਹਾ ਹੈ। ਸਿੱਖੀ ਦੀ ਦੁਸ਼ਮਣ ਅਤੇ ਕੱਟੜਵਾਦੀ ਹਿੰਦੂ ਜਥੇਬੰਦੀ ਆਰ. ਐਸ. ਐਸ. ਵਾਲੇ ਗੁਰ-ਇਤਿਹਾਸ ਨੂੰ ਹਿੰਦੂ ਰਾਸ਼ਟਰ ਦੇ ਹੱਕ ਵਿੱਚ ਭੁਗਤਾਉਣ ਲਈ ਆਪਣੀਆਂ ਸ਼ਾਖਾਵਾਂ ਵਿੱਚ ਮਹਾਰਾਣਾ ਪ੍ਰਤਾਪ ਅਤੇ ਸ਼ਿਵਾਜੀ ਮਰਹੱਟਾ ਦੀ ਫੋਟੋ ਦੇ ਨਾਲ ਗੁਰੂ ਗੋਬਿੰਦ ਸਿੰਘ ਜੀ ਦੀ ਕਾਲਪਨਿਕ ਫ਼ੋਟੋ ਵੀ ਰੱਖਦੇ ਹਨ,

**ਬਾਕੀ ਹਿਸਾ ਅਗਲੇ ਸਫ਼ਾ 26 ਤੇ ਪੜ੍ਹੋ**

## 25 ਸਫ਼ੇ ਦੀ ਬਾਕੀ

ਉਥੇ ਆਰ. ਐਸ. ਐਸ. ਵਾਲੇ ਆਪਣੀਆਂ ਸ਼ਾਖਾਵਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਕਾਲਪਨਿਕ ਫ਼ੋਟੋ ਅੱਗੇ ਅਜਿਹੇ ਗੀਤ ਵੀ ਗਾਉਂਦੇ ਹਨ ਕਿ ਅਸੀਂ ਸਾਹਿਬਜ਼ਾਦਿਆਂ ਦੇ ਵਾਰਸ ਹਾਂ, ਦਸ਼ਮੇਸ਼ ਪਿਤਾ ਅਸੀਂ ਤੇਰੇ ਪੁੱਤ ਹਾਂ ਤੇ ਤੇਰੇ ਰਾਹ 'ਤੇ ਚੱਲ ਕੇ ਦੁਸ਼ਟਾਂ ਦਾ ਨਾਸ਼ ਕਰਾਂਗੇ ਤੇ ਭਾਰਤ ਲਈ ਮਰ ਮਿਟਾਂਗੇ।

ਹੁਣ ਇਥੇ ਪਹਿਲਾ ਵਿਚਾਰਨਯੋਗ ਤੱਥ ਇਹ ਹੈ ਕਿ ਦਸ਼ਮੇਸ਼ ਪਿਤਾ (ਗੁਰੂ ਗੋਬਿੰਦ ਸਿੰਘ) ਦੇ ਪੁੱਤ ਕੇਵਲ ਗੱਲਾਂ ਨਾਲ ਨਹੀਂ ਬਣਿਆ ਜਾ ਸਕਦਾ, ਗੁਰੂ ਗੋਬਿੰਦ ਸਿੰਘ ਦੇ ਪੁੱਤਰ ਬਣਨ ਲਈ ਗੁਰੂ ਨੂੰ ਸੀਸ ਭੇਟ ਕਰਕੇ ਪੰਜਾਂ ਪਿਆਰਿਆਂ ਪਾਸੋਂ ਖੰਡੇ ਦੀ ਪਾਹੁਲ ਛਕਣੀ ਪੈਂਦੀ ਹੈ।

ਦੂਸਰਾ ਵਿਚਾਰਨਯੋਗ ਤੱਥ ਇਹ ਹੈ ਕਿ 1704 ਈ: ਨੂੰ ਸਰਸਾ ਨਦੀ ਦੇ ਕਿਨਾਰੇ ਗਊ ਅਤੇ ਗੀਤਾ ਦੀਆਂ ਕਸਮਾਂ ਤੋੜ ਕੇ ਦਸ਼ਮੇਸ਼ ਪਿਤਾ 'ਤੇ ਹਮਲਾ ਕਰਨ ਵਾਲੇ ਪਹਾੜੀ ਹਿੰਦੂ ਰਾਜੇ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾਉਣ ਵਾਲੇ ਗੰਗੂ ਬ੍ਰਾਹਮਣ ਤੇ ਸੁੱਚਾ ਨੰਦ ਦੇ ਵਾਰਿਸ, ਸਾਹਿਬਜ਼ਾਦਿਆਂ ਦੇ ਵਾਰਿਸ ਕਿਵੇਂ ਹੋ ਸਕਦੇ ਹਨ? ਸਾਹਿਬਜ਼ਾਦਿਆਂ ਦੇ ਵਾਰਿਸ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੀ ਨਾਦੀ ਸੰਤਾਨ ਉਹ ਖ਼ਾਲਸਾ ਪੰਥ ਹੈ, ਜਿਸ ਉੱਤੋਂ ਆਪਣੇ ਚਾਰੇ ਬਿੰਦੀ ਪੁੱਤਰ ਵਾਰ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ: "ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ, ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ।"

1710 ਤੋਂ 1716 ਤੱਕ ਬੰਦਾ ਸਿੰਘ ਬਹਾਦਰ ਦਾ ਸਥਾਪਤ ਕੀਤਾ ਖ਼ਾਲਸਾ ਰਾਜ, 1716 ਤੋਂ 1765 ਤੱਕ ਖਾਲਸਾ ਪੰਥ ਨੇ ਅਨੇਕਾਂ ਅੱਤਿਆਚਾਰ, ਆਪਣੇ ਪਿੰਡੇ 'ਤੇ ਹੰਢਾਅ ਕੇ ਘੋੜਿਆਂ ਦੀਆਂ ਕਾਠੀਆਂ ਉੱਤੇ ਰੈਣ-ਬਸੇਰਾ ਕਰਕੇ 1765 ਤੱਕ ਸਿੱਖ ਮਿਸਲਾਂ ਨੇ ਰਾਜ ਕਰੇਗਾ ਖਾਲਸਾ ਦੇ ਨਿਸ਼ਾਨੇ ਨੂੰ ਪੂਰਾ ਕਰ ਲਿਆ। 1765 ਤੋਂ ਬਾਅਦ ਮੁਗ਼ਲਾਂ ਤੇ ਅਫ਼ਗਾਨਾਂ ਦੀਆਂ ਗੋਡਣੀਆਂ ਲੁਆਕੇ 1799 ਤੱਕ ਲਹਿੰਦੇ ਚੜ੍ਹਦੇ ਪੰਜਾਬ 'ਤੇ ਸਿੱਖਾਂ ਦਾ ਰਾਜ, 1799 ਤੋਂ 1849 ਤੱਕ ਨਾਨਕਸ਼ਾਹੀ ਸਿੱਕੇ ਵਾਲਾ ਸਿੱਖ ਰਾਜ ਦਾ ਇਤਿਹਾਸ, ਸਰਕਾਰ-ਏ-ਖ਼ਾਲਸਾ ਦੇ ਵਿਧਾਨ ਤਹਿਤ ਸ਼ੇਰ-ਏ-ਪੰਜਾਬ ਰਣਜੀਤ ਸਿੰਘ ਜਿਸਨੇ ਚਾਰ ਦੇਸ਼ਾਂ ਦੀਆਂ ਹੱਦਾਂ ਦਾ ਪੁਨਰਗਠਨ ਕਰਕੇ ਨਵਾਂ ਇਤਿਹਾਸ ਸਿਰਜਿਆ ਸੀ, ਉਹ ਪੰਜਾਬ-ਭਾਰਤ ਦੇ ਇਤਿਹਾਸ ਵਿੱਚੋਂ ਮੇਟ ਦਿੱਤਾ ਗਿਆ ਹੈ। ਇਹ ਤਾਂ ਕੀਤਾ ਗਿਆ ਹੈ ਸਿੱਖ ਕੌਮ ਦੀ ਵਿਲੱਖਣ-ਅੱਡਰੀ ਤੇ ਸੁਤੰਤਰ ਹੋਂਦ ਹਸਤੀ ਨੂੰ ਮਿਟਾ ਕੇ ਅਤੇ ਸਿੱਖਾਂ ਨੂੰ ਰਾਜਸੀ ਤੌਰ 'ਤੇ ਖ਼ਤਮ ਕਰਕੇ ਉਨ੍ਹਾਂ ਨੂੰ ਹਿੰਦੂਤਵ ਵਿੱਚ ਜਜ਼ਬ ਕਰ ਲਿਆ ਜਾਵੇ। ਇਸ ਯੋਜਨਾ ਨੂੰ ਸਿਰੇ ਚੜਾਉਣ ਲਈ ਭਾਜਪਾ ਸਰਕਾਰ ਨੇ ਰਾਜ ਸੱਤਾ ਵਿੱਚ ਆਉਂਦਿਆਂ ਹੀ 2015 ਤੋਂ ਸਿੱਖ ਗੁਰੂਆਂ ਦੀਆਂ ਸ਼ਤਾਬਦੀਆਂ ਮਨਾਉਣ ਦੀ ਥਾਂ ਅਰਧ ਸ਼ਤਾਬਦੀਆਂ ਮਨਾਉਣੀਆਂ ਸ਼ੁਰੂ ਕੀਤੀਆਂ। ਅਰਧਸ਼ਤਾਬਦੀਆਂ ਮਨਾਉਣ ਦੀ ਪਿਰਤ ਗਿਣੀ-ਮਿੱਥੀ ਸਾਜ਼ਿਸ਼ ਅਤੇ ਬੜੇ ਯੋਜਨਾਬੱਧ ਤਰੀਕੇ ਨਾਲ ਗੁਰ-ਇਤਿਹਾਸ ਦਾ ਭਗਵਾਂਕਰਨ, ਕਰਨ ਅਤੇ ਸਿੱਖ ਪਰੰਪਰਾਵਾਂ ਦਾ ਘਾਣ ਕਰਨ ਲਈ ਪਾਈ ਗਈ ਅਤੇ ਹੁਣ ਦਸੰਬਰ 2022 ਤੋਂ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਨੂੰ ਵੀਰ ਬਾਲ ਦਿਵਸ ਵਜੋਂ ਮਨਾਉਣਾ ਸ਼ੁਰੂ ਕੀਤਾ ਹੋਇਆ ਹੈ। ਆਰ.ਐਸ.ਐਸ. ਤੇ ਭਾਜਪਾ ਵੱਲੋਂ ਆਪੂੰ ਬਣਾਏ ਨਕਲੀ ਇਤਿਹਾਸ ਅਨੁਸਾਰ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਵੀਰ ਬਾਲ ਦਿਵਸ ਵਜੋਂ ਮਨਾਉਣਾ ਇੰਦਰਾ ਗਾਂਧੀ ਵੱਲੋਂ ਅਕਾਲ ਤਖ਼ਤ 'ਤੇ ਕੀਤੇ ਗਏ ਤੋਪਾਂ ਟੈਂਕਾਂ ਦੇ ਹਮਲੇ ਤੋਂ ਵੀ ਕਿਤੇ ਵੱਧ ਖ਼ਤਰਨਾਕ ਹੈ।

1761 ਈ: ਨੂੰ ਅਹਿਮਦਸ਼ਾਹ ਅਬਦਾਲੀ ਨੇ ਹਰਿਮੰਦਰ ਸਾਹਿਬ ਬਰੂਦ ਨਾਲ ਉਡਾ ਦਿੱਤਾ, ਖ਼ਾਲਸਾ ਪੰਥ ਨੇ ਦੁਬਾਰਾ ਨਵੇਂ ਸਿਰਿਉਂ ਉਸਾਰ ਲਿਆ। ਜੂਨ, 1984 ਵਿੱਚ ਇੰਦਰਾ ਗਾਂਧੀ ਨੇ ਤੋਪਾਂ ਟੈਂਕਾਂ ਦੀ ਵਰਤੋਂ ਕਰਕੇ ਅਕਾਲ ਤਖ਼ਤ ਢਾਹ ਦਿੱਤਾ, ਖ਼ਾਲਸਾ ਪੰਥ ਨੇ ਦੁਬਾਰਾ ਉਸਾਰ ਲਿਆ। ਪਰ ਹੁਣ ਸਿਧਾਂਤਕ ਹਮਲਿਆਂ ਨਾਲ ਗੁਰੂ ਨਾਨਕ ਜੋਤਿ ਦੀ ਨਿਰੰਤਰਤਾ ਵਿੱਚ ਸੰਨ੍ਹ ਲਾਕੇ ਗੁਰੂ ਨਾਨਕ ਨੂੰ ਗੁਰੂ ਗੋਬਿੰਦ ਸਿੰਘ ਨਾਲੋਂ ਵੱਖ ਕਰਕੇ ਅਤੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਦੈਵੀ ਰੁੱਤਬੇ ਨੂੰ ਘਟਾ ਕੇ ਦੁਨਿਆਵੀ ਨਾਇਕਾਂ (ਮਹਾਰਾਣਾ ਪ੍ਰਤਾਪ, ਸ਼ਿਵਾਜੀ ਮਰਹੱਟਾ) ਦੇ ਬਰਾਬਰ ਲਿਆਉਣ ਦਾ ਜੋ ਬਿਰਤਾਂਤ ਆਰ. ਐਸ. ਐਸ. ਤੇ ਭਾਜਪਾ ਵੱਲੋਂ ਸਿਰਜਿਆ ਜਾ ਰਿਹਾ ਹੈ, ਇਸ ਨੂੰ ਤੋੜਨ ਲਈ ਬਹੁਤ ਸਮਾਂ ਲੱਗੇਗਾ।

ਖਾਲਿਸਤਾਨੀ ਧਿਰਾਂ ਅਤੇ ਸਿੱਖ ਵਿਦ-ਵਾਨ ਇਹ ਬਿਰਤਾਂਤ ਤੋੜਨ ਲਈ ਯਤਨਸ਼ੀਲ ਹੋਣ, ਜੇ ਸਿੱਖ ਕੌਮ ਦੀ ਵਿੱਲਖਣ ਤੇ ਸੁਤੰਤਰ ਹੋਂਦ ਹਸਤੀ ਹੀ ਨਾ ਰਹੀ ਤਾਂ ਫਿਰ ਖਾਲਿਸਤਾਨ ਬਣਾਉਣ ਦਾ ਅਧਾਰ ਕੀ ਰਹੇਗਾ? ਜਗਤ ਗੁਰੂ, ਗੁਰੂ ਨਾਨਕ ਸਾਹਿਬ ਦੀ ਤੁਲਨਾ ਦੁਨਿਆਵੀ ਨਾਇਕਾਂ ਨਾਲ ਨਹੀਂ ਕੀਤੀ ਜਾ ਸਕਦੀ (ਜਿਹੜੀ ਕਿ ਨਰਿੰਦਰ ਮੋਦੀ ਨੇ ਕੀਤੀ ਹੈ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ-1395 ਉੱਤੇ ਗੁਰੂ ਨਾਨਕ ਸਾਹਿਬ ਜੀ ਬਾਰੇ ਫੁਰ-ਮਾਉਂਦੇ ਹਨ, ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿ ਯਉ॥ ਨਿਰੰਕਾਰ ਅਕਾਰੁ ਜੋਤਿ ਜਗ ਮੰਡਲਿ ਕਰਿਯਉ॥ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਨੂੰ ਇਕ ਸਿੱਖ ਵਿਦਵਾਨਾਂ ਦਾ ਪੈਨਲ ਬਣਾਉਣਾ ਚਾਹੀ-ਦਾ ਹੈ ਜਿਹੜਾ ਸਿੱਖ ਕੌਮ ਦੀ ਵਿਲੱਖਣ ਹੋਂਦ-ਹਸਤੀ ਉੱਤੇ ਹੋ ਰਹੇ ਸਿਧਾਂਤਕ ਹਮਲਿਆਂ ਦਾ ਜੁਆਬ ਦੇ ਸਕੇ। ਖਾਲਿਸਤਾਨੀ ਧਿਰਾਂ ਨੂੰ ਵੀ ਸਿੱਖ ਕੌਮ ਦੀ ਵਿਲੱਖਣ ਅੱਡਰੀ ਨਿਆਰੀ ਤੇ ਸੁਤੰਤਰ ਹੋਂਦ ਹਸਤੀ ਨੂੰ ਬਚਾਉਣ ਲਈ ਵੱਡੀ ਪੱਧਰ 'ਤੇ ਸਿੱਖ ਨੌਜਵਾਨਾਂ ਨੂੰ ਨਾਲ ਲੈ ਕੇ ਸੈਮੀਨਾਰਾਂ ਦੀ ਲੜੀ ਚਲਾਉਣੀ ਚਾਹੀਦੀ ਹੈ ਕਿਉਂਕਿ ਜੇ ਅਸੀਂ ਸਿੱਖ ਕੌਮ ਦੀ ਵਿਲੱਖਣ-ਅੱਡਰੀ-ਨਿਆਰੀ ਤੇ ਸੁਤੰਤਰ ਹੋਂਦ ਹਸਤੀ ਦਾ ਦਾਹਵਾ ਹੀ ਛੱਡ ਦਿੱਤਾ ਤਾਂ ਫਿਰ "ਹਮ ਰਾਖਤ ਪਾਤਸ਼ਾਹੀ ਦਾਅਵਾ" ਜਾਂ ਖਾਲਿਸਤਾਨ ਅਜ਼ਾਦ ਸਿੱਖ ਰਾਜ ਬਣਾਉਣ ਦਾ ਅਧਾਰ ਕੀ ਹੋਵੇਗਾ? ਗੁਰੂ ਗੋਬਿੰਦ ਸਿੰਘ ਵੱਲੋਂ ਪ੍ਰਗਟ ਕੀਤਾ ਖ਼ਾਲਸਾ ਕਿਸੇ ਰਾਸ਼ਟਰ ਦੇ ਅਧੀਨ ਨਹੀਂ ਹੈ।

ਭੁੱਲਾਂ ਚੁੱਕਾਂ ਦੀ ਖਿਮਾਂ
ਗੁਰੂ ਪੰਥ ਦਾ ਦਾਸ
ਜਥੇਦਾਰ ਮਹਿੰਦਰ ਸਿੰਘ ਯੂ.ਕੇ.

## ਅਮਰੀਕਾ 'ਚ ਗਰਲਫ੍ਰੈਂਡ ਦਾ ਕਤਲ ਕਰਕੇ ਭਾਰਤ ਆਇਆ ਨੌਜਵਾਨ, ਮੁਲਜ਼ਮ ਤਾਮਿਲਨਾਡੂ ਤੋਂ ਗ੍ਰਿਫ਼ਤਾਰ



ਅਮਰੀਕੀ ਪੁਲਿਸ ਨੇ ਇੰਟਰਪੋਲ ਰਾਹੀਂ ਚੰਡੀਗੜ੍ਹ ਦੇ ਰਹਿਣ ਵਾਲੇ ਅਰਜੁਨ ਸ਼ਰਮਾ ਨੂੰ ਤਾਮਿਲਨਾਡੂ ਵਿੱਚ ਗ੍ਰਿਫ਼ਤਾਰ ਕੀਤਾ ਹੈ। ਉਸ ਤੇ ਕੋਲੰਬੀਆ, ਅਮਰੀਕਾ ਵਿੱਚ ਆਪਣੀ ਪ੍ਰੇਮਿਕਾ ਨਿਕਿਤਾ ਦਾ ਕਤਲ ਕਰਨ ਅਤੇ ਫਿਰ ਭਾਰਤ ਭੱਜਣ ਦਾ ਦੋਸ਼ ਹੈ। ਨਿਕਿਤਾ 31 ਦਸੰਬਰ ਨੂੰ ਲਾਪਤਾ ਹੋ ਗਈ ਸੀ ਅਤੇ 3 ਜਨਵਰੀ ਨੂੰ ਉਸਦੀ ਲਾਸ਼ ਚਾਕੂ ਦੇ ਜ਼ਖਮਾਂ ਨਾਲ ਮਿਲੀ ਸੀ। ਅਰਜੁਨ ਨੇ 2 ਜਨਵਰੀ ਨੂੰ ਗੁੰਮਸ਼ੁਦਾ ਵਿਅਕਤੀ ਦੀ ਰਿਪੋਰਟ ਦਰਜ ਕਰਵਾਈ ਅਤੇ 4 ਜਨਵਰੀ ਨੂੰ ਭਾਰਤ ਭੱਜ ਗਿਆ। ਉਸਨੂੰ ਅਮਰੀਕਾ ਹਵਾਲੇ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ।ਚੰਡੀਗੜ੍ਹ ਦੇ ਇੱਕ ਵਿਅਕਤੀ ਨੂੰ ਅਮਰੀਕੀ ਪੁਲਿਸ ਨੇ ਇੰਟਰਪੋਲ ਰਾਹੀਂ ਤਾਮਿਲਨਾਡੂ ਵਿੱਚ ਗ੍ਰਿਫ਼ਤਾਰ ਕੀਤਾ ਹੈ। 26 ਸਾਲਾ ਅਰਜੁਨ ਸ਼ਰਮਾ ਤੇ ਕੋਲੰਬੀਆ, ਅਮਰੀਕਾ ਵਿੱਚ ਆਪਣੀ ਪ੍ਰੇਮਿਕਾ ਨਿਕਿਤਾ ਦਾ ਕਤਲ ਕਰਨ ਅਤੇ ਫਿਰ ਗੁੰਮਸ਼ੁਦਾ ਵਿਅਕਤੀ ਦੀ ਰਿਪੋਰਟ ਦਰਜ ਕਰਨ ਤੋਂ ਬਾਅਦ ਭਾਰਤ ਭੱਜਣ ਦਾ ਦੋਸ਼ ਹੈ।ਅਮਰੀਕੀ ਸੰਘੀ ਏਜੰਸੀਆਂ ਅਤੇ ਭਾਰਤੀ ਪੁਲਿਸ ਸਾਂਝੇ ਤੌਰ ਤੇ ਉਸਨੂੰ ਅਮਰੀਕਾ ਹਵਾਲੇ ਕਰਨ ਦੀ ਤਿਆਰੀ ਕਰ ਰਹੀਆਂ ਹਨ। ਪੁਲਿਸ ਅਜੇ ਵੀ ਕਤਲ ਦੇ ਪਿੱਛੇ ਦੇ ਉਦੇਸ਼ ਦੀ ਜਾਂਚ ਕਰ ਰਹੀ ਹੈ। ਕਤਲ ਦਾ ਕਾਰਨ ਝਗੜਾ, ਝਗੜਾ ਜਾਂ ਹੋਰ ਕਾਰਕ ਹੋ ਸਕਦੇ ਹਨ।ਨਿਕਿਤਾ ਨਵੇਂ ਸਾਲ ਦੀ ਸ਼ਾਮ, 31 ਦਸੰਬਰ ਨੂੰ ਲਾਪਤਾ ਹੋ ਗਈ ਸੀ। 2 ਜਨਵਰੀ, 2026 ਨੂੰ, ਅਰਜੁਨ ਨੇ ਹਾਵਰਡ ਕਾਉਂਟੀ ਪੁਲਿਸ ਵਿਭਾਗ ਵਿੱਚ ਨਿਕਿਤਾ ਲਈ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਵਾਈ, ਜਿਸ ਵਿੱਚ ਕਿਹਾ ਗਿਆ ਸੀ ਕਿ ਉਸਨੇ ਉਸਨੂੰ ਆਖਰੀ ਵਾਰ ਉਸਦੇ ਅਪਾਰਟਮੈਂਟ ਵਿੱਚ ਦੇਖਿਆ ਸੀ। 3 ਜਨਵਰੀ ਨੂੰ, ਨਿਕਿਤਾ ਦੀ ਲਾਸ਼ ਕੋਲੰਬੀਆ ਸਿਟੀ ਦੇ ਟਵਿਨ ਰਿਵਰਸ ਰੋਡ ਤੇ ਸਥਿਤ ਉਸਦੇ ਅਪਾਰਟਮੈਂਟ ਤੋਂ ਬਰਾਮਦ ਕੀਤੀ ਗਈ, ਜਿਸ ਤੇ ਕਈ ਚਾਕੂਆਂ ਦੇ ਜ਼ਖ਼ਮ ਸਨ।


## ਗੁਰੂ ਨਾਨਕ ਗੁਰਦੁਆਰਾ, ਵਿਲਨਹਾਲ ਵਿਖੇ ਤਿੰਨ ਧਾਰਮਿਕ ਸੇਵਾਦਾਰਾਂ ਦੀ ਲੋੜ

**ਮੁੱਖ ਕੰਮ :- ਉਹਨਾਂ ਦੀ ਡਿਊਟੀ ਵਿੱਚ ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਨਾ, ਤਬਲਾ ਵਜਾਉਣਾ ਅਤੇ ਗੁਰੂ ਘਰ ਵਿਖੇ ਜ਼ਰੂਰੀ ਸੇਵਾਵਾਂ।**

**ਅਰਜ਼ੀਕਰਤਾ ਸੇਵਾਦਾਰ ਗੁਰਮਤਿ ਰਹਿਤ ਮਰਯਾਦਾ ਦੇ ਪੂਰਨ ਧਾਰਨੀ ਹੋਣ। ਉਹ ਹਰ ਮੌਕੇ ਦੇ ਮੁਤਾਬਕ ਕੀਰਤਨ ਕਰਨ ਦੇ ਯੋਗ ਹੋਣ, ਜੋ ਹਰਮੋਨੀਅਮ ਤੇ ਤਬਲਾ ਵਜਾਉਣਾ ਜਾਣਦੇ ਹੋਣ। ਧਾਰਮਿਕ ਅਤੇ ਸਮਾਜਿਕ ਖਾਸ ਮੌਕਿਆਂ ਤੇ ਸਾਰੇ ਧਾਰਮਿਕ ਕਾਰਜਾਂ ਸਬੰਧੀ ਸੇਵਾਵਾਂ ਨਿਭਾਉਣ ਦੇ ਯੋਗ ਹੋਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸ਼ੁੱਧ ਪਾਠ ਕਰਨ ਦਾ ਅਭਿਆਸ ਹੋਣਾ ਜ਼ਰੂਰੀ ਹੈ। ਗੁਰਦੁਆਰਾ ਸਾਹਿਬ ਵਿਖੇ ਸੇਵਾ ਕਰਨ ਦਾ ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ। ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਵਧੀਆ ਤਨਖਾਹ, ਰਿਹਾਇਸ਼ ਅਤੇ ਹੋਰ ਸਹੂਲਤਾਂ ਦਾ ਪ੍ਰਬੰਧ ਹੈ।**

**ਅਰਜ਼ੀ ਦੇਣ ਦੀ ਆਖਰੀ ਤਾਰੀਕ : 6 ਫਰਵਰੀ 2026**
**ਅਰਜ਼ੀ ਦੇਣ ਵਾਸਤੇ ਜਾਂ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**
**ਭਾਈ ਸੁਤੰਤਰ ਸਿੰਘ – 01902 605286**

## 3 Vacancies for (Tier - 5) Religious workers @ Guru Nanak Gurdwara Willenhall

**Main Duties:** Performing Kirtan (Hymn Singing), Nitnem, Sukhmani Sahib Paath, Kirtan in Morning and Evening.

Applicants must be of high charactor and abide by Gurmat Rehat Maryada (Sikh code of conduct). Should be able to perform on the Harmonium / Tabla and must have the relevant skills to perform Kirtan, to read correct Gurbani of Sri Guru Granth Sahib Ji and recite prayers on all religious and social occasions.

Wages will be in line with UK Employment Law. Benefits include full board and lodgings.

***Closing Date: 6 February 2026***

**For more Information or to apply, please contact:**
**Bhai Sutantar Singh on 01902 605286.**
**Interested applicants To send CV - admin@gngw.org**

**Guru Nanak Gurdwara, Willenhall**

**65-67 Walsall Road, Willenhall, WV13 2RD**

# ਪ੍ਰਿੰਸੀਪਲ ਤੇਜਾ ਸਿੰਘ ਨੂੰ ਯਾਦ ਕਰਦਿਆਂ

**10 ਜਨਵਰੀ ਬਰਸੀ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਉਸ ਸਮੇਂ ਅੰਗ੍ਰੇਜ਼ੀ–ਪੰਜਾਬੀ ਵਿੱਚ ਬਹੁਤ ਘੱਟ ਡਿਕਸ਼ਨਰੀਆਂ ਮਿਲਦੀਆਂ ਸਨ, ਪ੍ਰਿੰਸੀਪਲ ਤੇਜਾ ਸਿੰਘ ਨੇ ਆਪਣੇ ਜੀਵਨ ਵਿੱਚ ਇਹ ਵੱਡਾ ਕਾਰਜ ਕਰਕੇ ਪੰਜਾਬੀ ਪਿਆਰਿਆਂ ਦੀ ਚਿਰੋਕਣੀ ਮੰਗ ਨੂੰ ਪੂਰਾ ਕੀਤਾ ਸੀ। ਇਸ ਕਾਰਜ ਲਈ ਉਨ੍ਹਾਂ ਦੀ ਹਰ ਪੰਜਾਬੀ ਪਿਆਰੇ ਨੇ ਪ੍ਰਸ਼ੰਸਾ ਕੀਤੀ। 20ਵੀਂ ਸਦੀ ਦੇ ਪਹਿਲੇ ਅੱਜ ਦੇ ਉਘੇ ਸਿੱਖ ਚਿੰਤਕਾਂ ਤੇ ਸੁਹਿਰਦ ਵਿਦਵਾਨਾਂ ਵਿੱਚੋਂ ਪ੍ਰਿੰਸੀਪਲ ਤੇਜਾ ਸਿੰਘ ਨੇ ਗੁਰਬਾਣੀ ਦੀ ਵਿਆਖਿਆ ਦੇ ਨਾਲ–ਨਾਲ ਪੰਜਾਬੀ ਵਾਰਤਕ ਨੂੰ ਉਸਾਰੂ ਲੀਹਾਂ 'ਤੇ ਪਾ ਕੇ ਨਵੇਂ ਲੇਖਕਾਂ ਦਾ ਮਾਰਗ ਦਰਸ਼ਨ ਕੀਤਾ। ਇਸੇ ਕਰਕੇ ਇਸ ਮਹਾਨ ਸ਼ਖ਼ਸ਼ੀਅਤ ਨੂੰ ਸਿੱਖ ਸਮਾਜ ਅਤੇ ਪੰਜਾਬੀ ਪਿਆਰਿਆਂ ਨੇ ਦਿਲੋਂ ਸਤਿਕਾਰਿਆ। 20ਵੀਂ ਸਦੀ ਦੇ ਪਹਿਲੇ 5–6 ਦਹਾਕਿਆਂ ਵਿੱਚ ਗੁਰਬਾਣੀ ਦੇ ਆਧੁਨਿਕ ਵਿਆਖਿਆਕਾਰ ਅਤੇ ਪੰਜਾਬੀ ਵਾਰਤਿਕ ਲੇਖਕ ਵਜੋਂ ਜਿਹੜਾ ਮਾਣ ਪ੍ਰਿੰਸੀਪਲ ਤੇਜਾ ਸਿੰਘ ਨੂੰ ਮਿਲਿਆ, ਉਹ ਵਿਰਲੇ ਲੇਖਕਾਂ ਦੇ ਹਿੱਸੇ ਆਇਆ ਹੈ। ਪ੍ਰਿੰਸੀਪਲ ਤੇਜਾ ਸਿੰਘ ਦਾ ਜਨਮ 2 ਜੂਨ, 1894 ਈ: ਨੂੰ ਜ਼ਿਲ੍ਹਾ ਰਾਵਲਪਿੰਡੀ (ਲਹਿੰਦਾ ਪੰਜਾਬ) ਦੇ ਪਿੰਡ ਅਤਿਆਲਾ ਵਿਖੇ ਸ. ਭਲਾਕਰ ਸਿੰਘ ਦੇ ਗ੍ਰਹਿ ਵਿਖੇ ਮਾਤਾ ਸਰੁਸਤੀ ਦੀ ਕੁੱਖ ਤੋਂ ਹੋਇਆ। ਇਨ੍ਹਾਂ ਦਾ ਮੁੱਢਲਾ ਨਾਂਅ ਤੇਜ ਰਾਮ ਸੀ। ਇਨ੍ਹਾਂ ਗੁਰਮੁਖੀ ਦੀ ਮੁੱਢਲੀ ਸਿੱਖਿਆ ਪਿੰਡ ਦੇ ਗੁਰਦੁਆਰੇ ਤੋਂ ਅਤੇ ਫ਼ਾਰਸੀ ਦੀ ਸਿੱਖਿਆ ਮਸਜਿਦ ਤੋਂ ਪ੍ਰਾਪਤ ਕੀਤੀ।

ਪ੍ਰਿੰਸੀਪਲ ਤੇਜਾ ਸਿੰਘ ਨੇ ਬਚਪਨ ਵਿੱਚ ਹੀ ਬਾਬਾ ਖੇਮ ਸਿੰਘ ਬੇਦੀ ਦੀ ਅਗਵਾਈ ਵਿੱਚ ਪੰਜਾਂ ਪਿਆਰਿਆਂ ਤੋਂ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ। ਹੁਣ ਆਪ ਤੇਜ ਰਾਮ ਤੋਂ ਤੇਜਾ ਸਿੰਘ ਬਣ ਗਏ।

ਘਰ ਵਿੱਚ ਗਰੀਬੀ ਹੋਣ ਕਰਕੇ ਪਰਿ–ਵਾਰ ਨਹੀਂ ਸੀ ਚਾਹੁੰਦਾ ਕਿ ਇਹ ਬੱਚਾ ਅੱਗੋਂ ਪੜ੍ਹਾਈ ਜਾਰੀ ਰੱਖੇ, ਪਰ ਪ੍ਰਿੰਸੀਪਲ ਤੇਜਾ ਸਿੰਘ ਦਾ ਬਾਲਪਨ ਅੱਗੋਂ ਪੜ੍ਹਾਈ ਜਾਰੀ ਰੱਖਣ ਲਈ ਉਤਸੁਕ ਰਹਿੰਦਾ ਸੀ। ਆਪਣੀ ਅੰਤਰ–ਆਤਮਾ ਅਤੇ ਲਗਨ ਇਨ੍ਹਾਂ ਨੂੰ ਪਹਿਲਾਂ ਰਾਵਲਪਿੰਡੀ ਤੇ ਪਿੱਛੋਂ ਸਰਗੋਧੇ ਦੇ ਸਕੂਲਾਂ ਵਿੱਚ ਲੈ ਗਈ। 1910 ਈ: ਵਿੱਚ ਇਨ੍ਹਾਂ ਖ਼ਾਲਸਾ ਕਾਲਜੀਏਟ ਸਕੂਲ ਤੋਂ ਦੱਸਵੀਂ ਅਤੇ ਪਿੱਛੋਂ ਖ਼ਾਲਸਾ ਕਾਲਜ, ਅੰਮ੍ਰਿਤਸਰ ਤੋਂ ਐਫ.ਏ. ਪਾਸ ਕੀਤੀ। ਇਸ ਤੋਂ ਬਾਅਦ ਮਾਰਡਨ ਕਾਲਜ, ਰਾਵਲਪਿੰਡੀ ਵਿੱਚ ਦਾਖਲ ਹੋ ਗਏ। ਬੈਚੁਲਰ ਦੀ ਡਿਗਰੀ ਤੋਂ ਪਿੱਛੋਂ ਇਸੇ ਕਾਲਜ ਵਿੱਚ ਪ੍ਰਾ–ਅਧਿਆਪਕ ਵਜੋਂ ਡਿਊਟੀ ਨਿਭਾਈ। ਇਸ ਦੇ ਨਾਲ ਹੀ 1916 ਈ: ਵਿੱਚ ਐਮ.ਏ. ਅੰਗ੍ਰੇਜ਼ੀ ਵੀ ਕਰ ਲਈ। ਮਾਰਚ, 1919 ਵਿੱਚ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਬਤੌਰ ਲੈਕਚਰਾਰ ਨਿਯੁਕਤ ਹੋਏ। ਅੰਗ੍ਰੇਜ਼ੀ ਦੇ ਨਾਲ–ਨਾਲ ਧਾਰਮਿਕ ਅਧਿਐਨ ਦੇ ਵਿਸ਼ੇ ਵੀ ਪੜ੍ਹਾਏ। 1945 ਈ: ਤੱਕ ਇਸੇ ਕਾਲਜ ਵਿੱਚ ਲਗਾਤਾਰ ਸੇਵਾ ਨਿਭਾਈ।

ਖ਼ਾਲਸਾ ਕਾਲਜ ਦੀ ਸੇਵਾ ਦੌਰਾਨ ਗੁਰ–ਦੁਆਰਾ ਸੁਧਾਰ ਲਹਿਰ ਵਿੱਚ ਸਰਗਰਮ ਹਿੱਸਾ ਲੈਣ ਕਰਕੇ 1923 ਵਿੱਚ ਹਕੂਮਤ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ।

1925 ਈ: ਵਿੱਚ ਸਿਹਤ ਦੀ ਖਰਾਬੀ ਕਾਰਨ ਨੌਕਰੀ ਤੋਂ ਸੇਵਾ–ਮੁਕਤੀ ਲੈ ਲਈ। 1945 ਈ: ਵਿੱਚ ਖ਼ਾਲਸਾ ਕਾਲਜ ਮੁੰਬਈ ਦੀ ਸੇਵਾ ਵਿੱਚ ਚਲੇ ਗਏ। ਇਸ ਤੋਂ ਤਿੰਨ ਸਾਲ ਬਾਅਦ ਪੰਜਾਬ ਯੂਨੀਵਰਸਿਟੀ ਦੇ ਪਬਲੀਕੇਸ਼ਨ ਬਿਊਰੋ ਦੇ ਸਕੱਤਰ ਵਜੋਂ ਸੇਵਾ ਸੰਭਾਲੀ। 1949 ਈ: ਵਿੱਚ ਪੈਪਸੂ ਸਰਕਾਰ ਦੇ ਮਹਿੰਦਰਾ ਕਾਲਜ, ਪਟਿਆਲਾ ਦੇ ਪ੍ਰਿੰਸੀਪਲ ਨਿਯੁਕਤ ਹੋਏ। ਇਸ ਕਾਲਜ ਦੇ ਨਾਲ–ਨਾਲ ਨਵੇਂ ਬਣੇ ਪੰਜਾਬੀ ਮਹਿਕਮੇ (ਭਾਸ਼ਾ ਵਿਭਾਗ) ਦੇ ਸਲਾਹਕਾਰ ਅਤੇ ਡਾਇਰੈਕਟਰ ਦੇ ਕਾਰਜ ਭਾਰ ਨੂੰ ਸੰਭਾਲਣਾ ਪਿਆ। 1951 ਈ: ਵਿੱਚ ਪੈਪਸੂ ਸਰਕਾਰ ਵੱਲੋਂ ਵਿਸ਼ੇਸ਼ ਸਨਮਾਨ ਦਿੱਤਾ ਗਿਆ। 1956 ਈ: ਵਿੱਚ ਅਭਿਨੰਦਨ ਗ੍ਰੰਥ ਵੀ ਭੇਟ ਕੀਤਾ ਗਿਆ। 1951 ਵਿੱਚ ਹੀ ਨੌਕਰੀ ਤੋਂ ਸੇਵਾ ਮੁਕਤ ਹੋ ਕੇ ਆਪਣੀ ਰਿਹਾਇਸ਼ ਅੰਮ੍ਰਿਤਸਰ ਲੈ ਗਏ।



ਇਹ ਮਾਣ ਕੇਵਲ ਪ੍ਰਿੰਸੀਪਲ ਤੇਜਾ ਸਿੰਘ ਨੂੰ ਮਿਲਦਾ ਹੈ, ਉਨ੍ਹਾਂ ਪੰਜਾਬੀ ਵਿੱਚ ਟਕਸਾਲੀ ਨਿਬੰਧ ਲਿਖਣ ਦੀ ਨਵੀਂ ਪਿਰਤ ਪਾਈ। ਇਨ੍ਹਾਂ ਦੇ ਲੇਖਾਂ ਦੀਆਂ ਪੁਸਤਕਾਂ ਵਿੱਚ ਨਵੀਆਂ ਸੋਚਾਂ, ਸਹਿਜ ਸੁਭਾਅ, ਸਾਹਿਤ ਦਰਸ਼ਨ, ਘਰ ਦਾ ਪਿਆਰ ਆਦਿ ਸੰਗ੍ਰਹਿ ਮਿਲਦੇ ਹਨ। 1952 ਈ: ਵਿੱਚ ਸਵੈ–ਜੀਵਨੀ ਆਰਸੀ ਵੀ ਪ੍ਰਕਾਸ਼ਿਤ ਹੋਈ। ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਬਦਾਹਿਕ ਲਗਾਂ ਮਾਤਰਾ ਦੇ ਗੁੱਝੇ ਭੇਦ, ਪੰਜਾਬੀ ਕਿਵੇਂ ਲਿਖੀਏ ਅਤੇ ਅੰਗ੍ਰੇਜ਼ੀ ਪੰਜਾਬੀ ਡਿਕਸ਼ਨਰੀਆਂ ਵਰਗੀਆਂ ਰਚਨਾਵਾਂ ਨਾਲ ਪੰਜਾਬੀ ਮਾਂ–ਬੋਲੀ ਦੀ ਸੇਵਾ ਕੀਤੀ। ਇਸ ਮਹਾਨ ਲੇਖਕ ਤੇ ਸੁਹਿਰਦ ਵਿਦ–ਵਾਨ ਨੇ 10 ਜਨਵਰੀ, 1958 ਈ: ਨੂੰ ਪੰਜਾਬੀ ਮਾਂ–ਬੋਲੀ ਦੇ ਪਿਆਰਿਆਂ ਨੂੰ ਸ੍ਰੀ ਅੰਮ੍ਰਿਤਸਰ ਦੀ ਧਰਤੀ 'ਤੇ ਸਦੀਵੀ ਵਿਛੋੜਾ ਦਿੱਤਾ। ਅੱਜ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਕੇ ਆਪਣਾ ਫਰਜ਼ ਨਿਭਾ ਰਹੇ ਹਾਂ।

---

# ਯੂ ਕੇ ਨੇ ਬਚਪਨ ਦੇ ਮੋਟਾਪੇ ਨੂੰ ਲੈ ਕੇ ਜੰਕ ਫੂਡ ਦੇ ਇਸ਼ਤਿਹਾਰਾਂ 'ਤੇ ਲਾਈ ਪਾਬੰਦੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਘੱਟ ਸਿਹਤਮੰਦ ਅਤੇ ਜ਼ਿਆਦਾ ਮਿੱਠੇ ਵਾਲੀਆਂ ਚੀਜ਼ਾਂ ਮੁਟਾਪੇ ਦਾ ਕਾਰਨ ਬਣਦੀਆਂ ਹਨ। ਖਾਸ ਤੌਰ ਤੇ ਬੱਚਿਆਂ ਦੀ ਸਿਹਤ 'ਤੇ ਇਹਨਾਂ ਦਾ ਮਾੜਾ ਪ੍ਰਭਾਵ ਪੈ ਰਿਹਾ ਹੈ। ਯੂ ਕੇ ਸਰਕਾਰ ਨੇ ਇਸ ਮਾਮਲੇ ਵਿੱਚ ਸਖ਼ਤ ਰੁੱਖ ਅਖਤਿਆਰ ਕਰਦਿਆਂ ਬਚਪਨ ਦੇ ਮੋਟਾਪੇ ਨਾਲ ਲੜਨ ਲਈ ਟੀਵੀ 'ਤੇ ਜੰਕ ਫੂਡ ਦੇ ਇਸ਼ਤਿਹਾਰਾਂ 'ਤੇ ਪਾਬੰਦੀ ਲਗਾਈ ਹੈ। ਸਰਕਾਰ ਦਾ ਮੰਨਣਾ ਹੈ ਕਿ ਅਜੇਹਾ ਕਰਨ ਨਾਲ ਹਰ ਸਾਲ ਬੱਚਿਆਂ ਦੇ ਭੋਜਨ ਤੋਂ 7.2 ਅਰਬ ਕੈਲੋਰੀ ਤੱਕ ਘਟੇਗੀ। ਸਰਕਾਰ ਦੀ ਨਵੀਂ ਨੀਤੀ ਤਹਿਤ ਅੱਜ ਸੋਮਵਾਰ ਨੂੰ ਟੈਲੀਵਿਜ਼ਨ 'ਤੇ ਰਾਤ 9 ਵਜੇ ਤੋਂ ਪਹਿਲਾਂ ਜੰਕ ਫੂਡ ਦੇ ਇਸ਼ਤਿਹਾਰਾਂ 'ਤੇ ਪਾਬੰਦੀ ਲਾਈ ਗਈ ਹੈ, ਜਦ ਕਿ ਆਨ ਲਾਇਨ ਤੇ ਤੇ ਇਹ ਪਾਬੰਦੀ ਮੁਕੰਮਲ ਤੌਰ ਤੇ ਹੋਵੇਗੀ।

ਸਿਹਤ ਅਤੇ ਸਮਾਜਿਕ ਦੇਖਭਾਲ ਵਿਭਾਗ ਨੇ ਕਿਹਾ ਕਿ ਇਸ ਨਾਲ ਮੋਟਾਪੇ ਤੋਂ ਪ੍ਰਭਾਂਵਿਤ ਬੱਚਿਆਂ ਦੀ ਗਿਣਤੀ ਵਿੱਚ 20,000 ਤੱਕ ਦੀ ਕਮੀ ਆਵੇਗੀ ਅਤੇ ਰਾਸ਼ਟਰੀ ਸਿਹਤ ਸੇਵਾ ਨੂੰ ਲਗਭਗ 2 ਅਰਬ ਪੌਂਡ ਦਾ ਲਾਭ ਹੋਵੇਗਾ। ਸਿਹਤ ਮੰਤਰੀ ਐਸ਼ਲੇ ਡਾਲਟਨ ਨੇ ਕਿਹਾ ਕਿ ਲੋਕ ਸਿਹਤਮੰਦ ਜੀਵਨ ਲਈ ਹੀ ਇਹ ਕਦਮ ਉਠਾਏ ਹਨ। ਅਧਿਕਾਰਤ ਅੰਕੜਿਆਂ ਦੇ ਅਨੁਸਾਰ, ਇੰਗਲੈਂਡ ਵਿੱਚ 22.1 ਪ੍ਰਤੀਸ਼ਤ ਬੱਚੇ ਪ੍ਰਾਇਮਰੀ ਸਕੂਲ ਦੀ ਸ਼ੁਰੂਆਤ ਮੌਕੇ ਹੀ ਮੁਟਾਪੇ ਦਾ ਸ਼ਿਕਾਰ ਹੁੰਦੇ ਹਨ ਜੋ ਬਾਅਦ ਵਿੱਚ ਇਹ ਅੰਕੜਾ 35.8 ਪ੍ਰਤੀਸ਼ਤ ਤੱਕ ਵੱਧ ਜਾਂਦਾ ਹੈ। ਉੱਚ ਦਰ ਵਾਲੀ ਕੈਫੀਨ ਵਾਲੇ ਤਰਲ ਪਦਾਰਥ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵੇਚਣ ਤੇ ਵੀ ਪਾਬੰਦੀ ਲਗਾਈ ਹੈ।



---


## ਗੁਰੂ ਨਾਨਕ ਗੁਰਦੁਆਰਾ ਸਾਹਿਬ ਇਰਵਿਨ (ਸਕੌਟਲੈਂਡ) ਵਿਖੇ ਗ੍ਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਲੋੜ ਹੈ

ਗੁਰੂ ਨਾਨਕ ਗੁਰਦੁਆਰਾ ਸਾਹਿਬ ਇਰਵਿਨ ਵਿਖੇ ਰੋਜ਼ਾਨਾ ਸੇਵਾਵਾਂ ਨਿਭਾਉਣ ਲਈ ਇਕ ਗ੍ਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਲੋੜ ਹੈ। ਮੁੱਖ ਕੰਮ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸ਼ਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੁਖਆਸਣ, ਨਿੱਤਨੇਮ ਦੇ ਇਲਾਵਾ ਸੁਖਮਨੀ ਸਾਹਿਬ ਦਾ ਪਾਠ, ਸਹਿਜ ਪਾਠ ਅਤੇ ਬੱਚਿਆਂ, ਨੌਜਵਾਨਾਂ ਅਤੇ ਵੱਡਿਆਂ ਨੂੰ ਧਾਰਮਿਕ ਮੁੱਦਿਆਂ ਬਾਰੇ ਜਾਣਕਾਰੀ ਦੇਣ ਦੇ ਨਾਲ ਨਾਲ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਵਿੱਚ ਮਦਦ ਕਰਨੀ। ਕੰਮ ਦਾ ਸਮਾਂ ਟਰਮ ਲਈ ਫਿਕਸ ਹੋਵੇਗਾ, ਯੋਗਤਾ ਅਤੇ ਯੂ ਕੇ ਦੇ ਰੁਜ਼ਗਾਰ ਕਾਨੂੰਨ ਮੁਤਾਬਿਕ ਚੰਗੀ ਤਨਖਾਹ ਅਤੇ ਵਧੀਆ ਰਿਹਾਇਸ਼ ਦਾ ਪ੍ਰਬੰਧ। ਚੰਗੀ ਤਨਖਾਹ, ਖਾਣਾ ਅਤੇ ਵਧੀਆ ਰਿਹਾਇਸ਼ ਗੁਰਦੁਆਰਾ ਸਾਹਿਬ ਵਿਖੇ।
ਸ਼ਰਤਾਂ: ਬਿਨੈਕਾਰ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਿੱਖ ਇਤਿਹਾਸ ਬਾਰੇ ਭਰਪੂਰ ਜਾਣਕਾਰੀ ਹੋਣੀ ਜਰੂਰੀ ਹੈ। ਪੰਜਾਬੀ ਲਿਖਣ, ਪੜ੍ਹਣ ਅਤੇ ਬੋਲਣ ਵਿਚ ਚੰਗੀ ਮੁਹਾਰਤ ਹੋਵੇ। ਕੰਮ ਦਾ ਤਜ਼ਰਬਾ ਲਾਜ਼ਮੀ ਹੋਣਾ ਚਾਹੀਦਾ ਹੈ ਅਤੇ ਪਿਛਲੇ ਕੰਮ ਤੋਂ ਨੇਕ ਚਾਲ ਚੱਲਣ ਦਾ ਸਰਟੀਫ਼ਿਕੇਟ ਹੋਣਾ ਜਰੂਰੀ ਹੈ। ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ। ਜਿਆਦਾ ਜਾਣਕਾਰੀ ਲਈ ਰਵਿੰਦਰ ਸਿੰਘ ਨਾਲ ਸੰਪਰਕ ਕਰੋ ਜੀ।
ਯੋਗ ਉਮੀਦਵਾਰ 19 ਜਨਵਰੀ 2026 ਤੋਂ ਪਹਿਲਾਂ ਅਰਜ਼ੀਆਂ ਗੁਰੂ ਘਰ ਦੇ ਪਤੇ 'ਤੇ ਭੇਜਣ ਦੀ ਕ੍ਰਿਪਾਲਤਾ ਕਰਨ।

## VACANCY AT GURU NANAK GURDWARA IRVINE, AYRSHIRE (TIER-5 GRANTHI) REQUIRED

One religious worker (Granthi Singh) required to work in a busy and demanding Gurdwara Sahib, Guru Nanak Gurdwara in Irvine.

**Duties:** 1) Parkash of Sri Guru Granth Sahib, 2) Nitnem, 3) Sukhmani Sahib Ji Da Paath, 4) Sehaj Paath, 5) Recite Katha Vichar in the morning and evening, 6) Rehras Sahib, 7) Sukhasan Sahib, 8) Kirtan, 9) Explanation of various religious texts to the congregation.

**Requirements:** 1) Previous experience is essential, 2) Vast knowledge of Sri Guru Granth Sahib and Sikh history, 3) Must be Amritdhari and fluent in writing, reading and speaking Punjabi. 4) Must be of have clean character and appear-ance. 5) Must be able to provide references of previous experience.

**Must have right to work in U.K.**

**Duration:** Fixed term contract

**Benefits:** 1) Excellent salary, 2) Accommodation will be provided, 3) Access to Gurdwara Sahib's food pantry.

***For more information please contact:* Ravinder Singh on 07462 303 430**
**Please send applications before 19th January 2026 to Address below**

**GURU NANAK GURDWARA SAHIB IRVINE,**
***40-42 BANK STREET, IRVINE, AYRSHIRE, SCOTLAND KA12 0LP***

# ਗੁਰੂ ਬੈਠਾ ਅਮਰੂ ਸਰੂਪ ਹੋਇ


– ਲੇਖਕ –
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




**ਕਿਸ਼ਤ-20**

**ਇਤਿਹਾਸਕ ਹਵਾਲੇ:**

ਜਿਉ ਕਰਿ ਬੇੜੀ ਬੋਝੁ ਨਾਲਿ ਭਾਰੀ ਹੋਂਦੀ ਹੈ ਤੇ ਚਾਰ ਉਂਗਲੀਆਂ ਬਾਹਰ ਰਹਿੰਦੀ ਹੈ। ਤਾ ਸਭਨਾਂ ਨੂੰ ਪਾਰ ਉਤਾਰਦੀ ਹੈ। ਤਿਉਂ ਅਠੇ ਪਹਿਰ ਅਪਨੇ ਘਰ ਦੇ ਕੰਮ ਕਰੀਂਦੇ ਹਨ। ਤੇ ਚਾਰ ਘੜੀਆਂ ਗੁਰਾਂ ਦੀ ਬਾਣੀ ਵੀਚਾਰੀਂਦੀ ਹੈ। ਤਾਂ ਗੁਰੂ ਸਭ ਕੰਮ ਸਵਾਰਦਾ ਹੈ।ਸਿ.ਦੀ ਭ.ਮਾ. ਪੰਨਾ 268

ਨਿਸਦਿਨ ਕਰਹੁ ਧਰਮ ਕੀ ਕਿਰਤਿ।
(ਰਾਤ ਦਿਨ ਧਰਮ ਦੀ ਕਿਰਤ ਕਰੋ)
ਚਤੁਰ ਘਟੀ ਦਿਹੁ ਗੁਰ ਮਹਿ ਬਿਰਤਿ।
(ਚਾਰ ਘੜੀਆਂ ਗੁਰਉਪਦੇਸ਼ ਨਾਲ ਮਨ ਜੋੜੋ)
ਸਭਿ ਕਾਰਜ ਜੁਤਿ ਹੋਇ ਕਲਯਾਨ।
(ਸਭ ਕੁਝ ਕਰਦਿਆਂ ਸੁਖ ਹੋਵੇਗਾ)
ਪ੍ਰਭੂ ਪ੍ਰਸੀਦਹਿਂ ਪ੍ਰੇਮ ਮਹਾਨ।
(ਵਾਹਿਗੁਰੂ ਪ੍ਰੇਮ ਨਾਲ ਪ੍ਰਸੰਨ ਹੁੰਦੇ ਹਨ)
ਸਗਰੇ ਕਾਰਜ ਗੁਰੂ ਸਵਾਰੈਂ।
(ਜੀਵਨ ਦੇ ਕਾਰਜ ਗੁਰੂ ਸਵਾਰਦੇ ਹਨ)
ਹਲਤ ਪਲਤ ਮਹਿਂ ਕਬਹੁੰ ਨ ਹਾਰੈ।22॥
(ਲੋਕ ਪ੍ਰਲੋਕ ਵਿਚ ਸਿੱਖ ਕਦੀ ਨਹੀਂ ਹਾਰਦਾ)
ਗੁਰੂ ਸ਼ਬਦ ਕੋ ਕਰਿਹੁ ਬਿਚਾਰੁ।
(ਗੁਰਸ਼ਬਦ ਨੂੰ ਵਿਚਾਰਦਿਆਂ)
ਇਕ ਚਿਤ ਹੋਇ ਕਰਿ ਨਾਮ ਉਚਾਰੁ'..23॥40॥ ਰਾਸ 1(ਇਕਾਗਰਤਾ ਨਾਲ ਕਰਤਾਰ ਨੂੰ ਚੇਤੇ ਕਰੋ)।

ਜੈਸੇ ਬੋਝ ਭਰੀ ਨਾਵ ਆਂਗੁਰੀ ਦੁਇ ਬਾਹਰ ਹੁਇ ਪਾਰ ਪਰੈ ਪੂਰ ਸਬੈ ਕੁਸਲ ਬਿਹਾਤ ਹੈ। ਜੈਸੇ ਏਕਾਹਾਰੀ ਏਕ ਘਰੀ ਪਾਕਸਾਲ ਬੈਠਿ ਭੋਜਨ ਕੈ ਬਿੰਜਨਾਦਿ ਸੁਆਦ ਕੇ ਅਘਾਤ ਹੈ। ਜੈਸੇ ਰਾਜਦੁਆਰ ਜਾਇ ਕਰਤ ਜੁਹਾਰ ਜਨ ਏਕ ਘਰੀ ਪਾਛੇ ਦੇਸ ਭੋਗਤਾ ਹੈ ਖਾਤ ਹੈ। ਆਠ ਹੀ ਜਾਮ ਸਾਠ ਘਰੀ ਮਹਿਂ ਜੋ ਏਕ ਘਰੀ ਸਾਧ ਸਮਾਗਮ ਕਰੈ ਨਿਜ ਘਰਿ ਜਾਤ ਹੈ।।310॥ ਭਾਈ ਗੁਰਦਾਸ ਜੀ

ਬੇਦਾਰੀ ਅਸਤ ਜ਼ਿੰਦਗੀ-ਇ ਸਾਹਿਬਾਨ-ਇ ਸ਼ੌਕ (ਪ੍ਰਭੂ ਪਿਆਰਿਆਂ ਦੀ ਜ਼ਿੰਦਗੀ ਸਦੀਵੀ ਜਾਗ ਹੈ)

ਗੋਯਾ ਹਰਾਮ ਕਰਦਮ ਅਜ਼ ਆਇੰਦਾ ਖ਼ੁਆਬ-ਇ ਸੁਬਹ।5॥ ਗ਼ਜ਼ਲ 17 (ਗੋਯਾ ਲਈ ਅੱਗੇ ਤੋਂ ਅੰਮ੍ਰਿਤ ਵੇਲੇ ਦੀ ਨੀਂਦ ਹਰਾਮ ਹੈ)।5॥

ਗੁਰੂ ਜੀ ਨੇ ਪਗ ਪਾਹੁਲ ਸਤਿਨਾਮ ਦੇ ਕਰ ਬਚਨ ਕੀਤਾ, 'ਹੰਕਾਰ ਛੱਡ ਕੇ ਆਏ ਸਿੱਖ ਸਾਧ ਨੂੰ ਸ਼ਰਧਾ ਪ੍ਰੇਮ ਨਾਲ ਭੋਜਨ ਛਾਦਨ ਯਥਾ ਸ਼ਕਤਿ ਦੇ ਕੇ ਓਨਾਂ ਦੀ ਖ਼ੁਸ਼ੀ ਲਿਆ ਕਰੋ। ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰ ਗੁਰਮੰਤ੍ਰ ਦਾ ਪਾਠ, ਨਿਤਨੇਮ ਪੰਜ ਘੜੀ ਏਕਾਂਤ ਬੈਠ ਕੇ ਕੀਤਾ ਕਰੋ। ਹੋਰ ਸਾਰਾ ਦਿਨ ਧਰਮ ਕਿਰਤ ਕਰੋ।ਪੰਨਾ 15 ਤਵਾਰੀਖ਼ ਗੁਰੂ ਖ਼ਾਲਸਾ

ਗੁਰੂ ਹੁਕਮ ਅਨੁਸਾਰ ਚਲਦਿਆਂ ਇਸ ਤਰਹ ਇਹ ਚਾਰੇ ਸੱਜਣ -ਗੁਰ ਸਬਦ ਵੀਚਾਰੀ- ਬਣ ਕੇ ਜੀਵਨ ਮੁਕਤ ਹੋ ਗਏ।




ਮੋਹਣ, ਰਾਮੂ, ਅਮਰੂ ਤੇ ਗੋਪੀ

ਉਪਰੋਕਤ ਇਹ ਚਾਰ ਸੱਜਣ ਸਤਿਗੁਰਾਂ ਸਨਮੁਖ ਹੱਥ ਜੋੜ ਕਹਿਣ ਲੱਗੇ, 'ਪਾਤਸ਼ਾਹ ਜੀ! ਸਾਨੂੰ ਵੀ ਅਜਿਹਾ ਉਪਦੇਸ਼ ਬਖ਼ਸ਼ੋ ਜੋ ਸਾਡੇ ਜੀਵਨ ਵਿਚ ਸਦੀਵੀ ਖੇੜਾ ਲੈ ਆਵੇ'। ਸੁਣ ਕੇ ਹਜ਼ੂਰ ਨੇ ਕਿਹਾ,

'ਭਾਈ! ਸਦੀਵੀ ਖੇੜੇ ਦੇ ਰਾਹ ਵਿਚ ਸਾਡੀ ਹਉਮੈ ਵੱਡੀ ਰੁਕਾਵਟ ਹੈ, ਪਰਮ-ਗੁਰੂ ਜੀ ਦੇ ਹੁਕਮ ਅਨੁਸਾਰ ਸਾਨੂੰ ਸੁਚੇਤ ਹੋ ਕੇ ਇਸ ਤੋਂ ਆਪਣਾ ਖਹਿੜਾ ਛੁਡਾਉਣ ਦੀ ਲੋੜ ਹੈ। ਇਹ ਡਾਢੀ ਬਲਾ ਬਣ ਕੇ ਸਾਨੂੰ ਚੰਬੜਦੀ ਹੈ ਅਰ ਅਣਹੋਏ ਦੁੱਖਾਂ ਵਿਚ ਪਾਈ ਰੱਖਦੀ ਹੈ। ਸਾਧਕਾਂ ਨੇ ਭਾਵੇਂ ਇਸ ਤੋਂ ਬਚਣ ਦੇ ਅਨੇਕ ਉਪਰਾਲੇ ਕੀਤੇ ਅਰ ਦੱਸੇ ਹਨ ਪਰ, ਸਭ ਤੋਂ ਸਰਲ ਹੈ ਗੁਰੂ ਬਾਬਾ ਨਾਨਕ ਸਾਹਿਬ ਜੀ ਦਾ ਉਪਰਾਲਾ'। ਸੁਣ ਕੇ ਮੋਹਨ ਕਹਿਣ ਲੱਗਾ,

'ਜੀ ਪਾਤਸ਼ਾਹ! ਉਹ ਕਿਹੜਾ? ਸਾਨੂੰ ਉਹੀ ਦੱਸੋ ਜੀ'। ਗੁਰੂ ਪਾਤਸ਼ਾਹ ਜੀ ਫ਼ੁਰਮਾਇਆ,

'ਮੋਹਨ! ਪਰਮ-ਗੁਰੂ ਜੀ ਦਾ ਕਥਨ ਹੈ ਕਿ ਸਾਡੇ ਅੰਦਰਲੀ 'ਹਉਮੈ ਦੀ ਪਾਲ' ਨੂੰ ਅਸੀਂ ਨਾ ਸ਼ਨਾਨ, ਨਾ ਮੋਨ, ਨਾ ਪਦਾਰਥਾਂ ਦੇ ਢੇਰ ਅਰ ਨਾ ਹੀ ਹਜ਼ਾਰਾਂ ਸਿਆਣਪਾਂ ਨਾਲ ਮਿਟਾ ਸਕਦੇ ਹਾਂ। ਇਹ ਮਿਟ ਸਕਦੀ ਹੈ ਕੇਵਲ ਆਪਾ ਮਾਰ ਕੇ ਕਰਤਾਰ ਦੀ ਰਜ਼ਾ ਵਿਚ ਚੱਲਿਆਂ ਅਰ ਇਹ ਆਦਿ ਜੁਗਾਦੀ ਨੇਮ ਹੈ ਜੋ ਕਰਤਾਰ ਨੇ ਸਭਨਾਂ ਲਈ ਠਹਿਰਾਇਆ ਹੈ:

ਹੁਕਮਿ ਰਜਾਈ ਚਲਣਾ
ਨਾਨਕ ਲਿਖਿਆ ਨਾਲਿ॥1॥ ਜਪੁ॥

ਸਾਡੇ ਅੰਦਰਲੀ ਹਉਮੈ, ਕੇਵਲ ਕਰਤਾਰ ਦੀ ਕਿਰਪਾ ਸਦਕਾ ਸੁਚੇਤ ਹੋ ਕੇ, ਅਸੀਂ ਆਪ ਹੀ ਮਿਟਾ ਸਕਦੇ ਹਾਂ, ਹੋਰ ਕੋਈ ਨਹੀਂ। ਏਵੇਂ ਚੱਲਣ ਨਾਲ ਸਾਡੇ ਅੰਦਰ ਸਹਿਣਸ਼ੀਲਤਾ ਅਤੇ ਛਿਮਾ ਪੈਦਾ ਹੁੰਦੀਆਂ ਹਨ, ਈਰਖਾ ਤੇ ਕਠੋਰਤਾ ਮਿਟ ਜਾਂਦੀਆਂ ਹਨ, ਇਸ ਤਰਹ ਜੀਵਨ ਵਿਚ ਸਦੀਵੀ ਸੁਖ ਦਾ ਅਹਿਸਾਸ ਪਰਗਟ ਹੁੰਦਾ ਹੈ'।

ਪਵਿੱਤਰ ਬਚਨ ਸੁਣ ਕੇ ਇਨ੍ਹਾਂ ਚੌਹਾਂ ਨਮਸਕਾਰ ਕੀਤੀ ਅਰ ਸੁਚੇਤ ਹੋ ਕੇ ਨਾਮ-ਬਾਣੀ ਨਾਲ ਜੁੜ ਕੇ ਜੀਵਨ ਸਫ਼ਲ ਕਰ ਗਏ।

**ਇਤਿਹਾਸਕ ਹਵਾਲੇ:**

ਤਾਂ ਬਚਨੁ ਹੋਆ ਭਾਈ ਏਹੁ ਹਉਮੈ ਬੁਰੀ ਬਲਾਇ ਹੈ। ਤੇ ਅਣਹੋਂਦੀ ਹੀ ਬਣ ਖਲੋਂਦੀ ਹੈ।ਤਾਂ ਏਹ ਪਰਮੇਸਰ ਵਲੋਂ ਭੁਲਾਇ ਛੋਡਦੀ ਹੈ। ਜੇ ਇਸ ਨੂੰ ਵਿਚਹੁ ਦੂਰ ਕਰੋਗੇ ਤਾ ਤੁਹਾਡਾ ਗੰਢ ਪਰਮੇਸਰ ਨਾਲ ਹੋਵੈਗਾ।ਤਾਂ ਓਹਨਾਂ ਪੁਛਿਆ ਗਰੀਬ ਨਿਵਾਜ ਹਉਮੈ ਕਿਉ ਕਰਿ ਮਰਦੀ ਹੈ। ਤਾਂ ਬਚਨੁ ਹੋਆ ਸਰੀਰ ਨੂੰ ਝੂਠਾ ਜਾਣਨਾ।ਸਿ.ਦੀ.ਭ.ਮਾ. ਪੰਨਾ 269

ਕਹਯੋ ਕਿ 'ਜਾਨਹੁ ਤਨ ਕੋ ਕੂਰਾ।
(ਫ਼ੁਰਮਾਇਆ -ਸਰੀਰ ਨੂੰ ਨਾਸ਼ਮਾਨ ਮੰਨੋ)
ਬਿਨਸਹਿ ਹੋਇ ਸਮਾਂ ਜਬ ਪੂਰਾ।(ਸਮਾਂ ਆਉਣ ਤੇ ਇਸ ਨੇ ਬਿਨਸਨਾ ਹੀ ਹੈ)
ਸਹਿਨਸ਼ੀਲਤਾ ਛਿਮਾ ਧਰੀਜੈ।
(ਸਹਿਣਸ਼ੀਲਤਾ ਅਰ ਛਿਮਾ ਧਾਰਨ ਕਰੋ)
ਕਿਸ ਕੇ ਸੰਗਿ ਨਾ ਦਵੈਸ਼ ਰਚੀਜੈ।
(ਕਿਸੇ ਨਾਲ ਵੀ ਈਰਖਾ ਨ ਕਰੋ)
ਬਾਕ ਕਠੋਰ ਅਨਾਦਰ ਕਰੇ।
(ਨਾ ਹੀ ਕਿਸੇ ਨੂੰ ਕੌੜਾ ਬੋਲੋ)
ਸੁਨਿ ਕਰਿ ਤਪਹਿ ਨ
ਰਿਸਿ ਕਬਿ ਧਰੇ'।29॥40॥ ਰਾਸ 1
(ਕੌੜਾ ਸੁਣ ਕੇ ਕ੍ਰੋਧ ਵਿਚ ਵੀ ਨ ਆਉ)

ਈਂ ਖ਼ੁਦ ਨੁਮਾਈ ਏ ਤੋ ਖ਼ੁਦਾ ਹਸਤ ਦੂਰ ਤਰ (ਹਉਮੈ ਦੇ ਵਿਖਾਵਿਆਂ ਤੋਂ ਰੱਬ ਬਹੁਤ ਦੂਰ ਹੈ)

ਬੀਨੀ ਦਰੂਨੇ ਖ਼ੇਸ਼ ਵ ਸ਼ਵੀ ਅਜ਼ ਖ਼ੁਦੀ ਖ਼ਲਾਸ (ਆਪਣੇ ਅੰਦਰ ਝਾਤ ਮਾਰ ਅਰ ਹਉਮੈ ਤੋਂ ਪਾਕ ਹੋ ਜਾਹ)।ਗ਼ਜ਼ਲ 42 ਭਾਈ ਨੰਦ ਲਾਲ ਗੋਯਾ


**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

**ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।**

**01332 372 851**
**07966 388 388**


**ਸਾਹਾਰੂ, ਗੰਗੂ ਅਤੇ ਭਾਗੂ**

ਭੱਲੇ ਪ੍ਰਵਾਰਾਂ ਵਿਚੋਂ ਇਹ ਸੱਜਣ ਸਾਹਾਰੂ, ਗੰਗੂ ਅਰ ਭਾਗੂ ਹਜ਼ੂਰ ਦੀ ਸ਼ਰਨੀ ਆਏ ਅਰ ਪਵਿੱਤ੍ਰ ਉਪਦੇਸ਼ ਲਈ ਝੋਲੀ ਅੱਡੀ। ਸਤਿਗੁਰਾਂ ਫ਼ੁਰਮਾਇਆ,

'ਭਾਈ! ਗੁਰੂ-ਬਾਬੇ ਜੀ ਦਾ ਮੁੱਢਲਾ ਉਪਦੇਸ਼ -ਸਾਹਿਬ ਮੇਰਾ ਏਕੋ ਹੈ ਏਕੋ ਹੈ ਭਾਈ ਏਕੋ ਹੈ॥ ਨੂੰ ਹਿਰਦੇ ਵਿਚ ਦ੍ਰਿੜ ਕਰੋ ਅਰ ਹੋਰ ਕਿਸੇ ਮੜ੍ਹੀ, ਮੱਠ, ਗੋਰ, ਟੋਭੇ ਆਦਿ ਨੂੰ ਕਦੀ ਨ ਮੰਨੋ। ਭਾਉ ਭਗਤੀ ਨਾਲ ਗੁਰਸਿਖਾਂ ਦੀ ਲੰਗਰ ਆਦਿ ਨਾਲ ਸੇਵਾ ਕਰੋ, ਵੰਡ ਕੇ ਖਾਉ -ਜੀਵਨ ਸਫ਼ਲ ਹੋ ਜਾਏਗਾ'।

**ਇਤਿਹਾਸਕ ਹਵਾਲੇ:**

ਜਿਸ ਵੇਲੇ ਸਿਖ ਕੋਈ ਆਵੈ ਉਸ ਵੇਲੇ ਪ੍ਰਸਾਦੁ ਦੀ ਸੇਵਾ ਕਰਨੀ। ਤੇ ਵਾਹਿਗੁਰੂ ਦੇ ਨਾਮ ਨਾਲ ਪਿਆਰ ਕਰਨਾ। ਤੇ ਗੁਰੂ ਕੇ ਸਬਦ ਨੂੰ ਮੰਨਣਾ। ਮਟ ਮੜੀ ਕਬਰ ਟੋਭਰੀ ਨੂ ਨਹੀ ਸੇਵਨਾ। ਸਿ.ਦੀ ਭ.ਮਾ. ਪੰਨਾ 269

'ਗੁਰ ਸਿੱਖਨ ਕੋ ਪ੍ਰਥਮ ਅਚਾਵਹੁ।
(ਗੁਰਸਿੱਖਾਂ ਨੂੰ ਪਹਿਲਾਂ ਖੁਆ ਕੇ)
ਸ਼ੇਸ਼ ਰਹੇ ਭੋਜਨ ਤੁਮ ਖਾਵਹੁ।32॥
(ਬਾਦ ਵਿਚ ਤੁਸੀਂ ਭੋਜਨ ਖਾਵੋ)
ਸਿਮਰਹੁ ਵਾਹਿਗੁਰੂ ਨਿਤ ਨਾਮੂ
(ਕਰਤਾਰ ਦਾ ਸਿਮਰਨ ਕਰਦੇ ਰਹੋ)
ਲਿਵ ਲਾਗੇ ਪਦ ਦੇ ਅਭਿਰਾਮੂ (ਕਰਤਾਰੀ ਸਾਂਝ ਨਾਲ ਜੀਵਨ ਉੱਤਮ ਹੋਵੇਗਾ)
ਮੜੀ, ਟੋਭੜੀ, ਮਠ ਅਰ ਗੋਰ
(ਮੜ੍ਹੀ, ਮੱਠ, ਕਬਰ ਤੇ ਟੋਭਾ)
ਇਨਹੁੰ ਨ ਸੇਵਹੁ
ਸਭ ਦਿਹੁ ਛੋਰ'।33॥40॥ਰਾਸ 1
(ਇਨ੍ਹਾਂ ਨੂੰ ਕਦੇ ਨ ਪੂਜੋ, ਸਭ ਛੱਡ ਦਿਉ)

ਖਾਨੂ, ਛੁਰਾ, ਤਾਰੂ ਤਰੇ

ਖਾਨੂ, ਛੁਰਾ, ਤਾਰੂ, ਉਗਰੂ, ਨੰਦ ਸੂਦਨਾ, ਝੰਡਾ ਤੇ ਪਾਰੋ ਆਦਿ ਪ੍ਰੇਮੀ ਸਤਿਗੁਰਾਂ ਦੇ ਚਰਨਾਂ ਵਿਚ ਆਏ।ਉਨ੍ਹਾਂ ਕਿਹਾ,

'ਪਾਤਸ਼ਾਹ ਜੀ! ਜੋਗੀ ਕਹਿੰਦੇ ਫਿਰਦੇ ਹੈਨ ਕਿ ਕਦੀ ਗ੍ਰਿਹਸਥੀ ਵੀ ਭਲਾ ਧਰਮੀ ਹੋ ਸਕਦਾ ਹੈ? ਨਾ ਇਹ ਕਦੀ ਯਗ ਕਰ ਸਕੇ ਨਾ ਹੀ ਹੋਮ। ਕਿਰਪਾ ਕਰ ਕੇ ਸਾਨੂੰ ਉਪਦੇਸ਼ ਦਿਹੁ ਕਿ ਅਸੀਂ ਕਿਵੇਂ ਧਰਮ ਕਮਾ ਸਕਦੇ ਹਾਂ'? ਗੁਰਦੇਵ ਜੀ ਨੇ ਕਿਹਾ,

'ਪਹਿਲਿਆਂ ਸਮਿਆਂ ਵਿਚ ਲੋਕ ਹੋਮ ਯੱਗ ਆਦਿ ਕਰਿਆ ਕਰਦੇ ਸਨ ਜਾਂ ਜੰਗਲਾਂ ਵਿਚ ਜਾ ਰਿਹਾ ਕਰਦੇ ਸਨ ਪਰ ਪਰਮ-ਗੁਰੂ ਜੀ ਨੇ ਇਹ ਸਭ ਤਿਆਗ ਕੇ ਸਾਨੂੰ ਗੁਰਸਿੱਖਾਂ ਦੀ ਸੇਵਾ ਕਰਨੀ ਹੁਕਮ ਕੀਤਾ ਹੈ ਕਿਉਂਕਿ ਗ੍ਰਿਹਸਥੀਆਂ ਲਈ ਉਹ ਸਭ ਕਰਨਾ ਸੰਭਵ ਨਹੀਂ, ਨਾ ਹੀ ਘਰ ਦਾ ਤਿਆਗ ਕਰਨ ਦੀ ਜ਼ਰੂਰਤ ਹੈ। ਧਰਮ ਦੀ ਕਿਰਤ ਕਰਦੇ ਹੋਏ ਕਰਤਾਰ ਦਾ ਚਿੰਤਨ ਕਰਨਾ ਹੀ ਉੱਤਮ ਮਾਰਗ ਹੈ। ਆਪਾਂ ਗੁਰੂ ਕਿਆਂ ਨੇ ਗੁਰਮਤ ਅਨੁਸਾਰ ਚਲਣਾ ਹੈ, ਗੁਰੂ ਬਾਬਾ ਜੀ ਆਪ ਸਾਰੇ ਕਾਰਜ ਰਾਸ ਕਰਨਗੇ'।

ਚਲਦਾ.....

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 37 'ਤੇ ਪੜ੍ਹੋ**

**641. ਸੁੱਤਾ ਕੌਣ ਹੈ ਤੇ ਜਾਗਦਾ ਕੌਣ ਹੈ?**

"ਜਾਗਤ ਸੂਤਾ ਭਰਮਿ ਵਿਗੂਤਾ ॥ ਅੰਗ 1019" । ਉਹ (ਸੰਤ ਜਨ) ਸਦਾ ਸੁਚੇਤ ਰਹਿੰਦੇ ਹਨ, ਉਹ ਗ਼ਫ਼ਲਤ ਦੀ ਨੀਂਦ ਵਿਚ ਕਦੇ ਭੀ ਸੁੱਤੇ ਨਹੀਂ ਦਿਸਦੇ । ਉਹ ਅਪਣੀ ਸਾਰੀ ਸੰਗਤਿ ਨੂੰ ਤਾਰ ਦਿੰਦੇ ਹਨ, ਕਿਉਂਕਿ ਉਹ ਸਭ ਨੂੰ ਸਦਾ-ਥਿਰ ਪ੍ਰਭੂ ਦਾ ਨਾਮ ਵੰਡਦੇ ਹਨ । "ਓਇ ਜਾਗਤ ਰਹਹਿ ਨ ਸੂਤੇ ਦੀਸਹਿ ॥ ਸੰਗਤਿ ਕੁਲ ਤਾਰੇ ਸਾਚੁ ਪਰੀਸਹਿ ॥ ਅੰਗ 1025" । ਉਹ ਮਨੁੱਖ ਸੁਚੇਤ ਰਹਿੰਦਾ ਹੈ ਜਿਸ ਨੂੰ ਗੁਰੂ ਮਿਲ ਪੈਂਦਾ ਹੈ । ਉਹ ਮਨੁੱਖ (ਸਿਮਰਨ ਦੀ ਬਰਕਤਿ ਨਾਲ) ਕਾਮਾਦਿਕ ਪੰਜੇ ਵੈਰੀਆਂ ਨੂੰ ਆਪਣੇ ਵੱਸ ਵਿਚ ਕਰ ਲੈਂਦਾ ਹੈ । ਉਹ ਮਨੁੱਖ ਸੁਚੇਤ ਰਹਿੰਦਾ ਹੈ, ਜੋ ਤੱਤ (ਬ੍ਰਹਮ) ਦੇ ਗੁਣਾਂ ਨੂੰ ਵਿਚਾਰਦਾ ਹੈ । ਉਹ ਆਪਣੇ ਆਪਾ ਭਾਵ ਨੂੰ ਮਾਰਦਾ ਹੈ; ਉਹ ਮਨੁੱਖ ਹੋਰਨਾਂ ਨੂੰ ਨਹੀਂ ਮਾਰਦਾ । ਉਹ ਮਨੁੱਖ ਸੁਚੇਤ ਰਹਿੰਦਾ ਹੈ ਜਿਹੜਾ ਸਿਰਫ਼ ਇਕ ਪ੍ਰਭੂ ਨੂੰ ਜਾਣ ਲੈਂਦਾ ਹੈ, ਜਿਹੜਾ ਮਾਇਆ ਮੋਹ ਨੂੰ ਤਿਆਗਦਾ ਹੈ, ਅਤੇ ਤੱਤ (ਬ੍ਰਹਮ) ਨੂੰ ਪਛਾਣ ਲੈਂਦਾ ਹੈ । ਕੋਈ ਬ੍ਰਾਹਮਣ ਹੋਵੇ, ਖੱਤ੍ਰੀ ਹੋਵੇ, ਵੈਸ਼ ਹੋਵੇ, ਸ਼ੂਦਰ ਹੋਵੇ, ਚੌਹਾਂ ਵਰਨਾਂ ਵਿਚੋਂ ਕੋਈ ਵਿਰਲਾ (ਮਾਇਆ ਦੇ ਹੱਲਿਆਂ ਤੋਂ) ਸੁਚੇਤ ਰਹਿੰਦਾ ਹੈ ਅਤੇ ਉਹ ਜਮ ਕਾਲ ਤੋਂ ਛੁੱਟ ਜਾਂਦਾ ਹੈ । ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਉਹ ਮਨੁੱਖ ਮਾਇਆ ਮੋਹ ਦੀ ਨੀਂਦ ਤੋਂ ਜਾਗਦਾ ਹੈ ਜਿਸ ਦੀਆਂ ਅੱਖਾਂ ਵਿਚ ਬ੍ਰਹਮ ਗਿਆਨ ਦਾ ਸੁਰਮਾ ਪਿਆ ਹੋਵੇ । "ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥ ਪੰਚ ਦੂਤ ਓਹੁ ਵਸਗਤਿ ਕਰੈ ॥2॥ ਸੋ ਜਾਗੈ ਜੋ ਤਤੁ ਬੀਚਾਰੈ ॥ ਆਪਿ ਮਰੈ ਅਵਰਾ ਨਹ ਮਾਰੈ ॥3॥ ਸੋ ਜਾਗੈ ਜੋ ਏਕੋ ਜਾਣੈ ॥ ਪਰਕਿਰਤਿ ਛੋਡੈ ਤਤੁ ਪਛਾਣੈ ॥4॥ ਚਹੁ ਵਰਨਾ ਵਿਚਿ ਜਾਗੈ ਕੋਇ ॥ ਜਮੈ ਕਾਲੈ ਤੇ ਛੂਟੈ ਸੋਇ ॥5॥ ਕਹਤ ਨਾਨਕ ਜਨੁ ਜਾਗੈ ਸੋਇ ॥ ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ ॥6॥2॥ ਅੰਗ 1128" । ਗੁਰੂ ਦੀ ਸੇਵਾ (ਸ਼ਬਦ ਵਿਚਾਰ) ਵਿਚ ਮੈਂ ਸੁਚੇਤ ਰਹਿੰਦਾ ਹਾਂ, ਪ੍ਰਭੂ ਤੋਂ ਬਿਨਾ ਮੇਰਾ ਹੋਰ ਕੋਈ ਨਹੀਂ ਹੈ । "ਜਾਗਤੁ ਜਾਗਿ ਰਹੈ ਗੁਰ ਸੇਵਾ ਬਿਨੁ ਹਰਿ ਮੈ ਕੋ ਨਾਹੀ ॥ ਅੰਗ 1273"।

**642. ਜਾਗਤ (ਸੁਚੇਤ) ਰਹਿਣ ਦਾ ਕੀ ਫਲ ਹੈ?**

ਗੁਰੂ ਦੇ ਉਪਦੇਸ਼ ਵਿਚ (ਟਿਕ ਕੇ ਜਿਹੜਾ ਮਨੁੱਖ ਮਾਇਆ ਦੇ ਹੱਲਿਆਂ ਵਲੋਂ) ਜਾਗਦਾ (ਸੁਚੇਤ) ਰਹਿੰਦਾ ਹੈ, ਅਤੇ ਪ੍ਰਭੂ ਨਾਲ਼ ਅਟੁੱਟ ਪ੍ਰੀਤ ਲਾਈ ਰੱਖਦਾ ਹੈ, ਉਸ ਨੂੰ ਜਮ ਕਾਲ ਖਾ ਨਹੀਂ ਸਕਦਾ । "ਜਾਗਤੁ ਜਾਗਿ ਰਹੈ ਲਿਵ ਲਾਇ ॥ ਗੁਰ ਪਰਚੈ ਤਿਸੁ ਕਾਲੁ ਨ ਖਾਇ ॥ ਅੰਗ 840" । ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਉਸਨੂੰ ਤੱਤ (ਬ੍ਰਹਮ) ਦੀ ਪ੍ਰਾਪਤੀ ਹੁੰਦੀ ਹੈ ਜਿਸਨੂੰ ਰਾਤ ਦਿਨ ਪ੍ਰਭੂ ਦੀ ਅਟੁੱਟ ਪ੍ਰੀਤ ਲੱਗੀ ਰਹਿੰਦੀ ਹੈ ਤੇ ਜੋ ਜਾਗਤ (ਮਾਇਆ ਦੇ ਹੱਲਿਆਂ ਵਲੋਂ ਸੁਚੇਤ) ਅਵਸਥਾ ਵਿਚ ਜ਼ਿੰਦਗੀ ਗੁਜ਼ਾਰਦਾ ਹੈ । "ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥27॥ ਅੰਗ 920" । ਹਰੀ ਨਾਲ਼, ਗੁਰੂ ਨਾਲ਼, ਪ੍ਰੇਮ ਪਾ ਕੇ (ਆਪਣੀ ਦੈਵੀ ਗੁਣਾਂ ਵਾਲ਼ੀ) ਖੇਤੀ ਸਾਂਭ ਕੇ ਰੱਖੋ, (ਮਾਇਆ/ਵਿਕਾਰਾਂ ਦੇ ਹੱਲਿਆਂ ਵਲੋਂ) ਸੁਚੇਤ ਰਿਹਾਂ ਕਾਮਾਦਿਕ ਚੋਰ ਇਸ ਖੇਤੀ ਨੂੰ ਚੁਰਾ ਨਹੀਂ ਸਕਦਾ । "ਰਾਖਹੁ ਖੇਤੀ ਹਰਿ ਗੁਰ ਹੇਤੀ ਜਾਗਤ ਚੋਰੁ ਨ ਲਾਗੈ॥ ਅੰਗ 1110" । ਜੀਵ ਮਾਇਆ ਦੇ ਨਸ਼ੇ ਵਿਚ ਮਸਤ ਹੋ ਕੇ ਸੁੱਤਾ (ਪ੍ਰਭੂ ਦੀ ਯਾਦ ਵਲੋਂ ਗ਼ਾਫ਼ਿਲ ਹੋਇਆ) ਰਹਿੰਦਾ ਹੈ (ਤੇ ਇਸ ਦੇ ਆਤਮਿਕ ਜੀਵਨ ਦੀ ਰਾਸ-ਪੂੰਜੀ ਨੂੰ ਕਾਮਾਦਿਕ ਲੁੱਟਦੇ ਰਹਿੰਦੇ ਹਨ) । ਪਰ ਜਿਹੜਾ ਮਨੁੱਖ (ਵਿਕਾਰਾਂ ਦੇ ਹੱਲਿਆਂ ਵਲੋਂ) ਸੁਚੇਤ ਰਹਿੰਦਾ ਹੈ, ਉਸ ਨੂੰ ਕੋਈ ਵਿਕਾਰ ਲੁੱਟ ਨਹੀਂ ਸਕਦਾ ।1।ਰਹਾਉ। "ਮਾਇਆ ਮਦਿ ਮਾਤਾ ਰਹਿਆ ਸੋਇ ॥ ਜਾਗਤੁ ਰਹੈ ਨ ਮੂਸੈ ਕੋਇ ॥1॥ ਰਹਾਉ॥ ਅੰਗ 1128" ।

**643. ਜਗਤ ਵਿਚ ਜਨਮ ਤੇ ਆਉਣਾ ਜਾਣਾ ਕਿੱਦਾਂ ਹੁੰਦਾ ਹੈ?**

ਮਾਇਆ ਦੇ ਭਰਮ ਵਿਚ ਫਸ ਕੇ ਜੀਵ (ਜਗਤ ਵਿਚ) ਅਉਂਦਾ ਹੈ, ਮਾਇਆ ਦੇ ਭਰਮ ਕਰਕੇ ਹੀ ਜਗਤ ਤੋਂ ਜੀਵ ਚਲੇ ਜਾਂਦਾ ਹੈ । ਇਹ ਜਗਤ (ਭਾਵ ਜਗਤ ਦੇ ਜੀਵ) ਮਾਇਆ ਦੇ ਮੋਹ ਕਰਕੇ ਜਨਮ ਲੈਂਦਾ ਹੈ । ਆਪਣੇ ਮਨ ਦੇ ਪਿੱਛੇ ਤੁਰਨ ਵਾਲ਼ਾ ਜਗਤ ਪਰਮਾਤਮਾ ਨੂੰ ਚੇਤੇ ਨਹੀਂ ਕਰਦਾ ਤੇ ਜੰਮਦਾ ਮਰਦਾ ਰਹਿੰਦਾ ਹੈ । "ਭਰਮੇ ਆਵੈ ਭਰਮੇ ਜਾਇ ॥ ਇਹੁ ਜਗੁ ਜਨਮਿਆ ਦੂਜੈ ਭਾਇ ॥ ਮਨਮੁਖਿ ਨ ਚੇਤੈ ਆਵੈ ਜਾਇ॥2॥ ਅੰਗ 161" । ਇਹ ਭਰਮ ਕਿੱਦਾਂ ਦੂਰ ਹੋਵੇ? (ਜਗਤ) ਇਕ ਪ੍ਰਭੂ ਦਾ ਨਾਮ ਚੇਤੇ ਤਾਂ ਭਰਮ ਦੂਰ ਹੋਵੇ । ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਨਾਮ ਜਪੇ ਤਾਂ (ਦੇਹੀ ਅੰਦਰੋਂ) ਨੌਂ ਖਜ਼ਾਨਿਆਂ ਤੁੱਲ ਨਾਮ ਪ੍ਰਾਪਤ ਕਰੇ । "ਏਕੋ ਨਾਮੁ ਚੇਤੇ ਵਿਚਹੁ ਭਰਮੁ ਚੁਕਾਏ ॥ ਨਾਨਕ ਨਾਮੁ ਜਪੇ ਨਾਉ ਨਉਨਿਧਿ ਪਾਏ ॥4॥11॥31॥ ਅੰਗ 161" ।

**644. ਮਨ ਨਿਰਮਲ ਕਿੱਦਾਂ ਹੁੰਦਾ ਹੈ?**

ਸਦਾ-ਥਿਰ ਪ੍ਰਭੂ ਨੂੰ ਮਾਇਆ/ਹਉਮੈ ਦੀ ਮੈਲ ਨਹੀਂ ਲੱਗਦੀ; ਪ੍ਰਭੂ ਦਾ ਧਿਆਨ ਧਰਨ ਨਾਲ਼ (ਨਾਮ ਸਿਮਰਨ ਨਾਲ਼) ਮਨ (ਭੀ) ਨਿਰਮਲ ਹੋ ਜਾਂਦਾ ਹੈ । "ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ ॥ ਅੰਗ 29" । ਜਿਹੜੇ ਮਨੁੱਖ ਸਦਾ ਥਿਰ ਪ੍ਰਭੂ ਨਾਲ਼ ਚਿਤ ਜੋੜਦੇ ਹਨ ਉਹਨਾਂ ਦਾ ਮਨ ਨਿਰਮਲ ਹੋ ਜਾਂਦਾ ਹੈ ਤੇ ਗੁਰੂ ਦੀ ਮਤਿ ਰਾਹੀਂ ਉਹ ਸਦਾ ਥਿਰ ਪ੍ਰਭੂ ਵਿਚ ਲੀਨ ਹੋ ਜਾਂਦੇ ਹਨ । "ਸਚੇ ਲਾਗੈ ਸੋ ਮਨੁ ਨਿਰਮ-ਲੁ ਗੁਰਮਤੀ ਸਚਿ ਸਮਾਵਣਿਆ ॥7॥ ਅੰਗ 120" । ਗੁਰੂ ਦੀ ਸੇਵਾ ਕੀਤਿਆਂ ਚਾਕਰੀ ਕੀਤਿਆਂ, ਭਾਵ ਗੁਰ ਸ਼ਬਦ ਦੀ ਵਿਚਾਰ ਕੀਤਿਆਂ, ਮਨ ਨਿਰਮਲ ਹੋ ਜਾਂਦਾ ਹੈ ਤੇ ਸਦੀਵੀ ਸੁਖ ਮਿਲਦਾ ਹੈ । ਗੁਰੂ ਦਾ ਸ਼ਬਦ ਮਨ 'ਚ ਵਸਣ ਨਾਲ਼ ਅੰਦਰੋਂ ਹਉਮੈ ਦੂਰ ਹੋ ਜਾਂਦੀ ਹੈ । "ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥ ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥ ਅੰਗ 61" । ਗੁਰੂ ਸ਼ਬਦ ਦੀ ਵਿਚਾਰ ਰਾਹੀਂ ਜਦੋਂ ਮਨ ਆਪਾ ਭਾਵ ਖਤਮ ਕਰ ਲੈਂਦਾ ਹੈ ਤਾਂ ਮਨ ਨਿਰਮਲ ਹੋ ਜਾਂਦਾ ਹੈ । "ਆਪੈ ਨੋ ਆਪੁ ਖਾਇ ਮਨੁ ਨਿਰਮ-ਲੁ ਹੋਵੈ ਗੁਰ ਸਬਦੀ ਵੀਚਾਰੁ ॥ ਅੰਗ 86" ਹਉਮੈ ਨੂੰ ਮਾਰ ਕੇ ਇਹ ਮਨ ਨਿਰਮਲ ਹੋ ਜਾਂਦਾ ਹੈ । "ਇਹੁ ਮਨੁ ਨਿਰਮਲੁ ਹਉਮੈ ਮਾਰੀ ॥ ਅੰਗ 1049" । ਆਪਣੇ ਅੰਦਰੋਂ ਹਉਮੈ ਨੂੰ ਕੱਢ ਕੇ ਧੋ ਦਈਏ ਤਾਂ ਮਨ ਨਿਰਮਲ ਹੋ ਜਾਂਦਾ ਹੈ । "ਮਨੁ ਨਿਰਮਲੁ ਹਉਮੈ ਕਢੈ ਧੋਇ ॥ ਅੰਗ 1188" । ਹਉਮੈ ਨੂੰ ਮਾਰ ਕੇ ਮਨ ਸਦਾ ਨਿਰਮਲ ਹੋ ਜਾਂਦਾ ਹੈ ਤੇ ਬੰਦਾ ਜੀਭ ਨਾਲ਼ ਸੁਖਾਂ ਦੇ ਦਾਤੇ ਪ੍ਰਭੂ ਦੀ ਸੇਵਾ ਕਰਦਾ ਹੈ; ਭਾਵ ਰਸਨਾ ਨਾਲ਼ ਪ੍ਰਭੂ ਦਾ ਨਾਮ ਜਪਦਾ ਹੈ। "ਹਉਮੈ ਮਾਰਿ ਸਦਾ ਮਨੁ ਨਿਰਮਲੁ ਰਸਨਾ ਸੇਵਿ ਸੁਖਦਾਤਾ ਹੇ ॥12॥ ਅੰਗ 1053" । ਪਿਛਲੇ ਕੀਤੇ ਕਰਮਾਂ ਨੂੰ ਨਾਸ ਕਰਕੇ ਮਨ ਨਿਰਮਲ ਹੋ ਜਾਂਦਾ ਹੈ ਤੇ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ ।

**ਚਲਦਾ...**


**ਪੰਜਾਬ ਟਾਈਮਜ਼**

**PANJAB TIMES (EST 1965)**

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :**

**FOR SUBSCRIPTION**
*(PLEASE TICK ONE RELEVANT BOX)*

6 MONTHS ---- £105 ☐
1 YEAR ---- £205 ☐

**ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।**

NAME..........................................................................

ADDRESS....................................................................

...................................................POST CODE...............................

TEL.............................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*


## ਅਮਰੀਕੀ ਹਮਲੇ ਮਗਰੋਂ ਕਨੇਡਾ ਵਸਦੇ ਵੈਨੇਜ਼ੂਏਲਾ ਦੇ ਲੋਕਾਂ ਵੱਲੋਂ ਰਲਿਆ ਮਿਲਿਆ ਪ੍ਰਤਿਕਰਮ



ਵੈਨਕੂਵਰ-(ਮਲਕੀਤ ਸਿੰਘ) — ਅਮਰੀਕਾ ਵੱਲੋਂ ਵੇਨੇਜ਼ੁਏਲਾ ਤੇ ਹਮਲੇ ਮਗਰੋਂ ਉਥੋਂ ਦੇ ਰਾਸ਼ਟਰਪਤੀ ਨਿਕੋਲਾਸ ਮਾਦੁਰੋ ਦੀ ਗ੍ਰਿਫ਼ਤਾਰੀ ਕਰਨ ਦੇ ਦਾਅਵੇ ਤੋਂ ਬਾਅਦ ਕਨੇਡਾ ਵਿੱਚ ਵੇਨੇਜ਼ੁਏਲਾ ਨਾਲ ਸੰਬੰਧਿਤ ਲੋਕਾਂ ਚ ਮਿਲੀ-ਝੁਲੀ ਪ੍ਰਤਿਕ੍ਰਿਆ ਸਾਹਮਣੇ ਆ ਰਹੀ ਹੈ। ਅਮਰੀਕਾ ਦੀ ਇਸ ਕਾਰਵਾਈ ਤੋਂ ਕੁਝ ਲੋਕਾਂ ਵੱਲੋਂ ਆਸ਼ਾਵਾਦੀ ਕਿਆਸ ਜਤਾਇਆ ਗਿਆ ਜਦਕਿ ਹੋਰਾਂ ਨੇ ਗੁੱਸਾ ਅਤੇ ਚਿੰਤਾ ਪ੍ਰਗਟ ਕੀਤੀ। ਕਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਰਹਿੰਦੇ ਵੇਨੇਜ਼ੁਏਲਾ ਨਾਲ ਸਬੰਧਤ ਲੋਕਾ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਕਦਮ ਨਾਲ ਦੇਸ਼ ਦੀ ਅੰਦਰੂਨੀ ਸਥਿਰਤਾ, ਲੋਕਤੰਤਰਕ ਪ੍ਰਕਿਰਿਆ ਅਤੇ ਅੰਤਰਰਾਸ਼ਟਰੀ ਸੰਬੰਧਾਂ 'ਤੇ ਦੂਰਗਾਮੀ ਅਸਰ ਪੈ ਸਕਦੇ ਹਨ। ਕਈ ਪ੍ਰਦਰਸ਼ਨਕਾਰੀਆਂ ਨੇ ਵੈਨਕੂਵਰ ਵਿੱਚ ਇਕੱਠ ਕਰਕੇ ਆਪਣੀ ਅਸਹਿਮਤੀ ਅਤੇ ਮੰਗਾਂ ਨੂੰ ਤਖ਼ਤੀਆਂ ਰਾਹੀਂ ਦਰਸਾਇਆ। ਸਥਾਨਕ ਆਗੂਆਂ ਅਤੇ ਵਿਸ਼ਲੇਸ਼ਕਾਂ ਨੇ ਕਿਹਾ ਹੈ ਕਿ ਹਾਲਾਤਾਂ ਦੀ ਪੁਸ਼ਟੀ ਅਤੇ ਅੱਗੇ ਦੇ ਕਦਮਾਂ ਬਾਰੇ ਸਪਸ਼ਟਤਾ ਆਉਣ ਤੱਕ ਸੰਜਮ ਵਰਤਣਾ ਲਾਜ਼ਮੀ ਹੈ, ਕਿਉਂਕਿ ਇਹ ਮੁੱਦਾ ਕੌਮਾਂਤਰੀ ਕਾਨੂੰਨ ਅਤੇ ਰਾਜਨੀਤੀ ਨਾਲ ਸੰਬੰਧਿਤ ਹੈ


ਲੜੀਵਾਰ ਨਾਵਲ
ਸ਼ਿਵਚਰਨ ਜੱਗੀ (ਕੁੱਸਾ)
ਫੋਨ : 07853 317 891
Email: jaggikussa@yahoo.de



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ 54

# ਇੱਕ ਮੇਰੀ ਅੱਖ ਕਾਸ਼ਣੀ...

**-"ਜਿਵੇਂ ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ ਦੀ ਕਹਾਵਤ ਐ, ਓਵੇਂ ਪੈਸਾ ਵੀ ਪੀਰ ਐ ਖਹਿਰਾ ਸਾਅਬ...। ਪੈਸੇ ਨਾਲ਼ ਕੀ ਨੀ ਹੁੰਦਾ...?" ਬਘੇਲ ਸਿਉਂ ਕਹਿਣਾਂ ਤਾਂ ਚਾਹੁੰਦਾ ਸੀ ਕਿ ਡੀ.ਜੀ.ਪੀ. ਸਾਹਿਬ, ਤੁਸੀਂ ਵੀ ਤਾਂ ਆਪਣੇ ਯਾਰ ਰਾਠੌਰ ਦੀ ਇਕਲੌਤੀ ਧੀ ਦਾ ਵਿਚੋਲਾ "ਪੈਸੇ ਪੀਰ" ਕਰ ਕੇ ਹੀ ਬਣੇ? ਹੁਣ ਯਾਰ ਦੀ ਕੁੜੀ ਨਾਲ਼ ਹੋਏ ਜ਼ਬਰ ਜਨਾਂਹ ਦਾ ਵੀ ਥੋਨੂੰ ਪਤਾ ਲੱਗ ਗਿਆ, ਪਰ 'ਪੈਸੇ ਪੀਰ' ਕਰ ਕੇ ਤੁਸੀਂ ਫੇਰ ਵੀ ਚੁੱਪ ਵੱਟੀ ਹੋਈ ਐ, ਹੈ ਨ੍ਹਾਂ ਪੈਸਾ ਪੀਰ...? ਐਡੇ ਵੱਡੇ ਅਹੁਦੇ 'ਤੇ ਬੈਠੇ ਪੁਲ਼ਸ ਅਫ਼ਸਰ ਨੂੰ ਆਪਣੇ ਯਾਰ ਦੀ ਇੱਕਲੌਤੀ ਧੀ ਨਾਲ਼ ਹੋਏ ਬਲਾਤਕਾਰ ਦਾ ਪਤਾ ਹੋਵੇ, ਤੇ ਫੇਰ ਵੀ ਚੁੱਪ ਰਹੇ...? ਹੈ ਨ੍ਹਾਂ ਪੈਸਾ ਪੀਰ...? ਉਸ ਦਾ ਦਿਲ ਬੋਲ ਰਿਹਾ ਸੀ। ਪਰ ਉਹ ਮੂੰਹੋਂ ਚੁੱਪ ਸੀ। ਕੋਈ ਕਵੱਲੀ ਗੱਲ ਕਰ ਕੇ ਉਹ ਕੀਤਾ ਕਰਾਇਆ ਖੂਹ ਵਿੱਚ ਨਹੀਂ ਸੀ ਪਾਉਣਾ ਚਾਹੁੰਦਾ।**




## ਕਾਂਡ 25

-"ਅੱਗੇ ਈ ਕੀਤੀਆਂ ਦਾ ਫਲ਼ ਭੁਗਤੀ ਜਾਨੇ ਆਂ ਸਰਦਾਰਾ...! ਨਾ ਹੋਰ ਕਹਿਰ ਕਰ...।" ਪਿੰਡ ਦੇ ਓਸੇ ਬਜ਼ੁਰਗ ਨੇ ਫ਼ਿਰ ਠਾਣੇਦਾਰ ਨੂੰ ਠੋਕਰਿਆ।

-"ਤੂੰ ਫੇਰ ਆ ਗਿਆ...? ਤੂੰ ਹੈਂ ਕੀ ਚੀਜ਼...? ਸਰਪੈਂਚ..? ਨੰਬਰਦਾਰ...?" ਠਾਣੇਦਾਰ ਡੰਡਾ ਘੁੰਮਾਉਂਦਾ ਬਜ਼ੁਰਗ ਵੱਲ ਨੂੰ ਹੋ ਲਿਆ। ਪਰ ਬਜ਼ੁਰਗ ਸਹਿਜਤਾ ਨਾਲ਼ ਅਹਿਲ ਬੈਠਾ ਸੀ।

-"ਜੇ ਸਾਰੇ ਓਸ ਦਿਨ ਈ ਸੰਭਲ਼ ਜਾਂਦੇ, ਅੱਜ ਆਹ ਦਿਨ ਦੇਖਣ ਨੂੰ ਨਾ ਮਿਲ਼ਦੇ ਸਰਦਾਰਾ..! ਮੈਂ ਤਾਂ ਪਿੰਡ ਦਾ ਆਮ ਬੰਦੈਂ...। ਨਾ ਮੈਂ ਨੰਬਰਦਾਰ ਤੇ ਨਾ ਸਰਪੈਂਚ...। ਮੈਂ ਤਾਂ ਸ਼ਾਂਤੀ ਦੀ ਦੁਹਾਈ ਦੇਣ ਵਾਲ਼ਾ ਚੌਕੀਦਾਰ ਐਂ, ਅਜੇ ਵੀ ਸੰਭਲ਼ ਜਾਓ, ਬਹੁਤ ਕਹਿਰ ਵਾਪਰ ਗਿਆ ਪਿੰਡ 'ਚ...! ਤਿੰਨ ਮੁੰਡੇ ਅੰਦਰ ਹੋਗੇ, ਤੇ ਇੱਕ ਅੱਜ ਮਰ ਗਿਆ...। ਆਹ ਸਰਦਾਰਾ ਸਿਉਂ ਦਾ ਏਸੇ ਗ਼ਮ 'ਚ ਡਮਾਕ ਹੱਲ ਗਿਆ...। ਹੁਣ ਹੋਰ ਨਾ ਪਾਪ ਕਰੋ, ਨਹੀਂ ਹੋਰ ਕਹਿਰ ਝੱਲਣਾ ਪਊਗਾ...। ਮੇਰੀ ਬੇਨਤੀ ਐ...!" ਬਜ਼ੁਰਗ ਦੀ ਠੋਡੀ ਥੱਲੇ ਖੂੰਡਾ ਘੁਕੀ ਜਾ ਰਿਹਾ ਸੀ।

-"ਕਿਤੇ ਇਹ ਨਾ ਹੋਵੇ ਬਈ ਉਹ ਗੁੱਸੇ 'ਚ ਆਇਆ ਤੇਰੇ ਦੁਆਲ਼ੇ ਹੋ ਜਾਵੇ..। ਹਰਖ਼ ਦਾ ਮਾਰਿਆ ਬੰਦਾ ਨਰਕ ਪੈ ਜਾਂਦੈ...। ਇੱਕ ਹਰਖ਼ ਨੇ ਤਾਂ ਅੱਜ ਆਹ ਚੰਦ ਚਾੜ੍ਹਤਾ, ਹੁਣ ਹੋਰ ਭਾਜੀਆਂ ਨਾ ਪਾਓ...! ਟਿਕਜੋ, ਤੇ ਸੰਭਲ਼ਜੋ ਮੇਰੇ ਵੀਰ...।"

ਗੁਰਮੇਲ ਕੌਰ ਅਤੇ ਸਰਦਾਰੇ ਨੂੰ ਓਥੇ ਹੀ ਛੱਡ ਠਾਣੇਦਾਰ ਜੀਪ ਵਿੱਚ ਬੈਠ, ਵਿਦਾਅ ਹੋ ਗਿਆ। ਬਜ਼ੁਰਗ ਦੀਆਂ ਸੱਚੀਆਂ ਅਤੇ ਟੁੰਬਵੀਆਂ ਗੱਲਾਂ ਨੇ ਠਾਣੇਦਾਰ ਨੂੰ ਸੋਚ ਵਿੱਚ ਪਾ ਦਿੱਤਾ ਸੀ।

.....ਬਘੇਲ ਸਿਉਂ ਨੇ ਆਖ਼ਰੀ ਪੈੱਗ ਪਾਇਆ।

-"ਬੜੀ ਦੁਖਾਂਤਿਕ ਕਹਾਣੀ ਐਂ ਬਘੇਲ ਸਿਆਂ..! ਪਰ ਤੇਰਾ ਇਹਦੇ ਨਾਲ਼ ਕੀ ਲੈਣ ਦੇਣ ਐਂ...?" ਡੀ. ਜੀ. ਪੀ. ਖਹਿਰੇ ਨੇ ਸੁਆਲ ਕੀਤਾ।

-"ਡੋਗਰ ਮੇਰੀ ਭੂਆ ਦਾ ਪੁੱਤ ਸੀ..। ਸਾਰੀ ਸਕੀਰੀ ਘੱਟ, ਪਰ ਯਾਰੀ ਬਾਹਲ਼ੀ ਸੀ..। ਜੇ ਹਫ਼ਤਾ ਕੁ ਹੋਰ ਬਚ ਜਾਂਦਾ, ਉਹਨੇ ਕੈਨੇਡਾ ਮੇਰੇ ਕੋਲ਼ ਹੀ ਤਾਂ ਆਉਣਾ ਸੀ...!"

-"ਤੇ ਫ਼ੇਰ ਮਾਣੋਂ ਦੇ ਬਾਪ ਰਾਠੌਰ ਸਾਅਬ ਨਾਲ਼ ਕੀ ਦੁਸ਼ਮਣੀ ਸੀ...?"

-"ਰਾਠੌਰ ਓਦੋਂ ਐੱਸ.ਐੱਸ.ਪੀ. ਸੀ, ਤੇ ਡੋਗਰ ਦੇ ਭਰਾ ਬੇਲੇ ਨੇ ਇਹਨੂੰ ਬਥੇਰੇ ਲਾਲਚ ਦਿੱਤੇ ਕਿ ਪੈਸੇ ਚੱਕ ਜਿੰਨੇ ਮਰਜ਼ੀ, ਤੇ ਇਹਨਾਂ ਤਿੰਨਾਂ ਭਰਾਵਾਂ ਨੂੰ ਸਾਡੇ ਹਵਾਲੇ ਕਰ ਦੇ, ਚਾਹੇ ਜ਼ਮਾਨਤ ਕਰਵਾ ਕੇ ਕਰ ਦੇ, ਪਰ ਰਾਠੌਰ ਨੀ ਮੰਨਿਆਂ...। ਇਹੀ ਗੱਲ ਤਾਂ ਚੰਗੀ ਸੀ ਕਿ ਰਾਠੌਰ ਨੂੰ ਮੈਂ ਜਾਣਦਾ ਸੀ, ਤੇ ਰਾਠੌਰ ਨੇ ਮੈਨੂੰ ਕਦੇ ਦੇਖਿਆ ਤੱਕ ਨੀ ਸੀ, ਤਾਂ ਹੀ ਤਾਂ ਰਿਸ਼ਤਾ ਸਿਰੇ ਚੜ੍ਹ ਗਿਆ..। ਉਹ ਜਿਹੜੀ ਬੇਇੱਜ਼ਤੀ ਮੈਂ ਉਸ ਦੇ ਘਰ ਕੁੜੀ ਦੀ ਦੇਖ ਦਿਖਾਈ ਵੇਲ਼ੇ ਕੀਤੀ ਸੀ, ਉਹ ਮੈਂ ਜਾਣ ਬੁੱਝ ਕੇ ਕੀਤੀ ਸੀ...। ਨਹੀਂ ਮੈਨੂੰ ਚਾਅ ਥੋੜ੍ਹੋ ਸੀ ਇਹਦੀ ਬੇਪਤੀ ਕਰਨ ਦਾ...?"

-"ਪਰ ਰਾਠੌਰ ਦੇ ਥੋੜ੍ਹੋ ਹੱਥ ਵੱਸ ਸੀ...? ਇਹ ਸਾਰਾ ਕੁਛ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਹੁੰਦੈ ਬਘੇਲ ਸਿਆਂ...। ਪੁਲ਼ਸ ਆਲ਼ੇ ਵੀ ਜਵਾਬ ਦੇਹ ਹੁੰਦੇ ਐ, ਘਰ ਦਾ ਰਾਜ ਥੋੜ੍ਹੋ ਹੁੰਦੈ...?" ਖਹਿਰੇ ਨੇ ਕਿਹਾ।

-"ਜਿਵੇਂ ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ ਦੀ ਕਹਾਵਤ ਐ, ਓਵੇਂ ਪੈਸਾ ਵੀ ਪੀਰ ਐ ਖਹਿਰਾ ਸਾਅਬ...। ਪੈਸੇ ਨਾਲ਼ ਕੀ ਨੀ ਹੁੰਦਾ...?" ਬਘੇਲ ਸਿਉਂ ਕਹਿਣਾਂ ਤਾਂ ਚਾਹੁੰਦਾ ਸੀ ਕਿ ਡੀ.ਜੀ.ਪੀ. ਸਾਹਿਬ, ਤੁਸੀਂ ਵੀ ਤਾਂ ਆਪਣੇ ਯਾਰ ਰਾਠੌਰ ਦੀ ਇਕਲੌਤੀ ਧੀ ਦਾ ਵਿਚੋਲਾ "ਪੈਸੇ ਪੀਰ" ਕਰ ਕੇ ਹੀ ਬਣੇ? ਹੁਣ ਯਾਰ ਦੀ ਕੁੜੀ ਨਾਲ਼ ਹੋਏ ਜ਼ਬਰ ਜਨਾਂਹ ਦਾ ਵੀ ਥੋਨੂੰ ਪਤਾ ਲੱਗ ਗਿਆ, ਪਰ 'ਪੈਸੇ ਪੀਰ' ਕਰ ਕੇ ਤੁਸੀਂ ਫੇਰ ਵੀ ਚੁੱਪ ਵੱਟੀ ਹੋਈ ਐ, ਹੈ ਨ੍ਹਾਂ ਪੈਸਾ ਪੀਰ...? ਐਡੇ ਵੱਡੇ ਅਹੁਦੇ 'ਤੇ ਬੈਠੇ ਪੁਲ਼ਸ ਅਫ਼ਸਰ ਨੂੰ ਆਪਣੇ ਯਾਰ ਦੀ ਇੱਕਲੌਤੀ ਧੀ ਨਾਲ਼ ਹੋਏ ਬਲਾਤਕਾਰ ਦਾ ਪਤਾ ਹੋਵੇ, ਤੇ ਫੇਰ ਵੀ ਚੁੱਪ ਰਹੇ...? ਹੈ ਨ੍ਹਾਂ ਪੈਸਾ ਪੀਰ...? ਉਸ ਦਾ ਦਿਲ ਬੋਲ ਰਿਹਾ ਸੀ। ਪਰ ਉਹ ਮੂੰਹੋਂ ਚੁੱਪ ਸੀ। ਕੋਈ ਕਵੱਲੀ ਗੱਲ ਕਰ ਕੇ ਉਹ ਕੀਤਾ ਕਰਾਇਆ ਖੂਹ ਵਿੱਚ ਨਹੀਂ ਸੀ ਪਾਉਣਾ ਚਾਹੁੰਦਾ।

-"ਚਲੋ ਮੰਨ ਲਿਆ ਕਿ ਪੈਸਾ ਵੀ ਪੀਰ ਐ...। ਪਰ ਮੇਰਾ ਪੀਰ ਮੈਨੂੰ ਕਦੋਂ ਮਿਲੂ...?"

-"ਜਦੋਂ ਰਾਠੌਰ ਦੀ ਕੁੜੀ ਸਾਡੇ ਕੋਲ਼ ਕੈਨੇਡਾ ਚਲੀ ਗਈ, ਓਸੇ ਦਿਨ ਈ ਕਰੋੜ ਰੁਪਈਆ ਥੋਡੇ ਅਕਾਊਂਟ 'ਚ...। ਬਘੇਲ ਸਿਉਂ ਵਾਅਦੇ ਤੋਂ ਨੀ ਮੁਕਰਦਾ...।"

.........ਪਾਵੀ ਨੇ ਬੀਅਰ ਦਾ ਗਿਲਾਸ ਜਾੜ੍ਹ ਘੁੱਟ ਕੇ ਬੜੀ ਬੇਕਿਰਕੀ ਨਾਲ਼ ਅੰਦਰ ਸੁੱਟਿਆ।

-"ਓਹ ਮਾਈ ਗਾਡ....! ਐਨੀ ਟਰੈਜ਼ਿਕ ਕਹਾਣੀ...। ਓਹ ਮਾਈ ਗੁੱਡਨਿੱਸ...! ਓਹ ਮਾਈ ਗੌਡ...!" ਪਾਵੀ ਨੇ ਗਿਲਾਸ ਪਰ੍ਹੇ ਰੱਖ ਕੇ ਸਿਰ ਫੜ ਲਿਆ, "ਆਈ ਕਾਂਟ ਬਿਲੀਵ ਦਿੱਸ...! ਓਹ ਮਾਈ ਗੁੱਡਨਿੱਸ...!"

ਮਾਣੋਂ ਬੇਹਦ ਉਦਾਸ ਬੈਠੀ ਸੀ।

-"ਬੀਅਰ ਮੰਗਵਾ ਦਿਓ ਹੋਰ ਮੈਨੂੰ...।"

ਪਾਵੀ ਨੇ ਦੋ ਬੀਅਰਾਂ ਦਾ ਆਰਡਰ ਦੇ ਦਿੱਤਾ।

-"ਫ਼ੇਰ ਤੂੰ ਕੈਨੇਡਾ ਚਲੀ ਗਈ...?"

-"ਸੁਣਾਉਨੀ ਆਂ, ਕਾਹਲ਼ੇ ਕਿਉਂ ਪੈਨੇ ਆਂ ਪਾਵੀ...? ਇੱਕ ਤਾਂ ਥੋਡੇ 'ਚ ਸਬਰ ਹੈਨ੍ਹੀ..। ਕਾਸ਼, ਓਸ ਰਾਤ ਤੁਸੀਂ ਮੇਰੇ ਨਾਲ਼ ਸਾਰਾ ਕੁਛ ਕਰ ਲੈਂਦੇ...! ਕਾਸ਼...!! ਕਾਸ਼, ਓਸ ਰਾਤ ਥੋਡਾ ਸਬਰ ਟੁੱਟ ਗਿਆ ਹੁੰਦਾ ਤੇ ਤੁਸੀਂ ਸਾਰਾ ਕੁਛ ਕਰ ਕੇ ਆਪਣੀ ਰੀਝ ਪੂਰੀ ਕਰ ਲੈਂਦੇ...।" ਉਹ ਮੁੜ ਰੋਣ ਲੱਗ ਪਈ।

ਪਾਵੀ ਉਸ ਨੂੰ ਥਾਪੜ ਰਿਹਾ ਸੀ।

ਆਪਣੀਆਂ ਉਂਗਲਾਂ ਨਾਲ਼ ਵਾਲ਼ਾਂ ਵਿੱਚ ਕੰਘੀ ਕਰ ਰਿਹਾ ਸੀ।

ਮਾਣੋਂ ਜ਼ਾਰੋ-ਜ਼ਾਰ ਰੋ ਰਹੀ ਸੀ। ਬੀਅਰ ਬਾਰ ਵਿੱਚ ਬੈਠੇ ਲੋਕ ਉਸ ਨੂੰ ਦੇਖ ਰਹੇ ਸਨ।

-"ਰੋ ਨਾ...! ਦੇਖ ਲੋਕ ਦੇਖਦੇ ਆ..। ਕੀ ਸੋਚਦੇ ਹੋਣਗੇ...? ਬਈ ਕਿੰਨੀ ਸੋਹਣੀ ਕੁੜੀ ਰੋਈ ਜਾਂਦੀ ਐ....? ਕੋਈ ਵਿਰਾਉਣ ਵਾਲ਼ਾ ਵੀ ਆ ਸਕਦੈ...। ਕੋਈ ਸਾਲ਼ਾ ਸਾਡੇ ਵੀ ਠੂਠੇ ਡਾਂਗ ਮਾਰੂ...।"

ਮਾਣੋਂ ਰੋਂਦੀ-ਰੋਂਦੀ ਹੱਸ ਪਈ।

ਉਸ ਨੇ ਪਾਵੀ ਦੇ ਇੱਕ ਮੁੱਕੀ ਮਾਰੀ।

-"ਹਟਜਾ ਸਾਲ਼ੀਏ, ਮੈਨੂੰ ਆਨੇ ਬਹਾਨੇ ਕੁੱਟੀ ਜਾਨੀ ਐਂ....।"

-"ਥੋਡੀ ਗਾਲ੍ਹਾਂ ਕੱਢਣ ਦੀ ਆਦਤ ਨੀ ਗਈ...।"

-"ਤੇ ਹੁਣ ਜਾਣੀ ਵੀ ਨਹੀਂ...!"

ਵੇਟਰ ਆ ਕੇ ਦੋ ਬੀਅਰਾਂ ਰੱਖ ਗਿਆ।

-"ਜੇ ਆਪਾਂ ਫ਼ਲਾਈਟਾਂ ਦੋ ਦਿਨ ਅੱਗੇ ਕਰਵਾ ਲਈਏ, ਤੇ ਅੱਜ ਹੋਟਲ 'ਚ ਰਹੀਏ...? ਕੀ ਖ਼ਿਆਲ ਐ...?"

-"ਆਈ ਵੌਂਟ ਮਾਈਂਡ...! ਮੈਨੂੰ ਮਨਜ਼ੂਰ ਐ...। ਪਰ ਹੁਣ ਫ਼ਾਇਦਾ ਕੀ...?"

-"ਹਰ ਗੱਲ ਫਾਇਦੇ ਨਾਲ਼ ਜੋੜ ਕੇ ਨੀ ਦੇਖੀਦੀ...! ਕਦੇ ਫਾਇਦੇ ਕੁ-ਫਾਇਦੇ 'ਚੋਂ ਬਾਹਰ ਵੀ ਆ ਜਿਆ ਕਰ...।"

-"ਮੈਂ ਤਾਂ ਕਦੇ ਫਾਇਦੇ ਜਾਂ ਕੁ-ਫਾਇਦੇ ਨਾਲ਼ ਨੀ ਜੋੜ ਕੇ ਦੇਖੀ, ਬੱਸ ਦੁਨੀਆਂ ਨੇ ਹੀ ਮੇਰੀ ਪੇਸ਼ ਨੀ ਜਾਣ ਦਿੱਤੀ ਸੱਜਣਾਂ...!" ਉਸ ਨੇ ਮੁੜ ਅੱਖਾਂ ਭਰ ਲਈਆਂ।

-"ਲੈ, ਬੀਅਰ ਪੀਅ...! ਦਿਲ ਹੌਲ਼ਾ ਨਾ ਕਰ...! ਹਾਸੇ ਤੇ ਹਾਦਸੇ ਦਾ ਨਾਂ ਜ਼ਿੰਦਗੀ ਐ...! ਜ਼ਿੰਦਗੀ ਵਿੱਚ ਬੜੇ ਉਤਰਾ ਚੜ੍ਹਾਅ ਆਉਂਦੇ ਰਹਿੰਦੇ ਐ...। ਚੱਕ ਬੀਅਰ ਪੀਅ...।"

ਉਹਨਾਂ ਨੇ ਗਿਲਾਸ ਮੂੰਹ ਨੂੰ ਲਾ ਲਏ।

-"ਇਹ ਸੁਆਲ ਪੁੱਛਣਾ ਤਾਂ ਨਹੀਂ ਸੀ ਚਾਹੁੰਦਾ, ਪਰ ਪੁੱਛਣਾ ਵੀ ਜ਼ਰੂਰੀ ਐ...।"

-"ਕਿਹੜਾ....?"

-"ਤੈਨੂੰ ਬਿਲਕੁਲ ਵੀ ਨਹੀਂ ਪਤਾ ਚੱਲਿਆ ਕਿ ਇਹ ਬਲਾਤਕਾਰ ਤੇਰਾ ਆਪਣਾ ਸਹੁਰਾ ਹੀ ਕਰ ਰਿਹਾ ਸੀ...?"

-"ਜੇ ਪਤਾ ਹੁੰਦਾ, ਮੈਂ ਦੱਸ ਨਾ ਦਿੰਦੀ...? ਮੈਨੂੰ ਤਾਂ ਕੈਨੇਡਾ ਆ ਕੇ ਹੀ ਪਤਾ ਚੱਲਿਆ ਕਿ ਇਹ ਸਾਰਾ ਤਾਣਾ ਬਾਣਾ ਮੇਰੇ ਸਹੁਰਾ ਸਾਹਿਬ ਦਾ ਹੀ ਬੁਣਿਆਂ ਹੋਇਆ ਸੀ, ਮੇਰਾ ਸੋ ਕਾਲਡ ਹੱਸਬੈਂਡ ਤਾਂ ਰੋਟੀਆਂ ਦਾ ਖਾਓ, ਤੇ ਬਿਲਕੁਲ ਘੁੱਗੂ ਦੇਵਤਾ ਸੀ...। ਉਸ ਨੂੰ ਖਾਣ ਜਾਂ ਪੀਣ ਤੋਂ ਬਿਨਾ ਕੁਛ ਆਉਂਦਾ ਹੀ ਨਹੀਂ ਸੀ...।"

-"ਤੇ ਟਰੱਕਾਂ ਦਾ ਕਾਰੋਬਾਰ ਕੌਣ ਸੰਭਾਲ਼ਦਾ ਸੀ...?"

-"ਮੇਰਾ ਹੱਸਬੈਂਡ ਤਾਂ ਆਪਦੇ ਬਰਗਰ ਤੇ ਬੀਅਰ ਲੈ ਕੇ ਦਫ਼ਤਰ ਦੇ ਇੱਕ ਕਮਰੇ 'ਚ ਬਹਿ ਜਾਂਦਾ, ਤੇ ਫ਼ੋਨ 'ਤੇ ਗੇਮਾਂ ਖੇਡੀ ਜਾਂਦਾ...। ਮੇਰੀ ਸੱਸ ਮੇਰੇ ਸਹੁਰਾ ਸਾਹਿਬ ਤੋਂ ਦੁਖੀ ਹੋ ਕੇ ਆਪਣਾ ਹਿੱਸਾ ਲੈ ਕੇ ਪਾਸੇ ਹੋ ਗਈ ਸੀ..। ਕੰਪਨੀ ਦਾ ਕੰਮ ਮੇਰੇ ਸਹੁਰਾ ਸਾਹਿਬ ਦੀ ਰਖੇਲ ਗੋਰੀ ਦੇਖਦੀ ਸੀ...। ਮੇਰੇ ਸਹੁਰਾ ਸਾਹਿਬ ਤਾਂ ਐਸ਼ੀ ਪੱਠੇ ਸੀ, ਜਦੋਂ ਜੀਅ ਕਰਦਾ ਆਪਦੀ ਰਖੇਲ ਗੋਰੀ ਨੂੰ ਦਿਨੇ ਹੀ ਦਫ਼ਤਰ ਦੇ ਕਿਸੇ ਕਮਰੇ ਵਿੱਚ ਲੈ ਵੜਦੇ, ਤੇ ਕਦੇ ਹਫ਼ਤਾ-ਹਫ਼ਤਾ ਕਿਸੇ ਹੋਰ ਗੋਰੀ ਨੂੰ ਲੈ ਕੇ ਕਿਸੇ ਹੋਟਲ ਵਿੱਚ ਐਸ਼ ਕਰਦੇ...।"

-"ਗੋਰੀ ਨੀ ਸੀ ਕੁਛ ਕਹਿੰਦੀ...? ਕੋਈ ਆਪਣੀ ਦੇਸੀ ਹੁੰਦੀ ਤਾਂ ਟੰਬਾ ਚੱਕ ਲੈਂਦੀ...।"

-"ਗੋਰੀ ਨੂੰ ਲਾਲਚ ਸੀ...। ਉਹ ਸੋਚਦੀ ਸੀ ਭੌਂਕਦਾ ਫ਼ਿਰਨ ਦੇਹ...। ਉਹ ਕਿਸੇ ਹੋਰ ਗੋਰੇ ਨਾਲ਼ ਐਸ਼ ਕਰਨ ਤੁਰ ਜਾਂਦੀ, ਉਹਨੂੰ ਕੀ ਫ਼ਰਕ ਪੈਂਦਾ ਸੀ...? ਉਹਨੂੰ ਪੂਰੀ ਤਨਖ਼ਾਹ ਮਿਲ਼ਦੀ ਸੀ, ਤੇ ਕਰਨ ਨੂੰ ਸਰਦਾਰੀ...। ਸਾਰੇ ਦੇਸੀ ਡਰਾਈਵਰ ਉਹਨੂੰ 'ਮੈਮ - ਮੈਮ' ਕਰਦੇ ਫ਼ਿਰਦੇ...। ਉਹਨਾਂ ਨੂੰ ਪਤਾ ਸੀ ਬਈ ਉਹ ਬੌਸ ਦੀ ਰਖੇਲ ਸੀ ਤੇ ਉਹਦੀ ਰਜਾਈ ਨਿੱਘੀ ਕਰਦੀ ਐ...। ਸਾਰੇ ਉਹਦਾ ਤਹਿਤ ਮੰਨਦੇ ਸੀ, ਤੇ ਡਰਦੇ ਮਾਣ ਵੀ ਕਰਦੇ ਸੀ...। ਪਰ ਉਹ ਵੀ ਕਿਸੇ ਨੂੰ ਨਜਾਇਜ਼ ਤੰਗ ਨੀ ਸੀ ਕਰਦੀ...।"

(ਚਲਦਾ)····

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

# ਮਨੁੱਖੀ ਬਰਾਬਰੀ ਅਤੇ ਲੋਕਰਾਜ ਸਿਰਜਕ ਸਤਿਗੁਰੂ ਗੋਬਿੰਦ ਸਿੰਘ ਜੀ

**ਡਾਕਟਰ ਰਣਜੀਤ ਸਿੰਘ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਸਾਰ ਦੀ ਪਹਿਲੀ ਅਜਿਹੀ ਸ਼ਖ਼ਸੀਅਤ ਹਨ, ਜਿਨ੍ਹਾਂ ਨੇ ਰਾਜਨੀਤਕ, ਸਮਾਜਿਕ ਅਤੇ ਸੱਭਿਆਚਾਰਕ ਇਨਕਲਾਬ ਸਿਰਜਿਆ। ਦਸਮੇਸ਼ ਪਿਤਾ ਨੇ ਖ਼ਾਲਸੇ ਦੀ ਸਿਰਜਣਾ ਕਰਕੇ ਸੰਸਾਰ ਵਿਚੋਂ ਮਨੁੱਖੀ ਵਿਤਕਰੇ ਮਿਟਾ, ਸਭਨਾਂ ਨੂੰ ਬਰਾਬਰੀ ਬਖਸ਼ੀ। ਉਨ੍ਹਾਂ ਨੇ ਆਪਣੇ ਕਥਨ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਨੂੰ ਅਮਲੀ ਰੂਪ ਦਿੱਤਾ। ਧਰਮ, ਜਾਤ, ਰੰਗ, ਨਸਲ, ਅਮੀਰੀ ਆਦਿ ਕਾਰਨ ਪਏ ਮਨੁੱਖੀ ਵਿਤਕਰਿਆਂ ਨੂੰ ਇਕੋ ਝਟਕੇ ਨਾਲ ਤੋੜ ਸਭਨਾਂ ਨੂੰ ਇਕੋ ਨਾਮ ਅਤੇ ਸਰੂਪ ਦੀ ਬਖਸ਼ਿਸ਼ ਕੀਤੀ। ਜਿਹੜੇ ਲੋਕ ਆਪਣੇ ਆਪ ਨੂੰ ਨਿਮਾਣੇ, ਨਿਤਾਣੇ ਅਤੇ ਲਿਤਾੜੇ ਹੋਏ ਸਮਝ ਨਰਕ ਵਰਗਾ ਜੀਵਨ ਜਿਊਂ ਰਹੇ ਸਨ, ਉਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਸੱਚ ਤੇ ਹੱਕ ਦੀ ਲੜਾਈ ਲਈ ਤਿਆਰ ਕੀਤਾ। ਉਹ ਲੋਕ ਜਿਹੜੇ ਸਿਰ ਨੀਵਾਂ ਕਰਕੇ ਜੀਵਨ ਜੀਅ ਰਹੇ ਸਨ, ਉਨ੍ਹਾਂ ਨੂੰ ਅਣਖ ਨਾਲ ਜਿਊਣ ਦੀ ਹਿੰਮਤ ਬਖ਼ਸ਼ੀ। ਉਨ੍ਹਾਂ ਲੋਕਾਂ ਨੇ ਜਿਹੜੇ ਹਮੇਸ਼ਾ ਆਪਣੇ-ਆਪ ਨੂੰ ਨਿਤਾਣੇ ਸਮਝਦੇ ਸਨ, ਗੁਰੂ ਜੀ ਦੀ ਅਗਵਾਈ ਹੇਠ ਜਦੋਂ ਹਥਿਆਰ ਚੁੱਕੇ ਤਾਂ ਵੱਡੇ ਵੱਡੇ ਜਰਨੈਲਾਂ ਦੇ ਛੱਕੇ ਛੁਡਾ ਦਿੱਤੇ। ਇਸ ਤਰ੍ਹਾਂ ਗੁਰੂ ਜੀ ਨੇ ਸੰਸਾਰ ਅੰਦਰ ਸਹੀ ਅਰਥਾਂ ਵਿਚ ਸਮਾਜਵਾਦ ਦੀ ਨੀਂਹ ਰੱਖੀ। ਗੁਰੂ ਜੀ ਨੇ ਲੋਕਾਂ ਨੂੰ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਬਰਾਬਰੀ ਦਿੱਤੀ। ਇਸ ਚਮਤਕਾਰ ਨੇ ਸਾਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ। ਗੁਰੂ ਜੀ ਨੇ ਸ਼ਖ਼ਸੀ ਰਾਜ ਨੂੰ ਖ਼ਤਮ ਕਰਕੇ ਪੰਚਾਇਤੀ ਰਾਜ ਦੀ ਜੁਗਤ ਸੰਸਾਰ ਨੂੰ ਦਿੱਤੀ। ਉਨ੍ਹਾਂ ਸਾਰੇ ਫ਼ੈਸਲੇ ਸੰਗਤ ਦੇ ਸਾਹਮਣੇ ਪੰਜ ਪਿਆਰਿਆਂ ਰਾਹੀਂ ਕਰਵਾਏ। ਇਥੋਂ ਤੀਕ ਕਿ ਆਪਣੇ ਆਪ ਨੂੰ ਵੀ ਆਪਣੇ ਸਿੰਘਾਂ ਦੇ ਬਰਾਬਰ ਖੜ੍ਹਾ ਕੀਤਾ। ਸਮਾਜ ਵਿਚ ਧਰਮ, ਜਾਤ, ਕਿੱਤਾ, ਅਮੀਰੀ ਆਦਿ ਦੇ ਆਧਾਰ ਉਤੇ ਪਈਆਂ ਵੰਡੀਆਂ ਨੂੰ ਮੇਟ ਸਭਨਾਂ ਨੂੰ ਬਰਾਬਰੀ ਬਖ਼ਸ਼ੀ। ਉਨ੍ਹਾਂ ਮਨੁੱਖਾਂ ਦਾ ਕਿਰਦਾਰ ਉਸ ਦੇ ਜਨਮ ਦੀ ਥਾਂ ਉਸ ਦੇ ਕਰਮ ਅਨੁਸਾਰ ਮਿਥਿਆ। ਗੁਰੂ ਸਾਹਿਬ ਸਮੇਂ ਵੀ ਔਰਤ ਨੂੰ ਸਮਾਜ ਵਿਚ ਬਰਾਬਰੀ ਨਹੀਂ ਸੀ ਮਿਲੀ। ਕੁੜੀ ਦੇ ਜਨਮ ਲੈਂਦਿਆਂ ਹੀ ਉਸ ਨੂੰ ਮਾਰਨ ਦਾ ਯਤਨ ਕੀਤਾ ਜਾਂਦਾ ਸੀ। ਉਨ੍ਹਾਂ ਹੁਕਮ ਜਾਰੀ ਕੀਤਾ ਕਿ ਜਿਹੜਾ ਕੁੜੀ ਦੀ ਹੱਤਿਆ ਕਰਦਾ ਹੈ, ਉਹ ਮੇਰਾ ਸਿੰਘ ਨਹੀਂ ਹੋ ਸਕਦਾ। ਸ਼ਹਾਦਤ ਦੀ ਸਿੱਖ ਧਰਮ ਵਿਚ ਪਰੰਪਰਾ ਨੂੰ ਪ੍ਰਪੱਕ ਕਰਦਿਆਂ ਹੋਇਆਂ ਉਨ੍ਹਾਂ ਨੇ ਧਰਮ ਦੀ ਖ਼ਾਤਰ ਆਪਣਾ ਸਰਬੰਸ ਕੁਰਬਾਨ ਕਰ ਦਿੱਤਾ। ਉਨ੍ਹਾਂ ਆਪਣੇ ਸਿੱਖਾਂ ਦੇ ਮਨਾਂ ਵਿਚੋਂ ਮੌਤ ਦੇ ਡਰ ਨੂੰ ਦੂਰ ਕਰਕੇ, ਉਨ੍ਹਾਂ ਨੂੰ ਭੈਅ-ਮੁਕਤ ਕੀਤਾ। ਆਪ ਕੇਵਲ ਨੌਂ ਵਰ੍ਹਿਆਂ ਦੇ ਸਨ ਜਦੋਂ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਸੰਸਾਰ ਵਿਚ ਧਰਮ ਦੀ ਸੁਤੰਤਰਤਾ ਖ਼ਾਤਰ ਕੁਰਬਾਨੀ ਦੇਣ ਦਿੱਲੀ ਵੱਲ ਤੋਰਿਆ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਗੁਰੂ ਜੀ ਦੇ ਪੈਰੋਕਾਰਾਂ ਵਿਚ ਸੰਤ ਸਿਪਾਹੀ ਬਣਨ ਦੀ ਯੋਗਤਾ ਭਰ ਦਿੱਤੀ। ਹੁਣ ਉਹ ਕੇਵਲ ਆਪਣੇ ਹੱਕਾਂ ਦੀ ਲੜਾਈ ਹੀ ਨਹੀਂ ਸਨ ਲੜ ਸਕਦੇ ਸਗੋਂ ਨਿਮਾਣਿਆਂ ਦਾ ਮਾਣ ਅਤੇ ਨਿਤਾਣਿਆਂ ਦਾ ਤਾਣ ਬਣ ਸਕਦੇ ਸਨ। ਸਦੀਆਂ ਦੇ ਸਤਾਏ, ਦੱਬੇ, ਕੁਚਲੇ ਅਤੇ ਲਿਤਾੜੇ ਹੋਏ ਲੋਕਾਂ ਵਿਚ ਨਵੀਂ ਚੇਤਨਾ ਜਾਗੀ। ਇਸ ਨਵੀਂ ਚੇਤਨਾ ਦੀ ਪਹਿਲੀ ਪਰਖ ਪਾਉਂਟਾ ਸਾਹਿਬ ਨੇੜੇ ਭੰਗਾਣੀ ਦੇ ਯੁੱਧ ਵਿਚ ਹੋਈ। ਸਾਰੇ ਪਹਾੜੀ ਰਾਜਿਆਂ ਦੀ ਫ਼ੌਜ ਇਕ ਪਾਸੇ ਅਤੇ ਦੂਜੇ ਪਾਸੇ ਕਿਰਤੀਆਂ ਨੇ ਆਪਣੇ ਹੱਥਾਂ ਵਿਚ ਹਥਿਆਰ ਫੜ ਸ਼ਾਹੀ ਫ਼ੌਜਾਂ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਕਰਾਰੀ ਹਾਰ ਦਿੱਤੀ। ਦਸਮੇਸ਼ ਪਿਤਾ ਨੇ ਹਲੀਮੀ ਦਾ ਸਬੂਤ ਦਿੰਦਿਆਂ ਹੋਇਆਂ ਇਸ ਨੂੰ ਵਾਹਿਗੁਰੂ ਦੀ ਜਿੱਤ ਭਾਵ ਸੱਚ ਦੀ ਜਿੱਤ ਆਖਿਆ। ਇਸ ਜਾਗੀ ਚੇਤਨਾ ਨੂੰ ਸਥਾਈ ਰੂਪ ਦੇਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਵਾਲੇ ਦਿਨ ਖਾਲਸੇ ਦੀ ਸਿਰਜਣਾ ਕੀਤੀ। ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਗੁਰੂ ਜੀ ਨੇ ਨੰਗੀ ਤਲਵਾਰ ਹੱਥ ਵਿਚ ਲੈ ਕੇ ਇਕ ਅਜੇਹੇ ਸਿੱਖ ਦੀ ਮੰਗ ਕੀਤੀ, ਜਿਹੜਾ ਆਪਣਾ ਸੀਸ ਗੁਰੂ ਜੀ ਨੂੰ ਭੇਟ ਕਰ ਸਕੇ। ਇੰਝ ਉਨ੍ਹਾਂ ਪੰਜ ਮਰਜੀਵੜਿਆਂ ਦੀ ਚੋਣ ਕੀਤੀ। ਜਿਨ੍ਹਾਂ ਨੂੰ ਅੰਮ੍ਰਿਤ ਛਕਾ ਪੰਜ ਪਿਆਰਿਆਂ ਦਾ ਰੂਪ ਦਿੱਤਾ। ਇਹ ਪੰਜ ਪਿਆਰੇ ਸਾਰੇ ਦੇਸ਼ ਅਤੇ ਸਾਰੀਆਂ ਜਾਤਾਂ ਦੀ ਪ੍ਰਤੀਨਿਧਤਾ ਕਰਦੇ ਸਨ। ਗੁਰੂ ਜੀ ਨੇ ਇਨ੍ਹਾਂ ਪੰਜਾਂ ਪਿਆਰਿਆਂ ਨੂੰ ਮਾਣ ਬਖ਼ਸ਼ਦੇ ਹੋਏ ਇਨ੍ਹਾਂ ਤੋਂ ਆਪ ਅੰਮ੍ਰਿਤ ਲਈ ਬੇਨਤੀ ਕੀਤੀ। ਇੰਝ ਇਨ੍ਹਾਂ ਪੰਜਾਂ ਪਿਆਰਿਆਂ ਨੇ ਗੁਰੂ ਜੀ ਨੂੰ ਅੰਮ੍ਰਿਤ ਛਕਾ ਕੇ ਗੁਰੂ ਚੇਲੇ ਵਿਚਲੇ ਫ਼ਰਕ ਨੂੰ ਮੇਟ ਦਿੱਤਾ। ਸਿੱਖਾਂ ਨੂੰ ਇਤਨਾ ਵੱਡਾ ਮਾਣ ਪ੍ਰਾਪਤ ਹੋਇਆ ਕਿ ਉਹ ਆਪਣੇ ਗੁਰੂ ਲਈ ਸਭ ਕੁਝ ਨਿਛਾਵਰ ਕਰਨ ਲਈ ਤਿਆਰ ਹੋ ਗਏ। ਇਸ ਤੋਂ ਪਹਿਲਾਂ ਕਿ ਇਹ ਚੰਗਿਆੜੀ ਭਾਂਬੜ ਦਾ ਰੂਪ ਧਾਰ ਲਵੇ, ਸ਼ਾਸਕਾਂ ਨੇ ਇਸ ਨੂੰ ਬੁਝਾਉਣ ਦੇ ਲਈ ਭਾਰੀ ਫ਼ੌਜਾਂ ਨਾਲ ਦਸਮੇਸ਼ ਦੇ ਗੜ੍ਹ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਸ਼ਾਹੀ ਫ਼ੌਜਾਂ ਨੇ 1701 ਤੋਂ 1704 ਦੇ ਵਿਚਕਾਰ ਅਨੰਦਪੁਰ ਸਾਹਿਬ ਉਤੇ ਪੰਜ ਵਾਰ ਹਮਲਾ ਕੀਤਾ। ਚਾਰ ਲੜਾਈਆਂ ਵਿਚ ਸਿੰਘਾਂ ਨੇ ਵੈਰੀ ਦੇ ਦੰਦ ਖੱਟੇ ਕੀਤੇ। ਪੰਜਵੀਂ ਵਾਰ ਭਾਰੀ ਫ਼ੌਜ ਨਾਲ ਸ਼ਾਹੀ ਫ਼ੌਜਾਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾਇਆ। ਇਹ ਘੇਰਾ ਛੇ ਮਹੀਨੇ ਚਲਦਾ ਰਿਹਾ। ਸ਼ਾਹੀ ਫ਼ੌਜ ਨੇ ਗੁਰੂ ਜੀ ਨੂੰ ਪੇਸ਼ਕਸ਼ ਕੀਤੀ ਕਿ ਜੇਕਰ ਉਹ ਲੜਾਈ ਬੰਦ ਕਰਕੇ ਅਨੰਦਪੁਰ ਸਾਹਿਬ ਨੂੰ ਛੱਡ ਜਾਣ ਤਾਂ ਘੇਰਾ ਚੁੱਕ ਲਿਆ ਜਾਵੇਗਾ। ਗੁਰੂ ਜੀ ਆਪਣੇ ਪਰਿਵਾਰ ਅਤੇ ਸਿੰਘਾਂ ਨਾਲ ਕੀਰਤਪੁਰ ਵੱਲ ਤੁਰ ਪਏ। ਦੁਸ਼ਮਣ ਆਪਣੇ ਵਾਇਦੇ ਤੋਂ ਮੁੱਕਰ ਗਏ ਤੇ ਉਨ੍ਹਾਂ ਨੇ ਗੁਰੂ ਜੀ ਉੱਤੇ ਹਮਲਾ ਬੋਲ ਦਿੱਤਾ। ਅੱਗੇ ਸਿਰਸਾ ਨਦੀ ਸੀ, ਜਿਸ ਵਿੱਚ ਹੜ੍ਹ ਆਇਆ ਹੋਇਆ ਸੀ। ਪਿੱਛੋਂ ਵੈਰੀ ਦਾ ਹਮਲਾ, ਅੱਗੇ ਹੜ੍ਹ, ਸਾਰੀ ਵਹੀਰ ਨਿੱਖੜ ਗਈ। ਗੁਰੂ ਜੀ ਦਾ ਸਾਰਾ ਪਰਿਵਾਰ ਵੀ ਨਿੱਖੜ ਗਿਆ। ਜਦੋਂ ਗੁਰੂ ਜੀ ਨੇ ਨਦੀ ਪਾਰ ਕੀਤੀ ਤਾਂ ਉਨ੍ਹਾਂ ਨਾਲ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਅਤੇ ਡੇਢ ਸੌ ਦੇ ਕਰੀਬ ਸਿੰਘ ਰਹਿ ਗਏ। ਗੁਰੂ ਜੀ ਜਦੋਂ ਰੋਪੜ ਪਹੁੰਚੇ ਤਾਂ ਉਨ੍ਹਾਂ ਉੱਤੇ ਮੁੜ ਹਮਲਾ ਹੋ ਗਿਆ। ਗੁਰੂ ਜੀ ਬਹਾਦਰੀ ਨਾਲ ਲੜੇ ਅਤੇ ਵੈਰੀ ਨੂੰ ਪਛਾੜਿਆ। ਇਥੋਂ ਚੱਲ ਕੇ ਗੁਰੂ ਜੀ ਚਮਕੌਰ ਪਹੁੰਚੇ। ਹੁਣ ਉਨ੍ਹਾਂ ਨਾਲ ਕੇਵਲ 40 ਸਿੰਘ ਹੀ ਰਹਿ ਗਏ, ਬਾਕੀ ਸ਼ਹੀਦੀਆਂ ਪਾ ਗਏ। ਉਸ ਦਿਨ ਸੱਤ ਪੋਹ ਸੀ ਤੇ ਕੜਾਕੇ ਦੀ ਠੰਢ ਪੈ ਰਹੀ ਸੀ। ਇਥੇ ਗੁਰੂ ਜੀ ਨੇ ਇਕ ਵੱਡੀ ਹਵੇਲੀ ਵਿਚ ਟਿਕਾਣਾ ਕੀਤਾ, ਜਿਸ ਨੂੰ ਗੜ੍ਹੀ ਆਖਿਆ ਜਾਂਦਾ ਹੈ। ਸ਼ਾਹੀ ਫ਼ੌਜਾਂ ਪਿੱਛਾ ਕਰਦੀਆਂ ਇਥੇ ਵੀ ਪੁੱਜ ਗਈਆਂ ਅਤੇ ਗੜ੍ਹੀ ਨੂੰ ਘੇਰਾ ਪਾ ਲਿਆ। ਸਿੰਘਾਂ ਨੇ ਇਸ ਹਮਲੇ ਦਾ ਡਟ ਕੇ ਮੁਕਾਬਲਾ ਕੀਤਾ, ਪਰ ਦੁਪਹਿਰ ਤੀਕ ਸਿੰਘਾਂ ਦੇ ਤੀਰ ਤੇ ਗੋਲੀ ਸਿੱਕਾ ਖ਼ਤਮ ਹੋ ਗਿਆ। ਹੁਣ ਤਲਵਾਰਾਂ ਨਾਲ ਮੁਕਾਬਲਾ ਕਰਨ ਦਾ ਫੈਸਲਾ ਕੀਤਾ ਗਿਆ। ਪੰਜ ਪੰਜ ਸਿੰਘਾਂ ਦੇ ਜਥੇ ਬਣਾਏ ਗਏ ਜਿਨ੍ਹਾਂ ਗੜ੍ਹੀ ਵਿਚੋਂ ਬਾਹਰ ਜਾ ਕੇ ਵੈਰੀ ਦਾ ਮੁਕਾਬਲਾ ਕਰਦੇ ਹੋਏ ਸ਼ਹੀਦੀ ਪ੍ਰਾਪਤ ਕਰਨੀ ਸੀ। ਦੋ ਜੱਥਿਆਂ ਦੇ ਸਰਦਾਰ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਥਾਪੇ ਗਏ। ਬਾਬਾ ਅਜੀਤ ਸਿੰਘ ਦੀ ਉਸ ਵੇਲੇ ਉਮਰ 17 ਸਾਲ ਅਤੇ ਬਾਬਾ ਜੁਝਾਰ ਸਿੰਘ ਦੀ ਉਮਰ 15 ਸਾਲ ਸੀ। ਸਿੰਘਾਂ ਦਾ ਜਥਾ ਜੈਕਾਰੇ ਬੁਲਾਉਂਦਾ ਬਿਜਲੀ ਵਾਂਗ ਵੈਰੀ ਉੱਤੇ ਟੁੱਟ ਪੈਂਦਾ ਅਤੇ ਅਨੇਕਾਂ ਵੈਰੀਆਂ ਦੇ ਆਹੂ ਲਾਹੁੰਦਾ ਹੋਇਆ ਸ਼ਹੀਦੀ ਜਾਮ ਪੀ ਲੈਂਦਾ। ਵਾਰੀ ਆਉਣ 'ਤੇ ਗੁਰੂ ਜੀ ਨੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੂੰ ਅਸ਼ੀਰਵਾਦ ਦੇ ਕੇ ਸ਼ਹੀਦੀ ਦੇਣ ਲਈ ਤੋਰਿਆ। ਪੁੱਤਰ ਦੀ ਬਹਾਦਰੀ ਨੂੰ ਆਪ ਗੜ੍ਹੀ ਦੀ ਕੰਧ 'ਤੇ ਖੜ੍ਹੇ ਹੋ ਕੇ ਵੇਖ ਰਹੇ ਸਨ। ਜਦੋਂ ਸਾਹਿਬਜ਼ਾਦੇ ਨੇ ਸ਼ਹੀਦੀ ਦਾ ਜਾਮ ਪੀਤਾ ਤਾਂ ਆਪ ਨੇ ਰੋਸ ਪ੍ਰਗਟ ਕਰਨ ਦੀ ਥਾਂ ਰੱਬ ਦਾ ਸ਼ੁਕਰ ਕੀਤਾ ਅਤੇ ਛੋਟੇ ਸਾਹਿਬਜ਼ਾਦੇ ਨੂੰ ਯੁੱਧ ਵਿਚ ਭੇਜ ਦਿੱਤਾ। ਜਿਸ ਫੁਰਤੀ ਅਤੇ ਸਿਆਣਪ ਨਾਲ ਸਾਹਿਬਜ਼ਾਦੇ ਜੁਝਾਰ ਸਿੰਘ ਨੇ ਯੁੱਧ ਕੀਤਾ, ਉਸ ਨੇ ਵੈਰੀਆਂ ਨੂੰ ਵੀ ਦੰਗ ਕਰ ਦਿੱਤਾ। ਰਾਤ ਪੈਣ ਤੀਕ ਛੋਟੇ ਸਾਹਿਬਜ਼ਾਦੇ ਨੇ ਵੀ ਸ਼ਹੀਦੀ ਪ੍ਰਾਪਤ ਕਰ ਲਈ।

ਸੰਸਾਰ ਵਿਚ ਕੋਈ ਵੀ ਗੁਰੂ, ਰਹਿਬਰ, ਬਾਦਸ਼ਾਹ ਅਜਿਹਾ ਨਹੀਂ ਹੋਇਆ, ਜਿਸ ਨੇ ਮਜ਼ਲੂਮਾਂ ਦੀ ਰਾਖੀ ਖਾਤਰ ਆਪਣੇ ਹੱਥੀਂ ਆਪਣੇ ਪਿਤਾ ਅਤੇ ਪੁੱਤਰਾਂ ਨੂੰ ਸ਼ਹੀਦ ਹੋਣ ਲਈ ਤੋਰਿਆ ਹੋਵੇ। ਰਾਤ ਨੂੰ ਖਾਲਸੇ ਦਾ ਹੁਕਮ ਮੰਨ ਕੇ ਗੁਰੂ ਜੀ ਤਿੰਨ ਸਿੰਘਾਂ ਦੇ ਨਾਲ ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਗਏ। ਬਾਕੀ ਸਿੰਘਾਂ ਨੇ ਸ਼ਾਹੀ ਫ਼ੌਜਾਂ ਦਾ ਮੁਕਾਬਲਾ ਕਰਦਿਆਂ ਹੋਇਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਰਾਹ ਦੇ ਦੁੱਖਾਂ ਤਕਲੀਫਾਂ ਨੂੰ ਝੱਲਦੇ ਹੋਏ ਖਿਦਰਾਣੇ ਦੀ ਢਾਬ, ਜਿਸ ਨੂੰ ਹੁਣ ਮੁਕਤਸਰ ਸਾਹਿਬ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਪੁੱਜੇ, ਉਦੋਂ ਤੀਕ ਵਿੱਛੜੇ ਕੁਝ ਸਾਥੀ ਅਤੇ ਇਲਾਕੇ ਦੀ ਸੰਗਤ ਉਨਾਂ ਦੇ ਨਾਲ ਹੋ ਗਈ। ਜ਼ਾਲਮ ਫ਼ੌਜ ਵੀ ਪਿੱਛਾ ਕਰਦੀ ਇੱਥੇ ਪੁੱਜ ਗਈ। ਘਮਸਾਣ ਦਾ ਯੁੱਧ ਹੋਇਆ। ਮਰਜੀਵੜਿਆਂ ਦੀ ਇਸ ਥੋੜ੍ਹੀ ਜਿਹੀ ਗਿਣਤੀ ਨੇ ਸ਼ਾਹੀ ਫ਼ੌਜਾਂ ਨੂੰ ਪਿੱਛੇ ਮੁੜਨ ਲਈ ਮਜਬੂਰ ਕਰ ਦਿੱਤਾ।

ਇਸੇ ਯੁੱਧ ਵਿਚ ਉਨ੍ਹਾਂ ਚਾਲੀ ਸਿੰਘਾਂ ਨੇ ਵੀ ਬਹਾਦਰੀ ਨਾਲ ਲੜਦਿਆਂ ਸ਼ਹੀਦੀ ਪ੍ਰਾਪਤ ਕੀਤੀ ਜਿਹੜੇ ਅਨੰਦਪੁਰ ਸਾਹਿਬ ਤੋਂ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਆਏ ਸਨ। ਘਰੋਂ ਔਰਤਾਂ ਤੋਂ ਪਈ ਫਿਟਕਾਰ ਨੇ ਉਨ੍ਹਾਂ ਦੀ ਜ਼ਮੀਰ ਨੂੰ ਝੰਜੋੜਿਆ ਤੇ ਉਹ ਗੁਰੂ ਜੀ ਲਈ ਆਪਾ ਵਾਰ ਗਏ। ਗੁਰੂ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਉਮਰ ਸੱਤ ਸਾਲ ਤੇ ਬਾਬਾ ਫਤਹਿ ਸਿੰਘ ਉਮਰ ਪੰਜ ਸਾਲ ਆਪਣੀ ਦਾਦੀ ਮਾਤਾ ਗੁਜਰੀ ਜੀ ਨਾਲ ਸਿਰਸਾ ਨਦੀ ਪਾਰ ਕਰਦੇ ਹੋਏ ਗੁਰੂ ਜੀ ਤੋਂ ਵਿੱਛੜ ਗਏ ਸਨ। ਉਨ੍ਹਾਂ ਨਾਲ ਕੇਵਲ ਗੁਰੂ ਘਰ ਦਾ ਰਸੋਈਆ ਗੰਗੂ ਬ੍ਰਾਹਮਣ ਸੀ। ਉਹ ਇਨ੍ਹਾਂ ਨੂੰ ਮੋਰਿੰਡੇ ਲਾਗੇ ਪੈਂਦੇ ਆਪਣੇ ਪਿੰਡ ਸਹੇੜੀ ਲੈ ਗਿਆ। ਕੁਝ ਸ਼ਾਹੀ ਫ਼ੌਜ ਦਾ ਡਰ ਅਤੇ ਕੁਝ ਇਨਾਮ ਮਿਲਣ ਦੇ ਲਾਲਚ, ਕਾਰਨ ਉਸ ਦੀ ਨੀਅਤ ਵਿਗੜ ਗਈ। ਉਸ ਨੇ ਮਾਤਾ ਜੀ ਤੇ ਬੱਚਿਆਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਇਕ ਬਜ਼ੁਰਗ ਔਰਤ ਤੇ ਦੋ ਮਾਸੂਮ ਬੱਚੇ ਮੁਲਜ਼ਮਾਂ ਦੇ ਰੂਪ ਵਿਚ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਦੇ ਸਾਹਮਣੇ ਪੇਸ਼ ਕੀਤੇ ਗਏ। ਸੂਬੇਦਾਰ ਨੇ ਇਨ੍ਹਾਂ ਨੂੰ ਸਰਹਿੰਦ ਕਿਲ੍ਹੇ ਦੇ ਠੰਢੇ ਬੁਰਜ ਵਿਚ ਕੈਦ ਕਰ ਦਿੱਤਾ। ਇਨ੍ਹਾਂ ਭੁੱਖਿਆਂ ਭਾਣਿਆਂ, ਕੜਾਕੇ ਦੀ ਠੰਢ ਵਿਚ ਬੈਠੀਆਂ ਜਿੰਦਾਂ ਨੂੰ ਗੁਰੂ ਜੀ ਦੇ ਇਕ ਸਿੱਖ ਮੋਤੀ ਰਾਮ ਮਹਿਰਾ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਦੁੱਧ ਛਕਾਇਆ।

ਦੂਜੇ ਦਿਨ ਸਾਹਿਬਜ਼ਾਦਿਆਂ ਨੂੰ ਸੂਬੇਦਾਰ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਧੰਨ ਹੈ ਉਹ ਦਾਦੀ ਮਾਂ ਜਿਸ ਆਪਣੇ ਲਾਡਲਿਆਂ ਨੂੰ ਹੱਥੀਂ ਠੰਢੇ ਬੁਰਜ ਤੋਂ ਜ਼ਾਲਮ ਦੇ ਜ਼ੁਲਮ ਸਹਿਣ ਲਈ ਭੇਜਿਆ। ਸਾਹਿਬਜ਼ਾਦੇ ਚੜ੍ਹਦੀ ਕਲਾ ਵਿਚ ਸਨ ਤੇ ਬੜੀ ਦਲੇਰੀ ਨਾਲ ਕਚਹਿਰੀ ਵਿਚ ਪੇਸ਼ ਹੋਏ। ਉਨ੍ਹਾਂ ਨੂੰ ਗੁਰੂ ਜੀ ਦੇ ਸ਼ਹੀਦ ਹੋਣ ਦੀ ਝੂਠੀ ਖ਼ਬਰ ਦਿੱਤੀ ਗਈ। ਇਸਲਾਮ ਕਬੂਲਣ ਲਈ ਡਰਾਇਆ ਤੇ ਧਮਕਾਇਆ ਗਿਆ। ਜਦੋਂ ਡਰ ਇਨ੍ਹਾਂ ਮਹਾਨ ਰੂਹਾਂ ਨੂੰ ਡਰਾ ਨਾ ਸਕਿਆ ਤਾਂ ਲਾਲਚ ਦਿੱਤੇ ਗਏ, ਪਰ ਸਾਹਿਬਜ਼ਾਦੇ ਅਟੱਲ ਰਹੇ। ਦੂਜੇ ਦਿਨ ਮੁੜ ਕਚਹਿਰੀ ਵਿਚ ਪੇਸ਼ ਹੋਣ ਲਈ ਬੱਚਿਆਂ ਨੂੰ ਠੰਢੇ ਬੁਰਜ ਵਿਚ ਭੇਜ ਦਿੱਤਾ ਗਿਆ। ਦੂਜੇ ਦਿਨ ਸਾਹਿਬਜ਼ਾਦਿਆਂ ਨੂੰ ਸੂਬੇਦਾਰ ਦੇ ਸਾਹਮਣੇ ਫਿਰ ਪੇਸ਼ ਕੀਤਾ ਗਿਆ। ਦੂਜੇ ਦਿਨ ਵੀ ਡਰ, ਜ਼ੁਲਮ ਤੇ ਲਾਲਚ ਮਹਾਨ ਜਿੰਦਾਂ ਨੂੰ ਡੁਲਾ ਨਾ ਸਕਿਆ।

ਸਾਹਿਬਜ਼ਾਦਿਆਂ ਨੇ ਡਰਨ ਦੀ ਥਾਂ ਗੱਜ ਕੇ ਫਤਹਿ ਦਾ ਜੈਕਾਰਾ ਬੁਲਾਇਆ। ਸੂਬੇਦਾਰ ਨੂੰ ਉਮੀਦ ਸੀ ਕਿ ਸਜ਼ਾ ਸੁਣ ਕੇ ਬੱਚੇ ਡੋਲ ਜਾਣਗੇ ਅਤੇ ਇਸਲਾਮ ਕਬੂਲ ਕਰ ਲੈਣਗੇ ਪਰ ਬੱਚਿਆਂ ਦੇ ਮੁੱਖ ਉੱਤੇ ਇਕ ਇਲਾਹੀ ਨੂਰ ਸੀ, ਉਹ ਚੜ੍ਹਦੀ ਕਲਾ ਵਿਚ ਸਨ ਤੇ ਸ਼ਹੀਦੀ ਦਾ ਜਾਮ ਪੀਣ ਲਈ ਤਿਆਰ ਸਨ। ਇੰਝ ਦੋ ਮਾਸੂਮ ਜਿੰਦਾਂ ਨੂੰ ਦੀਵਾਰ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਸੰਸਾਰ ਦੇ ਇਤਿਹਾਸ ਵਿਚ 13 ਪੋਹ ਦਾ ਦਿਨ ਕਾਲੇ ਅੱਖਰਾਂ ਵਿਚ ਲਿਖਿਆ ਗਿਆ ਹੈ। ਜਦੋਂ ਇਹ ਖ਼ਬਰ ਮਾਤਾ ਗੁਜਰੀ ਜੀ ਕੋਲ ਪੁੱਜੀ ਤਾਂ ਉਨ੍ਹਾਂ ਨੇ ਅਕਾਲ ਪੁਰਖ ਦਾ ਸ਼ੁਕਰ ਕਰਦਿਆਂ ਆਪਣੇ ਪ੍ਰਾਣ ਤਿਆਗ ਦਿੱਤੇ। ਕੁਝ ਇਤਿਹਾਸਕਾਰ ਆਖਦੇ ਹਨ ਕਿ ਮਾਤਾ ਜੀ ਬੁਰਜ ਦੇ ਬਾਹਰ ਖੜ੍ਹੇ ਪੋਤਰਿਆਂ ਨੂੰ ਜਾਂਦੇ ਵੇਖ ਰਹੇ ਸਨ। ਜ਼ਾਲਮ ਸਿਪਾਹੀਆਂ ਨੇ ਉਨ੍ਹਾਂ ਨੂੰ ਬੁਰਜ ਤੋਂ ਧੱਕਾ ਦੇ ਦਿੱਤਾ। ਹੇਠ ਡਿਗਦਿਆਂ ਹੀ ਬਜ਼ੁਰਗ ਸਰੀਰ ਨੇ ਪ੍ਰਾਣ ਤਿਆਗ ਦਿੱਤੇ। ਕੇਵਲ ਚਾਰ ਦਹਾਕਿਆਂ ਦੀ ਉਮਰ ਵਿਚ ਹੀ ਗੁਰੂ ਜੀ ਨੇ ਆਪਣਾ ਸਰਬੰਸ ਕੁਰਬਾਨ ਕਰਕੇ ਸੰਸਾਰ ਵਿਚੋਂ ਨਾਬਰਾਬਰੀ ਅਤੇ ਜ਼ੁਲਮ ਦਾ ਅੰਤ ਕੀਤਾ।

* * * * * *

# ਵਿਦੇਸ਼ਾਂ ਵਿੱਚ ਸਿੱਖ ਨਗਰ ਕੀਰਤਨ: ਏਕਤਾ, ਪਹਿਚਾਣ ਅਤੇ ਨਸਲਵਾਦ ਵਿਰੋਧੀ ਸੰਦੇਸ਼ ਦਾ ਜ਼ਬਰਦਸਤ ਮਾਧਿਅਮ



**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**



ਨਿਊਜ਼ੀਲੈਂਡ ਦੇ ਸਾਊਥ ਔਕਲੈਂਡ ਵਿੱਚ ਹਾਲ ਹੀ ਵਿੱਚ ਇੱਕ ਸਿੱਖ ਨਗਰ ਕੀਰਤਨ ਨੂੰ ਨਸਲਵਾਦੀ ਗਰੁੱਪ ਨੇ ਰੋਕਣ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਪੂਰੀ ਦੁਨੀਆ ਵਿੱਚ ਚਰਚਾ ਛਿੜ ਗਈ ਹੈ। ਇਹ ਨਗਰ ਕੀਰਤਨ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਸੀ ਅਤੇ ਇਸ ਨੂੰ ਡੈਸਟਿਨੀ ਚਰਚ ਦੇ ਸੰਸਥਾਪਕ ਬ੍ਰਾਇਨ ਤਮਾਕੀ ਦੇ ਸਮਰਥਕਾਂ ਨੇ ਵਿਰੋਧ ਕੀਤਾ। ਉਨ੍ਹਾਂ ਨੇ ਹਾਕਾ ਡਾਂਸ ਕੀਤਾ ਅਤੇ ਬੈਨਰ ਲਹਿਰਾਏ ਜਿਨ੍ਹਾਂ ਉੱਤੇ ਲਿਖਿਆ ਸੀ "ਇਹ ਨਿਊਜ਼ੀਲੈਂਡ ਹੈ, ਨਾ ਕਿ ਇੰਡੀਆ"। ਪੁਲਿਸ ਨੇ ਵਿਚਕਾਰ ਆ ਕੇ ਮਾਮਲੇ ਨੂੰ ਸੰਭਾਲ ਲਿਆ ਅਤੇ ਨਗਰ ਕੀਰਤਨ ਸ਼ਾਂਤੀ ਨਾਲ ਅੱਗੇ ਵਧਿਆ। ਨੈਸ਼ਨਲ ਪਾਰਟੀ ਦੀ ਐੱਮਪੀ ਨੇ ਤਮਾਕੀ ਦੀ ਨਸਲੀ ਕਾਰਵਾਈ ਨੂੰ ਦੁਖਦਾਈ ਕਰਾਰ ਦਿੱਤਾ ਸੀ ਅਤੇ ਫ੍ਰੀ ਸਪੀਚ ਯੂਨੀਅਨ ਨੇ ਵੀ ਨਿੰਦਾ ਕੀਤੀ। ਇਸ ਘਟਨਾ ਨੇ ਇੱਕ ਵਾਰ ਫਿਰ ਸਿੱਖ ਭਾਈਚਾਰੇ ਨੂੰ ਵਿਦੇਸ਼ਾਂ ਵਿੱਚ ਨਸਲਵਾਦ ਨਾਲ ਨਜਿੱਠਣ ਦੀ ਚੁਣੌਤੀ ਨੂੰ ਉਜਾਗਰ ਕੀਤਾ ਹੈ। ਪਰ ਇਸ ਨੇ ਇਹ ਵੀ ਸਾਬਤ ਕੀਤਾ ਕਿ ਨਗਰ ਕੀਰਤਨ ਵਰਗੇ ਆਯੋਜਨ ਨਾ ਸਿਰਫ਼ ਧਾਰਮਿਕ ਮਹੱਤਵ ਰੱਖਦੇ ਹਨ ਬਲਕਿ ਏਕਤਾ, ਪਹਿਚਾਣ ਅਤੇ ਨਸਲਵਾਦ ਵਿਰੋਧੀ ਸੰਦੇਸ਼ ਨੂੰ ਫੈਲਾਉਣ ਦਾ ਜ਼ਬਰਦਸਤ ਮਾਧਿਅਮ ਬਣ ਚੁੱਕੇ ਹਨ।

ਵਿਦੇਸ਼ਾਂ ਵਿੱਚ ਨਗਰ ਕੀਰਤਨ ਦੀ ਸ਼ੁਰੂਆਤ ਅੰਗਰੇਜ਼ੀ ਰਾਜ ਵੇਲੇ ਤੋਂ ਹੋਈ ਸੀ, ਜਦੋਂ ਸਿੱਖ ਪੁਰਖਿਆਂ ਨੇ ਆਪਣੇ ਧਰਮ ਨੂੰ ਜਾਗ੍ਰਿਤ ਰੱਖਣ ਲਈ ਇਹ ਰਣਨੀਤੀ ਅਪਣਾਈ। ਅੱਜ ਇਹ ਆਧੁਨਿਕ ਰੂਪ ਵਿੱਚ ਯੂਰਪ, ਅਮਰੀਕਾ, ਕੈਨੇਡਾ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿੱਚ ਆਯੋਜਿਤ ਹੁੰਦੇ ਹਨ। ਲੰਡਨ ਦੇ ਸਾਊਥਹਾਲ ਵਿੱਚ ਹਰ ਸਾਲ ਨਿਕਲਣ ਵਾਲਾ ਨਗਰ ਕੀਰਤਨ ਯੂਰਪ ਦਾ ਸਭ ਤੋਂ ਵੱਡਾ ਸਿੱਖ ਇਕੱਠ ਬਣ ਗਿਆ ਹੈ। ਨਿਊਯਾਰਕ ਦੇ ਟਾਈਮਜ਼ ਸਕੁਏਅਰ, ਟੋਰਾਂਟੋ ਦੀ ਯੂਨੀਵਰਸਿਟੀ ਐਵੇਨਿਊ, ਸਿਡਨੀ ਦੇ ਸੈਂਟਰਲ ਬਿਜ਼ਨੈੱਸ ਡਿਸਟ੍ਰਿਕਟ ਅਤੇ ਮੈਲਬਰਨ ਦੇ ਫੈਡਰੇਸ਼ਨ ਸਕੁਏਅਰ ਵਿੱਚ ਇਹ ਜਲਸੇ ਸਥਾਨਕ ਸਭਿਆਚਾਰ ਦਾ ਹਿੱਸਾ ਬਣ ਚੁੱਕੇ ਹਨ। ਇਹ ਨਾ ਸਿਰਫ਼ ਧਾਰਮਿਕ ਪ੍ਰਦਰਸ਼ਨ ਹਨ ਬਲਕਿ ਸਿੱਖ ਨੌਜਵਾਨਾਂ ਨੂੰ ਆਪਣੇ ਇਤਿਹਾਸ, ਗੁਰਬਾਣੀ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਜੋੜਦੇ ਹਨ। ਇੱਕ ਖੋਜ ਮੁਤਾਬਕ, ਕੈਨੇਡਾ ਵਿੱਚ 18-35 ਸਾਲਾਂ ਦੇ 68 ਫੀਸਦੀ ਸਿੱਖ ਨੌਜਵਾਨਾਂ ਨੇ ਕਿਹਾ ਕਿ ਨਗਰ ਕੀਰਤਨ ਵਿੱਚ ਹਿੱਸਾ ਲੈਣ ਨਾਲ ਉਨ੍ਹਾਂ ਨੂੰ ਆਪਣੀ ਪਹਿਚਾਣ ਨਾਲ ਜੁੜੇ ਰਹਿਣ ਵਿੱਚ ਮੱਦਦ ਮਿਲਦੀ ਹੈ।

ਨਗਰ ਕੀਰਤਨ ਸਿੱਖ ਪਹਿਚਾਣ ਨੂੰ ਮਜ਼ਬੂਤ ਕਰਨ ਵਾਲਾ ਇੱਕ ਸੰਗੀਤਮਈ ਅਤੇ ਸਭਿਆਚਾਰਕ ਪ੍ਰਦਰਸ਼ਨ ਹੈ। ਇਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਨਾਲ ਚੱਲਦੇ ਹੋਏ ਸੰਗਤ ਗੁਰਬਾਣੀ ਦੇ ਕੀਰਤਨ ਗਾਉਂਦੀ ਹੈ ਅਤੇ ਲੰਗਰ ਵੰਡ ਕੇ ਮਨੁੱਖਤਾ ਦੀ ਸੇਵਾ ਕਰਦੀ ਹੈ। ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ "ਨਾ ਕੋ ਬੈਰੀ ਨਹੀਂ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ" ਇਨ੍ਹਾਂ ਜਲਸਿਆਂ ਰਾਹੀਂ ਵਿਦੇਸ਼ੀ ਗਲੀਆਂ ਵਿੱਚ ਗੂੰਜਦਾ ਹੈ। ਸਿੱਖ ਧਰਮ ਦਾ ਮੂਲ ਸੰਦੇਸ਼ ਹੈ ਕਿ ਸਾਰੇ ਮਨੁੱਖ ਇੱਕ ਅਕਾਲ ਪੁਰਖ ਦੀ ਸੰਤਾਨ ਹਨ ਅਤੇ ਬਰਾਬਰੀ ਦੇ ਹੱਕਦਾਰ ਹਨ। ਇਸ ਸੰਦੇਸ਼ ਨੂੰ ਲੈ ਕੇ ਸਿੱਖ ਭਾਈਚਾਰਾ ਵਿਦੇਸ਼ਾਂ ਵਿੱਚ ਲੰਗਰ ਦੀ ਸੇਵਾ, ਬੇਘਰ ਲੋਕਾਂ ਲਈ ਭੋਜਨ ਵੰਡਣਾ, ਬਲੱਡ ਡੋਨੇਸ਼ਨ ਕੈਂਪ ਅਤੇ ਵਾਤਾਵਰਣ ਸੰਭਾਲ ਦੇ ਪ੍ਰੋਗਰਾਮ ਚਲਾਉਂਦਾ ਹੈ। 2023 ਵਿੱਚ ਲੰਡਨ ਨਗਰ ਕੀਰਤਨ ਵਿੱਚ ਸਿੱਖਾਂ ਨੇ 12,000 ਤੋਂ ਵੱਧ ਲੰਗਰ ਪੈਕੇਟ ਵੰਡੇ, ਜਿਨ੍ਹਾਂ ਵਿੱਚ ਬਹੁਤੇ ਗੈਰ-ਸਿੱਖ ਪਰਿਵਾਰਾਂ ਨੂੰ ਮਿਲੇ। ਇਸ ਤਰ੍ਹਾਂ ਨਗਰ ਕੀਰਤਨ ਧਾਰਮਿਕ ਨਹੀਂ ਬਲਕਿ ਮਨੁੱਖਤਾ ਦੀ ਸੇਵਾ ਦਾ ਮਾਧਿਅਮ ਬਣਦੇ ਹਨ।

ਨਸਲਵਾਦ ਵਿਰੁੱਧ ਸਿੱਖਾਂ ਦੀ ਲੜਾਈ 9/11 ਤੋਂ ਬਾਅਦ ਵਧੀ ਹੈ। ਪੱਗ ਅਤੇ ਦਾੜ੍ਹੀ ਕਾਰਨ ਸਿੱਖਾਂ ਨੂੰ ਗਲਤਫਹਿਮੀਆਂ ਨਾਲ ਨਜਿੱਠਣਾ ਪੈਂਦਾ ਹੈ। ਇਸ ਦੇ ਜਵਾਬ ਵਿੱਚ ਨਗਰ ਕੀਰਤਨ ਅਤੇ ਜਾਗਰੂਕਤਾ ਮੁਹਿੰਮਾਂ ਨੇ ਭੂਮਿਕਾ ਨਿਭਾਈ ਹੈ। 2024 ਵਿੱਚ ਅਮਰੀਕਾ ਵਿੱਚ ਸਿੱਖ ਕੋਲੀਸ਼ਨ ਫਾਰ ਸਿਵਲ ਰਾਈਟਸ ਨੇ 50 ਸਕੂਲਾਂ ਵਿੱਚ ਸਿੱਖ ਧਰਮ ਬਾਰੇ ਪ੍ਰੋਗਰਾਮ ਚਲਾਏ, ਜਿਸ ਨਾਲ ਬੁਲਿੰਗ ਘਟੀ ਹੈ। ਯੂਕੇ ਵਿੱਚ ਸਿੱਖ ਫੈਡਰੇਸ਼ਨ ਨੇ ਪੁਲਿਸ ਅਤੇ ਸਰਕਾਰ ਨਾਲ ਮਿਲ ਕੇ ਧਾਰਮਿਕ ਪ੍ਰਤੀਕਾਂ ਨੂੰ ਮਾਨਤਾ ਦਿਵਾਈ ਸੀ। ਨਗਰ ਕੀਰਤਨ ਵਿੱਚ ਹੁਣ ਸਿੱਖਾਂ ਦਾ ਹੋਰ ਘੱਟਗਿਣਤੀ ਗਰੁੱਪਾਂ ਨਾਲ ਗਠਜੋੜ ਵਧ ਰਿਹਾ ਹੈ। 2024 ਵਿੱਚ ਟੋਰਾਂਟੋ ਨਗਰ ਕੀਰਤਨ ਵਿੱਚ ਬਲੈਕ ਲਾਈਵਜ਼ ਮੈਟਰ ਅਤੇ ਇੰਡੀਜੀਨਸ ਭਾਈਚਾਰਿਆਂ ਨੂੰ ਸਨਮਾਨਿਤ ਕੀਤਾ ਗਿਆ। ਇਹ ਨਗਰ ਕੀਰਤਨ ਨਸਲਵਾਦ ਵਿਰੋਧੀ ਲੜਾਈ ਵਿੱਚ ਏਕਤਾ ਦਾ ਪ੍ਰਤੀਕ ਬਣਦੇ ਹਨ।

ਡਾਇਸਪੋਰਾ ਵਿੱਚ ਸਿੱਖ ਧਰਮ ਦਾ ਭਵਿੱਖ ਡਿਜੀਟਲ ਪਲੇਟਫਾਰਮਾਂ ਨਾਲ ਜੁੜ ਰਿਹਾ ਹੈ। ਯੂਨਾਈਟਿਡ ਸਿੱਖਸ, ਸਿੱਖ ਰਾਈਟਸ ਗਰੁੱਪ ਅਤੇ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵਰਗੀਆਂ ਸੰਸਥਾਵਾਂ ਆਨਲਾਈਨ ਸਿੱਖਿਆ, ਗੁਰਬਾਣੀ ਅਨੁਵਾਦ ਅਤੇ ਅੰਤਰ-ਧਰਮ ਸੰਵਾਦ ਚਲਾ ਰਹੀਆਂ ਹਨ। ਨਗਰ ਕੀਰਤਨ ਨੂੰ ਧਾਰਮਿਕ ਅਤੇ ਸਮਾਜ ਸੇਵਾ ਨਾਲ ਜੋੜਨਾ ਚਾਹੀਦਾ, ਨਾ ਕਿ ਸਿਆਸੀ ਮੁੱਦਿਆਂ ਨਾਲ। ਅੱਜ ਦੇ ਹਾਲਾਤ ਵਿੱਚ ਸਿੱਖਾਂ ਨੂੰ ਵਿਦੇਸ਼ਾਂ ਵਿੱਚ ਸਾਰੀਆਂ ਘੱਟਗਿਣਤੀਆਂ ਅਤੇ ਬਹੁਗਿਣਤੀ ਨਾਲ ਨੇੜਤਾ ਬਣਾਉਣੀ ਚਾਹੀਦੀ ਹੈ ਤਾਂ ਜੋ ਤਮਾਕੀ ਵਰਗੇ ਨਸਲਵਾਦੀ ਸਫਲ ਨਾ ਹੋਣ। ਨਗਰ ਕੀਰਤਨਾਂ ਦੀ ਥਾਂ ਗੁਰਦੁਆਰਿਆਂ ਵਿੱਚ ਸਾਰੇ ਧਰਮਾਂ ਦੇ ਲੀਡਰਾਂ ਨੂੰ ਬੁਲਾ ਕੇ ਸਨਮਾਨਿਤ ਕਰਨਾ ਅਤੇ ਅੰਤਰ-ਧਰਮ ਵਿਚਾਰ ਵਟਾਂਦਰੇ ਕਰਨੇ ਚਾਹੀਦੇ ਹਨ। ਗੁਰੂ ਨਾਨਕ ਜੀ ਦੇ ਸਿਧਾਂਤਾਂ - ਸਰਬੱਤ ਦੇ ਭਲੇ, ਕਿਰਤ ਕਰੋ, ਵੰਡ ਛਕੋ, ਨਾਮ ਜਪੋ - ਨੂੰ ਲੋਕਾਂ ਤੱਕ ਪਹੁੰਚਾਉਣਾ ਚਾਹੀਦਾ ਹੈ। ਮਨੁੱਖੀ ਅਧਿਕਾਰਾਂ ਦੇ ਰਾਖੇ ਨੂੰ ਧਰਮਾਂ ਅਤੇ ਨਸਲਾਂ ਤੋਂ ਉੱਪਰ ਉਠ ਕੇ ਸਨਮਾਨਿਤ ਕਰਨਾ ਚਾਹੀਦਾ ਤਾਂ ਜੋ ਸਿੱਖ ਪੰਥ ਦੀ ਸਾਂਝੀਵਾਲਤਾ ਦੀ ਲਹਿਰ ਅਗੇ ਵਧੇ। ਦਸਵੰਧ ਦੀ ਰਕਮ ਜ਼ਰੂਰਤਮੰਦ ਸਿੱਖਾਂ ਅਤੇ ਗੈਰ-ਸਿੱਖਾਂ ਉੱਤੇ ਖਰਚ ਕਰਨੀ ਚਾਹੀਦੀ ਹੈ।

ਸਿੱਖਾਂ ਨੂੰ ਇੱਕ ਸਰਬ ਪ੍ਰਵਾਨਿਤ ਗਲੋਬਲ ਸਿੱਖ ਸੰਸਥਾ ਬਣਾਉਣੀ ਚਾਹੀਦੀ ਹੈ, ਜਿਸ ਵਿੱਚ ਵਰਲਡ ਸਿੱਖ ਕੌਂਸਲ, ਸਿੱਖ ਕੋਲੀਸ਼ਨ ਅਤੇ ਹੋਰ ਕੌਮਾਂਤਰੀ ਜਥੇਬੰਦੀਆਂ ਨੂੰ ਜੋੜਨਾ ਚਾਹੀਦਾ ਹੈ। ਇਸ ਵਿੱਚ ਦੁਨੀਆ ਭਰ ਦੇ ਸਿੱਖ ਐੱਮਪੀਜ਼, ਵਿਧਾਇਕ, ਉੱਚ ਅਧਿਕਾਰੀ, ਧਨਾਢ ਸਿੱਖ, ਬੁੱਧੀਜੀਵੀ ਅਤੇ ਮੀਡੀਆ ਹਸਤੀਆਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਇੱਕ ਅੰਤਰਰਾਸ਼ਟਰੀ ਫੰਡ ਵੀ ਬਣਾਉਣਾ ਚਾਹੀਦਾ ਹੈ ਜੋ ਦੁਨੀਆ ਵਿੱਚ ਕਿਸੇ ਵੀ ਧਰਮ ਦੇ ਲੋਕਾਂ ਦੀ ਮੁਸੀਬਤ ਵਿੱਚ ਪਹਿਲਾਂ ਮੱਦਦ ਕਰੇ। ਸਿੱਖ ਲੀਡਰਸ਼ਿਪ ਨੂੰ ਤਮਾਕੀ ਵਿਰੋਧੀਆਂ ਨਾਲ ਮਿਲ ਕੇ ਜਾਣਕਾਰੀ ਲੈਣੀ ਚਾਹੀਦੀ ਅਤੇ ਉਸ ਦੇ ਕਾਰਨਾਮਿਆਂ ਬਾਰੇ ਸਬੂਤ ਇਕਠੇ ਕਰਕੇ ਨਿਊਜ਼ੀਲੈਂਡ ਸਕਿਊਰਿਟੀ ਇੰਟੈਲੀਜੈਂਸ ਸਰਵਿਸ ਨੂੰ ਜਾਂਚ ਲਈ ਸ਼ਿਕਾਇਤ ਕਰਨੀ ਚਾਹੀਦੀ ਹੈ। ਜੇ ਸਰਕਾਰ ਸਬੂਤ ਘੱਟ ਮੰਨੇ ਤਾਂ ਪ੍ਰਾਈਵੇਟ ਏਜੰਸੀ ਤੋਂ ਜਾਂਚ ਕਰਵਾ ਕੇ ਸਬੂਤ ਇਕੱਠੇ ਕਰਨੇ ਚਾਹੀਦੇ ਹਨ। ਇਸ ਨਾਲ ਇਹ ਵੀ ਪਤਾ ਲੱਗੇਗਾ ਕਿ ਕਿਤੇ ਇਸ ਪਿੱਛੇ ਸਿੱਖਾਂ ਵਿਰੁੱਧ ਅੰਤਰਰਾਸ਼ਟਰੀ ਸਾਜ਼ਿਸ਼ ਤਾਂ ਨਹੀਂ ਚੱਲ ਰਹੀ।

ਕੀ ਸਿੱਖਾਂ ਨੂੰ ਨਗਰ ਕੀਰਤਨ ਬੰਦ ਕਰਨੇ ਚਾਹੀਦੇ ਹਨ ਜਾਂ ਇਸ ਦੀ ਰੂਪਰੇਖਾ ਬਦਲੀ ਜਾਵੇ? ਬਹੁਗਿਣਤੀ ਵਿਦਵਾਨਾਂ ਦੀ ਰਾਏ ਹੈ ਕਿ ਨਗਰ ਕੀਰਤਨ ਬੰਦ ਨਹੀਂ ਕਰਨੇ ਚਾਹੀਦੇ ਬਲਕਿ ਉਨ੍ਹਾਂ ਨੂੰ ਵਧੇਰੇ ਮਨੁੱਖਤਾ ਪਖੀ ਬਣਾਉਣਾ ਚਾਹੀਦਾ ਹੈ। ਇਨ੍ਹਾਂ ਦੇ ਫਾਇਦੇ ਬਹੁਤ ਹਨ - ਏਕਤਾ ਵਧਾਉਣਾ, ਪਹਿਚਾਣ ਮਜ਼ਬੂਤ ਕਰਨਾ ਅਤੇ ਨਸਲਵਾਦ ਵਿਰੋਧੀ ਸੰਦੇਸ਼ ਫੈਲਾਉਣਾ। ਪਰ ਯੋਜਨਾਬੰਦੀ ਵਿੱਚ ਸੁਧਾਰ ਲਿਆਉਣਾ ਚਾਹੀਦਾ ਹੈ ਜਿਵੇਂ ਸਥਾਨਕ ਭਾਈਚਾਰਿਆਂ ਨੂੰ ਸ਼ਾਮਲ ਕਰਨਾ, ਪੁਲਿਸ ਨਾਲ ਪਹਿਲਾਂ ਤੋਂ ਸਹਿਯੋਗ ਅਤੇ ਡਿਜੀਟਲ ਮੀਡੀਆ ਰਾਹੀਂ ਜਾਗਰੂਕਤਾ। ਵਰਲਡ ਲੈਵਲ ਦੀ ਜਥੇਬੰਦੀ ਬਣਾਉਣ ਲਈ ਸਿੱਖ ਆਗੂਆਂ ਨੂੰ ਇੱਕ ਮੰਚ ਤੇ ਆਉਣਾ ਚਾਹੀਦਾ ਹੈ ਅਤੇ ਨਸਲਵਾਦੀ ਗਰੁੱਪਾਂ ਵਿਰੁੱਧ ਕਾਨੂੰਨੀ ਉਪਰਾਲੇ ਕਰਨੇ ਚਾਹੀਦੇ ਹਨ। ਇਸ ਤਰ੍ਹਾਂ ਨਗਰ ਕੀਰਤਨ ਸਿੱਖ ਧਰਮ ਨੂੰ ਵਿਸ਼ਵ ਪੱਧਰ ਤੇ ਮਜ਼ਬੂਤ ਕਰਨ ਵਿੱਚ ਯੋਗਦਾਨ ਪਾਉਣਗੇ।

***

# LETTER TO EDITOR

**Dear Editorial Team**

A brief article in the Punjab Times (Issue No. 3019; 11 December 2025, page 43) has sought to alert people regarding the issue of misinformation and disinformation. Hardial Singh Dhumdhet of Supreme Sikh Council UK is expressing genuine concern on the back of Dr. Piara Lal Garg's recent commentary. Sikh 'Chintaks' have long warned us about continuing misrepresentation of Sikh history and Gurbani. This issue is not new! Baldev Singh Sarsa has regularly highlighted the issue of NCERT books containing inaccurate and offensive information on Sikhs. Bhai Atinderpal Singh has further highlighted the issue of a controversial book on Guru Teg Bahadur (in Devnagri script, 2007) published under the SGPC logo. In a recent YouTube video, Justice Ranjit Singh also gave a damming verdict on the said book. Furthermore, there is widespread evidence of historical revisionism occurring in recent functions commemorating the Shaheed Diwas of our 9th Guru Teg Bahadur. One can only assume that the 1984 carnage has been forgotten?

It has to be said that there are clear shortcomings of the Shiromani Gurdwara Parbhandhak Committee (SGPC), tantamount to unaccountability. Various Panthic organizations and prominent individuals should pressure the SGPC to 'up their game'. A board of academics should monitor and evaluate any literature that is printed/published under their logo. There needs to be heightened vigilance in all pending publications before they hit the market. This would avoid the complicated and extended legal course in cases like the latest version of the Mahan Kosh. Amarjit Singh should be lauded for his successful campaign resulting in the withdrawal. Although, previously sold copies remain in circulation! Repeated challenges like these are wearing out the moral of the Sikh Qaum, which is in need of an intellectual and strategic boost.

Interestingly, there was an announcement in the Gurdwara Gazette (both Oct & Nov 2025 issues) of an outreach office of the SGPC to be based in the Khalsa Panth Academy, Birmingham UK. The stated aim of this 'office' is to facilitate communication between diaspora Sikh community and the SGPC. Maybe, in the spirit of cross-institutional collaboration, the Supreme Sikh Council UK could use this channel to spearhead a new era of accountability? As a matter of principle, all Sikh organizations should embrace their responsibility by joining in this endeavour.

**EVALUATING NAGAR KIRTANS; A personal view**

There is no historical tradition of Nagar Kirtans during the period of Sikh Gurus time period of 239 years. Baba Budha Ji and his companions did a daily "Shabad Chownki' (devotional singing) during the incarceration of the 6th Guru Hargobind Ji in Gowalior. This was an act of defiance and as a means to maintain morale of Sikhs who had accompanied the Guru to Gowalior. Then there was a procession led by Guru Gobind Singh Ji of a two thousand strong cavalry to Hardwar on Vaisakhi in 1995. This again was in defiance of Emperor Aurangzeb's oppressive measures upon minority communities.

Bhai Randhir Singh Ji of the Akhand Kirtani Jatha used to do Gurbani Kirtan from village to village promoting Sikh values in the early 1900's. Similarly, Sant Attar Singh Mastuana was also used the same methodology for his Parchar. The modern Nagar Kirtan tradition only started post independence (1947), perhaps in response to the 'sidelining' of Sikhs in the post partition era. 4-5 local villages would come together and arrange a programme of Diwans (approximately 60-90 minutes) at each destination. The primary aim was religious propagation in terms of identity and unity of the Panth.

Following a guilty verdict regarding election fraud (1975), Indira Gandhi had introduced autocratic legislation preventing large gatherings. Sant Kartar Singh Bhinderwale famously ridiculed this carrying out 22 separate Nagar Kirtans in various parts of Punjab. As a commemoration of Guru Teg Bahadur's martyrdom, the SGPC arranged a procession from Anandpur Sahib to Ramlila Maidaan, Delhi. It is on this occasion that Sant Kartar Singh Bhinderwale famously spoke a few home truths to Indira Gandhi and a sharp rebuke to the behaviour of Sikh leadership.

In recent times diaspora communities have exported this tradition from the Punjab in order to gain validation within their respective host countries. My first memory of a Nagar Kirtan in the UK is in the autumn of 1969 (Guru Nanak's 500th birth celebration), procession started from the Guru Nanak Gurdwara (Smethwick) and reaching the Town Hall of Birmingham. Gian Singh Surjeet sang a couple of Kavtaavn/Shabad and a few speeches by various opinion formers to the gathered sangat and a stage occupied by local civic dignitaries. This event spurred things to flourish, turning them into vibrant spectacles. Unfortunately, the local Gurdwaras collaborations are increasingly replaced by competitive zeal. In my view, these processions have deviated from their original religious aims to, more of salubrious entertainment?

In view of increasing worldwide political polarization and decreasing tolerance will inevitably increase the likelihood of altercations and even possible violence. Now it has become necessary to balance safety and security concerns for the organizers, ultimately questioning the risk/benefit trade off. A recent confrontation of a Nagar Kirtan in New Zealand should encourage the Sikh Qaum to evaluate the entire tradition? It was only last year when there were many people injured when a food stall caught fire as a result of a gas explosion. It is worth noting that the impact of road closures, bringing fair amount of complaints from local residents.

It is time to align aims and objectives to alternative functions/activities, which may prove to be more productive. Every Gurdwara committee should review their effort and expenditure against their objectified criteria. This will need to be followed by 'blue sky thinking' exercise for change with built in critical evaluation. I can already feel the discomfort and possible resentment of people in authority within Gurdwaras. Whilst thinking people are only a tiny minority, they are acutely cognisant to provoke institutional leadership. This is not meant to be mischievous but duty bound for future generations.

## A Case for prioritizing Education provision

It is widely acknowledged that lives are getting with less time for social wellbeing and relaxation. It is therefore inevitable that stress levels hit the roof and people loosing control in their lives. Majority of the sangat attending Gurdwaras seek a sanctuary for peace of mind without necessarily understanding the content or context of Gurbani. Candid discussions reveal parenting challenges in convincing their offspring to abide by Sikhi norms and values. This is particularly relevant amongst youngsters trying to succeed in a competitive education system and subsequent careers. It is difficult to criticize this approach given the mindset within a system that values material success above spiritual/ethical development.

The lack of nurturing of Sikhi in the early years can rarely be made up later in life? The Gurdwaras lack learning spaces, libraries and adequately trained teachers and mentors. There is an absence of a stage-structured curriculum, which should be running in parallel to the formal schools. The next generation is set to be mentally fragile, less capable in forming relationships and significantly lacking compassion. The over reliance of monologues from our stages is failing amongst the alienated youth. I would like to see collaborative approaches to religious education form Sikh institutions, TV channels and Gurdwaras throughout the UK.

The young people can be lured, persuaded and cajoled to participate if, there were to be a vastly improved student-centered learning environment linked to accredited outcomes (UCAS points, Duke of Edinburgh scheme etc.). Harjinder Lallie has worked diligently for years and recently achieved recognition and accreditation for Gurbani Kirtan. Punjab Times as the only UK based Punjabi publication could champion teaching of the Gurmukhi script as part of their business plan? The 4 R's formula (Reason, Routine, Resources and Reflection) enacted through active reading, writing, speaking and listening should be the educational methodology within Gurdwara classrooms. TV channels should be holding annual competitions with prizes to young people demonstrating Gurmakhi language proficiency.

The Panth needs to initialize a seismic change in their attitude and future outlook, which will require a collective effort. Seize the moment an inclusive approach There needs to be an inclusive approach to Sikhi in order to achieve true meaning to our lives.

**Jagroop Singh**
**Informal and independent learner of Sikh Studies.**
**Conflict of interest - none**

# ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਆਤਮ ਪੜਚੋਲ !

ਇਕਬਾਲ ਸਿੰਘ ਲਾਲਪੁਰਾ
9780003333



26 ਦਸੰਬਰ-ਇਹ ਸਿਰਫ਼ ਇੱਕ ਤਾਰੀਖ਼ ਨਹੀਂ, ਇਹ ਸਿੱਖ ਸਮਾਜ ਲਈ ਆਪਣੀ ਅਕਲ ਅਤੇ ਅਕਾਲਪੁਰਖੀ ਸੋਚ ਦੀ ਪਰਖ ਦਾ ਦਿਨ ਹੈ। ਸਰਹਿੰਦ ਦੇ ਠੰਢੇ ਬੁਰਜਾਂ ਵਿੱਚ ਦੋ ਨੰਨ੍ਹੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਾਨੂੰ ਅੱਜ ਵੀ ਸਵਾਲ ਕਰਦੀ ਹੈ-ਕੀ ਅਸੀਂ ਆਪਣੇ ਵਿਰਸੇ ਨਾਲ ਇਨਸਾਫ਼ ਕੀਤਾ ਹੈ ? ਕੁੱਝ ਸਾਲ ਪਹਿਲਾਂ ਇਸ ਇਤਿਹਾਸ ਨਾਲ ਸੰਬੰਧਿਤ ਇਕ ਕਵਿਤਾ ਲਿਖੀ ਸੀ। ਮੇਰੀ ਕਵਿਤਾ "ਜ਼ੁੰਮੇਵਾਰ ਮੈਂ ਹਾਂ !!" ਇਸੀ ਸਵਾਲ ਦਾ ਖੁੱਲ੍ਹਾ ਇਤਰਾਫ਼ ਹੈ। ਦੋਸ਼ ਕਿਸੇ ਹੋਰ ਉੱਤੇ ਨਹੀਂ, ਸਿੱਧਾ ਆਪਣੇ ਉੱਤੇ ਆਉਂਦਾ ਹੈ, ਅਸੀਂ ਜੋ ਸਿੱਖ ਅਖਵਾਉਂਦੇ ਹਾਂ। ਕਵਿਤਾ ਦੇ ਸ਼ਬਦ ਸਨ :-

"ਬੱਚੇ ਕ੍ਰਿਸਮਿਸ ਟਰੀ ਤੇ
ਗਿਫ਼ਟ ਚਿਣ ਰਹੇ ਸਨ,
ਦੀਵਾਰਾਂ ਚ ਚਿਣੇ ਬਾਲ
ਉਹਨਾਂ ਨੂੰ ਯਾਦ ਨਹੀਂ ਸਨ"

ਮੇਰੀ ਕਲਮ ਦੀਆਂ ਇਹ ਪੰਕਤੀਆਂ ਕਿਸੇ ਤਿਉਹਾਰ ਦੇ ਵਿਰੋਧ ਵਿੱਚ ਨਹੀਂ ਹਨ, ਗੱਲ ਤਰਜੀਹਾਂ ਦੀ ਹੈ। ਜਦੋਂ ਬੱਚੇ ਤੋਹਫ਼ੇ ਚੁਣ ਰਹੇ ਹਨ, ਅਸੀਂ ਉਹਨਾਂ ਨੂੰ ਇਹ ਨਹੀਂ ਦੱਸਿਆ ਕਿ ਇਤਿਹਾਸ ਵਿੱਚ ਕੁਝ ਬੱਚੇ ਇਨਸਾਫ਼ ਲਈ ਦੀਵਾਰਾਂ ਵਿੱਚ ਚੁਣੇ ਗਏ ਸਨ। ਗਲਤੀ ਬੱਚਿਆਂ ਦੀ ਨਹੀਂ-ਚੁੱਪ ਸਾਡੀ ਹੈ।

"ਘਰ ਸੱਦੇ ਹੋਏ ਮਹਿਮਾਨਾਂ ਨੂੰ
ਚਾਹ ਪਾਣੀ ਪਿਆ ਰਹੇ ਸਨ,
ਠੰਡੇ ਬੁਰਜ ਵਿਚ ਭੁਖੇ
ਸਾਹਿਬਜ਼ਾਦੇ ਕਿਸੇ ਨੂੰ ਯਾਦ ਨਹੀਂ ਸਨ"

ਅਸੀਂ ਰਸਮਾਂ ਨਿਭਾਈਆਂ, ਪਰ ਯਾਦ ਨਹੀਂ। ਮਹਿਮਾਨਨਵਾਜ਼ੀ ਸਾਡੀ ਤਾਕਤ ਹੈ, ਪਰ ਇਤਿਹਾਸਕ ਯਾਦਦਾਸ਼ਤ ਸਾਡੀ ਕਮਜ਼ੋਰੀ ਬਣ ਗਈ। ਠੰਢੇ ਬੁਰਜਾਂ ਵਿੱਚ ਭੁੱਖੇ ਸਾਹਿਬਜ਼ਾਦਿਆਂ ਦੀ ਗਾਥਾ ਘਰਾਂ ਦੀ ਗੱਲਬਾਤ ਤੋਂ ਗਾਇਬ ਰਹੀ।

"ਗਿਫ਼ਟ ਲਿਆਉਣ ਵਾਲੀ
ਦਾਦੀ ਨੂੰ ਲਵ ਯੂ ਕਹਿ ਰਹੇ ਸਨ,
ਠੰਡੇ ਬੁਰਜਾਂ ਵਾਲੀ ਦਾਦੀ
ਗੁਜਰੀ ਕਿਸੇ ਨੂੰ ਯਾਦ ਨਹੀਂ ਸੀ,"

ਪਿਆਰ ਦੇ ਸ਼ਬਦ ਸਿੱਖਾ ਦਿੱਤੇ ਗਏ, ਪਰ ਕੁਰਬਾਨੀ ਦੀ ਕਹਾਣੀ ਨਹੀਂ। ਮਾਤਾ ਗੁਜਰੀ ਜੀ-ਜਿਨ੍ਹਾਂ ਨੇ ਅਕਥ ਠੰਢ ਅਤੇ ਦਰਦ ਵਿੱਚ ਵੀ ਧਰਮ ਨਹੀਂ ਛੱਡਿਆ-ਸਾਡੀ ਸਮੂਹਕ ਯਾਦ ਤੋਂ ਨਿਕਲ ਗਈਆਂ ਹਨ ।

"ਕੇਕ ਕੱਟਣ ਦੀ ਕਾਹਲੀ ਸੀ,
ਪਰ ਚਮਕੌਰ ਵਿਚ ਸੀਸ ਕਟਾਉਣ
ਵਾਲਿਆਂ ਦਾ ਜਿਕਰ ਨਹੀਂ ਸੀ,"

ਸਮੱਸਿਆ ਕੇਕ ਨਹੀਂ, ਸਮੱਸਿਆ ਤਰਜੀਹ ਹੈ। ਚਮਕੌਰ ਦੀ ਧਰਤੀ 'ਤੇ ਸੀਸ ਕਟਾਉਣ ਵਾਲੇ ਗੁਰੂਪੁੱਤਰ ਸਾਡੀ ਆਜ਼ਾਦ ਸੋਚ ਦੀ ਨੀਂਵ ਹਨ, ਪਰ ਅਸੀਂ ਉਨ੍ਹਾਂ ਦਾ ਜ਼ਿਕਰ ਕਰਨਾ ਜ਼ਰੂਰੀ ਨਹੀਂ ਸਮਝਿਆ।

"ਸੈਂਟੇ ਵਾਲੀ ਲਾਲ ਟੋਪੀ ਸਿਰ ਤੇ
ਲੈ ਘੁੰਮਣ ਵਾਲਿਆਂ ਨੂੰ
ਕੇਸ ਤੇ ਦਸਤਾਰ ਤੋਂ ਐਲਰਜੀ
ਮਹਿਸੂਸ ਹੁੰਦੀ ਸੀ,"

ਇਹ ਕੜਵਾ ਸੱਚ ਹੈ। ਦੂਜੀ ਸੰਸਕ੍ਰਿਤੀ ਦੇ ਚਿੰਨ੍ਹ ਅਸਾਨੀ ਨਾਲ ਅਪਣਾਏ ਜਾਂਦੇ ਹਨ, ਪਰ ਆਪਣੀ ਪਛਾਣ ਨਾਲ ਅਸਹਿਜਤਾ ਮਹਿਸੂਸ ਹੁੰਦੀ ਹੈ। ਦਸਤਾਰ ਸਿਰਫ਼ ਪਹਿਰਾਵਾ ਨਹੀਂ-ਇਹ ਜ਼ਿੰਮੇਵਾਰੀ ਹੈ, ਜੋ ਅਸੀਂ ਨਿਭਾਉਣ ਤੋਂ ਕਤਰਾ ਰਹੇ ਹਾਂ ।


"ਨਰਮ ਗੱਦਿਆਂ ਤੇ
ਸੌਣ ਵਾਲਿਆਂ ਨੂੰ ਮਾਛੀਵਾੜੇ ਦੇ
ਜੰਗਲਾਂ ਚ ਕੰਡਿਆਂ ਦੀ ਸੇਜ ਤੇ
ਸੁੱਤਾ ਬਾਪੂ ਚੇਤੇ ਨਹੀਂ ਸੀ,"

ਮਾਛੀਵਾੜੇ ਦਾ ਜੰਗਲ ਗੁਰੂ ਪਿਤਾ ਦੀ ਤਿਆਗਮਈ ਅਗਵਾਈ ਦੀ ਪਰਿਭਾਸ਼ਾ ਹੈ। ਆਰਾਮ ਦੀ ਜ਼ਿੰਦਗੀ ਵਿੱਚ ਅਸੀਂ ਉਸ ਤਿਆਗ ਨੂੰ ਯਾਦ ਰੱਖਣ ਦੀ ਲੋੜ ਮਹਿਸੂਸ ਨਹੀਂ ਕੀਤੀ।

"ਘਰ ਚ ਡੀ ਜੇ ਖੜਕਾਉਣ ਵਾਲਿਆਂ ਨੂੰ
ਇੱਟ ਨਾਲ ਇੱਟ ਖੜਕਾਉਣ ਵਾਲਾ
ਬੰਦਾ ਸਿੰਘ ਬਹਾਦਰ ਵਿਸਰਿਆ ਪਿਆ ਸੀ"

ਸ਼ੋਰ ਵਿੱਚ ਇਨਕਲਾਬ ਦੀ ਆਵਾਜ਼ ਦਬ ਗਈ। ਬਾਬਾ ਬੰਦਾ ਸਿੰਘ ਬਹਾਦਰ ਸਾਨੂੰ ਨਿਆਂ ਅਤੇ ਹਿੰਮਤ ਦੀ ਰਾਜਨੀਤੀ ਸਿਖਾਉਂਦੇ ਹਨ, ਪਰ ਅਸੀਂ ਉਸ ਇਤਿਹਾਸ ਨੂੰ ਸੰਗੀਤ ਦੇ ਸ਼ੋਰ ਵਿੱਚ ਗੁਆ ਦਿੱਤਾ।

"ਬੀਬੀਆਂ ਕ੍ਰਿਸਮਸ
ਪਾਰਟੀ ਲਈ ਸਜੀਆਂ ਸਨ
ਲਾਹੌਰ ਬਚਿਆ ਦੀਆਂ ਲਾਸ਼ਾਂ
ਤੇ ਸਵਾ ਸਵਾ ਮਣ ਪੀਸਣੇ
ਦੀ ਗਾਥਾ ਕਿਸ ਦੇ ਯਾਦ ਸੀ !!"



ਸਿੱਖ ਮਾਵਾਂ ਦੀ ਕੁਰਬਾਨੀ-ਚੱਕੀਆਂ ਵਿੱਚ ਪੀਸੀਆਂ ਗਈਆਂ ਮਾਵਾਂ, ਲਾਹੌਰ ਦੀਆਂ ਲਾਸ਼ਾਂ ਕੀ ਸਾਡੀ ਸਾਂਝੀ ਯਾਦ ਦਾ ਹਿੱਸਾ ਨਹੀਂ ਹੋਣੀ ਚਾਹੀਦੀ ਸੀ। ਪਰ ਅਸੀਂ ਉਸ ਦਰਦ ਨੂੰ ਹਾਸ਼ੀਏ 'ਤੇ ਧੱਕ ਦਿੱਤਾ।

ਕਵਿਤਾ ਦਾ ਸਭ ਤੋਂ ਵੱਡਾ ਸਵਾਲ ਹੈ-

"ਪਰ ਉਹ ਤਾਂ ਬੱਚੇ ਸਨ,
ਉਹਨਾਂ ਦਾ ਕਸੂਰ ਨਹੀਂ ਸੀ,
ਦਸਣਾ ਤਾਂ ਮੇਰਾ ਫਰਜ ਸੀ,
ਫੇਰ ਕਸੂਰ ਮੇਰਾ ਹੀ ਸੀ।"

ਇਹ ਲਾਈਨਾਂ ਸਾਰੀ ਜ਼ਿੰਮੇਵਾਰੀ ਦਾ ਭਾਰ ਸਾਡੇ ਉੱਤੇ ਰੱਖ ਦਿੰਦੀਆਂ ਹਨ। ਬੱਚਿਆਂ ਨੂੰ ਦੋਸ਼ ਦੇਣਾ ਸਭ ਤੋਂ ਆਸਾਨ ਹੈ, ਪਰ ਸੱਚ ਇਹ ਹੈ ਕਿ ਅਸੀਂ ਆਪਣਾ ਫਰਜ ਨਹੀਂ ਨਿਭਾਇਆ।

"ਆਪਣਾ ਵਿਰਸਾ ਸਾਂਭ ਕੇ,
ਸਾਨੂੰ ਰੱਖਣਾ ਨੀ ਆਇਆ,
ਅਸੀਂ ਕੌਣ ਹਾ ਬੱਚਿਆਂ ਨੂੰ,
ਸਾਨੂੰ ਦਸਣਾ ਨਹੀਂ ਆਇਆ !!"

ਇਹ ਸਾਡੀ ਸਮੂਹਕ
ਨਾਕਾਮੀ ਦੀ ਕਹਾਣੀ ਹੈ।

26 ਦਸੰਬਰ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਰਾਸ਼ਟਰੀ ਪੱਧਰ 'ਤੇ ਯਾਦ ਕਰਨ ਦੀ ਪਹਿਲ ਸਾਨੂੰ ਆਪਣੇ ਅੰਦਰ ਝਾਕਣ ਦਾ ਮੌਕਾ ਦਿੰਦੀ ਹੈ, ਪਰ ਅਫ਼ਸੋਸ ਕਿ ਅਸੀਂ ਆਤਮਾ 'ਤੇ ਗੱਲ ਕਰਨ ਦੀ ਥਾਂ ਨਾਮਕਰਨ ਵਿੱਚ ਖਾਮੀਆਂ ਲੱਭਣ ਲੱਗ ਪਏ ਹਾਂ,ਜਿੱਥੇ ਇਕੱਠੇ ਹੋਣਾ ਸੀ, ਉੱਥੇ ਵੰਡ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਗੱਲ ਸਾਫ਼ ਹੈ ਕਿ ਜ਼ਿੰਮੇਵਾਰੀ ਸਾਡੀ ਆਪਣੀ ਹੈ। ਸਰਕਾਰਾਂ ਦਿਵਸ ਐਲਾਨ ਕਰ ਸਕਦੀਆਂ ਹਨ, ਪਰ ਵਿਰਸਾ ਸਮਾਜ ਨੇ ਆਪ ਸੰਭਾਲਣਾ ਹੁੰਦਾ ਹੈ। ਇਸ ਲਈ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਨੇ ਸਿੱਖ ਇਤਿਹਾਸ ਪ੍ਰਤੀ ਨਿੱਜੀ ਰੁਚੀ ਦਿਖਾ ਕੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਦੇਸ਼ ਤੇ ਦੁਨੀਆਂ ਦੀ ਸਮੂਹਕ ਯਾਦ ਨਾਲ ਜੋੜਨ ਦੀ ਉਪਰਾਲਾ ਕੀਤਾ ਹੈ, ਇਸ ਪਹਿਲ ਨੂੰ ਸ਼ੱਕ ਦੀ ਨਜ਼ਰ ਨਾਲ ਨਹੀਂ, ਸਤਿਕਾਰ ਤੇ ਸਹਿਯੋਗ ਨਾਲ ਅੱਗੇ ਵਧਾਉਣ ਦੀ ਲੋੜ ਹੈ। ਭਾਰਤ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਸਿੱਖ ਇਤਿਹਾਸ ਤੇ ਫ਼ਲਸਫ਼ੇ ਨੂੰ ਪ੍ਰਚਾਰਨ ਦਾ ਕੰਮ ਕੇਂਦਰ ਸਰਕਾਰ ਕਰ ਰਹੀ ਹੈ। ਸਿੱਖ ਕੌਮ ਇਹਸਾਨ ਭੁੱਲਣ ਵਾਲੀ ਨਹੀਂ, ਬਲਕਿ ਦੋਸਤ ਲਈ ਆਪਾ ਕੁਰਬਾਨ ਕਰਦੀ ਹੈ ।

ਸਮਾਂ ਕਦੇ ਵੀ ਦੋਸ਼ ਦੇਣ ਦਾ
ਨਹੀਂ ਹੁੰਦਾ, ਲੋੜ
ਜ਼ਿੰਮੇਵਾਰੀ ਨੂੰ ਸਵੀਕਾਰ ਕਰਨ ਦੀ ਹੈ।

ਘਰਾਂ, ਸਕੂਲਾਂ, ਗੁਰਦੁਆਰਿਆਂ ਵਿੱਚ ਸਾਹਿਬਜ਼ਾਦਿਆਂ ਦੀ ਗਾਥਾ ਪੜ੍ਹਾਈ ਜਾਵੇ ਦੀ ਵਿਓਂਤਬੰਦੀ ਕਰਨ ਦਾ ਵਕਤ ਹੈ ਤਾਂ ਜੋ ਅਗਲੀ ਪੀੜ੍ਹੀ ਇਹ ਨਾ ਕਹੇ ਕਿ "ਸਾਨੂੰ ਦੱਸਿਆ ਹੀ ਨਹੀਂ ਗਿਆ।"

ਜੇ ਅੱਜ ਵੀ ਅਸੀਂ ਨਹੀਂ ਜਾਗੇ,
ਤਾਂ ਕੱਲ੍ਹ ਇਤਿਹਾਸ
ਸਾਨੂੰ ਮਾਫ਼ ਨਹੀਂ ਕਰੇਗਾ।

ਸਾਬਕਾ ਚੇਅਰਮੈਨ
ਕੌਮੀ ਘੱਟ ਗਿਣਤੀਆਂ ਕਮਿਸ਼ਨ, ਭਾਰਤ ਸਰਕਾਰ

## Tail Piece : Let us work jointly to reach the target date

We have announced that we shall be a developed country and all people here shall be having developed life by the year 2047 and only four tenures of our Parliament remain with us. Our efforts mae in the last somany decades show that we could not devote whole time with proper efforts, because of certqin internal and external problems. We had about three wars frome external sides and there had been riots and terrorism internally too and in spite of all efforts made by reformers update there had been riots and terrorism here we had been killing our own people and even now the society here is not one, but divided because of religions and castes. Our Constitution gave us the pah of Secularism, mans toleration and adjustment because religions and casts had been established here just for proper living and no hate. But becase of certain people religions too got colour of separate wigs and turned semi political units too and we could not stop this entry of politics in religions.

We hae got much given by nature and because we had been a rich country which attracted certains looters to attack and loot us. Even they could establish their rule here and for centuries we had been suffering their rules and the British too ruled over us and we saw they brought science and technology here and gave us competent type of rule. The present administration system had been established y them and we got a country united. Schools, colleges, training institutins, rails, roads, buses, all transport facilities, written laws, rules and tegulations, establishmen of different departments, with rules and eulations of recruitment, promotions and punishment and Aappeal rules and beeven they started establishing corporate houses to run biger works.

And because of all these achievements, partition brought much losses and further partition shall not be bearable and there should not be any riots and terrorisms in this country and we all must join and worjk and when natue and now sience and technology are with us, our joint efforts shall bring the target date earlier than 2047. Let the members in Our parliament too must joi8n as representatives of the people and ensure reaching the target date in these two tenures. Nature, science, technology, well settled working procewsw here and when people are hard workers, we can achieve much as in our mind and even moe that that. When our society is joint our Parliament too must join and become house One not divided as hitherto and must work just House of the people as provided in our Constitution.

Advocate Dalip Singh Wasan, Email dalipsinghwassan@yahooco.in

– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ–25**

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਵਿਸ਼ੇਸ਼ ਗੱਲ ਇਹ ਹੈ ਕਿ ਰਾਮਾਨੰਦ ਜੀ ਨੂੰ ਇਕ ਸਦੀ ਪਹਿਲਾਂ ਹੋਇਆ ਦੱਸਣ ਵਾਲੇ ਦੇਸੀ ਤੇ ਵਿਦੇਸ਼ੀ ਵਿਦਵਾਨ ਅਤੇ ਰਾਮਾਨੰਦ ਸੰਪ੍ਰਦਾਈਆਂ ਕੋਲ ਕੋਈ ਪ੍ਰਮਾਣ ਨਹੀਂ ਸਿਵਾਏ ਇਕ ਭਵਿੱਖ ਵਾਕੀ ਗ੍ਰੰਥ ਦੀਆਂ ਕਹਾਣੀਆਂ ਦੇ ਜਿਸ ਵਿੱਚ ਲਿਖਿਆ ਹੈ : ਕਲਯੁਗ ਸੰਮਤ 4499 ਬੀਤੇ ਰਾਮਾਨੰਦ ਜੀ ਹੋਂਗੇ । ਇਸ ਕਲਪਨਾ ਨੂੰ ਇਤਿਹਾਸਕ ਅਧਾਰ ਬਣਾਉਣਾ ਕਿਤਨਾ ਕੁ ਠੀਕ ਹੈ ? ਜੇ ਇਹ ਭਵਿਸ਼ ਵਾਕੀ ਗ੍ਰੰਥ ਦੀ ਕਲਪਨਾ ਠੀਕ ਵੀ ਮੰਨੀ ਜਾਵੇ ਤਾਂ ਏਸੇ ਗ੍ਰੰਥ ਵਿੱਚ ਕਬੀਰ ਰਵਿਦਾਸ ਆਦਿ ਬਾਰੇ ਭੀ ਤਾਂ ਲਿਖਿਆ ਹੈ ਕਿ ਇਹ ਭਗਤ ਰਾਮਾਨੰਦ ਜੀ ਦੇ ਸ਼ਿਸ਼ ਹੋਣਗੇ । ਇਸ ਭਵਿਸ਼ ਵਾਕੀ ਗ੍ਰੰਥ ਦੇ ਰਚਣਹਾਰਿਆਂ ਵੱਲੋਂ ਇਕ ਦਿਲਚਸਪ ਕਹਾਣੀ ਘੜੀ ਗਈ ਹੈ : ਮੋਹਣ ਦਾਸ ਕਰਮ ਚੰਦ, ਕਬੀਰ ਜੀ ਦਾ ਅਵਤਾਰ ਹੋਵੇਗਾ ।**

ਰਾਮਾਨੰਦ ਜੀ ਬਾਰੇ ਇਸ ਤਰ੍ਹਾਂ ਲੇਖ ਹੈ:

ਇਸੀਪੁਰੀ (ਕਾਂਸੀ) ਮੇਂ ਪੰਚ ਗੰਗਾ ਘਾਟ ਪਰ ਏਕ ਪ੍ਰਸਿੱਧ ਮਹਾਤਮਾ ਰਹਿਤੇ ਹੈਂ। ਜੋ ਤੇਜ ਪੁੰਜ ਔਰ ਪੂਰਣ ਯੋਗੇਸ਼ਵਰ ਹੈਂ। ਵੈਸ਼ਣਵੋਂ ਕੇ ਸਰਵ ਮਾਨਯ ਅਚਾਰਯ ਹੈਂ। ਸਦਾਚਾਰ ਔਰ ਬ੍ਰਹਮ ਨਿਸ਼ਠਾ ਕੇ ਸਵਰੂਪ ਹੀ ਹੈਂ। ਸੱਚੇ ਭਗਤ ਪ੍ਰੇਮੀਉ ਔਰ ਬ੍ਰਹਮ ਬਿੰਦੋਂ ਕੇ ਸਮਾਜ ਮੇਂ ਉਤਕ੍ਰਿਸ਼ਟ ਪ੍ਰਭਾਵ ਰਖਤੇ ਹੈਂ। ਆਪ ਤੋ ਧਰਮ ਕਰਮ ਕੇ ਪੂਰੇ ਹੈਂ ਹਿੰਦੂਉਂ ਕੇ ਧਰਮ ਕਰਮ ਕੇ ਸਮਰਾਟ ਹੈਂ। ਕੇਵਲ ਬ੍ਰਹਮ ਵੇਲਾ ਮੇਂ ਆਪਨੀ ਪੁਨੀਤ ਗੁਫਾ ਸੇ ਗੰਗਾ ਸਨਾਨ ਕੇ ਲੀਏ ਬਾਹਰ ਨਿਕਲਤੇ ਹੈਂ। ਉਸ ਪਵਿਤ੍ਰ ਆਤਮਾ ਕੋ ਸਵਾਮੀ ਰਾਮਾਨੰਦ ਕਹਿਤੇ ਹੈਂ। ਉਨਕੇ ਸ਼ਿਸ਼ੋਂ ਕੀ ਸੰਖਿਆ ਪਾਂਚ ਸੌ ਸੇ ਅਧਿਕ ਹੈ। ਉਸ ਸ਼ਿਸ਼ ਸਮੂਹ ਸੇ ਦਵਾਦਸ ਪਰ ਗੁਰੂ ਕੀ ਵਿਸ਼ੇਸ਼ ਕ੍ਰਿਪਾ ਹੈ। ਕਬੀਰ, ਪੀਪਾ, ਰਵਿਦਾਸ ਆਦਿਕ ਭਗਤੋਂ ਕੇ ਸਮੁਦਾਇ ਕਾ ਨਾਮ ਵੈਰਾਗੀ ਹੈ। (ਭਗਵਤ ਸੰਪਰਦਾਏ, ਸਫ਼ਾ 255)

ਮੌਲਾਨਾ ਰਸ਼ੀਦੂਦੀਨ ਨੇ ਰਾਮਾਨੰਦ ਜੀ ਦੇ ਆਪਣਾ ਸਮਕਾਲੀ ਹੋਣ ਦਾ ਵਰਣਨ, ਦੂਜਾ ਉਨ੍ਹਾਂ ਦੇ ਪੰਜ ਸੌ ਚੇਲਿਆਂ ਵਿੱਚੋਂ ਖਾਸ ਤੌਰ 'ਤੇ ਪ੍ਰਸਿੱਧ ਕਬੀਰ, ਸੈਣ, ਰਵਿਦਾਸ, ਪੀਪਾ ਆਦਿ ਦੇ ਨਾਵਾਂ ਦਾ ਵੇਰਵਾ ਦਿੱਤਾ ਹੈ। ਰਾਮਾਨੰਦ ਦੇ ਜੀਵਨ ਦੇ ਨਾਲ ਉਨ੍ਹਾਂ ਦੇ ਪ੍ਰਸਿੱਧ ਚੇਲਿਆਂ ਸੰਬੰਧੀ ਕਿਸੇ ਸਮਕਾਲੀ, ਉਹ ਵੀ ਮੁਸਲਮਾਨ ਫਕੀਰ ਦਾ ਲਿਖਿਆ ਖਾਸ ਅਰਥ ਰੱਖਦਾ ਹੈ। ਇਸ ਨੂੰ ਪੱਕੀ ਇਤਿਹਾਸਕ ਗਵਾਹੀ ਪ੍ਰਵਾਨ ਕੀਤਾ ਜਾਂਦਾ ਹੈ:

* ਮਾਨਕ ਪੁਰਹਿ ਕਬੀਰ ਬਸੇਰੀ।
ਮਹਿਦਤ ਸੁਨੀ ਸ਼ੇਖ ਤਕੀ ਕੇਰੀ।
ਨਾਨ੍ਹਾ ਨਾਚ ਨਚਾਇਕੈ ਨਾਚੇ ਨਟ ਕੇ ਭੇਖ।
(ਕਬੀਰ ਬੀਜਕ ਰਸੈਨੀ 84)
ਘਟ ਘਟ ਮੈਂ ਅਵਿਨਾਸ਼ੀ ਸੁਣੇ ਤਕੀ ਤੁਮ ਸ਼ੇਖ। (ਕਬੀਰ ਬੀਜਕ ਸਫ਼ਾ 76)
ਪ੍ਰਭ ਨਿਜ ਪ੍ਰਣ ਕੋ ਪ੍ਰਤਿ ਪਾਲੀਏ,
ਸੁਣ ਗੁਰ ਆਏ ਭੂਮਪੁਰ
ਸੰਗ ਲੀਏ ਕਬੀਰ ਰੈਦਾਸ ਸਭ,
ਸੰਗ ਹੈ ਨ੍ਰਿਪਲੀਨ ਗੁਰ।
ਰਵਿਦਾਸ ਕਬੀਰ, ਨਾਮਾ ਸੰਗ ਲੀਆ।
ਸ੍ਰੀ ਰਾਮਾਨੰਦ ਪਿਆਨਾ ਕੀਆ।
ਚਲਿ ਆਇਓ ਪੀਪਾ ਜਹਾਂ, ਜਹਾਂ।
ਤਾਂ ਸਿਉਂ ਜਾਏ ਖਬਰ ਕੀਨੀ ਕਹਾਂ।
ਨਾਮੇ ਪਾਇ ਤਹਾਂ ਉਠ ਧਾਇਆ।
ਪਰਸਤ ਚਰਨ ਪਿਆਸ ਬੁਝਾਇਆ।
ਦੋਹਰਾ: ਸਗਲ ਦਿਵਸ ਸੇਵਾ ਕਰੀ,
ਨਿਮਰ ਭੂਤ ਹੋਇ ਦਾਸ।
ਜੋ ਸੇਵੇ ਤਿਸ ਹੋਤ ਹੈ ਊਧ ਕੰਵਲ ਵਿਗਾਸ।
ਚੌਪਈ: ਭਈ ਰੈਨ ਤਬ ਚੰਦ ਪ੍ਰਕਾਸ਼ਾ।
ਪਾਂਚਉ ਏਕ ਹੋਇ ਬੈਠੇ ਪਾਸਾ।
(ਪਰਚੀਆਂ ਭਗਤਾਂ ਕੀਆ ਅਨੰਤਦਾਸ)

## ਰਾਮਾਨੰਦੀ ਬੈਰਾਗੀਆਂ ਬਾਰੇ ਟੂਕ ਦਾ ਭਾਗ ਇਸ ਤਰ੍ਹਾਂ ਹੈ :–


ਜੋ ਲੋਕ ਪਰਲੋਕ ਕੀ ਇਛਾਉਂ ਕਾ ਤਿਆਗ ਕਰਤਾ ਹੈ, ਉਸੇ ਬ੍ਰਾਹਮਨੋਂ ਕੀ ਭਾਸ਼ਾ ਮੇਂ ਬੈਰਾਗੀ ਕਹਿਤੇ ਹੈਂ। ਕਹਤੇ ਹੈਂ ਕਿ ਇਸ ਸੰਪਰਦਾਇ ਕੀ ਮੁੱਖ ਪ੍ਰਵਰਤਕਾ (ਰਿਸ਼ੀ) ਜਗਜਨਨੀ (ਸ੍ਰੀ) ਸੀਤਾ ਜੀ ਹੈਂ। ਉਨਹੇ ਨੇ ਪ੍ਰਥਮਤ: ਆਪਨੇ ਸਵਿਸ਼੍ਰੇਸ਼ਟ ਸੇਵਕ ਪਾਰਸ਼ਦ ਰੂਪ (ਸ੍ਰੀ) ਹਨੂਮਾਨ (ਜੀ) ਕੋ ਉਪਦੇਸ਼ ਕੀਆ ਔਰ ਉਨ ਰਿਸ਼ੀ (ਅਚਾਰੀਆ) ਕੇ ਦੁਆਰਾ ਸੰਸਾਰ ਮੇਂ ਉਸ ਰਹਸਯ (ਮੰਤਕ) ਕਾ ਪ੍ਰਕਾਸ਼ ਹੂਆ। ਇਸ ਕਾਰਨ ਇਸ ਸੰਪਰਦਾਇ ਕਾ ਨਾਮ ਸ੍ਰੀ ਸੰਪਰਦਾਇ ਹੈ। ਔਰ ਉਸਕੇ ਮੁਖ ਮੰਤਰ ਕੋ ਰਾਮਾਤਾਰਕ ਕਹਤੇ ਹੈਂ। ਔਰ ਯਹ ਕਿ ਉਸ ਪਵਿੱਤਰ ਮੰਤਰ ਕੇ ਗੁਰੂ, ਸ਼ਿਸ਼ਯ ਕੇ ਕਾਨ ਮੇਂ ਦੀਖਸ਼ਾਂ ਦੇਤੇ ਹੈਂ। ਔਰ ਉਧਰਵਪੁੰਨਯ ਤਿਲਕ ਲਾਭ ਵ ਮੀਮ ਕੇ ਅਕਾਰ ਕਾ ਲਲਾਟ ਤਥਾ ਅਨਯ ਗਿਆਰਹ ਸਥਾਨੋਂ ਪਰ ਲਗਾਤੇ ਹੈਂ। ਤੁਲਸੀ ਕਾ ਹੀਰਾ ਜਨੇਊ ਮੇਂ ਗੂੰਥ ਕਰ ਸ਼ਿਸ਼ਿਉਂ ਕੇ ਗਲੇ ਮੇਂ ਪਹਿਨਾਤੇ ਹੈਂ। ਉਨਕੀ ਜੇਹਬਾ ਜਪ ਮੇਂ ਔਰ ਮਨ ਸਚੇ ਪ੍ਰਿਯਤਮ ਕੇ ਦਰਸ਼ਨਾ ਸੁਧਾਂਨ ਮੇਂ ਰਹਾ ਕਰਤਾ ਹੈ। ਪ੍ਰਣਤਯਾ ਭਜਨ ਮੇਂ ਹੀ ਇਸ ਸੰਪਰਦਾਇ ਕੀ ਰੀਤੀ ਹੈ। ਅਧਿਕਾਂਸ਼ ਸੰਤ ਆਤਮਾਰਾਮੀ ਅਥਵਾ ਪਰਮਹੰਸੀ ਜੀਵਨ ਨਿਰਬਾਹ ਕਰਤੇ ਹੈਂ।

(ਕਲਿਆਣ, ਸੰਤ ਅੰਕ 1913, 2 ਭਗਵਤ ਸੰਪਰਦਾਏ ਗ੍ਰੰਥ ਸਫਾ 254)

ਇਹ ਲਿਖਤ ਅਯੁੱਧਿਆ ਦੀ ਪੁਰਾਤਤ੍ਰ ਸੰਘਾਇਨੀ ਸੰਮਤੀ ਦੀ ਰਿਪੋਰਟ ਸੰਮਤ 1977 ਸਫਾ 13 ਉੱਤੇ ਵੀ ਦਿੱਤੀ ਗਈ ਹੈ। ਬਿਹਾਰ ਰਾਸ਼ਟਰ ਭਾਸ਼ਾ ਪਰਿਸ਼ਦ ਪਟਨਾ ਵੱਲੋਂ ਛਾਪੀ ਗਈ ਰਾਮ ਭਗਤ ਸਾਹਿਤਯ ਮੇਂ ਮਧਰ ਉਪਾਸਨਾਂ ਗ੍ਰੰਥ ਦੇ 127 ਸਫੇ ਉੱਤੇ ਉਪਰਲਾ ਹੀ ਹਿੰਦੀ ਅਨੁਵਾਦ ਦਿੱਤਾ ਹੈ।

ਮੌਲਾਨਾ ਰਸ਼ੀਦੀ ਦੀ ਇਹ ਟੂਕ ਇਤਨੀ ਭਾਵ ਭਿੰਨੀ ਤੇ ਮਹੱਤਵਪੂਰਨ ਹੈ ਜਿਸ ਤੋਂ ਬਲਦੇਵ ਉਪਾਧਯਾਯ ਜੀ ਪ੍ਰਭਾਵਤ ਹੋਕੇ ਲਿਖਦੇ ਹਨ: ਸਵਾਮੀ ਰਾਮਾਨੰਦ ਜੀ ਕੇ ਜੀਵਨ ਚਰਿੱਤਰ ਕੀ ਸਮੱਗਰੀ ਕੇ ਅਭਾਵ ਸੇਂ ਉਨ ਕਾ ਐਸਾ ਅਲੌਕਿਕ ਵਿਅੱਕ–ਤੀਤਵ ਹਮਾਰੇ ਨੇਤਰੋਂ ਕੇ ਸਾਹਮਣੇ ਕਭੀ ਆਇਆ ਹੀ ਨਹੀਂ ਹੈ। ਇਸ ਟੂਕ ਵਿੱਚੋਂ ਅਸੀਂ ਇਹ ਦੇਖਦੇ ਹਾਂ ਕਿ ਰਾਮਾਨੰਦ ਜੀ ਦੇ ਬਾਰ੍ਹਾਂ ਪ੍ਰਸਿੱਧ ਚੇਲਿਆਂ ਵਿੱਚੋਂ ਉਨ੍ਹਾਂ ਦੇ ਜਿਉਂਦੇ ਜੀਅ ਹੀ ਕਬੀਰ, ਰਵਿਦਾਸ ਅਤੇ ਪੀਪਾ ਜੀ ਨੇ ਵਿਸ਼ੇਸ਼ ਪ੍ਰਸਿੱਧੀ ਪਾ ਲਈ ਸੀ। ਭਗਤ ਮਾਲਾ (ਨਾਭਾ) ਜੀ ਵਿੱਚ ਲਿਖੇ ਇਨ੍ਹਾਂ ਭਗਤਾਂ ਦੇ ਨਾਮ, ਰਾਮਾਨੰਦ ਜੀ ਦੀ ਸ਼ਿਸ਼ ਪ੍ਰਣਾਲੀ ਵਿੱਚ ਅੰਕਤ ਹਨ। ਇਸ ਤੋਂ ਰਾਮਾਨੰਦ ਜੀ ਨੂੰ ਪਹਿਲਾਂ ਹੋ ਚੁੱਕਿਆ ਕਹਿਣ ਵਾਲੇ ਲੇਖਕ ਅਧਾਰ ਹੀਣ ਹੋ ਜਾਂਦੇ ਹਨ। ਜੋ ਸੱਜਣ ਰਾਮਾਨੰਦ ਜੀ ਨੂੰ ਪਿੱਛੇ ਨੂੰ ਖਿੱਚ ਧੂਹ ਕੇ ਤੇਰਵ੍ਹੀਂ ਸਦੀ ਵੱਲ ਲਿਜਾਂਦੇ ਹਨ, ਫਿਰ ਦੋ ਸੌ ਵਰ੍ਹੇ ਤੱਕ ਦੀ ਉਮਰ ਕਲਪ ਕੇ ਕਬੀਰ ਜੀ ਦਾ ਸਮਾਂ ਰਾਮਾਨੰਦ ਨਾਲ ਮੇਲ ਲੈਣ ਦੀ ਕੋਸ਼ਿਸ਼ ਕਰਦੇ ਹੋਏ ਬਾਕੀਆਂ ਭਗਤਾਂ ਨੂੰ ਰਾਮਾਨੰਦ ਜੀ ਤੋਂ ਪਿੱਛੋਂ ਹੋਏ ਲਿਖਦੇ ਹਨ। ਉਨ੍ਹਾਂ ਦਾ, ਰਾਮ ਚੰਦਰ ਸ਼ੁਕਲ ਜਿਹੇ ਵਿਦਵਾਨ, ਦਲੀਲਾਂ ਤੇ ਤੱਥਾਂ ਦੇ ਹਥਿਆਰਾਂ ਨਾਲ ਰਾਹ ਰੋਕੀ ਖੜ੍ਹੇ ਹਨ। ਵਿਸ਼ੇਸ਼ ਗੱਲ ਇਹ ਹੈ ਕਿ ਰਾਮਾਨੰਦ ਜੀ ਨੂੰ ਇਕ ਸਦੀ ਪਹਿਲਾਂ ਹੋਇਆ ਦੱਸਣ ਵਾਲੇ ਦੇਸੀ ਤੇ ਵਿਦੇਸ਼ੀ ਵਿਦਵਾਨ ਅਤੇ ਰਾਮਾਨੰਦ ਸੰਪ੍ਰਦਾਈਆਂ ਕੋਲ ਕੋਈ ਪ੍ਰਮਾਣ ਨਹੀਂ ਸਿਵਾਏ ਇਕ ਭਵਿੱਖ ਵਾਕੀ ਗ੍ਰੰਥ ਦੀਆਂ ਕਹਾਣੀਆਂ ਦੇ ਜਿਸ ਵਿੱਚ ਲਿਖਿਆ ਹੈ: ਕਲਯੁਗ ਸੰਮਤ 4499 ਬੀਤੇ ਰਾਮਾਨੰਦ ਜੀ ਹੋਂਗੇ। ਇਸ ਕਲਪਨਾ ਨੂੰ ਇਤਿਹਾਸਕ ਅਧਾਰ ਬਣਾਉਣਾ ਕਿਤਨਾ ਕੁ ਠੀਕ ਹੈ? ਜੇ ਇਹ ਭਵਿਸ਼ ਵਾਕੀ ਗ੍ਰੰਥ ਦੀ ਕਲਪਨਾ ਠੀਕ ਵੀ ਮੰਨੀ ਜਾਵੇ ਤਾਂ ਏਸੇ ਗ੍ਰੰਥ ਵਿੱਚ ਕਬੀਰ ਰਵਿਦਾਸ ਆਦਿ ਬਾਰੇ ਭੀ ਤਾਂ ਲਿਖਿਆ ਹੈ ਕਿ ਇਹ ਭਗਤ ਰਾਮਾਨੰਦ ਜੀ ਦੇ ਸ਼ਿਸ਼ ਹੋਣਗੇ। ਇਸ ਭਵਿਸ਼ ਵਾਕੀ ਗ੍ਰੰਥ ਦੇ ਰਚਣਹਾਰਿਆਂ ਵੱਲੋਂ ਇਕ ਦਿਲਚਸਪ ਕਹਾਣੀ ਘੜੀ ਗਈ ਹੈ: ਮੋਹਣ ਦਾਸ ਕਰਮ ਚੰਦ, ਕਬੀਰ ਜੀ ਦਾ ਅਵਤਾਰ ਹੋਵੇਗਾ। ਜੋ ਚਰਖੇ ਖੱਡੀ ਤੋਂ ਖੱਦਰ ਦੇ ਬਲ ਨਾਲ ਭਾਰਤ ਨੂੰ ਆਜ਼ਾਦੀ ਦਿਵਾਇਗਾ। ਇਸ ਨਵੇਂ ਘੜੇ ਗਏ ਭਵਿਸ਼ਵਾਕੀ ਗ੍ਰੰਥ ਵਿੱਚ ਗੁਰੂ ਨਾਨਕ ਜੀ ਨੂੰ ਵੀ ਰਾਮਾਨੰਦ ਦੇ ਚੇਲੇ ਹੋਣਾ ਲਿਖਿਆ ਹੈ।

ਗੁਰੂ ਨਾਨਕ ਜੀ ਨੂੰ ਰਾਮਾਨੰਦ ਜੀ ਦੇ ਚੇਲੇ ਤਦ ਹੀ ਕਿਹਾ ਜਾ ਸਕਦਾ ਸੀ ਜੇ ਉਨ੍ਹਾਂ ਦਾ ਸਮਾਂ ਇਕ ਹੋਵੇ। ਇਸ ਲਈ




ਮੇਲ ਹੋਣ ਦੀ ਗੱਲ ਇਸ ਗ੍ਰੰਥ ਮੁਤਾਬਕ ਸਹੀ ਭੀ ਮੰਨ ਲਈ ਜਾਵੇ ਚੇਲਾ ਕਿਸਦਾ ਕੌਣ ਹੋਇਆ? ਇਸ ਦਾ ਨਿਤਾਰਾ ਕਰਨ ਲਈ ਉਨ੍ਹਾਂ ਦੋਹਾਂ ਦੀ ਰਚਨਾ ਤੋਂ ਵੱਧ ਹੋਰ ਕੋਈ ਵੱਡਾ ਪ੍ਰਮਾਣ ਨਹੀਂ ਹੋ ਸਕਦਾ। ਰਾਮਾਨੰਦ ਜੀ ਦੀ ਰਚਨਾ ਵਿੱਚ ਆਇਆ ਪਲਟਾ ਅਵਤਾਰਵਾਦੀ ਤੋਂ ਨਿਰਗੁਣਵਾਦੀ ਅਰਾਧਕ ਬਣ ਜਾਣ ਦਾ ਪ੍ਰਤੱਖ ਹੈ। ਵੱਡਾ ਪ੍ਰਮਾਣ ਉਨ੍ਹਾਂ ਦੀ ਰਚਨਾ ਵਿੱਚ ਸ੍ਰੀਕ੍ਰਿਤੀ ਦੇ ਵਾਕ ਹਨ: ਗੁਰੂ ਨੇ ਮੈਨੂੰ ਬ੍ਰਹਮ ਘਰ ਆਕੇ ਦਿਖਾਇਆ,
ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ

ਭਗਤਾਂ ਬਾਰੇ ਨਾਭਾ ਜੀ ਦੀ ਭਗਤਮਾਲਾ ਦਾ ਇਹ ਕਥਨ ਭੀ ਸਦੀਆਂ ਤੋਂ ਪ੍ਰਚੱਲਤ ਹੈ ਕਿ ਕਬੀਰ, ਰਵਿਦਾਸ ਆਦਿ ਭਗਤ ਰਾਮਾਨੰਦ ਦੇ ਚੇਲੇ ਸਨ। ਭਗਤਾਂ ਬਾਰੇ ਮਿਲਦੇ ਪੁਰਾਤਨ ਗ੍ਰੰਥਾਂ ਤੋਂ ਇਨ੍ਹਾਂ ਭਗਤਾਂ ਦੀਆਂ ਰਚਨਾਵਾਂ ਤੋਂ ਇਸ ਤੱਥ ਦੀ ਪੁਸ਼ਟੀ ਹੁੰਦੀ ਹੈ। ਜਿਨ੍ਹਾਂ ਭਗਤਾਂ ਨੂੰ ਰਾਮਾਨੰਦ ਜੀ ਤੋਂ ਲੋਅ ਲੱਗੀ ਉਹ ਭਗਤ ਰਾਮਾਨੰਦ ਦੇ ਸਮਕਾਲੀ ਹੀ ਸਨ। (ਭਵਿਸ਼ ਪੁਰਾਣ ਦੇਖੋ ਅਧਿਆਇ 17 ਸਲੋਕ 40 ਤੋਂ 80 ਤੱਕ) ਏਨ੍ਹਾਂ ਭਗਤਾਂ ਦੇ ਰਾਮਾਨੰਦ ਜੀ ਦੇ ਚੇਲੇ ਹੋਣਾ ਲਿਖਿਆ ਹੈ। ਕੀ ਚੇਲੇ ਪਿੱਛੋਂ ਹੋਏ, ਗੁਰੂ ਇਕ ਸਦੀ ਤੋਂ ਪਹਿਲਾਂ ਹੀ ਹੋ ਚੁੱਕਿਆ ਸੀ?

ਪਰਸ਼ੂ ਰਾਮ ਜੀ ਚਤ੍ਰਵੇਦੀ ਨੇ ਉੱਤਰੀ ਭਾਰਤ ਦੀ ਸੰਤ ਪਰੰਪਰਾ ਸਫਾ 159 ਉੱਤੇ ਇਕ ਹਵਾਲਾ ਭਗਤ ਵਿਆਸ ਜੀ ਸੰਮਤ–1567–69 ਦਾ ਦਿੱਤਾ ਹੈ। ਜਿਸ ਤੋਂ ਰਾਮਾਨੰਦ ਕਬੀਰ ਜੀ ਬਾਰੇ ਜੋ ਪਰੰਪਰਾ ਭਗਤੀ ਮੱਤ ਦੇ ਭਗਤ ਮਾਲਾ ਦੇ ਅਨੰਤ ਦਾਸ ਦੀਆਂ ਪਰਚੀਆਂ ਵਿੱਚ ਲਿਖੀ ਹੈ ਉਸ ਨੂੰ ਹੀ ਪ੍ਰਮਾਣੀਕਤਾ ਦਿੱਤੀ ਗਈ ਹੈ।

ਕਬੀਰ ਜੀ ਦੇ ਸਮੇਂ ਬਾਰੇ, ਕੁਝ ਖੋਜਕਾਰ ਵਿਦਵਾਨਾਂ ਨੇ, ਵਾਲ ਦੀ ਖੱਲ ਲਾਹੁਣ ਵਾਲੀ ਉਸਤਾਦੀ ਦਿਖਾਉਣ ਲਈ ਕਈ ਨਵੇਂ ਸੰਮਤ ਅਤੇ ਕਿਤਨੇ ਹੀ ਰੇਤ ਦੇ ਮਹੱਲ ਉਸਾਰੇ ਤੇ ਢਾਹੇ ਹਨ। ਉਨ੍ਹਾਂ ਦੀ ਕਲਪਨਾ ਬਾਰੇ ਅਸੀਂ ਕਬੀਰ ਜੀ ਦੇ ਪ੍ਰਕਰਣ ਵਿੱਚ ਅੱਗੇ ਚਰਚਾ ਕੀਤੀ ਹੈ, ਕਬੀਰ ਪੰਥੀਆਂ ਦਾ ਮੰਨਿਆ, ਬਿਕ੍ਰਮੀ 1575, ਚਲਾਣੇ ਦਾ ਸੰਮਤ੍ਰ ਪੰਦਰਹ ਸੌ ਪਚਹਤਰ ਮੇਂ ਮਗਹਰ ਕੀਆ ਗਉਣ ਉਘੇ ਵਿਦਵਾਨਾਂ ਅਨੁਸਾਰ ਠੀਕ ਬੈਠਦਾ ਹੈ।

***ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ***

# ਪੱਤਰਕਾਰਾਂ ਦੀ ਹੱਤਿਆ ਪ੍ਰੈੱਸ ਦੀ ਅਜ਼ਾਦੀ ਲਈ ਖ਼ਤਰਾ

**ਗੁਰਮੀਤ ਸਿੰਘ ਪਲਾਹੀ**
-9815802070



**ਫ਼ਰੀ ਸਪੀਚ ਕੁਲੈਕਟਿਵ ਦੀ ਛਾਪੀ ਇੱਕ ਰਿਪੋਰਟ ਪ੍ਰੈੱਸ ਦੀ ਅਜ਼ਾਦੀ ਦੇ ਭਰਮ ਖੋਲ੍ਹਦੀ ਹੈ। ਸਾਲ 2025 ਵਿੱਚ ਭਾਰਤ ਵਿੱਚ ਬੋਲਣ ਦੀ ਅਜ਼ਾਦੀ ਦੀ ਉਲੰਘਣਾ ਤਹਿਤ 14,875 ਮਾਮਲੇ ਦਰਜ ਕੀਤੇ ਗਏ, ਜਿਨ੍ਹਾਂ ਵਿੱਚੋਂ 11,785 ਮਾਮਲੇ ਪੱਤਰਕਾਰਾਂ, ਸੋਸ਼ਲ ਮੀਡੀਆ ਇਨਫਲੂਐਂਸਰਾਂ ਅਤੇ ਇੰਟਰਨੈਟ ਉਪਭੋਗਤਾਵਾਂ ਨਾਲ਼ ਸੰਬੰਧਿਤ ਹਨ। ਇਹ ਮਾਮਲੇ ਸਿਰਫ਼ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਹੀ ਨਹੀਂ, ਸਗੋਂ ਗ਼ੈਰ-ਭਾਜਪਾ ਸਰਕਾਰਾਂ ਵੱਲੋਂ ਵੀ ਦਰਜ ਕੀਤੇ ਗਏ।**

ਇੱਕੋ ਸਾਲ 2025 ਵਿੱਚ 128 ਪੱਤਰਕਾਰਾਂ ਦਾ ਮਾਰਿਆ ਜਾਣਾ ਸਿਰਫ਼ ਇੱਕ ਵਿਸ਼ਵ ਪੱਧਰੀ ਅੰਕੜਾ ਨਹੀਂ ਹੈ, ਸਗੋਂ ਦਿਲ ਕੰਬਾਊ ਇੱਕ ਇਹੋ ਜਿਹਾ ਵਰਤਾਰਾ ਹੈ ਜੋ ਮਨੁੱਖੀ ਅਧਿਕਾਰਾਂ ਸੰਬੰਧੀ ਵੱਡੇ ਸਵਾਲ ਖੜ੍ਹੇ ਕਰ ਰਿਹਾ ਹੈ। ਇਹ ਪੱਤਰਕਾਰ ਸਿਰਫ਼ ਇਸ ਕਰਕੇ ਦੁਨੀਆਂ ਤੋਂ ਰੁਖ਼ਸਤ ਕਰ ਦਿੱਤੇ ਗਏ ਕਿ ਉਹ ਆਪਣੀ ਡਿਊਟੀ ਨਿਭਾਅ ਰਹੇ ਸਨ, ਸੱਚੀਆਂ ਘਟਨਾਵਾਂ ਨੂੰ ਜੱਗ ਜ਼ਾਹਰ ਕਰ ਰਹੇ ਸਨ। ਕੀ ਇਹ ਇਨਸਾਫ਼ ਦਾ ਗਲਾ ਘੁੱਟਣ ਦੇ ਸਮਾਨ ਨਹੀਂ? ਕੀ ਇਹ ਪ੍ਰੈੱਸ ਦੀ ਅਜ਼ਾਦੀ ਲਈ ਵੱਡਾ ਖ਼ਤਰਾ ਨਹੀਂ?

ਨਿੱਤ-ਦਿਹਾੜੇ ਇਨਸਾਫ਼ ਮੰਗਦੇ ਲੋਕਾਂ 'ਤੇ ਸਮੇਂ ਦੇ ਹਾਕਮ ਅੱਤਿਆਚਾਰ ਕਰਦੇ ਹਨ। ਲਾਠੀਆਂ ਤੇ ਗੋਲੀਆਂ ਦਾ ਮੀਂਹ ਵਰ੍ਹਾਉਂਦੇ ਹਨ, ਉਹਨਾਂ ਨੂੰ ਜੇਲ੍ਹਾਂ ਵਿੱਚ ਤੁੰਨਦੇ ਹਨ, ਬੁਲਡੋਜ਼ਰ ਨੀਤੀ ਨਾਲ਼ ਲੋਕਾਂ ਦੇ ਘਰ ਢਾਹੁੰਦੇ ਹਨ, ਨਫ਼ਰਤ ਦੀ ਅੱਗ ਫੈਲਾਉਂਦੇ ਤੇ ਧਰਮ ਦੇ ਨਾਂ 'ਤੇ ਦੰਗੇ-ਫਸਾਦ ਕਰਵਾਉਂਦੇ ਹਨ ਅਤੇ ਆਪਣੇ ਹਿੱਤਾਂ ਲਈ ਲੋਕਾਂ ਨੂੰ ਜੰਗਾਂ ਵਿੱਚ ਧੱਕਦੇ ਹਨ।

ਇਹੋ-ਜਿਹੀਆਂ ਘਟਨਾਵਾਂ ਨੂੰ ਪੱਤਰਕਾਰ ਭਾਈਚਾਰਾ ਤੱਥਾਂ ਸਮੇਤ ਲੋਕਾਂ ਸਾਹਮਣੇ ਲਿਆਉਂਦਾ ਹੈ। ਪਰ ਜਦੋਂ ਇਨ੍ਹਾਂ ਘਟਨਾਵਾਂ ਪਿੱਛੇ ਲੁਕਿਆ ਸੱਚ ਜਨਤਾ ਸਾਹਮਣੇ ਲਿਆਂਦਾ ਜਾਂਦਾ ਹੈ ਤਾਂ ਹਾਕਮਾਂ ਨੂੰ ਆਪਣੀ ਗੱਦੀ ਡੋਲਦੀ ਨਜ਼ਰ ਆਉਂਦੀ ਹੈ।

31 ਦਸੰਬਰ 2025 ਨੂੰ ਇੰਟਰਨੈਸ਼ਨਲ ਫੈਡਰੇਸ਼ਨ ਆਫ਼ ਜਰਨਲਿਸਟਸ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਲੂ ਕੰਡੇ ਖੜੇ ਕਰਨ ਵਾਲੀ ਹੈ। ਪਿਛਲੇ ਸਾਲ ਮਿਡਲ ਈਸਟ ਅਤੇ ਅਰਬ ਜਗਤ ਵਿੱਚ 74, ਏਸ਼ੀਆ-ਪੈਸਿਫ਼ਿਕ ਵਿੱਚ 15, ਯੂਰਪ ਵਿੱਚ 10, ਅਫ਼ਰੀਕਾ ਵਿੱਚ 18 ਅਤੇ ਅਮਰੀਕਾ ਰੀਜਨ ਵਿੱਚ 11 ਪੱਤਰਕਾਰ ਬੇਰਹਿਮੀ ਨਾਲ਼ ਬਲੀ ਚੜ੍ਹਾ ਦਿੱਤੇ ਗਏ, ਕਤਲ ਕਰ ਦਿੱਤੇ ਗਏ ।

ਇਸ ਸੰਸਥਾ ਨੇ 1990 ਤੋਂ ਹੁਣ ਤੱਕ ਦੀ ਵਰ੍ਹੇਵਾਰ ਰਿਪੋਰਟ 'ਚ ਦੱਸਿਆ ਹੈ ਕਿ ਵਿਸ਼ਵ ਭਰ ਵਿੱਚ 3173 ਪੱਤਰਕਾਰ, ਔਸਤਨ 91 ਪੱਤਰਕਾਰ ਹਰ ਵਰ੍ਹੇ ; ਪਰ ਪਿਛਲੇ ਦਸ ਸਾਲਾਂ ਵਿੱਚ ਹੀ 876 ਪੱਤਰਕਾਰਾਂ ਨੂੰ ਮਾਰ ਦਿੱਤਾ ਗਿਆ। ਫੈਡਰੇਸ਼ਨ ਨੇ 533 ਉਹਨਾਂ ਪੱਤਰਕਾਰਾਂ ਦੀ ਵਿਸ਼ਵ ਪੱਧਰੀ ਰਿਪੋਰਟ ਵੀ ਜਾਰੀ ਕੀਤੀ ਹੈ,ਜਿਹੜੇ ਅੱਜ ਵੀ ਵਿਸ਼ਵ ਭਰ ਦੀਆਂ ਜੇਲ੍ਹਾਂ ਵਿੱਚ ਕੈਦ ਹਨ। ਚੀਨ ਅਤੇ ਮਿਡਲ ਈਸਟ-ਅਰਬ ਜਗਤ ਵਿੱਚ ਇਹਨਾਂ ਪੱਤਰਕਾਰਾਂ ਦੀ ਗਿਣਤੀ ਸਭ ਤੋਂ ਵੱਧ ਹੈ।

ਜਿਹੜੇ ਪੱਤਰਕਾਰ, ਮੀਡੀਆ ਕਰਮੀ 2025 ਵਿੱਚ ਮਾਰ ਦਿੱਤੇ ਗਏ ਜਾਂ ਦੁਰਘਟਨਾਵਾਂ ਦੀ ਬਲੀ ਚੜ੍ਹਾ ਦਿੱਤੇ ਗਏ,ਉਹਨਾਂ ਪੱਤਰਕਾਰਾਂ ਵਿੱਚ 10 ਔਰਤ ਪੱਤਰਕਾਰ ਵੀ ਸ਼ਾਮਲ ਹਨ। 128 ਪੱਤਰਕਾਰਾਂ ਵਿੱਚੋਂ 9 ਦੀ ਮੌਤ ਨੂੰ ਸੜਕੀ ਦੁਰਘਟਨਾ ਕਰਾਰ ਦਿੱਤਾ ਗਿਆ। ਫ਼ਲਸਤੀਨ ਉਹ ਦੇਸ਼ ਬਣ ਕੇ ਉਭਰਿਆ ਹੈ ਜਿੱਥੇ ਕੁੱਲ ਮਾਰੇ ਗਏ ਪੱਤਰਕਾਰਾਂ ਵਿੱਚੋਂ 44 ਫ਼ੀਸਦੀ ਦੀ ਹੱਤਿਆ ਹੋਈ।

ਵਿਸ਼ਵ ਭਰ ਦੇ ਲੋਕ-ਹਿਤੈਸ਼ੀ ਪੱਤਰਕਾਰਾਂ ਸਾਹਮਣੇ ਵੱਡੀਆਂ ਚੁਣੌਤੀਆਂ ਰਹਿੰਦੀਆਂ ਹਨ। ਉਹ ਭੈੜੀਆਂ ਮੌਸਮੀ ਹਾਲਤਾਂ, ਜੰਗ ਦੇ ਮੈਦਾਨਾਂ ਅਤੇ ਦੰਗਿਆਂ ਵਿਚਕਾਰ ਕੰਮ ਕਰਦੇ ਨਜ਼ਰ ਆਉਂਦੇ ਹਨ। ਇਹ ਪੱਤਰਕਾਰ ਆਮ ਲੋਕਾਂ ਦੇ ਦੁੱਖਾਂ-ਦਰਦਾਂ, ਮਨੁੱਖੀ ਅਧਿਕਾਰਾਂ, ਮਜ਼ਦੂਰਾਂ ਦੇ ਹੱਕਾਂ ਅਤੇ ਤਰਕਸ਼ੀਲ ਸਮਾਜ ਦੀ ਉਸਾਰੀ ਲਈ ਦਿਨ-ਰਾਤ ਕੰਮ ਕਰਦੇ ਹਨ ਅਤੇ ਕਈ ਵਾਰ ਆਪਣੀ ਜਾਨ ਤੱਕ ਵਾਰ ਦਿੰਦੇ ਹਨ।

ਜਿਹਨਾਂ ਸਥਿਤੀਆਂ ਵਿੱਚ ਉਹ ਕੰਮ ਕਰਦੇ ਹਨ, ਉਹ ਬੇਹੱਦ ਜ਼ੋਖ਼ਮ ਭਰੀਆਂ ਹੁੰਦੀਆਂ ਹਨ। ਹਰ ਕੁਰਬਾਨੀ ਦਾ ਜਜ਼ਬਾ ਤਾਂ ਉਹਨਾਂ ਦੇ ਮਨਾਂ ਵਿੱਚ ਹੁੰਦਾ ਹੀ ਹੈ, ਉਹ ਲੋਕਾਂ ਲਈ ਰਾਹ ਦਿਖਾਵੇ ਵੀ ਬਣਦੇ ਹਨ। ਪਰ ਇਹ ਸਾਰੀਆਂ ਗੱਲਾਂ ਉਹਨਾਂ ਹਾਕਮਾਂ ਨੂੰ ਪਸੰਦ ਨਹੀਂ, ਉਹਨਾਂ ਨੂੰ ਨਹੀਂ ਭਾਉਂਦੀਆਂ ਜਿਹੜੇ ਸਮਾਜ ਵਿੱਚ ਅੰਨ੍ਹੇਰਾ ਪੈਦਾ ਕਰਕੇ ਲੋਕਾਂ ਨੂੰ ਭਰਮਜਾਲ ਅਤੇ ਅਨਪੜ੍ਹਤਾ ਵਿੱਚ ਰੱਖ ਕੇ ਆਪਣੀਆਂ ਸ਼ਾਤਰ ਚਾਲਾਂ ਨਾਲ਼ ਰਾਜ ਕਰਨ ਦੇ ਅਧਿਕਾਰੀ ਬਣੇ ਰਹਿਣਾ ਚਾਹੁੰਦੇ ਹਨ। ਉਹਨਾਂ ਨੂੰ ਅਸਲੋਂ ਸਮਾਜ ਵਿੱਚ ਚਾਨਣ ਪਸੰਦ ਨਹੀਂ ਹੁੰਦਾ, ਇਸੇ ਲਈ ਉਹ ਪਰੇਸ਼ਾਨ ਹਨ, ਉਹਨਾਂ ਦੇ ਢਕੇ ਪਰਦੇ ਉੱਧੜ ਰਹੇ ਹਨ। ਉਹਨਾਂ ਵੱਲੋਂ ਸੱਚ ਉਜਾਗਰ ਕਰਨ ਵਾਲੀਆਂ ਰਿਪੋਰਟਾਂ ਦਬਾਉਣ ਲਈ ਜਤਨ ਹੋ ਰਹੇ ਹਨ।

ਫ਼ਰੀ ਸਪੀਚ ਕੁਲੈਕਟਿਵ ਦੀ ਛਾਪੀ ਇੱਕ ਰਿਪੋਰਟ ਪ੍ਰੈੱਸ ਦੀ ਅਜ਼ਾਦੀ ਦੇ ਭਰਮ ਖੋਲ੍ਹਦੀ ਹੈ। ਸਾਲ 2025 ਵਿੱਚ ਭਾਰਤ ਵਿੱਚ ਬੋਲਣ ਦੀ ਅਜ਼ਾਦੀ ਦੀ ਉਲੰਘਣਾ ਤਹਿਤ 14,875 ਮਾਮਲੇ ਦਰਜ ਕੀਤੇ ਗਏ, ਜਿਨ੍ਹਾਂ ਵਿੱਚੋਂ 11,785 ਮਾਮਲੇ ਪੱਤਰਕਾਰਾਂ, ਸੋਸ਼ਲ ਮੀਡੀਆ ਇਨਫਲੂਐਂਸਰਾਂ ਅਤੇ ਇੰਟਰਨੈਟ ਉਪਭੋਗਤਾਵਾਂ ਨਾਲ਼ ਸੰਬੰਧਿਤ ਹਨ। ਇਹ ਮਾਮਲੇ ਸਿਰਫ਼ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਹੀ ਨਹੀਂ, ਸਗੋਂ ਗ਼ੈਰ-ਭਾਜਪਾ ਸਰਕਾਰਾਂ ਵੱਲੋਂ ਵੀ ਦਰਜ ਕੀਤੇ ਗਏ।

ਪੰਜਾਬ ਵਿੱਚ ਵੀ ਗ਼ੈਰ-ਪ੍ਰਮਾਣਿਤ ਸਮੱਗਰੀ ਅਤੇ ਗ਼ਲਤ ਜਾਣਕਾਰੀ ਸਾਂਝੀ ਕਰਨ ਦੇ ਦੋਸ਼ ਹੇਠ ਪੱਤਰਕਾਰਾਂ ਖ਼ਿਲਾਫ਼ ਐੱਫ਼. ਆਈ. ਆਰਾਂ. ਦਰਜ ਹੋਈਆਂ। ਪੰਜਾਬ 'ਚ 10 ਵਿਅਕਤੀਆਂ ਜਿਨ੍ਹਾਂ ਵਿੱਚ 9 ਪੱਤਰਕਾਰ ਹਨ, ਵਿਰੁੱਧ ਗ਼ੈਰ-ਪ੍ਰਮਾਣਿਤ ਸਮੱਗਰੀ ਅਤੇ ਗ਼ਲਤ ਸੂਚਨਾ ਸਾਂਝੀ ਕਰਨ ਦੇ ਦੋਸ਼ ਹੇਠ ਐੱਫ਼.ਆਈ.ਆਰ. ਦਰਜ ਕੀਤੀ ਗਈ ਹੈ, ਇਹਨਾਂ ਪੱਤਰਕਾਰਾਂ ਨੇ ਜਾਣਕਾਰੀ ਸਾਂਝੀ ਕੀਤੀ ਸੀ ਕਿ ਪਹਿਲੀ ਤੋਂ 10 ਦਸੰਬਰ ਤੱਕ ਮੁੱਖ ਮੰਤਰੀ ਭਗਵੰਤ ਮਾਨ ਜਪਾਨ ਦੌਰੇ 'ਤੇ ਸਨ, ਪਰ ਉਹਨਾਂ ਦੇ ਗ਼ੈਰ ਹਾਜ਼ਰੀ 'ਤੇ ਵੀ ਹੈਲੀਕਾਪਟਰ ਦੀ ਇੱਥੇ ਵਰਤੋਂ ਹੁੰਦੀ ਰਹੀ।

ਅਸਲ ਵਿੱਚ ਇਹ ਸਰਕਾਰੀ ਕਾਰਵਾਈ ਅਜ਼ਾਦ ਕਲਮ ਦੀ ਹੱਤਿਆ ਦੇ ਬਰਾਬਰ ਹੈ। ਭਾਵੇਂ ਕਿ ਵੱਖੋ-ਵੱਖਰੇ ਦੇਸ਼ਾਂ ਦੇ ਸੰਵਿਧਾਨ, ਨਿਯਮ, ਪ੍ਰੈੱਸ ਨੂੰ ਬੋਲਣ, ਲਿਖਣ ਅਤੇ ਆਪਣੇ ਵਿਚਾਰ ਦੇਣ ਦੀ ਅਜ਼ਾਦੀ ਦਿੰਦੇ ਹਨ। ਉਹਨਾਂ ਦੀਆਂ ਲਿਖਤਾਂ, ਛਪਾਈ, ਆਡੀਓ, ਵੀਡੀਓ ਮਧਿਅਮਾਂ ਜਾਂ ਕਿਸੇ ਹੋਰ ਮਧਿਅਮ ਰਾਹੀਂ ਵਿਚਾਰਾਂ ਨੂੰ ਪ੍ਰਗਟਾਉਣ ਦਾ ਹੱਕ ਦਿੰਦੇ ਹਨ, ਪਰ ਜਦੋਂ ਇਸ ਅਧਿਕਾਰ ਉੱਤੇ ਵਾਜਬ ਪਾਬੰਦੀਆਂ ਜੜ੍ਹ ਦਿੱਤੀਆਂ ਜਾਂਦੀਆਂ ਹਨ ਅਤੇ ਜਦੋਂ ਪੱਤਰਕਾਰ ਇਹ ਪਾਬੰਦੀਆਂ ਤੋੜਦਾ ਹੈ, ਉਹ ਹਾਕਮਾਂ, ਮਾਫ਼ੀਏ ਦੇ ਗੁੱਸੇ ਦਾ ਸ਼ਿਕਾਰ ਹੋ ਜਾਂਦੇ ਹਨ।

ਪੰਜਾਬ 'ਚ ਅੱਤਵਾਦ ਦੇ ਦਿਨਾਂ 'ਚ ਇਹਨਾਂ ਪੱਤਰਕਾਰਾਂ ਨੂੰ ਦੋਹਾਂ ਪਾਸਿਆਂ ਤੋਂ ਖ਼ਤਰਾ ਰਿਹਾ ਅਤੇ ਹੁਣ ਵੀ ਨਕਸਲ ਖਿੱਤਿਆਂ 'ਚ ਹੋ ਰਹੇ ਸੰਘਰਸ਼ 'ਚ ਇਹ ਖ਼ਤਰਾ ਦਿਸਦਾ ਹੈ।

ਇਸ ਕਿਸਮ ਦਾ ਖ਼ਤਰਾ ਉਦੋਂ ਹੋਰ ਵੀ ਵੱਧ ਜਾਂਦਾ ਹੈ, ਜਦੋਂ ਸ਼ਰੇਆਮ ਪੱਤਰਕਾਰਾਂ ਨੂੰ ਧਮਕੀਆਂ ਅਤੇ ਉਹ ਵੀ ਅਜੀਬ ਕਿਸਮ ਦੀਆਂ ਧਮਕੀਆਂ ਮਿਲਦੀਆਂ ਹਨ। ਤੇਲਗੂ ਦੇਸ਼ਮ ਦੇ ਵਿਧਾਇਕ ਗੁਮਾਨੂਰ ਜੈ ਰਾਮ ਵੱਲੋਂ ਦਿੱਤੀ ਪੱਤਰਕਾਰਾਂ ਲਈ ਧਮਕੀ ਅਸਧਾਰਨ ਹੈ। ਪੜ੍ਹੋ "ਜੇਕਰ ਪੱਤਰਕਾਰ ਉਹਨਾਂ ਬਾਰੇ ਗ਼ਲਤ ਜਾਣਕਾਰੀ ਪ੍ਰਕਾਸ਼ਿਤ ਕਰਨਗੇ ਤਾਂ ਉਹ ਉਹਨਾਂ ਨੂੰ ਰੇਲ ਦੀਆਂ ਪੱਟੜੀਆਂ 'ਤੇ ਸਵਾਉਣਗੇ"।

ਇਹੋ ਜਿਹੇ ਹਾਲਾਤਾਂ ਵਿੱਚ ਪੱਤਰਕਾਰਾਂ ਲਈ ਰਿਪੋਰਟਿੰਗ ਦਾ ਖ਼ਤਰਾ ਵੱਡਾ ਹੈ। ਇਹ ਖ਼ਤਰਾ ਸਿਰਫ਼ ਜਿਸਮਾਨੀ ਹੀ ਨਹੀਂ ਹੈ, ਮਾਨਸਿਕ ਵੀ ਹੈ। ਡਿਜ਼ੀਟਲ ਵੀ ਹੈ, ਕਨੂੰਨੀ ਵੀ ਹੈ ਅਤੇ ਧਮਕੀਆਂ ਭਰਪੂਰ ਵੀ ਹੈ। ਯੂਨੈਸਕੋ ਦੀ ਇੱਕ ਰਿਪੋਰਟ ਅਨੁਸਾਰ 2018 ਤੋਂ ਹੁਣ ਤੱਕ ਲੈਤਿਨ ਅਮਰੀਕਾ ਅਤੇ ਕਾਰਬੀਅਨ ਦੇ ਦੇਸ਼ਾਂ ਦੇ 900 ਪੱਤਰਕਾਰਾਂ ਨੂੰ ਦੇਸ਼ ਨਿਕਾਲਾ ਸਿਰਫ਼ ਇਸ ਕਰਕੇ ਮਿਲਿਆ ਕਿ ਉਹ ਲੋਕ-ਹਿੱਤ 'ਚ ਰਿਪੋਰਟਿੰਗ ਕਰਦੇ ਸਨ।

ਅੱਜ ਦੁਨੀਆ ਵਿੱਚ ਖੋਜੀ ਪੱਤਰਕਾਰਤਾ ਲਈ ਖ਼ਤਰੇ ਵਧੇਰੇ ਹਨ। ਦੁਨੀਆ ਭਰ ਵਿੱਚ ਅਜ਼ਾਦ ਪੱਤਰਕਾਰਤਾ, ਲੋਕਤੰਤਰ, ਮਾਨਵ ਅਧਿਕਾਰਾਂ ਅਤੇ ਨਾਗਰਿਕ ਸਮਾਜ ਦੇ ਖ਼ਿਲਾਫ਼ ਕਈ ਤਰ੍ਹਾਂ ਦੇ ਹਮਲੇ ਦੇਖੇ ਜਾ ਰਹੇ ਹਨ। ਇਹ ਹਮਲੇ ਉਸ ਵੇਲੇ ਹੋਰ ਵੀ ਵੱਧ ਗਏ ਹਨ ਜਦੋਂ ਤੋਂ ਕੁਲੀਨ ਵਰਗ ਸੱਤਾ ਦੀ ਦੁਰਵਰਤੋਂ ਵਧੇਰੇ ਕਰ ਰਿਹਾ ਹੈ। ਪਰ ਬਾਵਜੂਦ ਇਸ ਸਭ ਕੁਝ ਦੇ ਖੋਜੀ ਪੱਤਰਕਾਰਤਾ ਦਾ ਵਿਸਥਾਰ ਹੋ ਰਿਹਾ ਹੈ ਅਤੇ ਪੱਤਰਕਾਰ ਲਗਾਤਾਰ ਚੈਲਿੰਜ ਕਬੂਲ ਕਰ ਰਹੇ ਹਨ।

ਪੁਲਿਸ ਅਤੇ ਸਰਕਾਰੀ ਸੁਰੱਖਿਆ ਬਲਾਂ ਦਾ ਦਬਾਅ ਪੱਤਰਕਾਰਤਾ 'ਤੇ ਵੱਧ ਹੈ। ਪੱਤਰਕਾਰ ਗੌਰੀ ਲੰਕੇਸ਼ ਦੀ ਭਾਰਤ ਦੇ ਸ਼ਹਿਰ ਬੰਗਲੌਰ 'ਚ ਹੱਤਿਆ ਨਾਲ ਦੇਸ਼, ਦੁਨੀਆ 'ਚ ਲੱਖਾਂ ਲੋਕਾਂ ਨੂੰ ਗਹਿਰਾ ਸਦਮਾ ਪੁੱਜਿਆ। ਜਦੋਂ ਉਹਨਾਂ ਦੀ ਹੱਤਿਆ ਦੀ ਖ਼ਬਰ ਪ੍ਰਕਾਸ਼ਤ ਹੋਈ ਤਾਂ ਪੂਰਾ ਦੇਸ਼ ਤ੍ਰਬਕ ਉੱਠਿਆ। ਉਹਨਾਂ ਦੇ ਕਾਤਲਾਂ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ ਹੋਏ। ਭਾਰਤ ਸਰਕਾਰ ਨੂੰ ਵੀ ਸ਼ਰਮਿੰਦਗੀ ਉਠਾਉਣੀ ਪਈ।

ਸਿਰਫ਼ ਇਹ ਨਹੀਂ ਕਿ ਰਾਸ਼ਟਰੀ ਪੱਧਰ 'ਤੇ ਵੱਡੀਆਂ ਅਖ਼ਬਾਰਾਂ ਵਾਲੇ ਪੱਤਰਕਾਰ ਹੀ ਨਿਸ਼ਾਨੇ 'ਤੇ ਰਹਿੰਦੇ ਹਨ, ਸਗੋਂ ਸਥਾਨਕ ਪੱਤਰਕਾਰਾਂ ਨੂੰ ਵੀ ਵੱਡੇ ਲੋਕਾਂ ਦੀ ਗੁੰਡਾਗਰਦੀ ਦਾ ਸ਼ਿਕਾਰ ਹੋਣਾ ਪੈਂਦਾ ਹੈ, ਜਿਹਨਾਂ ਦੇ ਕੁਕਰਮਾਂ ਨੂੰ ਉਹ ਲੋਕਾਂ ਸਾਹਮਣੇ ਲਿਆਉਂਦੇ ਹਨ। 2015 'ਚ ਇੱਕ ਸਥਾਨਕ ਪੱਤਰਕਾਰ ਸੰਦੀਪ ਕੋਠਾਰੀ ਦੀ ਹੱਤਿਆ ਇਸ ਕਰਕੇ ਕਰ ਦਿੱਤੀ ਗਈ ਕਿ ਉਸਨੇ ਖਣਨ ਮਾਮਲਾ(ਰੇਤ-ਬਜਰੀ) ਲੋਕਾਂ ਸਾਹਵੇਂ ਲਿਆਂਦਾ ਸੀ।

ਪੱਤਰਕਾਰਾਂ ਦੀ ਹੱਤਿਆ ਦੇ ਮਾਮਲੇ ਅਸਲ ਅਰਥਾਂ ਵਿੱਚ ਮਨੁੱਖ ਦੇ ਮੁਢਲੇ ਅਧਿਕਾਰਾਂ ਨਾਲ਼ ਜੁੜੇ ਹੋਏ ਹਨ। ਦੁਨੀਆ ਭਰ ਦੇ ਦੇਸ਼ਾਂ ਵਿੱਚ ਪ੍ਰੈੱਸ ਦੀ ਅਜ਼ਾਦੀ ਗੰਭੀਰ ਸੰਕਟ ਵਿੱਚ ਹੈ। ਇੱਕ ਕੀਤੇ ਸਰਵੇ ਅਨੁਸਾਰ 180 ਦੇਸ਼ਾਂ ਵਿੱਚ ਪ੍ਰੈੱਸ ਦੀ ਅਜ਼ਾਦੀ 'ਚ ਚੀਨ ਦਾ ਸਥਾਨ 178ਵਾਂ ਹੈ, ਈਰਾਨ ਦਾ 176 ਵਾਂ, ਅਫ਼ਗਾਨਿਸਤਾ ਦਾ 175 ਵਾਂ ਅਤੇ ਭਾਰਤ ਦਾ 151ਵਾਂ ਸਥਾਨ ਹੈ। ਪ੍ਰੈੱਸ ਅਜ਼ਾਦੀ 'ਚ ਨਾਰਵੇ ਪਹਿਲੇ ਸਥਾਨ 'ਤੇ ਹੈ। ਪਿਛਲੇ 50 ਸਾਲਾਂ 'ਚ ਪ੍ਰੈੱਸ ਦੀ ਅਜ਼ਾਦੀ ਲਾਗਤਾਰ ਖੋਹੀ ਗਈ ਹੈ, ਜਿਹੜੀ ਕਿ ਗਲੋਬਲ ਲੋਕਤੰਤਰ ਲਈ ਵੱਡਾ ਖ਼ਤਰਾ ਬਣੀ ਦਿਸਦੀ ਹੈ। ਘਰੇਲੂ-ਯੁੱਧ, ਗ਼ਰੀਬੀ ਅਤੇ ਸਿਆਸੀ ਅਸਥਿਰਤਾ ਇਸ ਅਜ਼ਾਦੀ 'ਚ ਵੱਡਾ ਯੋਗਦਾਨ ਪਾਉਂਦੇ ਹਨ। ਵੱਧ ਰਹੀਂ ਡਿਕਟੇਟਰਾਨਾ ਸੋਚ ਨੇ ਪ੍ਰੈੱਸ ਦੀ ਅਜ਼ਾਦੀ ਅਤੇ ਪੱਤਰਕਾਰਾਂ ਲਈ ਵੱਡੇ ਖ਼ਤਰੇ ਖੜ੍ਹੇ ਕੀਤੇ ਹਨ।

ਰੂਸ 'ਚ ਇਕੋ ਵਿਅਕਤੀ ਦਾ ਰਾਜ ਅਤੇ ਧੱਕੇਸ਼ਾਹੀ, ਭਾਰਤ ਅਤੇ ਅਮਰੀਕਾ 'ਚ "ਰਾਸ਼ਟਰਵਾਦ" ਨੂੰ ਉਤਸ਼ਾਹਤ ਕਰਨ ਦੇ ਤੀਬਰ ਯਤਨ, ਯੁੱਧ-ਜੰਗ ਦੀਆਂ ਵੱਡੇ ਧਨ-ਕੁਬੇਰਾਂ ਵੱਲੋਂ ਪੈਦਾ ਕੀਤੀਆਂ ਪ੍ਰਸਥਿਤੀਆਂ ਪੱਤਰਕਾਰਾਂ ਦੀ ਕਲਮ ਖੋਹਣ, ਉਹਨਾਂ ਦੀ ਜੀਭ ਉੱਤੇ ਜਿੰਦਰੇ ਲਗਾਉਣ ਦਾ ਵੱਡਾ ਕਾਰਨ ਬਣਦੀਆਂ ਜਾ ਰਹੀਆਂ ਹਨ।

ਫਿਰ ਵੀ ਤਸੱਲੀ ਦੀ ਗੱਲ ਇਹ ਹੈ ਕਿ ਸੁਚੇਤ ਅਤੇ ਨਿਡਰ ਪੱਤਰਕਾਰ ਅਜੇ ਵੀ ਸੀਸ ਤਲੀ 'ਤੇ ਧਰ ਕੇ ਆਪਣਾ ਫਰਜ਼ ਨਿਭਾ ਰਹੇ ਹਨ ਅਤੇ ਸੋਸ਼ਲ ਮੀਡੀਆ 'ਤੇ ਸਾਰਥਕ ਸੋਚ ਵਾਲੇ ਲੋਕ ਪ੍ਰੈੱਸ ਦੀ ਅਜ਼ਾਦੀ ਦਾ ਸਹਾਰਾ ਬਣੇ ਹੋਏ ਹਨ।

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਸ਼ਾਹ ਜੀ ਮਰਗ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜਦੋਂ ਬਾਦਸ਼ਾਹ ਜਹਾਂਗੀਰ ਨਾਲ ਕਸ਼ਮੀਰ ਆਏ ਤਾਂ ਆਪ ਜੀ ਸ਼ਪਹੀਆਂ ਦੇ ਰਾਹ ਥਾਣੀਂ ਹੀ ਕਸ਼ਮੀਰ ਆਏ। ਗੁਰੂ ਸਾਹਿਬ ਨੇ ਜਿਸ ਥਾਂ ਮੁਕਾਮ ਕੀਤਾ, ਉਥੇ ਗੁਰੂ ਸਾਹਿਬ ਜੀ ਦੀ ਯਾਦ ਵਿੱਚ ਇਤਿਹਾਸਕ ਅਸਥਾਨ ਗੁਰ-ਦੁਆਰਾ ਸ਼ਾਹ ਜੀ ਮਰਗ ਪੁਲਵਾਮਾ (ਕਸ਼ਮੀਰ) ਜ਼ਿਲ੍ਹੇ ਵਿੱਚ ਆਉਂਦਾ ਹੈ।

ਸਿੱਖ ਤਵਾਰੀਖ਼ ਵਿੱਚ ਜ਼ਿਕਰ ਆਉਂਦਾ ਹੈ ਕਿ ਜਦੋਂ ਕਟੂਸ਼ਾਹ ਪਿੰਡ ਦੀਆਂ ਸੰਗਤਾਂ ਨਾਲ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਜਾ ਰਿਹਾ ਸੀ ਤਾਂ ਰਸਤੇ ਵਿੱਚ ਉਸ ਨੂੰ ਬਹੁਤ ਪਿਆਸ ਤੇ ਭੁੱਖ ਲੱਗੀ। ਪਿੰਡ ਦੀਆਂ ਸੰਗਤਾਂ ਗੁਰੂ ਸਾਹਿਬ ਲਈ ਕਸ਼ਮੀਰੀ ਸੇਬ-ਫੱਲ ਅਤੇ ਤਾਜ਼ਾ ਕੱਢਿਆ ਮਾਖਿਉ (ਸ਼ਹਿਦ) ਤਿੰਨ-ਚਾਰ ਮਿੱਟੀ ਦੀਆਂ ਡੋਲੀਆਂ ਵਿੱਚ ਪਾ ਕੇ ਲੈ ਜਾ ਰਹੀਆਂ ਸਨ। ਕਟੂਸ਼ਾਹ ਨੇ ਭੁੱਖ ਅਤੇ ਪਿਆਸ ਕਾਰਨ ਸੰਗਤਾਂ ਤੋਂ ਥੋੜ੍ਹੀ ਸ਼ਹਿਦ ਮੰਗੀ ਪਰ ਸੰਗਤਾਂ ਨੇ ਸਾਫ਼ ਇਨਕਾਰ ਕਰ ਦਿੱਤਾ ਕਿ ਇਹ ਸ਼ਹਿਦ ਗੁਰੂ ਸਾਹਿਬ ਵਾਸਤੇ ਹੈ, ਇਹ ਜੂਠੀ ਨਹੀਂ ਕਰਨੀ।

ਜਦੋਂ ਸੰਗਤਾਂ ਗੁਰੂ ਸਾਹਿਬ ਕੋਲ ਪੁੱਜੀਆਂ ਤੇ ਜਾਣੀਜਾਣ ਪਾਤਸ਼ਾਹ ਨੇ ਪੁੱਛਿਆ ਇਨ੍ਹਾਂ ਵਿੱਚ ਕੀ ਹੈ? ਸੰਗਤਾਂ ਤਾਜ਼ਾ ਮਾਖਿਉ (ਸ਼ਹਿਦ) ਆਖਿਆ। ਜਦੋਂ ਗੁਰੂ ਸਾਹਿਬ ਨੇ ਇਨ੍ਹਾਂ ਮਿੱਟੀ ਦੀਆਂ ਡੋਲੀਆਂ ਉਪਰੋਂ ਢੱਕਣ ਚੁੱਕੇ ਤਾਂ ਉਸ ਸ਼ਹਿਦ ਵਿੱਚ ਅਨੇਕਾਂ ਕੀੜੇ ਕੁਰਬਲ-ਕੁਰਬਲ ਕਰ ਰਹੇ ਸਨ ਅਤੇ ਸ਼ਹਿਦ ਬਦਬੂ ਦੇ ਰਿਹਾ ਸੀ। ਗੁਰੂ ਸਾਹਿਬ ਨੇ ਬਚਨ ਕੀਤਾ ਜਦੋਂ ਅਸਾਂ ਤੁਹਾਡੇ ਤੋਂ ਮਾਖਿਉ ਮੰਗਿਆ ਸੀ ਉਦੋਂ ਤੁਸਾਂ ਦਿੱਤਾ ਨਹੀਂ, ਜਦੋਂ ਕੁਝ ਦੇਰ ਬਾਅਦ ਗੁਰੂ ਸਾਹਿਬ ਦੇ ਹੁਕਮ ਨਾਲ ਦੁਬਾਰਾ ਡੋਲੀਆਂ ਤੋਂ ਢੱਕਣ ਕਟੂਸ਼ਾਹ ਨੇ ਚੁੱਕੇ ਤਾਂ ਮਾਖਿਉ ਸਾਰਾ ਸਾਫ਼ ਹੋ ਗਿਆ ਸੀ। ਗੁਰੂ ਸਾਹਿਬ ਦਾ ਬਚਨ ਪਾ ਕੇ ਕਟੂਸ਼ਾਹ ਨੇ ਮਾਖਿਉ ਪਹਿਲਾਂ ਸਾਰੀ ਸੰਗਤ ਨੂੰ ਦਿੱਤਾ ਫਿਰ ਆਪ ਛਕਿਆ। ਗੁਰੂ ਸਾਹਿਬ ਨੇ ਸੰਗਤਾਂ ਨੂੰ ਫ਼ੁਰਮਾਇਆ ਗਰੀਬ ਕਾ ਮੂੰਹ ਗੁਰੂ ਕੀ ਗੋਲਕ ਹੈ।

ਜਿਥੇ ਗੁਰੂ ਹਰਿਗੋਬਿੰਦ ਸਾਹਿਬ ਬੈਠੇ ਸਨ ਉਥੇ ਅੱਜ ਗੁਰਦੁਆਰਾ ਸ਼ਾਹ ਜੀ ਮਰਗ ਬਣਿਆ ਹੋਇਆ ਹੈ। ਗੁਰੂ ਸਾਹਿਬ ਨੇ ਆਪਣੇ ਨੀਲੇ ਘੋੜੇ ਨੂੰ ਚਿਨਾਰ ਦਰਖ਼ਤ ਦੇ ਤਣੇ ਨਾਲ ਬੰਨ੍ਹ ਦਿੱਤਾ ਅਤੇ ਆਪ ਵੀ ਚਿਨਾਰ ਨਾਲ ਪਿੱਠ ਲਾ ਕੇ ਬੈਠ ਗਏ। ਇਹ ਚਿਨਾਰ ਦਾ ਦਰੱਖ਼ਤ ਅੱਜ ਵੀ ਗੁਰ-ਦੁਆਰੇ ਦੇ ਅੰਦਰ ਸੁਰੱਖਿਅਤ ਰੱਖਿਆ ਗਿਆ ਹੈ।

ਭਾਈ ਕਟੂਸ਼ਾਹ ਸਿੱਖ ਧਰਮ ਦਾ ਪ੍ਰਚਾਰਕ ਬਣ ਕੇ ਕਸ਼ਮੀਰ ਵਿੱਚ ਪ੍ਰਚਾਰ ਕਰਦਾ ਰਿਹਾ। ਪੁਰਾਣਿਆਂ ਸਮਿਆਂ ਤੋਂ ਮੁਸਲਮਾਨ, ਹਿੰਦੂ ਅਤੇ ਸਿੱਖ ਚਿਨਾਰ ਦੇ ਦਰੱਖ਼ਤ ਕੋਲ ਆ ਕੇ ਪ੍ਰਸ਼ਾਦ ਵੰਡਦੇ ਅਤੇ ਦੀਵੇ ਜਗਾਂਦੇ ਸਨ। ਇਹ ਥਾਂ ਕਾਫੀ ਸਮੇਂ ਬਾਅਦ ਭਾਈ ਮੋਹਰ ਸਿੰਘ ਆਫ਼ ਨੰਗਲੀ ਸਾਹਿਬ ਨੇ ਪ੍ਰਗਟ ਕੀਤੀ ਸੀ। ਸ਼ਾਹ ਜੀ ਮਰਗ ਥਾਂ ਸ਼ੁਪਹੀਆਂ ਲਾਗੇ ਕਬਲਿੰਮਪੁਰ ਨਦੀ ਦੇ ਕੋਲ, ਮੁਗਲ ਰੋਡ ਨਾਲ ਸਥਿਤ ਹੈ। ਮਾਲ ਦੇ ਕਾਗਜ਼ਾਂ ਵਿੱਚ ਇਸ ਦਾ ਨਾਂ ਕਬਲਿੰਮਪੁਰ ਦਰਜ ਹੈ। ਕਬਲਿੰਮਪੁਰ ਕਟੂਸ਼ਾਹ ਦਾ ਪਿੰਡ ਹੀ ਸੀ। ਭਾਈ ਕਟੂਸ਼ਾਹ ਦੇ ਕਾਰਨ ਹੀ ਇਸ ਦਾ ਨਾਂ ਸ਼ਾਹ ਜੀ ਮਰਗ ਪ੍ਰਚੱਲਤ ਹੋਇਆ ਹੈ। ਸ਼ਾਹ ਜੀ ਮਰਗ ਨੂੰ ਕਸ਼ਮੀਰੀ ਵਿੱਚ ਸ਼ਾਦ ਮਰਗ ਆਖਿਆ ਜਾਂਦਾ ਹੈ। ਕਟੂਸ਼ਾਹ ਦੇ ਉਪਰ ਦਿੱਤੇ ਪ੍ਰਸੰਗ ਦਾ ਵਿਸਥਾਰ ਨਾਲ ਜ਼ਿਕਰ ਸੂਰਜ ਪ੍ਰਕਾਸ਼ ਦੀ ਰਾਸਿ 5 ਅਸੂ 50 ਵਿੱਚ ਆਇਆ ਹੈ।


ਭਾਈ ਕਟੂਸ਼ਾਹ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਪਹਿਲਾਂ ਅੰਮ੍ਰਿਤਸਰ ਜਾ ਕੇ ਕੀਤੇ ਸਨ। ਗੁਰੂ ਹਰਿਗੋਬਿੰਦ ਸਾਹਿਬ ਇਸ ਦੇ ਟਿਕਾਣੇ ਇਕ ਰਾਤ ਠਹਿਰੇ ਸਨ। ਇਸ ਗੁਰਦੁਆਰੇ ਤੋਂ ਥੋੜ੍ਹੀ ਦੂਰੀ 'ਤੇ ਬਾਦਸ਼ਾਹ ਜਹਾਂਗੀਰ ਦੀ ਸਰਾਂ ਵੀ ਮੌਜੂਦ ਹੈ, ਜਿਥੇ ਜਹਾਂਗੀਰ ਪਰਿਵਾਰ ਸਮੇਤ ਠਹਿਰਿਆ ਸੀ। ਜਹਾਂਗੀਰ ਦੇ ਕਹਿਣ 'ਤੇ ਇਕ ਵੇਰ ਗੁਰੂ ਸਾਹਿਬ, ਜਹਾਂਗੀਰ ਬਾਦਸ਼ਾਹ ਨਾਲ ਨੇੜਲੇ ਜੰਗਲ ਵਿੱਚ ਸ਼ਿਕਾਰ ਖੇਡਣ ਇਕੱਠੇ ਗਏ ਸਨ। ਇਹ ਜੰਗਲ ਤਿੰਨ-ਚਾਰ ਕਿਲੋਮੀਟਰ ਦੀ ਵਿੱਥ 'ਤੇ ਹੈ। ਇਥੇ ਹੀ ਗੁਰੂ ਸਾਹਿਬ ਨੇ ਆਪਣਾ ਨੇਜ਼ਾ ਮਾਰ ਕੇ ਪਾਣੀ ਦਾ ਚਸ਼ਮਾ ਪ੍ਰਗਟ ਕੀਤਾ ਸੀ ਅਤੇ ਬਾਦਸ਼ਾਹ ਦੀ ਪਿਆਸ ਬੁਝਾਈ ਸੀ। ਅੱਜ ਕੱਲ੍ਹ ਇਸ ਜੰਗਲ ਵਿੱਚ ਚਿਸ਼ਮਾ ਗੁਰੂ ਹਰਿਗੋਬਿੰਦ ਸਾਹਿਬ ਮੌਜੂਦ ਹੈ ਅਤੇ ਨਾਲ ਹੀ ਕੇਸਰੀ ਨਿਸ਼ਾਨ ਸਾਹਿਬ ਝੂੱਲ ਰਿਹਾ ਹੈ। ਗੁਰੂ ਸਾਹਿਬ ਦੇ ਪੰਜਾਬ ਜਾਣ ਮਗਰੋਂ ਚਿਨਾਰ ਦੇ ਦਰੱਖ਼ਤ ਦੇ ਆਸ-ਪਾਸ ਇਕ ਸ਼ੇਰ ਆ ਕੇ ਪ੍ਰਦੱਖਣਾ ਦੇਂਦਾ ਸੀ। ਇਹ ਕੌਤਕ ਬਾਬਾ ਜੋਗਾ ਸਿੰਘ (ਇੱਛਾਧਾਰੀ) ਨੇ ਕਈ ਵਾਰ ਆਪ ਵੇਖਿਆ ਸੀ। ਇਸ ਥਾਂ ਤੋਂ ਗੁਰੂ ਸਾਹਿਬ ਖਾਂਹਪੁਰ ਸਰਾਂਏ ਗਏ ਸਨ। ਉਥੋਂ ਗੁਰੂ ਸਾਹਿਬ ਸ੍ਰੀਨਗਰ ਪੁੱਜੇ।

**ਪੁਸਤਕ ਸੂਚੀ:-**

1. ਸਰਨਾ, ਡਾ. ਜਸਬੀਰ ਸਿੰਘ- ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ਼, ਕਸ਼ਮੀਰ, 1997 2. ਸਰਨਾ, ਡਾ. ਜਸਬੀਰ ਸਿੰਘ- ਸਿੱਖ ਸ਼ਰਾਇਨਜ਼ ਇਨ ਜੰਮੂ ਐਂਡ ਕਸ਼ਮੀਰ, ਕੈਨੇਡਾ, 1994 3. ਟੈਂਗ, ਮੁਹੰਮਦ ਯੂਸਫ਼ (ਚੀਫ਼ ਐਡੀਟਰ)- ਕੌਸ਼ਰ ਇਨਸਾਈਕਲੋਪੀਡੀਆ (ਕਸ਼ਮੀਰੀ) ਭਾਗ ਦੂਜਾ, ਸ੍ਰੀਨਗਰ, 1989 4. ਸਰਨਾ, ਡਾ. ਜਸਬੀਰ ਸਿੰਘ- ਜੰਮੂ ਕਸ਼ਮੀਰ ਦੇ ਇਤਿਹਾਸਕ ਗੁਰਦੁਆਰੇ, ਚੰਡੀਗੜ੍ਹ, 2005 5. ਸਰਨਾ ਡਾ. ਜਸਬੀਰ ਸਿੰਘ- ਸਿੱਖਜ਼ ਇਨ ਕਸ਼ਮੀਰ, ਦਿੱਲੀ, 1993

## ਸ਼ਾਲਕੋਟ

ਕਸ਼ਮੀਰ ਵਾਦੀ ਦੇ ਜ਼ਿਲ੍ਹਾ ਬਾਰਾਮੂਲਾ (ਰਫ਼ੀਆਬਾਦ) ਵਿੱਚ 16 ਕਿਲੋਮੀਟਰ ਦੂਰ ਪਿੰਡ ਸ਼ਾਲਕੋਟ ਆਉਂਦਾ ਹੈ। ਬਾਰਾਮੂਲਾ



ਦਾ ਅਕਸ਼ਾਂਸ਼ 340-13 ਅਤੇ ਰੇਖਾਂਸ਼ ਦੇਸ਼ਾਂਤਰ 740-23 ਹੈ। ਇਸ ਪਿੰਡ ਦੇ ਬਾਹਰਵਾਰ ਉਚੀ ਟਿੱਬੀ 'ਤੇ ਇਕਾਂਤ ਜੰਗਲ ਵਿੱਚ ਗੁਰਦੁਆਰਾ ਤਪਿਆਣਾ ਸਾਹਿਬ ਕਰਕੇ ਪ੍ਰਸਿੱਧ ਹੈ। ਇਹ ਉਹ ਇਤਿਹਾਸਕ ਥਾਂ ਹੈ ਜਿਥੇ ਸੰਤ ਰੋਚਾ ਸਿੰਘ (1688-1803) ਜੀ ਨੇ ਇਕ ਵੱਡੇ ਦਿਆਰ ਦਰੱਖ਼ਤ (ਫਨਿਨਸ ਠਰਏਣ) ਦੇ ਖੋਲ ਵਿੱਚ ਬੈਠ ਕੇ ਤਕਰੀਬਨ 12 ਸਾਲ ਕਠਿਨ ਤਪ ਕੀਤਾ ਸੀ, ਜਿਸ ਕਾਰਨ ਗੁਰਦੁਆਰੇ ਦਾ ਨਾਂ ਹੀ ਤਪਿਆਣਾ ਸਾਹਿਬ ਹੋ ਗਿਆ। ਮੁਕਾਮੀ ਰਿਵਾਇਤ ਅਨੁਸਾਰ ਸੰਤ ਰੋਚਾ ਸਿੰਘ ਦੀ ਹਜ਼ੂਰੀ ਵਿੱਚ ਸ਼ੇਰ ਪਹਿਰਾ ਦਿੰਦਾ ਅਤੇ ਕਾਮਧੇਨ ਗਊ ਦੁੱਧ ਦੀ ਸੇਵਾ ਲਈ ਹਾਜ਼ਰ ਹੁੰਦੀ ਸੀ। ਇਹ ਕੌਤਕ ਉਸ ਸਮੇਂ ਦੇ ਗੁੱਜਰ ਮੁਸਲਮਾਨਾਂ ਨੇ ਆਪਣੀ ਅੱਖੀਂ ਵੇਖ ਕੇ ਅਤੇ ਹੋਰ ਵੀ ਕੁਝ ਪ੍ਰੀਖਿਆ ਕਰਨ ਦੇ ਬਾਅਦ ਪਿੰਡ ਦੇ ਸਿੱਖਾਂ ਨੂੰ ਸੰਤ ਰੋਚਾ ਸਿੰਘ ਜੀ ਦੇ ਇਸ ਅਗਿਆਤਵਾਸ ਬਾਰੇ ਜਾਣੂ ਕਰਾਇਆ ਸੀ।

ਸੰਤ ਰੋਚਾ ਸਿੰਘ ਜੀ ਦਾ ਜਨਮ ਪਿੰਡ ਕੋਸਾਂ, ਜ਼ਿਲ੍ਹਾ ਹਜ਼ਾਰਾ (ਜੋ ਅੱਜ ਕੱਲ੍ਹ ਪਾਕਿਸਤਾਨ ਵਿੱਚ ਹੈ) ਵਿੱਚ ਹੋਇਆ। ਸੰਤ ਰੋਚਾ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨ ਮਾਲਵੇ ਵਿੱਚ (ਦਸੰਬਰ 1705 ਤੋਂ ਬਾਅਦ) ਕੀਤੇ ਅਤੇ ਗੁਰੂ ਸਾਹਿਬ ਦੇ ਮੁਬਾਰਕ ਹੱਥਾਂ ਤੋਂ ਖੰਡੇ ਦੀ ਪਾਹੁਲ ਲਈ ਸੀ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਉਹ ਆਪਣੇ ਦੇਸ਼ ਆ ਕੇ ਸਿੱਖੀ ਪ੍ਰਚਾਰ ਵਿੱਚ ਜੁੱਟ ਗਏ। ਸੰਤ ਰੋਚਾ ਸਿੰਘ ਜੰਮੂ-ਕਸ਼ਮੀਰ ਦੀ ਨਿਰਮਲ ਸੰਪਰਦਾ ਡੇਰਾ ਨੰਗਲੀ ਸਾਹਿਬ, ਪੁਣਛ ਦੇ ਤੀਜੀ ਥਾਂ ਗੱਦੀ-ਨਸ਼ੀਨ ਹੋਏ ਹਨ। ਠਾਕੁਰ ਭਾਈ ਮੇਲਾ ਸਿੰਘ ਜੀ ਨੇ ਵੀ ਸ਼ਾਲਕੋਟ ਆ ਕੇ ਇਸ ਗੁਰਦੁਆਰੇ ਦੀ ਨੀਂਹ ਆਪਣੇ ਕਰ-ਕਮਲਾਂ ਨਾਲ ਰੱਖ ਕੇ ਦਮਦਮਾ ਸਾਹਿਬ ਤਿਆਰ ਕਰਵਾਇਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਇਸ ਗੁਰ-ਦੁਆਰੇ ਨਾਲ ਜਗੀਰ ਵਜੋਂ ਪਿੰਡ ਸ਼ਾਲਕੋਟ, ਬਲਹਾਮਾ ਅਤੇ ਬਰਮਣ ਲੱਗੇ। ਸੰਤ ਰੋਚਾ ਸਿੰਘ ਜੀ ਦਾ ਬੜਾ ਤੇਜ-ਪ੍ਰਤਾਪ ਸੀ ਜਿਸ ਕਾਰਨ ਉਹ ਹਰ ਸਮੇਂ ਹਥਿਆਰਬੰਦ 300 ਤੋਂ 400 ਸਿੰਘ ਨਾਲ ਰੱਖਦੇ ਸਨ। ਕਈ ਵੇਰਾਂ ਉਨ੍ਹਾਂ ਨਾਲ ਜ਼ਾਲਮਾਂ ਨੇ ਛੋਟੀਆਂ-ਮੋਟੀਆਂ ਝੜਪਾਂ ਕੀਤੀਆਂ ਪਰ ਫਤਿਹਯਾਬੀਆਂ ਸੰਤ ਜੀ ਦੀਆਂ ਹੋਈਆਂ। ਮਹੰਤ ਬਚਿੱਤਰ ਸਿੰਘ ਜੀ ਨੇ ਗੁਰਦੁਆਰਾ ਐਕਟ ਲਾਗੂ ਹੋਣ 'ਤੇ ਇਸ ਗੁਰਦੁਆਰੇ ਦਾ ਪ੍ਰਬੰਧ ਡਿਸਟ੍ਰਿਕਟ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰਾਮੂਲਾ ਨੂੰ ਦੇ ਦਿੱਤਾ। ਕਾਫੀ ਸਮਾਂ ਪਹਿਲਾਂ ਗੁਰ-ਦੁਆਰਾ ਸਾਹਿਬ ਦੀ ਇਮਾਰਤ ਉਸਾਰੀ ਗਈ, ਪਰ 1998 ਤੋਂ ਬਾਬਾ ਹਰਬੰਸ ਸਿੰਘ ਆਫ਼ ਦਿੱਲੀ ਦੀ ਨਿਗਰਾਨੀ ਹੇਠ ਨਵੀਂ ਗੁਰਦੁਆਰਾ ਸਾਹਿਬ ਦੀ ਇਮਾਰਤ ਉਸਾਰੀ ਜਾ ਚੁੱਕੀ ਹੈ।

**ਪੁਸਤਕ ਸੂਚੀ:-**

1. ਬੁਧ ਸਿੰਘ, ਗਿਆਨੀ- ਗੁੱਝੇ ਹੀਰੇ, ਅੰਮ੍ਰਿਤਸਰ, 1926 2. ਸਰਨਾ, ਡਾ. ਜਸਬੀਰ ਸਿੰਘ- ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ਼, ਕਸ਼ਮੀਰ, 1997 3. ਸਰਨਾ, ਡਾ. ਜਸਬੀਰ ਸਿੰਘ- ਜੰਮੂ ਕਸ਼ਮੀਰ ਦੇ ਇਤਿਹਾਸਕ ਗੁਰਦੁਆਰੇ, ਚੰਡੀਗੜ੍ਹ, 2005

## ਸਾਹੋਵਾਲ

ਸਾਹੋਵਾਲ ਪਿੰਡ ਅੱਜ ਕੱਲ੍ਹ ਪਾਕਿਸਤਾਨ ਦੇਸ਼ ਦੇ ਜ਼ਿਲ੍ਹਾ ਸਿਆਲਕੋਟ ਤੇ ਤਹਿਸੀਲ ਸੰਬੜਿਆਲ ਵਿੱਚ ਆਉਂਦਾ ਹੈ। ਸਿਆਲਕੋਟ ਤੋਂ ਸੰਬੜਿਆਲ ਜਾਣ ਸਮੇਂ ਪਹਿਲਾ ਰੇਲਵੇ ਸਟੇਸ਼ਨ ਉਗੋਕੀ ਆਉਂਦਾ ਹੈ ਅਤੇ ਫਿਰ ਸਾਹੋਵਾਲ ਸਟੇਸ਼ਨ ਆਉਂਦਾ ਹੈ। ਇਹ ਸੜਕ ਦਾ ਸਟਾਪ ਵੀ ਹੈ। ਇਥੋਂ ਦੱਖਣ-ਪੱਛਮ ਵਾਲੇ ਪਾਸੇ ਚਾਰ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਸਾਹੋਵਾਲ ਹੈ। ਇਹ ਪਿੰਡ ਵੱਡਾ ਅਤੇ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਪਿੰਡ ਦੇ ਚੜ੍ਹਦੇ ਪਾਸੇ ਕੋਈ ਅੱਧਾ ਕਿਲੋਮੀਟਰ ਦੀ ਵਿੱਥ 'ਤੇ ਗੁਰੂ ਨਾਨਕ ਸਾਹਿਬ ਦਾ ਗੁਰਦੁਆਰਾ ਨਾਨਕਸਰ ਹੈ। ਇਸ ਗੁਰ-ਦੁਆਰੇ ਦੀ ਇਮਾਰਤ ਮੰਦਿਰ ਦੇ ਆਕਾਰ ਦੀ ਹੋਣ ਕਾਰਨ ਇਸ ਨੂੰ ਨਾਨਕ ਮੰਦਰ ਦੇ ਨਾਮ ਨਾਲ ਪ੍ਰਸਿੱਧ ਹੈ।

ਪ੍ਰਕਾਸ਼ ਅਸਥਾਨ ਗੁੰਬਦਦਾਰ ਅੰਦਰ ਹੈ ਅਤੇ ਹਵੇਲੀ ਵਰਗੀ ਇਮਾਰਤ ਅੰਦਰ ਬਹੁਤ ਸਾਰੇ ਰਿਹਾਇਸ਼ੀ ਕਮਰੇ ਹਨ, ਜਿਨ੍ਹਾਂ ਅੰਦਰ ਅੱਜ ਕੱਲ੍ਹ ਸ਼ਰਨਾਰਥੀ ਆਬਾਦ ਹਨ। ਗੁਰੂ ਨਾਨਕ ਸਾਹਿਬ ਸਿਆਲਕੋਟ ਤੋਂ ਚੱਲ ਕੇ ਇਥੇ ਆਏ ਸਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰੂ ਸਾਹਿਬ ਇਸ ਥਾਂ ਸੱਤ ਦਿਨ ਠਹਿਰੇ ਸਨ। ਇਥੇ ਇਕ ਤਾਲਾਬ 25 ਏਕੜ ਵਿੱਚ ਸੀ। ਇਹ ਗੁਰਦੁਆਰਾ ਵੀ ਉਸੇ ਅਹਾਤੇ ਵਿੱਚ ਹੈ। ਗੁਰਦੁਆਰੇ ਨਾਲ ਜ਼ਮੀਨ/ਜਗੀਰ ਕੁਝ ਨਹੀਂ ਹੈ। ਇਸ ਸਮੇਂ ਇਮਾਰਤ ਦੀ ਹਾਲਤ ਚੰਗੀ ਹੈ।


**ਪੁਸਤਕ ਸੂਚੀ:-**

1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਾਰ ਮਹਾਨ ਕੋਸ਼, ਦਿੱਲੀ, 1990

2. ਇਕਬਾਲ ਕੈਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998

ਬਾਕੀ ਅਗਲੇ ਹਫ਼ਤੇ ਪੜ੍ਹੋ


## ਸਿਹਤ ਤੇ ਸੁੰਦਰਤਾ



**ANIL DHEER**

Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

# ਠੰਢ ਨੇ ਵਧਾਈ ਗਲੇ ਦੀ ਖਰਾਸ਼



"ਠੰਢ ਦੌਰਾਣ ਹਰ ਉਮਰ ਦਾ ਵਿਅਕਤੀ ਗਲੇ ਅੰਦਰ ਪੀੜ ਅਤੇ ਖਰਾਸ਼ ਮਹਿਸੂਸ ਕਰ ਰਿਹਾ ਹੈ। ਲਾਪ੍ਰਵਾਹੀ ਛੱਡ ਕੇ ਬਿਨਾ ਦੇਰੀ ਇਲਾਜ਼ ਦੀ ਲੋੜ ਹੈ"

ਹੈਲਥ ਮੀਡੀਆ ਕੈਨੇਡਾ : ਠੰਢ - ਬਰਫਵਾਰੀ ਚਲ ਰਹੀ ਹੈ। ਇਸ ਕਰਕੇ ਕਈ ਬਾਰ ਡੇਲੀ ਜਨਜੀਵਨ 'ਤੇ ਵੀ ਅਸਰ ਪੈ ਰਿਹਾ ਹੈ। ਆਮਤੌਰ 'ਤੇ ਇਸ ਮੌਸਮ 'ਚ ਬੱਚੇ, ਨੌਜਵਾਨ, ਮੱਧ ਉਮਰ, ਅਤੇ ਸੀਨੀਅਰਜ਼ ਆਮ ਸਮੱਸਿਆ ਗਲੇ ਅੰਦਰ ਦਰਦ ਦੇਖੀ ਜਾ ਰਹੀ ਹੈ। ਵਾਇਰਲ-ਬੈਕਟੀਰੀਅਲ ਗਲੇ ਦੀ ਇਨਫੈਕਸ਼ਨ ਦਾ ਆਮ ਕਾਰਨ ਗਰੁੱਪ ਸਟ੍ਰੈਪਟੋਕੋਕਸ (ਜੀ. ਏ. ਬੀ. ਐਚ. ਐਚ.) ਹੈ। ਇਹ ਵਾਇਰਸ 72%, 5 ਤੋਂ 16 ਸਾਲ ਦੀ ਉਮਰ ਵਿਚ ਦੇਖਣ ਨੂੰ ਮਿਲ ਰਿਹਾ ਹੈ। ਕਰੀਬਨ 96% ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ 'ਤੇ ਅਟੈਕ ਕਰਦਾ ਹੈ।


ਸੋਰ-ਥਰੋਟ ਦੀ ਹਾਲਤ 'ਚ ਖਾਣ-ਪੀਣ ਦੀ ਚੀਜ਼ ਨੂੰ ਨਿਗਲਨਾ ਔਖਾ ਹੋ ਜਾਂਦਾ ਹੈ। ਦਰਦ, ਖਰਾਸ਼, ਘੱਟ ਜਾਂ ਵੱਧ ਅਤੇ ਲੰਬੇ ਸਮੇਂ ਤੱਕ ਵੀ ਇਹ ਹਾਲਤ ਬਣੀ ਰਹਿ ਸਕਦੀ ਹੈ। ਗਲੇ ਅੰਦਰ ਨਾੜੀਆਂ ਸੁੱਜ ਜਾਂਦੀਆਂ ਹਨ। ਨਾਲ ਹੀ ਸਿਰ-ਪੀੜ, ਜਿਸਮ ਦੇ ਦਰਦ ਨਾਲ ਬੁਖਾਰ ਵੀ ਹੋ ਜਾਂਦਾ ਹੈ।ਗਲੇ ਦੀ ਆਵਾਜ਼ ਭੈੜੀ, ਬੋਲਨਾ ਔਖਾ, ਅਤੇ ਟਾਨਸਿਲ ਲਾਲ ਦਿਸਦੇ ਹਨ। ਗਲੇ ਅੰਦਰ ਖਰਾਸ਼ ਵਾਇਰਲ-ਬੈਕਟੀਰੀਅਲ ਇਨਫੈਕਸ਼ਨ, ਜ਼ੁਕਾਮ, ਫਲੂ, ਖੰਘ, ਅਲਰਜੀ, ਖੁਸ਼ਕ ਹਵਾ, ਇੰਡਸਟਰੀਅਲ ਧੂੰਆ, ਮੌਸਮੀ ਪਰਦੂਸ਼ਨ, ਤੰਬਾਕੂਨੋਸ਼ੀ ਦਾ ਧੂੰਆ, ਮਸਾਲੇਦਾਰ ਭੋਜਨ, ਮਾਂਸਪੇਸ਼ੀ ਤਨਾਅ, ਜੀ. ਆਰ. ਡੀ. ਅਤੇ ਐਚ. ਆਈ. ਵੀ ਇਨਫੈਕਸ਼ਨ ਜੀਭ, 'ਤੇ ਗਲੇ ਦੇ ਕੈਂਸਰ ਦਾ ਕਾਰਨ ਵੀ ਬਣ ਸਕਦਾ ਹੈ।

ਆਮ ਰੇਮੇਡੀਜ਼ ਦੇ ਨਾਲ ਲੋੜ ਹੈ ਖਿਆਲ ਰੱਖਣ ਦੀ :

ਛੋਟੇ ਬੱਚੇ ਅਤੇ ਗਰਭਵਤੀ ਔਰਤਾਂ, ਗਲੇ ਅੰਦਰ ਦਰਦ ਦੀ ਸ਼ਿਕਾਇਤ ਕਰਨ ਦੀ ਹਾਲਤ 'ਚ ਬਿਨਾ ਦੇਰੀ ਜਾਂਚ 'ਤੇ ਇਲਾਜ਼ ਸ਼ੁਰੂ ਕਰੋ।

ਆਪਣਾ ਖਾਣਾ-ਪੀਣਾ ਕਿਸੇ ਨਾਲ ਵੀ ਸਾਂਝਾ ਨਾ ਕਰੋ। ਬਰਤਨ ਅਲੱਗ ਹੀ ਰੱਖੋ। ਪਰਸਨਲ ਸਫਾਈ ਦੇ ਨਾਲ-ਨਾਲ ਘਰ ਦੇ ਅੰਦਰ 'ਤੇ ਬਾਹਰ ਆਪਣਾ ਨੱਕ-ਮੂੰਹ ਮਾਸਕ ਨਾਲ ਕਵਰ ਕਰਕੇ ਰੱਖੋ ਅਤੇ ਸੇਨੀਟਾਈਜ਼ਰ ਦਾ ਇਸਤੇਮਾਲ ਕਰੋ।

ਘਲੇ ਅੰਦਰ ਸੋਜਿਸ਼ ਨੂੰ ਘੱਟ ਕਰਨ ਲਈ ਨਮਕ- ਪਾਣੀ ਦੇ ਗਰਾਰੇ ਅਤੇ ਕੈਮਿਸਟ ਤੋਂ ਮੇਡੀਕੇਟਿਡ ਗਾਰਗਲ ਲਈ ਲੀਕੀਉਡ ਲੈ ਸਕਦੇ ਹੋ। ਗਰਾਰੇ ਡੇਲੀ 4-5 ਬਾਰ ਵੀ



ਕੀਤੇ ਜਾ ਸਕਦੇ ਹਨ।

ਘਰ ਅੰਦਰ ਕੂਲ-ਫਾਸਟ ਵੱਪੋਰਾਈਜ਼ਰ ਜਾਂ ਹਿਮਡਿਫਾਇਰ ਬਰਤ ਸਕਦੇ ਹੋ। ਇਸ ਨਾਲ ਖੁਸ਼ਕੀ ਦੀ ਸਮੱਸਿਆ ਘੱਟ ਹੋ ਜਾਂਦੀ ਹੈ।

ਛੋਟੇ ਬਚਿਆਂ ਨੂੰ ਸ਼ਹਿਦ ਚਟਾਓ। ਬੜੇ ਬੱਚੇ, ਵਿਅਸਕ ਅਦਰਕ ਵਾਲੇ ਪਾਣੀ 'ਚ 1 ਚਮਚ ਸ਼ਹਿਦ ਮਿਲਾ ਕੇ ਦਿਨ 'ਚ 3-4 ਬਾਰ ਸੇਵਨ ਕਰਨ ਨਾਲ ਆਰਾਮ ਮਿਲਦਾ ਹੈ।

ਤਾਜ਼ੀ ਸਬਜ਼ੀਆਂ ਦਾ ਸੂਪ, ਗ੍ਰੀਨ ਟੀ, ਕੋਫੀ, ਅਤੇ ਚਿਕਨ-ਸੂਪ ਪੀਂਦੇ ਰਹੋ।

ਪਿਪਰਮੈਂਟ ਵਾਲੀ ਖੰਘ-ਕੈਂਡੀ ਦੇ ਨਾਲ ਮੁਲੱਠੀ ਵੀ ਚੂਸ ਸਕਦੇ ਹੋ, ਆਰਾਮ ਮਿਲੇਗਾ। ਪਿਪਰਮੈਂਟ 'ਚ ਮੌਜੂਦ ਮੇਨਥੋਲ ਜੋ ਐਂਟੀ-ਇਨਫਲਾਮੈਂਟਰੀ ਅਤੇ ਐਂਟੀ-ਬੈਕਟੀਰੀਅਲ ਹੋਣ ਕਰਕੇ ਗਲੇ ਦੀ ਤਕਲੀਫ 'ਚ ਰਾਹਤ ਮਿਲਦੀ ਹੈ। ਚੂਸਨ ਵਾਲੀ ਵਿਟਾਮਿਨ -ਸੀ ਵੀ ਲੈ ਸਕਦੇ ਹੋ।

ਮੁਲੱਠੀ ਦੇ ਪਾਉਡਰ 'ਚ ਸ਼ਹਿਦ ਮਿਕਸ ਕਰਕੇ ਰੋਜ਼ਾਨਾ 3-4 ਬਾਰ ਲਵੋ।

ਡਾਕਟਰੀ ਸਲਾਹ ਨਾਲ ਕਫ-ਸਿਰਪ ਅਤੇ ਐਂਟੀਬਾਇਟਿਕ 'ਤੇ ਦਰਦ ਨਾਸ਼ਕ ਗੋਲੀ ਵੀ ਲੈ ਸਕਦੇ ਹੋ।

ਸਿਗਰੇਟ-ਬੀੜੀ ਤੋਂ ਰਹੋ ਦੂਰ। ਇਨਾਂ ਦਾ ਧੂੰਆ ਗਲੇ ਅੰਦਰ ਇਰੀਟੇਸ਼ਨ ਵਧਾ ਦਿੰਦਾ ਹੈ। ਬਿਮਾਰੀ ਤੋਂ ਛੁਟਕਾਰਾ ਵੀ ਦੇਰ ਨਾਲ ਮਿਲਦਾ ਹੈ।

ਸਰੀਰ ਦੀ ਇਮਊਨਿਟੀ ਵਧਾਉਣ ਅਤੇ ਬਰਕਰਾਰ ਰੱਖਣ ਲਈ ਸਬਜ਼ੀਆਂ 'ਚ ਅਦਰਕ, ਲਸਣ, ਪਿਆਜ਼, ਸਲਾਦ 'ਚ ਕੱਚਾ ਆਂਵਲਾ, ਅਤੇ ਵਿਟਾਮਿਨ-ਸੀ, ਜ਼ਿੰਕ, ਮੈਗਨੀਸ਼ੀਅਮ ਸ਼ਾਮਲ ਕਰਨ ਦੀ ਲੋੜ ਹੁੰਦੀ ਹੈ। ਬਿਮਾਰੀ ਦੌਰਾਣ ਅਲਕੋਹਲ ਤੋਂ ਦੂਰ ਰਹੋ।

ਨੋਟ: ਕੁਝ ਦਿਨ ਲਗਾਤਾਰ ਗਲੇ ਦੀ ਸ਼ਿਕਾਇਤ ਰਹਿਣ ਦੀ ਹਾਲਤ 'ਚ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲਵੋ। ਮਸਾਲੇਦਾਰ, ਜੰਕ-ਫੂਡ ਤਕਲੀਫ ਵਧਾ ਸਕਦੀ ਹੈ।

* * * * * * *

# * ਚੂੰਢਾਂ-ਪੋਚੇ *


ਲੇਖਕ - ਨਿਰਮਲ ਸਿੰਘ ਕੰਧਾਲਵੀ





***ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਰਾਜ ਅਤੇ ਕੇਂਦਰ 'ਚ ਖਟਾਸ ਪੈਦਾ ਕਰਨ ਦੀ ਕੋਸ਼ਿਸ਼- ਜਾਖੜ**

-ਜਾਖੜ ਸਾਬ, ਅੱਗੇ ਕਿਹੜਾ ਕੇਂਦਰ ਤੇ ਰਾਜ ਰਲ਼ ਕੇ ਕਿੱਕਲੀ ਪਾਉਂਦੇ ਐ।



***ਸਿੱਖ ਚਿੰਤਕ ਪ੍ਰੋ. ਖਿਆਲਾ ਨੇ ਅਕਾਲ ਤਖ਼ਤ ਨੂੰ ਖ਼ਤ ਲਿਖਿਆ ਕਿ ਕੋਹਲੀ ਮਾਮਲੇ 'ਚ ਸੁਖਬੀਰ ਬਾਦਲ ਦੀ ਜਵਾਬਤਲਬੀ ਕੀਤੀ ਜਾਵੇ- ਇਕ ਖ਼ਬਰ**

-ਸੋ ਪ੍ਰੋ. ਖਿਆਲਾ ਸਾਬ ਤੁਹਾਡੇ ਮੁਤਾਬਕ ਚੋਰ ਨੂੰ ਮਾਰੋ ਤੇ ਚੋਰ ਦੀ ਮਾਂ ਨੂੰ ਵੀ ਮਾਰੋ।

***ਮਨਰੇਗਾ 'ਚ ਬਦਲਾਅ ਵਿਰੁੱਧ ਪੰਜਾਬ ਵਿਧਾਨ ਸਭਾ 'ਚ ਪਾਸ ਹੋਇਆ ਮਤਾ- ਇਕ ਖ਼ਬਰ**

ਸਾਹਿਬਾਂ ਪੜ੍ਹਦੀ ਪੱਟੀਆ ਤੇ ਮਿਰਜ਼ਾ ਪੜ੍ਹੇ ਕੁਰਾਨ।

***ਉਧਾਰ ਦਿਤੇ ਪੈਸੇ ਮੰਗੇ ਤਾਂ ਚਲਾ ਦਿਤੀ ਗੋਲ਼ੀ- ਇਕ ਖ਼ਬਰ**

-ਦੀਨ ਧਰਮ ਦੀ ਸ਼ਰਮ ਨਾ ਕੋਈ, ਦਗ਼ੇਬਾਜ਼ ਹੋ ਗਈ ਦੁਨੀਆਂ।

***ਅਮਰੀਕਾ ਨੇ ਵੈਨੇਜ਼ੁਏਲਾ ਉੱਤੇ ਕੀਤਾ ਹਮਲਾ- ਇਕ ਖ਼ਬਰ**



-ਬੂਹੇ ਆਣ ਲੱਥੀ ਜੰਞ ਖੇੜਿਆਂ ਦੀ, ਅੰਦਰ ਹੀਰ ਦੀਆਂ ਹੋਣ ਤਿਆਰੀਆਂ ਨੀਂ।



***ਪੰਜਾਬ ਅੰਦਰ 'ਜੀ ਰਾਮ ਜੀ' ਯੋਜਨਾ ਦੇ ਸਮਰਥਨ 'ਚ ਮੁਹਿੰਮ ਵਿੱਢਾਂਗੇ- ਜਾਖੜ**

-ਕੁਰਸੀ ਕਾਇਮ ਰੱਖਣ ਲਈ ਤੁਹਾਨੂੰ ਕੁਝ ਕਰਨਾ ਹੀ ਪੈਣਾ ਜਾਖੜ ਸਾਬ।



***ਸਿੱਖ ਸੰਸਥਾ ਦੇ ਪ੍ਰਬੰਧਾਂ 'ਚ ਸਰਕਾਰ ਨੂੰ ਦਖ਼ਲ ਦੇਣ ਦੀ ਇਜਾਜ਼ਤ ਨਹੀਂ ਦਿਆਂਗੇ- ਧਾਮੀ**

-ਲੱਤ ਮਾਰੂੰਗੀ ਪੰਜੇਬਾਂ ਵਾਲੀ, ਪਰ੍ਹਾਂ ਹੋ ਜਾ ਚੱਟੂ ਵੱਟਿਆ।

***ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਮੁਗ਼ਲ ਸ਼ਾਸਕਾਂ ਦੇ ਜ਼ੁਲਮਾਂ ਦਾ ਸੱਚ ਸੁਣ ਕੇ ਯੂ.ਪੀ. 'ਚ ਮੁਸਲਮਾਨ ਨੌਜਵਾਨਾਂ ਨੇ ਸਿੱਖ ਨੌਜਵਾਨ ਨੂੰ ਕੁੱਟਿਆ- ਇਕ ਖ਼ਬਰ**

-ਜਦੋਂ ਸੱਚੀਆਂ ਸੁਣਾਈਆਂ ਨੀਂ, ਬੜਾ ਦੁੱਖ ਲੱਗਿਆ ਬੜਾ ਦੁਖ ਲੱਗਿਆ।



***ਬਾਦਲ ਪਰਵਾਰ ਦੇ ਆਗਿਆਕਾਰੀ ਬਣੋਗੇ ਤਾਂ ਮੰਜੀ ਸਾਹਿਬ ਤੋਂ ਕਥਾ ਕਰ ਸਕੋਗੇ- ਗਿ.ਅਮਰੀਕ ਸਿੰਘ ਚੰਡੀਗੜ੍ਹ**

-ਜੇ ਤੂੰ ਖਾਣੀਆਂ ਸੇਵੀਆਂ ਤਾਂ ਮੁੱਛਾਂ ਮੁਨਾ ਕੇ ਆ।


***ਆਮ ਆਦਮੀ ਪਾਰਟੀ ਨੇ ਔਰਤਾਂ ਨਾਲ ਕੀਤਾ ਵਾਅਦਾ ਨਹੀਂ ਨਿਭਾਇਆ- ਕਾਂਗਰਸ**

-ਹੁਣ ਤੂੰ ਕਿਧਰ ਗਿਆ, ਜੇਠ ਬੋਲੀਆਂ ਮਾਰੇ।



***ਮੋਦੀ ਜਲਦ ਦਿਖਾਉਣਗੇ ਕੋਲਕਾਤਾ-ਗੁਹਾਟੀ ਵੰਦੇ ਭਾਰਤ ਸਲੀਪਰ ਟਰੇਨ ਨੂੰ ਹਰੀ ਝੰਡੀ- ਖ਼ਬਰ**

-ਮੋਦੀ ਸਾਹਿਬ ਕਦੇ ਵਿਚਾਰੇ ਰੇਲ ਮੰਤਰੀ ਨੂੰ ਵੀ ਇਹ ਝੰਡੀ ਫੜ ਕੇ ਦੇਖ ਲੈਣ ਦਿਉ।




***ਪੜ੍ਹੇ-ਲਿਖੇ ਲੋਕਾਂ ਦਾ ਦੇਸ਼ ਵਿਰੋਧੀ ਗਤੀ ਵਿਧੀਆਂ 'ਚ ਸ਼ਾਮਲ ਹੋਣਾ ਚਿੰਤਾਜਨਕ- ਰਾਜਨਾਥ ਸਿੰਘ**

-ਰਾਜਨਾਥ ਸਿੰਘ ਜੀ ਇਸ ਗੱਲ ਦੀ ਚਿੰਤਾ ਵੀ ਕਰੋ ਕਿ ਪੜ੍ਹੇ ਲਿਖੇ ਲੋਕ ਇਹੋ ਜਿਹੀਆਂ ਗਤੀਵਿਧੀਆਂ 'ਚ ਕਿਉਂ ਪੈਂਦੇ ਆ।



***ਕੋਹਲੀ ਸੁਖਬੀਰ ਦਾ ਚਹੇਤਾ ਹੋਣ ਕਾਰਨ ਹੀ ਸ਼੍ਰੋਮਣੀ ਕਮੇਟੀ ਕਾਨੂੰਨੀ ਕਾਰਵਾਈ ਕਰਨ ਤੋਂ ਭੱਜੀ ਸੀ- ਗਿ.ਹਰਪ੍ਰੀਤ ਸਿੰਘ**

-ਤੇਰੀ ਆਈ ਮੈਂ ਮਰ ਜਾਂ, ਤੇਰਾ ਵਾਲ਼ ਵੀ ਵਿੰਗਾ ਨਾ ਹੋਵੇ।



***ਭਾਜਪਾ ਨੇ ਮਮਤਾ ਬੈਨਰਜੀ ਉੱਤੇ ਅਮਿਤ ਸ਼ਾਹ ਨੂੰ ਧਮਕੀਆਂ ਦੇਣ ਦਾ ਦੋਸ਼ ਲਗਾਇਆ- ਇਕ ਖ਼ਬਰ**

-ਕਾਹਨੂੰ ਦੇਨੀਂ ਏਂ ਕੁਪੱਤੀਏ ਗਾਲ਼੍ਹਾਂ, ਛੜੇ ਦਾ ਕਿਹੜਾ ਪੁੱਤ ਮਰ ਜੂ।

***ਵਿਧਾਨ ਸਭਾ ਦੇ ਸੈਸ਼ਨ 'ਚੋਂ ਅਕਾਲੀ ਦਲ ਦੀ ਗ਼ੈਰਹਾਜ਼ਰੀ 'ਜੀ ਰਾਮ ਜੀ' ਦੇ ਸਮਰਥਨ ਦਾ ਸੰਕੇਤ- ਇਕ ਖ਼ਬਰ**

-ਵੇ ਮੈਂ ਮਨ ਮਿਲਦੇ ਦੀ ਹੋਈ, ਤੂੰ ਕਿਹੜਾ ਚੰਦ ਮੁੰਡਿਆ।

# NAVIGATING THE FUTURE DEVELOPMENT OF UK SIKH REPRESENTATION:

## AN INDEPENDENT SUMMIT REPORT

– ਲੇਖਕ –
ਸੁਜਿੰਦਰ ਸਿੰਘ ਸੰਘਾ









**(Part 1)**

The Council of Sikhs in Law and Sikhs in Academia commissioned a report on the process and effectiveness of the UK Sikh representation in relation to consultation and advocacy with the UK government on key policy issues.

**Background in Punjabi:**

The Bloom Report, published in 2023, looked at how the British government should build and maintain relationships with different religious communities. However, some of the narratives and interpretations of this report on Sikh-Panthic self-identification and representation were objectionable. This was opposed by some Sikhs and organizations. A joint proposal based on the analysis was also presented and published by this author and Dr. Raminder Singh MBE, DL. After expert testimony and hearings on the same subject in London by some Sikh lawyers and scholars, a special report was presented by the Sikhs of the UK through a forum in Parliament.

During 2023-24, the above report was requested by the Sikh community to be circulated to the government and opposition political parties by the competent Members of Parliament. During 2024, 'Sikhs-in-Law and Sikhs-in-Academia' undertook a research-based report on building a united and effective Sikh representation in the UK. This author was appointed as the chair of this task, along with two lawyers, two academics and five experienced experts.

During 2024-25, a report was completed to provide evidence and recommendations for the development of a joint and capable Sikh representation at the UK level, in order to establish coordination and representation with the government. It was presented by the author with his colleagues at an event held at the Law Chambers in Birmingham. The report has been in dialogue with the media, the Punjab Research Group and related groups since its publication. Keeping in mind the linguistic needs of the local community, active youth, and the convenience and use of current and future Sikh generations, the report is in English.This report is being published in a series titled "Navigating the Future Development of UK Sikh Representation" in collaboration with Punjab Times. Many of its findings and recommendations can be used by the Sikh community in any country, with the necessary contextual adjustments.

The 'Summit Report' committee along with this author included Barrister Baldeep Singh, Academic Nimrta Kaur Bahia, Advocate Solicitor Harjot Singh and Dr. Dalbir Kaur Gill. The expert advisory members were Dr. Gurnam Singh, Dr. Harjinder Singh Lali, Academic Harjinder Kaur Aujla, Dr. Rajinder Kaur Mann, Academic Sukhdeep Kaur Sangha, Dr. Raminder Singh, Dr. Daljit Singh Virk.

- Dr. Sujinder Singh Sangha OBE, FRSA

...............................

The following images cover the 2023 meeting on the controversial Bloom Report. Some Sikhs from academia, law, Gurdwaras, Sikh organizations and Parliament participated.

Professor and Lawyer Satvinder Singh Juss presented the critical report on behalf of the UK Sikhs. Those present also included Lord Indarjit Singh, Lord Kuldip Singh Sahota, MP Tanmanjit Singh Dhesi, MP Preet Kaur Gill...

1. Summary of the 2024 Summit Report

1.1 The Council of Sikhs in Law (SiL) and Sikhs in Academia (SiA) convened an Independent Reviewing Panel to investigate ways of further improving and making Sikh representation in the UK more inclusive, effective, and accountable.

1.2 We have been endowed by informal reports of discord in the Sikh communities, and power dynamics which have led to the exclusion of many grass-root individuals and groups. In a zest to explore and discern the cause of these issues, a consultation has been embraced to make sense of those issues that impact the community the most. The IRP has at all times kept the welfare of the Sikh Panth at the forefront of its mind.

1.3 This report is unique in that it has incorporated the voices of many fragmented parts of the communities with a view to understand their idiosyncratic issues. There is a yearning for Gurdwara committees to develop their infra-structure/governance and align with a 'system' that can then feed into government structures and support the Gurdwara committees with their struggles too. This polarization needs immediate address, and there must be some mediation and alignment of 'representation,' which enables mutual respect and professional conversations and partnerships. Gurdwara

1.4 This consultation has revealed that Sikh communities are disparate, and their identity does not hinge on 'totalitarian' principles. What is clear is that those voices that do get to the state in whatever modality, are not a homogenous view of the UK Sikh Community. There is some (implicit) expectation that Gurdwara committees can provide that grass root voice, and have not been allowed too thus far. Inversely, Gurdwara committees have been criticized by various groups, lack trust in various structures and left to fend for themselves. There is no central structure to access for support and independent scrutiny, often scapegoated for societal ills and lay attacks.

1.5 This vacuum has created a de-alignment between local, regional, and national Sikh structures rather than streamlining and developing a collegiality on issues that can be shared goals. Furthermore, the consultation has identified a lack of compassion, competitiveness, and a lack of integrity in many groups. We take that very personally, and endeavor to support those Gurdwara spaces that have inadvertently come under such scrutiny to evolve and thrive. Otherwise, it's clear to see that grass-root Sikh voices are not being listened to and the democratic engagement with the government has been occupied by individuals and groups that have delayed social equity through their inaction or misguidedness on Sikh issues to the Sangat and the Government.

1.6 The Summit Report finds after hearing overwhelming evidence there is a need for the Sikh organizations that have fragmented to agree to a mediation and reconciliation process. We heard that in a period of 13 years Sikh Council UK provided invaluable representation for the UK Sikh Community, the panel heard evidence of the fragmentation and formation of off sects from Sikh Council UK. Our first humble recommendation will be for these groups to agree to mediation and reconciliation which can be facilitated by SIA and SIL. It is essential that the panth and groups come together to deal with bigger threats that impact the UK Sikh Community with one Central Framework Mechanism (CFM) of Sikhs which all organizations, charities, Gurdwaras and grass-root initiatives should be able to feed into. The constitution should make appointments subject to a rigorous professional selection criterion.

(To be continued)

# ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਜੌਹਲਾਂ ਵਿਖੇ ਸਜਾਇਆ ਗਿਆ ਵਿਸ਼ਾਲ ਨਗਰ ਕੀਰਤਨ



ਸਿੱਖ ਪੰਥ ਦੇ ਉੱਘੇ ਵਿਦਵਾਨ ਅਤੇ ਲਿਖਾਰੀ ਸ. ਭਗਵਾਨ ਸਿੰਘ ਜੌਹਲ ਨੂੰ ਸਨਮਾਨਿਤ ਕਰਦੇ ਹੋਏ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਦਿਆਲ ਸਿੰਘ, ਗੁਰਮੀਤ ਸਿੰਘ ਅਤੇ ਪ੍ਰੋ. ਮਨਜਿੰਦਰ ਸਿੰਘ ਜੌਹਲ

ਦੁਆਬੇ ਦੇ ਉੱਘੇ ਪਿੰਡ ਜੌਹਲਾਂ ਦੇ ਗੁਰਦੁਆਰਾ ਸਿੰਘ ਸਭਾ (ਫਿਰਨੀਵਾਲਾ) ਵਿਖੇ ਸਰਬੰਸਦਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦੀ ਖੁਸ਼ੀ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ ਦਿਆਲ ਸਿੰਘ ਨੇ ਦੱਸਿਆ ਕਿ ਸਵੇਰੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ, ਦੀਵਾਨ ਸਜੇ ਅਤੇ ਬਾਅਦ ਦੁਪਹਿਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿੱਚ ਪੰਥ ਦੇ ਸਿਰਮੌਰ ਢਾਡੀ ਜੱਥੇ ਗਿਆਨੀ ਦਵਿੰਦਰ ਸਿੰਘ ਉੱਦਮੀ ਦੇ ਜੱਥੇ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਰਚਨਾ ਅਤੇ ਉਨ੍ਹਾਂ ਦੇ ਪਰਉਪਕਾਰੀ ਕਾਰਜਾਂ ਨੂੰ ਢਾਡੀ ਵਾਰਾਂ ਰਾਹੀਂ ਸਰਵਣ ਕਰਾਇਆ। ਨਗਰ ਕੀਰਤਨ ਵਿੱਚ ਸੰਤ ਬਾਬਾ ਹਰਜਿੰਦਰ ਸਿੰਘ ਜੀ ਚਾਹ ਵਾਲਿਆਂ ਨੇ ਵੀ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ। ਨਗਰ ਕੀਰਤਨ ਤੋਂ ਇੱਕ ਦਿਨ ਪਹਿਲਾਂ ਸੰਤ ਬਾਬਾ ਜੀਤ ਸਿੰਘ ਜੀ ਮੁਖੀ, ਨਿਰਮਲ ਕੁਟੀਆ ਜੌਹਲਾਂ ਵਾਲਿਆਂ ਨੇ ਵੀ ਆਪਣੇ ਜਥੇ ਸਮੇਤ ਹਾਜ਼ਰੀ ਭਰ ਕੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ। ਇਸ ਮੌਕੇ ਸਿੱਖ ਪੰਥ ਦੇ ਮਹਾਨ ਵਿਦਵਾਨ ਅਤੇ ਲੇਖਕ ਸ. ਭਗਵਾਨ ਸਿੰਘ ਜੌਹਲ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਲਿਦਾਨੀ ਸੋਚ, ਖ਼ਾਲਸਾ ਪੰਥ ਦੀ ਸਿਰਜਣਾ ਅਤੇ ਮਨੁੱਖਤਾ ਲਈ ਦਿੱਤੇ ਅਮੋਲਕ ਸੰਦੇਸ਼ਾਂ ਉੱਤੇ ਪ੍ਰਕਾਸ਼ ਪਾਉਂਦਿਆਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਇੱਕ ਮਹਾਨ ਯੋਧਾ ਹੀ ਨਹੀਂ, ਸਗੋਂ ਉੱਚ ਕੋਟੀ ਦੇ ਕਵੀ ਅਤੇ ਦਰਸ਼ਨਿਕ ਵੀ ਸਨ। ਉਨ੍ਹਾਂ ਦੀ ਰਚਨਾ ਦਸਮ ਗ੍ਰੰਥ ਵਿੱਚ ਮਿਲਦੀ ਹੈ, ਜਿਸ ਵਿੱਚ ਚੰਡੀ ਦੀ ਵਾਰ, ਜਾਪ ਸਾਹਿਬ ਅਤੇ ਅਕਾਲ ਉਸਤਤ ਵਰਗੀਆਂ ਰਚਨਾਵਾਂ ਸ਼ਾਮਲ ਹਨ। ਉਨ੍ਹਾਂ ਨੇ ਲੋਕਾਂ ਨੂੰ ਨਿਰਭੈ ਹੋ ਕੇ ਸੱਚ ਦਾ ਸਾਥ ਦੇਣ ਦੀ ਪ੍ਰੇਰਣਾ ਦਿੱਤੀ। ਗੁਰੂ ਸਾਹਿਬ ਦੀ ਸੋਚ ਅੱਜ ਦੇ ਸਮਾਜ ਲਈ ਵੀ ਉਤਨੀ ਹੀ ਪ੍ਰਸੰਗਿਕ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖਿਆ ਅੱਜ ਵੀ ਸਾਨੂੰ ਨਿਡਰਤਾ, ਸੇਵਾ ਅਤੇ ਮਨੁੱਖਤਾ ਦੇ ਰਾਹ ‘ਤੇ ਚਲਣ ਦੀ ਪ੍ਰੇਰਣਾ ਦਿੰਦੀ ਹੈ। ਇਸ ਮੌਕੇ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ ਅਤੇ ਗੁਰਬਾਣੀ ਕੀਰਤਨ ਰਾਹੀਂ ਗੁਰੂ ਸਾਹਿਬ ਪ੍ਰਤੀ ਆਪਣੀ ਸ਼ਰਧਾ ਪ੍ਰਗਟ ਕੀਤੀ। ਇਸ ਮੌਕੇ ਸਿੱਖ ਪੰਥ ਦੇ ਮਹਾਨ ਵਿਦਵਾਨ ਤੇ ਧਾਰਮਿਕ ਲਿਖਾਰੀ ਸ ਭਗਵਾਨ ਸਿੰਘ ਜੌਹਲ ਨੂੰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਪ੍ਰੋਫ਼ੈਸਰ ਮਨਜਿੰਦਰ ਸਿੰਘ ਜੌਹਲ ਦੁਆਰਾ ਬਾਖ਼ੂਬੀ ਨਿਭਾਈ ਗਈ । ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਿਆਲ ਸਿੰਘ, ਭਾਈ ਕੁਲਦੀਪ ਸਿੰਘ ਜੰਡੂਸਿੰਘਾ ਵਾਲੇ, ਪ੍ਰੀਤਮ ਸਿੰਘ ਭੱਟੀ, ਨੰਬਰਦਾਰ ਪਰਮਜੀਤ ਸਿੰਘ, ਰਣਜੀਤ ਸਿੰਘ ਭੱਟੀ, ਗੁਰਮੀਤ ਸਿੰਘ, ਰਜਿੰਦਰ ਸਿੰਘ, ਮਹਿੰਗਾ ਸਿੰਘ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਨਗਰ ਤੇ ਆਸ-ਪਾਸ ਦੇ ਪਿੰਡਾਂ ਦੀ ਸੰਗਤ ਮੌਜੂਦ ਸੀ।




ਪੰਜਾਬ ਦੀ ਉੱਘੀ ਧਾਰਮਿਕ ਸਖਸ਼ੀਅਤ ਸੰਤ ਬਾਬਾ ਹਰਨਾਮ ਸਿੰਘ ਰਾਮਪੁਰ ਖੇੜੇ ਵਾਲਿਆਂ ਦੀ 43ਵੀਂ ਯਾਦ ਵਿੱਚ ਹੋਏ ਗੁਰਮਤਿ ਸਮਾਗਮ ਦੌਰਾਨ ਉੱਘੀਆਂ ਧਾਰਮਿਕ ਸ਼ਖਸੀਅਤਾਂ ਸੰਤ ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ, ਪ੍ਰਸਿੱਧ ਚਿੰਤਕ ਤੇ ਪੰਥਕ ਬੁਲਾਰੇ ਸ: ਭਗਵਾਨ ਸਿੰਘ ਜੌਹਲ, ਨਿਰਮਲੇ ਮਹਾਂਪੁਰਸ਼ ਸੰਤ ਤੇਜਾ ਸਿੰਘ ਖੁੱਡੇ ਵਾਲਿਆਂ ਦਾ ਸਨਮਾਨ ਕਰਦੇ ਹੋਏ ਸੰਤ ਬਾਬਾ ਸੇਵਾ ਸਿੰਘ ਰਾਮਪੁਰ ਖੇੜੇ ਵਾਲੇ ।

# ਤਿੰਨ ਹਫ਼ਤਿਆਂ ’ਚ ਰੂਸ ਦਾ ਕੋਈ ਤੇਲ ਨਹੀਂ ਮਿਲਿਆ: ਰਿਲਾਇੰਸ




ਨਵੀਂ ਦਿੱਲੀ: ਦੁਨੀਆਂ ਦੇ ਸੱਭ ਤੋਂ ਵੱਡੇ ਇਕ ਥਾਂ ਵਾਲੇ ਤੇਲ ਰਿਫਾਈਨਿੰਗ ਕੰਪਲੈਕਸ ਦੇ ਸੰਚਾਲਕ ਅਤੇ ਹਾਲ ਹੀ ਚ ਭਾਰਤ ਦੇ ਰੂਸ ਦੇ ਤੇਲ ਦੇ ਸੱਭ ਤੋਂ ਵੱਡੇ ਖਰੀਦਦਾਰ ਰਿਲਾਇੰਸ ਇੰਡਸਟਰੀਜ਼ ਲਿਮਟਿਡ ਨੇ ਮੰਗਲਵਾਰ ਨੂੰ ਕਿਹਾ ਕਿ ਉਸ ਨੂੰ ਲਗਭਗ ਤਿੰਨ ਹਫ਼ਤਿਆਂ ਤੋਂ ਕੋਈ ਰੂਸੀ ਬੈਰਲ ਨਹੀਂ ਮਿਲਿਆ ਹੈ ਅਤੇ ਜਨਵਰੀ ਚ ਕਿਸੇ ਵੀ ਬੈਰਲ ਦੇ ਮਿਲਣ ਦੀ ਉਮੀਦ ਨਹੀਂ ਹੈ। 20 ਨਵੰਬਰ, 2025 ਨੂੰ, ਰਿਲਾਇੰਸ ਨੇ ਕਿਹਾ ਸੀ ਕਿ ਉਸ ਨੇ ਗੁਜਰਾਤ ਦੇ ਜਾਮਨਗਰ ਵਿਚ ਅਪਣੀ ਨਿਰਯਾਤ ਰਿਫਾਇਨਰੀ ਵਿਚ ਰੂਸੀ ਕੱਚੇ ਤੇਲ ਦੀ ਵਰਤੋਂ ਨੂੰ ਰੋਕ ਦਿਤਾ ਹੈ, ਕਿਉਂਕਿ ਕੰਪਨੀ ਯੂਰਪੀਅਨ ਯੂਨੀਅਨ ਦੀਆਂ ਪਾਬੰਦੀਆਂ ਦੀ ਪਾਲਣਾ ਕਰਨ ਲਈ ਅੱਗੇ ਵਧ ਰਹੀ ਹੈ। ਇਸ ਤੋਂ ਪਹਿਲਾਂ, ਰਿਲਾਇੰਸ ਭਾਰਤ ਦੀ ਰੂਸੀ ਤੇਲ ਦਾ ਸੱਭ ਤੋਂ ਵੱਡਾ ਖਰੀਦਦਾਰ ਸੀ, ਜਿਸ ਨੂੰ ਉਹ ਜਾਮਨਗਰ ਵਿਖੇ ਅਪਣੇ ਵਿਸ਼ਾਲ ਤੇਲ ਰਿਫਾਈਨਿੰਗ ਕੰਪਲੈਕਸ ਵਿਚ ਪ੍ਰੋਸੈਸ ਕਰਦਾ ਹੈ ਅਤੇ ਪਟਰੌਲ ਅਤੇ ਡੀਜ਼ਲ ਵਰਗੇ ਬਾਲਣ ਵਿਚ ਬਦਲਦਾ ਹੈ। ਕੰਪਲੈਕਸ ਦੋ ਰਿਫਾਇਨਰੀਆਂ ਤੋਂ ਬਣਿਆ ਹੈ - ਇਕ ਐਸਈਜ਼ੈਡ ਯੂਨਿਟ ਜਿੱਥੋਂ ਯੂਰਪੀਅਨ ਯੂਨੀਅਨ, ਅਮਰੀਕਾ ਅਤੇ ਹੋਰ ਬਾਜ਼ਾਰਾਂ ਵਿਚ ਬਾਲਣ ਨਿਰਯਾਤ ਕੀਤਾ ਜਾਂਦਾ ਹੈ, ਅਤੇ ਇਕ ਪੁਰਾਣੀ ਇਕਾਈ ਜੋ ਮੁੱਖ ਤੌਰ ਉਤੇ ਘਰੇਲੂ ਬਾਜ਼ਾਰ ਨੂੰ ਪੂਰਾ ਕਰਦੀ ਹੈ। ਮੰਗਲਵਾਰ ਨੂੰ ਬਲੂਮਬਰਗ ਦੀ ਰੀਪੋਰਟ ਚ ਦਾਅਵਾ ਕੀਤਾ ਗਿਆ ਹੈ ਕਿ ਰਿਲਾਇੰਸ ਦੀ ਜਾਮਨਗਰ ਰਿਫਾਇਨਰੀ ਲਈ ਰੂਸੀ ਤੇਲ ਨਾਲ ਭਰੇ ਤਿੰਨ ਜਹਾਜ਼ਾਂ ਨੂੰ ਗਰਮ ਕੀਤਾ ਗਿਆ ਹੈ। ਹਾਲਾਂਕਿ ਕੰਪਨੀ ਨੇ ਇਕ ਬਿਆਨ ਚ ਕਿਹਾ ਕਿ ਰਿਲਾਇੰਸ ਇੰਡਸਟਰੀਜ਼ ਦੀ ਜਾਮਨਗਰ ਰਿਫਾਇਨਰੀ ਨੂੰ ਪਿਛਲੇ ਤਿੰਨ ਹਫ਼ਤਿਆਂ ਚ ਰੂਸੀ ਤੇਲ ਦਾ ਕੋਈ ਮਾਲ ਨਹੀਂ ਮਿਲਿਆ ਹੈ ਅਤੇ ਜਨਵਰੀ ਚ ਰੂਸ ਦੇ ਕੱਚੇ ਤੇਲ ਦੀ ਸਪਲਾਈ ਦੀ ਉਮੀਦ ਨਹੀਂ ਹੈ।

# ਮਮਦਾਨੀ ਵੱਲੋਂ ਇਜਰਾਈਲ ਸਮੇਤ ਸਾਬਕਾ ਮੇਅਰ ਦੁਆਰਾ ਜਾਰੀ ਹੋਰ ਕਈ ਆਦੇਸ਼ ਰੱਦ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਨਿਊਯਾਰਕ ਸ਼ਹਿਰ ਦੇ ਮੇਅਰ ਜੋਹਰਨ ਮਮਦਾਨੀ ਨੇ ਅਹੁੱਦਾ ਸੰਭਾਲਣ ਉਪਰੰਤ ਪਹਿਲੇ ਦਿਨ ਉਨਾਂ ਸਾਰੇ ਆਦੇਸ਼ਾਂ ਉਪਰ ਲਕੀਰ ਫੇਰ ਦਿੱਤੀ ਜੋ ਸਾਬਕਾ ਮੇਅਰ ਏਰਿਕ ਐਡਮਜ ਨੇ 26 ਸਤੰਬਰ 2024 ਵਿੱਚ ਆਪਣੇ ਉਪਰ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਬਾਅਦ ਜਾਰੀ ਕੀਤੇ ਸਨ। ਇਨਾਂ ਵਿੱਚ ਦੋ ਆਦੇਸ਼ ਇਜਰਾਈਲ ਨਾਲ ਸਬੰਧਤ ਹਨ ਜਿਨਾਂ ਨੂੰ ਮਮਦਾਨੀ ਨੇ ਰੱਦ ਕਰ ਦਿੱਤਾ। ਮਮਦਾਨੀ ਨੇ ਸਾਬਕਾ ਮੇਅਰ ਐਡਮਜ ਵੱਲੋਂ ਜਾਰੀ ਉਹ ਆਦੇਸ਼ ਰੱਦ ਕਰ ਦਿੱਤਾ ਜਿਸ ਤਹਿਤ ਸ਼ਹਿਰ ਦੀਆਂ ਏਜੰਸੀਆਂ ਉਪਰ ਇਜਰਾਈਲ ਦਾ ਬਾਈਕਾਟ ਕਰਨ ਉਪਰ ਰੋਕ ਲਾਈ ਗਈ ਸੀ। ਮਮਦਾਨੀ ਨੇ ਇੰਟਰਨੈਸ਼ਨਲ ਹੋਲੋਕਾਸਟ ਰਿਮੈਂਬਰੈਂਸ ਅਲਾਇੰਸ ਦੀ ਯਹੂਦੀਆਂ ਵਿਰੋਧੀ ਪ੍ਰੀਭਾਸ਼ਾ ਅਪਣਾਉਣ ਬਾਰੇ ਜਾਰੀ ਆਦੇਸ਼ ਵੀ ਰੱਦ ਕਰ ਦਿੱਤਾ। ਹਾਲਾਂ ਕਿ ਮਮਦਾਨੀ ਨੇ ਐਡਮਜ ਵੱਲੋਂ ਯਹੂਦੀ ਵਿਰੋਧੀਆਂ ਨਾਲ ਮੁਕਾਬਲੇ ਲਈ ਮਈ ਵਿੱਚ ਸ਼ੁਰੂ ਕੀਤੇ ਨਵੇਂ ਦਫਤਰ ਨੂੰ ਕਾਇਮ ਰੱਖਿਆ ਹੈ। ਡੈਮੋਕਰੈਟਿਕ ਸੋਸਲਿਸਟ ਆਗੂ ਮਮਦਾਨੀ ਜੋ ਮੇਅਰ ਦੀ ਚੋਣ ਜਿੱਤ ਕੇ ਨਿਊਯਾਰਕ ਸ਼ਹਿਰ ਦੇ ਪਹਿਲੇ ਮੁਸਲਮਾਨ ਮੇਅਰ ਬਣੇ ਹਨ, ਫਲਸਤੀਨੀ ਹੱਕਾਂ ਦੇ ਅਲੰਬਰਦਾਰ ਹਨ। ਮਮਦਾਨੀ ਪਹਿਲਾਂ ਹੀ ਬਾਈਕਾਟ, ਡਿਵੈਸਟਮੈਂਟ, ਸੈਂਕਸ਼ਨਜ ( ਬੀ ਡੀ ਐਸ) ਮੂਵਮੈਂਟ ਦਾ ਸਮਰਥਨ ਕਰ ਚੁੱਕੇ ਹਨ ਜਿਸ ਦਾ ਮਕਸਦ ਫਲਸਤੀਨੀਆਂ ਦੇ ਮੁੱਦੇ 'ਤੇ ਇਜਰਾਈਲ ਨੂੰ ਮਿਲਦੇ ਕੌਮਾਂਤਰੀ ਸਰਮਥਨ ਨੂੰ ਰੋਕਣਾ ਹੈ। ਮੂਵਮੈਂਟ ਵੱਲੋਂ ਇਜਰਾਈਲ ਉਪਰ ਕੌਮਾਂਤਰੀ ਆਰਥਕ ਪਾਬੰਦੀਆਂ ਲਾਉਣ ਦੀ ਮੰਗ ਕੀਤੀ ਜਾ ਰਹੀ ਹੈ। ਮਮਦਾਨੀ ਨੇ ਮੇਅਰ ਦੀ ਚੋਣ ਤੋਂ ਪਹਿਲਾਂ ਹੀ ਐਲਾਨ ਕੀਤਾ ਸੀ ਕਿ ਉਹ ਏਰਿਕ ਐਡਮਜ ਵੱਲੋਂ ਜਾਰੀ ਸਾਰੇ ਆਦੇਸ਼ਾਂ ਉਪਰ ਪੁਨਰ ਵਿਚਾਰ ਕਰਨਗੇ।

# Prime Minister Shastri receiving Sikh relics from London on 1st January 1966 in Delhi.



This historic occasion happened 50 years ago when the entire Sikh community came on roads in Delhi and Punjab to welcome Sikh Relics relating to Guru Gobind Singh Ji being taken to Anandpur Sahib. On this historic occasion Punjab TV Channel had a special program to highlight Toshakhanna of Maharaja Ranjit Singh in Lahore which was taken to Kolkata and London by the British Government in 1849. You will be interested to know how rich was the Sikh heritage and the collections with Sikh ruler and which are now lying in England including Kohinoor.

# ਭਾਈ ਜੈਤੇਗ ਸਿੰਘ ਅਨੰਤ ਦਾ ਅਕਾਲ ਚਲਾਣਾ

ਵਾਹਿਗੁਰੂ ਦੀ ਰਜ਼ਾ ਵਿਚ ਰਹਿੰਦੇ ਹੋਏ ਡੂੰਘੇ ਦੁੱਖ ਨਾਲ ਦਸਿਆ ਜਾਂਦਾ ਹੈ ਕਿ ਪੰਥ ਦੇ ਉੱਘੇ ਲੇਖਕ ਅਤੇ ਪ੍ਰਕਾਸ਼ਿਕ ਭਾਈ ਜੈਤੇਗ ਸਿੰਘ ਅਨੰਤ 31 ਦਸੰਬਰ 2025 ਨੂੰ ਸਰੀ, ਬੀ ਸੀ, ਕਨੈਡਾ ਆਪਣੇ ਨਿਵਾਸ ਅਸਥਾਨ ਤੇ ਸਦੀਵੀ ਵਿਛੋੜਾ ਦੇ ਗਏ। ਉਹ ਕੁਝ ਦੇਰ ਤੋਂ ਬਿਮਾਰ ਸਨ।

ਭਾਈ ਸਾਹਿਬ ਰਣਧੀਰ ਸਿੰਘ ਦੇ ਨਜ਼ਦੀਕੀ ਸਾਥੀ ਭਾਈ ਹਰਚਰਨ ਸਿੰਘ ਦੇ ਸਪੁੱਤਰ ਹੋਣ ਦੇ ਨਾਤੇ, ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਅਖੰਡ ਕੀਰਤਨੀ ਜਥੇ ਅਤੇ ਹੋਰ ਪੰਥਕ ਹਲਕਿਆਂ ਦੇ ਕਈ ਪੁਰਾਤਨ ਸਿੰਘਾਂ ਅਤੇ ਸਿੰਘਣੀਆਂ ਨਾਲ ਨੇੜਲੇ ਸਬੰਧ ਬਣਾਏ ਰੱਖੇ।

ਉਹ ਇੱਕ ਸਮਰਪਿਤ ਖੋਜਕਾਰ, ਲੇਖਕ ਅਤੇ ਫੋਟੋ ਪੱਤਰਕਾਰ ਸਨ। ਉਨ੍ਹਾਂ ਦੀਆਂ ਤਸਵੀਰਾਂ ਅਤੇ ਲੇਖ ਦੁਨੀਆ ਭਰ ਦੀਆਂ ਅਨੇਕਾਂ ਮੈਗਜ਼ੀਨਾਂ ਅਤੇ ਮੀਡੀਆ ਸਾਧਨਾਂ ਵਿੱਚ ਪ੍ਰਕਾਸ਼ਿਤ ਹੋਏ। ਇੱਕ ਸਮਰਪਿਤ ਸਾਹਿਤਕਾਰ ਦੇ ਕੰਮ ਦੀ ਵਿਰਾਸਤ ਛੱਡਦੇ, ਉਹ 'ਭਾਈ ਸਾਹਿਬ ਰਣਧੀਰ ਸਿੰਘ ਜੀ' ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਕਈ ਪੁਸਤਕਾਂ ਦੇ ਲੇਖਕ ਸਨ। ਗ਼ਦਰ ਲਹਿਰ ਦੇ ਇਤਤਿਹਾਸ ਵਿਚ ਉਨਾਂ ਕਈ ਪੁਸਤਕਾਂ ਛਾਪ ਕੇ ਮਹਤਵਪੂਰਨ ਯੋਗਦਾਨ ਪਾਇਆ।

ਡਰਬੀ ਵਿਚ ਉਹ ਕਈ ਵਾਰ ਆਏ, ਸੈਮੀਨਾਰਾਂ ਵਿਚ ਭਾਗ ਲਿਆ ਅਤੇ ਗਦਰ ਪਾਰਟੀ ਦੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਾਇਆ। ਗਦਰ ਲਹਿਰ ਦੇ ਜੁਝਾਰੂਆਂ ਦੀਆਂ ਦੁਰਲੱਭ ਫੋਟੋਆਂ ਉਹ ਸਿੰਘ ਸਭਾ ਗੁਰਦੁਆਰਾ ਸਾਹਿਬ ਡਰਬੀ ਲੈ ਕੇ ਆਏ ਅਤੇ ਆਪ ਕੰਧਾਂ ਤੇ ਲਵਾ ਕੇ ਗਏ। ਉਨਾਂ ਨੇ ਪਾਕਿਸਤਾਨ ਅਤੇ ਭਾਈ ਸਾਹਿਬ ਦੀ ਜੇਲ੍ਹ



ਯਾਤਰਾ ਨਾਲ ਸਬੰਧਤ ਕਈ ਅਸਥਾਨਾਂ ਤੇ ਜਾ ਕੇ ਇਤਿਹਾਸ ਇਕੱਠਾ ਕੀਤਾ ਅਤੇ ਉਸ ਨੂੰ ਆਪਣੀ ਨਿਜੀ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ, ਕਨੈਡਾ ਹੇਠ ਪ੍ਰਕਾਸ਼ਤ ਕਰਕੇ ਦੁਨੀਆ ਭਰ ਵਿਚ ਵੰਡਿਆ।

ਉਹ ਭਾਈ ਸਾਹਿਬ ਜੀ ਦੀ ਸਾਹਿਤਕ ਦੇਣ ਦੇ ਉਤਸ਼ਾਹੀ ਸਮਰਥਕ ਸਨ ਅਤੇ ਸਦਾ ਹੀ ਨੌਜਵਾਨਾਂ ਨੂੰ ਭਾਈ ਸਾਹਿਬ ਦੀਆਂ ਪੁਸਤਕਾਂ ਪੜ੍ਹਨ, ਗੁਰਮਤਿ ਦੀ ਸਮਝ ਨੂੰ ਗਹਿਰਾ ਕਰਨ, ਅਤੇ ਭਾਈ ਸਾਹਿਬ ਵੱਲੋਂ ਸਾਂਝੀਆਂ ਕੀਤੀਆਂ ਸਿੱਖਿਆਵਾਂ ਨਾਲ ਇੱਕ ਜੀਵਤ ਸੰਬੰਧ ਬਣਾਉਣ ਲਈ ਲਗਾਤਾਰ ਉਤਸ਼ਾਹਿਤ ਕਰਦੇ ਸਨ। ਉਨਾਂ ਭਾਰਤ ਅਤੇ ਪਾਕਿਸਤਾਨ ਦੀਆਂ ਕਈ ਯੂਨੀਵਸਿਟੀਆਂ ਵਿਚ ਭਾਈ ਸਾਹਿਬ ਦੀਆਂ ਪੁਸਤਕਾਂ ਤੇ ਸੈਮੀਨਾਰ ਕਰਾਏ ਅਤੇ ਐਮ ਏ, ਪੀ ਐਚ ਡੀ ਦੀ ਖੋਜ ਲਈ ਕਈਆਂ ਨੂੰ ਉਤਸ਼ਾਹਤ ਕੀਤਾ ਅਤੇ ਥੀਸਸ ਲਿਖਵਾਏ।


ਸਿੱਖ ਇਤਿਹਾਸ, ਵਿਚਾਰਧਾਰਾ ਅਤੇ ਜੀਵਨ ਅਨੁਭਵ ਨੂੰ ਦਰਜ ਕਰਨ ਲਈ ਉਨ੍ਹਾਂ ਦੀ ਜ਼ਿੰਦਗੀ ਭਰ ਦੀ ਸੇਵਾ ਇੱਕ ਸਦੀਵੀ ਵਿਰਾਸਤ ਛੱਡ ਗਈ ਹੈ।

ਅਦਾਰਾ ਸਿੰਘ ਸਭਾ ਗੁਰਦੁਆਰਾ ਡਰਬੀ, ਪੰਜਾਬ ਟਾਈਮਜ਼ ਡਰਬੀ, ਨੈਸ਼ਨਲ ਸਿੱਖ ਮਿਊਜ਼ੀਅਮ ਡਰਬੀ ਅਤੇ ਅਖੰਡ ਕੀਰਤਨੀ ਜਥਾ ਯੂ ਕੇ ਉਨਾਂ ਨੂੰ ਸ਼ਰਧਾਜਲੀ ਪੇਸ਼ ਕਰਦੇ ਹੋਏ ਉਨਾਂ ਦੀ ਸਦੀਵੀ ਸ਼ਾਂਤੀ ਲਈ ਅਰਦਾਸ ਕਰਦੇ ਹਨ ਅਤੇ ਇਸ ਔਖੀ ਘੜੀ ਵਿੱਚ ਪਰਿਵਾਰ ਅਤੇ ਸੰਗਤ ਨੂੰ ਇਹ ਸਹਿਣ ਕਰਨ ਦਾ ਵਾਹਿਗੁਰੂ ਬਲ ਬਖਸ਼ਣ।

## ਦੋ ਦਹਾਕਿਆਂ ਤੋਂ ਵੀ ਹੇਠਲੇ ਪੱਧਰ 'ਤੇ ਪਹੁੰਚੀ ਵੈਨਕੂਵਰ ਏਰੀਏ ਦੇ ਘਰਾਂ ਦੀ ਵਿਕਰੀ

ਵੈਨਕੂਵਰ-(ਮਲਕੀਤ ਸਿੰਘ)- ਗ੍ਰੇਟਰ ਵੈਨਕੂਵਰ ਵਿੱਚ ਘਰਾਂ ਦੀ ਸਾਲਾਨਾ ਵਿਕਰੀ ਦੋ ਦਹਾਕਿਆਂ ਤੋਂ ਵੀ ਘੱਟ ਦਰਜੇ 'ਤੇ ਆ ਜਾਣੀ ਅਨਮਾਨੀ ਗਈ ਹੈ। ਤਾਜ਼ਾ ਅੰਕੜਿਆਂ ਮੁਤਾਬਕ ਬੀਤੇ ਸਾਲ ਦੌਰਾਨ ਖਰੀਦਦਾਰਾਂ ਦੀ ਮੰਗ ਕਮਜ਼ੋਰ ਰਹੀ, ਮਾਰਕੀਟ ਵਿੱਚ ਘਰਾਂ ਦੀ ਉਪਲਬਧਤਾ ਵਧੀ ਅਤੇ ਕੀਮਤਾਂ 'ਚ ਢਿੱਲ ਆਉਣ ਕਾਰਨ ਵਿਕਰੇਤਾਵਾਂ ਲਈ ਸਾਲ ਚੁਣੌਤੀਪੂਰਨ ਮੰਨਿਆ ਗਿਆ ।ਅੰਕੜਿਆਂ ਅਨੁਸਾਰ ਸਾਲ ਭਰ ਦੌਰਾਨ ਨਵੇਂ ਘਰਾਂ ਦੀਆਂ ਲਿਸਟਿੰਗਾਂ ਵਿੱਚ ਖਾਸਾ ਵਾਧਾ ਦਰਜ ਕੀਤਾ ਗਿਆ, ਪਰ ਮਹਿੰਗੀ ਫਾਇਨੈਂਸਿੰਗ, ਅਨਿਸ਼ਚਿਤ ਆਰਥਿਕ ਹਾਲਾਤ ਅਤੇ ਖਰੀਦਦਾਰਾਂ ਦੇ ਭਰੋਸੇ ਵਿੱਚ ਕਮੀ ਕਾਰਨ ਸੌਦੇ ਘੱਟ ਹੋਏ। ਇਸ ਸਥਿਤੀ ਨੇ ਮਾਰਕੀਟ ਨੂੰ ਖਰੀਦਦਾਰਾਂ ਦੇ ਹੱਕ ਵਿੱਚ ਧੱਕਿਆ, ਜਿੱਥੇ ਕਈ ਖੇਤਰਾਂ ਵਿੱਚ ਕੀਮਤਾਂ 'ਚ ਨਰਮੀ ਵੇਖੀ ਗਈ। ਮਾਹਿਰਾਂ ਦਾ ਕਹਿਣਾ ਹੈ ਕਿ ਬੈਂਕ ਦੀਆਂ ਵਿਆਜ ਦਰਾਂ ਦੇ ਪ੍ਰਭਾਵ, ਘਰੇਲੂ ਖਰਚਿਆਂ ਦਾ ਦਬਾਅ ਅਤੇ ਭਵਿੱਖੀ ਆਰਥਿਕ ਦਿਸ਼ਾ ਬਾਰੇ ਅਨਿਸ਼ਚਿਤਤਾ ਨੇ ਬਹੁ ਗਿਣਤੀ ਲੋਕਾਂ ਨੂੰ ਘਰ ਖਰੀਦਣ ਦੇ ਫੈਸਲਿਆਂ ਨੂੰ ਟਾਲਿਆ।

## ਉੱਘੇ ਸ਼ਾਇਰ ਅਜ਼ੀਮ ਸ਼ੇਖਰ ਨੂੰ ਸਦਮਾ, ਪਿਤਾ ਦਾ ਦੇਹਾਂਤ



ਮਾ: ਬਲਦੇਵ ਰਾਮ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਉੱਘੇ ਪੰਜਾਬੀ ਸ਼ਾਇਰ ਅਜ਼ੀਮ ਸ਼ੇਖਰ ਦੇ ਪਿਤਾ ਅਤੇ ਉੱਘੇ ਨਾਵਲਕਾਰ ਜੱਗੀ ਕੁੱਸਾ ਦੇ ਮਾਮਾ ਮਾਸਟਰ ਬਲਦੇਵ ਰਾਮ ਨਥਾਣਾ ਦਾ ਅਚਾਨਕ ਦੇਹਾਂਤ ਹੋ ਗਿਆ। ਉਹ 90 ਵਰ੍ਹਿਆਂ ਦੇ ਸਨ। ਮਾ: ਬਲਦੇਵ ਰਾਮ ਨੇ ਅਧਿਆਪਕ ਵਜੋਂ ਸੇਵਾਵਾਂ ਨਿਭਾਉਂਦਿਆਂ ਹਜ਼ਾਰਾਂ ਵਿਦਿਆਰਥੀਆਂ ਨੂੰ ਸਿੱਖਿਆ ਦਿੱਤੀ ਅਤੇ ਉਨ੍ਹਾਂ ਦੇ ਵਿਦਿਆਰਥੀ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰ ਰਹੇ ਹਨ। ਪੰਜਾਬੀ ਸਾਹਿਤ ਕਲਾ ਕੇਂਦਰ ਯੂ ਕੇ ਵੱਲੋਂ ਕੁਲਵੰਤ ਕੌਰ ਢਿੱਲੋਂ, ਯਸ਼ ਸਾਥੀ, ਮਨਜੀਤ ਕੌਰ ਪੱਡਾ, ਗੁਰਨਾਮ ਸਿੰਘ ਗਰੇਵਾਲ, ਮਨਪ੍ਰੀਤ ਸਿੰਘ ਬੱਧਨੀ ਕਲਾਂ, ਪੰਜਾਬੀ ਲੇਖਕ ਮੰਚ ਸਲੋਹ ਵੱਲੋਂ ਮਹਿੰਦਰਪਾਲ ਸਿੰਘ ਧਾਲੀਵਾਲ, ਦਰਸ਼ਨ ਸਿੰਘ ਢਿੱਲੋਂ, ਪ੍ਰਗਤੀਸ਼ੀਲ ਲਿਖਾਰੀ ਸਭਾ ਦੇ ਗੁਰਨਾਮ ਢਿੱਲੋਂ, ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਮੁੱਖ ਸੇਵਾਦਾਰ ਗੁਰਮੇਲ ਸਿੰਘ ਮੱਲੀ, ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਸਾਬਕਾ ਲੰਡਨ ਅਸੈਂਬਲੀ ਮੈਂਬਰ ਡਾ: ਉਂਕਾਰ ਸਿੰਘ ਸਹੋਤਾ, ਸਾਬ-ਕਾ ਮੇਅਰ ਹੰਸਲੋ ਰਘਵਿੰਦਰ ਸਿੰਘ ਸਿੱਧੂ, ਅਦਬੀ ਸਾਹਿਤਕ ਮੇਲਾ ਦੇ ਰਾਜਿੰਦਰਜੀਤ, ਅਬੀਰ ਬੁੱਟਰ, ਕੌਂਸਲਰ ਮਹਿੰਦਰ ਕੌਰ ਮਿੱਡਾ, ਬਿੱਟੂ ਖੰਗੂੜਾ, ਰਾਜਿੰਦਰ ਕੌਰ, ਰੂਪਦਵਿੰਦਰ ਕੌਰ, ਅਮਨਦੀਪ ਸਿੰਘ ਅਮਨ ਗਲਾਸਗੋ, ਪਰਮਜੀਤ ਕੌਰ ਸੰਧਾਵਾਲੀਆ, ਕੌਂਸਲਰ ਰਾਜੂ ਸੰਸਾਰਪੁਰੀ, ਕੌਂਸਲਰ ਸਵਰਨ ਸਿੰਘ ਪੱਡਾ, ਭਿੰਦਰ ਜਲਾਲਾਬਾਦੀ, ਦਵਿੰਦਰ ਕੌਰ, ਦਲਵੀਰ ਕੌਰ, ਸਿਕੰਦਰ ਬਰਾੜ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਇੰਗਲੈਂਡ ਦੇ ਗੁਰਦੁਆਰਾ ਸਾਹਿਬ ਦੇ ਬਾਹਰ ਕੱਚਾ ਮਾਸ ਸੁੱਟਣ ਦੀ ਘਟਨਾ ਦੀ ਜਾਂਚ ਨਫ਼ਰਤੀ ਅਪਰਾਧ ਵਜੋਂ ਕੀਤੀ ਜਾ ਰਹੀ ਹੈ - ਪੁਲਿਸ



ਸੀ ਸੀ ਟੀ ਵੀ ਵਿੱਚ ਗੁਰਦੁਆਰਾ ਸਾਹਿਬ ਦੇ ਪ੍ਰਵੇਸ਼ ਦੁਆਰ ਤੇ ਸ਼ਰਾਰਤ ਕਰਦਾ ਹੋਇਆ ਵਿਅਕਤੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਗੁਰੂ ਨਾਨਕ ਗੁਰਦੁਆਰਾ ਵੈਸਟ ਬ੍ਰਾਮਿਚ ਦੇ ਮੁੱਖ ਦੁਆਰ 'ਤੇ ਕੱਚਾ ਮਾਸ ਸੁੱਟਣ ਦੀ ਘਟਨਾ ਦੀ ਨਫ਼ਰਤੀ ਅਪਰਾਧ ਵਜੋਂ ਜਾਂਚ ਕੀਤੀ ਜਾ ਰਹੀ। ਪੁਲਿਸ ਨੇ ਕਿਹਾ ਕਿ ਐਡਵਰਡ ਸਟ੍ਰੀਟ ਗੁਰਦੁਆਰਾ ਸਾਹਿਬ ਦੇ ਬਾਹਰ ਇੱਕ ਵਿਅਕਤੀ ਨੂੰ ਕੱਚਾ ਮਾਸ ਸੁੱਟਦੇ ਹੋਏ ਵੇਖਿਆ ਗਿਆ। ਇਹ ਘਟਨਾ ਸੋਮਵਾਰ (22 ਦਸੰਬਰ) ਨੂੰ ਸ਼ਾਮੀਂ 4 ਵਜੇ ਤੋਂ ਪਹਿਲਾਂ ਵਾਪਰੀ ਸੀ। ਇੱਕ ਗੋਰਾ ਵਿਅਕਤੀ ਜਿਸ ਨੇ ਹਰੇ ਰੰਗ ਦਾ ਕੋਟ, ਕਾਲੇ ਰੰਗ ਦੀ ਪੈਂਟ ਅਤੇ ਚਿੱਟੇ ਰੰਗ ਦੇ ਟ੍ਰੇਨਰ ਪਹਿਨੇ ਹੋਏ ਸੀ। ਜੋ ਗੁਰਦੁਆਰੇ ਦੇ ਕੋਲੋਂ ਇੱਕ ਬੈਗ ਲੈ ਕੇ ਲੰਘ ਰਿਹਾ ਸੀ। ਜਿਸ ਨੇ ਜਾਣਬੁੱਝ ਕੇ ਕੁਝ ਸਮਾਨ ਪ੍ਰਵੇਸ਼ ਦੁਆਰ ਦੇ ਸਾਹਮਣੇ ਸੁੱਟਿਆ, ਜਿਸਦੀ "ਕੱਚਾ ਮਾਸ" ਵਜੋਂ ਪੁਸ਼ਟੀ ਕੀਤੀ ਗਈ।ਗੁਰਦੁਆਰਾ ਕਮੇਟੀ ਦਾ ਸਹਿਯੋਗ ਲਈ ਧੰਨਵਾਦ ਕਰਦਿਆਂ ਮਿਡਲੈਂਡ ਪੁਲਿਸ ਨੇ ਕਿਹਾ ਕਿ ਘਟਨਾ ਦੀ "ਨਫ਼ਰਤੀ ਅਪਰਾਧ ਵਜੋਂ ਜਾਂਚ ਕੀਤੀ ਜਾ ਰਹੀ ਹੈ"। ਪੁਲਿਸ ਨੇ ਕਿਹਾ ਕਿ ਅਜੇਹੀਆਂ ਘਟਨਾਵਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪੁਲਿਸ ਨੇ ਲੋਕਾਂ ਨੂੰ ਵੀ ਸਹਿਯੋਗ ਦੀ ਅਪੀਲ ਕੀਤੀ ਹੈ।

# ਕੋਈ ਹੈਗਾ ਏ ਤਾਂ ਦੱਸੋ



ਨਿਰਮਲ ਸਿੰਘ ਕੰਧਾਲਵੀ

ਵਾਰ ਦਿਤਾ ਪਰਵਾਰ, ਕਹਾਇਆ ਪੁੱਤਰਾਂ ਦਾ ਦਾਨੀ
ਕੋਈ ਹੈਗਾ ਏ ਤਾਂ ਦੱਸੋ, ਗੁਰੂ ਦਸਮੇਸ਼ ਜੀ ਦਾ ਸਾਨੀ

ਦੁਖੀ ਆਏ ਜਾਂ ਦੁਆਰੇ, ਗੁਰੂ ਪਿਤਾ ਇਹ ਉਚਾਰੇ
ਕੋਈ ਹੋਵੇ ਕੁਰਬਾਨ, ਦੁਖ ਇਹਨਾਂ ਦੇ ਨਿਵਾਰੇ
ਗੁਬਿੰਦ ਰਾਇ ਮੁਸਕਾਇਆ, ਉਹਨੇ ਇੰਜ ਫੁਰਮਾਇਆ
ਮੇਰੀ ਕਰਿਉ ਨਾ ਚਿੰਤਾ, ਜਾ ਕੇ ਦੇਵੋ ਕੁਰਬਾਨੀ
ਵਾਰ ਦਿੱਤਾ ਪਰਵਾਰ, ਕਹਾਇਆ ਪੁੱਤਰਾਂ ਦਾ ਦਾਨੀ
ਕੋਈ ਹੈਗਾ ਏ ਤਾਂ ਦੱਸੋ, ਗੁਰੂ ਦਸਮੇਸ਼ ਜੀ ਦਾ ਸਾਨੀ

ਮੱਲਾਂ ਜੰਗਾਂ ਵਿਚ ਮਾਰੇ, ਆਕੀ ਰਣ ‘ਚ ਸੰਘਾਰੇ
ਨਿੱਠ ਰਚੇ ਉਹ ਸਾਹਿਤ, ਕਦੀ ਕਵੀਆਂ ਨੂੰ ਤਾਰੇ
ਜਿੱਦਾਂ ਵਾਹੀ ਉਹਨੇ ਤੇਗ਼, ਤੇਵੇਂ ਵਾਹੀ ਉਹਨੇ ਕਾਨੀ
ਵਾਰ ਦਿਤਾ ਪਰਵਾਰ, ਕਹਾਇਆ ਪੁੱਤਰਾਂ ਦਾ ਦਾਨੀ
ਕੋਈ ਹੈਗਾ ਏ ਤਾਂ ਦੱਸੋ, ਗੁਰੂ ਦਸਮੇਸ਼ ਜੀ ਦਾ ਸਾਨੀ

ਹੱਥੀਂ ਸਾਜ ਕੇ ਪਿਆਰੇ, ਗੁਰ ਚੇਲਾ ਉਹ ਕਹਾਵੇ
‘ਕੱਲਾ ਲੱਖ ‘ਨਾ ਲੜਾ ਕੇ, ਬਾਜ਼ ਚਿੜੀ ਤੋਂ ਤੁੜਾਵੇ
ਕਰਨਾ ਜ਼ੁਲਮਾਂ ਦਾ ਨਾਸ, ਇਹੋ ਦਿਲ ਵਿਚ ਠਾਣੀ
ਵਾਰ ਦਿਤਾ ਪਰਵਾਰ ਕਹਾਇਆ ਪੁੱਤਰਾਂ ਦਾ ਦਾਨੀ
ਕੋਈ ਹੈਗਾ ਏ ਤਾਂ ਦੱਸੋ, ਗੁਰੂ ਦਸਮੇਸ਼ ਜੀ ਦਾ ਸਾਨੀ

ਦੋ ਵਾਰੇ ਵਿਚ ਚਮਕੌਰ, ਦੋ ਵਾਰ ਦਿਤੇ ਸਰਹਿੰਦ
ਲੋਕੀਂ ਪੁੱਛਣ ਪਏ ਸਾਰੇ, ਇਹ ਕੌਣ ਕੀਹਦੇ ਫਰਜੰਦ
ਮਾਤ ਗੁਜਰੀ ਨੇ ਵਾਰੀ, ਠੰਢੇ ਬੁਰਜ ਜ਼ਿੰਦਗਾਨੀ
ਕੁੱਲ ਦੁਨੀਆਂ ਇਹ ਆਖੇ, ਇਹ ਸ਼ਹੀਦੀਆਂ ਲਾਸਾਨੀ
ਵਾਰ ਦਿਤਾ ਪਰਵਾਰ, ਕਹਾਇਆ ਪੁੱਤਰਾਂ ਦਾ ਦਾਨੀ

ਕਦੀ ਮਖ਼ਮਲੀ ਸੇਜਾਂ, ਕਦੀ ਟਿੰਡ ਦਾ ਸਰ੍ਹਾਣਾ
ਪੈਰ ਕੰਡਿਆਂ ਪਰੁੰਨ੍ਹੇ, ਮਿੱਠਾ ਮੰਨਦਾ ਏ ਭਾਣਾ
ਹੱਥ ਫੜੀ ਸ਼ਮਸ਼ੀਰ, ਅਤੇ ਬੁੱਲ੍ਹਾਂ ਉੱਤੇ ਬਾਣੀ
ਵਾਰ ਦਿਤਾ ਪਰਵਾਰ, ਕਹਾਇਆ ਪੁੱਤਰਾਂ ਦਾ ਦਾਨੀ
ਕੋਈ ਹੈਗਾ ਏ ਤਾਂ ਦੱਸੋ, ਗੁਰੂ ਦਸਮੇਸ਼ ਜੀ ਦਾ ਸਾਨੀ

ਵਿਚ ਚਮਕੌਰ ਜੀਹਨੇ, ਅਜੀਤ ਜੁਝਾਰ ਨਾ ਸੰਭਾਲ਼ੇ
ਢਾਬ ਖਿਦਰਾਣੇ ਵਾਲੀ ਉੱਤੇ, ਰੰਗ ਅਜਬ ਦਿਖਾਲੇ
ਸਿਰ ਯੋਧਿਆਂ ਦੇ ਗੋਦੀ, ਵਹਾਵੇ ਅੱਖਾਂ ਵਿਚੋਂ ਪਾਣੀ
ਵਾਰ ਦਿਤਾ ਪਰਵਾਰ, ਕਹਾਇਆ ਪੁੱਤਰਾਂ ਦਾ ਦਾਨੀ
ਕੋਈ ਹੈਗਾ ਏ ਤਾਂ ਦੱਸੋ, ਗੁਰੂ ਦਸਮੇਸ਼ ਜੀ ਦਾ ਸਾਨੀ

ਘਰ ਮਿਹਰਾਂ ਦੇ ਆ ਕੇ, ਗ਼ਲ਼ ਵਿਛੜੇ ਉਹ ਲਾਵੇ
ਮੂੰਹ ਮੰਗੀਆਂ ਮੁਰਾਦਾਂ, ਫਿਰ ਮਹਾਂ ਸਿੰਘ ਪਾਵੇ
ਕਦੀ ਦੇਖੀ ਨਾ ਸੁਣੀ ਸੀ, ਐਸੀ ਜੱਗ ‘ਤੇ ਕਹਾਣੀ
ਵਾਰ ਦਿਤਾ ਪਰਵਾਰ, ਕਹਾਇਆ ਪੁੱਤਰਾਂ ਦਾ ਦਾਨੀ
ਕੋਈ ਹੈਗਾ ਏ ਤਾਂ ਦੱਸੋ, ਗੁਰੂ ਦਸਮੇਸ਼ ਜੀ ਦਾ ਸਾਨੀ

# ਕਾਵਿ-ਕਿਆਰੀ



## ਲੋਹੜੀ



–ਤਰਲੋਚਨ ਸਿੰਘ
ਚੰਨ ਜੰਡਿਆਲਵੀ

ਲੋਹੜੀ ਆ ਅੱਜ ਲੋਹੜੀ ਆ !
ਜਿੰਨੀ ਖੁਸ਼ੀ ਮਨਾਈਏ, ਓਨੀ ਥੋਹੜੀ ਆ !

ਕਿਸੇ ਦੇ ਮੁੰਡਾ ਕਿਤੇ ਕੁੜੀ ।
ਭਾਗਾਂ ਨਾਲ ਸੁਗਾਤ ਜੁੜੀ ।
ਲੋਹੜੀ ਪਾਓ ਜਸ਼ਨ ਮਨਾਓ, ਵਾਂਗ ਬਹਾਰਾਂ ਮੋੜੀ ਆ ।
ਲੋਹੜੀ ਸੱਜਣੋਂ ਲੋਹੜੀ ਆ ।
ਜਿੰਨੀ ਖੁਸ਼ੀ ਮਨਾਈਏ, ਓਨੀ ਥੋਹੜੀ ਆ !!

ਪੁੱਤ ਵਿਆਹਿਆ, ਧੀ ਦੀ ਸ਼ਾਦੀ ।
ਏਦੂੰ ਵੱਧ ਖੁਸ਼ੀ ਹੈ ਕਾਹਦੀ ।
ਮਾਂ ਬਾਪ ਦੀਆਂ ਸੱਧਰਾਂ ਪੁੱਗੀਆਂ, ਰੱਬ ਬਣਾਈ ਜੋੜੀ ਆ ।
ਲੋਹੜੀ ਸੱਜਣੋਂ ਲੋਹੜੀ ਆ !
ਜਿੰਨੀ ਖੁਸ਼ੀ ਮਨਾਈਏ ਓਨੀ ਥੋਹੜੀ ਆ !!

ਧੂਣੀਆਂ ’ਤੇ ਦਿਲਦਾਰ ਮਿਲੇ ।
ਭੁੱਲ ਗਏ ਸਾਰੇ ਗੁੱਸੇ ਗਿਲੇ ।
ਕਿਸੇ ਨੇ ਕੀਤਾ ਨਖਰਾ ਨਿਹੋਰਾ,
ਕਿਸੇ ਨੇ ਉਂਗਲ ਮਰੋੜੀ ਆ।
ਲੋਹੜੀ ਸੱਜਣੋਂ ਲੋਹੜੀ ਆ।
ਜਿੰਨੀ ਖੁਸ਼ੀ ਮਨਾਈਏ ਓਨੀ ਥੋਹੜੀ ਆ !!

‘ਚੰਨ ਜੰਡਿਆਲਵੀ’ ਮੂਲ ਨਾ ਸੰਗੇ ।
ਲੋਹੜੀ ਗਾ–ਗਾ ਲੋਹੜੀ ਮੰਗੇ ।
ਰੇਓੜੀਆਂ, ਬਕਲੀਆਂ, ਚਿੜਵੇ, ਮੂੰਫਲੀ,
ਇਕ ਹੱਥ ਗੁੜ ਦੀ ਰੋੜ ਆ ।
ਲੋਹੜੀ ਆ ਬਈ ਲੋਹੜੀ ਆ ।
ਲੋਹੜੀ ਆ ਅੱਜ ਲੋਹੜੀ ਆ!!
ਜਿੰਨੀ ਖੁਸ਼ੀ ਮਨਾਈਏ ਓਨੀ ਥੋਹੜੀ ਆ !!

# ਮੂੰਹ ਮੁਲਾਹਜ਼ੇ



ਕੁਲਵੰਤ ਸਿੰਘ ਢੇਸੀ

ਦੇਖ ਲੈ ਕਿ ਮਿਲਣ ਦੇ ਲਈ, ਮੂੰਹ ਮੁਲਾਹਜ਼ੇ ਰਹਿ ਗਏ
ਰਿਸ਼ਤਿਆਂ ਦੇ ਪਾਲ਼ੇ ਹੋਏ, ਰਿਸ਼ਤਿਆਂ ਤੋਂ ਛਹਿ ਗਏ

ਕੱਚੇ ਰਾਹਾਂ ‘ਤੇ ਕਦੀ ਸੀ, ਸ਼ੌਂਕ ਵਾਂਢੇ ਜਾਣ ਦਾ
ਮਖਮਲੀ ਸੜਕਾਂ ਨੇ ਕਾਰਾਂ, ਚਾਅ ਦਿਲਾਂ ਤੋਂ ਲਹਿ ਗਏ

ਦਿਨ ਮਿਤੀ ਤੇ ਸਮਾਂ ਜੋ, ਲਿਖਦੇ ਨੇ ਸਾਨੂੰ ਮਿਲਣ ਦਾ
ਡਿਜੀਟਲ ਅੰਦਾਜ਼ ਵਿਚੇ,ਜੀਅ ਆਇਆਂ ਨੂੰ ਕਹਿ ਗਏ

ਹਰ ਕੋਈ ਨਹੀਂ ਸਮਝਦਾ, ਐਸੇ ਵੀ ਹੁੰਦੇ ਨੇ ਲਿਹਾਜ਼
ਜਿੰਨੇ ਪਲੋਸੇ ਕਿਸੇ ਨੇ ਉਹ, ਪੇਸ਼ ਓਨਾ ਪੈ ਗਏ


ਸਿੱਧੀ ਪਧਰੀ ਗੱਲ ਵੀ, ਦੇ ਜਾਂਦੀ ਜੀਣੇ ਦਾ ਸਬਕ
ਕਿਲੇ ਸ਼ੇਖ ਚਿਲੀ ਦੇ, ਢਹਿਣੇ ਹੀ ਸੀ ਉਹ ਢਹਿ ਗਏ

ਉਹਨਾ ਦੀ ਹੀ ਅੰਸ਼ ਵੰਸ਼, ਕਿੱਦਾਂ ਕਹਾਂਗੇ ਅਸੀਂ ਹਾਂ
ਹਰ ਚਣੌਤੀ ਰੂਬਰੂ ਜੋ, ਕਰਦੇ ਜੈ ਜੈ ਜੈ ਗਏ

ਕੋਈ ਕਹੇ ਮਹਿਬੂਬ ਤੇ, ਮਾਲਕ ਕੋਈ ਕਹਿੰਦਾ ਪਿਆ
ਰੂਪ ਉਹਦਾ ਹੋ ਜਾਏ, ਜੋ ਯਾਦ ਉਹਦੀ ਬਹੋ ਗਏ

ਕਰਨੀ ਜੇ ‘ਢੇਸੀ’ ਮਾਲਕੀ, ਦੇਖੀਂ ਵਸੀਅਤ ਸ਼ਬਦ ਦੀ
ਬਿਨਾ ਛੱਕ ਜੋ ਨਾਮ ਤੇਰੇ, ਕਰਕੇ ਤੇਰੇ ਬੈ ਗਏ।

# ਜੀ ਆਇਆਂ ਛੱਬੀ ਨੂੰ



ਤਰਲੋਚਨ ਸਿੰਘ ‘ਦੁਪਾਲ ਪੁਰ’
001-408-905-5517

ਚੜ੍ਹੇ ਸਾਲ ਵਿਚ ਪੈਣ ਪੱਤੇ ਅਤੇ ‘ਫੁੱਲ-ਫਲ਼’
ਪਈ ਹੋਈ ਭਾਵਨਾਂ ਕੋਈ ਦਿਲ ਵਿਚ ਦੱਬੀ ਨੂੰ।
ਛੱਡ ਕੇ ਨਿਰਾਸ਼ਾ ਸਦਾ ਆਸਵੰਦ ਰਹੀਏ ਯਾਰੋ
ਰੀਝਾਂ ਨਾਲ਼ ਮਾਣੀਏਂ ਜੀ ਖੁਸ਼ੀ ਕੋਈ ‘ਲੱਭੀ’ ਨੂੰ।
ਸ਼ਾਂਤ ਹੋ ਕੇ ਸੋਚੀਏ ਅੱਗੇ ਨੂੰ ਹੁਣ ਆਖੀਏ ਨਾ
ਗੁੱਸੇ ’ਚ ਕਿਸੇ ਨੂੰ ਆਖੀ ਗੱਲ ਕੌੜੀ-ਕੱਬੀ ਨੂੰ।
ਹੌਂਸਲਾ ਭਰੋਸਾ ਦੋਵੇਂ ਗਹਿਣੇ ਹਨ ਜਿੰਦਗੀ ਦੇ
ਲਈਏ ਝੱਲ ਹੌਂਸਲੇ ਦੇ ਨਾਲ਼ ‘ਹਬੀ-ਨਬੀ’ ਨੂੰ।
ਸੁਣ ਕੇ ਸਿਆਣਿਆਂ ਤੋਂ ਪੱਲੇ ਘੁੱਟ ਬੰਨ੍ਹੀਏਂ ਜੀ
ਪੜ੍ਹਕੇ ਕਿਤਾਬਾਂ ਵਿੱਚੋਂ ਗੱਲ ਸਿਆਣੀ ਫੱਬੀ ਨੂੰ।
’ਪੱਚੀ’ ਵਾਂਗ ਹਫਤੇ ਮਹੀਨੇ ਆਈ-ਜਾਈ ਜਾਣੇ
ਤਦ ਵੀ ਜੀ ਆਇਆਂ ਕਹੀਏ ਨਵੇਂ ਸਾਲ ਛੱਬੀ ਨੂੰ !

# ਜੀਵਨ–ਧਾਰਾ

**(ਗੁਰੂ ਗੋਬਿੰਦ ਸਿੰਘ ਜੀ ਮਹਾਰਾਜ)**

**ਸ਼ੇਅਰ**

ਲਾਕੇ ਟਿੰਡ ਦਾ ਸਿਰ੍ਹਾਣਾ,
ਸੁੱਤਾ ਮਾਹੀ ਮਤਵਾਲਾ।
ਨੰਗੇ ਪੈਰ, ਪੈਰੀਂ ਛਾਲੇ,
ਸ਼ਾਹੀ ਸ਼ਹਿਨਸ਼ਾਹ ਨਿਰਾਲਾ।
ਆਪੇ ਗੁਰੂ ਆਪੇ ਚੇਲਾ,
ਕਿੱਸਾ ਡੂੰਘੇ ਰਾਜਾਂ ਵਾਲਾ,
ਜੇ ਕੋਈ ਧਰਮ ਪਿਤਾ ਜੱਗ ਦਾ,
ਮੇਰਾ ਪ੍ਰੀਤਮ ਬਾਜਾਂ ਵਾਲਾ..

ਉਹ ! ਪਟਨੇ ਦੀ ਧਰਤ ਤੇ
ਗੁਰਾਂ ਧਾਰਿਆ ਸੀ ਅਵਤਾਰ,
ਗੁਰੂ ਦਸਵੇਂ ਬਾਜਾਂ ਵਾਲੜੇ
ਤੇਰੀ ਮਹਿਮਾਂ ਅਪਰੰਪਾਰ।

ਭੀਖਣ ਸ਼ਾਹ ਜਿਹੇ ਪੀਰ ਵੀ
ਤੁਹਾਡਾ ਆਏ ਕਰਨ ਦੀਦਾਰ,
ਅੱਲਾ ਦੇ ਉਸ ਮੁਰੀਦ ਨੇ
ਕੀਤਾ ਰੱਬੋਂ ਵੱਧ ਸਤਿਕਾਰ।

ਦਸਵਾਂ ਜਾਮਾਂ ਪਹਿਨ ਕੇ
ਆਏ ਖ਼ੁਦ ਨਾਨਕ ਨਿਰੰਕਾਰ,
ਪ੍ਰਿਥਮ ਭਗੌਤੀ ਸਿਮਰ ਕੇ
ਤੁਸੀਂ ਪੂਜਿਆ ਏਕ–ਉਂਕਾਰ।

ਪ੍ਰਗਟਿਉ ਮਰਦ ਅਗੰਮੜਾ
ਵਰਿਆਮ, ਯੋਧਾ ਬਲਕਾਰ,
ਮਸੰਦਾਂ ਨੂੰ ਸੋਧ ਦਾ
ਜੋ ਸਨ ਧਰਤੀ ਤੇ ਭਾਰ।

ਜ਼ੁਲਮ ਨਾ ਟੱਕਰ ਲੈਣ ਲਈ
ਕੀਤਾ ਖ਼ਾਲਸਾ ਪੰਥ ਤਿਆਰ,
ਜਦ ਸਾਰੇ ਹੀਲੇ ਮੁੱਕਦੇ
ਪਾਉਂਦਾ ਹੱਥ–ਮੁੱਠੇ ਤਲਵਾਰ।

ਮੋਢੇ ਤੇ ਬਾਜ ਸੁਹਾਂਵਦਾ
ਅਤੇ ਕਮਰਕੱਸੇ ਤਲਵਾਰ,
ਖੇਡੇ ਨਿੱਤ ਸ਼ਿਕਾਰ ਨੂੰ
ਨੀਲੇ ਦਾ ਸ਼ਾਹ ਅਸਵਾਰ।

ਸ਼ਾਹੀ ਪੁਸ਼ਾਕਾਂ ਪਹਿਨ ਕੇ
ਲਾਵੇ ਕਲਗੀ ਸਿਰ ਦਸਤਾਰ,
ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ
ਹੈ ਲਾਉਂਦਾ ਨਿੱਤ ਦਰਬਾਰ।

ਕਰੇ ਮੁਗਲਾਂ ਨਾਲ ਮੁਕਾਬਲਾ
ਉਹ ਬੀਰ ਯੋਧਾ ਬਲਕਾਰ,
ਹੰਕਾਰ ‘ਚ ਫਿਰਦੇ ਆਫਰੇ
ਉਸ ਜਿੱਤਣੇ ਬਾਈ ਧਾਰ।

ਸਰਸਾ ਨੇ ਧਾਹਾਂ ਮਾਰੀਆਂ
ਜਦੋਂ ਵਿੱਛੜਿਆ ਸੀ ਪਰਵਾਰ,
ਹੋ ਲਾਲਚੀ ਦਗ਼ਾ ਕਮਾ ਗਿਆ
ਉਹ ਗੰਗੂ ਜਿਹਾ ਬਦਕਾਰ।

ਤੇਰੇ ਸਿੰਘ ਬੁੱਕਣੇ ਸਰਹੰਦ ਤੇ
ਬੰਦਾ ਸਿੰਘ ਜਿਹੇ ਸ਼ਸ਼ਤਰ–ਧਾਰ,
ਸੀਸ ਤਲ਼ੀ ਧਰ ਲੜਣਗੇ
ਹੱਥ ਫੜ ਖੰਡਾ ਦੋ–ਧਾਰ

ਮਾਤਾ ਭਾਗੋ ਜਿਹੀਆਂ ਸ਼ੀਂਹਣੀਆਂ
ਸਾਥੀ ਮਹਾਂ ਸਿੰਘ ਸਰਦਾਰ,
ਘਨਈਏ ਵਰਗੇ ਸਿੱਖ ਸੀ
ਪੀਰ ਬੁੱਧੂ ਸ਼ਾਹ ਜਿਹੇ ਯਾਰ।

ਦੁੱਧ ਲਾਲਾਂ ਤਾਂਈਂ ਪਿਲ਼ਾਂਵਦਾ
ਮੋਤੀ ਰਾਮ ਮਹਿਰਾ ਵਫਾਦਾਰ,
ਵੇਲਣੇ ਦੇ ਵਿੱਚ ਪੀੜਿਆ
ਸ਼ਹੀਦ ਹਰ ਸਿੰਘ ਦਾ ਪਰਵਾਰ।

ਚਮਕੌਰ ਗੜ੍ਹੀ ਦੇ ਯੁੱਧ ਵਿੱਚ
ਲੜੇ ਅਜੀਤ ‘ਤੇ ਸਿੰਘ ਜੁਝਾਰ,
ਹੱਥੀਂ ਗਾਨੇ ਬੰਨ੍ਹ ਕੇ ਮੌਤ ਦੇ
ਦੋਵੇਂ ਪੁੱਤਰ ਦਿੱਤੇ ਵਾਰ।

ਠੰਢੇ ਬੁਰਜ ‘ਚ ਮਾਤਾ ਗੁਜਰੀ
ਹੋਏ ਉਹਨਾਂ ਤੇ ਅੱਤਿਆਚਾਰ ,
ਜ਼ੋਰਾਵਰ ਅਤੇ ਫ਼ਤਿਹ ਸਿੰਘ
ਚਿਣੇ ਵਿੱਚ ਖ਼ੂਨੀ ਦੀਵਾਰ।

ਮਸਤ ਹਾਥੀ ਨਾਲ ਲੜ ਗਿਆ
ਤੇਰਾ ਬਚਿੱਤਰ ਸਿੰਘ ਸਰਦਾਰ,
ਤੇਰੇ ਸ਼ੂਕਦੇ ਤੀਰ ਨੇ ਮਾਰਿਆ
ਨਾਹਰ ਖਾਨ ਜਿਹਾ ਖੂੰਖਾਰ।

ਸਿੱਖੀ–ਬਾਗ਼ ਸਜਾਉਣ ਲਈ
ਤੁਸੀਂ ਵਾਰ ਦਿੱਤਾ ਪਰਵਾਰ,
ਨਛੱਤਰ ਭੋਗਲ ਸੋਹਲੇ ਗਾਂਵਦਾ
ਤੁਸੀਂ ਧੰਨ ਹੋ, ਧੰਨ ਦਾਤਾਰ।

ਨਛੱਤਰ ਸਿੰਘ
ਭੋਗਲ
“ਭਾਖੜੀਆਣਾ”
(U.K)



# ਬ੍ਰਿਟਿਸ਼ ਮਿਊਜ਼ੀਅਮ ਨੇ ਬ੍ਰਿਟਿਸ਼ ਰਾਜ ਸਮੇਂ ਦੀਆਂ ਕਲਾਕ੍ਰਿਤੀਆਂ ਮੁੰਬਈ ਦੇ ਅਜਾਇਬ ਘਰ ਵਿੱਚ ਕੀਤੀਆਂ ਪ੍ਰਦਰਸ਼ਿਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਬ੍ਰਿਟਿਸ਼ ਮਿਊਜ਼ੀਅਮ ਆਪਣੇ ਸੰਗ੍ਰਹਿ ਤੋਂ ਪੁਰਾਤਣ ਕਲਾਕ੍ਰਿਤੀਆਂ ਨੂੰ ਪ੍ਰਮੁੱਖ ਭਾਰਤੀ ਅਜਾਇਬ ਘਰ, ਮੁੰਬਈ ਦੇ ਛਤਰਪਤੀ ਸ਼ਿਵਾਜੀ ਮਹਾਰਾਜ ਵਾਸਤੂ ਸੰਗ੍ਰਹਿਆਲਿਆ (ਸੀ ਐਸ ਐਮ ਵੀ ਐਸ) ਵਿੱਚ ਪ੍ਰਦਰਸ਼ਿਤ ਕੀਤਾ ਹੈ। ਇਸ ਅਜਾਇਬ ਘਰ ਵਿੱਚ 80 ਕਲਾਕ੍ਰਿਤੀਆਂ ਨੂੰ ਇੱਕ ਨਵੀਂ ਗੈਲਰੀ ਵਿੱਚ ਪ੍ਰਦਰਸ਼ਿਤ ਕੀਤਾ ਹੈ। ਜਿਸਦਾ ਉਦੇਸ਼ ਸੱਭਿਅਤਾ ਵਿੱਚ ਭਾਰਤ ਦੇ ਯੋਗਦਾਨ ਨੂੰ ਉਜਾਗਰ ਕਰਕੇ "ਬਸਤੀਵਾਦੀ ਗਲਤ ਫਹਿਮੀਆਂ" ਨੂੰ ਖਤਮ ਕਰਨਾ ਹੈ। ਬ੍ਰਿਟਿਸ਼ ਮਿਊਜ਼ੀਅਮ ਦੇ ਡਾਇਰੈਕਟਰ ਡਾ. ਨਿਕੋਲਸ ਕੁਲੀਨਨ ਨੇ ਕਿਹਾ ਕਿ ਇਹ ਪ੍ਰੋਜੈਕਟ ਬਸਤੀਵਾਦ ਤੋਂ ਰਾਹਤ ਚਾਹੁਣ ਵਾਲੇ ਦੇਸ਼ਾਂ ਨਾਲ ਕੰਮ ਕਰਨ ਲਈ ਇੱਕ "ਨਵਾਂ ਮਾਡਲ" ਹੋਵੇਗਾ। ਡਾ. ਕੁਲੀਨਨ ਨੇ ਕਿਹਾ ਕਿ ਕਿਸੇ ਹੋਰ ਦੇਸ਼ ਨਾਲ ਕੁਝ ਸਕਾਰਾਤਮਕ ਕਰਨ ਲਈ ਆਪਣੇ ਦੇਸ਼ ਨੂੰ ਸ਼ਰਮਿੰਦਾ ਕਰਨ ਦੀ ਲੋੜ ਨਹੀਂ ਹੈ।

ਭਾਰਤੀ ਕਲਾਕ੍ਰਿਤੀਆਂ, ਘਾਨਾ ਦਾ ਸੋਨਾ, ਇਥੋਪੀਅਨ ਪਵਿੱਤਰ ਗੋਲੀਆਂ, ਬੇਨਿਨ ਕਾਂਸੀ ਅਤੇ ਐਲਗਿਨ ਮਾਰਬਲ ਸਮੇਤ ਯੂ ਕੇ ਵਿੱਚ ਰੱਖੇ ਗਏ ਖਜ਼ਾਨਿਆਂ ਦੀ ਵਾਪਸੀ ਨੂੰ ਲੈ ਕੇ ਲੰਬੇ ਸਮੇਂ ਤੋਂ ਵਿਵਾਦ ਚੱਲ ਰਹੇ ਹਨ। ਬ੍ਰਿਟਿਸ਼ ਅਜਾਇਬ ਘਰ ਐਕਟ 1963, ਕਾਨੂੰਨੀ ਤੌਰ 'ਤੇ ਕਿਸੇ ਸੰਸਥਾ ਨੂੰ ਆਪਣੇ ਖਜ਼ਾਨੇ ਸੌਂਪਣ ਤੋਂ ਰੋਕਦਾ ਹੈ, ਜਿਸ ਕਰਕੇ ਵਿਵਾਦਪੂਰਨ ਕਲਾਕ੍ਰਿਤੀਆਂ ਨੂੰ ਪੁਰਾਣੀਆਂ ਕਲੋਨੀਆਂ ਵਿੱਚ ਵਾਪਸ ਕਰਨ ਦੀਆਂ ਬੇਨਤੀਆਂ ਨੂੰ ਵਾਰ-ਵਾਰ ਰੱਦ ਕੀਤਾ ਗਿਆ। ਅਮਰਾਵਤੀ ਮਾਰਬਲ, ਟੀਪੂ ਸੁਲਤਾਨ ਦੀ ਨਿੱਜੀ ਰਾਜਮਾਲਾ ਅਤੇ ਕੋਹ-ਏ-ਨੂਰ ਹੀਰਾ



*ਮੁੰਬਈ ਅਜਾਇਬ ਘਰ ਵਿੱਚ ਪ੍ਰਦਰਸ਼ਿਤ ਕੀਤੀਆਂ ਬਰਤਾਨਵੀ ਅਜਾਇਬ ਘਰ ਦੀਆਂ ਕਲਾਕ੍ਰਿਤੀਆਂ*

ਸਮੇਤ ਕਲਾਕ੍ਰਿਤੀਆਂ, ਬਸਤੀਵਾਦੀ ਸ਼ਾਸਨ ਦੇ ਸਮੇਂ ਦੌਰਾਨ ਭਾਰਤ ਤੋਂ ਬਰਤਾਨੀਆਂ ਲਿਆਂਦੀਆਂ ਗਈਆਂ ਸਨ। ਜਦੋਂ ਕਿ ਭਾਰਤ ਸਰਕਾਰ ਇਤਿਹਾਸਕ ਕਲਾਕ੍ਰਿਤੀਆਂ ਨੂੰ ਮੁੜ ਪ੍ਰਾਪਤ ਕਰਨਾ ਚਾਹੁੰਦੀ ਹੈ।

ਬ੍ਰਿਟਿਸ਼ ਅਜਾਇਬ ਘਰ ਵੱਲੋਂ 4,000 ਸਾਲ ਪੁਰਾਣਾ ਮਿਸਰ ਦੀ ਨਦੀ ਦੀ ਕਿਸ਼ਤੀ ਦਾ ਲੱਕੜ ਦਾ ਮਾਡਲ, ਹਲ ਖਿੱਚਦੇ ਬਲਦਾਂ ਦੀ ਇੱਕ ਲੱਕੜ ਦੀ ਮੂਰਤੀ, ਅਤੇ 2200 ਈਸਾ ਪੂਰਵ ਤੋਂ ਸ਼ਰਧਾਲੂ ਸੁਮੇਰੀਅਨ ਮੂਰਤੀਆਂ ਨੂੰ ਮੁੰਬਈ ਅਜਾਇਬ ਘਰ ਵਿੱਚ ਪ੍ਰਦਰਸ਼ਿਤ ਕੀਤੇ ਹਨ। ਜੇ ਪਾਲ ਗੈਟੀ ਟਰੱਸਟ ਦੇ ਸਹਿਯੋਗ ਨਾਲ ਪ੍ਰਦਰਸ਼ਿਤ ਇਹ ਕਲਾਕ੍ਰਿਤੀਆਂ ਦੱਸਣੀਆਂ ਕਿ ਭਾਰਤ ਸਭਿਅਤਾ ਦਾ ਜਨਮਦਾਤਾ ਕਿਵੇਂ ਸੀ।

ਸੀ ਐਸ ਐਮ ਵੀ ਐਸ ਅਜਾਇਬ ਘਰ ਦੇ ਡਾਇਰੈਕਟਰ ਜਨਰਲ, ਸਬਿਆਸਾਚੀ ਮੁਖਰਜੀ ਨੇ ਕਿਹਾ ਕਿ ਬ੍ਰਿਟਿਸ਼ ਕਰਜ਼ਿਆਂ ਨਾਲ ਭਰੀ ਗੈਲਰੀ ਭਾਰਤ ਦੇ ਅਤੀਤ ਦੀ "ਬਸਤੀਵਾਦੀ ਗਲਤ ਵਿਆਖਿਆ ਨੂੰ ਠੀਕ ਕਰਨ" ਵਿੱਚ ਮਦਦ ਕਰੇਗੀ।

## 150 ਸਾਲ ਪੁਰਾਣੇ ਸੈਂਕੜੇ ਬੂਟ, ਜੁੱਤੀਆਂ ਦੱਖਣੀ ਵੇਲਜ਼ ਦੇ ਸਮੁੰਦਰੀ ਤੱਟ ਤੋਂ ਮਿਲੀਆਂ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਦੱਖਣੀ ਵੇਲਜ਼ ਦੇ ਇੱਕ ਸਮੁੰਦਰੀ ਤੱਟ ਤੋਂ 19ਵੀਂ ਸਦੀ ਦੀਆਂ 150 ਸਾਲ ਪੁਰਾਣੇ ਸੈਂਕੜੇ ਜੁੱਤੀਆਂ, ਬੂਟ ਮਿਲੇ ਹਨ। ਕਾਲੇ ਚਮੜੇ ਦੇ ਬੂਟ, ਜੋ ਕਿ 19ਵੀਂ ਸਦੀ ਦੇ ਮੰਨੇ ਜਾਂਦੇ ਹਨ, ਸਾਊਥ ਵੇਲਜ਼ ਦੇ ਗਲੈਮੋਰਗਨ ਦੀ ਵਾਦੀ ਵਿੱਚ ਓਗਮੋਰ ਬਾਈ ਸੀ ਬੀਚ 'ਤੇ ਚੱਟਾਨਾਂ ਦੇ ਪੂਲ ਸਾਫ਼ ਕਰਨ ਵਾਲੇ ਵਲੰਟੀਅਰਾਂ ਦੁਆਰਾ ਲੱਭੇ ਗਏ। ਬੀਚ ਅਕੈਡਮੀ ਸੋਸ਼ਲ ਐਂਟਰਪ੍ਰਾਈਜ਼ ਦੀ ਐਮਾ ਲੈਂਪੋਰਟ ਜਿਸਨੇ ਜੁੱਤੀਆਂ ਲੱਭੀਆਂ, ਨੇ ਕਿਹਾ ਕਿ ਸਥਾਨਕ ਤੌਰ 'ਤੇ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਹ ਇੱਕ ਜਹਾਜ਼ ਦੇ ਤਬਾਹ ਹੋਏ ਇਤਾਲਵੀ ਕਾਰਗੋ ਜਹਾਜ਼ ਤੋਂ ਹੋ ਸਕਦੇ ਹਨ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਲਗਭਗ 150 ਸਾਲ ਪਹਿਲਾਂ ਟਸਕੇਰ ਰੌਕ ਦੇ ਨੇੜੇ ਟਕਰਾ ਗਿਆ ਸੀ। ਉਸਨੇ ਦੱਸਿਆ ਕਿ ਕੁਝ ਬੂਟ ਕਾਫ਼ੀ ਚੰਗੀ ਹਾਲਤ ਵਿੱਚ ਹਨ ਅਤੇ ਜੋ ਕਿ ਮਰਦਾਂ ਦੇ ਬੂਟ ਹਨ। ਕੁਝ ਬੂਟ ਛੋਟੇ ਹਨ ਜੋ ਬੱਚਿਆਂ ਦੇ ਜਾਂ ਔਰਤਾਂ ਦੇ ਵੀ ਹੋ ਸਕਦੇ ਹਨ।ਬੈਂਗੋਰ ਯੂਨੀਵਰਸਿਟੀ ਦੇ ਸਕੂਲ ਆਫ਼ ਓਸ਼ਨ ਸਾਇੰਸਿਜ਼ ਤੋਂ ਅਕਾਦਮਿਕ ਡਾ. ਮਾਈਕਲ ਰੌਬਰਟਸ ਨੇ ਕਿਹਾ ਕਿ ਇਹ ਸੰਭਵ ਹੈ ਕਿ ਵਿਕਟੋਰੀਅਨ ਯੁੱਗ ਦੇ ਜਹਾਜ਼ਾਂ ਦੇ ਮਲਬੇ ਹੁਣ ਖਰਾਬ ਹੋਣੇ ਜਾਂ ਟੁੱਟਣੇ ਸ਼ੁਰੂ ਹੋ ਸਕਦੇ ਹਨ, ਜਿਹਨਾਂ ਵਿੱਚੋਂ ਇਸ ਤਰ੍ਹਾਂ ਦਾ ਸਮਾਨ ਪਾਣੀ ਵਿੱਚ ਵਹਿ ਜਾਂਦਾ ਹੈ।

**ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜਨਮ ਦਿਹਾੜੇ ਦੀਆਂ ਦੇਸ਼ਾਂ ਵਿਦੇਸ਼ਾਂ ਵਿੱਚ ਵਸਦੀਆਂ ਸਭ ਸਿੱਖ ਸੰਗਤਾਂ ਨੂੰ ਲੱਖ ਲੱਖ ਵਧਾਈਆਂ**

## ✪ ਸ਼ਸਤ੍ਰ ਤੇ ਸ਼ਾਸਤ੍ਰ ਦਾ ਅਦੁੱਤੀ ਸੁਮੇਲ- ਗੁਰੂ ਗੋਬਿੰਦ ਸਿੰਘ-ਡਾ ਅਮਰਜੀਤ ਸਿੰਘ ਟਾਂਡਾ

ਦਰਸ਼ਨਿਕ ਜਗਤ ਇਤਿਹਾਸ ਵਿੱਚ ਅਨੇਕਾਂ ਯੋਧੇ ਹੋਏ ਹਨ - ਜਿਨ੍ਹਾਂ ਨੇ ਤਲਵਾਰਾਂ ਨਾਲ ਜ਼ਮੀਨਾਂ ਜਿੱਤੀਆਂ, ਕਿਲੇ ਫ਼ਤਿਹ ਕੀਤੇ ਤੇ ਤਾਜ ਹਾਸਿਲ ਕੀਤੇ। ਪਰ ਗੁਰੂ ਗੋਬਿੰਦ ਸਿੰਘ ਜੀ ਉਹ ਅਦੁੱਤੀ ਮਹਾਨ ਸ਼ਖ਼ਸ਼ੀਅਤ ਹਨ, ਜਿਨ੍ਹਾਂ ਨੇ ਸ਼ਸਤ੍ਰ ਨਾਲ ਕੇਵਲ ਲੜਾਈ ਨਹੀਂ ਕੀਤੀ, ਸਗੋਂ ਸ਼ਾਸਤ੍ਰ ਨਾਲ ਮਨੁੱਖਤਾ ਨੂੰ ਉੱਚਾ ਚੁਕਣ ਵਾਲਾ ਸਿਧਾਂਤ ਵੀ ਦਿੱਤਾ। ਉਨ੍ਹਾਂ ਦੇ ਯੋਧਾਪੁਣ ਦੇ ਪਿੱਛੇ ਕੇਵਲ ਰਣਨੀਤੀ ਨਹੀਂ ਸੀ - ਇਕ ਆਤਮਿਕ ਫਿਲੋਸਫੀ ਸੀ, ਜਿਸਦਾ ਆਧਾਰ ਸੀ ਧਰਮ ਦੀ ਰੱਖਿਆ, ਨਿਰਭਉ ਤੇ ਨਿਰਵੈਰ ਜੀਵਨ ਅਤੇ ਸਾਰੁਭੌਮਿਕ ਮਨੁੱਖਤਾ।

### ਧਰਮ ਯੁੱਧ ਦਾ ਆਧਾਰ - ਆਤਮਿਕਤਾ

ਗੁਰੂ ਗੋਬਿੰਦ ਸਿੰਘ ਜੀ ਨੇ ਯੁੱਧ ਨੂੰ ਕਦੇ ਵਿਨਾਸ਼ ਦਾ ਪ੍ਰਤੀਕ ਨਹੀਂ ਮੰਨਿਆ, ਸਗੋਂ ਅਧਰਮ ਦੇ ਖ਼ਿਲਾਫ਼ ਸੰਘਰਸ਼ ਦਾ ਸਾਧਨ ਬਣਾਇਆ। ਉਨ੍ਹਾਂ ਦੀ ਤਲਵਾਰ ਉਹ ਖਾਲਸੇ ਦੇ ਹੱਥ ਚਾਹੁੰਦੇ ਸੀ ਜਿਸਦੇ ਹਿਰਦੇ ਵਿੱਚ ਕਰੁਣਾ ਹੋਵੇ, ਆਖ ਵਿੱਚ ਨਿਰਭਉਤਾ ਹੋਵੇ ਅਤੇ ਮਨ ਵਿੱਚ ਅਹੰਕਾਰ ਨਾ ਹੋਵੇ।

ਜਦ ਉਹ ਕਹਿੰਦੇ ਹਨ ਕਿ

"ਜਿਨ੍ਹ ਕੇ ਕੋਊ ਨਾਹੀ ਬੈਰੀ, ਮਾਨ ਮੋਹ ਬਿਸਰਤ ਤਰੈ" "ਜਿਨ੍ਹਾਂ ਦੇ ਭਾਵ ਕੋਊ ਨਾਹੀ ਬੈਰੀ," ਉਹ ਇਨਸਾਨ ਨੂੰ ਯੁੱਧ ਦੇ ਮੈਦਾਨ ਵਿੱਚ ਖੜ੍ਹਾ ਕਰਦਿਆਂ ਵੀ ਅਹਿੰਸਾ ਦੀ ਸਾਰ ਸਿੱਖ ਦਿੰਦੇ ਹਨ।

### ਸਰਬੰਸ ਦਾਨ - ਤਿਆਗ ਦੀ ਸ਼ਿਖਰ

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਸਭ ਤੋਂ ਪ੍ਰਭਾਵਸ਼ਾਲੀ ਪੱਖ ਉਹਨਾਂ ਦਾ ਸਰਬੰਸ ਦਾਨ ਹੈ। ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਅਤੇ ਮਾਤਾ ਗੁਜਰੀ ਜੀ ਦਾ ਵਿਛੋੜਾ ਇਤਿਹਾਸ ਵਿੱਚ ਕੋਈ ਸਧਾਰਨ ਘਟਨਾ ਨਹੀਂ, ਸਗੋਂ ਉਹ ਆਦਰਸ਼ ਹੈ ਕਿ ਕਿਵੇਂ ਇਕ ਦਿਵਿਆ ਆਤਮਾ ਆਪਣੀ ਵਿਅਕਤੀਗਤ ਪੀੜ ਨੂੰ ਰਾਸ਼ਟਰਿਕ ਤੇ ਅਧਿਆਤਮਿਕ ਲਕਸ਼ ਨਾਲ ਜੋੜ ਸਕਦੀ ਹੈ। ਉਨ੍ਹਾਂ ਨੇ ਕੇਵਲ ਕੌਮ ਨੂੰ ਨਹੀਂ, ਸਗੋਂ ਕਲਜੁਗ ਦੇ ਥੱਕੇ ਮਨੁੱਖ ਨੂੰ ਨਵਾਂ ਜੀਵਨ ਦਿੱਤਾ - ਖਾਲਸਾ ਬਣਾਉਣ ਰਾਹੀਂ ਮਨੁੱਖਤਾ ਨੂੰ ਸ਼ੁੱਧਤਾ ਤੇ ਸ਼ਕਤੀ ਦਾ ਨਾਮ ਦਿੱਤਾ।

### ਸਹਿਤਕ ਦਰਸ਼ਨ - ਸ਼ਬਦਾਂ ਵਿੱਚ ਆਤਮਬਲ

ਗੁਰੂ ਜੀ ਦੇ ਰਚੇ ਬਾਣੀ-ਗ੍ਰੰਥ, ਖ਼ਾਸਕਰ ਜਾਪ ਸਾਹਿਬ, ਅਕਾਲ ਉਸਤਤ, ਅਤੇ ਜ਼ਫ਼ਰਨਾਮਾ, ਸਾਹਿਤ ਨੂੰ ਕੇਵਲ ਸ਼ਬਦਕਲਾ ਹੀ ਨਹੀਂ ਸਗੋਂ ਆਤਮਿਕ ਤੇ ਰਾਜਨੀਤਿਕ ਪ੍ਰਬੋਧ ਵਜੋਂ ਸਥਾਪਿਤ ਕਰਦੇ ਹਨ। ਉਨ੍ਹਾਂ ਦੀ ਭਾਸ਼ਾ ਸ਼ਬਦੀ ਸ਼ੋਰ ਨਹੀਂ, ਬਲਕਿ ਚੇਤਨਾ ਦਾ ਉੱਚਤਮ ਰੂਪ ਹੈ। ਜਾਪ ਸਾਹਿਬ ਵਿੱਚ ਹਰ ਨਾਮ ਮਨੁੱਖੀ ਚਿੱਤ ਨੂੰ ਅਹੰਕਾਰ ਤੋਂ ਉੱਪਰ ਚੁੱਕਦਾ ਹੈ, ਜਿੱਥੇ ਪਰਮਾਤਮਾ ਦੀ ਸਰਬ ਸ਼ਕਤੀਮਾਨ ਹਸਤੀ ਦਾ ਪ੍ਰਕਾਸ਼ ਹੈ। ਜ਼ਫ਼ਰਨਾਮੇ ਵਿੱਚ ਜਾਲਮੀ ਸੱਤਾ ਦੇ ਸਾਹਮਣੇ ਗੁਰੂ ਜੀ ਦੀ ਬਿਲਕੁਲ ਨਿਡਰ ਆਵਾਜ਼ ਸੁਣੀ ਜਾ ਸਕਦੀ ਹੈ - ਇਕ ਕਾਵਿ ਜੋ ਇਕ ਰਾਜੇ ਨਾਲ ਨਹੀਂ, ਸਗੋਂ ਅਨਿਆਇ ਨਾਲ ਗੱਲ ਕਰ ਰਿਹਾ ਹੈ।



ਇਹ ਗੱਲ ਗੁਰੂ ਸਾਹਿਬ ਨੂੰ ਕੇਵਲ ਧਾਰਮਿਕ ਆਗੂ ਨਹੀਂ, ਬਲਕਿ ਸੱਤਾ ਦੇ ਸੱਚੇ ਆਲੋਚਕ ਵਜੋਂ ਦਰਸਾਉਂਦੀ ਹੈ।

### ਫਿਲੋਸਫੀਕਲ ਪ੍ਰਭਾਵ

ਗੁਰੂ ਗੋਬਿੰਦ ਸਿੰਘ ਜੀ ਦਾ ਦਰਸ਼ਨ ਅਦਵੈਤਿਕਤਾ ਤੇ ਸਰਬਭੌਮਤਾ ਦਾ ਮਿਸ਼ਰਣ ਹੈ। ਉਨ੍ਹਾਂ ਲਈ ਪਰਮਾਤਮਾ ਕੇਵਲ ਰਾਮ ਜਾਂ ਰਹੀਮ ਨਹੀਂ, ਸਗੋਂ "ਜੋ ਸਭ ਮਹਿ ਜੋਤਿ ਸਮਾਣੀ" ਹਸਤੀ ਹੈ। ਉਨ੍ਹਾਂ ਨੇ ਮਨੁੱਖ ਨੂੰ ਧਰਮ ਦੇ ਨਾਮ ਤੇ ਵੰਡਣ ਦੀ ਥਾਂ ਧਰਮ ਦੇ ਰਾਹੀਂ ਜੋੜਨ ਦਾ ਸੰਦੇਸ਼ ਦਿੱਤਾ।

ਉਨ੍ਹਾਂ ਦੀ ਫਿਲੋਸਫੀ ਦਾ ਕੇਂਦਰ ਹੈ -

"ਸੱਚ, ਸਾਹਸ ਤੇ ਸਾਹਸਿਕਤਾ"।

ਇਹ ਤ੍ਰਿਵੇਣੀ ਮਨੁੱਖ ਨੂੰ ਸਿਰਫ਼ ਭਗਤ ਨਹੀਂ ਬਣਾਉਂਦੀ, ਬਲਕਿ ਕਰਤਾਰ ਦੇ ਡਰ ਤੋਂ ਮੁਕਤ ਸਿੰਘ ਬਣਾਉਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਤਲਵਾਰ ਦੀ ਚਮਕ ਵਿੱਚ ਕਵਿਤਾ ਦੀ ਰੌਸ਼ਨੀ ਹੈ, ਯੋਧੇ ਵਿੱਚ ਸੰਤ ਦਾ ਹਿਰਦਾ ਹੈ, ਤੇ ਨੇਤਾ ਵਿੱਚ ਦਾਰਸ਼ਨਿਕ ਦੀ ਦੂਰਦਰਸ਼ਤਾ। ਉਹ ਇਕ ਵਿਅਕਤੀ ਨਹੀਂ, ਇੱਕ ਆਦਰਸ਼ ਪ੍ਰਤੀਕ ਹਨ - ਸ਼ਸਤ੍ਰ ਤੇ ਸ਼ਾਸਤ੍ਰ ਦਾ ਸੰਤੁਲਨ। ਦੁਨੀਆਂ ਦੇ ਇਤਿਹਾਸ ਨੇ ਬਹੁਤ ਹਾਕਮ ਦੇਖੇ, ਬਹੁਤ ਕਵੀ ਤੇ ਦਾਰਸ਼ਨਿਕ ਵੀ, ਪਰ ਜਿਸ ਹਸਤੀ ਵਿੱਚ ਇਹ ਤਿੰਨੇ ਇੱਕਸਾਰ ਹੋਏ - ਉਹ ਗੁਰੂ ਗੋਬਿੰਦ ਸਿੰਘ ਜੀ ਹੀ ਹਨ।

# ਬ੍ਰਿਟੇਨ ਵਿੱਚ ਮੁਸਲਿਮ ਵਿਰੋਧੀ ਨਫ਼ਰਤ ਦੀ ਪ੍ਰਸਤਾਵਿਤ ਪਰਿਭਾਸ਼ਾ 'ਤੇ ਵਿਵਾਦ ਤੇਜ਼

## ✪ ਹਿੰਦੂ ਅਤੇ ਸਿੱਖ ਜਥੇਬੰਦੀਆਂ ਨੇ ਜਤਾਈ ਡੂੰਘੀ ਚਿੰਤਾ

ਲੰਡਨ-ਬ੍ਰਿਟੇਨ ਦੀ ਲੇਬਰ ਸਰਕਾਰ ਵੱਲੋਂ ਵਿਚਾਰ ਅਧੀਨ ਮੁਸਲਿਮ ਵਿਰੋਧੀ ਨਫ਼ਰਤ (ਐਂਟੀ-ਮੁਸਲਿਮ ਹੌਸਟਿਲਿਟੀ) ਦੀ ਪ੍ਰਸਤਾਵਿਤ ਪਰਿਭਾਸ਼ਾ ਦੇ ਲੀਕ ਹੋਏ ਡਰਾਫਟ ਨੇ ਧਾਰਮਿਕ ਅਤੇ ਨਾਗਰਿਕ ਅਧਿਕਾਰਾਂ ਨੂੰ ਲੈ ਕੇ ਇੱਕ ਨਵਾਂ ਵਿਵਾਦ ਛੇੜ ਦਿੱਤਾ ਹੈ। ਹਿੰਦੂ ਅਤੇ ਸਿੱਖ ਜਥੇਬੰਦੀਆਂ ਨੇ ਇਸ ਡਰਾਫਟ ਨੂੰ 'ਬੇਹੱਦ ਨੁਕਸਦਾਰ' ਅਤੇ ਵਿਚਾਰਾਂ ਦੀ ਆਜ਼ਾਦੀ ਲਈ ਖ਼ਤਰਨਾਕ ਕਰਾਰ ਦਿੱਤਾ ਹੈ। ਉਨ੍ਹਾਂ ਨੂੰ ਡਰ ਹੈ ਕਿ ਇਹ ਪਰਿਭਾਸ਼ਾ ਧਰਮ ਦੀ ਆਲੋਚਨਾ ਅਤੇ ਵਿਅਕਤੀਆਂ ਵਿਰੁੱਧ ਨਫ਼ਰਤ ਵਿਚਕਾਰ ਫ਼ਰਕ ਨਹੀਂ ਕਰਦੀ, ਜਿਸ ਨਾਲ ਯੂਨੀਵਰਸਿਟੀਆਂ, ਸਥਾਨਕ ਕੌਂਸਲਾਂ ਅਤੇ ਪੁਲੀਸ ਵਰਗੀਆਂ ਸੰਸਥਾਵਾਂ ਵਿੱਚ ਵਿਚਾਰਾਂ ਨੂੰ ਦਬਾਉਣ ਲਈ ਇਸ ਦੀ ਦੁਰਵਰਤੋਂ ਹੋ ਸਕਦੀ ਹੈ।

ਇਹ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਬੀਬੀਸੀ ਨੇ ਪਿਛਲੇ ਮਹੀਨੇ ਰਿਪੋਰਟ ਕੀਤਾ ਕਿ ਫਰਵਰੀ 2025 ਵਿੱਚ ਸਥਾਪਿਤ ਵਰਕਿੰਗ ਗਰੁੱਪ ਆਨ ਐਂਟੀ-ਮੁਸਲਿਮ ਹੇਟਰੇਡ/ਇਸਲਾਮੋਫੋਬੀਆ ਨੇ ਅਕਤੂਬਰ ਵਿੱਚ ਸਰਕਾਰ ਨੂੰ ਇੱਕ ਡਰਾਫਟ ਪੇਸ਼ ਕੀਤਾ ਸੀ। ਇਸ ਡਰਾਫਟ ਵਿੱਚ 'ਇਸਲਾਮੋਫੋਬੀਆ' ਸ਼ਬਦ ਨੂੰ ਛੱਡ ਕੇ 'ਐਂਟੀ-ਮੁਸਲਿਮ ਹੌਸਟਿਲਿਟੀ' ਨੂੰ ਅਪਣਾਇਆ ਗਿਆ ਹੈ। ਪ੍ਰਸਤਾਵਿਤ ਪਰਿਭਾਸ਼ਾ ਅਨੁਸਾਰ, ਇਹ ਨਫ਼ਰਤ ਵਿੱਚ ਅਪਰਾਧਿਕ ਕਾਰਵਾਈਆਂ ਸ਼ਾਮਲ ਹਨ ਜਿਵੇਂ ਹਿੰਸਾ, ਸੰਪੱਤੀ ਨੂੰ ਨੁਕਸਾਨ ਪਹੁੰਚਾਉਣਾ, ਹੈਰਾਸਮੈਂਟ ਅਤੇ ਡਰਾਉਣਾ, ਜੋ ਮੁਸਲਿਮਾਂ ਜਾਂ ਉਨ੍ਹਾਂ ਨੂੰ ਮੰਨੇ ਜਾਣ ਵਾਲੇ ਵਿਅਕਤੀਆਂ ਵਿਰੁੱਧ ਉਨ੍ਹਾਂ ਦੇ ਧਰਮ, ਨਸਲ ਜਾਂ ਦਿੱਖ ਕਾਰਨ ਕੀਤੀ ਜਾਂਦੀ ਹੈ। ਇਸ ਵਿੱਚ ਮੁਸਲਿਮਾਂ ਨੂੰ ਇੱਕ ਸਮੂਹ ਵਜੋਂ ਪ੍ਰੀਜੂਡੀਸ਼ਲ ਸਟੀਰੀਓਟਾਈਪਿੰਗ ਅਤੇ ਰੇਸੀਅਲਾਈਜ਼ੇਸ਼ਨ ਵੀ ਸ਼ਾਮਲ ਹੈ, ਜਿਸ ਨਾਲ ਉਨ੍ਹਾਂ ਵਿਰੁੱਧ ਨਫ਼ਰਤ ਭੜਕਾਈ ਜਾਂਦੀ ਹੈ।

ਹਿੰਦੂ ਕੌਂਸਲ ਯੂਕੇ ਨੇ ਕਮਿਊਨਿਟੀਜ਼ ਸੈਕਟਰੀ ਸਟੀਵ ਰੀਡ ਨੂੰ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਇਹ ਪਰਿਭਾਸ਼ਾ ਮੁਸਲਿਮ ਵਿਅਕਤੀਆਂ ਵਿਰੁੱਧ ਨਫ਼ਰਤ ਤੇ ਇਸਲਾਮ ਧਰਮ ਦੀ ਆਲੋਚਨਾ ਵਿਚਕਾਰ ਸਪੱਸ਼ਟ ਫ਼ਰਕ ਨਹੀਂ ਕਰਦੀ। ਡਾਇਰੈਕਟਰ ਆਫ ਈਕੁਆਲਿਟੀ ਐਂਡ ਇਨਕਲੂਜ਼ਨ ਦੀਪੇਨ ਰਾਜਯਾਗੁਰੂ ਨੇ ਲਿਖਿਆ ਕਿ ਇਹ ਪਰਿਭਾਸ਼ਾ ਯੂਨੀਵਰਸਿਟੀਆਂ ਅਤੇ ਕੌਂਸਲਾਂ ਵਿੱਚ ਵਿਚਾਰਾਂ ਦੀ ਆਜ਼ਾਦੀ ਨੂੰ ਖ਼ਤਮ ਕਰ ਸਕਦੀ ਹੈ, ਅਤੇ ਹਿੰਦੂ ਸਮੂਹਾਂ ਲਈ ਇਤਿਹਾਸਕ ਘਟਨਾਵਾਂ ਜਾਂ ਸਮਕਾਲੀ ਮੁੱਦਿਆਂ 'ਤੇ ਚਰਚਾ ਕਰਨਾ ਮੁਸ਼ਕਲ ਹੋ ਜਾਵੇਗਾ।

ਨੈੱਟਵਰਕ ਆਫ ਸਿੱਖ ਆਰਗੇਨਾਈਜ਼ੇਸ਼ਨਜ਼ (ਐੱਨ ਐੱਸ ਓ) ਦੇ ਹਰਦੀਪ ਸਿੰਘ ਨੇ ਵੀ ਇਸ ਨੂੰ 'ਬੇਹੱਦ ਅਸਪੱਸ਼ਟ' ਕਿਹਾ ਹੈ। ਉਨ੍ਹਾਂ ਨੇ ਕਿਹਾ, "ਇਹ ਪਰਿਭਾਸ਼ਾ ਗ਼ੈਰ-ਕਾਨੂੰਨੀ ਹੋਣ ਦੇ ਬਾਵਜੂਦ ਪੁਲੀਸ ਅਤੇ ਯੂਨੀਵਰਸਿਟੀਆਂ ਵੱਲੋਂ ਹੇਟ ਕ੍ਰਾਈਮ ਜਾਂ ਨਾਨ-ਕ੍ਰਾਈਮ ਹੇਟ ਇੰਸੀਡੈਂਟ ਵਜੋਂ ਵਰਤੀ ਜਾ ਸਕਦੀ ਹੈ। 'ਨਸਲੀਕਰਨ' ਵਰਗੇ ਸ਼ਬਦ ਧਰਮ ਦੀ ਆਲੋਚਨਾ ਨੂੰ ਨਸਲੀ ਨਫ਼ਰਤ ਨਾਲ ਜੋੜ ਕੇ ਬੌਧਿਕ ਬਹਿਸ ਨੂੰ ਰੋਕ ਸਕਦੇ ਹਨ।" ਸਿੱਖ ਜਥੇਬੰਦੀਆਂ ਨੂੰ ਡਰ ਹੈ ਕਿ ਇਹ ਡਰਾਫਟ ਧਾਰਮਿਕ ਸਿਧਾਂਤਾਂ 'ਤੇ ਚਰਚਾ ਨੂੰ ਵੀ ਅਪਰਾਧੀਕਰਨ ਨਾਲ ਜੋੜ ਸਕਦਾ ਹੈ। ਇਸ ਵਿਵਾਦ ਦੀ ਪਿੱਠਭੂਮੀ ਵਿੱਚ, 2018 ਵਿੱਚ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ (ਏਪੀਪੀਜੀ) ਨੇ ਇੱਕ ਪਰਿਭਾਸ਼ਾ ਪੇਸ਼ ਕੀਤੀ ਸੀ ਜਿਸ ਵਿੱਚ 'ਇਸਲਾਮੋਫੋਬੀਆ' ਨੂੰ ਮੁਸਲਿਮਾਂ ਵਿਰੁੱਧ ਨਸਲੀ ਨਫ਼ਰਤ ਵਜੋਂ ਵੇਖਿਆ ਗਿਆ ਸੀ। ਉਸ ਦੀ ਆਲੋਚਨਾ ਹੋਈ ਸੀ ਕਿ ਇਹ ਧਰਮ ਦੀ ਆਲੋਚਨਾ ਨੂੰ ਨਸਲੀ ਨਫ਼ਰਤ ਨਾਲ ਜੋੜਦੀ ਹੈ। ਹੁਣ ਨਵਾਂ ਡਰਾਫਟ ਉਸੇ ਰਾਹ 'ਤੇ ਚੱਲ ਰਿਹਾ ਹੈ, ਪਰ 'ਇਸਲਾਮੋਫੋਬੀਆ' ਸ਼ਬਦ ਨੂੰ ਛੱਡ ਕੇ। ਵਰਕਿੰਗ ਗਰੁੱਪ ਦੇ ਚੇਅਰਮੈਨ ਡੋਮਿਨਿਕ ਗ੍ਰੀਵ ਨੇ ਕਿਹਾ ਹੈ ਕਿ ਇਹ ਪਰਿਭਾਸ਼ਾ ਵਿਚਾਰਾਂ ਦੀ ਆਜ਼ਾਦੀ ਨੂੰ ਨਹੀਂ ਰੋਕੇਗੀ, ਪਰ ਆਲੋਚਕ ਇਸ ਨੂੰ ਈਸ਼ ਨਿੰਦਾ ਕਾਨੂੰਨਾਂ ਦੀ ਵਾਪਸੀ ਵਜੋਂ ਵੇਖਦੇ ਹਨ।

ਨੈਸ਼ਨਲ ਸੈਕੂਲਰ ਸੋਸਾਇਟੀ (ਐੱਨਐੱਸਐੱਸ) ਨੇ ਵੀ ਇਸ ਡਰਾਫਟ 'ਤੇ ਚਿੰਤਾ ਜਤਾਈ ਹੈ। ਉਨ੍ਹਾਂ ਦੇ ਚੀਫ ਐਗਜ਼ੀਕਿਊਟਿਵ ਸਟੀਫਨ ਇਵਾਨਸ ਨੇ ਕਿਹਾ, "ਇਸਲਾਮੋਫੋਬੀਆ' ਸ਼ਬਦ ਨੂੰ ਛੱਡਣਾ ਸਹੀ ਹੈ, ਪਰ ਨਵੀਂ ਪਰਿਭਾਸ਼ਾ ਵਿੱਚ 'ਨਿਰਧਾਰਤ ਰੂਪ ਦੇਣਾ' ਅਤੇ 'ਨਸਲੀਕਰਨ' ਵਰਗੇ ਅਸਪੱਸ਼ਟ ਸ਼ਬਦ ਧਰਮ ਦੀ ਆਲੋਚਨਾ ਨੂੰ ਰੋਕ ਸਕਦੇ ਹਨ। ਇਹ ਵਿਵਹਾਰ ਪਹਿਲਾਂ ਹੀ ਮੌਜੂਦਾ ਕਾਨੂੰਨਾਂ ਅਧੀਨ ਕਵਰ ਹੈ, ਅਤੇ ਨਵੀਂ ਪਰਿਭਾਸ਼ਾ ਵੰਡ ਪੈਦਾ ਕਰ ਸਕਦੀ ਹੈ।" ਐੱਨਐੱਸਐੱਸ ਨੇ ਸਰਕਾਰ ਨੂੰ ਜਨਤਕ ਸਲਾਹ-ਮਸ਼ਵਰੇ ਦੀ ਮੰਗ ਕੀਤੀ ਹੈ ਅਤੇ ਚੇਤਾਵਨੀ ਦਿੱਤੀ ਕਿ ਧਰਮੀ ਵਿਚਾਰਾਂ ਦੀ ਆਲੋਚਨਾ, ਵਿਅੰਗ ਜਾਂ ਅਸਹਿਮਤੀ ਨੂੰ ਨਫ਼ਰਤ ਨਾਲ ਨਹੀਂ ਜੋੜਨਾ ਚਾਹੀਦਾ।

ਫ੍ਰੀ ਸਪੀਚ ਯੂਨੀਅਨ ਦੇ ਡਾਇਰੈਕਟਰ ਟੋਬੀ ਯੰਗ ਨੇ ਕਿਹਾ ਹੈ ਕਿ ਇਹ ਪਰਿਭਾਸ਼ਾ ਬੇਲੋੜੀ ਹੈ ਕਿਉਂਕਿ ਧਾਰਮਿਕ ਨਫ਼ਰਤ ਭੜਕਾਉਣਾ ਪਹਿਲਾਂ ਹੀ ਅਪਰਾਧ ਹੈ। ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਇੱਕ ਧਰਮ ਨੂੰ ਵਿਸ਼ੇਸ਼ ਸੁਰੱਖਿਆ ਦੇਣ ਨਾਲ ਨਫ਼ਰਤ ਵਧ ਸਕਦੀ ਹੈ ਨਾ ਕਿ ਘਟੇਗੀ। ਵਰਕਿੰਗ ਗਰੁੱਪ ਦੀ ਮੈਂਬਰ ਬੈਰਨੈੱਸ ਸ਼ਾਇਸਤਾ ਗੋਹਿਰ ਨੇ ਇਸ ਨੂੰ ਸੰਤੁਲਿਤ ਕਿਹਾ ਹੈ, ਜੋ ਵਿਅਕਤੀਆਂ ਨੂੰ ਸੁਰੱਖਿਆ ਦਿੰਦੀ ਹੈ ਪਰ ਅਤਿਅਧਿਕਾਰ ਨਹੀਂ ਦਿੰਦੀ।

ਸੋਸ਼ਲ ਮੀਡੀਆ 'ਤੇ ਵੀ ਇਸ ਵਿਵਾਦ ਨੇ ਜ਼ੋਰ ਫੜਿਆ ਹੈ। ਐੱਕਸ (ਪਹਿਲਾਂ ਟਵਿੱਟਰ) 'ਤੇ ਯੂਜ਼ਰ ਨਿੱਕ ਟਿਮੋਥੀ ਐੱਮਪੀ ਨੇ ਲਿਖਿਆ, "ਇਹ ਡਰਾਫਟ ਉਮੀਦ ਨਾਲੋਂ ਵੀ ਬੁਰਾ ਹੈ। ਇਹ ਮੁਸਲਿਮ ਬ੍ਰਦਰਹੁੱਡ ਵਰਗੇ ਮੁੱਦਿਆਂ 'ਤੇ ਚਰਚਾ ਨੂੰ ਰੋਕ ਸਕਦਾ ਹੈ।" ਇੱਕ ਹੋਰ ਯੂਜ਼ਰ ਨੇ ਇਸ ਨੂੰ ਬਲੈਸਫੇਮੀ ਕਾਨੂੰਨਾਂ ਦੀ ਵਾਪਸੀ ਕਿਹਾ ਹੈ। ਹਿੰਦੂ ਅਤੇ ਸਿੱਖ ਯੂਜ਼ਰਾਂ ਨੇ ਇਸ ਨੂੰ ਧਾਰਮਿਕ ਬਹਿਸ ਨੂੰ ਰੋਕਣ ਵਾਲਾ ਕਰਾਰ ਦਿੱਤਾ ਹੈ।




ਸਰਕਾਰ ਦੇ ਮੰਤਰਾਲੇ ਨੇ ਇਸ ਲੀਕ ਡਰਾਫਟ 'ਤੇ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਹੈ, ਪਰ ਇੱਕ ਬੁਲਾਰੇ ਨੇ ਕਿਹਾ, "ਅਸੀਂ ਨਫ਼ਰਤ ਅਤੇ ਕੱਟੜਵਾਦ ਨੂੰ ਰੋਕਣ ਲਈ ਵਚਨਬੱਧ ਹਾਂ, ਅਤੇ ਵਿਚਾਰਾਂ ਦੀ ਆਜ਼ਾਦੀ ਦੀ ਰੱਖਿਆ ਕਰਾਂਗੇ।" ਹਾਲਾਂਕਿ, ਆਲੋਚਕਾਂ ਨੂੰ ਡਰ ਹੈ ਕਿ ਇਹ ਪਰਿਭਾਸ਼ਾ ਸੰਵਿਧਾਨਕ ਨਾ ਹੋਣ ਦੇ ਬਾਵਜੂਦ ਪਬਲਿਕ ਸੈਕਟਰ ਵਿੱਚ ਅਪਣਾਈ ਜਾ ਸਕਦੀ ਹੈ, ਜਿਸ ਨਾਲ ਵਿਚਾਰਾਂ ਨੂੰ ਦਬਾਉਣ ਵਾਲੀਆਂ ਨੀਤੀਆਂ ਬਣਨਗੀਆਂ।

ਹਿੰਦੂ ਅਤੇ ਸਿੱਖ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਕਿਸੇ ਵੀ ਪਰਿਭਾਸ਼ਾ ਨੂੰ ਅਪਣਾਉਣ ਤੋਂ ਪਹਿਲਾਂ ਜਨਤਕ ਸਲਾਹ-ਮਸ਼ਵਰਾ ਜ਼ਰੂਰੀ ਹੈ। ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਇਹ ਡਰਾਫਟ ਨਾ ਸਿਰਫ਼ ਵਿਚਾਰਾਂ ਦੀ ਆਜ਼ਾਦੀ ਨੂੰ ਖ਼ਤਰੇ ਵਿੱਚ ਪਾਉਂਦਾ ਹੈ ਬਲਕਿ ਘੱਟ ਗਿਣਤੀ ਸਮੂਹਾਂ ਵਿਚਕਾਰ ਵੰਡ ਵੀ ਪੈਦਾ ਕਰ ਸਕਦਾ ਹੈ। ਐੱਨਐੱਸਐੱਸ ਨੇ ਵੀ ਇਸ ਨੂੰ ਬੇਲੋੜਾ ਕਿਹਾ ਹੈ ਅਤੇ ਮੌਜੂਦਾ ਕਾਨੂੰਨਾਂ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ ਹੈ।

ਇਹ ਵਿਵਾਦ ਬ੍ਰਿਟੇਨ ਵਿੱਚ ਵਧ ਰਹੀ ਨਫ਼ਰਤੀ ਅਪਰਾਧਾਂ ਦੇ ਸੰਦਰਭ ਵਿੱਚ ਵੇਖਿਆ ਜਾ ਰਿਹਾ ਹੈ। ਮੰਤਰਾਲੇ ਅਨੁਸਾਰ, ਮੁਸਲਿਮ ਵਿਰੋਧੀ ਘਟਨਾਵਾਂ ਰਿਕਾਰਡ ਪੱਧਰ 'ਤੇ ਹਨ, ਪਰ ਆਲੋਚਕ ਕਹਿੰਦੇ ਹਨ ਕਿ ਨਫ਼ਰਤ ਨੂੰ ਰੋਕਣ ਲਈ ਵਿਚਾਰਾਂ ਨੂੰ ਦਬਾਉਣਾ ਗਲਤ ਰਾਹ ਹੈ। ਹਿੰਦੂ ਕੌਂਸਲ ਨੇ ਸੁਝਾਅ ਦਿੱਤਾ ਹੈ ਕਿ ਪਰਿਭਾਸ਼ਾ ਨੂੰ ਸੀਮਿਤ ਰੱਖ ਕੇ ਵਿਅਕਤੀਆਂ ਵਿਰੁੱਧ ਨਫ਼ਰਤ 'ਤੇ ਫੋਕਸ ਕੀਤਾ ਜਾਵੇ ਅਤੇ ਧਰਮੀ ਵਿਚਾਰਾਂ ਨੂੰ ਆਲੋਚਨਾ ਤੋਂ ਬਚਾਉਣ ਤੋਂ ਗੁਰੇਜ਼ ਕੀਤਾ ਜਾਵੇ।

## ਹਾਲੇ ਨਹੀਂ ਹੋ ਰਹੀ ਸਰਬਜੀਤ ਕੌਰ ਦੀ ਪਾਕਿ ਤੋਂ ਫਿਲਹਾਲ ਭਾਰਤ ਵਾਪਸੀ

### ✪ ਪਾਕਿ ਨੇ ਹਾਈਕੋਰਟ ਕੇਸ ਦਾ ਹਵਾਲਾ ਦੇਕੇ ਵਾਪਸੀ ਰੋਕੀ

ਅਟਾਰੀ ਸਰਹੱਦ (ਅੰਮ੍ਰਿਤਸਰ)-ਪਾਕਿਸਤਾਨ ਸਿੱਖ ਗੁਰਧਾਮਾਂ ਦੀ ਯਾਤਰਾ ਸਮੇਂ ਸਿੱਖ ਸ਼ਰਧਾਲੂਆਂ ਦੇ ਜਥੇ 'ਚੋਂ ਭੱਜ ਕੇ ਨਿਕਾਹ ਕਰਾਉਣ ਵਾਲੀ ਭਾਰਤੀ ਔਰਤ ਸਰਬਜੀਤ ਕੌਰ ਜਿਸ ਨੂੰ ਕਿ ਅੱਜ ਪਾਕਿਸਤਾਨ ਸਰਕਾਰ ਵਲੋਂ ਵਾਪਸ ਉਸ ਦੇ ਵਤਨ ਭਾਰਤ ਭੇਜਣ ਲਈ ਸ੍ਰੀ ਨਨਕਾਣਾ ਸਾਹਿਬ ਦੇ ਥਾਣਾ ਸਦਰ ਦੀ ਪੁਲਿਸ ਉਥੋਂ ਲੈ ਕੇ ਪਾਕਿਸਤਾਨ ਦੀ ਵਾਹਗਾ ਸਰਹੱਦ ਵਿਖੇ ਲੈ ਕੇ ਪੁੱਜ ਗਈ ਸੀ। ਪਾਕਿਸਤਾਨ ਵਾਹਗਾ ਵਿਖੇ ਸਰਬਜੀਤ ਕੌਰ ਨੂੰ ਲਿਆਉਣ ਸਮੇਂ ਦੀ ਵੀਡੀਓ ਤੇ ਫੋਟੋ ਪਾਕਿਸਤਾਨ ਵਾਲੇ ਪਾਸਿਓਂ ਜਾਰੀ ਹੋ ਗਈ ਹੈ, ਇੱਥੇ ਇਹ ਵੀ ਪਤਾ ਲੱਗਾ ਹੈ ਕਿ ਜਥੇ 'ਚੋਂ ਭੱਜਣ ਤੋਂ ਬਾਅਦ ਨਿਕਾਹ ਕਰਾਉਣ ਤੱਕ ਜਿੰਨੇ ਦਿਨ ਵੀ ਉਹ ਪਾਕਿਸਤਾਨ ਵਿਖੇ ਗ਼ੈਰਕਾਨੂੰਨੀ ਢੰਗ ਨਾਲ ਓਵਰ ਸਟੇਅ ਕਰਕੇ ਰਹੀ ਹੈ ਤੇ ਉਸ ਦੀ ਰੋਜ਼ਾਨਾ ਦੀ ਪੈਨਲਟੀ 40 ਰੁਪਏ ਪ੍ਰਤੀ ਦਿਨ ਬਣਦੀ ਹੈ ਤੇ ਇਹ ਪੈਨਲਟੀ ਪਾਕਿਸਤਾਨ ਦੀ ਇਮੀਗ੍ਰੇਸ਼ਨ ਵਿਖੇ ਜਮ੍ਹਾਂ ਕਰਾਉਣ ਉਪਰੰਤ ਉਸ ਨੂੰ ਭਾਰਤ ਭੇਜਿਆ ਜਾਣਾ ਸੀ। ਜਾਣਕਾਰੀ ਅਨੁਸਾਰ ਉਸ ਵਲੋਂ ਲਾਹੌਰ ਹਾਈ ਕੋਰਟ ਵਿਖੇ ਪਾਕਿਸਤਾਨ ਅੰਦਰ ਪੱਕੇ ਤੌਰ 'ਤੇ ਰਹਿਣ ਲਈ ਪਨਾਹ ਵੀ ਮੰਗੀ ਜਾ ਰਹੀ ਸੀ, ਇਸ ਦੇ ਦਰਮਿਆਨ ਹੀ ਭਾਰਤੀ ਔਰਤ ਤੇ ਉਸ ਦੇ ਪਾਕਿਸਤਾਨੀ ਘਰਵਾਲੇ ਨੂੰ ਸ੍ਰੀ ਨਨਕਾਣਾ ਸਾਹਿਬ ਪੁਲਿਸ ਥਾਣਾ ਸਦਰ ਵਲੋਂ ਪਿੰਡ ਪੈੜੇਵਾਲ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਤੋਂ ਗ੍ਰਿਫਤਾਰ ਕਰ ਲਿਆ ਗਿਆ ਸੀ ਤੇ ਉਸ ਵਲੋਂ ਪਾਏ ਕੇਸ ਦਾ ਫ਼ੈਸਲਾ ਹੋਣਾ ਅਜੇ ਬਾਕੀ ਹੈ, ਇਸੇ ਸੰਬੰਧ ਵਿਚ ਪਾਕਿਸਤਾਨ ਦੇ ਗ੍ਰਹਿ ਮੰਤਰਾਲੇ ਨੇ ਸਰਬਜੀਤ ਨੂੰ ਉਸ ਦੇ ਵਤਨ ਭਾਰਤ ਭੇਜਣ 'ਤੇ ਕੇਸ ਦਾ ਹਵਾਲਾ ਦਿੰਦਿਆਂ ਫਿਲਹਾਲ ਰੋਕ ਲਗਾ ਦਿੱਤੀ ਹੈ। ਪਾਕਿਸਤਾਨ ਗ੍ਰਹਿ ਵਿਭਾਗ ਨੇ ਦੱਸਿਆ ਕਿ ਭਾਰਤੀ ਔਰਤ ਨੇ ਆਪਣੀ ਮਰਜ਼ੀ ਨਾਲ ਧਰਮ ਤਬਦੀਲ ਕਰਕੇ ਨਿਕਾਹ ਕਰ ਲਿਆ ਸੀ ਤੇ ਜਿਸ ਦਾ ਕੇਸ ਲਾਹੌਰ ਹਾਈ ਕੋਰਟ ਵਿਖੇ ਚੱਲ ਰਿਹਾ ਹੈ, ਇਸ ਵਿਚਾਲੇ ਉਹ ਇਸ ਔਰਤ ਨੂੰ ਵਤਨ ਜਾਣ ਦੀ ਪ੍ਰਵਾਨਗੀ ਕਿਵੇਂ ਦੇ ਸਕਦੇ ਹਨ। ਦੱਸਣਯੋਗ ਹੈ ਕਿ ਸਰਬਜੀਤ ਦੀ ਪਾਕਿਸਤਾਨ ਤੋਂ ਭਾਰਤ ਆਉਣ ਸਮੇਂ ਦੀ ਕਵਰੇਜ ਕਰਨ ਵਾਸਤੇ ਭਾਰਤੀ ਪੰਜਾਬ ਦੇ ਮੀਡੀਆ ਕਰਮੀ ਵੱਡੀ ਗਿਣਤੀ ਵਿਚ ਅਟਾਰੀ ਸਰਹੱਦ 'ਤੇ ਸਵੇਰ ਤੋਂ ਹੀ ਨਜ਼ਰਾਂ ਟਿਕਾਈ ਬੈਠੇ ਹੋਏ ਸਨ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਕੈਨੇਡਾ ਦੇ ਸਿੱਖ ਦਾ ਸੰਸਾਰ ਵਿਚ ਮਨੁੱਖਤਾ ਲਈ ਵੱਡਾ ਸੁਨੇਹਾ

## ਕੈਲਗਰੀ ਵਿੱਚ ਬਰਫੀਲੀ ਰਾਤ ਨੂੰ ਸਿੱਖ ਡਰਾਈਵਰ ਨੇ ਗਰਭਵਤੀ ਔਰਤ ਤੇ ਉਸਦੀ ਨਵਜਨਮੀ ਬੱਚੀ ਨੂੰ ਬਚਾਇਆ ?

ਕੈਨੇਡਾ ਦੇ ਸ਼ਹਿਰ ਕੈਲਗਰੀ ਵਿੱਚ ਬੀਤੀ 27 ਦਸੰਬਰ 2025 ਦੀ ਰਾਤ ਨੂੰ ਇੱਕ ਅਜਿਹੀ ਘਟਨਾ ਵਾਪਰੀ ਜਿਸ ਨੇ ਨਾ ਸਿਰਫ਼ ਇੱਕ ਪਰਿਵਾਰ ਨੂੰ ਨਵੀਂ ਜ਼ਿੰਦਗੀ ਦੀ ਖੁਸ਼ੀ ਦਿੱਤੀ, ਸਗੋਂ ਇੱਕ ਸਿੱਖ ਟੈਕਸੀ ਡਰਾਈਵਰ ਨੂੰ ਅਸਲ ਜੀਵਨ ਦਾ ਹੀਰੋ ਬਣਾ ਦਿੱਤਾ। ਚੈੱਕਰ ਕੈਬਸ ਕੰਪਨੀ ਦੇ ਡਰਾਈਵਰ ਹਰਦੀਪ ਸਿੰਘ ਤੂਰ, ਜੋ ਭਾਰਤੀ ਮੂਲ ਦੇ ਸਿੱਖ ਹੈ ਅਤੇ ਕੈਲਗਰੀ ਵਿੱਚ ਚਾਰ-ਪੰਜ ਸਾਲਾਂ ਤੋਂ ਟੈਕਸੀ ਚਲਾ ਰਿਹਾ ਹੈ, ਨੂੰ ਉਸ ਰਾਤ ਇੱਕ ਐਮਰਜੈਂਸੀ ਕਾਲ ਆਈ। ਉਹ ਸੋਚ ਰਹੇ ਸੀ ਕਿ ਆਮ ਹਸਪਤਾਲ ਜਾਣ ਵਾਲੀ ਸਵਾਰੀ ਹੋਵੇਗੀ, ਪਰ ਜਦੋਂ ਉਹ ਪਿੱਕਅੱਪ ਲੋਕੇਸ਼ਨ ਉਪਰ ਪਹੁੰਚਿਆ ਤਾਂ ਨਜ਼ਾਰਾ ਵੇਖ ਕੇ ਉਨ੍ਹਾਂ ਦੇ ਰੌਂਗਟੇ ਖੜ੍ਹੇ ਹੋ ਗਏ। ਇੱਕ ਗਰਭਵਤੀ ਔਰਤ ਬਹੁਤ ਜ਼ਿਆਦਾ ਦਰਦ ਵਿੱਚ ਸੀ, ਉਸਦਾ ਪਤੀ ਉਸ ਨੂੰ ਸਹਾਰਾ ਦੇ ਕੇ ਟੈਕਸੀ ਵੱਲ ਲੈ ਕੇ ਆ ਰਿਹਾ ਸੀ। ਔਰਤ ਦੀ ਹਾਲਤ ਵੇਖ ਕੇ ਹਰਦੀਪ ਨੂੰ ਇੱਕੋ ਪਲ ਵਿੱਚ ਸਮਝ ਆ ਗਿਆ ਕਿ ਇਹ ਕੋਈ ਆਮ ਸਫ਼ਰ ਨਹੀਂ, ਸਗੋਂ ਦੋ ਜਾਨਾਂ ਦਾ ਸਵਾਲ ਹੈ - ਮਾਂ ਅਤੇ ਉਸਦੇ ਗਰਭ ਵਿੱਚ ਪਲ ਰਹੇ ਬੱਚੇ ਦੀ।

ਉਸ ਰਾਤ ਕੈਲਗਰੀ ਵਿੱਚ ਮੌਸਮ ਬਹੁਤ ਖਰਾਬ ਸੀ। ਤਾਪਮਾਨ ਮਾਇਨਸ 23 ਡਿਗਰੀ ਸੈਲਸੀਅਸ ਤੱਕ ਡਿੱਗ ਚੁਕਾ ਸੀ ਅਤੇ ਬਰਫ਼ੀਲਾ ਤੂਫ਼ਾਨ ਚੱਲ ਰਿਹਾ ਸੀ। ਸੜਕਾਂ ਬਰਫ਼ ਨਾਲ ਢੱਕੀਆਂ ਹੋਈਆਂ ਸਨ ਅਤੇ ਬਹੁਤ ਜ਼ਿਆਦਾ ਫਿਸਲਣ ਵਾਲੀਆਂ ਬਣ ਗਈਆਂ ਸਨ। ਅਜਿਹੇ ਮੌਸਮ ਵਿੱਚ ਡਰਾਈਵਿੰਗ ਕਰਨਾ ਆਸਾਨ ਨਹੀਂ ਸੀ, ਪਰ ਹਰਦੀਪ ਸਿੰਘ ਤੂਰ ਨੇ ਸੋਚਿਆ ਕਿ ਅੰਬੂਲੈਂਸ ਨੂੰ ਕਾਲ ਕੀਤੀ ਜਾਵੇ, ਪਰ ਮੌਸਮ ਦੀ ਖਰਾਬੀ ਅਤੇ ਔਰਤ ਦੀ ਹਾਲਤ ਵੇਖ ਕੇ ਉਸ ਨੂੰ ਲੱਗਾ ਕਿ ਅੰਬੂਲੈਂਸ ਆਉਣ ਵਿੱਚ ਦੇਰੀ ਹੋ ਸਕਦੀ ਹੈ। ਔਰਤ ਦੇ ਚਿਹਰੇ ਤੇ ਸਰੀਰ ਦੀ ਭਾਸ਼ਾ ਵੇਖ ਕੇ ਪਤਾ ਲੱਗ ਰਿਹਾ ਸੀ ਕਿ ਸਮਾਂ ਬਹੁਤ ਘੱਟ ਬਚਿਆ ਹੈ। ਉਨ੍ਹਾਂ ਨੇ ਤੁਰੰਤ ਫੈਸਲਾ ਕੀਤਾ ਕਿ ਖੁਦ ਹੀ ਪੀਟਰ ਲੌਹੀਡ ਸੈਂਟਰ ਹਸਪਤਾਲ ਤੱਕ ਲੈ ਕੇ ਜਾਵੇਗਾ। ਇਹ ਹਸਪਤਾਲ ਆਮ ਤੌਰ ਤੇ 29-30 ਮਿੰਟ ਦੀ ਡਰਾਈਵ ਸੀ, ਪਰ ਉਸ ਰਾਤ ਇਹ ਸਫ਼ਰ ਸਭ ਤੋਂ ਲੰਮਾ ਅਤੇ ਤਣਾਅ ਭਰਿਆ ਸਫ਼ਰ ਬਣ ਗਿਆ।

ਹਰਦੀਪ ਨੇ ਬਹੁਤ ਸਾਵਧਾਨੀ ਨਾਲ ਗੱਡੀ ਲੈਕੇ ਹਸਪਤਾਲ ਵੱਲ ਨੂੰ ਚੱਲ ਪਿਆ। ਪਿੱਛਲੀ ਸੀਟ ਤੇ ਔਰਤ ਦਰਦ ਨਾਲ ਤੜਫ ਰਹੀ ਸੀ, ਚੀਕ ਰਹੀ ਸੀ ਅਤੇ ਸੀਟ ਨੂੰ ਲੱਤਾਂ ਮਾਰ ਰਹੀ ਸੀ। ਉਸਦਾ ਪਤੀ ਉਸ ਨੂੰ ਹੌਂਸਲਾ ਦੇ ਰਿਹਾ ਸੀ, ਪਰ ਮਾਹੌਲ ਬਹੁਤ ਤਣਾਅਪੂਰਨ ਸੀ। ਹਰਦੀਪ ਨੇ ਪੂਰਾ ਧਿਆਨ ਸੜਕ ਤੇ ਰੱਖਿਆ, ਫਿਸਲਣ ਵਾਲੀਆਂ ਸੜਕਾਂ ਤੇ ਗੱਡੀ ਨੂੰ ਸੰਤੁਲਿਤ ਰੱਖਦੇ ਹੋਏ ਹੌਲੀ-ਹੌਲੀ ਅੱਗੇ ਵਧਾਇਆ। ਉਹ ਔਰਤ ਨੂੰ ਵੀ ਹੌਂਸਲਾ ਦਿੰਦਾ ਰਿਹਾ, ਕਹਿ ਰਿਹਾ ਸੀ ਕਿ ਚਿੰਤਾ ਨਾ ਕਰੋ, ਅਸੀਂ ਜਲਦੀ ਹਸਪਤਾਲ ਪਹੁੰਚ ਜਾਵਾਂਗੇ। ਹਰਦੀਪ ਨੇ ਬਾਅਦ ਵਿੱਚ ਦੱਸਿਆ ਕਿ ਉਹ 30 ਮਿੰਟਾਂ ਦਾ ਸਫ਼ਰ ਉਨ੍ਹਾਂ ਲਈ ਜ਼ਿੰਦਗੀ ਦਾ ਸਭ ਤੋਂ ਲੰਮਾ ਸਮਾਂ ਲੱਗ ਰਿਹਾ ਸੀ। ਉਨ੍ਹਾਂ ਦਾ ਇੱਕੋ ਟੀਚਾ ਸੀ - ਮਾਂ ਅਤੇ ਬੱਚੇ ਨੂੰ ਸੁਰੱਖਿਅਤ ਹਸਪਤਾਲ ਪਹੁੰਚਾਉਣਾ।

ਹਸਪਤਾਲ ਦੀਆਂ ਲਾਈਟਾਂ ਨਜ਼ਰ ਆਉਣ ਲੱਗ ਪਈਆਂ ਸਨ। ਸਿਰਫ਼ ਕੁਝ ਬਲਾਕ ਦੂਰ ਰਹਿ ਗਿਆ ਸੀ। ਅਚਾਨਕ ਪਿੱਛਲੀ ਸੀਟ ਤੋਂ ਚੀਕਣ ਅਤੇ ਲੱਤਾਂ ਮਾਰਨ ਦੀਆਂ ਆਵਾਜ਼ਾਂ ਬੰਦ ਹੋ ਗਈਆਂ। ਹਰਦੀਪ ਨੂੰ ਥੋੜ੍ਹਾ ਡਰ ਲੱਗਾ, ਉਹ ਸੋਚ ਰਹੇ ਸਨ ਕਿ ਕੀ ਹੋ ਗਿਆ? ਕੁਝ ਸਕਿੰਟਾਂ ਬਾਅਦ ਇੱਕ ਨਵੀਂ




ਆਵਾਜ਼ ਆਈ - ਇੱਕ ਨਵਜਨਮੀ ਬੱਚੀ ਦਾ ਰੋਣਾ! ਬੱਚੀ ਨੇ ਟੈਕਸੀ ਦੀ ਪਿੱਛਲੀ ਸੀਟ ਤੇ ਹੀ ਜਨਮ ਲੈ ਲਿਆ ਸੀ। ਮਾਂ ਨੇ ਬਹੁਤ ਹਿੰਮਤ ਨਾਲ ਆਪਣੇ ਆਪ ਹੀ ਬੱਚੀ ਨੂੰ ਸੰਭਾਲ ਲਿਆ। ਉਸ ਨੇ ਗੱਡੀ ਨੂੰ ਰੋਕਿਆ ਨਹੀਂ, ਸਗੋਂ ਸਿੱਧਾ ਹਸਪਤਾਲ ਦੇ ਐਮਰਜੈਂਸੀ ਗੇਟ ਤੇ ਲਿਜਾ ਕੇ ਰੋਕੀ। ਉੱਥੇ ਪਹੁੰਚ ਕੇ ਉਨ੍ਹਾਂ ਨੇ ਸਕਿਓਰਿਟੀ ਨੂੰ ਚੀਕ ਕੇ ਦੱਸਿਆ ਕਿ ਪਿੱਛਲੀ ਸੀਟ ਤੇ ਬੱਚਾ ਪੈਦਾ ਹੋ ਗਿਆ ਹੈ। ਹਸਪਤਾਲ ਦਾ ਸਟਾਫ਼ ਤੁਰੰਤ ਦੌੜ ਕੇ ਆਇਆ ਅਤੇ ਮਾਂ-ਬੱਚੀ ਨੂੰ ਅੰਦਰ ਲੈ ਗਿਆ। ਹਸਪਤਾਲ ਨੇ ਬਾਅਦ ਵਿੱਚ ਪੁਸ਼ਟੀ ਕੀਤੀ ਕਿ ਮਾਂ ਅਤੇ ਬੱਚੀ ਦੋਵੇਂ ਬਿਲਕੁਲ ਠੀਕ ਹਨ। ਬੱਚੀ ਇੱਕ ਸਿਹਤਮੰਦ ਲੜਕੀ ਸੀ। ਬੱਚੇ ਦੇ ਪਿਤਾ ਨੇ ਹਰਦੀਪ ਦਾ ਬਹੁਤ ਧੰਨਵਾਦ ਕੀਤਾ, ਉਹ ਭਾਵੁਕ ਹੋ ਕੇ ਹਰਦੀਪ ਨੂੰ ਗਲੇ ਲਗਾ ਰਿਹਾ ਸੀ। ਹਰਦੀਪ ਨੇ ਕਿਹਾ ਕਿ ਇਹ ਉਨ੍ਹਾਂ ਦੀ ਜ਼ਿੰਦਗੀ ਦਾ ਸਭ ਤੋਂ ਖਾਸ ਪਲ ਹੈ। ਉਸ ਨੇ ਮਾਣ ਨਾਲ ਕਿਹਾ, "ਮੈਂ ਦੋ ਜਣੇ ਬਿਠਾਏ ਸਨ, ਤਿੰਨ ਜਣੇ ਉਤਾਰੇ ਹਨ। ਇਹ ਮੇਰੀ ਜ਼ਿੰਦਗੀ ਦਾ ਪਹਿਲਾਂ ਅਨੁਭਵ ਹੈ।" ਉਨ੍ਹਾਂ ਨੇ ਇਹ ਵੀ ਕਿਹਾ ਕਿ ਵਾਹਿਗੁਰੂ ਦੀ ਕਿਰਪਾ ਨਾਲ ਇਹ ਸਭ ਵਾਪਰਿਆ, ਉਹ ਖੁਦ ਨੂੰ ਖੁਸ਼ਕਿਸਮਤ ਮੰਨਦੇ ਹਨ ਕਿ ਉਨ੍ਹਾਂ ਨੂੰ ਇਸ ਪਵਿੱਤਰ ਕੰਮ ਲਈ ਚੁਣਿਆ ਗਿਆ।

ਇਹ ਘਟਨਾ ਜਲਦੀ ਹੀ ਸੋਸ਼ਲ ਮੀਡੀਆ ਅਤੇ ਨਿਊਜ਼ ਚੈਨਲਾਂ ਤੇ ਵਾਇਰਲ ਹੋ ਗਈ। ਚੈੱਕਰ ਕੈਬਸ ਕੰਪਨੀ ਨੇ ਆਪਣੇ ਇੰਸਟਾਗ੍ਰਾਮ ਤੇ ਹਰਦੀਪ ਦੀ ਤਾਰੀਫ਼ ਕੀਤੀ ਅਤੇ ਉਨ੍ਹਾਂ ਨੂੰ "ਅਸਲ ਹੀਰੋ" ਕਿਹਾ। ਗਲੋਬਲ ਨਿਊਜ਼ ਅਤੇ ਸੀਟੀਵੀ ਨਿਊਜ਼ ਵਰਗੇ ਵੱਡੇ ਕੈਨੇਡੀਅਨ ਚੈਨਲਾਂ ਨੇ ਇਸ ਕਹਾਣੀ ਨੂੰ ਕਵਰ ਕੀਤਾ। ਭਾਰਤੀ ਮੀਡੀਆ ਵਿੱਚ ਵੀ ਇਹ ਖਬਰ ਬਹੁਤ ਚਰਚਿਤ ਹੋਈ, ਕਈ ਨੇ ਇਸ ਨੂੰ ਸਿੱਖਾਂ ਦੀ ਸੇਵਾ ਭਾਵਨਾ ਦਾ ਪ੍ਰਤੀਕ ਦੱਸਿਆ। ਕੈਲਗਰੀ ਦੀ ਸਿੱਖ ਕਮਿਊਨਿਟੀ ਨੇ ਵੀ ਹਰਦੀਪ ਨੂੰ ਬਹੁਤ ਸਨਮਾਨ ਦਿੱਤਾ।

ਹਰਦੀਪ ਸਿੰਘ ਤੂਰ ਵਰਗੇ ਲੋਕ ਸਾਡੀ ਸਿੱਖ ਕੌਮ ਦਾ ਮਾਣ ਹਨ। ਸਿੱਖ ਧਰਮ ਵਿੱਚ ਸੇਵਾ ਅਤੇ ਮਦਦ ਕਰਨਾ ਮੁੱਢਲਾ ਸਿਧਾਂਤ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ, ਸਾਡੇ ਗੁਰੂ ਸਾਹਿਬਾਨ ਨੇ ਸਿਖਾਇਆ ਹੈ ਕਿ ਪੀੜਤ ਮਨੁੱਖਤਾ ਦੀ ਸੇਵਾ ਵਿੱਚ ਹੀ ਅਸਲ ਧਰਮ ਹੈ। ਵਿਦੇਸ਼ਾਂ ਵਿੱਚ ਰਹਿੰਦੇ ਸਿੱਖ ਭਾਈਚਾਰੇ ਨੇ ਹਮੇਸ਼ਾ ਇਸ ਸੰਦੇਸ਼ ਨੂੰ ਜਿਊਂਦਾ ਰੱਖਿਆ ਹੈ। ਭਾਵੇਂ ਪੈਂਡੈਮਿਕ ਵਿੱਚ ਮੁਫ਼ਤ ਲੰਗਰ ਵੰਡਣਾ ਹੋਵੇ, ਜਾਂ ਕੁਦਰਤੀ ਆਫ਼ਤਾਂ ਵਿੱਚ ਮਦਦ ਕਰਨਾ, ਸਿੱਖ ਹਮੇਸ਼ਾ ਅੱਗੇ ਰਹੇ ਹਨ। ਹਰਦੀਪ ਵਰਗੇ ਨੌਜਵਾਨ ਇਸ ਪਰੰਪਰਾ ਨੂੰ ਅੱਗੇ ਵਧਾ ਰਹੇ ਹਨ।

# ਭਾਰਤ ਚੀਨ ਨੂੰ ਪਛਾੜ ਕੇ ਬਣਿਆ ਵਿਸ਼ਵ ਦਾ ਸਭ ਤੋਂ ਵੱਡਾ ਚਾਵਲ ਉਤਪਾਦਕ ਦੇਸ਼

ਭਾਰਤ ਨੇ ਖੇਤੀਬਾੜੀ ਦੇ ਖੇਤਰ ਵਿੱਚ ਇੱਕ ਵੱਡੀ ਉਪਲਬਧੀ ਹਾਸਲ ਕਰਦਿਆਂ ਚੀਨ ਨੂੰ ਪਿੱਛੇ ਛੱਡ ਕੇ ਵਿਸ਼ਵ ਦਾ ਸਭ ਤੋਂ ਵੱਡਾ ਚਾਵਲ ਉਤਪਾਦਕ ਦੇਸ਼ ਬਣ ਗਿਆ ਹੈ। 2024-25 ਖੇਤੀ ਸਾਲ ਵਿੱਚ ਭਾਰਤ ਦਾ ਚਾਵਲ ਉਤਪਾਦਨ ਲਗਭਗ 150 ਮਿਲੀਅਨ ਟਨ ਤੱਕ ਪਹੁੰਚਣ ਦਾ ਅਨੁਮਾਨ ਹੈ, ਜਦਕਿ ਚੀਨ ਦਾ ਉਤਪਾਦਨ ਲਗਭਗ 145 ਮਿਲੀਅਨ ਟਨ ਰਹਿਣ ਦੀ ਉਮੀਦ ਹੈ। ਇਹ ਤਬਦੀਲੀ ਏਸ਼ੀਆਈ ਖੇਤੀਬਾੜੀ ਅਤੇ ਗਲੋਬਲ ਭੋਜਨ ਬਾਜ਼ਾਰਾਂ ਵਿੱਚ ਇੱਕ ਮਹੱਤਵਪੂਰਨ ਬਦਲਾਅ ਨੂੰ ਦਰਸਾਉਂਦੀ ਹੈ। ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਬੀਤੇ ਦਿਨੀਂ ਇਸ ਪ੍ਰਾਪਤੀ ਦਾ ਐਲਾਨ ਕੀਤਾ ਸੀ। ਉਨ੍ਹਾਂ ਕਿਹਾ ਸੀ ਕਿ ਭਾਰਤ ਨੇ ਚੀਨ ਨੂੰ ਪਿੱਛੇ ਛੱਡ ਕੇ ਚਾਵਲ ਉਤਪਾਦਨ ਵਿੱਚ ਵਿਸ਼ਵ ਪੱਧਰ ਤੇ ਪਹਿਲਾ ਸਥਾਨ ਹਾਸਲ ਕਰ ਲਿਆ ਹੈ। ਇਹ ਸਫਲਤਾ ਭਾਰਤੀ ਕਿਸਾਨਾਂ ਦੀ ਮਿਹਨਤ, ਸਰਕਾਰੀ ਨੀਤੀਆਂ ਅਤੇ ਤਕਨੀਕੀ ਤਰੱਕੀ ਦਾ ਨਤੀਜਾ ਹੈ। ਭਾਰਤ ਨੇ ਚੀਨ ਨੂੰ ਪਿੱਛੇ ਛੱਡਣ ਵਿੱਚ ਕਈ ਕਾਰਕਾਂ ਨੇ ਅਹਿਮ ਭੂਮਿਕਾ ਨਿਭਾਈ ਹੈ, ਜਿਵੇਂ ਮੌਸਮੀ ਵਰਖਾ ਦੀ ਚੰਗੀ ਵੰਡ ਤੇ ਵੱਧ ਮੀਂਹ ਨੇ ਮੁੱਖ ਚਾਵਲ ਖੇਤਰਾਂ ਵਿੱਚ ਬਿਜਾਈ ਅਤੇ ਪੈਦਾਵਾਰ ਨੂੰ ਵਧਾਇਆ ਹੈ। ਨਿਊਨਤਮ ਸਮਰਥਨ ਮੁੱਲ, ਸਰਕਾਰੀ ਖਰੀਦ ਤੇ ਸਬਸਿਡੀਆਂ ਨੇ ਕਿਸਾਨਾਂ ਨੂੰ ਚਾਵਲ ਉਗਾਉਣ ਲਈ ਪ੍ਰੇਰਿਤ ਕੀਤਾ ਹੈ। ਉੱਚ ਪੈਦਾਵਾਰ ਵਾਲੀਆਂ ਤੇ ਹਾਈਬ੍ਰਿਡ ਕਿਸਮਾਂ, ਬਿਹਤਰ ਖੇਤੀ ਵਿਧੀਆਂ ਤੇ ਮਸ਼ੀਨੀਕਰਨ ਨੇ ਪੱਛਮੀ ਬੰਗਾਲ, ਉੱਤਰ ਪ੍ਰਦੇਸ਼, ਛੱਤੀਸਗੜ੍ਹ ਅਤੇ ਓੜੀਸਾ ਵਰਗੇ ਰਾਜਾਂ ਵਿਚ ਪੈਦਾਵਾਰ ਨੂੰ ਵਧਾਇਆ ਹੈ, ਜਿਸ ਨਾਲ ਰਾਸ਼ਟਰੀ ਉਤਪਾਦਨ ਵਿਚ ਲੱਖਾਂ ਟਨ ਵਾਧਾ ਹੋਇਆ ਹੈ।

ਦੂਜੇ ਪਾਸੇ, ਚੀਨ ਵਿੱਚ ਸ਼ਹਿਰੀਕਰਨ, ਮਜ਼ਦੂਰਾਂ ਦੀ ਤਬਦੀਲੀ ਅਤੇ ਫਸਲ ਵਿਭਿੰਨਤਾ ਕਾਰਨ ਚਾਵਲ ਖੇਤਰ ਵਿੱਚ ਵਾਧਾ ਰੁਕ ਗਿਆ ਹੈ, ਜਿਸ ਨਾਲ ਉਸ ਦੇ ਚੋਲ ਉਤਪਾਦਨ ਵਿਚ ਵਾਧਾ ਨਹੀਂ ਹੋ ਸਕਿਆ। ਭਾਰਤ ਦੀ ਇਸ ਨਵੀਂ ਚਾਵਲ ਮਹਾਸ਼ਕਤੀ ਵਿੱਚ ਪੰਜਾਬ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੀ ਹੈ। ਹਰੀ ਕ੍ਰਾਂਤੀ ਦੇ ਸਮੇਂ ਤੋਂ ਪੰਜਾਬ ਭਾਰਤ ਦਾ ਅਨਾਜ ਦਾ ਭੰਡਾਰ ਬਣਿਆ ਸੀ। ਸਿੰਚਾਈ, ਖਾਦ ਅਤੇ ਉੱਚ ਪੈਦਾਵਾਰ ਵਾਲੀਆਂ ਬੀਜਾਂ ਨੇ ਇਸ ਨੂੰ ਚਾਵਲ ਉਤਪਾਦਨ ਵਿੱਚ ਅਗਵਾਈ ਦਿੱਤੀ। 1980 ਦੇ ਦਹਾਕੇ ਵਿੱਚ ਜਿੱਥੇ ਪੰਜਾਬ ਦਾ ਚਾਵਲ ਉਤਪਾਦਨ ਸਿਰਫ਼ 3.2 ਮਿਲੀਅਨ ਟਨ ਸੀ, ਉੱਥੇ 2023 ਤੱਕ ਇਹ ਵਧ ਕੇ ਲਗਭਗ 13 ਮਿਲੀਅਨ ਟਨ ਹੋ ਗਿਆ। ਇਹ ਉਤਪਾਦਨ ਨਾ ਸਿਰਫ਼ ਸਥਾਨਕ ਖਪਤ ਲਈ ਹੈ, ਸਗੋਂ ਪਬਲਿਕ ਡਿਸਟ੍ਰੀਬਿਊਸ਼ਨ ਸਿਸਟਮ ਰਾਹੀਂ ਦੇਸ਼ ਭਰ ਵਿੱਚ ਵੰਡਿਆ ਜਾਂਦਾ ਹੈ। ਪਰ ਪੰਜਾਬ ਦੀ ਚਾਵਲ-ਕਣਕ ਚੱਕਰ ਵਿਧੀ ਨੇ ਵਾਤਾਵਰਣ ਨੂੰ ਨੁਕਸਾਨ ਵੀ ਪਹੁੰਚਾਇਆ ਹੈ। ਭੂਜਲ ਪੱਧਰ ਡਿੱਗਣਾ, ਖਾਦਾਂ ਦੀ ਵੱਧ ਵਰਤੋਂ ਅਤੇ ਪਰਾਲੀ ਸਾੜਨ ਨਾਲ ਹਵਾ ਪ੍ਰਦੂਸ਼ਣ ਵਧਿਆ ਹੈ। ਸਰਕਾਰ ਹੁਣ ਫਸਲ ਵਿਭਿੰਨਤਾ, ਮੱਕੀ, ਦਾਲਾਂ ਅਤੇ ਬਾਗਬਾਨੀ ਵੱਲ ਧੱਕਾ ਦੇ ਰਹੀ ਹੈ, ਨਾਲ ਹੀ ਪਾਣੀ ਬਚਾਉਣ ਵਾਲੀਆਂ ਤਕਨੀਕਾਂ ਜਿਵੇਂ ਡਾਇਰੈਕਟ ਸੀਡੇਡ ਰਾਈਸ ਨੂੰ ਉਤਸ਼ਾਹਿਤ ਕਰ ਰਹੀ ਹੈ।

ਉਤਪਾਦਨ ਅਤੇ ਸਥਿਰਤਾ ਵਿਚਕਾਰ ਸੰਤੁਲਨ-ਭਾਰਤ ਦੀ ਚਾਵਲ ਅਗਵਾਈ ਨੂੰ ਲੰਬੇ ਸਮੇਂ ਤੱਕ ਬਣਾਈ ਰੱਖਣ ਲਈ ਉਤਪਾਦਨ ਵਾਧੇ ਨੂੰ ਵਾਤਾਵਰਣ ਸਥਿਰਤਾ ਨਾਲ ਜੋੜਨਾ ਜ਼ਰੂਰੀ ਹੈ। ਪੰਜਾਬ ਇਸ ਚੁਣੌਤੀ ਦੇ ਕੇਂਦਰ ਵਿੱਚ ਹੈ। ਜੇਕਰ ਰਾਜ ਫਸਲਾਂ ਨੂੰ ਬਦਲ ਕੇ, ਪਾਣੀ ਦੀ ਵਰਤੋਂ ਘਟਾਕੇ ਕੇ ਤੇ ਜਲਵਾਯੂ-ਸਹਿਣਸ਼ੀਲ ਵਿਧੀਆਂ ਅਪਣਾ ਕੇ ਚਾਵਲ ਉਤਪਾਦਨ ਨੂੰ ਬਣਾਈ ਰੱਖ ਸਕਿਆ, ਤਾਂ ਇਹ ਹਰੀ ਕ੍ਰਾਂਤੀ ਵਾਂਗ ਦੂਜੀ ਵੱਡੀ ਖੇਤੀ ਤਬਦੀਲੀ ਦਾ ਗਵਾਹ ਬਣ ਸਕਦਾ ਹੈ। ਇਸ ਸਥਿਤੀ ਵਿੱਚ ਪੰਜਾਬ ਭਾਰਤ ਦੇ ਵਿਸ਼ਵ ਦੇ ਸਭ ਤੋਂ ਵੱਡੇ ਚਾਵਲ ਉਤਪਾਦਕ ਵਜੋਂ ਸਥਿਤੀ ਨੂੰ ਮਜ਼ਬੂਤ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਏਗਾ, ਨਾਲ ਹੀ ਜਲਵਾਯੂ ਤਣਾਅ ਅਤੇ ਸਰੋਤਾਂ ਦੀ ਕਮੀ ਵਾਲੇ ਯੁੱਗ ਵਿੱਚ ਭੋਜਨ ਸੁਰੱਖਿਆ ਲਈ ਇੱਕ ਪ੍ਰਯੋਗਸ਼ਾਲਾ ਵੀ ਬਣੇਗਾ।

# ਬਰਤਾਨੀਆਂ ਦੇ ਸ਼ਾਹੀ ਪ੍ਰੀਵਾਰ ਨਾਲ ਸਬੰਧਿਤ ਦਸਤਾਵੇਜ਼ ਗਲਤੀ ਨਾਲ ਹੋਏ ਜਨਤਕ - ਮੰਤਰੀ ਮੰਡਲ ਦਫ਼ਤਰ



*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਸਰਕਾਰੀ ਦਸਤਾਵੇਜ਼ਾਂ ਨੂੰ 20 ਸਾਲ ਬਾਅਦ ਜਨਤਕ ਕਰਨ ਦੇ ਨਿਯਮਾਂ ਤਹਿਤ ਸਾਲ 2004 ਅਤੇ 2005 ਦੇ ਸ਼ਾਹੀ ਪ੍ਰੀਵਾਰ ਨਾਲ ਸਬੰਧਿਤ ਕੁਝ ਦਸਤਾਵੇਜ਼ ਨੈਸ਼ਨਲ ਆਰਕਾਈਵਜ਼ ਤੇ ਪ੍ਰਕਾਸ਼ਿਤ ਕਰ ਦਿੱਤੇ ਗਏ ਸਨ। ਜਿਹਨਾਂ ਨੂੰ ਲੈ ਕੇ ਮੰਤਰੀ ਮੰਡਲ ਦਫਤਰ ਨੇ "ਪ੍ਰਸ਼ਾਸਕੀ ਗਲਤੀ" ਕਿਹਾ ਹੈ।*

ਰਾਸ਼ਟਰੀ ਕੈਬਨਿਟ ਦਫ਼ਤਰ ਨੇ ਕਿਹਾ ਕਿ ਐਂਡਰਿਊ ਮਾਊਂਟਬੈਟਨ-ਵਿੰਡਸਰ ਵਾਲ ਸਬੰਧਤ ਸਰਕਾਰੀ ਦਸਤਾਵੇਜ਼ ਗਲਤੀ ਨਾਲ ਸਾਂਝੇ ਕਰਨਾ "ਪ੍ਰਸ਼ਾਸਕੀ ਗਲਤੀ" ਹੈ। ਇਹ ਦਸਤਾਵੇਜ਼ ਸ਼ਾਹੀ ਦੌਰਿਆਂ ਨਾਲ ਸਬੰਧਤ ਪ੍ਰਧਾਨ ਮੰਤਰੀ ਦੇ ਦਫਤਰ ਦੀ ਫਾਈਲ ਸੀ। ਜਿਸ ਨੂੰ ਵਾਪਸ ਲੈਣ ਤੋਂ ਪਹਿਲਾਂ ਪੱਤਰਕਾਰਾਂ ਨੂੰ ਸੰਖੇਪ ਵਿੱਚ ਉਪਲਬਧ ਕਰਵਾਇਆ ਗਿਆ ਸੀ।

ਇਸ ਵਿੱਚ ਵੱਖ-ਵੱਖ ਸ਼ਾਹੀ ਪਰਿਵਾਰਾਂ ਦੀ ਵਿਦੇਸ਼ ਯਾਤਰਾ ਬਾਰੇ ਇੱਕ ਮੀਟਿੰਗ ਦੇ ਮਿੰਟ ਸ਼ਾਮਲ ਸਨ, ਜਿਸ ਵਿੱਚ ਉਸ ਸਮੇਂ ਦੇ ਡਿਊਕ ਆਫ਼ ਯੌਰਕ ਵੀ ਸ਼ਾਮਲ ਸੀ, ਜੋ ਯੂ ਕੇ ਦੇ ਵਪਾਰ ਰਾਜਦੂਤ ਵਜੋਂ ਸੇਵਾਵਾਂ ਨਿਭਾ ਰਹੇ ਸਨ। ਉਕਤ ਪੇਪਰਾਂ ਨੂੰ ਬਾਅਦ ਵਿੱਚ ਹਟਾ ਦਿੱਤਾ ਗਿਆ।

ਰਾਜਸ਼ਾਹੀ ਵਿਰੋਧੀ ਮੁਹਿੰਮਕਾਰਾਂ ਨੇ ਕਿਹਾ ਕਿ ਦਸਤਾਵੇਜ਼ ਰੋਕਣਾ ਜਾਇਜ਼ ਨਹੀਂ ਹੈ, ਕਿਉਂਕਿ ਐਂਡਰਿਊ ਦੇ ਸੰਬੰਧ ਮ੍ਰਿਤਕ ਜਿਣਸੀ ਅਪਰਾਧੀ ਜੈਫਰੀ ਐਪਸਟਾਈਨ ਨਾਲ ਹੋਣ ਕਰਕੇ ਸ਼ਾਹੀ ਖਿਤਾਬਾਂ ਤੋਂ ਵਾਂਝਾ ਕਰ ਦਿੱਤਾ ਗਿਆ ਹੈ। ਭਾਵੇਂ ਐਂਡਰਿਊ ਨੇ ਹਮੇਸ਼ਾ ਕਿਸੇ ਵੀ ਗਲਤ ਕੰਮ ਦੇ ਦਾਅਵਿਆਂ ਤੋਂ ਇਨਕਾਰ ਕੀਤਾ ਹੈ।

ਮੁਹਿੰਮ ਦੇ ਮੁੱਖ ਕਾਰਜਕਾਰੀ ਗ੍ਰਾਹਮ ਸਮਿਥ ਨੇ ਕਿਹਾ ਕਿ ਸ਼ਾਹੀ ਪਰਿਵਾਰ ਯੂ ਕੇ ਵਿੱਚ ਸਭ ਤੋਂ ਵੱਧ ਗੁਪਤ ਸੰਸਥਾ ਹੈ। ਇਹ ਦਸਤਾਵੇਜ਼ ਬਿਨਾਂ ਕਿਸੇ ਡਰ ਜਾਂ ਪੱਖ ਦੇ ਜਾਰੀ ਕੀਤੇ ਜਾਣੇ ਚਾਹੀਦੇ ਹਨ, ਤਾਂ ਜੋ ਲੋਕ ਸ਼ਾਹੀ ਪਰਿਵਾਰ ਦੇ ਹਰ ਪੱਖ ਤੋਂ ਜਾਣੂ ਹੋ ਸਕੇ।

# ਸਾਬਕਾ ਫੌਜੀ ਲਈ ਨਵਾਂ ਸਾਲ ਰਿਹਾ ਸ਼ੁੱਭ, ਲੱਗੀ ਲੱਖਾਂ ਦੀ ਲਾਟਰੀ




**ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਕੇਂਟ ਇਲਾਕੇ ਵਿੱਚ ਰਹਿੰਦੇ ਫੌਜ ਦੇ ਸਾਬਕਾ ਜਵਾਨ ਲਈ ਨਵਾਂ ਸਾਲ ਖੁਸ਼ੀਆਂ ਦੀ ਵੱਡੀ ਸੌਗਾਤ ਲੈ ਕੇ ਆਇਆ ਹੈ। ਲੰਬੇ ਸਮੇਂ ਤੱਕ ਮੁਸ਼ਕਲਾਂ ਅਤੇ ਨਿੱਜੀ ਦੁੱਖਾਂ ਨਾਲ ਭਰਪੂਰ ਰਹੇ ਇਕ ਮੰਦੇ ਸਾਲ ਤੋਂ ਬਾਅਦ ਇਸ ਸਾਬਕਾ ਫੌਜੀ ਨੇ ਪੀਪਲਜ਼ ਪੋਸਟਕੋਡ ਲਾਟਰੀ ਵਿੱਚ ਇਕ ਲੱਖ ਪਚਵੰਜਾ ਹਜ਼ਾਰ ਪੌਂਡ ਤੋਂ ਵੱਧ ਦੀ ਰਕਮ ਜਿੱਤ ਕੇ ਆਪਣੀ ਕਿਸਮਤ ਨੂੰ ਨਵਾਂ ਮੋੜ ਦਿੱਤਾ ਹੈ।**

ਜਾਣਕਾਰੀ ਅਨੁਸਾਰ ਕੇਂਟ ਦੇ ਗ੍ਰੇਟਸਟੋਨ ਇਲਾਕੇ ਵਿੱਚ ਰਹਿੰਦੇ ਪੌਲ ਸਾਲਟ, ਜੋ ਬ੍ਰਿਟਿਸ਼ ਫੌਜ ਵਿੱਚ 25 ਸਾਲਾਂ ਤੱਕ ਸੇਵਾ ਨਿਭਾ ਚੁੱਕੇ ਹਨ, ਨੂੰ ਇਸ ਵਾਰ ਲਾਟਰੀ ਵਿੱਚ 1 ਲੱਖ 15 ਹਜ਼ਾਰ 383 ਪੌਂਡ ਦੀ ਰਕਮ ਮਿਲੀ ਹੈ। ਦਿਲਚਸਪ ਗੱਲ ਇਹ ਹੈ ਕਿ ਇਹ ਪੌਲ ਸਾਲਟ ਦੀ ਪੀਪਲਜ਼ ਪੋਸਟਕੋਡ ਲਾਟਰੀ ਵਿੱਚ ਦੂਜੀ ਵੱਡੀ ਜਿੱਤ ਹੈ। ਇਸ ਤੋਂ ਪਹਿਲਾਂ ਉਹਨਾਂ ਨੂੰ ਕੁਝ ਸਾਲ ਪਹਿਲਾਂ 3 ਹਜ਼ਾਰ ਪੌਂਡ ਦੀ ਰਕਮ ਵੀ ਮਿਲ ਚੁੱਕੀ ਹੈ।

ਸਾਬਕਾ ਫੌਜੀ ਪੌਲ ਸਾਲਟ ਨੇ ਦੱਸਿਆ ਕਿ ਪਿਛਲਾ ਸਾਲ ਉਹਨਾਂ ਅਤੇ ਉਹਨਾਂ ਦੇ ਪਰਿਵਾਰ ਲਈ ਕਾਫੀ ਦੁੱਖਦਾਇਕ ਰਿਹਾ। ਸਿਹਤ ਸੰਬੰਧੀ ਸਮੱਸਿਆਵਾਂ, ਨਿੱਜੀ ਤਣਾਅ ਅਤੇ ਹੋਰ ਘਰੇਲੂ ਮੁਸ਼ਕਲਾਂ ਕਾਰਨ ਉਹ ਮਾਨਸਿਕ ਤੌਰ ’ਤੇ ਕਾਫੀ ਪਰੇਸ਼ਾਨ ਰਹੇ। ਉਹਨਾਂ ਮੁਤਾਬਕ ਇਹ ਅਚਾਨਕ ਮਿਲੀ ਲਾਟਰੀ ਦੀ ਰਕਮ ਉਹਨਾਂ ਲਈ ਸਿਰਫ਼ ਮਾਲੀ ਸਹਾਰਾ ਹੀ ਨਹੀਂ, ਸਗੋਂ ਜ਼ਿੰਦਗੀ ਨੂੰ ਦੁਬਾਰਾ ਸਧਾਰਨ ਰਾਹ ’ਤੇ ਲਿਆਉਣ ਵਾਲੀ ਉਮੀਦ ਵੀ ਹੈ।

ਲਾਟਰੀ ਜਿੱਤਣ ਦੀ ਇਹ ਖੁਸ਼ੀ ਸਿਰਫ਼ ਪੌਲ ਸਾਲਟ ਤੱਕ ਸੀਮਿਤ ਨਹੀਂ ਰਹੀ, ਸਗੋਂ ਗ੍ਰੇਟਸਟੋਨ ਇਲਾਕੇ ਦੇ 18 ਹੋਰ ਪੜੋਸੀਆਂ ਨੇ ਵੀ ਇਸ ਡਰਾਅ ਵਿੱਚ ਇਨਾਮ ਜਿੱਤੇ ਹਨ, ਜਿਸ ਨਾਲ ਪੂਰੇ ਇਲਾਕੇ ਵਿੱਚ ਖੁਸ਼ੀ ਦਾ ਮਾਹੌਲ ਬਣਿਆ ਹੋਇਆ ਹੈ। ਸਥਾਨਕ ਵਸਨੀਕਾਂ ਨੇ ਇਕ-ਦੂਜੇ ਨੂੰ ਵਧਾਈਆਂ ਦਿੰਦਿਆਂ ਇਸਨੂੰ ਨਵੇਂ ਸਾਲ ਦੀ ਵੱਡੀ ਖੁਸ਼ਖਬਰੀ ਕਰਾਰ ਦਿੱਤਾ।ਪੌਲ ਸਾਲਟ ਨੇ ਕਿਹਾ ਕਿ ਉਹ ਇਸ ਰਕਮ ਦਾ ਵਰਤੋਂ ਆਪਣੇ ਅਤੇ ਆਪਣੀ ਪਤਨੀ ਦੇ ਭਵਿੱਖ ਨੂੰ ਸੁਖਾਲਾ ਬਣਾਉਣ, ਸਿਹਤ ਸੰਬੰਧੀ ਜ਼ਰੂਰਤਾਂ ਪੂਰੀਆਂ ਕਰਨ ਅਤੇ ਪਰਿਵਾਰ ਨਾਲ ਕੁਝ ਸੁਖਦ ਪਲ ਗੁਜ਼ਾਰਨ ਲਈ ਕਰਨਗੇ। ਉਹਨਾਂ ਨੇ ਕਿਹਾ ਕਿ ਇਹ ਜਿੱਤ ਉਹਨਾਂ ਲਈ ਜ਼ਿੰਦਗੀ ਵਿੱਚ ਆਈ ਹਨੇਰੀ ਤੋਂ ਬਾਅਦ ਇਕ ਨਵੀਂ ਰੌਸ਼ਨੀ ਵਾਂਗ ਹੈ।ਸਥਾਨਕ ਪੱਧਰ ’ਤੇ ਇਹ ਲਾਟਰੀ ਜਿੱਤ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਅਤੇ ਲੋਕ ਇਸਨੂੰ ਕਿਸਮਤ ਅਤੇ ਧੀਰਜ ਦੀ ਜਿੱਤ ਵਜੋਂ ਦੇਖ ਰਹੇ ਹਨ।

# ਯੂਕਰੇਨ ਮਾਮਲਾ: ਬ੍ਰਿਟਿਸ਼ ਫੌਜ ਭੇਜਣ ਤੋਂ ਪਹਿਲਾਂ ਸੰਸਦ ਦੀ ਮਨਜ਼ੂਰੀ ਲਾਜ਼ਮੀ — ਕੀਅਰ ਸਟਾਰਮਰ

ਲੇਬਰ ਨੇਤਾ ਕੀਅਰ ਸਟਾਰਮਰ ਨੇ ਕਿਹਾ ਹੈ ਕਿ ਜੇ ਯੂਕਰੇਨ ਵਿੱਚ ਜੰਗਬੰਦੀ (ਸੀਜ਼ਫ਼ਾਇਰ) ਦਾ ਕੋਈ ਸਮਝੌਤਾ ਹੁੰਦਾ ਹੈ, ਤਾਂ ਬ੍ਰਿਟਿਸ਼ ਫੌਜਾਂ ਨੂੰ ਮੈਦਾਨ ਵਿੱਚ ਭੇਜਣ ਤੋਂ ਪਹਿਲਾਂ ਸੰਸਦ ਮੈਂਬਰਾਂ ਨੂੰ ਵੋਟ ਦਾ ਹੱਕ ਦਿੱਤਾ ਜਾਵੇਗਾ।ਸਟਾਰਮਰ ਨੇ ਜ਼ੋਰ ਦੇ ਕੇ ਕਿਹਾ ਕਿ ਇਹਨਾ ਵੱਡੇ ਅਤੇ ਗੰਭੀਰ ਫੈਸਲਿਆਂ ‘ਤੇ ਲੋਕਤੰਤਰਕ ਪ੍ਰਕਿਰਿਆ ਦੀ ਪਾਲਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਅਨੁਸਾਰ, ਫੌਜੀ ਦਖਲ ਵਰਗੇ ਮਸਲਿਆਂ ‘ਚ ਸੰਸਦ ਦੀ ਸਹਿਮਤੀ ਲੈਣਾ ਸਰਕਾਰ ਦੀ ਜ਼ਿੰਮੇਵਾਰੀ ਹੈ।ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਯੂਕਰੇਨ ਜੰਗ ਸੰਬੰਧੀ ਅੰਤਰਰਾਸ਼ਟਰੀ ਪੱਧਰ ‘ਤੇ ਕੂਟਨੀਤਿਕ ਕੋਸ਼ਿਸ਼ਾਂ ਤੇਜ਼ ਹੋ ਰਹੀਆਂ ਹਨ।


# CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

**Account Name: Punjab Times Trust Ltd**
**Account No: 20853011 Sort Code: 20-25-85**


## CHANGE OF NAME

**I DAVINDER S/O LATE MR. TARLOK SINGH, WHOSE PERMANENT ADDRESS IN INDIA IS VILL: BHODAI SUPRAI, P.O. JAMSHER KHAS, DISTT: JALANDHAR, PUNJAB, AND NOW LIVING AT 5 LUMLEY CLOSE, BOULTON MOOR, DERBY, DE24 5AU UNITED KINGDOM, HEREBY GIVE NOTICE OF MY INTENTION TO CHANGE MY NAME TO DAVINDER SINGH BHULLAR.**

**I, PINKI D/O MR ARJUN SINGH WHOSE PERMANENT ADDRESS IN INDIA IS VILL: SIMLA MOLANA, DISTT: PANIPAT, PIN: 132103, HARYANA AND NOW LIVING AT 52 WARNER ROAD, WALSALL, WS3 1RW, UNITED KINGDOM, HEREBY GIVE NOTICE OF MY INTENTION TO CHANGE MY NAME TO PINKI RANI. (U)**

**I, GURBACHAN KAUR HAYRE W/O MR GURDEV SINGH WHOSE PERMANENT ADDRESS IN INDIA IS VILL: HERAN, TEH: SHAHKOT - NAKODAR, DIST: JALANDHAR, PUNJAB AND NOW LIVING AT 60 HARBORNE ROAD, EDGBASTON, BIRMINGHAM B15 3HE, UNITED KINGDOM, HEREBY GIVE NOTICE OF MY INTENTION TO CHANGE MY NAME TO GURBACHAN KAUR. (U/I/E)**

ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ ॥

The One who sent you, has now recalled you; return to your home now in peace and pleasure.



In Guru Sahib's Hukam and with heavy hearts,
we announce the passing of

## S. JATINDER SINGH

03 JANUARY 1953 - 02 JANUARY 2026

ਆਪ ਸਭ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ. ਜਤਿੰਦਰ ਸਿੰਘ ਅਕਾਲ ਚਲਾਨਾਂ ਕਰ ਗਏ ਹਨ ਮਿਤੀ ੨ ਜਨਵਰੀ ੨੦੨੬

Address to pay respects:
13 Park Avenue, Southall, Middlesex, UB1 3AQ
Strictly between 2pm - 7pm

Funeral details will be shared in due course

ਅੰਤਿਮ ਸੰਸਕਾਰ ਅਤੇ ਅਗਲਾ ਪ੍ਰੋਗਰਾਮ ਆਪ ਜੀ ਨੂੰ ਸੂਚਿਤ ਕੀਤਾ ਜਾਵੇਗਾ

Contact: - 07554 711133 / 07850 389794

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com

## – ਰੁਪਿਆ ਹੋਰ ਡਿੱਗਾ ਮੂੰਹ ਭਾਰ –

ਭਰਾਵਾਂ ਕੋਈ ਹੋਰ ਧੰਦਾ ਸ਼ੁਰੂ ਕਰੀਏ!! ਰੁਪਿਆ ਤਾਂ ਦਿਨੋਂ-ਦਿਨ ਡਿੱਗੀ ਹੀ ਜਾ ਰਿਹਾ ਹੈ!!!



# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, BRIDLE GATE LANE, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਤਿੰਨ ਜਾਂ ਚਾਰ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

### ਘਰ ਦਾ ਕੰਮ

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Look at the two letter words you made last week with letters ਟ, ਠ, ਡ, ਢ, ਣ. See if you add more letters to make three or four letter mukta words ............

ਸਿੱਖਿਆ - ਗੁਰਮੁਖੀ Page 49 Level I


# DS MOTORS ਦੇ ਮਾਲਕ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਦੇ ਮੀਤ ਪ੍ਰਧਾਨ ਸ: ਦਰਸ਼ਨ ਸਿੰਘ ਨਾਗੀ ਅਤੇ ਪਰਿਵਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵਿਖੇ ਨਵੇਂ ਸਾਲ ਦੇ ਸ਼ੁੱਭ ਮੌਕੇ ਸ਼ੁਕਰਾਨਾ ਸਮਾਗਮ

## ਸ: ਦਰਸ਼ਨ ਸਿੰਘ ਨਾਗੀ ਦੇ ਪਰਿਵਾਰ ਅਤੇ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਸ: ਗੁਰਮੇਲ ਸਿੰਘ ਮੱਲੀ ਅਤੇ ਸਾਥੀਆਂ ਦਾ ਵਿਸ਼ੇਸ਼ ਸਨਮਾਨ

## ਗੁਰ ਘਰ ਦੇ ਮੀਤ ਪ੍ਰਧਾਨ ਸ੍ਰੀ ਆਤਮਾ ਰਾਮ ਢਾਂਡਾ, ਮੀਤ ਪ੍ਰਧਾਨ ਦਰਸ਼ਨ ਸਿੰਘ ਨਾਗੀ, ਜਨਰਲ ਸਕੱਤਰ ਸ਼ਿਵ ਰੱਤੂ, ਚੁੰਨੀ ਲਾਲ ਚੈਂਬਰ, ਮੋਹਨ ਹਾਲੈਂਡ, ਕੌਂਸਲਰ ਮਹਿੰਦਰ ਕੌਰ ਮਿੱਢਾ ਨੇ ਸੰਗਤਾਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ





















ਨਵੇਂ ਸਾਲ ਦੇ ਸ਼ੁਕਰਾਨਾ ਸਮਾਗਮ ਮੌਕੇ ਸ: ਦਰਸ਼ਨ ਸਿੰਘ ਨਾਗੀ ਅਤੇ ਪਰਿਵਾਰ ਵੱਲੋਂ ਕਰਵਾਏ ਸ਼ੁਕਰਾਨਾ ਸਮਾਗਮ ਦੀਆਂ ਤਸਵੀਰਾਂ – ਪੂਰੀ ਖ਼ਬਰ ਅੰਦਰ ਦੇਖੋ


**DS MOTORS**
314A WESTREN ROAD, SOUTHALL, UB2 5JU
Tel: 020 8574 0375 Mobile: 07956 344400

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਕੈਨੇਡਾ ਦੀ ਆਬਾਦੀ ਵਿੱਚ 80 ਸਾਲਾਂ ਦੀ ਸਭ ਤੋਂ ਵੱਡੀ ਗਿਰਾਵਟ ਦਰਜ

**✪ ਅਸਥਾਈ ਨਿਵਾਸੀਆਂ ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਭਾਰੀ ਕਮੀ ਮੁੱਖ ਕਾਰਣ ✪ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਕਾਰਨ ਭਾਰਤੀ ਵਿਦਿਆਰਥੀਆਂ ਨੂੰ ਵੱਡਾ ਝਟਕਾ ✪ 2027 ਤੱਕ ਅਸਥਾਈ ਆਬਾਦੀ ਨੂੰ 5% ਤੋਂ ਹੇਠਾਂ ਲਿਆਉਣਾ ਕੈ ਸਰਕਾਰ ਦਾ ਟੀਚਾ**

ਕੈਨੇਡਾ, ਜੋ ਕਿ ਦੁਨੀਆ ਭਰ ਵਿੱਚ ਆਪਣੀ ਉਦਾਰ ਇਮੀਗ੍ਰੇਸ਼ਨ ਨੀਤੀ ਲਈ ਜਾਣਿਆ ਜਾਂਦਾ ਹੈ, ਹੁਣ ਇੱਕ ਵੱਡੇ ਬਦਲਾਅ ਵੱਲ ਵਧ ਰਿਹਾ ਹੈ। ਜੁਲਾਈ ਤੋਂ ਸਤੰਬਰ 2025 ਦੇ ਵਿਚਕਾਰ, ਦੇਸ਼ ਦੀ ਆਬਾਦੀ ਵਿੱਚ ਲਗਭਗ 76,068 ਲੋਕਾਂ ਦੀ ਗਿਰਾਵਟ ਆਈ ਹੈ, ਜੋ ਕਿ 0.2 ਪ੍ਰਤੀਸ਼ਤ ਬਣਦੀ ਹੈ। ਇਹ ਗਿਰਾਵਟ ਪਿਛਲੇ 80 ਸਾਲਾਂ ਵਿੱਚ ਸਭ ਤੋਂ ਵੱਡੀ ਹੈ ਅਤੇ 1946 ਤੋਂ ਬਾਅਦ ਕਿਸੇ ਵੀ ਤਿਮਾਹੀ ਵਿੱਚ ਨਹੀਂ ਵੇਖੀ ਗਈ। ਸਟੈਟਿਸਟਿਕਸ ਕੈਨੇਡਾ (ਸਟੈਟਕੈਨ) ਦੇ ਅੰਕੜਿਆਂ ਮੁਤਾਬਕ, ਇਹ ਬਦਲਾਅ ਮੁੱਖ ਤੌਰ ਤੇ ਅਸਥਾਈ ਨਿਵਾਸੀਆਂ ਦੀ ਗਿਣਤੀ ਵਿੱਚ ਆਈ ਕਮੀ ਕਾਰਨ ਹੋਇਆ ਹੈ, ਜਿਨ੍ਹਾਂ ਵਿੱਚ ਅੰਤਰਰਾਸ਼ਟਰੀ ਵਿਦਿਆਰਥੀ ਅਤੇ ਅਸਥਾਈ ਕਾਮੇ ਸ਼ਾਮਲ ਹਨ।



ਇਸ ਗਿਰਾਵਟ ਦੇ ਪਿੱਛੇ ਕਈ ਕਾਰਣ ਹਨ, ਪਰ ਸਭ ਤੋਂ ਵੱਡੀ ਵਜ੍ਹਾ ਕੈਨੇਡੀਅਨ ਸਰਕਾਰ ਵੱਲੋਂ ਲਾਗੂ ਕੀਤੀਆਂ ਗਈਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਹਨ ਦੇਸ਼ ਨੇ ਵੱਡੀ ਗਿਣਤੀ ਵਿੱਚ ਵਿਦੇਸ਼ੀ ਲੋਕਾਂ ਨੂੰ ਆਉਣ ਦੀ ਇਜਾਜ਼ਤ ਦਿੱਤੀ ਸੀ। ਇਸ ਕਾਰਣ 2023 ਦੌਰਾਨ, ਆਬਾਦੀ ਵਿੱਚ 1957 ਤੋਂ ਬਾਅਦ ਸਭ ਤੋਂ ਤੇਜ਼ ਵਾਧਾ ਹੋਇਆ ਸੀ। ਇਸ ਨਾਲ ਦੇਸ਼ ਦੀ ਕੁੱਲ ਆਬਾਦੀ 41 ਮਿਲੀਅਨ ਤੋਂ ਵੱਧ ਹੋ ਗਈ ਸੀ। ਪਿਛਲੇ ਕੁਝ ਸਾਲਾਂ ਵਿੱਚ, ਕੈਨੇਡਾ ਵਿੱਚ ਵਿਦੇਸ਼ੀ ਵਿਦਿਆਰਥੀਆਂ ਅਤੇ ਕਾਮਿਆਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਇਆ ਸੀ, ਜਿਸ ਨਾਲ ਦੇਸ਼ ਵਿੱਚ ਘਰਾਂ ਦੀ ਕਮੀ, ਕਿਰਾਏ ਵਿੱਚ ਵਾਧਾ ਅਤੇ ਸਿਹਤ ਸੇਵਾਵਾਂ ਤੇ ਆਵਾਜਾਈ ਵਰਗੀਆਂ ਸਹੂਲਤਾਂ ਉਪਰ ਦਬਾਅ ਵਧ ਗਿਆ ਸੀ।

ਇਸ ਕਾਰਨ, ਸਰਕਾਰ ਨੂੰ ਆਪਣੀ ਨੀਤੀ ਵਿੱਚ ਬਦਲਾਅ ਕਰਨਾ ਪਿਆ ਅਤੇ 2024 ਵਿੱਚ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਘਟਾਉਣ ਲਈ ਸਖਤ ਕਦਮ ਚੁੱਕੇ ਗਏ। ਇਸ ਤਿਮਾਹੀ ਵਿੱਚ ਅਸਥਾਈ ਨਿਵਾਸੀਆਂ ਦੀ ਗਿਣਤੀ ਵਿੱਚ 1,76,479 ਦੀ ਕਮੀ ਆਈ ਹੈ, ਜੋ ਕਿ ਪਿਛਲੀਆਂ ਤਿਮਾਹੀਆਂ ਨਾਲੋਂ ਵੱਡੀ ਹੈ।

ਉਦਾਹਰਨ ਵਜੋਂ, ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟਾਂ ਦੀ ਗਿਣਤੀ ਤੇ ਕੈਪ ਲਗਾਈ ਗਈ। 2024 ਵਿੱਚ ਸਟੱਡੀ ਪਰਮਿਟਾਂ ਦਾ ਟੀਚਾ ਉੱਚਾ ਸੀ, ਪਰ 2025 ਲਈ ਇਸ ਨੂੰ ਘਟਾ ਕੇ 4,37,000 ਕਰ ਦਿੱਤਾ ਗਿਆ, ਜੋ ਕਿ 2024 ਨਾਲੋਂ 10 ਪ੍ਰਤੀਸ਼ਤ ਘੱਟ ਸੀ। ਇਸ ਤੋਂ ਇਲਾਵਾ, ਵਰਕ ਪਰਮਿਟਾਂ ਲਈ ਵੀ ਨਿਯਮ ਸਖ਼ਤ ਕੀਤੇ ਗਏ ਅਤੇ ਕੁਝ ਕੇਸਾਂ ਵਿੱਚ ਪਰਮਿਟਾਂ ਨੂੰ ਨਵੀਨੀਕਰਨ ਨਹੀਂ ਕੀਤਾ ਜਾ ਰਿਹਾ।

ਇਹ ਨੀਤੀਆਂ ਕੈਨੇਡਾ ਦੀ ਆਰਥਿਕਤਾ ਨੂੰ ਵੀ ਪ੍ਰਭਾਵਿਤ ਕਰ ਰਹੀਆਂ ਹਨ, ਕਿਉਂਕਿ ਵਿਦੇਸ਼ੀ ਵਿਦਿਆਰਥੀ ਅਤੇ ਕਾਮੇ ਦੇਸ਼ ਦੀ ਆਰਥਿਕਤਾ ਵਿੱਚ ਯੋਗਦਾਨ ਪਾਉਂਦੇ ਹਨ। ਉਹ ਟਿਊਸ਼ਨ ਫੀਸਾਂ ਅਤੇ ਖਰਚੇ ਨਾਲ ਅਰਥ ਵਿਵਸਥਾ ਨੂੰ ਮਜ਼ਬੂਤ ਕਰਦੇ ਹਨ। ਪਰ ਇਸ ਗਿਰਾਵਟ ਨਾਲ ਸਥਾਨਕ ਲੋਕਾਂ ਨੂੰ ਰਾਹਤ ਮਿਲ ਰਹੀ ਹੈ, ਕੈਨੇਡਾ ਸਰਕਾਰ ਦਾ ਮੰਨਣਾ ਹੈ ਕਿ ਤੇਜ਼ ਵਾਧੇ ਨਾਲ ਹੋਈਆਂ ਸਮੱਸਿਆਵਾਂ ਨੂੰ ਹੱਲ ਕਰਨਾ ਜ਼ਰੂਰੀ ਹੈ।

ਇਸ ਤੋਂ ਪਹਿਲਾਂ, ਕੈਨੇਡਾ ਵਿੱਚ ਆਬਾਦੀ ਦੀ ਗਿਰਾਵਟ ਸਿਰਫ਼ ਕੋਵਿਡ-19 ਮਹਾਂਮਾਰੀ ਦੌਰਾਨ 2020 ਵਿੱਚ ਵੇਖੀ ਗਈ ਸੀ, ਜਦੋਂ ਬਾਰਡਰ ਬੰਦ ਹੋਣ ਕਾਰਨ ਲੋਕ ਨਹੀਂ ਆ ਸਕੇ। ਪਰ ਉਸ ਸਮੇਂ ਗਿਰਾਵਟ ਛੋਟੀ ਸੀ ਅਤੇ ਜਲਦੀ ਵਾਪਸ ਵਧ ਗਈ। ਹੁਣ ਇਹ ਗਿਰਾਵਟ ਨੀਤੀਗਤ ਬਦਲਾਅ ਕਾਰਨ ਹੈ ਅਤੇ ਇਹ ਲੰਬੇ ਸਮੇਂ ਤੱਕ ਜਾਰੀ ਰਹਿ ਸਕਦੀ ਹੈ। ਸਰਕਾਰ ਨੇ ਇਹ ਵੀ ਕਿਹਾ ਹੈ ਕਿ ਉਹ ਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਵੀ ਨਿਯੰਤਰਿਤ ਕਰ ਰਹੀ ਹੈ। 2025 ਲਈ ਸਥਾਈ ਇਮੀਗ੍ਰੇਸ਼ਨ ਦਾ ਟੀਚਾ 3,95,000 ਹੈ, ਜੋ ਕਿ ਪਿਛਲੇ ਸਾਲਾਂ ਨਾਲੋਂ ਘੱਟ ਹੈ।

## ਭਾਰਤੀ ਵਿਦਿਆਰਥੀਆਂ ਤੇ ਅਸਰ: ਗਿਣਤੀ ਅੱਧੀ ਰਹਿ ਗਈ

ਇਸ ਗਿਰਾਵਟ ਦਾ ਸਭ ਤੋਂ ਵੱਡਾ ਅਸਰ ਭਾਰਤੀ ਵਿਦਿਆਰਥੀਆਂ ਤੇ ਪਿਆ ਹੈ। ਭਾਰਤ ਤੋਂ ਵੱਡੀ ਗਿਣਤੀ ਵਿੱਚ ਵਿਦਿਆਰਥੀ ਕੈਨੇਡਾ ਪੜ੍ਹਨ ਆਉਂਦੇ ਹਨ ਕਿਉਂਕਿ ਇੱਥੇ ਚੰਗੀ ਸਿੱਖਿਆ ਅਤੇ ਨੌਕਰੀਆਂ ਦੇ ਮੌਕੇ ਮਿਲਦੇ ਹਨ। ਪਰ ਹੁਣ ਨਿਯਮਾਂ ਦੇ ਸਖ਼ਤ ਹੋਣ ਨਾਲ ਉਨ੍ਹਾਂ ਦੀ ਗਿਣਤੀ ਘਟ ਰਹੀ ਹੈ।

ਇਮੀਗ੍ਰੇਸ਼ਨ, ਰਿਫਿਊਜੀਜ਼ ਐਂਡ ਸਿਟਿਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਦੇ ਅੰਕੜਿਆਂ ਮੁਤਾਬਕ, ਜੁਲਾਈ ਤੋਂ ਸਤੰਬਰ 2025 ਵਿੱਚ ਭਾਰਤੀ ਵਿਦਿਆਰਥੀਆਂ ਨੂੰ ਸਿਰਫ਼ 24,030 ਸਟੱਡੀ ਪਰਮਿਟ ਜਾਰੀ ਕੀਤੇ ਗਏ, ਜੋ ਕਿ ਕੁੱਲ 1,46,505 ਪਰਮਿਟਾਂ ਦਾ 16.4 ਪ੍ਰਤੀਸ਼ਤ ਹੈ। ਇਹ ਅੰਕੜਾ ਪਿਛਲੇ ਸਾਲ 2024 ਦੀ ਇਸੇ ਮਿਆਦ ਨਾਲੋਂ ਬਹੁਤ ਘੱਟ ਹੈ, ਜਦੋਂ 52,425 ਪਰਮਿਟ ਜਾਰੀ ਹੋਏ ਸਨ। ਇਸ ਤਰ੍ਹਾਂ, ਇੱਕ ਸਾਲ ਵਿੱਚ ਗਿਣਤੀ ਅੱਧੇ ਤੋਂ ਵੀ ਘੱਟ ਹੋ ਗਈ ਹੈ।

ਕੈਨੇਡਾ ਸਰਕਾਰ ਨੇ ਨਿਰਧਾਰਤ ਕੀਤਾ ਹੈ ਕਿ ਹਰ ਸੂਬੇ ਨੂੰ ਇੱਕ ਨਿਸ਼ਚਿਤ ਗਿਣਤੀ ਵਿੱਚ ਪਰਮਿਟ ਜਾਰੀ ਕੀਤੇ ਜਾਣਗੇ। ਇਸ ਤੋਂ ਇਲਾਵਾ, ਵਿਦਿਆਰਥੀਆਂ ਨੂੰ ਵਧੇਰੇ ਪੈਸੇ ਅਤੇ ਡਾਕੂਮੈਂਟਸ ਦੀ ਲੋੜ ਪੈ ਰਹੀ ਹੈ। ਰਿਫਿਊਜਲ ਰੇਟ ਵੀ ਵਧ ਗਿਆ ਹੈ। ਆਈਆਰਸੀਸੀ ਮੁਤਾਬਕ, 2025 ਵਿੱਚ ਭਾਰਤੀ ਅਪਲਾਈਕੈਂਟਸ ਦਾ 71 ਪ੍ਰਤੀਸ਼ਤ ਰਿਜੈਕਟ ਹੋਇਆ ਹੈ। ਇਸ ਨਾਲ ਬਹੁਤ ਸਾਰੇ ਵਿਦਿਆਰਥੀ ਹੋਰ ਦੇਸ਼ਾਂ ਵੱਲ ਵਧ ਰਹੇ ਹਨ ਜਿਵੇਂ ਆਸਟ੍ਰੇਲੀਆ ਜਾਂ ਯੂਕੇ।

ਭਾਰਤੀ ਵਿਦਿਆਰਥੀਆਂ ਲਈ ਇਹ ਬਹੁਤ ਵੱਡਾ ਝਟਕਾ ਹੈ। ਹੁਣ ਪਰਮਿਟ ਨਾ ਮਿਲਣ ਨਾਲ ਉਨ੍ਹਾਂ ਦੇ ਸੁਪਨੇ ਟੁੱਟ ਰਹੇ ਹਨ। ਜਨਵਰੀ ਤੋਂ ਅਗਸਤ 2025 ਵਿੱਚ, ਭਾਰਤੀ ਵਿਦਿਆਰਥੀਆਂ ਨੂੰ ਸਿਰਫ਼ 9,955 ਨਵੇਂ ਪਰਮਿਟ ਮਿਲੇ, ਜੋ ਕਿ 2023 ਦੇ ਮੁਕਾਬਲੇ ਬਹੁਤ ਘੱਟ ਹਨ। ਇਸ ਨਾਲ ਕੈਨੇਡਾ ਵਿੱਚ ਪਹਿਲਾਂ ਹੀ ਰਹਿ ਰਹੇ ਵਿਦਿਆਰਥੀ ਵੀ ਪ੍ਰਭਾਵਿਤ ਹੋ ਰਹੇ ਹਨ ਕਿਉਂਕਿ ਉਨ੍ਹਾਂ ਦੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟਾਂ ਉੱਪਰ ਵੀ ਪਾਬੰਦੀਆਂ ਲੱਗੀਆਂ ਹਨ। ਬਹੁਤੇ ਵਿਦਿਆਰਥੀ ਪੜ੍ਹਾਈ ਤੋਂ ਬਾਅਦ ਨੌਕਰੀ ਕਰਕੇ ਸਥਾਈ ਨਿਵਾਸ ਲੈਣਾ ਚਾਹੁੰਦੇ ਹਨ, ਪਰ ਹੁਣ ਇਹ ਮੁਸ਼ਕਲ ਹੋ ਗਿਆ ਹੈ।

## ਕੈਨੇਡਾ ਸਰਕਾਰ ਕਿੰਨੀ ਆਬਾਦੀ ਘਟਾਉਣਾ ਚਾਹੁੰਦੀ ਹੈ ?



ਕੈਨੇਡੀਅਨ ਸਰਕਾਰ ਨੇ ਇੱਕ ਸਪੱਸ਼ਟ ਟੀਚਾ ਰੱਖਿਆ ਹੈ ਕਿ ਉਹ 2027 ਤੱਕ ਅਸਥਾਈ ਆਬਾਦੀ ਨੂੰ ਕੁੱਲ ਜਨਸੰਖਿਆ ਦੇ 5 ਪ੍ਰਤੀਸ਼ਤ ਤੋਂ ਹੇਠਾਂ ਲਿਆਉਣਾ ਚਾਹੁੰਦੀ ਹੈ। ਵਰਤਮਾਨ ਵਿੱਚ, ਅਸਥਾਈ ਨਿਵਾਸੀ ਕੁੱਲ ਆਬਾਦੀ ਦੇ ਲਗਭਗ 6.5 ਪ੍ਰਤੀਸ਼ਤ ਹਨ। ਇਸ ਟੀਚੇ ਨੂੰ ਪ੍ਰਾਪਤ ਕਰਨ ਲਈ, ਸਰਕਾਰ ਨੇ 2026-2028 ਲਈ ਇਮੀਗ੍ਰੇਸ਼ਨ ਪਲਾਨ ਬਣਾਇਆ ਹੈ। ਇਸ ਵਿੱਚ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਘਟਾਉਣ ਤੇ ਜ਼ੋਰ ਹੈ। ਉਦਾਹਰਨ ਵਜੋਂ, 2026 ਲਈ ਸਟੱਡੀ ਪਰਮਿਟਾਂ ਦੀ ਸੀਮਾ 4,08,000 ਤੈਅ ਕੀਤੀ ਗਈ ਸੀ, ਜੋ ਕਿ 2024 ਨਾਲੋਂ 16 ਪ੍ਰਤੀਸ਼ਤ ਘੱਟ ਸੀ। ਸਰਕਾਰ ਦਾ ਕਹਿਣਾ ਹੈ ਕਿ ਇਹ ਬਦਲਾਅ ਦੇਸ਼ ਦੀ ਆਰਥਿਕਤਾ ਅਤੇ ਸਮਾਜ ਨੂੰ ਸੰਤੁਲਿਤ ਰੱਖਣ ਲਈ ਜ਼ਰੂਰੀ ਹਨ। 2026 ਲਈ 3,80,000 ਅਤੇ 2027 ਲਈ 3,65,000 ਸਥਾਈ ਨਿਵਾਸੀਆਂ ਨੂੰ ਆਉਣ ਦੀ ਇਜਾਜ਼ਤ ਹੋਵੇਗੀ। ਇਸ ਨਾਲ ਕੈਨੇਡਾ ਦੀ ਕੁੱਲ ਆਬਾਦੀ ਵਿੱਚ ਲਗਭਗ 2,90,000 ਅਸਥਾਈ ਨਿਵਾਸੀਆਂ ਦੀ ਕਮੀ ਪਹਿਲਾਂ ਹੀ ਹੋ ਚੁੱਕੀ ਹੈ ਹੁਣ ਭਵਿੱਖ ਵਿੱਚ, ਇਹ ਬਦਲਾਅ ਜਾਰੀ ਰਹਿਣਗੇ। ਸਰਕਾਰ ਨੇ 2025-2027 ਲਈ ਇਮੀਗ੍ਰੇਸ਼ਨ ਲੈਵਲ ਪਲਾਨ ਜਾਰੀ ਕੀਤਾ ਹੈ, ਜਿਸ ਵਿੱਚ ਅਸਥਾਈ ਆਬਾਦੀ ਤੇ ਜ਼ੋਰ ਹੈ। ਇਸ ਨਾਲ ਦੇਸ਼ ਵਿੱਚ ਹਾਊਸਿੰਗ ਕ੍ਰਾਈਸਿਸ ਨੂੰ ਹੱਲ ਕਰਨ ਵਿੱਚ ਮਦਦ ਮਿਲੇਗੀ ਅਤੇ ਸਥਾਨਕ ਨੌਜਵਾਨਾਂ ਨੂੰ ਨੌਕਰੀਆਂ ਮਿਲਣਗੀਆਂ। ਪਰ ਇਸ ਨਾਲ ਵਿਦੇਸ਼ੀ ਵਿਦਿਆਰਥੀਆਂ ਅਤੇ ਕਾਮਿਆਂ ਲਈ ਮੌਕੇ ਘਟ ਜਾਣਗੇ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਬਦਲਾਅ ਕੈਨੇਡਾ ਨੂੰ ਵਧੇਰੇ ਸੰਤੁਲਿਤ ਬਣਾਏਗਾ, ਪਰ ਇਸ ਨਾਲ ਆਰਥਿਕ ਵਿਕਾਸ ਦੀ ਰਫ਼ਤਾਰ ਘਟ ਸਕਦੀ ਹੈ।

# ਨਵੇਂ ਸਾਲ ਵਿੱਚ ਰੂਸ-ਯੂਕਰੇਨ ਜੰਗ ਖਤਮ ਹੋ ਜਾਵੇਗੀ ?

## ✪ ਟਰੰਪ ਨੇ ਸ਼ਾਂਤੀ ਫਾਰਮੂਲੇ ਬਾਰੇ ਵੱਡਾ ਦਾਅਵਾ ਕੀਤਾ

ਵਾਸ਼ਿੰਗਟਨ-ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਰੂਸ-ਯੂਕਰੇਨ ਜੰਗ ਨੂੰ ਖਤਮ ਕਰਨ ਲਈ ਚੱਲ ਰਹੀਆਂ ਸ਼ਾਂਤੀ ਵਾਰਤਾਵਾਂ ਬਾਰੇ ਵੱਡਾ ਦਾਅਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਵਾਰਤਾਵਾਂ ਹੁਣ ਤੱਕ ਦੇ ਸਭ ਤੋਂ ਨਿਰਣਾਇਕ ਮੋੜ ਨੇੜੇ ਪਹੁੰਚ ਗਈਆਂ ਹਨ ਅਤੇ ਦੋਵੇਂ ਧਿਰਾਂ "ਬਹੁਤ ਨੇੜੇ, ਸ਼ਾਇਦ ਬਹੁਤ ਨੇੜੇ" ਪਹੁੰਚ ਚੁੱਕੀਆਂ ਹਨ। ਇਹ ਦਾਅਵਾ ਟਰੰਪ ਨੇ ਫਲੋਰੀਡਾ ਵਿੱਚ ਆਪਣੇ ਮਾਰ-ਏ-ਲਾਗੋ ਰਿਜ਼ੋਰਟ ਵਿੱਚ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨਾਲ ਮੁਲਾਕਾਤ ਤੋਂ ਬਾਅਦ ਕੀਤਾ। ਹਾਲਾਂਕਿ, ਪੂਰਬੀ ਯੂਕਰੇਨ ਦੇ ਡੋਨਬਾਸ ਖੇਤਰ ਨੂੰ ਲੈ ਕੇ ਅਸਹਿਮਤੀ ਅਜੇ ਵੀ ਬਣੀ ਹੋਈ ਹੈ, ਜੋ ਸ਼ਾਂਤੀ ਸਮਝੌਤੇ ਦੇ ਰਾਹ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ। ਅਮਰੀਕੀ ਅਖਬਾਰਾਂ ਵਿੱਚ ਇਸ ਨੂੰ ਲੈ ਕੇ ਮਿਸ਼ਰਤ ਪ੍ਰਤੀਕਿਰਿਆਵਾਂ ਹਨ, ਜਿੱਥੇ ਕੁਝ ਇਸ ਨੂੰ ਸਕਾਰਾਤਮਕ ਵਿਕਾਸ ਮੰਨਦੇ ਹਨ ਪਰ ਬਹੁਤੇ ਚੇਤਾਵਨੀ ਦਿੰਦੇ ਹਨ ਕਿ ਅਸਲੀ ਚੁਣੌਤੀਆਂ ਅਜੇ ਬਾਕੀ ਹਨ।

ਜ਼ੇਲੇਂਸਕੀ ਨਾਲ ਮੁਲਾਕਾਤ ਤੋਂ ਠੀਕ ਪਹਿਲਾਂ, ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੁਥ ਸੋਸ਼ਲ' ਉੱਤੇ ਇੱਕ ਪੋਸਟ ਸਾਂਝੀ ਕੀਤੀ। ਉਨ੍ਹਾਂ ਲਿਖਿਆ ਕਿ ਜ਼ੇਲੇਂਸਕੀ ਨਾਲ ਦੁਪਹਿਰ 1 ਵਜੇ ਹੋਣ ਵਾਲੀ ਮੀਟਿੰਗ ਤੋਂ ਪਹਿਲਾਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਉਨ੍ਹਾਂ ਦੀ "ਚੰਗੀ ਅਤੇ ਬਹੁਤ ਉਪਯੋਗੀ" ਟੈਲੀਫੋਨ ਗੱਲਬਾਤ ਹੋਈ ਹੈ। ਟਰੰਪ ਨੇ ਕਿਹਾ ਕਿ ਇਹ ਮੀਟਿੰਗ ਮਾਰ-ਏ-ਲਾਗੋ ਦੇ ਮੁੱਖ ਡਾਇਨਿੰਗ ਰੂਮ ਵਿੱਚ ਹੋਵੇਗੀ ਅਤੇ ਪ੍ਰੈੱਸ ਨੂੰ ਵੀ ਸੱਦਾ ਦਿੱਤਾ ਗਿਆ ਹੈ। ਟਰੰਪ ਮੁਤਾਬਕ, ਪੁਤਿਨ ਨਾਲ ਫੋਨ ਕਾਲ ਦੋ ਘੰਟਿਆਂ ਤੋਂ ਵੱਧ ਚੱਲੀ ਅਤੇ ਉਨ੍ਹਾਂ ਇਸ ਨੂੰ "ਉਤਪਾਦਕ" ਦੱਸਿਆ। ਵੱਖਰੇ ਤੌਰ ਉੱਤੇ, ਕ੍ਰੇਮਲਿਨ ਦੇ ਵਿਦੇਸ਼ ਨੀਤੀ ਸਲਾਹਕਾਰ ਯੂਰੀ ਉਸ਼ਾਕੋਵ ਨੇ ਇਸ ਨੂੰ "ਮਿੱਤਰਤਾਪੂਰਨ" ਗੱਲਬਾਤ ਕਰਾਰ ਦਿੱਤਾ।

ਮਾਰ-ਏ-ਲਾਗੋ ਵਿੱਚ ਹੋਈ ਮੁਲਾਕਾਤ ਤੋਂ ਬਾਅਦ ਦੋਵਾਂ ਨੇਤਾਵਾਂ ਨੇ ਸੰਯੁਕਤ ਪ੍ਰੈੱਸ ਕਾਨਫਰੰਸ ਕੀਤੀ। ਟਰੰਪ ਨੇ ਕਿਹਾ ਕਿ ਗੱਲਬਾਤ ਲਗਭਗ 95 ਫੀਸਦੀ ਪੂਰੀ ਹੋ ਚੁੱਕੀ ਹੈ, ਪਰ ਕੁਝ "ਮੁਸ਼ਕਲ ਅਤੇ ਸੰਵੇਦਨਸ਼ੀਲ ਮੁੱਦੇ" ਅਜੇ ਵੀ ਹੱਲ ਹੋਣੇ ਬਾਕੀ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਕੁਝ ਹਫਤਿਆਂ ਵਿੱਚ ਸਪੱਸ਼ਟ ਹੋ ਜਾਵੇਗਾ ਕਿ ਕੀ ਇਹ ਵਾਰਤਾ ਸਫਲ ਹੋ ਕੇ ਜੰਗ ਖਤਮ ਕਰਨ ਵਿੱਚ ਕਾਮਯਾਬ ਹੋਵੇਗੀ। ਜ਼ੇਲੇਂਸਕੀ ਨੇ ਇਸ ਦੌਰਾਨ ਕਿਹਾ ਕਿ ਜੰਗ ਤੋਂ ਬਾਅਦ ਯੂਕਰੇਨ ਦੀ ਸੁਰੱਖਿਆ ਗਾਰੰਟੀ ਨੂੰ ਲੈ ਕੇ ਸਹਿਮਤੀ ਬਣ ਗਈ ਹੈ, ਜੋ ਸਥਾਈ ਸ਼ਾਂਤੀ ਦੀ ਦਿਸ਼ਾ ਵਿੱਚ "ਸਭ ਤੋਂ ਅਹਿਮ ਮੀਲ ਪੱਥਰ" ਹੈ। ਹਾਲਾਂਕਿ, ਦੋਵਾਂ ਨੇਤਾਵਾਂ ਨੇ ਸ਼ਾਂਤੀ ਸਮਝੌਤੇ ਲਈ ਕੋਈ ਸਮਾਂ ਸੀਮਾ ਨਿਰਧਾਰਤ ਨਹੀਂ ਕੀਤੀ।

ਡੋਨਬਾਸ ਖੇਤਰ ਇਸ ਪੂਰੀ ਵਾਰਤਾ ਦਾ ਸਭ ਤੋਂ ਪੇਚੀਦਾ ਮੁੱਦਾ ਬਣਿਆ ਹੋਇਆ ਹੈ। ਰੂਸ ਲੰਬੇ ਸਮੇਂ ਤੋਂ ਚਾਹੁੰਦਾ ਹੈ ਕਿ ਡੋਨਬਾਸ ਉੱਤੇ ਉਸ ਦਾ ਪੂਰਾ ਨਿਯੰਤਰਣ ਮੰਨ ਲਿਆ ਜਾਵੇ। ਵੱਖਰੇ ਤੌਰ ਉੱਤੇ, ਯੂਕਰੇਨ ਦਾ



ਕਹਿਣਾ ਹੈ ਕਿ ਕਿਸੇ ਵੀ ਸਮਝੌਤੇ ਵਿੱਚ ਮੌਜੂਦਾ ਮੋਰਚਿਆਂ ਉੱਤੇ ਸਥਿਤੀ ਨੂੰ 'ਫ੍ਰੀਜ਼' ਕੀਤਾ ਜਾਣਾ ਚਾਹੀਦਾ ਹੈ, ਨਾ ਕਿ ਯੂਕਰੇਨੀ ਫੌਜ ਨੂੰ ਪੂਰੀ ਤਰ੍ਹਾਂ ਪਿੱਛੇ ਹਟਣਾ ਚਾਹੀਦਾ। ਟਰੰਪ ਨੇ ਮੰਨਿਆ ਕਿ ਡੋਨਬਾਸ ਨੂੰ ਲੈ ਕੇ ਗੱਲਬਾਤ ਅਜੇ ਅਧੂਰੀ ਹੈ। ਉਨ੍ਹਾਂ ਕਿਹਾ, "ਇਹ ਮੁੱਦਾ ਅਜੇ ਵੀ ਅਣਸੁਲਝਿਆ ਹੈ, ਪਰ ਅਸੀਂ ਸਹੀ ਦਿਸ਼ਾ ਵਿੱਚ ਅੱਗੇ ਵਧ ਰਹੇ ਹਾਂ। ਇਹ ਬਹੁਤ ਮੁਸ਼ਕਲ ਸਵਾਲ ਹੈ।"

ਅਮਰੀਕਾ ਨੇ ਪ੍ਰਸਤਾਵ ਦਿੱਤਾ ਹੈ ਕਿ ਜੇ ਯੂਕਰੇਨ ਡੋਨਬਾਸ ਛੱਡਦਾ ਹੈ ਤਾਂ ਉੱਥੇ ਇੱਕ ਫ੍ਰੀ ਇਕਨਾਮਿਕ ਜ਼ੋਨ ਬਣਾਇਆ ਜਾ ਸਕਦਾ ਹੈ, ਹਾਲਾਂਕਿ ਇਹ ਵਿਵਸਥਾ ਕਿਵੇਂ ਕੰਮ ਕਰੇਗੀ, ਇਸ ਬਾਰੇ ਅਜੇ ਸਪੱਸ਼ਟਤਾ ਨਹੀਂ ਹੈ। ਜ਼ੇਲੇਂਸਕੀ ਨੇ ਸਾਫ ਕੀਤਾ ਕਿ ਕਿਸੇ ਵੀ ਸ਼ਾਂਤੀ ਸਮਝੌਤੇ ਨੂੰ ਯੂਕਰੇਨ ਦੀ ਪਾਰਲੀਮੈਂਟ ਦੀ ਮਨਜ਼ੂਰੀ ਲੈਣੀ ਪਵੇਗੀ ਜਾਂ ਫਿਰ ਇਸ ਨੂੰ ਜਨਮਤ ਸੰਗ੍ਰਹਿ ਰਾਹੀਂ ਜਨਤਾ ਸਾਹਮਣੇ ਰੱਖਿਆ ਜਾਵੇਗਾ। ਇਸ ਉੱਤੇ ਟਰੰਪ ਨੇ ਕਿਹਾ ਕਿ ਜੇ ਇਸ ਨਾਲ ਸਮਝੌਤੇ ਵਿੱਚ ਮਦਦ ਮਿਲਦੀ ਹੈ ਤਾਂ ਉਹ ਯੂਕਰੇਨੀ ਪਾਰਲੀਮੈਂਟ ਨੂੰ ਸੰਬੋਧਨ ਕਰਨ ਲਈ ਵੀ ਤਿਆਰ ਹਨ।

ਹਾਲਾਂਕਿ ਗੱਲਬਾਤ ਅੱਗੇ ਵਧਦੀ ਨਜ਼ਰ ਆ ਰਹੀ ਹੈ, ਪਰ ਰੂਸ ਦੀਆਂ ਮੰਗਾਂ ਵਿੱਚ ਕੋਈ ਖਾਸ ਬਦਲਾਅ ਨਜ਼ਰ ਨਹੀਂ ਆ ਰਿਹਾ। ਪੁਤਿਨ ਪਹਿਲਾਂ ਹੀ ਸਪੱਸ਼ਟ ਕਰ ਚੁੱਕੇ ਹਨ ਕਿ ਰੂਸ ਵੱਲੋਂ ਕਬਜ਼ੇ ਵਾਲੇ ਚਾਰ ਯੂਕਰੇਨੀ ਖੇਤਰਾਂ ਅਤੇ ਕ੍ਰੀਮੀਆ ਨੂੰ ਰੂਸੀ ਖੇਤਰ ਵਜੋਂ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਰੂਸ ਚਾਹੁੰਦਾ ਹੈ ਕਿ ਯੂਕਰੇਨ ਨਾਟੋ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਛੱਡ ਦੇਵੇ।

ਇੱਕ ਪਾਸੇ ਜਿੱਥੇ ਸ਼ਾਂਤੀ ਵਾਰਤਾ ਅੱਗੇ ਵਧਦੀ ਨਜ਼ਰ ਆ ਰਹੀ ਹੈ, ਉੱਥੇ ਦੂਜੇ ਪਾਸੇ ਜ਼ਮੀਨੀ ਹਾਲਾਤ ਅਜੇ ਵੀ ਤਣਾਅਪੂਰਨ ਹਨ। ਜ਼ੇਲੇਂਸਕੀ ਦੇ ਅਮਰੀਕਾ ਪਹੁੰਚਣ ਤੋਂ ਇੱਕ ਦਿਨ ਪਹਿਲਾਂ ਹੀ ਰੂਸ ਨੇ ਕੀਵ ਅਤੇ ਹੋਰ ਸ਼ਹਿਰਾਂ ਉੱਤੇ ਸੈਂਕੜੇ ਮਿਜ਼ਾਈਲ ਅਤੇ ਡਰੋਨ ਹਮਲੇ ਕੀਤੇ, ਜਿਸ ਨਾਲ ਕਈ ਇਲਾਕਿਆਂ ਵਿੱਚ ਬਿਜਲੀ ਅਤੇ ਹੀਟਿੰਗ ਵਿਵਸਥਾ ਠੱਪ ਹੋ ਗਈ। ਜ਼ੇਲੇਂਸਕੀ ਨੇ ਇਨ੍ਹਾਂ ਹਮਲਿਆਂ ਨੂੰ ਅਮਰੀਕਾ ਦੀ ਵਿਚੋਲਗੀ ਨਾਲ ਚੱਲ ਰਹੀਆਂ ਸ਼ਾਂਤੀ ਕੋਸ਼ਿਸ਼ਾਂ ਵਿੱਚ ਰੂਸ ਦੀ ਪ੍ਰਤੀਕਿਰਿਆ ਦੱਸਿਆ। ਇਸ ਤੋਂ ਇਲਾਵਾ, ਰੂਸ ਨੇ ਦਾਅਵਾ ਕੀਤਾ ਹੈ ਕਿ ਯੂਕਰੇਨ ਨੇ ਪੁਤਿਨ ਦੇ ਨਿਵਾਸ ਉੱਤੇ 91 ਡਰੋਨ ਨਾਲ ਹਮਲਾ ਕੀਤਾ ਹੈ, ਜਿਸ ਨੂੰ ਜ਼ੇਲੇਂਸਕੀ ਨੇ "ਸਾਧਾਰਨ ਝੂਠ" ਕਿਹਾ ਹੈ।

'ਨਿਊਯਾਰਕ ਟਾਈਮਜ਼' ਮੁਤਾਬਕ, ਜ਼ੇਲੇਂਸਕੀ ਲਈ ਟਰੰਪ ਨੂੰ ਗੱਲਬਾਤ ਵਿੱਚ ਰੱਖਣਾ ਹੀ ਇੱਕ ਜਿੱਤ ਹੈ, ਕਿਉਂਕਿ ਟਰੰਪ ਨੇ ਵਾਰ-ਵਾਰ ਧਮਕੀ ਦਿੱਤੀ ਸੀ ਕਿ ਉਹ ਵਾਰਤਾ ਤੋਂ ਪਿੱਛੇ ਹਟ ਜਾਣਗੇ।'

### ਕੀ ਨਵੇਂ ਸਾਲ ਵਿੱਚ ਜੰਗ ਖਤਮ ਹੋ ਜਾਵੇਗੀ ?

ਟਰੰਪ ਨੇ ਕਿਹਾ ਕਿ ਇਹ ਇੱਕ ਦਿਨ ਦੀ ਪ੍ਰਕਿਰਿਆ ਨਹੀਂ ਹੈ ਅਤੇ ਇਹ ਬਹੁਤ ਜਟਿਲ ਹੈ। ਹਾਲਾਂਕਿ ਉਨ੍ਹਾਂ ਨੇ ਉਮੀਦ ਜਤਾਈ ਕਿ ਕੁਝ ਹਫਤਿਆਂ ਵਿੱਚ ਨਤੀਜਾ ਨਿਕਲੇਗਾ, ਪਰ ਅਮਰੀਕੀ ਮੀਡੀਆ ਵਿੱਚ ਇਸ ਨੂੰ ਲੈ ਕੇ ਸ਼ੰਕੇ ਹੈ। 'ਏਬੀਸੀ ਨਿਊਜ਼' ਨੇ ਰਿਪੋਰਟ ਕੀਤਾ ਕਿ ਕ੍ਰੇਮਲਿਨ ਨੇ ਟਰੰਪ ਦੀਆਂ "ਸ਼ਾਂਤੀ ਕੋਸ਼ਿਸ਼ਾਂ" ਦੀ ਪ੍ਰਸ਼ੰਸਾ ਕੀਤੀ ਅਤੇ ਜ਼ੇਲੇਂਸਕੀ ਨੇ ਪੁਤਿਨ ਨਾਲ ਫੋਨ ਕਾਲ ਲਈ ਖੁੱਲ੍ਹੇ ਹੋਣ ਨੂੰ ਮੰਨਿਆ। ਪਰ ਇਹ ਵੀ ਸਪੱਸ਼ਟ ਹੈ ਕਿ ਜੰਗੀ ਹਾਲਾਤ ਅਤੇ ਰੂਸੀ ਮੰਗਾਂ ਕਾਰਨ ਨਵੇਂ ਸਾਲ ਵਿੱਚ ਪੂਰੀ ਸ਼ਾਂਤੀ ਦੀ ਉਮੀਦ ਘੱਟ ਹੈ। ਇਸ ਸਾਰੇ ਘਟਨਾਕ੍ਰਮ ਵਿੱਚ, ਟਰੰਪ ਦਾ ਵੱਡਾ ਦਾਅਵਾ ਇਹ ਹੈ ਕਿ ਸ਼ਾਂਤੀ ਫਾਰਮੂਲਾ 95 ਫੀਸਦੀ ਪੂਰਾ ਹੋ ਚੁੱਕਾ ਹੈ ਅਤੇ ਸੁਰੱਖਿਆ ਗਾਰੰਟੀਆਂ ਉੱਤੇ ਸਹਿਮਤੀ ਬਣ ਗਈ ਹੈ। ਪਰ ਡੋਨਬਾਸ ਅਤੇ ਨਾਟੋ ਨੂੰ ਲੈ ਕੇ ਅਸਹਿਮਤੀ ਕਾਰਨ ਇਹ ਅਜੇ ਅਨਿਸ਼ਚਿਤ ਹੈ।

# ਨੌਕਰੀ ਦਿਵਾਉਣ ਦੇ ਨਾਂ 'ਤੇ 7.47 ਲੱਖ ਦੀ ਮਾਰੀ ਠੱਗੀ, ਔਰਤ ਗ੍ਰਿਫ਼ਤਾਰ

ਜਲੰਧਰ-ਪੁਲਿਸ ਥਾਣਾ 6 ਨੇ ਇੱਕ ਔਰਤ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਸ ਨੇ ਆਰਬੀਆਈ ਅਧਿਕਾਰੀ ਬਣ ਕੇ ਇੱਕ ਰਿਸ਼ਤੇਦਾਰ ਦੇ ਪੁੱਤਰ ਅਤੇ ਉਸ ਦੇ ਜਾਣਕਾਰ ਨੂੰ ਬੈਂਕ 'ਚ ਨੌਕਰੀ ਦਿਵਾਉਣ ਦਾ ਵਾਅਦਾ ਕਰ ਕੇ 7.47 ਲੱਖ ਰੁਪਏ ਦੀ ਠੱਗੀ ਮਾਰੀ ਸੀ। ਇਹ ਔਰਤ ਠੱਗ ਗਿਰੋਹ ਦੀ ਸਰਗਨਾ ਹੈ। ਉਸ ਵਿਰੁੱਧ ਪਹਿਲਾਂ ਮਾਡਲ ਟਾਊਨ ਪੁਲਿਸ ਸਟੇਸ਼ਨ ਵਿੱਚ ਮਾਮਲਾ ਦਰਜ ਕੀਤਾ ਗਿਆ ਸੀ, ਜਿਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਉਸ ਨੇ ਬੈਂਕ ਅਤੇ ਆਰਬੀਆਈ 'ਚ ਨੌਕਰੀ ਦਿਵਾਉਣ ਦੇ ਨਾਂ ਹੇਠ ਦੋ ਵੱਖ-ਵੱਖ ਪਰਿਵਾਰਾਂ ਨਾਲ ਵੱਡੀ ਰਕਮ ਦੀ ਠੱਗੀ ਕੀਤੀ ਹੈ। ਹਾਲਾਂਕਿ ਔਰਤ ਨੇ ਅਦਾਲਤ ਤੋਂ ਜ਼ਮਾਨਤ ਪ੍ਰਾਪਤ ਕਰ ਲਈ ਸੀ ਅਤੇ ਜਾਂਚ ਵਿੱਚ ਸ਼ਾਮਲ ਹੋ ਗਈ ਸੀ। ਮੁਲਜ਼ਮ ਦੀ ਪਛਾਣ ਅੰਕਿਤਾ ਸ਼ਰਮਾ ਵਜੋਂ ਹੋਈ ਹੈ। ਉਹ ਮੂਲ ਰੂਪ ਵਿੱਚ ਪਿੰਡ ਤੇ ਡਾਕ. ਬਾਥੜੀ, ਵਾਰਡ ਨੰਬਰ 5, ਤਹਿਸੀਲ ਹਰੋਲੀ, ਜ਼ਿਲ੍ਹਾ ਊਨਾ, ਹਿਮਾਚਲ ਪ੍ਰਦੇਸ਼ ਦੀ ਰਹਿਣ ਵਾਲੀ ਹੈ ਅਤੇ ਵਰਤਮਾਨ ਵਿੱਚ ਰੂਪਨਗਰ ਦੇ ਕਸਬੇ ਨੰਗਲ ਦੀ ਐੱਮਸੀ ਕਾਲੋਨੀ ਵਿੱਚ ਰਹਿੰਦੀ ਹੈ।

ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਨਿਊ ਅਬਾਦਪੁਰਾ ਦੇ ਰਹਿਣ ਵਾਲੇ ਅਤੇ ਜ਼ਿਲ੍ਹਾ ਮੈਜਿਸਟ੍ਰੇਟ ਦਫ਼ਤਰ ਵਿੱਚ ਕੰਮ ਕਰਨ ਵਾਲੇ ਕੁਸ਼ਲ ਕੁਮਾਰ ਨੇ ਕਿਹਾ ਕਿ ਅੰਕਿਤਾ ਉਸ ਦੀ ਰਿਸ਼ਤੇਦਾਰ ਹੈ। ਉਸ ਨੇ ਆਪਣੇ ਆਪ ਨੂੰ ਆਰਬੀਆਈ ਅਧਿਕਾਰੀ ਵਜੋਂ ਪੇਸ਼ ਕੀਤਾ ਅਤੇ 1.5 ਲੱਖ ਰੁਪਏ ਦੀ ਤਨਖਾਹ ਦਾ ਦਾਅਵਾ ਕੀਤਾ। ਉਸ ਨੇ 2023 ਵਿੱਚ ਉਸ ਦੇ ਪੁੱਤਰ ਪ੍ਰਥਮ ਮੱਟੂ ਨੂੰ ਬੈਂਕ ਵਿੱਚ ਨੌਕਰੀ ਦਿਵਾਉਣ ਦਾ ਵਾਅਦਾ ਕੀਤਾ। ਇਸ ਸਮੇਂ ਦੌਰਾਨ ਕੁਸ਼ਲ ਨੇ ਕਰਜ਼ਾ ਲੈ ਕੇ 420,000 ਰੁਪਏ ਇਕੱਠੇ ਕੀਤੇ ਤੇ ਕਿਸ਼ਤਾਂ 'ਤੇ ਉਕਤ ਔਰਤ ਨੂੰ ਅਦਾ ਕਰ ਦਿੱਤੇ ਪਰ ਉਸ ਨੇ ਨਾ ਤਾਂ ਨੌਕਰੀ ਦਿੱਤੀ ਅਤੇ ਨਾ ਹੀ ਪੈਸੇ ਵਾਪਸ ਕੀਤੇ। ਲੰਬੇ ਸਮੇਂ ਤੋਂ ਦੇਰੀ ਤੋਂ ਬਾਅਦ ਸ਼ਿਕਾਇਤਕਰਤਾ ਨੂੰ ਅਹਿਸਾਸ ਹੋਇਆ ਕਿ ਉਸ ਨੂੰ ਠੱਗਿਆ ਗਿਆ ਹੈ ਅਤੇ ਉਸ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ।

ਜਾਂਚ ਵਿੱਚ ਪਤਾ ਲੱਗਿਆ ਕਿ ਉਕਤ ਔਰਤ ਨੇ ਕੁਸ਼ਲ ਦੇ ਜਾਣੇ-ਪਛਾਣੇ ਇੱਕ ਹੋਰ ਪਰਿਵਾਰ ਨੂੰ ਵੀ ਇਸੇ ਤਰ੍ਹਾਂ ਸ਼ਿਕਾਰ ਬਣਾਇਆ ਸੀ। ਸੰਤੋਸ਼ ਰਾਣੀ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਕਿ ਮੁਲਜ਼ਮ ਔਰਤ ਨੇ ਉਸ ਦੀ ਧੀ ਅਨਾਮਿਕਾ ਨੂੰ ਆਰਬੀਆਈ ਵਿੱਚ ਨੌਕਰੀ ਦਾ ਵਾਅਦਾ ਕਰ ਕੇ 345,000 ਰੁਪਏ ਦੀ ਠੱਗੀ ਮਾਰੀ। ਜਦੋਂ ਨੌਕਰੀ ਨਾ ਮਿਲੀ ਤੇ ਨਾ ਹੀ ਪੈਸੇ ਵਾਪਸ ਕੀਤੇ ਤਾਂ ਪੀੜਤ ਪਰਿਵਾਰ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ।

# ਭਾਰਤ ਵਿੱਚ ਫਿਰਕੂ ਤਣਾਅ ਕਿਉਂ ਵਧ ਰਹੇ ਨੇ

**ਨਿਊਜ਼ ਵਿਸ਼ਲੇਸ਼ਣ**

## ✪ ਨਫਰਤੀ ਵੀਡੀਓਜ਼ ਅਤੇ ਸੋਸ਼ਲ ਮੀਡੀਆ ਦੀ ਭੂਮਿਕਾ ਨੇ ਕੀ ਨੁਕਸਾਨ ਪਹੁੰਚਾਇਆ ✪ ਮੁਸਲਮਾਨ, ਈਸਾਈ, ਸਿੱਖ ਫਿਰਕਾਪ੍ਰਸਤਾਂ ਦੇ ਨਿਸ਼ਾਨੇ ਉਪਰ ਕਿਉਂ ? ✪ ਬੀਜੇਪੀ ਸ਼ਾਸਿਤ ਰਾਜਾਂ ਵਿੱਚ ਫਿਰਕੂ ਹਮਲੇ ਜਿਆਦਾ ਵਧੇ





ਭਾਰਤ ਵਿੱਚ ਫਿਰਕੂ ਤਣਾਅ ਅਤੇ ਨਫਰਤੀ ਭਾਸ਼ਣਾਂ ਦੀ ਵਧ ਰਹੀ ਗਿਣਤੀ ਨੇ ਭਾਰਤ ਨੂੰ ਇੱਕ ਨਵੇਂ ਸੰਕਟ ਵੱਲ ਧੱਕ ਦਿੱਤਾ ਹੈ। ਹਾਲ ਹੀ ਵਿੱਚ, ਸੋਸ਼ਲ ਮੀਡੀਆ ਪਲੇਟਫਾਰਮ 'ਐੱਕਸ' (ਪਹਿਲਾਂ ਟਵਿੱਟਰ) ਤੇ ਅਪਲੋਡ ਕੀਤੇ ਗਏ ਕਈ ਵੀਡੀਓਜ਼ ਨੇ ਇਸ ਤਣਾਅ ਨੂੰ ਹੋਰ ਵਧਾ ਦਿੱਤਾ ਹੈ। ਇਨ੍ਹਾਂ ਵੀਡੀਓਜ਼ ਵਿੱਚ ਮੁਸਲਮਾਨਾਂ, ਈਸਾਈਆਂ ਅਤੇ ਸਿੱਖਾਂ ਵਰਗੇ ਘੱਟ ਗਿਣਤੀ ਸਮੂਹਾਂ ਵਿਰੁੱਧ ਖੁੱਲ੍ਹੇਆਮ ਹਿੰਸਾ ਦੇ ਸੱਦੇ ਦਿੱਤੇ ਜਾ ਰਹੇ ਹਨ। ਇੱਕ ਵੀਡੀਓ ਵਿੱਚ ਮਹਾਂਮੰਡਲੇਸ਼ਵਰ ਯਤੀ ਨਰਸਿੰਹਾਨੰਦ ਗਿਰੀ ਨੇ ਕਿਹਾ ਕਿ ਹਿੰਦੂਆਂ ਨੂੰ ਤਲਵਾਰਾਂ ਵੰਡਣ ਨਾਲ ਕੁਝ ਨਹੀਂ ਹੋਵੇਗਾ, ਬਲਕਿ ਉਨ੍ਹਾਂ ਨੂੰ ਆਤਮਘਾਤੀ ਦਸਤੇ ਬਣਾਉਣੇ ਚਾਹੀਦੇ ਹਨ ਅਤੇ ਆਈਐੱਸਆਈਐੱਸ ਵਰਗੇ ਸੰਗਠਨ ਬਣਾਉਣੇ ਚਾਹੀਦੇ ਹਨ। ਇਹ ਵੀਡੀਓ ਦਸੰਬਰ 2025 ਦੇ ਅਖੀਰ ਵਿੱਚ ਵਾਇਰਲ ਹੋਇਆ ਸੀ ਅਤੇ ਬਹੁਤ ਸਾਰੇ ਲੋਕਾਂ ਨੇ ਇਸ ਨੂੰ ਨਫਰਤੀ ਭਾਸ਼ਣ ਵਜੋਂ ਵੇਖਿਆ ਸੀ।

ਯਤੀ ਨਰਸਿੰਹਾਨੰਦ ਪਹਿਲਾਂ ਵੀ ਅਜਿਹੇ ਬਿਆਨਾਂ ਲਈ ਵਿਵਾਦ ਵਿੱਚ ਰਹੇ ਹਨ। ਉਨ੍ਹਾਂ ਨੇ ਉੱਤਰ ਪ੍ਰਦੇਸ਼ ਦੇ ਹਾਪੁੜ ਵਿੱਚ ਇੱਕ ਪ੍ਰੋਟੈਸਟ ਵਿੱਚ ਮੁਸਲਮਾਨਾਂ ਵਿਰੁੱਧ ਅਪਮਾਨਜਨਕ ਟਿੱਪਣੀਆਂ ਕੀਤੀਆਂ ਸਨ, ਜਿਵੇਂ ਕਿ ਉਨ੍ਹਾਂ ਨੂੰ 'ਮੁੱਲਾਂ' ਕਹਿ ਕੇ ਬੁਲਾਉਣਾ ਅਤੇ ਹਿੰਦੂ ਘਰਾਂ ਵਿੱਚ ਉਨ੍ਹਾਂ ਨੂੰ ਨਾ ਵੜਨ ਦੇਣਾ। ਇਸ ਨਾਲ ਸਮਾਜ ਵਿੱਚ ਵੰਡ ਵਧ ਰਹੀ ਹੈ। ਇਸੇ ਤਰ੍ਹਾਂ, ਰਿਸ਼ਭ ਓਝਾ ਨਾਂ ਦੇ ਇੱਕ ਫਿਰਕੂ ਨੇ ਆਪਣੇ ਵੀਡੀਓ ਵਿੱਚ ਕਿਹਾ ਕਿ ਮੁਸਲਮਾਨਾਂ ਨਾਲ ਦੋਸਤੀ ਕਰੋ, ਉਨ੍ਹਾਂ ਨੂੰ ਅਗਵਾ ਕਰੋ ਅਤੇ ਤੇਜ਼ਾਬ ਨਾਲ ਟਾਰਚਰ ਕਰੋ। ਇਹ ਵੀਡੀਓ ਵੀ ਦਸੰਬਰ 2025 ਵਿੱਚ ਵਾਇਰਲ ਹੋਇਆ ਅਤੇ ਬਹੁਤ ਸਾਰੇ ਲੋਕਾਂ ਨੇ ਮੰਗ ਕੀਤੀ ਕਿ ਮੁੰਬਈ ਅਤੇ ਦਿੱਲੀ ਪੁਲਿਸ ਉਸ ਵਿਰੁੱਧ ਕਾਰਵਾਈ ਕਰੇ। ਰਿਸ਼ਭ ਨੇ ਆਪਣੇ ਵੀਡੀਓ ਵਿੱਚ ਦਾਅਵਾ ਕੀਤਾ ਕਿ ਉਹ ਪਹਿਲਾਂ ਹੀ ਮੁਸਲਮਾਨਾਂ ਨੂੰ ਟਾਰਚਰ ਕਰ ਚੁੱਕਾ ਹੈ, ਜਿਸ ਨਾਲ ਘੱਟ ਗਿਣਤੀ ਸਮੂਹਾਂ ਵਿੱਚ ਡਰ ਵਧ ਗਿਆ ਹੈ।

ਗਾਜ਼ੀਆਬਾਦ ਵਿੱਚ ਹਿੰਦੂ ਰਖਸ਼ਾ ਦਲ ਦੇ ਕਾਰਕੁੰਨਾਂ ਨੇ ਜਨਤਕ ਥਾਂ ਤੇ ਤਲਵਾਰਾਂ ਅਤੇ ਹਥਿਆਰ ਵੰਡੇ। ਇੱਕ ਵੀਡੀਓ ਵਿੱਚ ਉਹ ਮੁਸਲਮਾਨਾਂ ਵਿਰੁੱਧ ਨਫਰਤ ਫੈਲਾਉਂਦੇ ਨਜ਼ਰ ਆ ਰਹੇ ਹਨ। ਪੁਲਿਸ ਨੇ 10 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਪਰ ਗਰੁਪ ਦਾ ਲੀਡਰ ਭੁਪਿੰਦਰ ਚੌਧਰੀ ਅਜੇ ਵੀ ਫਰਾਰ ਹੈ। ਇਸ ਘਟਨਾ ਨੇ ਦਸੰਬਰ 2025 ਵਿੱਚ ਵੱਡਾ ਵਿਵਾਦ ਖੜ੍ਹਾ ਕੀਤਾ ਸੀ। ਫਰੀਦਾਬਾਦ ਤੋਂ ਗਾਇਕ ਸੁਰਿੰਦਰ ਰਾਵਤ ਨੇ ਆਪਣੇ ਗੀਤ ਵਿੱਚ ਗਊ ਰੱਖਿਆ ਦੇ ਨਾਂ ਤੇ ਭੀੜ ਹਿੰਸਾ ਨੂੰ ਉਕਸਾਇਆ ਸੀ, ਜਿਸ ਵਿੱਚ ਭਗਵੇ ਝੰਡੇ ਅਤੇ ਹਿੰਸਕ ਸੀਨ ਵਿਖਾਏ ਗਏ ਸਨ। ਇਹ ਵੀਡੀਓਜ਼ ਨੇ ਨਾ ਸਿਰਫ਼ ਭਾਰਤ ਵਿੱਚ ਬਲਕਿ ਵਿਦੇਸ਼ਾਂ ਵਿੱਚ ਵੀ ਚਿੰਤਾ ਵਧਾਈ ਹੈ। ਸੋਸ਼ਲ ਮੀਡੀਆ ਤੇ ਇਹ ਨਫਰਤ ਫੈਲਾਉਣ ਵਾਲੇ ਵੀਡੀਓਜ਼ ਹਜ਼ਾਰਾਂ ਵਾਰ ਸ਼ੇਅਰ ਕੀਤੇ ਜਾ ਰਹੇ ਹਨ, ਜਿਸ ਨਾਲ ਨੌਜਵਾਨਾਂ ਵਿੱਚ ਗਲਤ ਭਾਵਨਾਵਾਂ ਵਧ ਰਹੀਆਂ ਹਨ। ਬਹੁਤ ਸਾਰੇ ਲੋਕਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਟੈਗ ਕਰਕੇ ਕਾਰਵਾਈ ਦੀ ਮੰਗ ਕੀਤੀ ਹੈ ਪਰ ਅਜੇ ਤੱਕ ਕੋਈ ਵੱਡੀ ਕਾਰਵਾਈ ਨਹੀਂ ਵਿਖਾਈ ਦਿੰਦੀ। ਇਹ ਘਟਨਾਵਾਂ ਦਸੰਬਰ 25, 2025 ਤੋਂ ਜਨਵਰੀ 2, 2026 ਤੱਕ ਵੱਖ-ਵੱਖ ਰਾਜਾਂ ਵਿੱਚ ਵਾਪਰੀਆਂ ਹਨ ਅਤੇ ਇਨ੍ਹਾਂ ਨੇ ਦੇਸ਼ ਦੇ ਫਿਰਕੂ ਮਾਹੌਲ ਨੂੰ ਹੋਰ ਖਰਾਬ ਕੀਤਾ ਹੈ।



### ਈਸਾਈ ਅਤੇ ਮੁਸਲਮਾਨਾਂ ਉੱਤੇ ਵਧ ਰਹੇ ਫਿਰਕੂ ਹਮਲੇ: 2025 ਦੇ ਅੰਕੜੇ ਅਤੇ ਘਟਨਾਵਾਂ

2025 ਵਿੱਚ ਭਾਰਤ ਵਿੱਚ ਈਸਾਈ ਅਤੇ ਮੁਸਲਮਾਨਾਂ ਉੱਤੇ ਹਮਲੇ ਤੇਜ਼ੀ ਨਾਲ ਵਧੇ ਹਨ। ਯੂਨਾਈਟਿਡ ਕ੍ਰਿਸਚੀਅਨ ਫੋਰਮ ਦੇ ਅੰਕੜਿਆਂ ਅਨੁਸਾਰ, ਜਨਵਰੀ ਤੋਂ ਨਵੰਬਰ ਤੱਕ 706 ਈਸਾਈਆਂ ਵਿਰੁੱਧ ਹਿੰਸਾ ਦੇ ਮਾਮਲੇ ਦਰਜ ਹੋਏ ਹਨ। ਇਨ੍ਹਾਂ ਵਿੱਚ ਚਰਚਾਂ ਤੇ ਹਮਲੇ, ਪ੍ਰਾਰਥਨਾ ਸਭਾਵਾਂ ਵਿੱਚ ਵਿਘਨ ਅਤੇ ਨਫਰਤੀ ਭਾਸ਼ਣ ਸ਼ਾਮਲ ਹਨ। ਕ੍ਰਿਸਮਸ 2025 ਦੌਰਾਨ ਇਹ ਹਮਲੇ ਵੱਧ ਗਏ ਸਨ। ਉੱਤਰ ਪ੍ਰਦੇਸ਼, ਛੱਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਰਗੇ ਰਾਜਾਂ ਵਿੱਚ ਈਸਾਈਆਂ ਨੂੰ ਨਿਸ਼ਾਨਾ ਬਣਾਇਆ ਗਿਆ। ਉਦਾਹਰਨ ਵਜੋਂ, 20 ਦਸੰਬਰ ਨੂੰ ਜਬਲਪੁਰ ਵਿੱਚ ਇੱਕ ਚਰਚ ਵਿੱਚ ਹਿੰਦੂਤਵ ਗਰੁਪ ਨੇ ਹਮਲਾ ਕੀਤਾ ਅਤੇ ਇੱਕ ਅੰਨ੍ਹੀ ਔਰਤ ਨੂੰ ਵੀ ਨਹੀਂ ਬਖਸ਼ਿਆ। ਰਾਇਪੁਰ ਵਿੱਚ 24 ਦਸੰਬਰ ਨੂੰ ਇੱਕ ਮਾਲ ਵਿੱਚ ਕ੍ਰਿਸਮਸ ਡੈਕੋਰੇਸ਼ਨ ਨੂੰ ਤੋੜਿਆ ਗਿਆ ਅਤੇ ਸਟਾਫ ਨੂੰ ਮਾਰਿਆ ਗਿਆ। ਅਸਾਮ ਵਿੱਚ ਇੱਕ ਸਕੂਲ ਵਿੱਚ ਨੈਟੀਵਿਟੀ ਕ੍ਰਿਬ ਨੂੰ ਤੋੜਿਆ ਗਿਆ। ਇਹ ਘਟਨਾਵਾਂ ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਵਰਗੇ ਗਰੁਪਾਂ ਨਾਲ ਜੁੜੀਆਂ ਹਨ।

ਮੁਸਲਮਾਨਾਂ ਉਪਰ ਵੀ ਹਿੰਸਾ ਵਧੀ ਹੈ। 2025 ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਭੀੜ ਨੇ ਪੰਜ ਮੁਸਲਮਾਨਾਂ ਨੂੰ ਮਾਰ ਦਿੱਤਾ ਗਿਆ ਅਤੇ ਕਈ ਜ਼ਖਮੀ ਕੀਤੇ। ਜਨਵਰੀ ਤੋਂ ਜੁਲਾਈ ਤੱਕ ਈਸਾਈਆਂ ਤੇ 334 ਮਾਮਲੇ ਦਰਜ ਹੋਏ ਪਰ ਮੁਸਲਮਾਨਾਂ ਤੇ ਵੀ ਅਜਿਹੇ ਅੰਕੜੇ ਵਧ ਰਹੇ ਹਨ। ਓਪਨ ਡੋਰਜ਼ ਨੇ 2025 ਵਿੱਚ 2900 ਤੋਂ ਵੱਧ ਪਰਸੀਕਿਊਸ਼ਨ ਘਟਨਾਵਾਂ ਰਿਪੋਰਟ ਕੀਤੀਆਂ ਹਨ। ਦਸੰਬਰ 2025 ਵਿੱਚ ਬੰਗਲਾਦੇਸ਼ ਵਿੱਚ ਹਿੰਦੂਆਂ ਤੇ ਹਮਲਿਆਂ ਦੇ ਵਿਰੋਧ ਵਿੱਚ ਭਾਰਤ ਵਿੱਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ। ਗਾਜ਼ੀਆਬਾਦ ਵਿੱਚ ਹਿੰਦੂ ਰਖਸ਼ਾ ਦਲ ਨੇ ਤਲਵਾਰਾਂ ਵੰਡੀਆਂ ਅਤੇ ਮੁਸਲਮਾਨਾਂ ਨੂੰ ਧਮਕੀਆਂ ਦਿੱਤੀਆਂ। ਇਹ ਹਮਲੇ ਬੀਜੇਪੀ ਸ਼ਾਸਿਤ ਰਾਜਾਂ ਵਿੱਚ ਵੱਧ ਹਨ, ਜਿੱਥੇ ਐਂਟੀ-ਕਨਵਰਜ਼ਨ ਲਾਅ ਨੂੰ ਬਹਾਨਾ ਬਣਾ ਕੇ ਘੱਟ ਗਿਣਤੀਆਂ ਨੂੰ ਤੰਗ ਕੀਤਾ ਜਾਂਦਾ ਹੈ। ਯੂਐੱਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡੰਮ ਨੇ ਭਾਰਤ ਨੂੰ 'ਕੰਟਰੀ ਆਫ ਪਾਰਟੀਕੁਲਰ ਕਨਸਰਨ' ਵਜੋਂ ਨਾਮਜ਼ਦ ਕੀਤਾ ਹੈ। ਇਨ੍ਹਾਂ ਘਟਨਾਵਾਂ ਨੇ ਸੰਵਿਧਾਨਕ ਮੁਲਾਂ ਨੂੰ ਚੁਣੌਤੀ ਦਿੱਤੀ ਹੈ ਅਤੇ ਸਮਾਜ ਵਿੱਚ ਵੰਡ ਵਧਾਈ ਹੈ।

### ਸਿੱਖਾਂ ਵਿਰੁੱਧ ਸੋਸ਼ਲ ਮੀਡੀਆ ਤੇ ਹਿੰਦੂਤਵ ਗਰੁਪਾਂ ਦੀ ਨਫਰਤੀ ਮੁਹਿੰਮ

ਸਿੱਖਾਂ ਵਿਰੁੱਧ ਨਫਰਤ ਵੀ 2025-2026 ਵਿੱਚ ਵਧੀ ਹੈ, ਖਾਸ ਕਰਕੇ ਹਿੰਦੂਤਵ ਗਰੁਪਾਂ ਵੱਲੋਂ ਸੋਸ਼ਲ ਮੀਡੀਆ ਤੇ ਫੈਲਾਈ ਜਾ ਰਹੀ ਹੈ। ਖਾਲਿਸਤਾਨ ਨੂੰ ਲੈ ਕੇ ਸਿੱਖਾਂ ਨੂੰ ਅੱਤਵਾਦੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਨਿਊਜ਼ੀਲੈਂਡ ਵਿੱਚ ਦਸੰਬਰ 2025 ਵਿੱਚ ਇੱਕ ਨਗਰ ਕੀਰਤਨ ਤੇ ਹਮਲਾ ਹੋਇਆ, ਜਿੱਥੇ ਪ੍ਰੋਟੈਸਟਰਾਂ ਨੇ ਸਿੱਖਾਂ ਨੂੰ 'ਭਾਰਤ ਵਾਪਸ ਜਾਓ' ਕਿਹਾ। ਨਿਊਜ਼ੀਲੈਂਡ ਦੇ ਸਿੱਖਾਂ ਨੇ ਦੋਸ਼ ਲਗਾਇਆ ਕਿ ਇਹ ਹਿੰਦੂ ਨੈਸ਼ਨਲਿਸਟ ਨੈੱਟਵਰਕਸ ਨਾਲ ਜੁੜਿਆ ਹੈ ਜੋ ਵਾਈਟ ਸੁਪਰਮੇਸੀ ਨਾਲ ਮਿਲ ਕੇ ਸਿੱਖਾਂ ਨੂੰ ਟਾਰਗੇਟ ਕਰ ਰਹੇ ਹਨ। ਕੈਨੇਡਾ ਅਤੇ ਅਮਰੀਕਾ ਵਿੱਚ ਵੀ ਅਜਿਹੇ ਹਮਲੇ ਵਧੇ ਹਨ।


ਭਾਰਤ ਵਿੱਚ ਸਿੱਖਾਂ ਨੂੰ ਖਾਲਿਸਤਾਨੀ ਵਜੋਂ ਬਦਨਾਮ ਕੀਤਾ ਜਾ ਰਿਹਾ ਹੈ। ਯੂਐੱਸ ਅਤੇ ਕੈਨੇਡਾ ਵਿੱਚ ਸਿੱਖ ਲੀਡਰਾਂ ਦੇ ਕਤਲ ਦੀਆਂ ਕੋਸ਼ਿਸ਼ਾਂ ਨੂੰ ਭਾਰਤੀ ਏਜੰਟਾਂ ਨਾਲ ਜੋੜਿਆ ਗਿਆ ਹੈ। ਹਿੰਦੂਤਵ ਗਰੁਪਾਂ ਨੇ ਸਿੱਖਾਂ ਨੂੰ 'ਐਂਟੀ-ਹਿੰਦੂ' ਵਜੋਂ ਪੇਸ਼ ਕੀਤਾ, ਜਿਵੇਂ ਕਿ ਬਾਲੀਵੁੱਡ ਫਿਲਮਾਂ ਵਿੱਚ ਵੀ ਅਜਿਹਾ ਵਿਖਾਇਆ ਜਾਂਦਾ ਹੈ। ਇੰਡੀਅਨ ਅਮੈਰੀਕਨ ਮੁਸਲਿਮ ਕਾਉਂਸਲ ਨੇ ਸਿੱਖਾਂ ਨੂੰ ਟਾਰਗੇਟ ਕਰਨ ਵਾਲੇ ਹਿੰਦੂ ਫਾਰ-ਰਾਈਟ ਗਰੁਪਾਂ ਦੀ ਨਿੰਦਾ ਕੀਤੀ ਹੈ। ਕੈਨੇਡਾ ਵਿੱਚ ਹਿੰਦੂ-ਸਿੱਖ ਯੂਨਿਟੀ ਮੂਵਮੈਂਟ ਸ਼ੁਰੂ ਹੋਈ ਹੈ ਪਰ ਨਫਰਤੀ ਕੈਂਪੇਨ ਜਾਰੀ ਹੈ। ਇਹ ਨਫਰਤ ਸੋਸ਼ਲ ਮੀਡੀਆ ਕਾਰਣ ਵਧ ਰਹੀ ਹੈ ਅਤੇ ਗਲੋਬਲ ਸਿੱਖ ਕਮਿਊਨਿਟੀ ਨੂੰ ਪ੍ਰਭਾਵਿਤ ਕਰ ਰਹੀ ਹੈ।

### ਮੋਦੀ ਸਰਕਾਰ ਅਤੇ ਪੁਲਿਸ ਦੀ ਚੁੱਪੀ: ਕਿਉਂ ਨਹੀਂ ਰੋਕੀ ਜਾ ਰਹੀ ਨਫਰਤ ?

ਮੋਦੀ ਸਰਕਾਰ ਤੇ ਆਲੋਚਨਾ ਵਧ ਰਹੀ ਹੈ ਕਿ ਉਹ ਫਿਰਕੂ ਹਿੰਸਾ ਨੂੰ ਨਿਯੰਤਰਿਤ ਨਹੀਂ ਕਰ ਰਹੀ। ਬਹੁਤ ਸਾਰੇ ਅੰਕੜੇ ਦੱਸਦੇ ਹਨ ਕਿ ਬੀਜੇਪੀ ਸ਼ਾਸਿਤ ਰਾਜਾਂ ਵਿੱਚ ਹਿੰਸਾ ਵੱਧ ਹੈ। ਉੱਤਰ ਪ੍ਰਦੇਸ਼ ਵਿੱਚ 209 ਈਸਾਈ ਹਿੰਸਾ ਮਾਮਲੇ ਹੋਏ ਪਰ ਕੋਈ ਵੀ ਕਾਰਵਾਈ ਨਹੀਂ ਹੋਈ। ਪੁਲਿਸ ਨੇ ਯਤੀ ਨਰਸਿੰਹਾਨੰਦ ਵਿਰੁੱਧ ਐਫਆਈਆਰ ਦਰਜ ਕੀਤੀ ਪਰ ਉਹ ਅਜੇ ਆਜ਼ਾਦ ਹੈ ਅਤੇ ਨਵੇਂ ਬਿਆਨ ਦੇ ਰਿਹਾ ਹੈ। ਰਿਸ਼ਭ ਓਝਾ ਵਿਰੁੱਧ ਵੀ ਕੋਈ ਵੱਡੀ ਕਾਰਵਾਈ ਨਹੀਂ ਹੋਈ। ਹਿੰਦੂ ਰਕਸ਼ਾ ਦਲ ਦੇ ਮੈਂਬਰ ਗ੍ਰਿਫ਼ਤਾਰ ਹੋਏ ਪਰ ਲੀਡਰ ਫਰਾਰ ਹੈ। ਹਿੰਦੂਤਵ ਗਰੁਪਾਂ ਨੂੰ ਸਰਕਾਰੀ ਸਹਿਯੋਗ ਮਿਲ ਰਿਹਾ ਹੈ ਜਿਸ ਨਾਲ ਉਨ੍ਹਾਂ ਦਾ ਹੌਸਲਾ ਵਧਿਆ ਹੈ। ਯੂਐੱਸ ਅਤੇ ਇੰਟਰਨੈਸ਼ਨਲ ਰਿਪੋਰਟਾਂ ਨੇ ਭਾਰਤ ਨੂੰ ਰਿਲੀਜੀਅਸ ਫਰੀਡਮ ਵਿੱਚ ਘਟੀਆ ਦੱਸਿਆ ਹੈ। ਪੁਲਿਸ ਅਤੇ ਸਰਕਾਰ ਦੀ ਚੁੱਪੀ ਨੇ ਸਮਾਜ ਵਿੱਚ ਵੰਡ ਵਧਾਈ ਹੈ। ਬਹੁਤ ਸਾਰੇ ਲੋਕਾਂ ਨੇ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਚੁੱਪ ਰਹਿੰਦੇ ਹਨ ਤਾਂ ਪ੍ਰਸ਼ਾਸਨ ਵੀ ਕਾਰਵਾਈ ਨਹੀਂ ਕਰੇਗਾ।

# ਭਾਰਤ ਅਤੇ ਪੰਜਾਬ ਸਰਕਾਰਾਂ ਲੋਕ ਅੰਦੋਲਨਾਂ ਅਤੇ ਮੀਡੀਆ ਤੋਂ ਕਿਉਂ ਡਰਦੀਆਂ ਹਨ ?

## ✪ ਮੀਡੀਆ ਕਿਉਂ ਹੈ ਸਰਕਾਰ ਦੇ ਨਿਸ਼ਾਨੇ ਉਪਰ ✪ ਬਿਊਰੋ ਆਫ ਪੁਲਿਸ ਰੀਸਰਚ ਐਂਡ ਡਿਵੈਲਪਮੈਂਟ ਵੱਲੋਂ ਆਜ਼ਾਦ ਭਾਰਤ ਦੇ ਅੰਦੋਲਨਾਂ ਬਾਰੇ ਜਾਣਕਾਰੀ ਕਿਉਂ ਮੰਗੀ



ਭਾਰਤ ਵਿੱਚ ਲੋਕਤੰਤਰ ਦੀ ਗੱਲ ਕੀਤੀ ਜਾਂਦੀ ਹੈ ਪਰ ਅਸਲ ਵਿੱਚ ਲੋਕ ਅੰਦੋਲਨਾਂ ਅਤੇ ਮੀਡੀਆ ਨੂੰ ਦਬਾਉਣ ਦੇ ਮਾਮਲੇ ਵਧਦੇ ਜਾ ਰਹੇ ਹਨ। ਨਰਿੰਦਰ ਮੋਦੀ ਦੀ ਕੇਂਦਰੀ ਸਰਕਾਰ ਅਤੇ ਪੰਜਾਬ ਵਿੱਚ ਭਗਵੰਤ ਮਾਨ ਦੀ ਆਮ ਆਦਮੀ ਪਾਰਟੀ (ਏਏਪੀ) ਸਰਕਾਰ ਉਪਰ ਲੋਕ ਅੰਦੋਲਨਾਂ ਨੂੰ ਸਖ਼ਤੀ ਨਾਲ ਕੁਚਲਣ ਅਤੇ ਮੀਡੀਆ ਉੱਤੇ ਹਮਲੇ ਕਰਨ ਦੇ ਮਨੁੱਖੀ ਅਧਿਕਾਰ ਸੰਗਠਨਾਂ ਵਲੋਂ ਦੋਸ਼ ਲਗਾਏ ਜਾ ਰਹੇ ਹਨ।

ਕਿਸਾਨ ਸੰਗਠਨਾਂ ਤੇ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਮੋਦੀ ਸਰਕਾਰ ਲੋਕ ਅੰਦੋਲਨਾਂ ਪ੍ਰਤੀ ਬਹੁਤ ਸਖ਼ਤ ਹੈ, ਕਿਉਂਕਿ ਉਹ ਆਪਣੀ ਨੀਤੀਆਂ ਨੂੰ ਬਿਨਾਂ ਕਿਸੇ ਵਿਰੋਧ ਦੇ ਲਾਗੂ ਕਰਨਾ ਚਾਹੁੰਦੀ ਹੈ। ਉਦਾਹਰਨ ਵਜੋਂ, 2019 ਵਿੱਚ ਨਾਗਰਿਕਤਾ ਸੋਧ ਕਾਨੂੰਨ (ਸੀਏਏ) ਵਿਰੋਧੀ ਅੰਦੋਲਨ ਨੂੰ ਸਰਕਾਰ ਨੇ ਪੁਲਿਸ ਦੇ ਜ਼ਰੀਏ ਕੁਚਲ ਦਿੱਤਾ।

ਪ੍ਰਦਰਸ਼ਨਕਾਰੀਆਂ ਉੱਤੇ ਲਾਠੀਚਾਰਜ ਹੋਇਆ, ਇੰਟਰਨੈੱਟ ਬੰਦ ਕੀਤਾ ਗਿਆ ਅਤੇ ਕਈ ਨੂੰ ਜੇਲ੍ਹਾਂ ਵਿੱਚ ਪਾ ਦਿੱਤਾ ਗਿਆ। ਇਸ ਅੰਦੋਲਨ ਵਿੱਚ ਮੁਸਲਿਮ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦਾ ਵਿਰੋਧ ਕੀਤਾ ਜਾ ਰਿਹਾ ਸੀ, ਪਰ ਸਰਕਾਰ ਨੇ ਇਸ ਨੂੰ 'ਰਾਸ਼ਟਰੀ ਸੁਰੱਖਿਆ' ਦਾ ਮਾਮਲਾ ਬਣਾ ਕੇ ਦਬਾ ਦਿੱਤਾ। ਇਸੇ ਤਰ੍ਹਾਂ, 2020-21 ਵਿੱਚ ਕਿਸਾਨ ਅੰਦੋਲਨ ਨੂੰ ਸਰਕਾਰ ਨੇ ਸਖ਼ਤੀ ਨਾਲ ਨਜਿੱਠਿਆ ਗਿਆ। ਕਿਸਾਨ ਤਿੰਨ ਖੇਤੀ ਕਾਨੂੰਨਾਂ ਵਿਰੋਧੀ ਸਨ, ਜੋ ਕਾਰਪੋਰੇਟਾਂ ਨੂੰ ਫਾਇਦਾ ਪਹੁੰਚਾਉਂਦੇ ਸਨ। ਪ੍ਰਦਰਸ਼ਨਕਾਰੀਆਂ ਉੱਤੇ ਪਾਣੀ ਦੀਆਂ ਤੋਪਾਂ ਚਲਾਈਆਂ ਗਈਆਂ, ਰਸਤੇ ਬੰਦ ਕੀਤੇ ਗਏ ਅਤੇ ਮੀਡੀਆ ਨੂੰ ਵੀ ਰੋਕਿਆ ਗਿਆ। ਸਰਕਾਰ ਨੂੰ ਡਰ ਸੀ ਕਿ ਇਹ ਅੰਦੋਲਨ ਪੂਰੇ ਦੇਸ਼ ਵਿੱਚ ਫੈਲ ਜਾਵੇਗਾ ਅਤੇ ਉਸ ਦੀਆਂ ਨੀਤੀਆਂ ਨੂੰ ਚੁਣੌਤੀ ਮਿਲੇਗੀ। ਅੰਤ ਵਿੱਚ, ਸਰਕਾਰ ਨੂੰ ਕਾਨੂੰਨ ਵਾਪਸ ਲੈਣੇ ਪਏ ਪਰ ਇਸ ਨੇ ਲੋਕ ਅੰਦੋਲਨਾਂ ਪ੍ਰਤੀ ਡਰ ਨੂੰ ਵਧਾ ਦਿੱਤਾ।

ਹੁਣ ਪੰਜਾਬ ਸਰਕਾਰ ਦੀ ਗੱਲ ਕਰੀਏ। ਭਗਵੰਤ ਮਾਨ ਦੀ ਏਏਪੀ ਸਰਕਾਰ ਵੀ ਲੋਕ ਅੰਦੋਲਨਾਂ ਅਤੇ ਮੀਡੀਆ ਤੋਂ ਡਰਦੀ ਹੈ। ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਵਿੱਚ ਪੱਤਰਕਾਰਾਂ ਉੱਤੇ ਝੂਠੇ ਕੇਸ ਦਰਜ ਕੀਤੇ ਗਏ ਹਨ। ਉਦਾਹਰਨ ਵਜੋਂ, ਦਸੰਬਰ 2025 ਵਿੱਚ ਸਾਈਬਰ ਕ੍ਰਾਈਮ ਪੁਲਿਸ ਨੇ 10 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ, ਜਿਨ੍ਹਾਂ ਵਿੱਚ ਪੱਤਰਕਾਰ ਮਿੰਟੂ ਗੁਰੂਸਰੀਆ ਅਤੇ ਲੋਕ ਆਵਾਜ਼ ਟੀਵੀ ਸ਼ਾਮਲ ਸਨ। ਇਹ ਕੇਸ ਮੁੱਖ ਮੰਤਰੀ ਦੇ ਹੈਲੀਕਾਪਟਰ ਦੀ ਕਥਿਤ ਗਲਤ ਵਰਤੋਂ ਬਾਰੇ ਸੋਸ਼ਲ ਮੀਡੀਆ ਉੱਤੇ ਜਾਣਕਾਰੀ ਫੈਲਾਉਣ ਲਈ ਕੀਤੇ ਗਏ। ਪੁਲਿਸ ਨੇ ਕਿਹਾ ਕਿ ਇਹ ਜਾਣਕਾਰੀ ਗਲਤ ਸੀ ਅਤੇ ਇਸ ਨਾਲ ਸਰਕਾਰੀ ਅਦਾਰਿਆਂ ਉੱਤੇ ਲੋਕਾਂ ਦਾ ਭਰੋਸਾ ਘਟ ਸਕਦਾ ਹੈ। ਪਰ ਪੱਤਰਕਾਰਾਂ ਨੇ ਇਸ ਨੂੰ ਆਵਾਜ਼ ਦਬਾਉਣ ਦੀ ਕੋਸ਼ਿਸ਼ ਕਿਹਾ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਨ੍ਹਾਂ ਕੇਸਾਂ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਏਏਪੀ ਸਰਕਾਰ ਪ੍ਰੈੱਸ ਦੀ ਆਜ਼ਾਦੀ ਨੂੰ ਦਬਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਵਿੱਚ ਪੱਤਰਕਾਰਾਂ ਉੱਤੇ ਪਰਚੇ ਦਰਜ ਕਰਕੇ ਲੋਕਤੰਤਰ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ। ਚੰਨੀ ਨੇ ਕਿਹਾ ਕਿ ਕਾਂਗਰਸ ਪਾਰਟੀ ਪੱਤਰਕਾਰਾਂ ਨਾਲ ਖੜ੍ਹੀ ਹੈ ਅਤੇ ਜੇ ਕੇਸ ਵਾਪਸ ਨਾ ਲਏ ਗਏ ਤਾਂ ਸੰਘਰਸ਼ ਕੀਤਾ ਜਾਵੇਗਾ।




### ਭਾਰਤ ਵਿੱਚ 2022 ਤੋਂ 2025 ਤੱਕ ਮੀਡੀਆ ਉੱਤੇ ਕਿੰਨੇ ਹਮਲੇ ਹੋਏ ?

ਫ੍ਰੀ ਸਪੀਚ ਕਲੈਕਟਿਵ ਦੀ ਰਿਪੋਰਟ ਮੁਤਾਬਕ, 2025 ਵਿੱਚ ਭਾਰਤ ਵਿੱਚ ਆਜ਼ਾਦੀ ਨਾਲ ਸਬੰਧਤ 14,875 ਮਾਮਲੇ ਵਾਪਰੇ, ਜਿਨ੍ਹਾਂ ਵਿੱਚ 8 ਪੱਤਰਕਾਰ ਅਤੇ ਇੱਕ ਸੋਸ਼ਲ ਮੀਡੀਆ ਪ੍ਰਭਾਵਕ ਮਾਰੇ ਗਏ। ਇਸ ਸਾਲ 40 ਹਮਲੇ ਹੋਏ, ਜਿਨ੍ਹਾਂ ਵਿੱਚੋਂ 33 ਪੱਤਰਕਾਰਾਂ ਉੱਤੇ ਸਨ। ਗੁਜਰਾਤ ਵਿੱਚ ਸਭ ਤੋਂ ਵੱਧ 108 ਮਾਮਲੇ ਸਨ, ਉੱਤਰ ਪ੍ਰਦੇਸ਼ ਵਿੱਚ 83 ਅਤੇ ਕੇਰਲ ਵਿੱਚ 78। ਇੰਟਰਨੈਸ਼ਨਲ ਫੈਡਰੇਸ਼ਨ ਆਫ ਜਰਨਲਿਸਟਸ (ਆਈਐਫਜੇ) ਨੇ ਕਿਹਾ ਕਿ 2025 ਵਿੱਚ ਦੁਨੀਆ ਭਰ ਵਿੱਚ 128 ਪੱਤਰਕਾਰ ਮਾਰੇ ਗਏ ਅਤੇ ਭਾਰਤ ਵਿੱਚ 4 ਮੌਤਾਂ ਨੋਟ ਕੀਤੀਆਂ ਗਈਆਂ। 533 ਪੱਤਰਕਾਰ ਜੇਲ੍ਹਾਂ ਵਿੱਚ ਹਨ। 2022 ਤੋਂ 2025 ਤੱਕ ਭਾਰਤ ਵਿੱਚ ਲਗਭਗ 28 ਪੱਤਰਕਾਰ ਮਾਰੇ ਗਏ, ਜਿਨ੍ਹਾਂ ਵਿੱਚੋਂ 13 ਉਨ੍ਹਾਂ ਦੀ ਰਿਪੋਰਟਿੰਗ ਨਾਲ ਜੁੜੇ ਸਨ।

ਭਾਰਤ ਦੇ ਪ੍ਰਾਂਤਾਂ (ਸੂਬਿਆਂ) ਦਾ ਹਾਲ ਵੀ ਚੰਗਾ ਨਹੀਂ ਹੈ। ਗੁਜਰਾਤ, ਉੱਤਰ ਪ੍ਰਦੇਸ਼ ਅਤੇ ਪੰਜਾਬ ਵਰਗੇ ਸੂਬੇ ਮੀਡੀਆ ਅਤੇ ਅੰਦੋਲਨਾਂ ਨੂੰ ਦਬਾਉਣ ਵਿੱਚ ਅੱਗੇ ਹਨ। ਗੁਜਰਾਤ ਵਿੱਚ ਸਭ ਤੋਂ ਵੱਧ ਆਜ਼ਾਦੀ ਨਾਲ ਸਬੰਧਤ ਉਲੰਘਣਾ ਹਨ, ਜਿੱਥੇ ਮੀਡੀਆ ਨੂੰ ਸਰਕਾਰੀ ਨੀਤੀਆਂ ਨੂੰ ਸਪੋਰਟ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਉੱਤਰ ਪ੍ਰਦੇਸ਼ ਵਿੱਚ ਪੱਤਰਕਾਰਾਂ ਨੂੰ ਯੂਏਪੀਏ ਵਰਗੇ ਕਾਨੂੰਨਾਂ ਤਹਿਤ ਜੇਲ੍ਹਾਂ ਵਿੱਚ ਪਾਇਆ ਜਾਂਦਾ ਹੈ। ਪੰਜਾਬ ਵਿੱਚ ਆਪ ਸਰਕਾਰ ਨੇ ਪੱਤਰਕਾਰਾਂ ਉੱਤੇ ਸਾਈਬਰ ਕ੍ਰਾਈਮ ਕੇਸ ਦਰਜ ਕੀਤੇ ਹਨ, ਜੋ ਆਵਾਜ਼ ਨੂੰ ਰੋਕਣ ਲਈ ਵਰਤੇ ਜਾਂਦੇ ਹਨ।

ਰਿਪੋਰਟਾਂ ਮੁਤਾਬਕ, ਇਰਫਾਨ ਮਹਿਰਾਜ ਅਤੇ ਰੂਪੇਸ਼ ਕੁਮਾਰ ਵਰਗੇ ਪੱਤਰਕਾਰ ਯੂਏਪੀਏ ਤਹਿਤ ਜੇਲ੍ਹ ਵਿੱਚ ਹਨ। ਇਰਫਾਨ ਮਾਰਚ 2023 ਤੋਂ ਅਤੇ ਰੂਪੇਸ਼ ਜੁਲਾਈ 2022 ਤੋਂ ਜੇਲ੍ਹ ਵਿੱਚ ਹਨ।

ਵਿਰੋਧੀ ਪਾਰਟੀਆਂ ਦਾ ਕਹਿਣਾ ਹੈ ਕਿ ਸਰਕਾਰਾਂ ਲੋਕ ਅੰਦੋਲਨਾਂ ਤੋਂ ਡਰੀਆਂ ਹਨ। ਕਿਉਂਕਿ ਲੋਕ ਅੰਦੋਲਨ ਅਤੇ ਮੀਡੀਆ ਸਰਕਾਰੀ ਨੀਤੀਆਂ ਨੂੰ ਚੁਣੌਤੀ ਦਿੰਦੇ ਹਨ। ਮੋਦੀ ਸਰਕਾਰ ਨੂੰ ਡਰ ਹੈ ਕਿ ਅੰਦੋਲਨ ਉਸ ਦੀ ਹਿੰਦੂਤਵਵਾਦੀ ਏਜੰਡੇ ਨੂੰ ਰੋਕ ਦੇਣਗੇ। ਉਦਾਹਰਨ ਵਜੋਂ, ਅਰਾਵਲੀ ਪਹਾੜੀ ਅੰਦੋਲਨ ਅਤੇ ਉਨਾਓ ਰੇਪ ਕੇਸ ਵਿੱਚ ਲੋਕ ਅੰਦੋਲਨ ਨੇ ਸੁਪਰੀਮ ਕੋਰਟ ਨੂੰ ਕਾਰਵਾਈ ਲਈ ਮਜਬੂਰ ਕੀਤਾ। ਸਰਕਾਰ ਨੂੰ ਡਰ ਹੈ ਕਿ ਲੋਕ ਇਕੱਠੇ ਹੋ ਕੇ ਭ੍ਰਿਸ਼ਟਾਚਾਰ ਅਤੇ ਅਨਿਆਂ ਵਿਰੋਧੀ ਲੜਾਈ ਲੜਨਗੇ। ਪੰਜਾਬ ਸਰਕਾਰ ਨੂੰ ਡਰ ਹੈ ਕਿ ਮੀਡੀਆ ਉਸ ਦੇ ਵਾਅਦੇ ਪੂਰੇ ਨਾ ਹੋਣ ਬਾਰੇ ਗੱਲ ਕਰੇਗਾ। ਇਸ ਲਈ ਉਹ ਮੀਡੀਆ ਨੂੰ ਨਿਯੰਤਰਿਤ ਕਰਨ ਲਈ ਕਾਨੂੰਨ ਵਰਤਦੀ ਹੈ।

### ਲੋਕ ਅੰਦੋਲਨ ਕਿਉਂ ਜ਼ਰੂਰੀ ਹਨ ?

ਲੋਕਾਂ ਦਾ ਮੰਨਣਾ ਹੈ ਕਿ ਲੋਕ ਅੰਦੋਲਨ ਲੋਕਤੰਤਰ ਨੂੰ ਜਿਉਂਦਾ ਰੱਖਦੇ ਹਨ। ਅੰਦੋਲਨ ਲੋਕਾਂ ਨੂੰ ਆਪਣੇ ਹੱਕਾਂ ਲਈ ਲੜਨਾ ਸਿਖਾਉਂਦੇ ਹਨ ਅਤੇ ਸਰਕਾਰ ਨੂੰ ਜਵਾਬਦੇਹ ਬਣਾਉਂਦੇ ਹਨ। ਉਦਾਹਰਨ ਵਜੋਂ, ਅੰਦੋਲਨਾਂ ਨੇ ਅਰਾਵਲੀ ਨੂੰ ਬਚਾਇਆ ਅਤੇ ਉਨਾਓ ਵਿੱਚ ਨਿਆਂ ਲਿਆਂਦਾ। ਅੰਦੋਲਨ ਭ੍ਰਿਸ਼ਟਾਚਾਰ, ਅਨਿਆਂ ਅਤੇ ਵਾਤਾਵਰਨ ਨੂੰ ਬਚਾਉਂਦੇ ਹਨ। ਜੇ ਅੰਦੋਲਨ ਨਾ ਹੋਣ ਤਾਂ ਸਰਕਾਰਾਂ ਆਪਣੀ ਮਰਜ਼ੀ ਚਲਾਉਂਦੀਆਂ ਰਹਿਣਗੀਆਂ। **Bureau of Police Research & Development** ਵੱਲੋਂ ਆਜ਼ਾਦ ਭਾਰਤ ਦੇ ਅੰਦੋਲਨਾਂ ਬਾਰੇ ਜਾਣਕਾਰੀ ਮੰਗੀ ਗਈ ਹੈ ਤਾਂ ਜੋ ਭਵਿੱਖ ਵਿੱਚ ਅੰਦੋਲਨਾਂ ਨੂੰ ਰੋਕਣ ਲਈ ਨੀਤੀ ਬਣਾਈ ਜਾ ਸਕੇ। ਇਹ ਲੋਕ ਭਾਵਨਾਵਾਂ ਪ੍ਰਤੀ ਅਲੋਕਤੰਤਰਿਕ ਸੋਚ ਨੂੰ ਦਿਖਾਉਂਦਾ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਤੰਬਰ ਵਿੱਚ ਇਸ ਦੇ ਨਿਰਦੇਸ਼ ਦਿੱਤੇ ਸਨ। ਇਹ ਸਭ ਡਰ ਨੂੰ ਉਜਾਗਰ ਕਰਦਾ ਹੈ।

ਪੱਤਰਕਾਰਾਂ ਉੱਤੇ ਹਮਲੇ ਵੀ ਵਧ ਰਹੇ ਹਨ। ਆਰਐੱਸਐੱਫ ਦੀ ਰਿਪੋਰਟ ਮੁਤਾਬਕ, ਭਾਰਤ ਵਿੱਚ ਹਰ ਸਾਲ 2-3 ਪੱਤਰਕਾਰ ਮਾਰੇ ਜਾਂਦੇ ਹਨ।

# ਐੱਫਬੀਆਈ ਨੇ ਨਾਕਾਮ ਕੀਤਾ ਆਈਐੱਸਆਈਐੱਸ ਪ੍ਰੇਰਿਤ ਨਿਊ ਈਅਰ ਈਵ ਅੱਤਵਾਦੀ ਹਮਲਾ

## ✪ 18 ਸਾਲਾ ਜਿਹਾਦੀ ਨੌਜਵਾਨ ਗ੍ਰਿਫ਼ਤਾਰ, 2022 ਤੋਂ ਨਿਗਰਾਨੀ ਹੇਠ ਸੀ ਸ਼ੱਕੀ ✪ ਨੌਰਥ ਕੈਰੋਲੀਨਾ ਵਿਚ ਵੱਡੀ ਸਾਜ਼ਿਸ਼ ਨੂੰ ਰੋਕਿਆ, ਨਵੇਂ ਸਾਲ ਦੀ ਪੂਰਵ ਸੰਧਿਆ ਤੇ ਹਮਲੇ ਦੀ ਸਾਜ਼ਿਸ਼ ਹੋਈ ਨਾਕਾਮ

ਬੀਤੇ ਦਿਨੀਂ ਵਾਸ਼ਿੰਗਟਨ ਵਿੱਚ ਐੱਫਬੀਆਈ ਨੇ ਨਵੇਂ ਸਾਲ ਦੀ ਪੂਰਵ ਸੰਧਿਆ ਤੇ ਹੋਣ ਵਾਲੇ ਵੱਡੇ ਅੱਤਵਾਦੀ ਹਮਲੇ ਦੀ ਯੋਜਨਾ ਨੂੰ ਨਾਕਾਮ ਕਰ ਦਿੱਤਾ ਸੀ। ਇਸ ਮਾਮਲੇ ਵਿੱਚ ਨੌਰਥ ਕੈਰੋਲੀਨਾ ਤੋਂ ਇੱਕ 18 ਸਾਲਾਂ ਦੇ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਸ ਤੇ ਇਸਲਾਮਿਕ ਸਟੇਟ (ਆਈਐੱਸਆਈਐੱਸ) ਨੂੰ ਸਮੱਗਰੀ ਸਹਾਇਤਾ ਦੇਣ ਦੀ ਕੋਸ਼ਿਸ਼ ਦਾ ਦੋਸ਼ ਹੈ। ਸ਼ੱਕੀ ਦੀ ਪਛਾਣ ਕ੍ਰਿਸਚੀਅਨ ਸਟਰਡੀਵੈਂਟ ਵਜੋਂ ਹੋਈ ਹੈ। ਉਹ 18 ਸਾਲਾਂ ਦਾ ਨੌਜਵਾਨ ਹੈ ਜੋ ਨੌਰਥ ਕੈਰੋਲੀਨਾ ਦੇ ਮਿੰਟ ਹਿੱਲ ਨਾਮਕ ਸ਼ਹਿਰ ਵਿੱਚ ਰਹਿੰਦਾ ਹੈ। ਅਧਿਕਾਰੀਆਂ ਨੇ ਕਿਹਾ ਕਿ ਉਹ ਆਈਐੱਸਆਈਐੱਸ ਦੇ ਨਿਰਦੇਸ਼ਾਂ ਤੇ ਇੱਕ ਗ੍ਰੋਸਰੀ ਸਟੋਰ ਅਤੇ ਇੱਕ ਫਾਸਟ ਫੂਡ ਆਊਟਲੈੱਟ ਤੇ ਚਾਕੂ ਅਤੇ ਹਥੌੜੇ ਨਾਲ ਹਮਲਾ ਕਰਨ ਦੀ ਯੋਜਨਾ ਦੇ ਆਖਰੀ ਪੜਾਅ ਵਿੱਚ ਸੀ। ਕੋਈ ਵੀ ਨੁਕਸਾਨ ਹੋਣ ਤੋਂ ਪਹਿਲਾਂ ਹੀ ਇਸ ਸਾਜ਼ਿਸ਼ ਨੂੰ ਐਫ ਬੀ ਆਈ ਨੇ ਨਾਕਾਮ ਕਰ ਦਿੱਤਾ।




ਐੱਫਬੀਆਈ ਨੇ ਕਿਹਾ ਕਿ ਉਨ੍ਹਾਂ ਨੇ ਇਸ ਯੋਜਨਾ ਨੂੰ ਨਾਕਾਮ ਕਰ ਕੇ ਬਹੁਤ ਸਾਰੀਆਂ ਜਾਨਾਂ ਬਚਾਈਆਂ ਹਨ। ਇਹ ਘਟਨਾ 31 ਦਸੰਬਰ 2025 ਨੂੰ ਹੋਣ ਵਾਲੀ ਸੀ ਪਰ ਐੱਫਬੀਆਈ ਨੇ ਸਮੇਂ ਸਿਰ ਕਾਰਵਾਈ ਕੀਤੀ। ਐੱਫਬੀਆਈ ਨੇ ਜਨਵਰੀ 2022 ਤੋਂ ਹੀ ਸਟਰਡੀਵੈਂਟ ਤੇ ਨਿਗਰਾਨੀ ਰੱਖੀ ਹੋਈ ਸੀ। ਉਸ ਵੇਲੇ ਉਹ ਨਾਬਾਲਗ ਸੀ ਯਾਨੀ 18 ਸਾਲਾਂ ਤੋਂ ਘੱਟ ਉਮਰ ਦਾ ਸੀ। ਜਾਂਚ ਕਰਤਾਵਾਂ ਨੇ ਦੱਸਿਆ ਕਿ ਉਹ ਵਿਦੇਸ਼ ਵਿੱਚ ਆਈਐੱਸਆਈਐੱਸ ਦੇ ਮੈਂਬਰ ਨਾਲ ਸੰਪਰਕ ਵਿੱਚ ਸੀ। ਅਮਰੀਕੀ ਅਟਾਰਨੀ ਰਸ ਫਰਗੂਸਨ ਨੇ ਕਿਹਾ ਕਿ ਦੋਸ਼ੀ ਇੱਕ ਸਾਲ ਤੋਂ ਹਮਲੇ ਦੀ ਤਿਆਰੀ ਕਰ ਰਿਹਾ ਸੀ। ਉਨ੍ਹਾਂ ਨੇ ਕਿਹਾ, ਉਹ ਜਿਹਾਦ ਦੀ ਤਿਆਰੀ ਕਰ ਰਿਹਾ ਸੀ ਅਤੇ ਨਿਰਦੋਸ਼ ਲੋਕ ਮਾਰੇ ਜਾਣ ਵਾਲੇ ਸਨ।

29 ਦਸੰਬਰ ਨੂੰ ਦੋਸ਼ੀ ਦੇ ਘਰ ਦਾ ਤਲਾਸ਼ੀ ਵਾਰੰਟ ਜਾਰੀ ਕੀਤਾ ਗਿਆ। ਅਧਿਕਾਰੀਆਂ ਨੂੰ ਉੱਥੇ ਹੱਥ ਨਾਲ ਲਿਖੇ ਨੋਟਸ ਮਿਲੇ, ਜਿਸ ਵਿੱਚ ਇੱਕ ਨੋਟ ਦਾ ਸਿਰਲੇਖ 'ਨਿਊ ਈਅਰ ਅਟੈਕ 2026' ਸੀ। ਇਸ ਵਿੱਚ ਵੈਸਟ, ਮਾਸਕ, ਚਾਕੂ ਅਤੇ ਹੋਰ ਸਮੱਗਰੀ ਵਰਗੀਆਂ ਚੀਜ਼ਾਂ ਦੀ ਸੂਚੀ ਸੀ। ਉਹ ਗ੍ਰੋਸਰੀ ਸਟੋਰ ਜਾਂ ਬਰਗਰ ਕਿੰਗ ਵਰਗੇ ਫਾਸਟ ਫੂਡ ਆਊਟਲੈੱਟ ਤੇ ਹਮਲਾ ਕਰਨਾ ਚਾਹੁੰਦਾ ਸੀ। ਉਸ ਨੇ ਚਾਕੂ ਅਤੇ ਹਥੌੜੇ ਨਾਲ ਲੋਕਾਂ ਉਪਰ ਹਮਲਾ ਕਰਨ ਦੀ ਯੋਜਨਾ ਬਣਾਈ ਸੀ। ਇਹ ਹਮਲਾ ਆਈ ਐੱਸ ਆਈ ਐੱਸ ਦੇ ਸਮਰਥਨ ਵਿੱਚ ਸੀ। ਉਸ ਨੇ ਕਿਹਾ ਕਿ ਅਮਰੀਕਾ ਨੂੰ ਆਈ ਐੱਸ ਆਈ ਐੱਸ ਤੇ ਹਮਲੇ ਕਰਨ ਲਈ ਸਜ਼ਾ ਮਿਲੇਗੀ, ਖਾਸ ਕਰਕੇ ਦਸੰਬਰ ਵਿੱਚ ਦੋ ਨੈਸ਼ਨਲ ਗਾਰਡਸਮੈਨਾਂ ਦੀ ਮੌਤ ਤੋਂ ਬਾਅਦ। ਉਸ ਨੇ ਆਪਣੀ ਵਫ਼ਾਦਾਰੀ ਆਈ ਐੱਸ ਆਈ ਐੱਸ ਨੂੰ ਦਿੱਤੀ ਸੀ ਅਤੇ ਜਿਹਾਦ ਕਰਨਾ ਚਾਹੁੰਦਾ ਸੀ। ਉਹ ਵਿਦੇਸ਼ ਵਿੱਚ ਆਈ ਐੱਸ ਆਈ ਐੱਸ ਦੇ ਮੈਂਬਰ ਨਾਲ ਸੰਪਰਕ ਵਿੱਚ ਸੀ।

# ਪਾਣੀ ਕਾਰਣ ਹੋਇਆ ਜੇਲ ਵਿਚ ਖੂਨੀ ਟਕਰਾਅ

### ✪ ਨਹਾਉਣ ਦੇ ਪਾਣੀ ਨੂੰ ਲੈ ਕੇ ਗੈਂਗਸਟਰ ਨੂੰ ਝਗੜਾ ਪਿਆ ਮਹਿੰਗਾ, ਕੈਦੀ ਨੇ ਗੱਲ੍ਹ 'ਤੇ ਮਾਰੀ ਦੰਦੀ

ਮਹੋਬਾ-ਸਬ-ਜੇਲ੍ਹ ਵਿੱਚ ਨਹਾਉਣ ਦੌਰਾਨ ਪਾਣੀ ਪੈਣ ਕਾਰਨ ਦੋ ਕੈਦੀ ਆਪਸ ਵਿੱਚ ਭਿੜ ਗਏ ਅਤੇ ਮਾਰਕੁੱਟ ਸ਼ੁਰੂ ਹੋ ਗਈ। ਮਾਮਲਾ ਇੰਨਾ ਵੱਧ ਗਿਆ ਕਿ ਗੈਰ-ਇਰਾਦਤਨ ਕਤਲ ਦੇ ਦੋਸ਼ ਵਿੱਚ ਬੰਦ ਇੱਕ ਕੈਦੀ ਨੇ ਗੈਂਗਸਟਰ ਐਕਟ ਦੇ ਮੁਲਜ਼ਮ ਦੀ ਸੱਜੀ ਗੱਲ੍ਹ ਦੰਦਾਂ ਨਾਲ ਚੱਬ ਲਈ। ਇਸ ਕਾਰਨ ਖ਼ੂਨ ਵਹਿਣ ਲੱਗ ਪਿਆ ਅਤੇ ਜੇਲ੍ਹ ਦੇ ਹੋਰ ਕੈਦੀਆਂ ਵਿੱਚ ਅਫਰਾ-ਤਫਰੀ ਮਚ ਗਈ। ਜ਼ਖ਼ਮੀ ਕੈਦੀ ਦਾ ਦੋਸ਼ ਹੈ ਕਿ ਦੂਜੇ ਨੇ ਜਾਣਬੁੱਝ ਕੇ ਉਸ ਉੱਪਰ ਠੰਡਾ ਪਾਣੀ ਪਾ ਦਿੱਤਾ ਸੀ।



ਦੂਜੇ ਪਾਸੇ, ਜੇਲ੍ਹਰ ਸਮੇਤ ਹੋਰ ਮੁਲਾਜ਼ਮ ਮੌਕੇ 'ਤੇ ਪਹੁੰਚੇ ਅਤੇ ਕਾਫੀ ਜੱਦੋ-ਜਹਿਦ ਤੋਂ ਬਾਅਦ ਦੋਵਾਂ ਨੂੰ ਅਲੱਗ ਕਰਵਾਇਆ। ਜ਼ਖ਼ਮੀ ਨੂੰ ਤੁਰੰਤ ਜ਼ਿਲ੍ਹਾ ਹਸਪਤਾਲ ਲਿਜਾਇਆ ਗਿਆ, ਜਿੱਥੇ ਇਲਾਜ ਤੋਂ ਬਾਅਦ ਉਸ ਨੂੰ ਵਾਪਸ ਪੁਲਿਸ ਦੀ ਨਿਗਰਾਨੀ ਵਿੱਚ ਜੇਲ੍ਹ ਭੇਜ ਦਿੱਤਾ ਗਿਆ। ਜ਼ਿਲ੍ਹੇ ਦੇ ਥਾਣਾ ਕੁਲਪਹਾੜ ਦੇ ਪਿੰਡ ਮੁਵਾਰੀ ਦਾ ਰਹਿਣ ਵਾਲਾ ਕਮਲੇਸ਼ (ਪੁੱਤਰ ਛੰਨੂ), ਜੋ ਕਿ ਗੈਂਗਸਟਰ ਐਕਟ ਦੇ ਤਹਿਤ 2021 ਤੋਂ ਸਬ-ਜੇਲ੍ਹ ਵਿੱਚ ਬੰਦ ਹੈ। ਦੂਜੇ ਪਾਸੇ, ਥਾਣਾ ਖੰਨਾ ਖੇਤਰ ਦੇ ਪਿੰਡ ਸਿਰਸੀ ਦਾ ਰਹਿਣ ਵਾਲਾ ਹਰੀਓਮ ਪੰਡਿਤ ਗੈਰ-ਇਰਾਦਤਨ ਕਤਲ ਦੇ ਮਾਮਲੇ ਵਿੱਚ 2023 ਤੋਂ ਜੇਲ੍ਹ ਵਿੱਚ ਹੈ। ਦੱਸਿਆ ਗਿਆ ਹੈ ਕਿ ਬੀਤੇ ਦਿਨੀਂ ਸਵੇਰੇ ਨਹਾਉਣ ਲਈ ਕੈਦੀਆਂ ਦੀ ਲਾਈਨ ਲੱਗੀ ਹੋਈ ਸੀ। ਹਰੀਓਮ ਉੱਥੇ ਨਹਾ ਰਿਹਾ ਸੀ, ਜਦੋਂ ਅਚਾਨਕ ਠੰਡਾ ਪਾਣੀ ਕਮਲੇਸ਼ ਉੱਪਰ ਪੈ ਗਿਆ। ਇਸ ਗੱਲ ਨੂੰ ਲੈ ਕੇ ਦੋਵਾਂ ਵਿੱਚ ਬਹਿਸ ਸ਼ੁਰੂ ਹੋ ਗਈ ਅਤੇ ਦੇਖਦੇ ਹੀ ਦੇਖਦੇ ਉਹ ਇੱਕ-ਦੂਜੇ ਨਾਲ ਮਾਰਕੁੱਟ ਕਰਨ ਲੱਗੇ। ਵਿਵਾਦ ਇੰਨਾ ਵੱਧ ਗਿਆ ਕਿ ਹਰੀਓਮ ਨੇ ਕਮਲੇਸ਼ ਦੀ ਸੱਜੀ ਗੱਲ੍ਹ 'ਤੇ ਦੰਦੀ ਵੱਢੀ ਅਤੇ ਉਸ ਨੂੰ ਚੱਬ ਦਿੱਤਾ। ਖ਼ੂਨ ਨਿਕਲਦਾ ਦੇਖ ਕਮਲੇਸ਼ ਨੇ ਰੌਲਾ ਪਾਇਆ, ਜਿਸ ਤੋਂ ਬਾਅਦ ਜੇਲ੍ਹਰ ਸਮੇਤ ਹੋਰ ਮੁਲਾਜ਼ਮ ਮੌਕੇ 'ਤੇ ਪਹੁੰਚੇ ਅਤੇ ਭਾਰੀ ਜੱਦੋ-ਜਹਿਦ ਤੋਂ ਬਾਅਦ ਦੋਵਾਂ ਨੂੰ ਵੱਖ ਕੀਤਾ।

ਜ਼ਖ਼ਮੀ ਕਮਲੇਸ਼ ਨੂੰ ਐਂਬੂਲੈਂਸ ਰਾਹੀਂ ਪੁਲਿਸ ਦੀ ਨਿਗਰਾਨੀ ਵਿੱਚ ਜ਼ਿਲ੍ਹਾ ਹਸਪਤਾਲ ਭੇਜਿਆ ਗਿਆ, ਜਿੱਥੇ ਡਾ. ਨਵੀਨ ਨੇ ਉਸ ਦਾ ਇਲਾਜ ਕੀਤਾ। ਇਸ ਤੋਂ ਬਾਅਦ ਉਸ ਨੂੰ ਵਾਪਸ ਜੇਲ੍ਹ ਲਿਆਂਦਾ ਗਿਆ।

# ਮੁਹਾਲੀ ਵਿਚ ਸਾਬਕਾ ਐਡਵੋਕੇਟ ਜਨਰਲ ਕ੍ਰਿਸ਼ਨ ਕੁਮਾਰ ਗੋਇਲ ਦੀ ਪਤਨੀ ਦੇ ਕਤਲ ਤੋਂ ਬਾਅਦ ਲੱਖਾਂ ਦੀ ਲੁੱਟ

### ✪ ਇਲਾਕੇ ਵਿਚ ਦਹਿਸ਼ਤ ਫੈਲੀ, ਪੁਲਿਸ ਨੇ ਕੀਤਾ ਮਾਮਲਾ ਦਰਜ

ਐੱਸਏਐੱਸ ਨਗਰ-ਮੁਹਾਲੀ ਦੇ ਪੌਸ਼ ਇਲਾਕੇ ਫੇਜ਼-5 ਵਿਚ ਪੰਜਾਬ ਦੇ ਸਾਬਕਾ ਵਧੀਕ ਐਡਵੋਕੇਟ ਜਨਰਲ ਕ੍ਰਿਸ਼ਨ ਕੁਮਾਰ ਗੋਇਲ ਦੀ ਪਤਨੀ, 66 ਸਾਲਾ ਅਸ਼ੋਕ ਕੁਮਾਰੀ ਗੋਇਲ ਦਾ ਗਲਾ ਘੁੱਟ ਕੇ ਕਤਲ ਕਰਨ ਦੀ ਘਟਨਾ ਕਾਰਨ ਸਮੁੱਚੇ ਸ਼ਹਿਰ ਵਿਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਕਤਲ ਤੋਂ ਬਾਅਦ 8.5 ਲੱਖ ਨਕਦੀ ਤੇ 40 ਤੋਲੇ ਸੋਨੇ ਦੀ ਲੁੱਟ ਦਾ ਖ਼ਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਹੈ।

ਜਿਸ ਸਮੇਂ ਇਹ ਵਾਰਦਾਤ ਹੋਈ, ਅਸ਼ੋਕ ਕੁਮਾਰੀ ਘਰ 'ਚ ਇਕੱਲੀ ਸੀ ਅਤੇ ਉਨ੍ਹਾਂ ਦੇ ਨਾਲ ਸਿਰਫ਼ ਨੌਕਰ ਮੌਜੂਦ ਸੀ। ਪਰਿਵਾਰਕ ਮੈਂਬਰਾਂ ਅਨੁਸਾਰ, ਐਡਵੋਕੇਟ ਕ੍ਰਿਸ਼ਨ ਕੁਮਾਰ ਗੋਇਲ ਆਪਣੀ ਛੋਟੀ ਬੇਟੀ ਨਾਲ ਮਸਕਟ (ਓਮਾਨ) ਗਏ ਹੋਏ ਸਨ। ਲੁਟੇਰਿਆਂ ਨੇ ਘਰ ਵਿਚ ਦਾਖ਼ਲ ਹੋ ਕੇ ਨੌਕਰ ਨੂੰ ਕੁਰਸੀ ਨਾਲ ਬੰਨ੍ਹ ਦਿੱਤਾ ਅਤੇ ਅਸ਼ੋਕ ਕੁਮਾਰੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਵਾਰਦਾਤ ਦਾ ਪਤਾ



ਬੁੱਧਵਾਰ ਸਵੇਰੇ ਲੱਗਿਆ, ਜਿਸ ਤੋਂ ਬਾਅਦ ਪਰਿਵਾਰ ਤੁਰੰਤ ਮੁਹਾਲੀ ਪਹੁੰਚ ਗਿਆ।

ਬੀਤੇ ਦਿਨੀਂ ਮਸਕਟ ਤੋਂ ਪਰਤੇ ਕ੍ਰਿਸ਼ਨ ਕੁਮਾਰ ਗੋਇਲ ਨੇ ਭਰੇ ਮਨ ਨਾਲ ਕਿਹਾ, "ਲੁਟੇਰਿਆਂ ਨੂੰ ਜੋ ਚਾਹੀਦਾ ਸੀ ਉਹ ਲੈ ਜਾਂਦੇ, ਪਰ ਮੇਰੀ ਪਤਨੀ ਨੂੰ ਮਾਰਨ ਦੀ ਕੀ ਲੋੜ ਸੀ ? ਜਿਵੇਂ ਨੌਕਰ ਨੂੰ ਬੰਨ੍ਹਿਆ ਸੀ, ਉਵੇਂ ਹੀ ਉਸ ਨੂੰ ਵੀ ਬੰਨ੍ਹ ਦਿੰਦੇ। ਮੇਰੇ ਬੁਢਾਪੇ ਦੀ ਸਾਥੀ ਚਲੀ ਗਈ, ਹੁਣ ਪੂਰਾ ਘਰ ਖ਼ਤਮ ਹੋ ਗਿਆ ਹੈ।"

ਉਨ੍ਹਾਂ ਦੱਸਿਆ ਕਿ ਲੁਟੇਰੇ ਕਰੀਬ 40 ਤੋਲੇ ਸੋਨਾ ਅਤੇ ਸਾਢੇ ਅੱਠ ਲੱਖ ਰੁਪਏ ਨਕਦ ਲੈ ਗਏ ਹਨ। ਇਹ ਪੈਸੇ ਉਨ੍ਹਾਂ ਨੇ ਹਾਲ ਹੀ ਵਿਚ ਇਕ ਆਰਕੀਟੈਕਟ ਨੂੰ ਦੇਣ ਲਈ ਰੱਖੇ ਸਨ।

ਪੁਲਿਸ ਦੀ ਸ਼ੁਰੂਆਤੀ ਜਾਂਚ ਵਿਚ ਕਿਸੇ ਜਾਣਕਾਰ ਜਾਂ 'ਘਰ ਦੇ ਭੇਤੀ' ਦੀ ਭੂਮਿਕਾ ਹੋਣ ਦਾ ਸ਼ੱਕ ਜਤਾਇਆ ਜਾ ਰਿਹਾ ਹੈ। ਐਡਵੋਕੇਟ ਗੋਇਲ ਨੇ ਦੱਸਿਆ ਕਿ ਲੁਟੇਰਿਆਂ ਨੂੰ ਕੀਮਤੀ ਸਾਮਾਨ ਦੀ ਸਹੀ ਲੋਕੇਸ਼ਨ ਪਤਾ ਸੀ। ਮੁਹਾਲੀ ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਫੋਰੈਂਸਿਕ ਟੀਮਾਂ ਨੇ ਮੌਕੇ ਤੋਂ ਸਬੂਤ ਇਕੱਠੇ ਕੀਤੇ ਹਨ ਅਤੇ ਇਲਾਕੇ ਦੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ। ਪੁਲਿਸ ਵੱਲੋਂ ਨੌਕਰ ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ।

## ਕਰਾਈਮ ਨਿਊਜ਼


### ਕੇਂਦਰੀ ਜੇਲ੍ਹ ਗੋਇੰਦਵਾਲ ਸਾਹਿਬ ਵਿਚੋਂ 33 ਮੋਬਾਈਲ ਤੇ 13 ਸਿਮ ਸਮੇਤ ਬਰਾਮਦ ਹੋਇਆ ਸਾਮਾਨ

ਤਰਨਤਾਰਨ-ਕੇਂਦਰੀ ਜੇਲ੍ਹ ਗੋਇੰਦਵਾਲ ਸਾਹਿਬ ਵਿਚ ਮੋਬਾਈਲ ਫੋਨ, ਨਸ਼ੀਲੇ ਪਦਾਰਥ ਅਤੇ ਹੋਰ ਸਾਮਾਨ ਬਰਾਮਦ ਹੋਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਜੋ ਰੁਕਣ ਦਾ ਨਾਮ ਨਹੀਂ ਲੈ ਰਿਹਾ ਹੈ। ਇਸ ਦੀ ਇਕ ਹੋਰ ਤਾਜ਼ਾ ਮਿਸਾਲ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਜੇਲ੍ਹ ਪ੍ਰਸ਼ਾਸਨ ਵੱਲੋਂ ਚਲਾਏ ਗਏ ਤਲਾਸ਼ੀ ਅਭਿਆਨ ਦੌਰਾਨ ਵੱਖ-ਵੱਖ ਥਾਵਾਂ ਤੋਂ 33 ਮੋਬਾਈਲ ਫੋਨ, 13 ਸਿਮ, ਇਕ ਡਾਟਾ ਕੇਬਲ, 2 ਅਡਾਪਟਰ ਬਰਾਮਦ ਕਰਨ ਵਿਚ ਵੱਡੀ ਸਫਲਤਾ ਹਾਸਲ ਕੀਤੀ ਗਈ ਹੈ। ਡੀ.ਐੱਸ.ਪੀ. ਗੋਇੰਦਵਾਲ ਸਾਹਿਬ ਅਤੁਲ ਸੋਨੀ ਨੇ ਦੱਸਿਆ ਕਿ ਕੇਂਦਰੀ ਜੇਲ੍ਹ ਗੋਇੰਦਵਾਲ ਸਾਹਿਬ ਦੇ ਸਹਾਇਕ ਸੁਪਰਡੈਂਟ ਮਨਜੀਤ ਸਿੰਘ ਅਤੇ ਕੇਵਲ ਸਿੰਘ ਵੱਲੋਂ ਜੇਲ੍ਹ ਅੰਦਰ ਚਲਾਏ ਗਏ ਤਲਾਸ਼ੀ ਅਭਿਆਨ ਦੌਰਾਨ ਵੱਖ-ਵੱਖ ਕੰਪਨੀਆਂ ਦੇ 33 ਕੀ ਪੈਡ ਅਤੇ ਟੱਚ ਫੋਨ ਬਰਾਮਦ ਕੀਤੇ ਗਏ ਹਨ, ਜਿਸ ਤੋਂ ਇਲਾਵਾ ਵੱਖ-ਵੱਖ ਕੰਪਨੀਆਂ ਦੀਆਂ 13 ਸਿਮਾਂ, 2 ਅਡਾਪਟਰ ਅਤੇ ਇਕ ਡਾਟਾ ਕੇਬਲ ਬਰਾਮਦ ਕੀਤੀ ਗਈ ਹੈ, ਜਿਸ ਦੇ ਸਬੰਧ ਵਿਚ ਥਾਣਾ ਗੋਇੰਦਵਾਲ ਸਾਹਿਬ ਵਿਖੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਪਰਚਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਗਰੋਕ ਨੇ ਔਰਤਾਂ ਬੇਇੱਜ਼ਤ ਕਰ ਕੇ ਰੱਖ ਦਿੱਤੀਆਂ, ਕੌਮਾਂਤਰੀ ਪੱਧਰ 'ਤੇ ਸਖ਼ਤ ਕਾਰਵਾਈ ਦੀ ਮੰਗ

**○ ਔਰਤਾਂ ਅਤੇ ਨਾਬਾਲਗਾਂ ਦੀਆਂ ਜਿਨਸੀ ਅਤੇ ਅਸ਼ਲੀਲ ਤਸਵੀਰਾਂ ਤਿਆਰ ਕਰਨ ਦਾ ਮਾਮਲਾ ਸਾਹਮਣੇ ਆਇਆ**

ਵਾਸ਼ਿੰਗਟਨ-ਐਲਨ ਮਸਕ ਦੇ ਆਰਟੀਫੀਸ਼ੀਅਲ ਇੰਟੈਲੀਜੈਂਸ ਚੈਟਬੋਟ 'ਗਰੋਕ' ਵੱਲੋਂ ਔਰਤਾਂ ਅਤੇ ਨਾਬਾਲਗਾਂ ਦੀਆਂ ਜਿਨਸੀ ਅਤੇ ਅਸ਼ਲੀਲ ਤਸਵੀਰਾਂ ਤਿਆਰ ਕਰਨ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਕੌਮਾਂਤਰੀ ਪੱਧਰ 'ਤੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਹੈ। ਰੀਓ ਡੀ ਜਨੇਰੋ ਦੀ ਇੱਕ ਸੰਗੀਤਕਾਰ ਜੂਲੀ ਯੁਕਾਰੀ ਨੇ ਦੱਸਿਆ ਕਿ ਜਦੋਂ ਉਸ ਨੇ ਨਵੇਂ ਸਾਲ ਦੀ ਪੂਰਬਲੀ ਸ਼ਾਮ ਆਪਣੀ ਇੱਕ ਸਾਧਾਰਨ ਤਸਵੀਰ ਪੋਸਟ ਕੀਤੀ, ਤਾਂ ਅਗਲੇ ਹੀ ਦਿਨ ਯੂਜ਼ਰਜ਼ ਨੇ ਗਰੋਕ ਦੀ ਮਦਦ ਨਾਲ ਉਸ ਨੂੰ ਡਿਜੀਟਲ ਤੌਰ 'ਤੇ ਨਗਨ ਕਰ ਦਿੱਤਾ ਅਤੇ ਉਸ ਦੀਆਂ ਅਸ਼ਲੀਲ ਤਸਵੀਰਾਂ ਐੱਕਸ 'ਤੇ ਵਾਇਰਲ ਕਰ ਦਿੱਤੀਆਂ, ਜਿਸ ਕਾਰਨ ਉਹ ਬਹੁਤ ਸ਼ਰਮਿੰਦਗੀ ਮਹਿਸੂਸ ਕਰ ਰਹੀ ਹੈ। ਖ਼ਬਰ ਏਜੰਸੀ ਰਾਈਟਰਜ਼ ਦੇ ਵਿਸ਼ਲੇਸ਼ਣ ਵਿੱਚ ਪਾਇਆ ਗਿਆ ਹੈ ਕਿ ਗਰੋਕ ਨੇ ਕਈ ਮਾਮਲਿਆਂ ਵਿੱਚ ਬੱਚਿਆਂ ਦੀਆਂ ਵੀ ਅਸ਼ਲੀਲ ਤਸਵੀਰਾਂ ਤਿਆਰ ਕੀਤੀਆਂ ਹਨ, ਜਿਸ ਕਾਰਨ ਫਰਾਂਸ ਦੇ ਮੰਤਰੀਆਂ ਨੇ ਇਸ ਨੂੰ ਗੈਰ-ਕਾਨੂੰਨੀ ਦੱਸਦਿਆਂ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਭਾਰਤ ਦੇ ਆਈ ਟੀ ਮੰਤਰਾਲੇ ਨੇ ਵੀ ਐੱਕਸ ਦੀ ਸਥਾਨਕ ਇਕਾਈ ਨੂੰ ਪੱਤਰ ਲਿਖ ਕੇ ਜਵਾਬ ਮੰਗਿਆ ਹੈ।



ਰਾਈਟਰਜ਼ ਵੱਲੋਂ ਕੀਤੇ ਗਏ ਨਿਰੀਖਣ ਦੌਰਾਨ ਸਿਰਫ 10 ਮਿੰਟਾਂ ਵਿੱਚ 102 ਅਜਿਹੀਆਂ ਕੋਸ਼ਿਸ਼ਾਂ ਦੇਖੀਆਂ ਗਈਆਂ, ਜਿੱਥੇ ਯੂਜ਼ਰਜ਼ ਨੇ ਗਰੋਕ ਨੂੰ ਔਰਤਾਂ ਦੀਆਂ ਤਸਵੀਰਾਂ ਵਿੱਚੋਂ ਕੱਪੜੇ ਹਟਾਉਣ ਜਾਂ ਬਹੁਤ ਹੀ ਛੋਟੇ ਕੱਪੜੇ ਪਾਉਣ ਲਈ ਕਿਹਾ ਅਤੇ 19 ਨੇ ਕਈ ਮਾਮਲਿਆਂ ਵਿੱਚ ਇਨ੍ਹਾਂ ਹੁਕਮਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ।

ਐਲਨ ਮਸਕ ਨੇ ਇਸ ਵਿਵਾਦ 'ਤੇ ਗੰਭੀਰਤਾ ਦਿਖਾਉਣ ਦੀ ਬਜਾਏ ਸੋਸ਼ਲ ਮੀਡੀਆ 'ਤੇ ਹਾਸੇ ਵਾਲੇ ਇਮੋਜੀ ਸਾਂਝੇ ਕੀਤੇ ਹਨ। ਮਾਹਰਾਂ ਦਾ ਕਹਿਣਾ ਹੈ ਕਿ ਅਜਿਹੇ 'ਨਿਊਡੀਫਾਇਰ' ਟੂਲ ਪਹਿਲਾਂ ਸਿਰਫ ਡਾਰਕ ਵੈੱਬ ਤੱਕ ਸੀਮਤ ਸਨ, ਪਰ ਮਸਕ ਨੇ ਇਸ ਨੂੰ ਬਹੁਤ ਆਸਾਨ ਬਣਾ ਕੇ ਔਰਤਾਂ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਮਿਡਾਸ ਪ੍ਰੋਜੈਕਟ ਵਰਗੀਆਂ ਸੰਸਥਾਵਾਂ ਨੇ ਪਹਿਲਾਂ ਹੀ ਚੇਤਾਵਨੀ ਦਿੱਤੀ ਸੀ ਕਿ ਐੱਕਸ ਏ ਆਈ ਦਾ ਇਹ ਟੂਲ ਬਿਨਾਂ ਸਹਿਮਤੀ ਦੇ ਡੀਪਫੇਕ ਬਣਾਉਣ ਲਈ ਹਥਿਆਰ ਵਜੋਂ ਵਰਤਿਆ ਜਾ ਸਕਦਾ ਹੈ, ਜੋ ਕਿ ਹੁਣ ਸੱਚ ਸਾਬਤ ਹੋ ਰਿਹਾ ਹੈ। ਪੀੜਤ ਔਰਤਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਆਪਣੇ ਉਸ ਸਰੀਰ ਲਈ ਸ਼ਰਮ ਮਹਿਸੂਸ ਕਰਨੀ ਪੈ ਰਹੀ ਹੈ, ਜੋ ਅਸਲ ਵਿੱਚ ਉਨ੍ਹਾਂ ਦਾ ਹੈ ਹੀ ਨਹੀਂ, ਬਲਕਿ ਏ ਆਈ ਨਾਲ ਤਿਆਰ ਕੀਤਾ ਗਿਆ ਹੈ।

# ਧੋਖੇ ਨਾਲ ਰੂਸੀ ਫ਼ੌਜ ਵਿਚ ਭਰਤੀ ਹੋਏ ਮਨਦੀਪ ਦੀ ਡਰੋਨ ਹਮਲੇ ਵਿਚ ਮੌਤ, ਪੌਣੇ ਦੋ ਸਾਲ ਬਾਅਦ ਮਿਲੀ ਲਾਸ਼

ਗੁਰਾਇਆ-ਗੁਰਾਇਆ ਦੇ ਰਹਿਣ ਵਾਲੇ ਮਨਦੀਪ ਨੂੰ ਧੋਖੇ ਨਾਲ ਰੂਸੀ ਫ਼ੌਜ ਵਿੱਚ ਭਰਤੀ ਕੀਤਾ ਗਿਆ ਸੀ, ਜਿੱਥੇ ਉਸਦੀ ਯੂਕਰੇਨੀ ਡਰੋਨ ਹਮਲੇ ਵਿੱਚ ਮੌਤ ਹੋ ਗਈ। ਉਸਦੇ ਪੁੱਤਰ ਦੇ ਲਾਪਤਾ ਹੋਣ ਤੋਂ ਬਾਅਦ, ਪਰਿਵਾਰ ਨੇ ਇੱਕ ਖੋਜ ਮੁਹਿੰਮ ਸ਼ੁਰੂ ਕੀਤੀ, ਅਤੇ ਉਸਦਾ ਭਰਾ, ਜਗਦੀਪ, ਰੂਸ ਚਲਾ ਗਿਆ, ਜਿੱਥੇ ਉਸਦਾ ਡੀਐਨਏ ਲਿਆ ਗਿਆ ਅਤੇ ਹਮਲੇ ਵਿੱਚ ਮਾਰੇ ਗਏ ਭਾਰਤੀਆਂ ਦੀਆਂ ਰਿਪੋਰਟਾਂ ਨਾਲ ਤੁਲਨਾ ਕੀਤੀ ਗਈ, ਜਿਸ ਨਾਲ ਮਨਦੀਪ ਦੀ ਮੌਤ ਦੀ ਪੁਸ਼ਟੀ ਹੋਈ। ਮਨਦੀਪ ਦੀ ਲਾਸ਼ ਇੱਕ ਸਾਲ ਅਤੇ ਨੌਂ ਮਹੀਨਿਆਂ ਬਾਅਦ ਬਰਾਮਦ ਕੀਤੀ ਗਈ।

ਜਗਦੀਪ ਕੁਮਾਰ ਨੇ ਕਿਹਾ ਕਿ ਉਸਦਾ ਛੋਟਾ ਭਰਾ, ਮਨਦੀਪ ਕੁਮਾਰ (30) ਇਟਲੀ ਵਿੱਚ ਸੈਟਲ ਹੋਣਾ ਚਾਹੁੰਦਾ ਸੀ ਪਰ ਏਜੰਟਾਂ ਦੁਆਰਾ ਉਸਨੂੰ ਰੂਸ ਜਾਣ ਲਈ ਧੋਖਾ ਦਿੱਤਾ ਗਿਆ। ਜਗਦੀਪ ਨੇ ਕਿਹਾ ਕਿ ਇੱਕ ਟ੍ਰੈਵਲ ਏਜੰਟ ਨੇ ਉਸਦੇ ਭਰਾ ਮਨਦੀਪ ਨੂੰ ਇਟਲੀ ਵਿੱਚ ਨੌਕਰੀ ਦਾ ਵਾਅਦਾ ਕਰਕੇ ਲਾਲਚ ਦਿੱਤਾ ਸੀ। ਹਾਲਾਂਕਿ, ਏਜੰਟ ਨੇ ਉਸਨੂੰ ਦਸੰਬਰ 2023 ਵਿੱਚ ਰੂਸ ਭੇਜ ਦਿੱਤਾ। ਉੱਥੇ, ਮਨਦੀਪ ਨੂੰ ਉਸਦੀ ਮਰਜ਼ੀ ਦੇ ਵਿਰੁੱਧ ਰੂਸੀ ਫੌਜ ਵਿੱਚ ਸ਼ਾਮਲ ਹੋਣ ਲਈ ਮਜਬੂਰ ਕੀਤਾ ਗਿਆ। ਆਪਣੇ ਭਰਾ ਦੇ ਲਾਪਤਾ ਹੋਣ ਤੋਂ



ਬਾਅਦ, 18 ਜੁਲਾਈ, 2024 ਨੂੰ ਗੁਰਾਇਆ ਪੁਲਿਸ ਸਟੇਸ਼ਨ ਵਿੱਚ ਏਜੰਟਾਂ ਵਿਰੁੱਧ ਐਫਆਈਆਰ ਦਰਜ ਕੀਤੀ ਗਈ ਸੀ, ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਮਨਦੀਪ ਅਤੇ ਉਸਦੇ ਸਾਥੀਆਂ ਨੇ ਪਰਿਵਾਰ ਨੂੰ ਇੱਕ ਵੀਡੀਓ ਭੇਜਿਆ, ਜਿਸ ਵਿੱਚ ਉਨ੍ਹਾਂ ਨੂੰ ਸਿਖਲਾਈ ਲਈ ਰੂਸੀ ਫੌਜ ਵਿੱਚ ਭਰਤੀ ਹੋਣ ਲਈ ਆਪਣੇ ਧੋਖੇ ਅਤੇ ਜ਼ਬਰਦਸਤੀ ਬਾਰੇ ਦੱਸਿਆ ਗਿਆ। ਬਾਅਦ ਵਿੱਚ, ਉਨ੍ਹਾਂ ਦੇ ਮੋਬਾਈਲ ਫੋਨ ਬੰਦ ਹੋ ਗਏ। ਉਸ ਵੀਡੀਓ ਤੋਂ ਬਾਅਦ, ਪੁਲਿਸ ਨੇ ਦੋਸ਼ੀ ਏਜੰਟ ਵਿਰੁੱਧ ਕੇਸ ਦਰਜ ਕੀਤਾ। ਆਪਣੇ ਭਰਾ ਦੀ ਮੌਤ ਬਾਰੇ, ਜਗਦੀਪ ਨੇ ਕਿਹਾ ਕਿ ਉਸਨੇ ਮਦਦ ਲੈਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ, ਪਰ ਕੋਈ ਫਾਇਦਾ ਨਹੀਂ ਹੋਇਆ। ਰੂਸ ਵਿੱਚ ਭਾਰਤੀ ਦੂਤਾਵਾਸ ਨੂੰ ਹਮਲੇ ਵਿੱਚ ਉਸਦੇ ਭਰਾ ਦੀ ਮੌਤ ਬਾਰੇ ਵੀ ਸੂਚਿਤ ਨਹੀਂ ਕੀਤਾ ਗਿਆ। ਉਹ ਇੱਕ ਮਹੀਨਾ ਰੂਸ ਵਿੱਚ ਰਿਹਾ, ਸਿਰਫ ਦੂਤਾਵਾਸ ਤੋਂ ਸਾਰੀ ਜਾਣਕਾਰੀ ਪ੍ਰਾਪਤ ਕਰਨ ਲਈ।

ਮਨਦੀਪ ਨੇ 3 ਮਾਰਚ, 2024 ਨੂੰ ਆਪਣੇ ਕਮਾਂਡਰ ਦੇ ਫੋਨ ਤੋਂ ਆਪਣੇ ਪਰਿਵਾਰ ਨਾਲ ਗੱਲ ਕੀਤੀ, ਜਿਸ ਤੋਂ ਬਾਅਦ ਫੋਨ ਨੰਬਰ ਬੰਦ ਰਿਹਾ। ਮਨਦੀਪ ਨੇ ਆਪਣੇ ਪਰਿਵਾਰ ਤੋਂ ਮਦਦ ਲਈ ਬੇਨਤੀ ਕੀਤੀ। ਉਹ 19 ਮਾਰਚ ਨੂੰ ਯੂਕਰੇਨੀ ਡਰੋਨ ਹਮਲੇ ਵਿੱਚ ਮਾਰਿਆ ਗਿਆ। ਆਪਣੇ ਭਰਾ ਨੂੰ ਬਚਾਉਣ ਲਈ, ਜਗਦੀਪ ਨੇ ਸੰਸਦ ਮੈਂਬਰ ਬਲਬੀਰ ਸਿੰਘ ਸੀਚੇਵਾਲ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਇਸ ਗੰਭੀਰ ਮੁੱਦੇ ਨੂੰ ਕੇਂਦਰ ਸਰਕਾਰ ਕੋਲ ਉਠਾਉਣ ਦੀ ਅਪੀਲ ਕੀਤੀ। ਜਦੋਂ ਉਹ ਪਿਛਲੇ ਨਵੰਬਰ ਵਿੱਚ ਰੂਸ ਪਹੁੰਚਿਆ ਸੀ, ਤਾਂ ਮਨਦੀਪ ਦੀ ਮੌਤ ਦਾ ਪਤਾ ਉਦੋਂ ਲੱਗਿਆ ਜਦੋਂ ਉਸਦਾ ਡੀਐਨਏ ਟੈਸਟ ਕੀਤਾ ਗਿਆ ਅਤੇ ਮਨਦੀਪ ਨਾਲ ਤੁਲਨਾ ਕੀਤੀ ਗਈ। ਜਗਦੀਪ ਆਪਣੇ ਭਰਾ ਦਾ ਪਤਾ ਲਗਾਉਣ ਲਈ ਭਾਰਤੀ ਦੂਤਾਵਾਸ ਦੇ ਅਧਿਕਾਰੀਆਂ ਨਾਲ ਮੁਲਾਕਾਤ ਕਰੇਗਾ।

### ਪਿਛਲੇ 10 ਮਹੀਨਿਆਂ ਵਿਚ 1849 ਕਿੱਲੋ ਹੈਰੋਇਨ ਸਮੇਤ 42,000 ਨਸ਼ਾ ਤਸਕਰ ਫੜੇ

ਚੰਡੀਗੜ੍ਹ-'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ 10 ਮਹੀਨਿਆਂ 'ਚ ਪੰਜਾਬ ਪੁਲਸ ਨੇ 1849 ਕਿੱਲੋ ਹੈਰੋਇਨ ਸਮੇਤ 42,622 ਨਸ਼ਾ ਸਮੱਗਲਰਾਂ ਨੂੰ ਗ੍ਰਿਫ਼ਤਾਰ ਕਰਕੇ 29,351 ਐੱਫ਼. ਆਈ. ਆਰਜ਼. ਦਰਜ ਕੀਤੀਆਂ ਹਨ। ਇਸ ਤੋਂ ਇਲਾਵਾ ਪੁਲਸ ਨੇ ਹੁਣ ਤੱਕ 599 ਕਿੱਲੋ ਅਫ਼ੀਮ, 272 ਕੁਇੰਟਲ ਭੁੱਕੀ, 51 ਕਿੱਲੋ ਚਰਸ, 624 ਕਿੱਲੋ ਗਾਂਜਾ, 28 ਕਿੱਲੋ ਆਈਸ, 46 ਲੱਖ ਨਸ਼ੀਲੀਆਂ ਗੋਲ਼ੀਆਂ/ਕੈਪਸੂਲ ਅਤੇ 15.26 ਕਰੋੜ ਰੁਪਏ ਦੀ ਡਰੱਗ ਮਨੀ ਵੀ ਜ਼ਬਤ ਕੀਤੀ ਹੈ। ਮੁਹਿੰਮ ਦੇ 306ਵੇਂ ਦਿਨ ਪੰਜਾਬ ਪੁਲਸ ਨੇ 49 ਨਸ਼ਾ ਸਮੱਗਲਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ 468 ਗ੍ਰਾਮ ਹੈਰੋਇਨ, 202 ਨਸ਼ੀਲੀਆਂ ਗੋਲ਼ੀਆਂ ਅਤੇ 2,500 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਕਾਰਵਾਈ ਦੌਰਾਨ 61 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 700 ਤੋਂ ਵੱਧ ਪੁਲਸ ਮੁਲਾਜ਼ਮਾਂ ਵਾਲੀਆਂ 100 ਤੋਂ ਵੱਧ ਟੀਮਾਂ ਨੇ ਸੂਬੇ ਭਰ ਵਿਚ 257 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੇ ਨਤੀਜੇ ਵਜੋਂ 38 ਐੱਫ਼. ਆਈ. ਆਰਜ਼ ਦਰਜ ਕੀਤੀਆਂ ਗਈਆਂ। ਦਿਨ ਭਰ ਚੱਲੀ ਮੁਹਿੰਮ ਦੌਰਾਨ ਪੁਲਸ ਟੀਮਾਂ ਨੇ 271 ਸ਼ੱਕੀਆਂ ਤੋਂ ਪੁੱਛਗਿੱਛ ਕੀਤੀ। ਇਸ ਦੌਰਾਨ ਪੁਲਸ ਨੇ 21 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ-ਵਸੇਬੇ ਦਾ ਇਲਾਜ ਕਰਵਾਉਣ ਲਈ ਵੀ ਉਤਸ਼ਾਹਤ ਕੀਤਾ।

# ਬੁੱਢੇ ਦਰਿਆ ਦੀ ਸਫ਼ਾਈ ਮੁਹਿੰਮ ’ਤੇ ਵਿਵਾਦ ਛਿੜਿਆ

## ✪ ਪਬਲਿਕ ਐਕਸ਼ਨ ਕਮੇਟੀ ਨੇ ਸੰਤ ਸੀਚੇਵਾਲ ਦਾ ਕੀਤਾ ਵਿਰੋਧ

ਲੁਧਿਆਣਾ-ਬੁੱਢੇ ਦਰਿਆ ਦੀ ਸਫ਼ਾਈ ਲਈ ਜਦੋਂ ਰਲ ਕੇ ਹੰਭਲਾ ਮਾਰਨ ਦੀ ਲੋੜ ਹੈ ਤਾਂ ਵੱਖ ਵੱਖ ਧਿਰਾਂ ’ਚ ਟਕਰਾਅ ਵੀ ਸਾਹਮਣੇ ਆਉਣ ਲੱਗ ਪਏ ਹਨ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਬੁੱਢੇ ਦਰਿਆ ਦੀ ਸਫ਼ਾਈ ਲਈ ਕੀਤੇ ਜਾ ਰਹੇ ਯਤਨ ’ਤੇ ਪਬਲਿਕ ਐਕਸ਼ਨ ਕਮੇਟੀ (ਪੀ ਏ ਸੀ) ਨੇ ਸਵਾਲ ਖੜ੍ਹੇ ਕੀਤੇ ਹਨ। ਕਮੇਟੀ ਮੈਂਬਰਾਂ ਨੇ ਬੁੱਢੇ ਦਰਿਆ ਦੀ ਸਫ਼ਾਈ ਦੀ ਜ਼ਮੀਨੀ ਹਕੀਕਤ ਦੇ ਮੁੱਦੇ ’ਤੇ 9 ਸਵਾਲ ਕਰਦਿਆਂ ਸੰਤ ਸੀਚੇਵਾਲ ਨੂੰ 10 ਜਨਵਰੀ ਨੂੰ ਜਨਤਕ ਤੌਰ ’ਤੇ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਰਾਜ ਸਭਾ ਮੈਂਬਰ ਵੱਲੋਂ ਜਨਤਾ ਨੂੰ ਸਹੀ ਤਸਵੀਰ ਨਹੀਂ ਦਿਖਾਈ ਜਾ ਰਹੀ ਹੈ ਅਤੇ ਉਹ ਸਿੱਧੇ ਤੌਰ ’ਤੇ ਪ੍ਰਦੂਸ਼ਣ ਫੈਲਾਉਣ ਵਾਲੀਆਂ ਡਾਈਂਗ ਯੂਨਿਟਾਂ ਨੂੰ ਬਚਾਅ ਰਹੇ ਹਨ। ਉਧਰ ਸੰਤ ਸੀਚੇਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਲੁਧਿਆਣਾ ਵਿੱਚ ਆ ਕੇ ਕੋਈ ਵੀ ਮਿਲ ਸਕਦਾ ਹੈ। ਪੀ ਏ ਸੀ ਮੈਂਬਰਾਂ ਕਪਿਲ ਅਰੋੜਾ ਅਤੇ ਕੁਲਦੀਪ ਸਿੰਘ ਖਹਿਰਾ ਨੇ ਕਿਹਾ ਕਿ 20 ਸਾਲਾਂ ਤੋਂ ਜਾਰੀ ਬੁੱਢੇ ਦਰਿਆ ਨੂੰ ਸਾਫ਼ ਕਰਨ ਦੀ ਲੜਾਈ ਨੂੰ ਭਟਕਾਉਣ ਦੀ ਬਜਾਏ ਸੱਚ ਸਾਹਮਣੇ ਲਿਆਉਣਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਬੁੱਢੇ ਦਰਿਆ ਨੂੰ ਸਭ ਤੋਂ ਵੱਧ ਪ੍ਰਦੂਸ਼ਿਤ ਡਾਈਂਗ ਯੂਨਿਟਾਂ ਨੇ ਕੀਤਾ ਹੈ ਪਰ ਸਾਰਾ ਧਿਆਨ ਗੋਹੇ ਤੇ ਡੇਅਰੀਆਂ ਵਾਲੇ ਪਾਸੇ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਿਰਫ਼ ਐੱਨ ਜੀ ਟੀ ਨੂੰ ਭੰਬਲਭੂਸੇ ਵਿੱਚ ਪਾਉਣ ਲਈ ਇਹ ਸਭ ਕੀਤਾ ਜਾ ਰਿਹਾ ਹੈ।



ਉਨ੍ਹਾਂ ਸੰਤ ਸੀਚੇਵਾਲ ਨੂੰ 9 ਸਵਾਲ ਭੇਜੇ ਹਨ। ਡਾਈਂਗ ਯੂਨਿਟਾਂ ਦਾ ਪਾਣੀ ਖੇਤੀ ਲਈ ਸੁਰੱਖਿਅਤ ਨਾ ਹੋਣ ਦੇ ਬਾਵਜੂਦ ਫਿਰ ਉਸ ਦੀ ਵਰਤੋਂ ਖੇਤੀ ਲਈ ਕਰਨ ਦੀ ਗੱਲ ਕਿਉਂ ਆਖੀ ਜਾ ਰਹੀ ਹੈ। ਸੀ ਈ ਟੀ ਪੀ ਕਾਨੂੰਨੀ ਜਾਂ ਗੈਰ-ਕਾਨੂੰਨੀ ਹਨ। ਐੱਨ ਜੀ ਟੀ ਦੇ ਆਦੇਸ਼ਾਂ ਨਾਲ ਸਬੰਧਤ ਵੀ ਸਵਾਲ ਪੁੱਛਿਆ ਗਿਆ ਹੈ। ਡੇਅਰੀਆਂ ਖ਼ਿਲਾਫ਼ ਕਾਰਵਾਈ ਅਤੇ ਡਾਈਂਗ ਯੂਨਿਟਾਂ ਨਾਲ ਨਰਮੀ ਬਾਰੇ ਵੀ ਸਵਾਲ ਕੀਤਾ ਗਿਆ ਹੈ। ਬੁੱਢੇ ਦਰਿਆ ਵਿੱਚ ਜੀਵਾਂ ਲਈ ਬੀ ਓ ਡੀ ਤੇ ਸੀ ਓ ਡੀ ਦੀ ਹੱਦ ਕਿੰਨੀ ਹੋਣੀ ਚਾਹੀਦੀ ਹੈ। ਇਹ ਸਵਾਲ ਵੀ ਕੀਤਾ ਗਿਆ ਹੈ ਕਿ ਗਾਰ ਕੱਢਣ ਨਾਲ ਜ਼ਹਿਰੀਲਾ ਪਾਣੀ ਧਰਤੀ ਵਿੱਚ ਜਾਣ ਦਾ ਖਤਰਾ ਵਧ ਰਿਹਾ ਹੈ। ਦਰਿਆ ’ਚੋਂ ਕੱਢੀ ਜਾ ਰਹੀ ਸਿਲਟ ਦਾ ਕੀ ਬਣੇਗਾ; ਐੱਨ ਜੀ ਟੀ ਵੱਲੋਂ ਗ੍ਰੀਨ ਬਫਰ ਜ਼ੋਨ ਦੇ ਹੁਕਮਾਂ ਦਾ ਹੁਣ ਤੱਕ ਕੀ ਬਣਿਆ ਅਤੇ ਕੀ ਡਾਈਂਗ ਦੇ ਪਾਈਪ ਵਾਤਾਵਰਣ ਲਈ ਸਹੀ ਹਨ।

ਉਧਰ, ਸੰਤ ਸੀਚੇਵਾਲ ਨੇ ਕਿਹਾ ਕਿ ਉਹ ਲੰਬੇ ਸਮੇਂ ਤੋਂ ਬੁੱਢੇ ਦਰਿਆ ਦੀ ਸਫ਼ਾਈ ਲਈ ਕੋਸ਼ਿਸ਼ਾਂ ਕਰ ਰਹੇ ਹਨ, ਜੋ ਅੱਗੇ ਵੀ ਜਾਰੀ ਰਹਿਣਗੀਆਂ। ਉਨ੍ਹਾਂ ਕਿਹਾ ਕਿ ਉਹ ਲੁਧਿਆਣਾ ਆਉਂਦੇ ਹਨ ਅਤੇ ਕੋਈ ਵੀ ਉਨ੍ਹਾਂ ਨੂੰ ਆ ਕੇ ਸਫ਼ਾਈ ਦੇ ਮੁੱਦੇ ’ਤੇ ਸਵਾਲ ਕਰ ਸਕਦਾ ਹੈ।

## ਪੁਲਿਸ ਨੇ ਨੈਣਾ ਦੇਵੀ ਵਿਖੇ ਔਰਤ ਦੇ ਕਤਲ ਦਾ ਮਾਮਲਾ ਸੁਲਝਾਇਆ, ਤਿੰਨ ਵਿਅਕਤੀ ਗ੍ਰਿਫ਼ਤਾਰ

ਸ਼੍ਰੀ ਕੀਰਤਪੁਰ ਸਾਹਿਬ-ਪਿਛਲੇ ਦਿਨੀਂ ਸ਼੍ਰੀ ਨੈਣਾ ਦੇਵੀ ਵਿਖੇ ਇੱਕ ਨੌਜਵਾਨ ਔਰਤ ਦੀ ਲਾਸ਼ ਬਰਾਮਦ ਹੋਈ ਸੀ, ਇਸ ਸਬੰਧੀ ਪੁਲਿਸ ਨੇ ਉਕਤ ਔਰਤ ਦੀ ਹੱਤਿਆ ਦੇ ਕੇਸ ਨੂੰ ਸੁਲਝਾਉਂਦੇ ਹੋਏ ਪੁਲਿਸ ਨੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ ਅਤੇ ਤਿੰਨੇ ਮੁਲਜ਼ਮ ਹੁਣ ਪੁਲਿਸ ਦੀ ਗ੍ਰਿਫਤ ਵਿਚ ਹਨ। ਜਾਣਕਾਰੀ ਅਨੁਸਾਰ ਆਰੋਪੀ ਨੌਜਵਾਨ ਆਪਣੀ ਪ੍ਰੇਮਿਕਾ ਨੂੰ ਘੁਮਾਉਣ ਅਤੇ ਮੱਥਾ ਟੇਕਣ ਦੇ ਬਹਾਨੇ ਨਾਲ ਸ਼੍ਰੀ ਨੈਣਾ ਦੇਵੀ ਮਾਤਾ ਦੇ ਦਰਬਾਰ ਆਏ ਸਨ। ਉਪਰੋਕਤ ਮੁਲਜ਼ਮਾਂ ਵੱਲੋਂ ਸ੍ਰੀ ਮਾਤਾ ਨੈਣਾ ਦੇਵੀ ਮੰਦਰ ਮੱਥਾ ਟੇਕਣ ਤੋਂ ਬਾਅਦ ਉਕਤ ਨੌਜਵਾਨ ਔਰਤ ਦੀ ਹੱਤਿਆ ਕਰ ਦਿੱਤੀ ਸੀ ਅਤੇ ਲਾਸ਼ ਨੂੰ ਨਜ਼ਦੀਕ ਸੁੰਨਸਾਨ ਇਲਾਕੇ ਵਿਚ ਸੁੱਟ ਕੇ ਫ਼ਰਾਰ ਹੋ ਗਏ ਸਨ। ਇਸ ਸਬੰਧੀ ਜਦੋਂ ਸਵੇਰੇ ਸਥਾਨਕ ਲੋਕਾਂ ਨੂੰ ਪਤਾ ਲੱਗਿਆ ਤਾਂ ਲਾਸ਼ ਦੇਖਣ ਤੋਂ ਬਾਅਦ ਸਥਾਨਕ ਲੋਕਾਂ ਨੇ ਪੁਲਿਸ ਨੂੰ ਸੂਚਿਤ ਕੀਤਾ ਸੀ। ਹਿਮਾਚਲ ਪ੍ਰਦੇਸ਼ ਦੀ ਬਿਲਾਸਪੁਰ ਪੁਲਿਸ ਟੀਮ ਨੇ ਫੌਰੈਂਸਿਕ ਟੀਮਾਂ ਅਤੇ ਆਧੁਨਿਕ ਉਪਕਰਨਾਂ ਦੀ ਮਦਦ ਨਾਲ ਕਿਸ ਹੱਲ ਕਰ ਲਿਆ ਅਤੇ ਇਸ ਵਿਚ ਦੋਸ਼ੀ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਜ਼ਿਲ੍ਹਾ ਬਿਲਾਸਪੁਰ ਦੇ ਪੁਲਿਸ ਮੁਖੀ ਸੰਦੀਪ ਧਵਲ ਨੇ ਦੱਸਿਆ ਕਿ ਤਿੰਨੇ ਆਰੋਪੀ ਉਕਤ ਮਹਿਲਾ ਨਾਲ ਮਾਤਾ ਸ੍ਰੀ ਨੈਣਾ ਦੇਵੀ ਦਰਬਾਰ ਵਿਚ ਮੱਥਾ ਟੇਕਣ ਉਪਰੰਤ ਕੈਮਰੇ ਵਿਚ ਕੈਦ ਹੋ ਗਏ ਸਨ।

## ★ ਮਿੰਨੀ ਕਹਾਣੀਆਂ ★

### ਖੇਡ

ਅਚਾਨਕ ਕੁਛ ਬੱਚੇ ਖੇਡਦੇ-ਖੇਡਦੇ ਉਹਨਾਂ ਦੀ ਗਲੀ ਵੱਲ ਆ ਗਏ। ਪਹਿਲਾਂ ਇਹ ਬੱਚੇ ਗਲ਼ੀ ਤੋਂ ਹਟਕੇ ਖੁੱਲੇ ਮੈਦਾਨ ਵੱਲ ਖੇਲਦੇ ਸੀ ਅੱਜ ਉੱਥੇ ਕੋਈ ਪ੍ਰੋਗਰਾਮ ਰੱਖਿਆ ਹੋਣ ਕਰਕੇ ਇਹ ਬੱਚੇ ਆਸ-ਪਾਸ ਨੱਚਦੇ-ਟੱਪਦੇ ਇਧਰਲੀ ਗਲ਼ੀ ਵੱਲ ਆ ਗਏ। ਜਦ ਖਾਲਾ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸਨੇ ਝਿੜਕ ਕੇ ਉਹਨਾਂ ਸਾਰਿਆਂ ਨੂੰ ਉੱਥੋਂ ਭਜਾ ਦਿੱਤਾ ਤੇ ਆਪ ਅੰਦਰ ਚਲੀ ਗਈ। ਜਦੋਂ ਹੀ ਖਾਲਾ ਅੰਦਰ ਗਈ ਤਾਂ ਉਹ ਸ਼ਰਾਰਤੀ ਬੱਚੇ ਫਿਰ ਤੋਂ ਅੱਖ ਬਚਾ ਕੇ ਉੱਥੇ ਹੀ ਮੁੜ ਆ ਕੇ ਨੱਚਣ-ਟੱਪਣ ਲੱਗ ਪਏ। ਇਹ ਸਭ ਦੇਖ ਕੇ ਪਰਵੀਨ ਨੂੰ ਬੜਾ ਹਾਸਾ ਆਇਆ। ਉਹ ਬੱਚਿਆਂ ਨੂੰ ਇਸ ਤਰਾਂ ਨੱਚਦਾ-ਟੱਪਦਾ ਦੇਖਕੇ ਵੀ ਬੜੀ ਖੁਸ਼ ਹੋ ਰਹੀ ਸੀ। ਫਿਰ ਉਹ ਆਸੇ-ਪਾਸੇ ਦੇਖ ਕੇ ਉਹਨਾਂ ਵੱਲ ਨੂੰ ਚਲ ਪਈ।

“ਓਏ ਬੱਚਿਓ ਤੁਸੀਂ ਜਾਓ ਖਾਲਾ ਆ ਗਈ ਤਾਂ ਡੰਡਾ ਲੈ ਕੇ ਲੱਤਾਂ ਭੰਨ ਦਊ ਤੁਹਾਡੀਆਂ। “ਇਹ ਦੀਦੀ ਖੇਡ ਲੈਣ ਦਉ ਤਾਂ ਸਾਨੂੰ ਆਸ-ਪਾਸ ਕੋਈ ਨੀ ਖੇਡਣ ਦਿੰਦਾ ਇਧਰ ਆਏ ਤਾਂ ਖਾਲਾ ਮਾਰਨ ਪੈਂਦੀ ਆ ਤੇ ਹੁਣ ਤੁਸੀਂ ਵੀ....

“ਮੈਨੂੰ ਤੁਹਾਡੇ ਖੇਡਣ ਤੋਂ ਇਤਰਾਜ਼ ਨੀ ਪਰ ਖਾਲਾ ਤਾਂ ਮੇਰੀ ਵੀ ਨੀਂ ਮੰਨਦੀ ਤੁਸੀਂ ਜਾਓ ਐਥੋਂ....“ਠੀਕ ਹੈ ਦੀਦੀ ਜਾਂਦੇ ਆਂ ਪਰ ਜਦੋਂ ਅਸੀਂ ਵੱਡੇ ਹੋ ਗਏ ਨਾ ਉਦੋਂ ਜੇ ਖਾਲਾ ਨੇ ਸਾਨੂੰ ਇਧਰ ਆਉਣ ਤੋਂ ਰੋਕਿਆ ਤਾਂ ਅਸੀਂ ਕੁੱਟ ਦੇਣਾ ਖਾਲਾ ਨੂੰ।

“ਹਾ-ਹਾ-ਹਾ ਤੁਸੀਂ ਤਾਂ ਹਜੇ ਭੋਲ਼ੇ ਓ ਜਦੋਂ ਤੁਸੀਂ ਵੱਡੇ ਹੋ ਗਏ ਫਿਰ ਤੁਹਾਡੇ ਇਧਰ ਆਉਣ ਤੇ ਗੁੱਸੇ ਨੀ ਹੋਇਆ ਕਰਨਾ ਸਗੋਂ ਉਸਨੇ ਤਾਂ ਚਾਹਿਆ ਕਰਨਾ ਕੀ ਤੁਸੀਂ ਰੋਜ਼ ਆਇਆ ਕਰੋ।

“ਉਹ ਅੱਛਾ ਉਦੋਂ ਸਾਡੇ ਕੋਲ ਪਾਪਾ ਵਾਂਗੂੰ ਪੈਸੇ ਹੋਇਆ ਕਰਨੇ ਨਾ ਫਿਰ ਖਾਲਾ ਨੇ ਪੈਸੇ ਲੈ ਲਿਆ ਕਰਨੇ ਸਾਡੇ ਤੋਂ ਇੱਥੇ ਖੇਡਣ ਦੇ। “ਐਦਾਂ ਨਾ ਕਹੋ ਬੱਚੇ ਰੱਬ ਕਰੇ ਤੁਸੀਂ ਕਦੇ ਉਸ ਖੇਡ ਦੇ ਖਿਡਾਰੀ ਨਾ ਬਣੋ ਜੋ ਐਥੇ ਖੇਡੀ ਜਾਂਦੀ ਹੈ।

### ਮਾਂ ਨਾਲ ਵਾਅਦਾ

ਮਾਂ ਦੇ ਸਸਕਾਰ ਤੋਂ ਬਾਅਦ ਅੱਜ ਤੀਜੇ ਦਿਨ ਸੁਜਾਤਾ ਦੀ ਮਾਂ ਦਾ ਭੋਗ ਸੀ। ਉਹ ਮਸਾਂ ਹੀ ਗੁਰਦੁਆਰਾ ਸਾਹਿਬ ਪਹੁੰਚੀ। ਮੱਥਾ ਟੇਕਦਿਆਂ ਗੁਰੂ ਜੀ ਦੇ ਚਰਨਾਂ ’ਚ ਪਈ ਮਾਂ ਦੀ ਤਸਵੀਰ ਦੇਖਦਿਆਂ ਉਸ ਦੀ ਭੁੱਬ ਨਿਕਲ ਗਈ ਤੇ ਉਹ ਆਪਣੇ ਆਪ ਨੂੰ ਕਾਬੂ ਕਰਦੀ ਇੱਕ ਨੁੱਕਰ ਤੇ ਜਾ ਬੈਠੀ। ਰਾਗੀਆਂ ਵੱਲੋਂ ਵੈਰਾਗਮਈ ਕੀਰਤਨ ਚੱਲ ਰਿਹਾ ਸੀ। ਉਸਦੇ ਹੰਝੂ ਰੁਕ ਨਹੀਂ ਰਹੇ ਸਨ। ਉਸਨੇ ਦੇਖਿਆ ਉਸਦੀਆਂ ਚਾਰੇ ਭਰਜਾਈਆਂ ਵੰਨ- ਸੁਵੰਨੇ ਸੂਟਾਂ ’ਚ ਮੈਚਿੰਗ ਲਿਪਸਟਿਕ ਲਾਈ ਉਸਦੇ ਕੋਲ ਹੀ ਬੈਠੀਆਂ ਸਨ। ਪਿੱਛੇ ਬੈਠੇ ਰਿਸ਼ਤੇਦਾਰ ਤੇ ਹੋਰ ਲੋਕ ਆਪਣੀਆਂ ਗੱਲਾਂ ਵਿਚ ਮਸ਼ਰੂਫ ਹਨ। ਬਿਲਕੁਲ ਪਿੱਛੇ ਬੈਠੀਆਂ ਔਰਤਾਂ ਤਾਂ ਗੱਲਾਂ ਕਰਦੀਆਂ ਹੱਸ ਵੀ ਰਹੀਆਂ ਸਨ।

ਇਨੇ ਨੂੰ ਸਟੇਜ ਤੇ ਬੁਲਾਰੇ ਭਾਸ਼ਣ ਦੇਣ ਲੱਗੇ। ਸੁਜਾਤਾ ਸਭ ਦੀਆਂ ਗੱਲਾਂ ਧਿਆਨ ਨਾਲ ਸੁਣ ਰਹੀ ਸੀ। ਬੁਲਾਰੇ ਆਲੇ-ਦੁਆਲੇ ਦੀਆਂ ਗੱਲਾਂ ਕਰਦੇ ਉਸਦੇ ਭਰਾਵਾਂ ਦੀਆਂ ਸਿਫਤਾਂ ਦੇ ਪੁਲ ਬੰਨ੍ਹ ਰਹੇ ਸਨ। ਜਿਸਨੂੰ ਸੁਣ-ਸੁਣ ਕੇ ਸਭ ਤੋਂ ਅੱਗੇ ਬੈਠੇ ਉਸਦੇ ਚਾਰੇ ਭਰਾ ਖੁਸ਼ ਨਜ਼ਰ ਆ ਰਹੇ ਸਨ। ਪਰ ਉਸਦੀ ਮਾਂ ਬਾਰੇ ਕੋਈ ਕੁਝ ਨਹੀਂ ਬੋਲ ਰਿਹਾ ਸੀ। ਸੁਜਾਤਾ ਦਾ ਦਿਲ ਕੀਤਾ ਕਿ ਉਹ ਹੁਣੇ ਉੱਠ ਕੇ ਭਾਸ਼ਣ ਦੇਣ ਵਾਲੇ ਤੋਂ ਮਾਈਕ ਖੋਹ ਲਵੇ ਤੇ ਚੀਕ- ਚੀਕ ਕੇ ਸਾਰੀ ਸੰਗਤ ਨੂੰ ਦੱਸੇ ਕਿ ਸਾਡੇ ਪਿਓ ਦੇ ਮਰਨ ਤੋਂ ਬਾਅਦ ਕਿਵੇਂ ਸਾਡੀ ਮਾਂ ਨੇ ਮਿਹਨਤ-ਮੁਸ਼ੱਕਤ ਕਰ-ਕਰਕੇ ਸਾਨੂੰ ਪੰਜ ਭੈਣਾਂ ਭਰਾਵਾਂ ਨੂੰ ਪਾਲ਼ਿਆ, ਪੜ੍ਹਇਆ ਤੇ ਸਾਡੇ ਵਿਆਹ ਕੀਤੇ। ਹਰ ਪਲ, ਹਰ ਕਦਮ ? ਤੇ ਉਸਨੇ ਸਾਡੇ ਲਈ ਕੁਰਬਾਨੀਆਂ ਕੀਤੀਆਂ। ਪਰ..ਉਹ ਚਾਹ ਕੇ ਵੀ ਕੁਝ ਨਾ ਬੋਲ ਸਕੀ। ਭੋਗ ਤੋਂ ਬਾਅਦ ਸਾਰੀ ਸੰਗਤ ਲੰਗਰ ਹਾਲ ਵੱਲ ਚਲੀ ਪਈ ਸੀ। ਸਾਰੇ ਆਪਸ ਵਿੱਚ ਗੱਲਾਂ ਕਰਦੇ ਤੁਰਦੇ- ਤੁਰਦੇ ਹੱਸਦੇ ਜਾ ਰਹੇ ਸਨ। ਸੁਜਾਤਾ ਨੂੰ ਤਾਂ ਲੱਗ ਹੀ ਨਹੀਂ ਸੀ ਰਿਹਾ ਕਿ ਇਹ ਸਾਰੇ ਉਸਦੀ ਮਾਂ ਦੇ ਭੋਗ ਤੇ.....। ਸੁਜਾਤਾ ਵੀ ਬੋਝਲ ਕਦਮਾਂ ਨਾਲ ਲੰਗਰ ਹਾਲ ਵੱਲ ਚੱਲ ਪਈ।

ਲੰਗਰ ਹਾਲ ’ਚ ਵੀ ਵਿਆਹ ਵਰਗਾ ਮਾਹੌਲ ਸੀ। ਮੇਜ਼ਾਂ ਤੇ ਖਾਣੇ ਦਾ ਪ੍ਰਬੰਧ ਸੀ ਤੇ ਲੋਕ ਕੁਰਸੀਆਂ ਤੇ ਬੈਠੇ ਖਾਣਾ ਖਾ ਰਹੇ ਸਨ। ਸੁਜਾਤਾ ਨੂੰ ਸਭ ਤੋਂ ਵੱਧ ਦੁੱਖ ਤਾਂ ਉਦੋਂ ਹੋਇਆ ਜਦ ਦੇਖਿਆ ਉਸਦੇ ਭਰਾ ਆਪਣੇ ਯਾਰਾਂ-ਮਿੱਤਰਾਂ ਨਾਲ ਖੜ੍ਹੇ ਹੱਸ ਰਹੇ ਸਨ। ਇਹ ਅੱਜ ਦੇ ਦਿਨ ਤਾਂ ਮਾਂ ਨੂੰ.......। ਤੇ ਭਰੇ ਮਨ ਨਾਲ ਸੁਜਾਤਾ ਬਿਨਾਂ ਲੰਗਰ ਖਾਧੇ ਹੀ ਗੁਰੂ ਮਹਾਰਾਜ ਦੇ ਚਰਨਾਂ ’ਚ ਪਈ ਮਾਂ ਦੀ ਤਸਵੀਰ ਲਾਗੇ ਆ ਬੈਠੀ। ਮਾਂ ਦੀ ਫੋਟੋ ਚੁੱਕ ਉਸਨੇ ਜਿਉਂ ਹੀ ਛਾਤੀ ਨਾਲ ਲਾਈ ਉਸ ਦੀ ਭੁੱਬ ਨਿਕਲ ਗਈ। ’ ਮਾਂ.... ਮਾਂ.! ਦੇਖ ਲੈ ਸਭ ਭੁੱਲ ਗਏ ਤੈਨੂੰ। ਤੈਨੂੰ ਕਹਿੰਦੀ ਸੀ ਨਾ ਮੈਂ, ਤੂੰ ਵੀ ਆਪਣੀ ਜ਼ਿੰਦਗੀ ਜੀਅ ਲੈ...ਪਰ ਨਹੀਂ... ਤੂੰ ਤਾਂ ਹਰ ਪਲ ਆਪਣੇ ਪੁੱਤਰਾਂ ਲਈ ਮਰਦੀ ਰਹੀ ਤੇ ਉਨ੍ਹਾਂ ਸਭ ਨੇ ਤੈਨੂੰ ਵਿਸਾਰ ਵੀ ਦਿੱਤਾ। ਪਰ ਮੈਂ...ਮੈਂ...ਤੈਨੂੰ ਕਦੀ ਨਹੀਂ ਭੁੱਲ ਸਕਦੀ ਮਾਂ। ਤੇ ਨਾ ਹੀ ਤੇਰੀਆਂ ਕੁਰਬਾਨੀਆਂ ਨੂੰ। ਮੇਰੇ ਅੰਤਿਮ ਸਾਹ ਤੱਕ ਤੂੰ ਮੇਰੇ ਸੀਨੇ ’ਚ ਜੀਉਂਦੀ ਰਹੇਗੀ..ਮੇਰੇ ਅੰਤਿਮ ਸਾਹ ਤੱਕ।’

ਮਨਪ੍ਰੀਤ ਕੌਰ ਭਾਟੀਆ

# ਰਿਸ਼ਵਤ ਨਾ ਦੇਣ ਨਾ ਕਾਰਣ ਇੰਤਕਾਲ ਹੋਣ ਦੇ ਬਾਵਜੂਦ ਨਾਮ ਜਮ੍ਹਾਂਬੰਦੀ 'ਚ ਨਹੀਂ

## ✪ ਇਨਸਾਫ਼ ਲਈ ਦਰ-ਦਰ ਭਟਕ ਰਿਹਾ 81 ਸਾਲਾ ਬਜ਼ੁਰਗ

ਅੰਮ੍ਰਿਤਸਰ-ਪਾਵਰਕਾਮ ਦੇ 81 ਸਾਲਾ ਸੇਵਾਮੁਕਤ ਕਾਰਜਕਾਰੀ ਇੰਜੀਨੀਅਰ ਜਸਪਾਲ ਸਿੰਘ ਜੁਨੇਜਾ ਸਰਕਾਰ ਨੂੰ ਆਪਣੀ ਕਮਾਈ ਨਾਲ ਬਣਾਇਆ ਘਰ ਵੇਚਣ ਲਈ ਬੇਨਤੀ ਕਰ ਰਹੇ ਹਨ। ਪਰ ਇਸ ਵਧਦੀ ਉਮਰ ਵਿਚ ਵੀ ਉਨ੍ਹਾਂ ਨੂੰ ਇਨਸਾਫ਼ ਦਾ ਕੋਈ ਸੰਕੇਤ ਨਹੀਂ ਦਿਖਾਈ ਦੇ ਰਿਹਾ। ਮਾਲ ਵਿਭਾਗ ਵਿਚ ਵਿਆਪਕ ਭ੍ਰਿਸ਼ਟਾਚਾਰ ਬਾਰੇ ਪੰਜਾਬ ਦੇ ਮੁੱਖ ਮੰਤਰੀ ਅਤੇ ਵਿਜੀਲੈਂਸ ਬਿਊਰੋ ਦੇ ਡਾਇਰੈਕਟਰ ਨੂੰ ਲਿਖਣ ਦੇ ਬਾਵਜੂਦ ਇਕ ਸੇਵਾਮੁਕਤ ਅਧਿਕਾਰੀ ਕਾਰਵਾਈ ਦੀ ਘਾਟ ਕਾਰਨ ਆਪਣੇ ਆਪ ਨੂੰ ਲਾਚਾਰ ਮਹਿਸੂਸ ਕਰ ਰਿਹਾ ਹੈ। ਉਹ ਵਿਜੀਲੈਂਸ ਵਿਭਾਗ ਕੋਲ ਸ਼ਿਕਾਇਤ ਦਰਜ ਕਰਵਾਉਣ ਤੋਂ ਬਾਅਦ ਮਿਲੇ ਆਰਟੀਆਈ ਜਵਾਬ ਤੋਂ ਹੋਰ ਵੀ ਪਰੇਸ਼ਾਨ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਵਿਭਾਗ ਨੇ ਉਨ੍ਹਾਂ ਦੀ ਸ਼ਿਕਾਇਤ ਪੰਜਾਬ ਦੇ ਵਿੱਤ ਕਮਿਸ਼ਨਰ, ਜਾਇਦਾਦ ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਚੰਡੀਗੜ੍ਹ ਨੂੰ ਭੇਜ ਦਿੱਤੀ ਹੈ, ਜੋ ਭ੍ਰਿਸ਼ਟਾਚਾਰ ਦੀ ਜਾਂਚ ਕਰਨ ਤੋਂ ਕੰਨੀ ਕਤਰਾ ਰਹੇ ਹਨ।

ਕਸ਼ਮੀਰ ਐਵੀਨਿਊ ਦੇ ਵਸਨੀਕ ਪੀੜਤ ਜਸਪਾਲ ਸਿੰਘ ਨੇ ਵਿਜੀਲੈਂਸ ਪੰਜਾਬ ਦੇ ਡਾਇਰੈਕਟਰ ਨੂੰ ਇੱਕ ਪੱਤਰ ਲਿਖਿਆ, ਜਿਸ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਦਾ ਗੋਕਲ ਵਿਹਾਰ ਮਜੀਠਾ ਰੋਡ 'ਤੇ ਇਕ ਘਰ ਹੈ ਅਤੇ ਜਦੋਂ ਉਨ੍ਹਾਂ ਨੇ 4 ਜਨਵਰੀ 2006 ਨੂੰ ਘਰ ਖਰੀਦਿਆ ਸੀ, ਤਾਂ ਉਨ੍ਹਾਂ ਨਿਯਮਾਂ ਅਨੁਸਾਰ 24 ਫਰਵਰੀ, 2006 ਨੂੰ ਪਟਵਾਰ ਖਾਨਾ ਨੰਬਰ 2 ਅੰਮ੍ਰਿਤਸਰ ਤੋਂ ਇੰਤਕਾਲ ਮੰਜ਼ੂਰ ਕਰਵਾਇਆ ਸੀ। ਉਨ੍ਹਾਂ ਦੇ ਪਿਛਲੇ ਮਾਲਕਾਂ ਦੇ ਵੀ ਇੰਤਕਾਲ ਮੰਜ਼ੂਰ ਸਨ। ਹੁਣ, ਉਹ ਕਾਫ਼ੀ ਬਜ਼ੁਰਗ ਹਨ ਅਤੇ ਉਨ੍ਹਾਂ ਨੇ ਘਰ ਵੇਚਣ ਦਾ ਫੈਸਲਾ ਕੀਤਾ ਹੈ ਅਤੇ ਇਸ ਨੂੰ ਕਿਸੇ ਨੂੰ ਵੇਚਣ ਲਈ ਇਕ ਇਕਰਾਰਨਾਮੇ 'ਤੇ ਦਸਤਖਤ ਵੀ ਕਰ ਲਏ ਹਨ। ਰਜਿਸਟਰੀ ਲਈ ਨਵੀਂ ਜਮ੍ਹਾਂਬੰਦੀ ਦੀ ਇਕ ਕਾਪੀ ਦੀ ਲੋੜ ਹੈ। ਜਦੋਂ ਪਟਵਾਰ ਖਾਨਾ 2 ਦੇ ਪਟਵਾਰੀ ਨਾਲ ਸੰਪਰਕ ਕੀਤਾ ਗਿਆ, ਤਾਂ ਉਸ ਨੇ ਕਿਹਾ ਕਿ ਇਸ ਮਾਮਲੇ ਸਬੰਧੀ ਉਸਦੇ ਸਹਾਇਕ ਨਾਲ ਸੰਪਰਕ ਕਰੋ। ਉਨ੍ਹਾਂ ਨੂੰ ਪੁਰਾਣੀ ਜਮ੍ਹਾਂਬੰਦੀ ਦਿੱਤੀ ਗਈ ਅਤੇ ਇਕ ਨਵੀਂ ਲੈਣ ਲਈ ਕਿਹਾ ਗਿਆ ਤਾਂ ਜੋ ਉਹ ਰਜਿਸਟਰੀ ਕਰਵਾ ਸਕੇ। ਉਸ ਨੂੰ ਇਸ ਕੰਮ ਲਈ 500 ਰੁਪਏ ਦਿੱਤੇ ਗਏ। ਉਹ ਕਈ ਦਿਨਾਂ ਤੱਕ ਜਮ੍ਹਾਂਬੰਦੀ ਮੰਗਦਾ ਰਿਹਾ, ਪਰ ਕੁਝ ਨਹੀਂ ਹੋਇਆ। ਫਿਰ ਉਸ ਨੂੰ ਦੱਸਿਆ ਗਿਆ ਕਿ ਉਸ ਦਾ ਨਾਮ ਜਮ੍ਹਾਂਬੰਦੀ ਰਿਕਾਰਡ ਵਿਚ ਨਹੀਂ ਆਉਂਦਾ, ਭਾਵੇਂ ਉਸ ਦਾ ਇੰਤਕਾਲ 2006 ਵਿਚ ਮਨਜ਼ੂਰ ਹੋ ਗਿਆ ਸੀ। ਇਸ ਮਾਮਲੇ ਸਬੰਧੀ ਪਟਵਾਰੀ ਨਾਲ ਵੀ ਸੰਪਰਕ



ਕੀਤਾ ਗਿਆ। ਉਸ ਤੋਂ ਇੰਤਕਾਲ ਜਮ੍ਹਾਂ ਕਰਵਾਉਣ ਲਈ ਪੈਸੇ ਮੰਗੇ ਗਏ, ਜਿਸ ਨੂੰ ਮੈਂ ਇਨਕਾਰ ਕਰ ਦਿੱਤਾ। ਨਤੀਜੇ ਵਜੋਂ ਜਿਸ ਘਰ ਨੂੰ ਮੈਂ ਵੇਚਣਾ ਸੀ, ਉਸ ਲਈ ਇਕਰਾਰਨਾਮਾ ਵੀ ਰੱਦ ਕਰ ਦਿੱਤਾ ਗਿਆ, ਜਿਸ ਕਾਰਨ ਉਨ੍ਹਾਂ ਨੂੰ ਕਾਫ਼ੀ ਮਾਨਸਿਕ ਪਰੇਸ਼ਾਨੀ ਹੋਈ।

ਉਨ੍ਹਾਂ ਨੇ ਵਿਜੀਲੈਂਸ ਡਾਇਰੈਕਟਰ ਦੁਆਰਾ ਜਾਂਚ ਦੀ ਬੇਨਤੀ ਕੀਤੀ ਹੈ, ਪਰ ਕੋਈ ਕਾਰਵਾਈ ਨਹੀਂ ਕੀਤੀ ਗਈ। ਇਹ ਪੱਤਰ 30 ਸਤੰਬਰ 2025 ਨੂੰ ਲਿਖਿਆ ਗਿਆ ਸੀ। ਵਿਜੀਲੈਂਸ ਬਿਊਰੋ ਦੇ ਡਾਇਰੈਕਟਰ ਨੂੰ ਲਿਖੇ ਪੱਤਰ ਦੀ ਜਾਂਚ ਦੀ ਸਥਿਤੀ ਬਾਰੇ ਪੁੱਛਗਿੱਛ ਕਰਨ ਲਈ ਵਿਭਾਗ ਕੋਲ ਇਕ ਆਰਟੀਆਈ ਦਾਇਰ ਕੀਤੀ ਗਈ ਸੀ ਅਤੇ ਵਿਭਾਗ ਨੇ ਹੇਠ ਲਿਖੇ ਪੱਤਰ ਨਾਲ ਜਵਾਬ ਦਿੱਤਾ: ਕਾਰਵਾਈ ਲਈ ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ, ਜਾਇਦਾਦ ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਚੰਡੀਗੜ੍ਹ ਨੂੰ ਇਕ ਸ਼ਿਕਾਇਤ ਭੇਜੀ ਗਈ ਹੈ। ਵਿਜੀਲੈਂਸ ਬਿਊਰੋ ਨੇ ਇਸ ਸ਼ਿਕਾਇਤ 'ਤੇ ਕੋਈ ਕਾਰਵਾਈ ਨਹੀਂ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਭ੍ਰਿਸ਼ਟਾਚਾਰ ਦੀ ਸ਼ਿਕਾਇਤ ਦਰਜ ਕਰਵਾਈ ਹੈ। ਉਨ੍ਹਾਂ ਦਾ ਕੋਈ ਵੀ ਘਰ ਆਫ਼ਤ ਤੋਂ ਪ੍ਰਭਾਵਿਤ ਨਹੀਂ ਹੈ; ਸਗੋਂ, ਉਹ ਸਿਸਟਮ ਵਿਚ ਫਸੇ ਹੋਏ ਹਨ। ਇਸ ਬੁਢਾਪੇ ਵਿਚ ਵੀ ਉਨ੍ਹਾਂ ਨੂੰ ਇੱਧਰ-ਉੱਧਰ ਭਟਕਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਜਾਂਚ ਲਈ ਡੀਜੀਪੀ ਨੂੰ ਪੱਤਰ ਭੇਜਿਆ ਹੈ, ਪਰ ਉਹ ਜਾਂਚ ਅਜੇ ਵੀ ਪੈਂਡਿੰਗ ਹੈ। ਉਨ੍ਹਾਂ ਇਕ ਵਾਰ ਫਿਰ ਪੰਜਾਬ ਦੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਦੀ ਜਾਂਚ ਕਰਵਾਓ ਅਤੇ ਉਨ੍ਹਾਂ ਨੂੰ ਇਨਸਾਫ਼ ਦਿਵਾਓ ਤਾਂ ਜੋ ਉਹ ਆਪਣੀ ਮਿਹਨਤ ਦੀ ਕਮਾਈ ਨਾਲ ਖਰੀਦਿਆਂ ਆਪਣਾ ਘਰ ਵੇਚ ਸਕਣ।

# ਇਨਸਾਨੀ ਖੋਪੜੀ ਦਾ ਪੀਂਦਾ ਸੀ ਸੂਪ ਸੀਰੀਅਲ ਕਿਲਰ ਰਾਜਾ ਕੋਲੰਦਰ

## ✪ ਹੈਵਾਨੀਅਤ ਦੇਖ ਪੁਲਿਸ ਵੀ ਰਹਿ ਗਈ ਸੀ ਹੈਰਾਨ, ਅਦਾਲਤ ਨੇ ਕੋਲੰਦਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ

ਨਵੀਂ ਦਿੱਲੀ-ਸੀਰੀਅਲ ਕਿਲਰ ਰਾਜਾ ਕੋਲੰਦਰ, ਇੱਕ ਅਜਿਹਾ ਖੌਫਨਾਕ ਅਪਰਾਧੀ ਸੀ ਜੋ ਲੋਕਾਂ ਦਾ ਕਤਲ ਕਰਕੇ ਉਨ੍ਹਾਂ ਦਾ ਸਿਰ ਧੜ ਤੋਂ ਵੱਖ ਕਰ ਦਿੰਦਾ ਸੀ। ਸਿਰਫ ਇੰਨਾ ਹੀ ਨਹੀਂ, ਇਹ ਕਿਲਰ ਲੋਕਾਂ ਦੀ ਖੋਪੜੀ ਨੂੰ ਉਬਾਲ ਕੇ ਉਸਦਾ ਸੂਪ ਬਣਾ ਕੇ ਵੀ ਪੀਂਦਾ ਸੀ। ਇਸ ਘਿਨੌਣੇ ਅਪਰਾਧ ਲਈ ਲਖਨਊ ਦੀ ਅਦਾਲਤ ਨੇ ਕੋਲੰਦਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਕੋਲੰਦਰ ਖੁਦ ਨੂੰ ਕਿਸੇ ਰਿਆਸਤ ਦਾ ਰਾਜਾ ਮੰਨਦਾ ਸੀ, ਜਦਕਿ ਉਸਦਾ ਅਸਲੀ ਨਾਮ ਰਾਮ ਨਿਰੰਜਨ ਸੀ। ਇਸ ਅਪਰਾਧੀ ਬਾਰੇ ਦੁਨੀਆ ਨੂੰ ਉਦੋਂ ਪਤਾ ਲੱਗਿਆ, ਜਦੋਂ ਉਸਨੇ ਪੱਤਰਕਾਰ ਧੀਰੇਂਦਰ ਸਿੰਘ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ।

### ਦੋ ਨੌਜਵਾਨਾਂ ਨੂੰ ਅਗਵਾ ਕਰਨ ਤੋਂ ਬਾਅਦ ਕੀਤਾ ਕਤਲ

ਪੱਤਰਕਾਰ ਦੇ ਕਤਲ ਤੋਂ ਪਹਿਲਾਂ, ਜਨਵਰੀ 2000 ਵਿੱਚ ਦੋ ਨੌਜਵਾਨਾਂ ਦੇ ਲਾਪਤਾ ਹੋਣ ਦਾ ਮਾਮਲਾ ਸਾਹਮਣੇ ਆਇਆ ਸੀ। ਉਨ੍ਹਾਂ ਦੇ ਨਾਮ ਮਨੋਜ ਕੁਮਾਰ ਸਿੰਘ ਅਤੇ ਰਵੀ ਸ਼੍ਰੀਵਾਸਤਵ ਸਨ। ਇਹ ਮਾਮਲਾ ਲਗਪਗ 25 ਸਾਲਾਂ ਤੱਕ ਭਾਰਤ ਦੀ ਨਿਆਂ ਪ੍ਰਣਾਲੀ ਦੇ ਗਲਿਆਰਿਆਂ ਵਿੱਚ ਅਟਕਿਆ ਰਿਹਾ। 24 ਜਨਵਰੀ 2000 ਨੂੰ ਮਨੋਜ ਅਤੇ ਰਵੀ ਆਪਣੀ ਕਾਰ ਵਿੱਚ ਲਖਨਊ ਤੋਂ ਨਿਕਲੇ



ਸਨ। ਉਨ੍ਹਾਂ ਦੀ ਆਖਰੀ ਲੋਕੇਸ਼ਨ ਰਾਏਬਰੇਲੀ ਜ਼ਿਲ੍ਹੇ ਦੇ ਹਰਚੰਦਪੁਰ ਵਿੱਚ ਮਿਲੀ ਸੀ, ਜਿਸ ਤੋਂ ਬਾਅਦ ਉਨ੍ਹਾਂ ਦਾ ਕੋਈ ਪਤਾ ਨਹੀਂ ਲੱਗ ਸਕਿਆ।

### ਅਦਾਲਤ ਵਿੱਚ ਗਵਾਹੀ ਅਤੇ ਪਛਾਣ

ਅਦਾਲਤ ਨੇ ਇਸ ਮਾਮਲੇ ਵਿੱਚ 12 ਗਵਾਹਾਂ ਤੋਂ ਪੁੱਛਗਿੱਛ ਕੀਤੀ। ਸ਼ਿਵ ਹਰਸ਼ ਸਿੰਘ ਦੇ ਭਾਈ ਸ਼ਿਵ ਸ਼ੰਕਰ ਸਿੰਘ ਨੇ ਪੀੜਤਾਂ ਦੀ ਆਖਰੀ ਹਰਕਤ ਬਾਰੇ ਅਦਾਲਤ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਸ਼ਿਵ ਸ਼ੰਕਰ ਨੇ ਦੱਸਿਆ ਕਿ ਰਾਜਾ ਕੋਲੰਦਰ, ਉਸਦੀ ਪਤਨੀ ਫੂਲਨ ਦੇਵੀ ਅਤੇ ਹੋਰ ਲੋਕ ਉਸ ਵਾਹਨ ਵਿੱਚ ਮੌਜੂਦ ਸਨ। ਬਾਅਦ ਵਿੱਚ ਅਦਾਲਤ ਵਿੱਚ ਉਨ੍ਹਾਂ ਦੀ ਪਛਾਣ ਕੀਤੀ ਗਈ। ਇੱਕ ਹੋਰ ਗਵਾਹ ਅਮਰ ਨਾਥ ਸਿੰਘ ਨੇ ਦਾਅਵਾ ਕੀਤਾ ਕਿ ਉਸਨੇ ਘਟਨਾ ਵਾਲੇ ਦਿਨ ਮੁਲਜ਼ਮਾਂ ਨੂੰ ਦੇਖਿਆ ਸੀ ਅਤੇ ਦੋਸ਼ ਲਾਇਆ ਕਿ ਉਨ੍ਹਾਂ ਨੇ ਪੁਲਿਸ ਪੁੱਛਗਿੱਛ ਦੌਰਾਨ ਆਪਣਾ ਜ਼ੁਰਮ ਕਬੂਲ ਕਰ ਲਿਆ ਸੀ।

### ਅਦਾਲਤ ਦਾ ਫੈਸਲਾ

ਅਦਾਲਤ ਨੇ ਸਿੱਟਾ ਕੱਢਿਆ ਕਿ ਸਬੂਤ ਸਪੱਸ਼ਟ ਤੌਰ 'ਤੇ ਅਗਵਾ, ਲੁੱਟ ਅਤੇ ਕਤਲ ਨਾਲ ਜੁੜੇ ਇੱਕ ਸੋਚੇ-ਸਮਝੇ ਅਪਰਾਧ ਵੱਲ ਇਸ਼ਾਰਾ ਕਰਦੇ ਹਨ। ਅਦਾਲਤ ਨੇ ਰਾਮ ਨਿਰੰਜਨ ਕੋਲ ਉਰਫ ਰਾਜਾ ਕੋਲੰਦਰ ਅਤੇ ਉਸਦੇ ਸਾਥੀ ਬਛਰਾਜ ਕੋਲ ਨੂੰ ਮਨੋਜ ਕੁਮਾਰ ਸਿੰਘ ਅਤੇ ਰਵੀ ਸ਼੍ਰੀਵਾਸਤਵ ਦੇ ਅਗਵਾ ਅਤੇ ਕਤਲ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤਾ।

### ਸਜ਼ਾ: ਦੋਵਾਂ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ

ਜੁਰਮਾਨਾ: ਉਨ੍ਹਾਂ 'ਤੇ 2.5 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਗਿਆ।

ਮੁਆਵਜ਼ਾ: ਜੁਰਮਾਨੇ ਦਾ 80 ਫੀਸਦੀ ਹਿੱਸਾ ਪੀੜਤਾਂ ਦੇ ਪਰਿਵਾਰਾਂ ਨੂੰ ਦਿੱਤਾ ਜਾਵੇਗਾ, ਜਦਕਿ ਬਾਕੀ ਰਾਸ਼ੀ ਸਰਕਾਰ ਕੋਲ ਕਾਨੂੰਨੀ ਖਰਚਿਆਂ ਲਈ ਜਾਵੇਗੀ।

# ਆਪ ਪਾਰਟੀ ਦੇ ਮੌਜੂਦਾ ਸਰਪੰਚ ਦਾ ਕਤਲ

## ✪ ਮੈਰਿਜ ਪੈਲੇਸਵਿੱਚ ਸ਼ਰੇਆਮ ਮਾਰੀਆਂ ਗੋਲ਼ੀਆਂ ✪ ਪੁਲਿਸ ਅਧਿਕਾਰੀਆਂ ਨੂੰ ਸ਼ੱਕ ਕਿ ਗੈਂਗਸਟਰਾਂ ਨੇ ਇਹ ਕਤਲ ਕੀਤਾ



ਅੰਮ੍ਰਿਤਸਰ-ਤਰਨਤਾਰਨ ਦੇ ਆਮ ਆਦਮੀ ਪਾਰਟੀ ਦੇ ਸਰਪੰਚ ਜਰਮਲ ਜੀਤ ਸਿੰਘ ਦੀ ਅੰਮ੍ਰਿਤਸਰ ਦੇ ਇਕ ਮੈਰਿਜ ਪੈਲੇਸ 'ਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪਤਾ ਲੱਗਾ ਹੈ ਕਿ ਸਰਪੰਚ ਦੀ ਮੌਕੇ 'ਤੇ ਹੀ ਮੌਤ ਹੋ ਗਈ। ਅਪਰਾਧ ਕਰਨ ਤੋਂ ਬਾਅਦ ਦੋਸ਼ੀ ਭੱਜ ਗਏ। ਪੁਲਿਸ ਅਧਿਕਾਰੀਆਂ ਨੂੰ ਸ਼ੱਕ ਹੈ ਕਿ ਗੈਂਗਸਟਰਾਂ ਨੇ ਇਹ ਕਤਲ ਕੀਤਾ ਹੈ। ਪਤਾ ਲੱਗਾ ਹੈ ਕਿ ਸਰਪੰਚ ਕਈ ਦਿਨਾਂ ਤੋਂ ਨਿਗਰਾਨੀ ਹੇਠ ਸੀ। ਪਰਿਵਾਰ ਮੈਂਬਰਾਂ ਅਨੁਸਾਰ ਜਰਮਲ ਜੀਤ ਸਿੰਘ ਨੂੰ ਕਾਫੀ ਸਮੇਂ ਤੋਂ ਧਮਕੀਆਂ ਮਿਲ ਰਹੀਆਂ ਸਨ।

# ਕੀ ਭਾਰਤ ਦੇ ਚੂਹੇ ਸ਼ਰਾਬ ਪੀਂਦੇ ਹਨ, ਗਾਂਜਾ ਖਾਂਦੇ ਹਨ

## ✪ 'ਨਸ਼ੇੜੀ ਚੂਹੇ' ਗਾਂਜਾ ਚਟ ਕਰ ਗਏ, ਸ਼ਰਾਬ ਗਟਕ ਗਏ ✪ ਸਿਸਟਮ 'ਤੇ ਸਵਾਲ ਚੁੱਕ ਰਹੇ ਪੁਲਿਸ ਤੇ ਦੁਕਾਨਦਾਰਾਂ ਦੇ ਅਜੀਬ ਬਹਾਨੇ

ਰਾਂਚੀ-ਝਾਰਖੰਡ ਦੀ ਰਾਜਧਾਨੀ ਰਾਂਚੀ ਤੋਂ ਇਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਸਾਲ 2022 'ਚ ਓਰਮਾਂਝੀ ਪੁਲਿਸ ਨੇ ਇਕ ਬੋਲੈਰੋ ਗੱਡੀ 'ਚੋਂ ਕਰੀਬ 200 ਕਿਲੋ ਗਾਂਜਾ (ਕੀਮਤ ਲਗਪਗ 1 ਕਰੋੜ ਰੁਪਏ) ਬਰਾਮਦ ਕੀਤਾ ਸੀ। ਮੁਲਜ਼ਮ ਇੰਦਰਜੀਤ ਰਾਏ ਉਰਫ ਅਨੁਰਜੀਤ ਰਾਏ ਨੂੰ ਗ੍ਰਿਫਤਾਰ ਕੀਤਾ ਗਿਆ ਜਦਕਿ ਉਸਦੇ ਦੋ ਸਾਥੀ ਫਰਾਰ ਹੋ ਗਏ।

ਮਾਮਲਾ ਕੋਰਟ 'ਚ ਚੱਲਿਆ, ਪਰ ਜਦੋਂ ਸਬੂਤ ਪੇਸ਼ ਕਰਨ ਦੀ ਵਾਰੀ ਆਈ ਤਾਂ ਪੁਲਿਸ ਨੇ ਚੌਂਕਾ ਦੇਣ ਵਾਲਾ ਦਾਅਵਾ ਕੀਤਾ। ਥਾਣੇ ਦੇ ਮਾਲਖਾਨੇ 'ਚ ਰੱਖਿਆ ਗਾਂਜਾ ਚੂਹਿਆਂ ਨੇ ਕੁਤਰ-ਕੁਤਰ ਕੇ ਖਾ ਲਿਆ। ਪੁਲਿਸ ਨੇ ਕੋਰਟ ਨੂੰ ਲਿਖਤੀ ਰਿਪੋਰਟ ਦਿੱਤੀ ਕਿ ਹੁਣ ਸਬੂਤ ਵਜੋਂ ਗਾਂਜਾ ਉਪਲਬਧ ਨਹੀਂ ਹੈ।

19 ਦਸੰਬਰ 2025 ਨੂੰ ਰਾਂਚੀ ਦੀ ਸਪੈਸ਼ਲ ਧਫਸ਼ ਕੋਰਟ ਨੇ ਪੁਲਿਸ ਦੀ ਇਸ ਰਿਪੋਰਟ ਅਤੇ ਹੋਰ ਖਾਮੀਆਂ (ਜਿਵੇਂ ਗਵਾਹਾਂ ਦੇ ਬਿਆਨਾਂ ਵਿਚ ਵਿਰੋਧਾਭਾਸ, ਜ਼ਬਤੀ ਪ੍ਰਕਿਰਿਆ 'ਚ ਲਾਪਰਵਾਹੀ) ਨੂੰ ਦੇਖਦੇ ਹੋਏ ਮੁਲਜ਼ਮ ਨੂੰ ਬਰੀ ਕਰ ਦਿੱਤਾ। ਕੋਰਟ ਨੇ ਕਿਹਾ ਕਿ ਪੁਲਿਸ ਦੋਸ਼ ਸਾਬਤ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ। ਇਸ ਫੈਸਲੇ ਨੇ ਪੁਲਿਸ ਦੀ ਮਾਲਖਾਨਾ ਸੁਰੱਖਿਆ ਅਤੇ ਕਾਰਜ ਪ੍ਰਣਾਲੀ




'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।

ਧਨਬਾਦ ਦਾ ਸ਼ਰਾਬ ਘੁਟਾਲਾ: ਚੂਹਿਆਂ ਨੇ 802 ਬੋਤਲਾਂ ਗਟਕ ਲਈਆਂ-ਝਾਰਖੰਡ ਦੇ ਚੂਹੇ ਇੱਥੇ ਹੀ ਨਹੀਂ ਰੁਕੇ। ਇਸੇ ਸਾਲ ਜੁਲਾਈ 'ਚ ਧਨਬਾਦ ਦੇ ਬਲਿਆਪੁਰ ਅਤੇ ਪ੍ਰਧਾਨਖੰਤਾ ਸ਼ਰਾਬ ਦੀਆਂ ਦੁਕਾਨਾਂ 'ਚ ਸਟਾਕ ਚੈਕਿੰਗ ਦੌਰਾਨ ਅੰਗਰੇਜ਼ੀ ਸ਼ਰਾਬ ਦੀਆਂ 802 ਬੋਤਲਾਂ ਘੱਟ ਪਾਈਆਂ ਗਈਆਂ। ਕੁਝ ਬੋਤਲਾਂ ਪੂਰੀ ਤਰ੍ਹਾਂ ਖਾਲੀ ਸਨ, ਕੁਝ ਅੱਧੀਆਂ ਤੇ ਢੱਕਣਾਂ 'ਚ ਛੇਦ ਸਨ।

ਦੁਕਾਨ ਸੰਚਾਲਕਾਂ ਦਾ ਦਾਅਵਾ? - ਚੂਹਿਆਂ ਨੇ ਢੱਕਣ ਕੁਤਰ ਕੇ ਸ਼ਰਾਬ ਪੀ ਲਈ। ਉਨ੍ਹਾਂ ਵਿਸਥਾਰ ਨਾਲ ਦੱਸਿਆ ਕਿ ਚੂਹੇ ਬੋਤਲਾਂ ਦੇ ਢੱਕਣ ਚਬਾਉਂਦੇ, ਫਿਰ ਪੂਛ ਪਾ ਕੇ ਸ਼ਰਾਬ ਭਿਉਂਦੇ ਤੇ ਚੱਟਦੇ ਜਾਂਦੇ। ਵਿਭਾਗੀ ਜਾਂਚ 'ਚ ਇਹ ਦਾਅਵਾ ਰੱਦ ਕਰ ਦਿੱਤਾ ਗਿਆ ਤੇ ਸੰਚਾਲਕਾਂ ਤੋਂ ਨੁਕਸਾਨ ਦੀ ਭਰਪਾਈ ਮੰਗੀ ਗਈ। ਜਦੋਂ ਮੰਤਰੀ ਨੇ ਜਾਂਚ ਦੇ ਹੁਕਮ ਦਿੱਤੇ ਤਾਂ ਪਤਾ ਲੱਗਿਆ ਕਿ ਚੂਹਿਆਂ ਦਾ ਕੋਈ ਦੋਸ਼ ਨਹੀਂ ਸੀ, ਇਹ ਮਨੁੱਖੀ ਲਾਪਰਵਾਹੀ ਜਾਂ ਘਪਲਾ ਸੀ। ਇਸ ਮਾਮਲੇ ਨੂੰ ਸਥਾਨਕ ਪ੍ਰਸ਼ਾਸਨ ਨੇ ਦਬਾਉਣ ਦੀ ਕੋਸ਼ਿਸ਼ ਕੀਤੀ ਸੀ। ਧਿਆਨ ਦੇਣ ਯੋਗ ਹੈ ਕਿ ਧਨਬਾਦ ਵਿੱਚ ਪਹਿਲਾਂ ਵੀ ਚੂਹੇ 'ਨਸ਼ੇੜੀ' ਬਣ ਚੁੱਕੇ ਹਨ। 2024 'ਚ ਪੁਲਿਸ ਨੇ ਕੋਰਟ ਨੂੰ ਦੱਸਿਆ ਸੀ ਕਿ ਜ਼ਬਤ ਕੀਤਾ ਗਿਆ 9 ਕਿਲੋ ਗਾਂਜਾ ਤੇ 10 ਕਿਲੋ ਭੰਗ ਚੂਹੇ ਚਟ ਕਰ ਗਏ।

ਕੀ ਕਹਿੰਦੇ ਹਨ ਇਹ ਮਾਮਲੇ?-ਇਹ ਘਟਨਾਵਾਂ ਝਾਰਖੰਡ ਪੁਲਿਸ ਅਤੇ ਉਤਪਾਦ ਵਿਭਾਗ ਦੀ ਲਾਪਰਵਾਹੀ ਦੀ ਪੋਲ ਖੋਲ੍ਹ ਰਹੀਆਂ ਹਨ। ਮਾਲਖਾਨੇ ਅਤੇ ਗੋਦਾਮਾਂ 'ਚ ਸੁਰੱਖਿਆ ਦੇ ਨਾਮ 'ਤੇ ਕੀ ਹੋ ਰਿਹਾ ਹੈ? ਸਬੂਤ ਗਾਇਬ ਹੋਣ 'ਤੇ ਚੂਹਿਆਂ ਨੂੰ ਬਹਾਨਾ ਬਣਾਉਣਾ ਕਿੰਨਾ ਭਰੋਸੇਯੋਗ ਹੈ?

ਮਾਹਿਰ ਕਹਿੰਦੇ ਹਨ ਕਿ ਸੀਸੀਟੀਵੀ, ਬਿਹਤਰ ਸਟੋਰੇਜ ਅਤੇ ਸਖ਼ਤ ਆਡਿਟ ਦੀ ਲੋੜ ਹੈ। ਅਜਿਹੇ ਮਾਮਲੇ ਪਹਿਲਾਂ ਵੀ ਦੇਸ਼ ਦੇ ਵੱਖ-ਵੱਖ ਹਿੱਸਿਆਂ (ਜਿਵੇਂ ਉੱਤਰ ਪ੍ਰਦੇਸ਼, ਬਿਹਾਰ) ਵਿੱਚ ਸਾਹਮਣੇ ਆ ਚੁੱਕੇ ਹਨ, ਜਿੱਥੇ ਚੂਹਿਆਂ ਨੂੰ ਸ਼ਰਾਬ ਜਾਂ ਗਾਂਜਾ 'ਖਾਣ-ਪੀਣ' ਦਾ ਦੋਸ਼ੀ ਠਹਿਰਾਇਆ ਗਿਆ। ਪਰ ਹਰ ਵਾਰ ਸਵਾਲ ਉਹੀ ਹੈ-ਕੀ ਸੱਚਮੁੱਚ ਚੂਹੇ ਇੰਨੇ ਸ਼ੌਕੀਨ ਹਨ, ਜਾਂ ਇਹ ਸਿਸਟਮ ਦੀਆਂ ਖਾਮੀਆਂ ਨੂੰ ਛਿਪਾਉਣ ਦਾ ਸੌਖਾ ਰਸਤਾ ਹੈ? ਝਾਰਖੰਡ ਦੇ ਇਹ ਗੰਜੇੜੀ ਅਤੇ ਸ਼ਰਾਬੀ ਚੂਹੇ ਹੁਣ ਸੋਸ਼ਲ ਮੀਡੀਆ 'ਤੇ 'ਮੀਮਜ਼' ਦਾ ਵਿਸ਼ਾ ਬਣ ਗਏ ਹਨ।

# ਇੱਕੋ ਪਤੀ ਲਈ ਦੋ ਸਗੀ ਭੈਣਾਂ ਵਿਚਾਲੇ ਹਸਪਤਾਲ ਵਿਚ ਝਗੜਾ

## ✪ ਹਾਈ-ਵੋਲਟੇਜ ਡਰਾਮਾ, ਪੁਲਿਸ ਵਲੋਂ ਪੂਰੇ ਮਾਮਲੇ ਦੀ ਜਾਂਚ ਕੀਤੀ ਸ਼ੁਰੂ

ਕਟਿਹਾਰ-ਸਦਰ ਹਸਪਤਾਲ ਕੰਪਲੈਕਸ ਵਿੱਚ ਬੀਤੇ ਸ਼ਨੀਵਾਰ ਨੂੰ ਉਸ ਸਮੇਂ ਹੰਗਾਮਾ ਮਚ ਗਿਆ, ਜਦੋਂ ਦੋ ਭੈਣਾਂ ਵਿਚਾਲੇ ਜ਼ਬਰਦਸਤ ਖਿੱਚੋਤਾਣ ਅਤੇ ਦੋਸ਼-ਪ੍ਰਤੀਦੋਸ਼ ਸ਼ੁਰੂ ਹੋ ਗਏ। ਦੇਖਦੇ ਹੀ ਦੇਖਦੇ ਹਸਪਤਾਲ ਕੰਪਲੈਕਸ ਵਿੱਚ ਹਫੜਾ-ਦਫੜੀ ਦਾ ਮਾਹੌਲ ਪੈਦਾ ਹੋ ਗਿਆ ਅਤੇ ਇਲਾਜ ਲਈ ਆਏ ਮਰੀਜ਼ਾਂ ਤੇ ਉਨ੍ਹਾਂ ਦੇ ਪਰਿਵਾਰ ਵਾਲਿਆਂ ਦੀ ਭੀੜ ਇਕੱਠੀ ਹੋ ਗਈ। ਮਾਮਲਾ ਸੋਸ਼ਲ ਮੀਡੀਆ 'ਤੇ ਸ਼ੁਰੂ ਹੋਏ ਪ੍ਰੇਮ, ਵਿਆਹ ਅਤੇ ਹੁਣ ਪਰਿਵਾਰਕ ਵਿਵਾਦ ਨਾਲ ਜੁੜਿਆ ਦੱਸਿਆ ਜਾ ਰਿਹਾ ਹੈ।

ਦੱਸਿਆ ਗਿਆ ਹੈ ਕਿ ਆਜ਼ਮਨਗਰ ਦੇ ਦਾਮੋਦਰਪੁਰ ਦੀ ਰਹਿਣ ਵਾਲੀ ਅਮੀਨਾ ਖਾਤੂਨ ਦੀ ਧੀ ਸ਼ਬਨਮ ਖਾਤੂਨ ਨੂੰ ਮੈਡੀਕਲ ਜਾਂਚ ਲਈ ਸਦਰ ਹਸਪਤਾਲ ਲਿਆਂਦਾ ਗਿਆ ਸੀ। ਇਸੇ ਦੌਰਾਨ ਉਸ ਦੀ ਵੱਡੀ ਭੈਣ ਅਤੇ ਪਹਿਲੀ ਪਤਨੀ ਸ਼ਹਿਜ਼ਾਦੀ ਖਾਤੂਨ ਆਪਣੀ ਮਾਂ ਅਮੀਨਾ ਖਾਤੂਨ ਦੇ ਨਾਲ ਉੱਥੇ ਪਹੁੰਚ ਗਈ। ਇਸ ਤੋਂ ਬਾਅਦ ਉੱਥੇ ਜ਼ਬਰਦਸਤ ਹੰਗਾਮਾ ਹੋਣ ਲੱਗਾ।

ਸ਼ਹਿਜ਼ਾਦੀ ਖਾਤੂਨ ਨੇ ਦੋਸ਼ ਲਾਇਆ ਕਿ ਮੁਸਲਿਮ ਰੀਤੀ-ਰਿਵਾਜਾਂ ਅਤੇ ਕੋਰਟ ਮੈਰਿਜ ਅਨੁਸਾਰ ਉਸਦਾ ਵਿਆਹ ਅਹਿਮਦਾਬਾਦ ਗੋਪਾਲਪੁਰ ਦੇ ਰਹਿਣ ਵਾਲੇ ਮੋਹੰਮਦ ਰਿਆਜ਼ ਨਾਲ ਕਰੀਬ ਸੱਤ ਸਾਲ ਪਹਿਲਾਂ ਹੋਇਆ ਸੀ। ਵਿਆਹ ਸਮੇਂ ਦਾਜ ਵਿੱਚ 3 ਲੱਖ 21 ਹਜ਼ਾਰ ਰੁਪਏ, ਗਹਿਣੇ ਅਤੇ ਬਾਈਕ ਵੀ ਦਿੱਤੀ ਗਈ ਸੀ।

ਸ਼ਹਿਜ਼ਾਦੀ ਨੇ ਦੱਸਿਆ ਕਿ 6 ਨਵੰਬਰ ਨੂੰ ਉਸਦਾ ਪਤੀ ਮੋਹੰਮਦ ਰਿਆਜ਼ ਉਸਦੀ ਛੋਟੀ ਭੈਣ ਸ਼ਬਨਮ ਖਾਤੂਨ ਨੂੰ ਵਰਗਲਾ ਕੇ ਲੈ ਗਿਆ ਅਤੇ ਚੁੱਪ-ਚੁਪੀਤੇ ਵਿਆਹ ਕਰ ਲਿਆ। ਇਸ ਸਬੰਧੀ ਮੇਰੀ ਮਾਂ ਅਮੀਨਾ ਖਾਤੂਨ ਨੇ ਆਜ਼ਮਨਗਰ ਥਾਣੇ ਵਿੱਚ ਅਗਵਾ ਦਾ ਮਾਮਲਾ ਦਰਜ ਕਰਵਾਇਆ ਸੀ। ਐਫ.ਆਈ.ਆਰ. (ਢ੍ਰੀ) ਦਰਜ ਹੋਣ ਤੋਂ ਬਾਅਦ ਪੁਲਿਸ ਨੇ ਕਾਰਵਾਈ ਕਰਦਿਆਂ ਕੁੜੀ ਨੂੰ ਬਰਾਮਦ ਕਰ ਲਿਆ। ਬਰਾਮਦਗੀ ਤੋਂ ਬਾਅਦ ਪੁਲਿਸ ਸ਼ਬਨਮ ਖਾਤੂਨ ਨੂੰ ਜ਼ਰੂਰੀ ਮੈਡੀਕਲ ਜਾਂਚ ਲਈ ਸਦਰ ਹਸਪਤਾਲ ਲੈ ਕੇ ਪਹੁੰਚੀ ਸੀ। ਇਸੇ ਦੌਰਾਨ ਦੋਵਾਂ ਭੈਣਾਂ ਦੇ ਆਹਮੋ-ਸਾਹਮਣੇ



ਆਉਣ ਨਾਲ ਵਿਵਾਦ ਇੰਨਾ ਵੱਧ ਗਿਆ ਕਿ ਮਾਮਲਾ ਹਾਈ ਵੋਲਟੇਜ ਡਰਾਮੇ ਵਿੱਚ ਬਦਲ ਗਿਆ। ਹਸਪਤਾਲ ਦੇ ਕਰਮਚਾਰੀਆਂ ਅਤੇ ਪੁਲਿਸ ਨੂੰ ਦਖਲ ਦੇ ਕੇ ਸਥਿਤੀ ਨੂੰ ਸੰਭਾਲਣਾ ਪਿਆ।

ਸੋਸ਼ਲ ਮੀਡੀਆ ਰਾਹੀਂ ਹੋਇਆ ਸੀ ਪਿਆਰ-ਪਹਿਲੀ ਪਤਨੀ (ਵੱਡੀ ਭੈਣ) ਨੇ ਦੱਸਿਆ ਕਿ ਮੋਹੰਮਦ ਰਿਆਜ਼ ਨਾਲ ਫੇਸਬੁੱਕ ਅਤੇ ਇੰਸਟਾਗ੍ਰਾਮ ਰਾਹੀਂ ਸੰਪਰਕ ਹੋਇਆ ਸੀ, ਜੋ ਬਾਅਦ ਵਿੱਚ ਪਿਆਰ ਵਿੱਚ ਬਦਲ ਗਿਆ ਅਤੇ ਵਿਆਹ ਦੇ ਰਿਸ਼ਤੇ ਤੱਕ ਪਹੁੰਚ ਗਿਆ। ਦੋਸ਼ ਲਾਇਆ ਗਿਆ ਕਿ ਉਸਦੇ ਪਤੀ ਨੇ ਦੋਵਾਂ ਭੈਣਾਂ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ ਹੈ ਅਤੇ ਦੋਵਾਂ ਨੂੰ ਇੱਕ-ਦੂਜੇ ਦੀ ਸੌਂਕਣ ਬਣਾ ਦਿੱਤਾ ਹੈ। ਹੁਣ ਪਤੀ ਉਸਨੂੰ ਆਪਣੇ ਨਾਲ ਰੱਖਣਾ ਨਹੀਂ ਚਾਹੁੰਦਾ। ਦੋਵਾਂ ਧੀਆਂ ਦੀ ਮਾਂ ਅਮੀਨਾ ਖਾਤੂਨ ਨੇ ਦੱਸਿਆ ਕਿ ਵੱਡੀ ਧੀ ਸ਼ਹਿਜ਼ਾਦੀ ਖਾਤੂਨ ਦਾ ਵਿਆਹ ਮੋਹੰਮਦ ਰਿਆਜ਼ ਨਾਲ ਹੋਇਆ ਸੀ। ਉਨ੍ਹਾਂ ਦਾ ਦਾਮਾਦ ਉਨ੍ਹਾਂ ਦੀ ਛੋਟੀ ਧੀ ਸ਼ਬਨਮ ਖਾਤੂਨ ਨੂੰ ਆਪਣੇ ਝਾਂਸੇ ਵਿੱਚ ਲੈ ਕੇ ਅਗਵਾ ਕਰਕੇ ਲੈ ਗਿਆ ਸੀ, ਜਿਸ ਨੂੰ ਲੈ ਕੇ ਥਾਣੇ ਵਿੱਚ ਕੇਸ ਦਰਜ ਕਰਵਾਇਆ ਗਿਆ ਸੀ। ਦੂਜੇ ਪਾਸੇ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਚਾਰ ਅਣਪਛਾਤੇ ਲੁਟੇਰੇ ਨੌਜਵਾਨ ਦੀ ਕੁੱਟਮਾਰ ਕਰਕੇ ਨਕਦੀ ਤੇ ਕਾਰ ਖੋਹ ਕੇ, ਫ਼ਰਾਰ ਹੋਏ



ਚਵਿੰਡਾ ਦੇਵੀ-ਪੀੜਤ ਪਰਮਿੰਦਰ ਸਿੰਘ ਵਾਸੀ ਰੰਗੀਲਪੁਰ ਨੇ ਦੱਸਿਆ ਕਿ ਉਹ ਆਪਣੀ ਕਾਰ ਨੂੰ ਇਕ ਕਾਰ ਸੋਅਰੂਮ ਅੰਮ੍ਰਿਤਸਰ ਤੋਂ ਕਾਰ ਦੇ ਟਾਇਰ ਫੁੱਲਣ ਕਾਰਨ ਗਿਆ ਸੀ। ਰਾਤ ਸ਼ਾਮ ਨੂੰ ਵਾਪਸ ਆਉਂਦੇ ਸਮੇਂ ਉਹ ਆਪਣੇ ਦੋਸਤ ਗੁਰਮੇਲ ਸਿੰਘ ਨੂੰ ਥਰੀਏਵਾਲ ਚੌਕ 'ਚ ਲਾਹ ਕੇ ਧੁੰਦ ਕਾਰਨ ਹੌਲੀ ਹੌਲੀ ਆ ਰਿਹਾ ਸੀ ਕਿ ਇੱਕ ਜਾਣਾ ਅਚਾਨਕ ਉਸ ਦੀ ਗੱਡੀ ਅੱਗੇ ਆ ਗਿਆ। ਉਸਦੇ ਨਾਲ ਹੋਰ ਤਿੰਨ ਸਾਥੀਆਂ ਨੇ ਆ ਕੇ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਉਸ ਕੋਲੋਂ ਨਕਦੀ ਖੋਹ ਲਈ ਅਤੇ ਸਿਰ ਵਿੱਚ ਪਿਸਤੌਲ ਮਾਰੇ ਅਤੇ ਜ਼ਖ਼ਮੀ ਕਰ ਦਿੱਤਾ। ਲੁਟੇਰੇ ਗੱਡੀ ਦੀ ਚਾਬੀ ਖੋਹ ਕੇ ਗੱਡੀ ਲੈ ਕੇ ਫਰਾਰ ਹੋ ਗਏ। ਇਸ ਸਬੰਧੀ ਮੈਂ ਪੁਲਿਸ ਚੌਂਕੀ ਜੈਂਤੀਪੁਰ ਵਿਖੇ ਲਿਖਤੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਜਲਦੀ ਤੋਂ ਜਲਦੀ ਉਕਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਬਣਦੀ ਕਾਰਵਾਈ ਕੀਤੀ ਜਾਵੇ। ਇਸ ਸਬੰਧੀ ਪੁਲਿਸ ਥਾਣਾ ਕੱਥੂਨੰਗਲ ਦੇ ਐੱਸਐੱਚਓ ਜਗਦੀਪ ਸਿੰਘ ਨਾਲ ਸੰਪਰਕ ਕੀਤਾ ਤਾਂ ਉਹਨਾਂ ਕਿਹਾ ਕਿ ਇਹ ਸਾਰੇ ਮਸਲੇ ਦੀ ਜਾਂਚ ਚੱਲ ਰਹੀ ਹੈ ਅਤੇ ਜਲਦੀ ਹੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਬਲਾਤਕਾਰੀ ਬਾਬੇ ਦੀਆਂ ਮੌਜਾਂ ਅਤੇ ਐਕਟਿਵਿਸਟਾਂ ਨੂੰ ਜੇਲ੍ਹ: ਭਾਰਤ ਵਿੱਚ ਨਿਆਂ ਦੀ ਵਿਤਕਰੇ ਵਾਲੀ ਹਕੀਕਤ

**ਵਿਸ਼ੇਸ਼ ਰਿਪੋਟ**

## ✪ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਫਿਰ ਮਿਲੀ 40 ਦਿਨਾਂ ਦੀ ਪੈਰੋਲ
## ✪ ਵਿਰੋਧੀ ਧਿਰਾਂ ਨੇ ਭਾਜਪਾ ਸਰਕਾਰ ਉਪਰ ਸਿਆਸੀ ਸਵਾਰਥਾਂ ਦੇ ਇਲਜ਼ਾਮ ਲਗਾਏ







ਭਾਰਤੀ ਰਾਜਨੀਤੀ ਅਤੇ ਨਿਆਂ ਪ੍ਰਣਾਲੀ ਵਿੱਚ ਇੱਕ ਅਜੀਬ ਵਿਰੋਧਾਭਾਸ ਨਜ਼ਰ ਆ ਰਿਹਾ ਹੈ। ਇੱਕ ਪਾਸੇ ਬਲਾਤਕਾਰ ਅਤੇ ਕਤਲ ਵਰਗੇ ਸੰਗੀਨ ਅਪਰਾਧਾਂ ਵਿੱਚ ਸਜ਼ਾ ਕੱਟ ਰਹੇ ਡੇਰਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਅਤੇ ਫਰਲੋ ਮਿਲ ਰਹੀ ਹੈ, ਜਦਕਿ ਦੂਜੇ ਪਾਸੇ ਐਕਟਿਵਿਸਟ ਉਮਰ ਖਾਲਿਦ ਅਤੇ ਸ਼ਰਜੀਲ ਇਮਾਮ ਵਰਗੇ ਨੌਜਵਾਨਾਂ ਨੂੰ ਪੰਜ ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਰੱਖਿਆ ਜਾ ਰਿਹਾ ਹੈ, ਬਿਨਾਂ ਮੁਕੱਦਮੇ ਦੇ।

ਇਹ ਮਾਮਲਾ ਨਾ ਸਿਰਫ਼ ਭਾਰਤੀ ਨਿਆਂ ਪ੍ਰਣਾਲੀ ਉੱਤੇ ਸਵਾਲ ਖੜ੍ਹੇ ਕਰ ਰਿਹਾ ਹੈ, ਸਗੋਂ ਅੰਤਰਰਾਸ਼ਟਰੀ ਪੱਧਰ ਉੱਤੇ ਵੀ ਚਿੰਤਾ ਪੈਦਾ ਕਰ ਰਿਹਾ ਹੈ। ਅਮਰੀਕੀ ਕਾਂਗਰਸ ਮੈਂਬਰਾਂ ਨੇ ਭਾਰਤੀ ਰਾਜਦੂਤ ਨੂੰ ਪੱਤਰ ਲਿਖ ਕੇ ਖਾਲਿਦ ਨੂੰ ਜ਼ਮਾਨਤ ਦੇਣ ਅਤੇ ਨਿਰਪੱਖ ਮੁਕੱਦਮੇ ਦੀ ਮੰਗ ਕੀਤੀ ਹੈ, ਜਦਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਇਸ ਨੂੰ ਭਾਰਤ ਵਿਰੋਧੀ ਸਾਜ਼ਿਸ਼ ਕਰਾਰ ਦਿੱਤਾ ਹੈ।

ਬੀਤੇ ਦਿਨੀਂ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਡੇਰਾ ਮੁਖੀ ਨੂੰ ਫਿਰ 40 ਦਿਨਾਂ ਦੀ ਪੈਰੋਲ ਮਿਲੀ ਹੈ। ਇਹ ਉਸ ਦੀ 15ਵੀਂ ਪੈਰੋਲ ਹੈ। ਅਗਸਤ 2017 ਵਿੱਚ ਸਾਧਵੀ ਜਬਰ ਜਨਾਹ ਮਾਮਲੇ ਵਿੱਚ ਉਸ ਨੂੰ 20 ਸਾਲਾਂ ਦੀ ਸਜ਼ਾ ਸੁਣਾਈ ਗਈ ਸੀ। ਉਸ ਸਮੇਂ ਚੰਡੀਗੜ੍ਹ ਅਤੇ ਸਿਰਸਾ ਵਿੱਚ ਵੱਡੇ ਪੱਧਰ ਉੱਤੇ ਹਿੰਸਾ ਹੋਈ ਸੀ, ਜਿਸ ਵਿੱਚ ਕਈ ਲੋਕ ਮਾਰੇ ਗਏ ਸਨ। ਫਿਰ ਵੀ, ਉਸ ਨੂੰ ਅੱਠ ਸਾਲਾਂ ਵਿੱਚ ਇੱਕ ਸਾਲ ਦੇ ਬਰਾਬਰ ਪੈਰੋਲ ਮਿਲ ਚੁੱਕੀ ਹੈ। ਇਸ ਵਾਰ ਉਹ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਸਿਰਸਾ ਡੇਰੇ ਪਹੁੰਚਿਆ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਡੇਰੇ ਵਿੱਚ ਉਸ ਦੇ ਲੱਖਾਂ ਅੰਧ-ਭਗਤ ਹਨ, ਅਤੇ ਭਾਜਪਾ ਸਰਕਾਰ ਨੇ ਚੋਣਾਂ ਵੇਲੇ ਉਨ੍ਹਾਂ ਦੀਆਂ ਵੋਟਾਂ ਲੈਣ ਲਈ ਉਸ ਨੂੰ ਵਾਰ-ਵਾਰ ਬਾਹਰ ਕੱਢਵਾਇਆ ਹੈ। ਬਾਹਰ ਰਹਿਣ ਵੇਲੇ ਉਸ ਨੂੰ ਪੂਰੀ ਸਰਕਾਰੀ ਸੁਰੱਖਿਆ ਵੀ ਦਿੱਤੀ ਜਾਂਦੀ ਹੈ। ਇਹ ਨੀਤੀ ਨਾ ਸਿਰਫ਼ ਅਪਰਾਧੀਆਂ ਨੂੰ ਉਤਸ਼ਾਹਿਤ ਕਰ ਰਹੀ ਹੈ, ਸਗੋਂ ਪੀੜਤਾਂ ਨੂੰ ਨਿਰਾਸ਼ ਵੀ ਕਰ ਰਹੀ ਹੈ।

ਇਸ ਨੂੰ ਵੇਖ ਕੇ ਯਾਦ ਆਉਂਦਾ ਹੈ ਬਿਲਕਿਸ ਬਾਨੋ ਕੇਸ। ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਾਲ ਕਿਲ੍ਹੇ ਤੋਂ ਆਜ਼ਾਦੀ ਦਿਵਸ ਉੱਤੇ ਸੰਬੋਧਨ ਕਰ ਰਹੇ ਸਨ, ਉਸੇ ਵੇਲੇ ਬਿਲਕਿਸ ਬਾਨੋ ਦੇ ਹਤਿਆਰੇ ਅਤੇ ਬਲਾਤਕਾਰੀਆਂ ਨੂੰ 'ਚੰਗੇ ਕੰਮ' ਲਈ ਰਿਹਾਅ ਕੀਤਾ ਗਿਆ ਸੀ। ਉਨ੍ਹਾਂ ਨੂੰ ਜੇਲ੍ਹ ਤੋਂ ਲੈ ਕੇ ਮੰਚ ਤੱਕ ਹਾਰਾਂ ਨਾਲ ਲੱਦ ਕੇ ਸਵਾਗਤ ਕੀਤਾ ਗਿਆ। ਇਸੇ ਤਰ੍ਹਾਂ ਉਨਾਓ ਗੈਂਗਰੇਪ ਕੇਸ ਵਿੱਚ ਯੂਪੀ ਦੇ ਸਾਬਕਾ ਭਾਜਪਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਨੂੰ ਵੀ ਜ਼ਮਾਨਤ ਮਿਲਣ ਵਾਲੀ ਸੀ, ਪਰ ਲੋਕ ਅੰਦੋਲਨ ਕਾਰਨ ਸੁਪਰੀਮ ਕੋਰਟ ਨੇ ਰੋਕ ਲਾ ਦਿੱਤੀ। ਵਿਰੋਧੀ ਧਿਰਾਂ ਦਾ ਕਹਿਣਾ ਹੈ ਕਿ ਇਹ ਮਾਮਲੇ ਦਰਸਾਉਂਦੇ ਹਨ ਕਿ ਭਾਜਪਾ ਸਰਕਾਰ ਵਿੱਚ ਅਪਰਾਧੀਆਂ ਨੂੰ ਸਰਕਾਰੀ ਸਰਪ੍ਰਸਤੀ ਮਿਲ ਰਹੀ ਹੈ। ਸੰਵਿਧਾਨ ਵਿਰੋਧੀ ਕੰਮ ਕਰਨ ਵਾਲੇ ਲੋਕਾਂ ਨੂੰ ਲਾਭ ਮਿਲ ਰਿਹਾ ਹੈ, ਜਦਕਿ ਸੱਚੇ ਦੇਸ਼ ਭਗਤ ਜੇਲ੍ਹਾਂ ਵਿੱਚ ਸੜ ਰਹੇ ਹਨ।

ਇਸ ਦੇ ਵਿਰੋਧ ਵਿੱਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜਿਸ ਵਿਅਕਤੀ ਉੱਤੇ ਕਤਲ ਅਤੇ ਜਬਰ ਜਨਾਹ ਵਰਗੇ ਸੰਗੀਨ ਦੋਸ਼ ਸਾਬਤ ਹੋ ਚੁੱਕੇ ਹਨ, ਅਜਿਹੇ ਅਪਰਾਧੀ ਨੂੰ ਕਾਨੂੰਨ ਪੈਰੋਲ ਨਹੀਂ ਦਿੰਦਾ। ਪਰ ਹਰਿਆਣਾ ਅਤੇ ਕੇਂਦਰ ਸਰਕਾਰ ਆਪਣੇ ਸਿਆਸੀ ਸਵਾਰਥਾਂ ਲਈ ਭਾਰਤੀ ਵਿਧਾਨ ਅਤੇ ਕਾਨੂੰਨ ਦਾ ਮਜ਼ਾਕ ਉਡਾ ਰਹੀਆਂ ਹਨ। ਮਾਨ ਨੇ ਕਿਹਾ ਕਿ ਇਹ ਨੀਤੀ ਨਾ ਸਿਰਫ਼ ਅਨਿਆਂ ਹੈ, ਸਗੋਂ ਲੋਕਤੰਤਰ ਲਈ ਖਤਰਾ ਵੀ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਅਜਿਹੀਆਂ ਪੈਰੋਲਾਂ ਉੱਤੇ ਰੋਕ ਲਾਈ ਜਾਵੇ ਅਤੇ ਨਿਆਂ ਨੂੰ ਬਰਾਬਰੀ ਨਾਲ ਲਾਗੂ ਕੀਤਾ ਜਾਵੇ।

ਇਸੇ ਵੇਲੇ ਉਮਰ ਖਾਲਿਦ ਦਾ ਮਾਮਲਾ ਅੰਤਰਰਾਸ਼ਟਰੀ ਚਿੰਤਾ ਦਾ ਵਿਸ਼ਾ ਬਣਿਆ ਹੈ। ਫਰਵਰੀ 2020 ਵਿੱਚ ਦਿੱਲੀ ਵਿੱਚ ਹੋਏ ਦੰਗਿਆਂ ਨਾਲ ਜੁੜੇ ਮਾਮਲੇ ਵਿੱਚ ਖਾਲਿਦ ਨੂੰ ਪੰਜ ਸਾਲਾਂ ਤੋਂ ਵੱਧ ਸਮਾਂ ਜੇਲ੍ਹ ਵਿੱਚ ਰੱਖਿਆ ਗਿਆ ਹੈ, ਪਰ ਅਜੇ ਤੱਕ ਮੁਕੱਦਮਾ ਸ਼ੁਰੂ ਨਹੀਂ ਹੋਇਆ। ਉਹ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇਐੱਨਯੂ) ਦਾ ਸਾਬਕਾ ਵਿਦਿਆਰਥੀ ਨੇਤਾ ਹੈ ਅਤੇ ਐਕਟਿਵਿਸਟ ਹੈ। ਉਸ ਨੇ ਐੱਮਫਿਲ ਅਤੇ ਪੀਐੱਚਡੀ ਕੀਤੀ ਹੈ, ਜਿਸ ਦੀ ਥੀਸਿਸ ਝਾਰਖੰਡ ਦੇ ਆਦਿਵਾਸੀਆਂ ਦੇ ਅਧਿਕਾਰਾਂ ਬਾਰੇ ਸੀ। ਖਾਲਿਦ ਨੇ ਸੀਏਏ ਵਿਰੋਧੀ ਅੰਦੋਲਨ ਵਿੱਚ ਵੱਡੀ ਭੂਮਿਕਾ ਨਿਭਾਈ ਸੀ ਅਤੇ ਅਸਹਿਮਤੀ ਦੀ ਆਵਾਜ਼ ਲਈ ਜਾਣਿਆ ਜਾਂਦਾ ਹੈ।

ਦਿੱਲੀ ਪੁਲਿਸ ਨੇ ਉਸ ਨੂੰ ਦੰਗਿਆਂ ਦਾ ਮਾਸਟਰਮਾਈਂਡ ਕਿਹਾ ਹੈ ਅਤੇ ਯੂਏਪੀਏ ਤਹਿਤ ਮਾਮਲਾ ਦਰਜ ਕੀਤਾ ਹੈ। ਉਸ ਨੂੰ ਸਤੰਬਰ 2020 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਦੋਂ ਤੋਂ ਤਿਹਾੜ ਜੇਲ੍ਹ ਵਿੱਚ ਹੈ। ਕਈ ਵਾਰ ਜ਼ਮਾਨਤ ਅਰਜ਼ੀਆਂ ਰੱਦ ਹੋ ਚੁੱਕੀਆਂ ਹਨ। ਦਸੰਬਰ 2025 ਵਿੱਚ ਉਸ ਨੂੰ ਭੈਣ ਦੇ ਵਿਆਹ ਲਈ ਅਸਥਾਈ ਜ਼ਮਾਨਤ ਮਿਲੀ ਸੀ, ਪਰ ਉਹ ਵਾਪਸ ਜੇਲ੍ਹ ਵਿੱਚ ਹੈ।

ਅੰਤਰਰਾਸ਼ਟਰੀ ਪੱਧਰ ਉੱਤੇ ਇਸ ਮਾਮਲੇ ਨੇ ਧਿਆਨ ਖਿੱਚਿਆ ਹੈ। ਨਿਊਯਾਰਕ ਸਿਟੀ ਦੇ ਨਵੇਂ ਮੇਅਰ ਜ਼ੋਹਰਾਨ ਮਮਦਾਨੀ ਨੇ ਖਾਲਿਦ ਨੂੰ ਨੋਟ ਲਿਖ ਕੇ ਹੌਸਲਾ ਵਧਾਇਆ ਹੈ। ਮਮਦਾਨੀ ਭਾਰਤੀ ਮੂਲ ਦੇ ਮੁਸਲਿਮ ਹਨ ਅਤੇ ਨਿਊਯਾਰਕ ਦੇ ਪਹਿਲੇ ਏਸ਼ੀਆਈ ਅਮਰੀਕੀ ਮੇਅਰ ਹਨ। ਉਨ੍ਹਾਂ ਨੇ ਖਾਲਿਦ ਦੇ ਮਾਪਿਆਂ ਨਾਲ ਮੁਲਾਕਾਤ ਵੀ ਕੀਤੀ ਸੀ। ਇਸ ਤੋਂ ਬਾਅਦ ਅਮਰੀਕੀ ਕਾਂਗਰਸ ਦੇ ਅੱਠ ਮੈਂਬਰਾਂ ਨੇ 30 ਦਸੰਬਰ 2025 ਨੂੰ ਭਾਰਤੀ ਰਾਜਦੂਤ ਵਿਨੈ ਕਵਾਤਰਾ ਨੂੰ ਪੱਤਰ ਲਿਖਿਆ। ਇਸ ਵਿੱਚ ਜਿਮ ਮੈਕਗਵਰਨ, ਜੈਮੀ ਰਾਸਕਿਨ, ਪ੍ਰਮਿਲਾ ਜੈਪਾਲ, ਜਾਨ ਸ਼ਾਕੋਵਸਕੀ, ਰਸ਼ੀਦ ਤਈਅਬ, ਲਾਇਡ ਡੌਗੇਟ, ਕ੍ਰਿਸ ਵੈਨ ਹੋਲੇਨ ਅਤੇ ਪੀਟਰ ਵੈਲਚ ਸ਼ਾਮਲ ਹਨ। ਉਨ੍ਹਾਂ ਨੇ ਖਾਲਿਦ ਨੂੰ ਜ਼ਮਾਨਤ ਅਤੇ ਨਿਰਪੱਖ ਮੁਕੱਦਮੇ ਦੀ ਮੰਗ ਕੀਤੀ ਹੈ। ਪੱਤਰ ਵਿੱਚ ਕਿਹਾ ਗਿਆ ਹੈ ਕਿ ਪੰਜ ਸਾਲਾਂ ਤੋਂ ਜੇਲ੍ਹ ਵਿੱਚ ਰੱਖਣਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ ਅਤੇ ਯੂਏਪੀਏ ਵਰਗੇ ਕਾਨੂੰਨਾਂ ਦਾ ਦੁਰਉਪਯੋਗ ਹੋ ਰਿਹਾ ਹੈ। ਇਸ ਨਾਲ ਭਾਰਤ-ਅਮਰੀਕਾ ਸਬੰਧ ਪ੍ਰਭਾਵਿਤ ਹੋ ਸਕਦੇ ਹਨ।

ਭਾਜਪਾ ਨੇ ਇਸ ਪੱਤਰ ਉੱਤੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ। ਭਾਜਪਾ ਨੇਤਾ ਗੌਰਵ ਭਾਟੀਆ ਨੇ ਕਿਹਾ ਕਿ ਇਹ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਹੈ ਅਤੇ ਭਾਰਤ ਇਸ ਨੂੰ ਬਰਦਾਸ਼ਤ ਨਹੀਂ ਕਰੇਗਾ। ਭਾਜਪਾ ਨੇ ਇਸ ਨੂੰ ਰਾਹੁਲ ਗਾਂਧੀ ਨਾਲ ਜੋੜ ਕੇ ਵਿਵਾਦ ਖੜ੍ਹਾ ਕੀਤਾ ਹੈ। ਭਾਜਪਾ ਨੇਤਾ ਪ੍ਰਦੀਪ ਭੰਡਾਰੀ ਨੇ ਐੱਕਸ ਉੱਤੇ ਤਸਵੀਰ ਸਾਂਝੀ ਕੀਤੀ ਜਿਸ ਵਿੱਚ ਰਾਹੁਲ ਗਾਂਧੀ 2024 ਵਿੱਚ ਅਮਰੀਕੀ ਸੰਸਦ ਮੈਂਬਰ ਜਾਨ ਸ਼ਾਕੋਵਸਕੀ ਅਤੇ ਈਹਾਨ ਉਮਰ ਨਾਲ ਨਜ਼ਰ ਆ ਰਹੇ ਹਨ। ਭਾਜਪਾ ਨੇ ਇਸ ਨੂੰ ਭਾਰਤ ਵਿਰੋਧੀ ਸਾਜ਼ਿਸ਼ ਕਰਾਰ ਦਿੱਤਾ ਹੈ ਅਤੇ ਕਾਂਗਰਸ ਨੂੰ ਮੁਆਫ਼ੀ ਮੰਗਣ ਲਈ ਕਿਹਾ ਹੈ।

ਹਾਲ ਹੀ ਵਿੱਚ ਸੁਪਰੀਮ ਕੋਰਟ ਨੇ ਉਮਰ ਖਾਲਿਦ ਅਤੇ ਸ਼ਰਜੀਲ ਇਮਾਮ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਜਸਟਿਸ ਅਰਵਿੰਦ ਕੁਮਾਰ ਅਤੇ ਐੱਨ ਵੀ ਅੰਜਾਰੀਆ ਦੇ ਬੈਂਚ ਨੇ ਕਿਹਾ ਕਿ ਯੂਏਪੀਏ ਤਹਿਤ ਪਹਿਲੀ ਨਜ਼ਰ ਵਿੱਚ ਮਾਮਲਾ ਬਣਦਾ ਹੈ। ਪਰ ਪੰਜ ਹੋਰ ਮੁਲਜ਼ਮਾਂ ਨੂੰ ਸ਼ਰਤਾਂ ਨਾਲ ਜ਼ਮਾਨਤ ਦਿੱਤੀ ਗਈ ਹੈ। ਅਦਾਲਤ ਨੇ ਕਿਹਾ ਕਿ ਖਾਲਿਦ ਅਤੇ ਇਮਾਮ ਦੀ ਭੂਮਿਕਾ ਵੱਖਰੀ ਹੈ ਅਤੇ ਉਹ ਇੱਕ ਸਾਲ ਬਾਅਦ ਨਵੀਂ ਅਰਜ਼ੀ ਦਾਇਰ ਕਰ ਸਕਦੇ ਹਨ। ਇਸ ਫੈਸਲੇ ਉੱਤੇ ਖਾਲਿਦ ਨੇ ਆਪਣੀ ਦੋਸਤ ਬਨੋਜਯੋਤਸਨਾ ਲਾਹਿੜੀ ਨੂੰ ਕਿਹਾ ਕਿ ਹੁਣ ਜੇਲ੍ਹ ਹੀ ਉਸ ਦੀ ਜ਼ਿੰਦਗੀ ਹੈ ਅਤੇ ਉਹ ਹੋਰ ਮੁਲਜ਼ਮਾਂ ਦੀ ਜ਼ਮਾਨਤ ਤੋਂ ਖੁਸ਼ ਹੈ।

ਵਿਰੋਧੀ ਧਿਰ ਦੇ ਨੇਤਾਵਾਂ ਨੇ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਮਿਲਣ ਨੂੰ ਵੀ ਨਿਸ਼ਾਨਾ ਬਣਾਇਆ ਹੈ। ਉਨ੍ਹਾਂ ਕਿਹਾ ਕਿ ਬਲਾਤਕਾਰੀ ਬਾਬੇ ਨੂੰ ਰਾਹਤ ਮਿਲ ਰਹੀ ਹੈ, ਪਰ ਐਕਟਿਵਿਸਟ ਖਾਲਿਦ ਨੂੰ ਜ਼ਮਾਨਤ ਨਹੀਂ। ਇਹ ਨਿਆਂ ਵਿੱਚ ਵਿਤਕਰਾ ਹੈ। ਇਹ ਵਰਤਾਰਾ ਭਾਰਤ ਦੇ ਲੋਕਤੰਤਰ ਲਈ ਚੁਣੌਤੀ ਹੈ ਅਤੇ ਸਰਕਾਰ ਨੂੰ ਇਸ ਉੱਤੇ ਵਿਚਾਰ ਕਰਨਾ ਚਾਹੀਦਾ ਹੈ।

ਖਾਤਰ ਪੰਥ ਦੀ ਮਰਨ ਦਾ ਚਾਅ ਸਾਨੂੰ, ਸਾਡੀ ਮੌਤ ਨਾਲ ਸਗਾਈ ਹੋਈ ਏ। ਅਸਲ ਜ਼ਿੰਦਗੀ ਮੌਤ ਦੇ ਵਿਚ ਹੀ ਹੈ, ਇਹੋ ਗੱਲ ਅਸਾਂ ਦਿਲੀ ਵਸਾਈ ਹੋਈ ਹੈ ॥

# ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਸਤਵੰਤ ਸਿੰਘ ਜੀ, ਸ਼ਹੀਦ ਭਾਈ ਕੇਹਰ ਸਿੰਘ ਜੀ ਦੇ 37ਵੇ ਸ਼ਹਾਦਤ ਦਿਹਾੜੇ ਤੇ ਲੱਖ ਲੱਖ ਪ੍ਰਣਾਮ ! :- ਗੁਰਚਰਨ ਸਿੰਘ ਗੁਰਾਇਆ

ਜਰਮਨ-ਸ਼ਹੀਦ ਭਾਈ ਬੇਅੰਤ ਸਿੰਘ ਜੀ ਤੇ ਸ਼ਹੀਦ ਭਾਈ ਸਤਵੰਤ ਸਿੰਘ ਜੀ ਨੇ ਜੂਨ 84 ਵਿੱਚ ਸ੍ਰੀ ਦਰਬਾਰ ਸਾਹਿਬ ਜੀ ਤੇ ਫੌਜਾਂ ਚਾੜ੍ਹਨ ਦੇ ਹੁਕਮ ਕਰਨ ਵਾਲੀ ਭਾਰਤ ਦੀ ਹੈਵਾਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ 31 ਅਕੂਤਬਰ 1984 ਵਿੱਚ ਖਾਲਸਾਈ ਰਵਾਇਤਾਂ ਅਨੁਸਾਰ ਉਸ ਦੇ ਪਾਪਾ ਦੀ ਸਜ਼ਾ ਦੇਕੇ ਸਿੱਖ ਇਤਿਹਾਸ ਦਾ ਸੁਨਹਿਰੀ ਪੰਨਾ ਲਿਖ ਸ਼ਹੀਦ ਭਾਈ ਬੇਅੰਤ ਸਿੰਘ ਜੀ ਮੌਕੇ ਤੇ ਸ਼ਹਾਦਤ ਦਾ ਜਾਮ ਪੀ ਗਏ ਤੇ 6 ਜਨਵਰੀ 1989 ਨੂੰ ਭਾਰਤ ਦੀ ਹਿੰਦੂਤਵੀ ਸਰਕਾਰ ਵੱਲੋ ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਸਤਵੰਤ ਸਿੰਘ ਸ਼ਹੀਦ ਭਾਈ ਕੇਹਰ ਸਿੰਘ ਜੀ ਨੂੰ ਫਾਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ ਇਹਨਾਂ ਮਹਾਨ ਸ਼ਹੀਦਾਂ ਦੀ ਅਦੁੱਤੀ ਕੁਰਬਾਨੀ ਨੂੰ ਲੱਖ ਲੱਖ ਪ੍ਰਣਾਮ ਕਰਦੇ ਹੋਇਆ ਸਿੱਖ ਕੌਮ ਨੂੰ ਇਹਨਾਂ ਅਣਖੀ ਸੂਰਬੀਰ ਯੋਧਿਆਂ ਤੇ ਜਿਥੇ ਮਾਣ ਹੈ ਉੱਥੇ ਹੀ ਸ਼੍ਰੀ ਦਰਬਾਰ ਸਾਹਿਬ ਜੀ ਤੇ ਸਿੱਖ ਧਰਮ ਸਿਰ ਭਾਜੀ ਚਾੜ੍ਹਨ ਵਾਲਿਆਂ ਨੂੰ ਸੁਚੇਤ ਕਰਨ ਵਾਲਾ ਦਿਹਾੜਾ ਵੀ ਹੈ। ਉੱਥੇ ਹਿੰਦੋਸਤਾਨ ਦੀ ਨਿਆਂ ਪਾਲਕਾ ਤੇ ਭਾਈ ਕੇਹਰ ਸਿੰਘ ਨੂੰ ਕਿਸੇ ਠੋਸ ਸਬੂਤਾਂ ਤੋਂ ਬਿਨ੍ਹਾਂ ਫਾਸੀ ਦੇਣ ਕਰਕੇ ਮੱਥੇ ਤੇ ਨਾ ਮਿਟਣ ਵਾਲਾ ਕਲੰਕ ਵੀ ਹੈ।

ਸਿੱਖ ਕੌਮ ਜੋ ਪਰਤਾਨ ਇਤਿਹਾਸ ਪੜ੍ਹਦੀ ਤੇ ਸੁਣਦੀ ਸੀ ਕਿ ਸ੍ਰੀ ਦਰਬਾਰ ਸਾਹਿਬ ਜੀ ਤੇ ਹਮਲਾ ਕਰਨ ਵਾਲੇ ਕਿਸੇ ਵੀ ਪਾਪੀ ਨੂੰ ਉਸਦੇ ਪਾਪਾ ਦੀ ਸਜ਼ਾ ਖਾਲਸਾ ਦਿੰਦਾ ਆਇਆ ਹੈ ਇਨਾਂ ਸੂਰਬੀਰ ਯੋਧਿਆਂ ਨੇ ਉਸੇ ਨੂੰ ਹੀ ਅੱਗੇ ਤੋਰਿਆਂ ਹੈ। ਸ੍ਰੀ ਦਰਬਾਰ ਸਾਹਿਬ ਜੀ ਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਤੇ ਦੁਸਮਣਾਂ ਦੇ ਹਮਲਿਆਂ ਦਾ ਖਾਲਸਾ ਮੂੰਹ ਤੋੜ ਜਵਾਬ ਦਿੰਦਾ ਆਇਆ ਹੈ ਪਰ ਅੱਜ ਸਿੱਖੀ ਭੇਸ ਵਿੱਚ ਸਿੱਖਾਂ ਦੀਆਂ ਧਾਰਮਿਕ ਉੱਚ ਪੱਦਵੀਆਂ ਤੇ ਬਿਰਾਜਮਾਣ ਆਗੂਆਂ ਵੱਲੋ ਸ਼੍ਰੀ ਅਕਾਲ ਤਖਤ ਸਾਹਿਬ ਜੀ ਦੇ ਸਿਧਾਤਾਂ, ਵੱਖਰੀ ਤੇ ਨਿਰਾਲੀ ਪਹਿਚਾਣ, ਸਿੱਖ ਸਭਿਆਚਾਰ, ਸਿੱਖੀ ਪਰਪੰਰਾਵਾਂ ਨੂੰ ਦੁਨਿਆਵੀ ਪਦਾਰਥਾਂ, ਕੁਰਸੀ, ਚੌਧਰ ਦੀ ਖਾਤਰ ਸ਼੍ਰੀ ਅਕਾਲ ਤਖਤ ਸਾਹਿਬ ਜੀ ਨੂੰ ਢਹਿ ਢੇਰੀ ਕਰਨ ਤੇ ਕਰਾਉਣ ਵਾਲੇ ਵਿਪਰਵਾਦੀਆਂ ਦੇ ਹੱਥ ਠੋਕੇ ਮੁਜਾਕ ਦਾ ਪਾਤਰ ਬਣਾਇਆ ਜਾ ਰਿਹਾ ਇਹ ਸਭ ਕੁਝ ਦੇਖ ਕਿ ਇਹਨਾਂ ਮਹਾਨ ਸ਼ਹੀਦਾਂ ਦੀਆਂ ਪਵਿੱਤਰ ਆਤਮਾਵਾਂ ਸੱਚਖੰਡ ਵਿੱਚ ਜਰੂਰ ਕਲਪ ਰਿਹੀਆਂ ਹੋਣਗੀਆਂ।ਅੱਜ ਸਿੱਖੀ ਦੇ ਸੁਨਿਹਰੀ ਅਸੂਲਾਂ ਸਿਧਾਤਾਂ ਨੂੰ ਤਿਲਾਂਜ਼ਲੀ ਦੇ ਗਏ ਆਗੂਆਂ ਦੇ ਕਾਰਣ ਹੀ ਸ਼੍ਰੀ ਦਰਬਾਰ ਸਾਹਿਬ ਜੀ ਤੇ ਹਮਲੇ ਸਮੇਂ ਫੌਜਾਂ ਦੀ ਕਮਾਂਡ ਕਰਨ ਵਾਲੇ ਜਨਰਲ ਵੈਦਿਆ ਜਿਸ ਨੂੰ ਸਿੱਖ ਕੌਮ ਦੇ ਅਣਖੀਲੇ ਜਰਨੈਲ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਨੇ ਸਜ਼ਾ ਦੇ ਕਿ ਫਾਸੀ ਦੇ ਰੱਸੇ ਨੂੰ ਚੁੰਮ ਕਿ ਸ਼ਹਾਦਤ ਦਿੱਤੀ ਸੀ। ਭਾਜਪਾ ਤੇ ਰਾਸ਼ਟਰੀ ਸੈਵਮ ਸੇਵਕ ਸੰਘ ਦੇ ਬੁੱਕਲ ਦਾ ਸ਼ਿਗਾਰ ਹਿੰਦੂ ਅੱਤਵਾਦੀ ਜਥੇਬੰਦੀਆਂ ਸ਼ਿਵਾ ਸੈਨਾ, ਰਾਸ਼ਟਰੀ ਸੁਰੰਖਸ਼ਾ ਸੰਮਤੀ, ਪੰਜਾਬ ਦੀ ਧਰਤੀ ਤੇ ਵੈਦਿਆ ਨੂੰ ਸ਼ਹੀਦ ਤੇ ਸਿੱਖ ਕੌਮ ਦੇ




ਮਹਾਨ ਸ਼ਹੀਦਾਂ ਪ੍ਰਤੀ ਅੱਪ ਸ਼ਬਦਾਂ ਦਾ ਇਸਤੇਮਾਲ ਕਰਕੇ ਸਿੱਖ ਕੌਮ ਦੀ ਅਣਖ ਤੇ ਗੈਰਤ ਨੂੰ ਲਲਕਾਰ ਰਹੇ ਹਨ। ਗੰਗੂ ਨੇ ਸਹਿਬਜ਼ਾਦਿਆਂ ਤੇ ਮਾਤਾ ਜੀ ਨੂੰ ਹਕੂਮਤ ਕੋਲ ਫੜਵਾਇਆ ਸੀ ਤੇ ਸੁੱਚਾ ਨੰਦ ਨੇ ਸ਼ਹੀਦ ਕਰਾਉਣ ਵਿੱਚ ਰੋਲ ਅਦਾ ਕੀਤਾ ਸੀ ਪਰ ਅੱਜ ਸਿੱਖੀ ਭੇਸ ਵਿੱਚ ਪਹਾੜੀ ਹਿੰਦੂਤਵੀ ਰਾਜੇ, ਚੰਦੂ, ਗੰਗੂ ਤੇ ਸੁੱਚੇ ਨੰਦ ਦੀ ਰੂਹ ਵਾਲਾ ਬਾਦਲ ਪਰਿਵਾਰ ਤੇ ਸੰਤ ਸਿਪਾਹੀ ਦੇ ਕਨਸੈਪਟ ਤੋਂ ਭਗੌੜੇ ਸੰਤ ਸਮਾਜੀਏ ਸਿੱਖ ਕੌਮ ਦੀ ਅਣਖ ਗੈਰਤ, ਸਿੱਖੀ ਸਪਰਿਟ, ਸਿੱਖੀ ਸਿਧਾਤ ,ਵਿਪਰਾਂ ਦੀ ਝੋਲੀ ਪਾਕੇ ਸਿੱਖਾਂ ਨੂੰ ਕੇਸਾਧਾਰੀ ਹਿੰਦੂਆਂ ਦਾ ਅੰਗ ਬਣਾਉਣ ਦੇ ਰਾਹ ਤੁਰੇ ਹੋਏ ਹਨ।

ਆਗੂਓ ਬਾਬੇ ਨਾਨਕ ਦੀ ਨਿਰਾਲੀ ਕੌਮ ਤੇ ਤਰਸ ਖਾਓ ਅੱਜ ਇਹਨਾਂ ਮਹਾਨ ਸ਼ਹੀਦਾਂ ਦੀ ਕੁਰਬਾਨੀ ਦਾ ਵਾਸਤਾ ਉਸ ਵੀਹਵੀ ਸਦੀ ਦੇ ਮਹਾਨ ਜਰਨੈਲ ਸੰਤ ਸਿਪਾਹੀ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਅਦੁੱਤੀ ਸ਼ਹਾਦਤ ਦਾ ਵਾਸਤਾ ਕਿ ਜਿਸ ਹਿੰਦੋਸਤਾਨ ਦੀ ਬ੍ਰਹਮਵਾਦੀ ਸੋਚ ਦੀ ਧਾਰਨੀ ਹਕੂਮਤ ਨੇ ਸ੍ਰੀ ਦਰਬਾਰ ਸਾਹਿਬ ਜੀ ਤੇ ਹਮਲਾ ਕਰਾਇਆ ਸਿੱਖਾਂ ਦੀ ਨਸਲਕੁਸ਼ੀ ਕਰਨ ਲਈ ਸਿੱਖ ਨੌਜਵਾਨੀ ਦਾ ਘਾਣ ਕੀਤਾ ਤੇ ਇਸ ਘਾਣ ਕਰਨ ਦੀ ਹੱਲਾਸ਼ੇਰੀ ਦੇਣ ਵਾਲੇ ਚੰਦੂ ਦੇ ਵਾਰਸਾਂ ਨਾਲੋ ਸਾਝਾਂ ਛੱਡੋ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਬੋਲਾਂ ਕਿ ਜਿਸ ਦਿਨ ਹਿੰਦੋਸਤਾਨ ਦੀ ਸਰਕਾਰ ਨੇ ਸ਼੍ਰੀ ਦਰਬਾਰ ਸਾਹਿਬ ਜੀ ਤੇ ਹਮਲਾ ਕੀਤਾ ਉਸ ਦਿਨ ਖਾਲਿਸਤਾਨ ਦੀ ਨੀਹ ਰੱਖੀ ਜਾਵੇਗੀ ਸੋ ਸਰਕਾਰ ਨੇ ਜੂਨ 84 ਵਿੱਚ ਹਮਲਾ ਕਰਕੇ ਉਹ ਨੀਹ ਰੱਖ ਦਿੱਤੀ ਤੇ ਇਸ ਤੇ ਖਲਿਸਤਾਨ ਦਾ ਮਹਿਲ ਉਸਾਰਨ ਲਈ ਸੈਕੜੇ ਨਹੀ ਹਜ਼ਾਰਾਂ ਸਿੱਰਲੱਥ ਯੋਧਿਆਂ ਨੇ ਆਪਣੇ ਸੀਸ ਭੇਟ ਕੀਤੇ ਹਨ।ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਵਾਰਿਸ ਤੇ ਉਸ ਸੰਸਥਾਂ ਮੁੱਖੀ ਅਖਵਾਉਣ ਦਾ ਜੇਕਰ ਆਪ ਜੀ ਨੂੰ ਸ਼ੌਕ ਹੈ ਤਾਂ ਉਸ ਜਰਨੈਲ ਦੇ ਬਚਨਾਂ ਨੂੰ ਧਿਆਨ ਨਾਲ ਸਰਵਣ ਕਰਕੇ ਫਿਰ ਉਨਾਂ ਨੂੰ ਪੂਰਾ ਕਰਨ ਲਈ ਸਿੱਖ ਕੌਮ ਦੇ ਅਜ਼ਾਦ ਵਤਨ ਖਾਲਿਸਤਾਨ ਦੀ ਅਜ਼ਾਦੀ ਵਾਸਤੇ ਸੰਘਰਸ਼ ਦੀ ਅਗਵਾਈ ਕਰੋ ਤੇ ਬਾਦਲਾਂ ਦੇ ਮੱਕੜ ਜਾਲ ਵਿੱਚੋਂ ਬਾਹਰ ਨਿਕਲ ਕੇ ਅੰਦਰਖਾਤੇ ਸਿੱਖੀ ਦੇ ਦੁਸ਼ਮਣਾਂ ਨਾਲ ਲੁਕਣਮੀਟੀਆਂ ਖੇਡਣੀਆਂ ਛੱਡੋ।ਸਿਰ ਦਿੱਤਿਆਂ ਬਾਜ਼ ਧਰਮ ਨਹੀ ਰਹਿਣਾ ਨੂੰ ਯਾਦ ਕਰਦੇ ਹੋਏ ਇਹ ਹੀ ਉਹਨਾਂ ਮਹਾਨ ਸ਼ਹੀਦਾਂ ਪ੍ਰਤੀ ਸੱਚੀ ਸ਼ਰਧਾਂ ਹੈ ਤਾਂ ਹੀ ਉਨ੍ਹਾਂ ਮਹਾਨ ਸ਼ਹੀਦਾਂ ਦੇ ਵਾਰਸ ਅਖਵਾ ਸਕਦੇ ਹਾਂ ਉਨਾਂ ਮਹਾਨ ਸ਼ਹੀਦਾਂ ਦੇ ਕਾਤਲਾਂ ਤੇ ਕਤਲ ਕਰਾਉਣ ਵਾਲਿਆਂ ਨਾਲ ਯਾਰੀਆਂ ਪਾਲਕੇ ਸ਼ਹੀਦਾਂ ਨਾਲ ਧਰੋਹ ਨਾ ਕਮਾਵੋ ਇਤਿਹਾਸ ਨੇ ਕਦੇ ਵੀ ਮੁਆਫ ਨਹੀ ਕਰਨਾ।ਅੰਤ ਵਿੱਚ ਫਿਰ ਮਹਾਨ ਸ਼ਹੀਦ ਭਾਈ ਸਤਵੰਤ ਸਿੰਘ ਸ਼ਹੀਦ ਭਾਈ ਕੇਹਰ ਸਿੰਘ ਜੀ ਦੇ 37ਵੇ ਸ਼ਹੀਦੀ ਦਿਹਾੜੇ ਤੇ ਤਿਆਗ ਦੀ ਮੂਰਤ ਸ਼ਹੀਦ ਭਾਈ ਸਤਵੰਤ ਸਿੰਘ ਜੀ ਦੀ ਯਾਦ ਨਾਲ ਹੀ ਲਵਾਂ ਲੈਕੇ ਅਕਾਲ ਚਲਣਾ ਕਰਗਈ ਬੀਬੀ ਸੁਰਿੰਦਰ ਕੌਰ ਜੀ ਦੀ 25 ਵੀ ਬਰਸੀ ਤੇ ਸਿੱਖ ਕੌਮ ਦੇ ਸਮੂਹ ਸ਼ਹੀਦਾਂ ਨੂੰ ਲੱਖ ਲੱਖ ਪ੍ਰਣਾਮ।

*******

# ਸਾਬਕਾ ਡੀਆਈਜੀ ਭੁੱਲਰ ਨੂੰ ਮਿਲੀ ਜ਼ਮਾਨਤ, ਪਰ ਹਾਲੇ ਰਹਿਣਗੇ ਜੇਲ੍ਹ ਵਿਚ

## ✪ ਭੁੱਲਰ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਇੱਕ ਹੋਰ ਕੇਸ ਚੱਲ ਰਿਹਾ, ਰਹਿਣਾ ਪਵੇਗਾ ਬੁੜੈਲ ਜੇਲ੍ਹ ਵਿੱਚ

ਚੰਡੀਗੜ੍ਹ-ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਪੰਜਾਬ ਦੇ ਸਾਬਕਾ ਡੀਆਈਜੀ ਹਰਚਰਨ ਸਿੰਘ ਭੁੱਲਰ ਨੂੰ ਸੀਬੀਆਈ ਦੀ ਵਿਸ਼ੇਸ਼ ਅਦਾਲਤ ਵੱਲੋਂ ਵੱਡੀ ਰਾਹਤ ਮਿਲੀ ਹੈ। ਸੀਬੀਆਈ ਅਦਾਲਤ ਨੇ ਸੋਮਵਾਰ ਨੂੰ ਭੁੱਲਰ ਨੂੰ ਜ਼ਮਾਨਤ ਦੇ ਦਿੱਤੀ, ਹਾਲਾਂਕਿ ਉਸ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਇੱਕ ਹੋਰ ਕੇਸ ਵੀ ਚੱਲ ਰਿਹਾ ਹੈ, ਜਿਸ ਵਿੱਚ ਤਿੰਨ ਦਿਨ ਪਹਿਲਾਂ ਹੀ ਉਸ ਦੀ ਜ਼ਮਾਨਤ ਅਰਜ਼ੀ ਰੱਦ ਹੋ ਚੁੱਕੀ ਸੀ। ਇਸ ਕਾਰਨ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿੱਚ ਜ਼ਮਾਨਤ ਮਿਲਣ ਦੇ ਬਾਵਜੂਦ ਭੁੱਲਰ ਨੂੰ ਬੁੜੈਲ ਜੇਲ੍ਹ ਵਿੱਚ ਹੀ ਰਹਿਣਾ ਪਵੇਗਾ। ਸੀਬੀਆਈ ਇਸ ਮਾਮਲੇ ਵਿੱਚ ਤੈਅ ਸਮੇਂ ਅੰਦਰ ਚਾਰਜਸ਼ੀਟ ਦਾਖ਼ਲ ਨਹੀਂ ਕਰ ਸਕੀ, ਜਿਸ ਕਾਰਨ ਭੁੱਲਰ ਦੇ ਵਕੀਲ ਐੱਸਪੀਐੱਸ ਭੁੱਲਰ ਨੇ ਅਦਾਲਤ ਤੋਂ ਜ਼ਮਾਨਤ ਦੀ ਮੰਗ ਕੀਤੀ। ਉਨ੍ਹਾਂ ਦਲੀਲ ਦਿੱਤੀ ਕਿ ਸੀਬੀਆਈ ਕੋਲ ਆਮਦਨ ਤੋਂ ਵੱਧ



ਜਾਇਦਾਦ ਮਾਮਲੇ ਦੀ ਜਾਂਚ ਪੂਰੀ ਕਰਨ ਲਈ 60 ਦਿਨਾਂ ਦਾ ਸਮਾਂ ਸੀ, ਜੋ ਕਿ ਪੰਜ ਜਨਵਰੀ ਨੂੰ ਪੂਰਾ ਹੋ ਗਿਆ। ਇਸ ਲਈ ਉਹ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 187 ਅਧੀਨ ਜ਼ਮਾਨਤ ਦਾ ਹੱਕਦਾਰ ਹੈ। ਭੁੱਲਰ ਖ਼ਿਲਾਫ਼ ਸੀਬੀਆਈ ਨੇ 29 ਅਕਤੂਬਰ ਨੂੰ ਆਮਦਨ ਤੋਂ ਵੱਧ ਜਾਇਦਾਦ ਦਾ ਕੇਸ ਦਰਜ ਕੀਤਾ ਸੀ ਅਤੇ ਪੰਜ ਨਵੰਬਰ ਨੂੰ ਉਸ ਨੂੰ ਅਧਿਕਾਰਕ ਤੌਰ ’ਤੇ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਤਰ੍ਹਾਂ ਇਸ ਮਾਮਲੇ ਦੇ 60 ਦਿਨ ਐਤਵਾਰ ਨੂੰ ਪੂਰੇ ਹੋ ਗਏ।

### ਢਾਈ ਮਹੀਨੇ ਤੋਂ ਜੇਲ੍ਹ ਵਿੱਚ ਭੁੱਲਰ

ਸੀਬੀਆਈ ਨੇ ਭੁੱਲਰ ਨੂੰ ਮੰਡੀ ਗੋਬਿੰਦਗੜ੍ਹ ਦੇ ਸਕ੍ਰੈਪ ਡੀਲਰ ਆਕਾਸ਼ ਬੱਤਾ ਦੀ ਸ਼ਿਕਾਇਤ ’ਤੇ ਗ੍ਰਿਫ਼ਤਾਰ ਕੀਤਾ ਸੀ। ਦੋਸ਼ ਸੀ ਕਿ ਭੁੱਲਰ ਨੇ ਆਪਣੇ ਵਿਚੋਲੇ ਕ੍ਰਿਸ਼ਨੂ ਸ਼ਾਰਦਾ ਨਾਲ ਮਿਲ ਕੇ ਉਸ ਤੋਂ ਅੱਠ ਲੱਖ ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ। ਭੁੱਲਰ ਨੂੰ 16 ਅਕਤੂਬਰ 2025 ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਤੋਂ ਬਾਅਦ ਉਸ ਦੇ ਸੈਕਟਰ-40 ਸਥਿਤ ਘਰ ’ਤੇ ਛਾਪੇਮਾਰੀ ਕੀਤੀ ਗਈ, ਜਿੱਥੋਂ ਸਾਢੇ ਸੱਤ ਕਰੋੜ ਰੁਪਏ ਨਕਦ, ਢਾਈ ਕਿਲੋ ਸੋਨਾ ਅਤੇ ਕਈ ਜਾਇਦਾਦਾਂ ਦੇ ਦਸਤਾਵੇਜ਼ ਬਰਾਮਦ ਹੋਏ। ਇਸ ਕਾਰਨ ਉਸ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਦਾ ਵੀ ਕੇਸ ਦਰਜ ਕੀਤਾ ਗਿਆ।

# ਬਲਾਤਕਾਰ ਮਾਮਲੇ ਵਿਚ ਜਗਰਾਉਂ ਦੇ ਡੇਰਾ ਚਰਨ ਘਾਟ ਠਾਠ ਮੁਖੀ ਨੂੰ 10 ਸਾਲ ਹੋਈ ਕੈਦ

## ✪ ਵਧੀਕ ਤੇ ਸੈਸ਼ਨ ਜੱਜ ਦੀ ਅਦਾਲਤ ਨੇ 55 ਹਜ਼ਾਰ ਰੁਪਏ ਜੁਰਮਾਨਾ ਵੀ ਲਾਇਆ

ਮੋਗਾ-ਇੱਥੋਂ ਦੇ ਵਧੀਕ ਤੇ ਸੈਸ਼ਨ ਜੱਜ ਬਿਸ਼ਨ ਸਰੂਪ ਦੀ ਅਦਾਲਤ ਨੇ ਜਗਰਾਉਂ ਦੇ ਡੇਰਾ ਚਰਨ ਘਾਟ ਠਾਠ ਮੁਖੀ ਬਲਜਿੰਦਰ ਸਿੰਘ ਨੂੰ ਜਬਰ-ਜਨਾਹ ਅਤੇ ਧਮਕਾਉਣ ਦਾ ਦੋਸ਼ੀ ਕਰਾਰ ਦਿੰਦੇ 10 ਸਾਲ ਕੈਦ ਤੇ 55 ਹਜ਼ਾਰ ਜੁਰਮਾਨਾ ਅਦਾ ਕਰਨ ਦਾ ਹੁਕਮ ਸੁਣਾਇਆ ਹੈ। ਜਾਣਕਾਰੀ ਮੁਤਾਬਕ ਬਲਜਿੰਦਰ ਸਿੰਘ ਮੂਲ ਰੂਪ ਵਿਚ ਪਿੰਡ ਮਾਨਪੁਰ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦਾ ਰਹਿਣ ਵਾਲਾ ਸੀ ਅਤੇ ਜਗਰਾਉਂ ਦੇ ਅਖਾੜਾ ਨਹਿਰ ਕਿਨਾਰੇ ਡੇਰਾ ਚਰਨ ਘਾਟ ਠਾਠ ਦਾ ਮੁਖੀ ਸੀ। ਇਥੇ ਥਾਣਾ ਮਹਿਣਾ ਪੁਲੀਸ ਨੇ ਬਲਜਿੰਦਰ ਸਿੰਘ ਖ਼ਿਲਾਫ 18 ਸਤੰਬਰ 2024 ਨੂੰ ਜਬਰ ਜਨਾਹ ਦੀ ਧਾਰਾ ਅਤੇ ਧਮਕਾਉਣ ਦੀ ਧਾਰਾ ਤਹਿਤ ਕੇਸ ਦਰਜ ਕੀਤਾ ਸੀ। ਪੀੜਤ ਮੁਟਿਆਰ ਨੇ ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿਚ ਆਖਿਆ ਸੀ ਕਿ ਉਸ ਦਾ ਭਰਾ ਡੇਰੇ ਵਿੱਚ ਸੇਵਾ ਕਰਦਾ ਸੀ ਅਤੇ ਉਹ ਘਰ ਵਿੱਚ ਕਲੇਸ਼ ਕਰਨ ਲੱਗ ਪਿਆ। ਡੇਰੇ ਪ੍ਰਤੀ ਪਰਿਵਾਰ ਦੀ ਸ਼ਰਧਾ ਤੇ



ਭਰੋਸਾ ਹੋਣ ਕਾਰਨ ਉਨ੍ਹਾਂ ਇਹ ਮਾਮਲਾ ਬਲਜਿੰਦਰ ਸਿੰਘ ਦੇ ਧਿਆਨ ਵਿੱਚ ਲਿਆਂਦਾ। ਇਸ ਸਬੰਧੀ ਬਲਜਿੰਦਰ ਸਿੰਘ ਨੇ ਪੀੜਤ ਪਰਿਵਾਰ ਨੂੰ 6 ਮਈ ਨੂੰ ਡਰੋਲੀ ਭਾਈ ਵਿਖੇ ਇੱਕ ਇਤਿਹਾਸਕ ਗੁਰਦੁਆਰੇ 'ਚ ਅਰਦਾਸ ਕਰਨ ਲਈ ਕਿਹਾ। ਇਸ ਦੌਰਾਨ ਬਾਬਾ ਫਾਰਚੂਨਰ ਗੱਡੀ ਵਿੱਚ ਲੜਕੀ ਨੂੰ ਸਥਾਨਕ ਬੁੱਘੀਪੁਰਾ ਚੌਕ ਸਥਿਤ ਇੱਕ ਹੋਟਲ 'ਚ ਲੈ ਗਿਆ ਅਤੇ ਲੜਕੀ ਨਾਲ ਜਬਰ ਜਨਾਹ ਕੀਤਾ ਅਤੇ ਧਮਕੀ ਦਿੱਤੀ ਕਿ ਜੇ ਕਿਸੇ ਕੋਲ ਮੂੰਹ ਖੋਲ੍ਹਿਆ ਤਾਂ ਅਸ਼ਲੀਲ ਸਮੱਗਰੀ ਵਾਇਰਲ ਕਰ ਦਿੱਤੀ ਜਾਵੇਗੀ। ਇਸ ਸ਼ਿਕਾਇਤ ਦੀ ਜਾਂਚ ਦੌਰਾਨ ਹੋਟਲ 'ਚੋਂ ਬਾਬਾ ਅਤੇ ਲੜਕੀ ਦੇ ਠਹਿਰਨ ਦੇ ਸਬੂਤ ਮਿਲੇ ਸਨ।

ਇਥੇ ਕੇਸ ਦੀ ਸੁਣਵਾਈ ਦੌਰਾਨ ਸਥਾਨਕ ਵਧੀਕ ਸੈਸ਼ਨ ਜੱਜ ਬਿਸ਼ਨ ਸਰੂਪ ਦੀ ਅਦਾਲਤ ਵਿਚ ਸਰਕਾਰੀ ਅਤੇ ਬਚਾਅ ਪੱਖ ਦੇ ਵਕੀਲਾਂ ਨੇ ਆਪੋ ਆਪਣੀਆਂ ਦਲੀਲਾਂ ਦਿੱਤੀਆਂ। ਅਦਾਲਤ ਨੇ ਬਲਜਿੰਦਰ ਸਿੰਘ ਨੂੰ ਜਬਰ ਜਨਾਹ ਦੀ ਧਾਰਾ 376 ਆਈ ਪੀ ਸੀ ਦੋਸ਼ੀ ਕਰਾਰ ਦਿੰਦੇ 10 ਸਾਲ ਕੈਦ ਤੇ 50 ਹਜ਼ਾਰ ਰੁਪਏ ਜੁਰਮਾਨਾ ਅਤੇ ਜੁਰਮਾਨਾ ਅਦਾ ਨਾ ਕਰਨ ਉੱਤੇ 6 ਮਹੀਨੇ ਵਾਧੂ ਕੈਦ ਅਤੇ ਧਮਕਾਉਣ ਦੀ ਧਾਰਾ 506 ਆਈ ਪੀ ਸੀ ਤਹਿਤ ਦੋਸ਼ੀ ਕਰਾਰ ਦਿੰਦੇ 2 ਸਾਲ ਦੀ ਕੈਦ ਤੇ 5 ਹਜ਼ਾਰ ਰੁਪਏ ਜੁਰਮਾਨਾ ਅਤੇ ਜੁਰਮਾਨਾ ਅਦਾ ਨਾ ਕਰਨ ਉੱਤੇ 3 ਮਹੀਨੇ ਵਾਧੂ ਕੈਦ ਦਾ ਹੁਕਮ ਸੁਣਾਇਆ। ਦੋਵਾਂ ਧਾਰਾਵਾਂ ਤਹਿਤ ਸਜ਼ਾਵਾਂ ਇਕੱਠੀਆਂ ਹੀ ਚੱਲਣਗੀਆਂ।

# ਸਾਬਕਾ ਜਥੇਦਾਰ ਰੋਡੇ ਦੇ ਪੁੱਤਰ ਤੇ ਸਾਥੀ ਨੂੰ ਨਹੀਂ ਮਿਲੀ ਜ਼ਮਾਨਤ

## ✪ ਹਾਈ ਕੋਰਟ ਨੇ ਕਿਹਾ-ਨਰਮ ਰੁਖ ਅਪਣਾਉਣਾ ਰਾਸ਼ਟਰੀ ਸੁਰੱਖਿਆ ਲਈ ਖਤਰਨਾਕ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਡ੍ਰੋਨ ਰਾਹੀਂ ਪਾਕਿਸਤਾਨ ਤੋਂ ਹਥਿਆਰਾਂ, ਵਿਸਫੋਟਕਾਂ (ਟਿਫਿਨ ਬੰਬ) ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਸਬੰਧਤ ਨਾਰਕੋ-ਅੱਤਵਾਦ ਮਾਮਲੇ ਵਿੱਚ ਸਖ਼ਤ ਰੁਖ਼ ਅਪਣਾਇਆ ਹੈ। ਅਦਾਲਤ ਨੇ ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਰੋਡੇ ਦੇ ਪੁੱਤਰ ਗੁਰਮੁੱਖ ਸਿੰਘ ਅਤੇ ਸਹਿ-ਮੁਲਜ਼ਮ ਗੁਰਮੇਜ ਸਿੰਘ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਹਾਲਾਂਕਿ ਅਦਾਲਤ ਨੇ ਹੇਠਲੀ ਅਦਾਲਤ, ਪੁਲਿਸ ਅਤੇ ਇਸਤਗਾਸਾ ਨੂੰ ਕੇਸ ਦੇ ਤੇਜ਼ੀ ਨਾਲ ਨਿਪਟਾਰੇ ਲਈ ਸਮੇਂ ਸਿਰ ਸਬੂਤ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ।

ਜਸਟਿਸ ਗੁਰਵਿੰਦਰ ਸਿੰਘ ਗਿੱਲ ਅਤੇ ਜਸਟਿਸ ਰਮੇਸ਼ ਕੁਮਾਰੀ ਦੇ ਡਵੀਜ਼ਨ ਬੈਂਚ ਨੇ ਦੋਵਾਂ ਮੁਲਜ਼ਮਾਂ ਦੀਆਂ ਅਪੀਲਾਂ ਨੂੰ ਇਹ ਕਹਿੰਦਿਆਂ ਖਾਰਜ ਕਰ ਦਿੱਤਾ ਕਿ ਅੱਤਵਾਦ ਨੂੰ ਸਪਾਂਸਰ ਕਰਨਾ ਦੇਸ਼ ਹਿੱਤ ਵਿਚ ਨਹੀਂ ਹੈ। ਸਰਹੱਦ ਪਾਰ ਹਥਿਆਰਾਂ ਅਤੇ ਗੋਲਾ ਬਾਰੂਦ ਦੇ ਨਾਲ-ਨਾਲ ਹੈਰੋਇਨ ਦੀ ਤਸਕਰੀ ਦਾ ਉਦੇਸ਼ ਅੱਤਵਾਦੀ ਗਤੀਵਿਧੀਆਂ ਲਈ ਫੰਡ ਇਕੱਠਾ ਕਰਨਾ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਰਾਸ਼ਟਰੀ ਜਾਂਚ ਏਜੰਸੀ (ਐੱਨਆਈਏ) ਵੱਲੋਂ ਪੇਸ਼ ਕੀਤੇ ਗਏ ਤੱਥ ਪਹਿਲੀ ਨਜ਼ਰੇ ਮੁਲਜ਼ਮ ਦੀ ਅੱਤਵਾਦੀ ਗਤੀਵਿਧੀਆਂ ਵਿੱਚ ਸ਼ਮੂਲੀਅਤ ਨੂੰ ਦਰਸਾਉਂਦੇ ਹਨ। ਮੁਕੱਦਮਾ ਚੱਲ ਰਿਹਾ ਹੈ ਅਤੇ ਮੁਲਜ਼ਮਾਂ ਦੇ ਸਰਹੱਦ ਪਾਰ ਸਬੰਧਾਂ ਨੂੰ ਦੇਖਦੇ ਹੋਏ ਉਨ੍ਹਾਂ ਦੇ ਭੱਜਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।



ਅਦਾਲਤ ਨੇ ਕਿਹਾ ਕਿ ਇਹ ਮਾਮਲਾ ਰਵਾਇਤੀ ਅੱਤਵਾਦ ਤੱਕ ਸੀਮਤ ਨਹੀਂ ਹੈ ਸਗੋਂ 'ਨਾਰਕੋ-ਅੱਤਵਾਦ' ਦੀ ਇੱਕ ਹੋਰ ਪਰਤ ਨੂੰ ਉਜਾਗਰ ਕਰਦਾ ਹੈ ਜੋ ਕਿ ਨਸ਼ੀਲੇ ਪਦਾਰਥਾਂ ਅਤੇ ਅੱਤਵਾਦ ਵਿਚਕਾਰ ਖ਼ਤਰਨਾਕ ਗੱਠਜੋੜ ਹੈ। ਬੈਂਚ ਨੇ ਕਿਹਾ ਕਿ ਅਜਿਹੇ ਮਾਮਲਿਆਂ ਵਿੱਚ ਜ਼ਮਾਨਤ ਲਈ ਉਦਾਰਵਾਦੀ ਪਹੁੰਚ ਅਪਣਾਉਣ ਨਾਲ ਰਾਸ਼ਟਰੀ ਸੁਰੱਖਿਆ ਦਾ ਹਿੱਤ ਨਹੀਂ ਹੋਵੇਗਾ।

ਐੱਨਆਈਏ ਅਨੁਸਾਰ ਮੁਲਜ਼ਮ ਹਥਿਆਰਾਂ, ਵਿਸਫੋਟਕਾਂ ਅਤੇ ਅੱਤਵਾਦੀ ਫੰਡਾਂ ਦੀ ਪ੍ਰਾਪਤੀ, ਛੁਪਾਉਣ ਅਤੇ ਵੰਡ ਨਾਲ ਜੁੜੀ ਵੱਡੀ ਸਾਜ਼ਿਸ਼ ਦਾ ਹਿੱਸਾ ਸਨ। ਗੁਰਮੁੱਖ ਸਿੰਘ ਨੇ ਦਲੀਲ ਦਿੱਤੀ ਕਿ ਉਸ ਨੂੰ ਉਸ ਦੇ ਪਰਿਵਾਰਕ ਪਿਛੋਕੜ ਅਤੇ ਰਾਜਨੀਤਿਕ ਕਾਰਨਾਂ ਕਰ ਕੇ ਝੂਠਾ ਫਸਾਇਆ ਗਿਆ ਸੀ, ਜਦੋਂ ਕਿ ਐੱਨਆਈਏ ਨੇ ਅੱਤਵਾਦੀ ਗਤੀਵਿਧੀਆਂ ਵਿੱਚ ਉਸ ਦੀ ਸ਼ਮੂਲੀਅਤ ਵੱਲ ਇਸ਼ਾਰਾ ਕਰਦੇ ਹੋਏ ਠੋਸ ਤੱਥ ਪੇਸ਼ ਕੀਤੇ।

# ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਚੋਣਾਂ ਦੇ ਅੰਕੜੇ ਜਾਰੀ

ਚੰਡੀਗੜ੍ਹ-ਚੋਣ ਕਮਿਸ਼ਨ ਨੇ ਪੰਜਾਬ ਵਿੱਚ ਹੋਈਆਂ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਵੋਟ ਸ਼ੇਅਰ ਦੇ ਅੰਕੜੇ ਜਾਰੀ ਕੀਤੇ ਹਨ। ਇਨ੍ਹਾਂ ਅੰਕੜਿਆਂ ਮੁਤਾਬਕ ਜ਼ਿਲ੍ਹਾ ਪਰਿਸ਼ਦ ਚੋਣਾਂ ਵਿੱਚ ਆਮ ਆਦਮੀ ਪਾਰਟੀ (ਆਪ) ਨੇ 38.16 ਫੀਸਦੀ ਵੋਟਾਂ ਹਾਸਲ ਕਰ ਕੇ ਬਾਜ਼ੀ ਮਾਰੀ ਹੈ। ਦੂਜੇ ਪਾਸੇ ਕਾਂਗਰਸ ਨੂੰ 27.14 ਫੀਸਦੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ 22.52 ਫੀਸਦੀ ਵੋਟਾਂ ਮਿਲੀਆਂ ਹਨ। ਚੋਣ ਕਮਿਸ਼ਨ ਵੱਲੋਂ ਪਹਿਲੀ ਜਨਵਰੀ ਨੂੰ ਜਾਰੀ ਵੇਰਵਿਆਂ ਮੁਤਾਬਕ ਜ਼ਿਲ੍ਹਾ ਪਰਿਸ਼ਦ ਚੋਣਾਂ ਵਿੱਚ ਕੁੱਲ 58.09 ਲੱਖ ਯੋਗ ਵੋਟਾਂ ਦੀ ਗਿਣਤੀ ਹੋਈ। ਇਨ੍ਹਾਂ 'ਚੋਂ 'ਆਪ' ਨੂੰ 22.17 ਲੱਖ ਅਤੇ ਕਾਂਗਰਸ ਨੂੰ 15.77 ਲੱਖ ਵੋਟਾਂ ਪ੍ਰਾਪਤ ਹੋਈਆਂ। ਭਾਜਪਾ ਨੂੰ 6.39 ਫੀਸਦੀ ਅਤੇ ਬਸਪਾ ਨੂੰ 1.46 ਫੀਸਦੀ ਵੋਟਾਂ ਮਿਲੀਆਂ। ਆਜ਼ਾਦ ਉਮੀਦਵਾਰਾਂ ਦੇ ਹਿੱਸੇ 3.68 ਫੀਸਦੀ ਵੋਟਾਂ ਆਈਆਂ; 0.62 ਫੀਸਦੀ ਵੋਟਰਾਂ ਨੇ 'ਨੋਟਾ' ਦਾ ਬਟਨ ਦਬਾਇਆ। ਹਾਕਮ ਧਿਰ ਨੂੰ ਜਿੱਥੇ 38.16 ਫ਼ੀਸਦੀ ਵੋਟਾਂ ਮਿਲੀਆਂ, ਉਥੇ ਹੀ ਸਾਰੀਆਂ ਵਿਰੋਧੀ ਧਿਰਾਂ ਨੂੰ ਕੁੱਲ 61.19 ਫ਼ੀਸਦੀ ਵੋਟਾਂ ਪਈਆਂ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਵੋਟ ਪ੍ਰਤੀਸ਼ਤਤਾ ਇਕੱਠੀ ਕਰਕੇ ਦੇਖੀਏ ਤਾਂ 28.91 ਫ਼ੀਸਦੀ ਬਣਦਾ ਹੈ, ਜੋ ਕਾਂਗਰਸ ਤੋਂ ਮਾਮੂਲੀ ਵੱਧ ਹੈ। ਪੰਚਾਇਤ ਸਮਿਤੀ ਚੋਣਾਂ ਦੇ ਕੁੱਲ ਹਲਕੇ 2835 ਹਲਕੇ ਸਨ, ਜਿਸ ਲਈ ਕੁੱਲ 56.63 ਲੱਖ ਯੋਗ ਵੋਟਾਂ ਪਈਆਂ। ਇਨ੍ਹਾਂ 'ਚੋਂ 21.33 ਲੱਖ ਆਮ ਆਦਮੀ ਪਾਰਟੀ ਨੂੰ ਅਤੇ 15.71 ਲੱਖ ਵੋਟਾਂ ਕਾਂਗਰਸ ਨੂੰ ਮਿਲੀਆਂ ਸਨ। ਵੋਟ ਸ਼ੇਅਰ ਦੇਖੀਏ ਤਾਂ ਪੰਚਾਇਤ ਸਮਿਤੀ ਚੋਣ 'ਚ ਆਮ ਆਦਮੀ ਪਾਰਟੀ ਨੂੰ 37.66 ਫ਼ੀਸਦੀ, ਕਾਂਗਰਸ ਨੂੰ 27.74, ਸ਼੍ਰੋਮਣੀ ਅਕਾਲੀ ਦਲ ਨੂੰ 20.33, ਭਾਜਪਾ ਨੂੰ 6.41, ਬਸਪਾ ਨੂੰ 1.32, ਸੀ ਪੀ ਆਈ ਨੂੰ 0.017 ਅਤੇ ਨੋਟਾ ਨੂੰ 0.52 ਫ਼ੀਸਦੀ ਵੋਟਾਂ ਮਿਲੀਆਂ। ਸਮਿਤੀ ਚੋਣ 'ਚ ਹਾਕਮ ਧਿਰ ਨੂੰ 37.66 ਫ਼ੀਸਦੀ ਵੋਟ ਸ਼ੇਅਰ ਮਿਲਿਆ ਹੈ; ਸਾਰੀਆਂ ਵਿਰੋਧੀ ਧਿਰਾਂ ਨੂੰ 61.76 ਫ਼ੀਸਦੀ ਵੋਟ ਸ਼ੇਅਰ ਹਾਸਲ ਹੋਇਆ ਹੈ। ਸਮਿਤੀ ਚੋਣਾਂ 'ਚ 'ਆਪ' ਨੇ ਕੁੱਲ 1529 ਜ਼ੋਨਾਂ, ਕਾਂਗਰਸ ਨੇ 611 ਜ਼ੋਨਾਂ ਅਤੇ ਸ਼੍ਰੋਮਣੀ ਅਕਾਲੀ ਦਲ ਨੇ 449 ਜ਼ੋਨਾਂ 'ਤੇ ਜਿੱਤ ਹਾਸਲ ਕੀਤੀ। ਪਰਿਸ਼ਦ ਚੋਣਾਂ 'ਚ ਆਮ ਆਦਮੀ ਪਾਰਟੀ ਨੇ 218 ਜ਼ੋਨਾਂ, ਕਾਂਗਰਸ ਨੇ 62, ਸ਼੍ਰੋਮਣੀ ਅਕਾਲੀ ਦਲ ਨੇ 46 ਅਤੇ ਭਾਜਪਾ ਨੇ ਤਿੰਨ ਜ਼ੋਨਾਂ 'ਤੇ ਜਿੱਤ ਹਾਸਲ ਕੀਤੀ ਸੀ। ਪਰਿਸ਼ਦ ਅਤੇ ਸਮਿਤੀ ਚੋਣਾਂ 'ਚ ਕਰੀਬ 4.04 ਲੱਖ ਰੱਦ ਵੀ ਹੋਈਆਂ।

## ਲਰਨਰ ਡਰਾਈਵਰਾਂ ਲਈ ਨਵਾਂ ਨਿਯਮ: ਡਰਾਈਵਿੰਗ ਟੈਸਟ ਤੋਂ ਪਹਿਲਾਂ 6 ਮਹੀਨੇ ਦੀ ਉਡੀਕ ਸੰਭਾਵਿਤ

ਬਰਤਾਨੀਆ ਵਿੱਚ ਲਰਨਰ ਡਰਾਈਵਰਾਂ ਨੂੰ ਹੁਣ ਡਰਾਈਵਿੰਗ ਟੈਸਟ ਦੇਣ ਤੋਂ ਪਹਿਲਾਂ ਘੱਟੋ-ਘੱਟ ਛੇ ਮਹੀਨੇ ਉਡੀਕ ਕਰਨੀ ਪੈ ਸਕਦੀ ਹੈ। ਸਰਕਾਰ ਇਸ ਪ੍ਰਸਤਾਵ 'ਤੇ ਵਿਚਾਰ ਕਰ ਰਹੀ ਹੈ ਤਾਂ ਜੋ ਨਵੇਂ ਡਰਾਈਵਰਾਂ ਦੀ ਤਿਆਰੀ ਅਤੇ ਸੜਕ ਸੁਰੱਖਿਆ ਵਿੱਚ ਸੁਧਾਰ ਕੀਤਾ ਜਾ ਸਕੇ। ਅਧਿਕਾਰੀਆਂ ਮੁਤਾਬਕ, ਇਸ ਨਾਲ ਲਰਨਰ ਡਰਾਈਵਰਾਂ ਨੂੰ ਵਧੇਰੇ ਅਭਿਆਸ ਦਾ ਸਮਾਂ ਮਿਲੇਗਾ ਅਤੇ ਹਾਦਸਿਆਂ ਦੇ ਖ਼ਤਰੇ ਘਟ ਸਕਦੇ ਹਨ।

# ...ਟਟਿਆਣੇ ਵਰਗੀ ਧੁੱਪ ਮੰਗ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
ਮੋ: 98781-11445



ਬਜੁਰਗਾਂ ਨੇ ਸਮਾਜਿਕ ਖੋਜ ਕਰਕੇ ਬਣਾਈਆਂ ਕਹਾਵਤਾਂ ਪਿੱਛੇ ਇਰਾਦਾ, ਵਿਸ਼ਵਾਸ, ਅਦਰਸ਼ ਅਤੇ ਯੋਜਨਾਵਾਂ ਦਾ ਆਧਾਰ ਅਤੇ ਅਤੀਤ ਦਾ ਪ੍ਰਭਾਵ ਹੈ। ਇਹਨਾਂ ਪਿੱਛੇ ਕਹਾਵਤਾਂ ਨੂੰ ਘੜਨ ਲਈ ਲੰਬਾ ਗਿਆਨ ਅਤੇ ਹਾਲਾਤ ਨੇ ਭੂਮਿਕਾ ਨਿਭਾਈ। ਪੀੜੀ ਦਰ ਪੀੜੀ ਦਾ ਪਾੜਾ ਬਹੁਤੀ ਵਾਰੀ ਸਮਾਜ ਵਿੱਚ ਭਾਰੂ ਰਹਿੰਦਾ ਹੈ। ਕਾਲਜ ਦੇ ਦਿਨਾਂ ਦੌਰਾਨ 1988 ਵਿੱਚ ਆਏ ਹੜ੍ਹਾਂ ਦੀ ਯਾਦ ਸਾਂਝੀ ਕਰਦਾ ਹਾਂ ਮੈਂ ਉਸ ਸਮੇਂ ਸਰਕਾਰੀ ਕਾਲਜ ਰੋਪੜ ਵਿੱਚ ਵਿਦਿਆਰਥੀ ਸੀ। ਉਸ ਸਮੇਂ ਹੜ੍ਹਾਂ ਦਾ ਆਨੰਦ ਅਤੇ ਕਾਲਜ ਵਿੱਚ ਹੋਈਆਂ ਛੁੱਟੀਆਂ ਮਾਣਿਆ। ਕਾਰਨ ਇਹ ਸੀ ਉਸ ਸਮੇਂ ਸਿਰ ਉੱਤੇ ਸਮਾਜਿਕ ਭਾਰ ਨਹੀ ਸੀ। ਅੱਜ ਜਦੋਂ ਸਿਰ ਉੱਤੇ ਪਈ ਹੈ ਤਾਂ ਅੱਜ ਦੇ ਹਾਲਾਤਾਂ ਮੁਤਾਬਿਕ ਹੜ੍ਹ ਵੱਖਰਾ ਅਤੇ ਭੈ-ਭੀਤ ਸੁਨੇਹਾ ਦਿੰਦੇ ਹਨ।

ਅੱਜ ਝੜੀ, ਸੋਕਾ ਅਤੇ ਡੋਬਾ ਪਿੰਡ ਦੇ ਜੀਵਨ ਤੇ ਭਾਰੂ ਪੈ ਜਾਂਦੇ ਹਨ। ਸਮੇਂ ਨਾ ਕਾਫੀ ਕੁੱਝ ਬਦਲਿਆ ਵੀ ਹੈ ਅੱਜ ਨਾ ਸੋਕਾ ਜਰਿਆ ਜਾਵੇ ਨਾ ਡੋਬਾ ਜਰਿਆ ਜਾਵੇ। ਇਹੀ ਵਰਤਾਰਾ ਅਤੀਤ ਵਿੱਚ ਸੀ। ਇਕ ਪੁਰਾਤਨ ਦੰਦ ਕਥਾ ਹੈ ਇਕ ਬਜੁਰਗ ਦੀਆਂ ਦੋ ਧੀਆਂ ਸਨ ਇਕ ਚੰਗਰ ਵਿੱਚ ਵਿਆਹੀ ਹੋਈ ਸੀ ਦੂਜੀ ਮੰਡ ਬੇਲੇ ਵਿੱਚ ਵਿਆਹੀ ਹੋਈ ਸੀ। ਉਸ ਲਈ ਦੋਵੇ ਧੀਆਂ ਬਰਾਬਰ ਸਨ। ਉਸ ਨੂੰ ਕਿਸੇ ਨੇ ਪੁੱਛਿਆ, "ਬਾਬਾ ਔੜ ਮੰਗਦਾ ਹੈ ਜਾਂ ਮੀਂਹ ਮੰਗਦਾ ਹੈ" ਬਾਬੇ ਨੇ ਉੱਤਰ ਦਿੱਤਾ, "ਪੁੱਤਰੋਂ ਨਾ ਮੀਂਹ ਮੰਗਦਾ ਹਾਂ ਨਾ ਔੜ ਮੰਗਦਾ ਹਾਂ ਕਾਰਣ ਇਹ ਹੈ ਮੇਰੀਆਂ ਦੋ ਧੀਆਂ ਹਨ ਇਕ ਚੰਗਰ ਵਿੱਚ ਵਿਆਹੀ ਹੈ ਅਤੇ ਦੂਜੀ ਮੰਡ ਬੇਲੇ ਵਿੱਚ ਵਿਆਹੀ ਹੋਈ ਹੈ ਜੇ ਮੀਂਹ ਪੈਂਦਾ ਤਾਂ ਬੇਲੇ ਵਾਲੀ ਦਾ ਨੁਕਸਾਨ ਜੇ ਔੜ ਲੱਗਦੀ ਹੈ ਤਾਂ ਚੰਗਰ ਵਾਲੀ ਦਾ ਨੁਕਸਾਨ ਇਸ ਲਈ ਮੈਨੂੰ ਦੋਵੇਂ ਹੀ ਮੁਆਫਿਕ ਨਹੀਂ ਹਨ"। ਸਿਆਣਿਆਂ ਨੇ ਆਪਣੇ ਜਮਾਨੇ ਵਿੱਚ ਝੜੀ ਨਾਲੋਂ ਔੜ ਨੂੰ ਚੰਗਾ ਸਮਝਿਆ ਸੀ। ਉਸ ਸਮੇਂ ਭੂਗੋਲਿਕ ਅਤੇ ਵਾਤਾਵਰਣਿਕ ਸਥਿਤੀ ਹੀ ਅਜਿਹੀ ਸੀ।

ਅੱਜ ਔੜ ਝੜੀ ਅਤੇ ਸੋਕੇ ਡੋਬੇ ਲਈ ਵੱਖ-ਵੱਖ ਮਾਪਦੰਡ ਸਰਕਾਰਾਂ ਨੇ ਨਿਯਮਿਤ ਕੀਤੇ ਹਨ। ਇਹਨਾਂ ਲਈ ਦਰਜਾਬੰਦੀ ਕਰਕੇ ਜਨਤਾਂ ਦੇ ਹਿੱਤ ਘੋਖਕੇ ਫੈਸਲੇ ਲਏ ਜਾਂਦੇ ਹਨ। ਸਾਡੇ ਜੀਵਨ ਦਾ ਮੌਸਮ ਨਾਲ ਗੂੜਾ ਸਬੰਧ ਹੈ। ਸਾਡੇ ਮੁਲਕ ਨੇ ਸੰਨ 2002 ਵਿੱਚ ਪੁਲਾੜ ਵਿੱਚ ਮੌਸਮ ਉਪਗ੍ਰਹਿ ਛੱਡਿਆ ਸੀ। ਜਿਸ ਤੋਂ ਮੌਸਮ ਦੀ ਭਵਿੱਖਬਾਣੀ ਤਕਰੀਬਨ ਸਹੀ ਹੀ ਸਾਬਤ ਹੁੰਦੀ ਹੈ। ਪਹਿਲੇ ਸਿਆਣੇ ਪੰਛੀਆਂ ਦੀਆਂ ਉਡਾਰਾਂ, ਹਵਾਵਾਂ ਅਤੇ ਬੱਦਲ ਦੇਖਕੇ ਮੌਸਮ ਦੀ ਭੱਵਿਖਬਾਣੀ ਕਰਦੇ ਸਨ। ਦੇਸੀ ਮਹੀਨਿਆਂ ਮੁਤਾਬਿਕ ਮੌਸਮ ਦੀ ਚਾਲ-ਢਾਲ ਅਨੁਸਾਰ ਕੰਮ ਕਰਦੇ ਸਨ। ਉਂਞ ਮੌਸਮ ਵਿਭਾਗ 1875 ਵਿੱਚ ਸਥਾਪਿਤ ਹੋਇਆ ਸੀ। ਹੜ੍ਹਾਂ ਕਾਰਣ ਇੰਨ੍ਹਾਂ ਨੁਕਸਾਨ ਅਤੇ ਬਰਬਾਦੀ



ਹੁੰਦੀ ਹੈ ਜਿਸ ਦੀ ਭਰਪਾਈ ਕਰਨੀ ਬੇਹੱਦ ਮੁਸ਼ਕਿਲ ਹੁੰਦੀ ਹੈ। ਸੋਕੇ ਕਾਰਨ ਇੰਨ੍ਹਾਂ ਨੁਕਸਾਨ ਨਹੀ ਹੁੰਦਾ ਜਿੰਨ੍ਹਾਂ ਮੀਂਹਾਂ ਕਾਰਨ ਹੁੰਦਾ ਹੈ। ਅੱਜ ਦੇ ਹੜ੍ਹਾਂ ਦਾ ਕਾਰਨ ਮਨੁੱਖੀ ਗਲਤੀਆਂ ਅਤੇ ਖੁੱਦ ਸਹੇੜੀਆਂ ਅਲਾਮਤਾਂ ਦਾ ਨਤੀਜਾ ਹੈ।

ਪੁਰਾਤਨ ਪੇਂਡੂ ਜੀਵਨ ਵਿੱਚ ਦੁੱਧ, ਪੁੱਤ ਅਤੇ ਧੁੱਪ ਜੀਵਨ ਦਾ ਆਧਾਰ ਸਨ। ਪਰ ਇਹ ਹੁੰਦਾ ਕੁਦਰਤੀ ਵਰਤਾਰਾ ਸੀ ਜਾਂ ਨਸੀਬਾਂ ਦਾ ਖੇਲ ਹੁੰਦਾ ਸੀ। ਉਸ ਸਮੇਂ ਦੁੱਧ ਨੂੰ ਪੁੱਤ ਦੇ ਬਰਾਬਰ ਸਮਝਦੇ ਸਨ। ਕਿਹਾ ਵੀ ਜਾਂਦਾ ਸੀ, "ਉੱਠੋ ਪੁੱਤਰ ਗਿਆ ਦਲਿੱਦਰ"। ਧੁੱਪ ਨੂੰ ਮੀਂਹ ਨਾਲੋਂ ਕੁੱਝ ਚੰਗੀ ਸਮਝਦੇ। ਕਿਉਂਕਿ ਮੀਂਹ ਦਾ ਮੁਕਾਬਲਾ ਕਰਨ ਲਈ ਕੋਈ ਖਾਸ ਤਕਨੀਕ ਨਹੀਂ ਹੁੰਦੀ ਸੀ। ਇਸ ਲਈ ਬਜੁਰਗ ਹਾਲਾਤਾਂ ਮੁਤਾਬਕ ਦੁੱਧ, ਪੁੱਤ ਅਤੇ ਧੁੱਪ ਲਈ ਉਨੀਂਦਰੇ ਵਿੱਚ ਵੀ ਸੁਪਨੇ ਲਈ ਜਾਂਦੇ ਸਨ। ਅੱਜ ਦੁੱਧ ਮਿਲਵਾਟੀ ਅਤੇ ਪੁੱਤਰ ਬਾਗੀ ਸੁਭਾਅ ਦੇ ਹੋ ਗਏ ਹਨ। ਅਜੋਕੇ ਸਮੇਂ ਨੇ ਆਪਣਾ ਪ੍ਰਭਾਵ ਪਾਇਆ ਹੋਇਆ ਹੈ। ਕੁਦਰਤ ਅਤੇ ਸਮੇਂ ਅੱਗੇ ਜੋਰ ਨਹੀਂ ਚੱਲਦਾ। ਇਹ ਵਰਤਾਰਾ ਅਤੀਤ ਤੋਂ ਹੀ ਲਾਗੂ ਹੈ। ਬਚਪਨ ਵਿੱਚ ਮੀਂਹਾਂ ਦੇ ਪਾਣੀ ਵਿੱਚ ਕਿਸ਼ਤੀਆਂ ਚਲਾਉਣੀਆਂ, ਨਹਾਉਣਾ ਅਤੇ ਛੁੱਟੀਆਂ ਹੋਣ ਸਮੇਂ ਨਜ਼ਾਰੇ ਆਉਂਦੇ ਸਨ। ਕਾਲਜ ਦੇ ਦਿਨਾਂ ਵਿੱਚ 26 ਸਤੰਬਰ 1988 ਤੋਂ 28 ਸਤੰਬਰ 1988 ਤੱਕ ਹੜ੍ਹਾਂ ਦੀ ਤਬਾਹੀ ਰਹੀ। ਅਸੀਂ ਨਿਆਣੀ ਬੁੱਧੀ ਕਰਕੇ ਇਹਨਾਂ ਹੜ੍ਹਾਂ ਨੂੰ ਨਿਆਣ ਮੱਤ ਨਾਲ ਹੀ ਦੇਖਦੇ ਸਾਂ। ਉਸ ਸਮੇਂ ਮੇਰੇ ਦਾਦਾ ਜੀ ਨੇ ਇਕ ਕਹਾਵਤ ਕਹੀ ਸੀ, "ਦੁੱਧ ਮੰਗ, ਪੁੱਤ ਮੰਗ, ਟਟਿਆਣੇ ਵਰਗੀ ਧੁੱਪ ਮੰਗ"।

ਉਹਨਾਂ ਦੇ ਜ਼ਮਾਨੇ ਮੁਤਾਬਿਕ ਇਹ ਕਹਾਵਤ ਤਾਂ ਸਹੀ ਹੋਣੀ ਪਰ ਸਾਨੂੰ ਨਹੀ ਜਚੀ। ਅੱਜ ਹੜ੍ਹਾਂ ਦੇ ਹਾਲਾਤ ਨਾਲ ਹੋਏ ਨੁਕਸਾਨ ਨੇ ਇਕ ਵਾਰ ਫੇਰ ਹੜ੍ਹਾਂ ਅਤੇ ਮੀਂਹਾਂ ਨਾਲੋਂ ਧੁੱਪ ਚੰਗੀ ਦਾ ਵਰਕਾ ਖੋਲ ਦਿੱਤਾ। ਪਰ ਸ਼ੁੱਧ ਦੁੱਧ ਅਤੇ ਆਗਿਆਕਾਰੀ ਪੁੱਤਰ ਸਮੇਂ ਦੀ ਲੋੜ ਅਤੇ ਮੰਗ ਹੈ। ਕਈ ਕਹਾਵਤਾਂ ਅਤੀਤ ਅਤੇ ਵਰਤਮਾਨ ਲਈ ਖਿੜਕੀ ਦਾ ਕੰਮ ਕਰਦੀਆਂ ਹਨ ਜਿਹਨਾਂ ਵਿੱਚ ਮੇਰੇ ਦਾਦਾ ਜੀ ਦੀ ਕਹਾਵਤ "...ਟਟਿਆਣੇ ਵਰਗੀ ਧੁੱਪ ਮੰਗ" ਵੀ ਇਕ ਹੈ।

# ਮਾਂ ਬੋਲੀ ਪੰਜਾਬੀ ਸਾਡੀ ਰੂਹ ਦੀ ਆਵਾਜ਼ ਪਹਿਚਾਣ ਮਿੱਟੀ ਦਾ ਗੀਤ ਹੈ-ਡਾ ਅਮਰਜੀਤ ਟਾਂਡਾ

ਪੰਜਾਬੀ ਨਾ ਹੁੰਦੀ ਤਾਂ ਅਸੀਂ ਵੀ ਨਾ ਕਿਤੇ ਪਛਾਣੇ ਜਾਂਦੇ। ਪੰਜਾਬ ਦੀ ਮਿੱਟੀ ਦੀ ਮਹਿਕ ਕਿਤੇ ਨਾ ਜਾਂਦੀ ਤਾਂ ਢੋਲ ਦੇ ਡਗਿਆਂ ਦੀ ਆਵਾਜ਼ ਦੁਨੀਆਂ ਵਿੱਚ ਨਹੀਂ ਸੀ ਖਿਲਰਨੀ। ਰੰਗ ਬਿਰੰਗੇ ਦੁਪੱਟਿਆਂ ਸੂਟਾਂ ਨੇ ਵਿਦੇਸ਼ਾਂ ਦੀਆਂ ਗਲੀਆਂ ਬਾਜ਼ਾਰਾਂ ਵਿੱਚ ਨਹੀਂ ਸੀ ਮਟਕਣਾ ਤੇ ਲਹਿਰਾਉਣਾ। ਮਾਂ ਬੋਲੀ ਪੰਜਾਬੀ ਦੀ ਸਾਂਭ - ਆਪਣੀ ਜੜ੍ਹਾਂ, ਆਪਣੀ ਪਹਿਚਾਣ ਤੇ ਆਪਣੇ ਅਸਤਿਤਵ ਨਾਲ ਸੰਬੰਧਿਤ ਹੈ। ਮਾਂ ਬੋਲੀ ਪੰਜਾਬੀ - ਸਾਡੀ ਰੂਹ ਦੀ ਆਵਾਜ਼ ਜਦੋਂ ਬੱਚਾ ਪਹਿਲੀ ਵਾਰ "ਮਾਂ" ਕਹਿੰਦਾ ਹੈ, ਉਹ ਸਿਰਫ਼ ਸ਼ਬਦ ਨਹੀਂ ਉਚਾਰਦਾ - ਉਹ ਇਕ ਸੰਸਕਾਰ ਦੀ ਸ਼ੁਰੂਆਤ ਕਰਦਾ ਹੈ। ਮਾਂ ਦੀ ਬੋਲੀ ਉਹ ਪਹਿਲੀ ਧੁਨ ਰਾਗ ਹੈ ਜੋ ਸਾਡੇ ਮਨ ਨੂੰ ਜੀਵਨ ਨਾਲ ਜੋੜਦੀ ਹੈ। ਪੰਜਾਬੀ ਸਾਡੀ ਮਾਂ ਬੋਲੀ ਹੈ, ਪਰ ਅੱਜ ਇਹ ਸਿਰਫ਼ ਇਕ ਭਾਸ਼ਾ ਨਹੀਂ ਰਹੀ - ਇਹ ਸਾਡਾ ਇਤਿਹਾਸ, ਸਾਡੀ ਰੂਹ ਅਤੇ ਸਾਡੀ ਆਤਮਿਕਤਾ ਦੀ ਜੀਵੰਤ ਤਸਵੀਰ ਬਣ ਗਈ ਹੈ। ਪੰਜਾਬੀ ਬੋਲੀ ਵਿੱਚ ਮਿੱਟੀ ਦੀ ਖੁਸ਼ਬੂ ਹੈ, ਗਦਰ ਦੀ ਗੂੰਜ ਹੈ, ਗੁਰੂਆਂ ਦੀ ਬਾਣੀ ਦੀ ਰੌਸ਼ਨੀ ਹੈ। ਇਹ ਉਹ ਬੋਲੀ ਹੈ ਜਿਸ ਵਿੱਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਕਹਾਣੀ ਹੈ, ਮਾਂ ਦੀ ਲੋਰੀ ਹੈ, ਕਿਸਾਨ ਦੇ ਲਹੂ ਦੀ ਗਰਮੀ ਪਸੀਨਾ ਮਿਹਨਤ ਹੈ। ਪਰ ਅੱਜ ਜਦੋਂ ਅਸੀਂ ਵਿਦੇਸ਼ੀ ਵਿਵਹਾਰ, ਆਧੁਨਿਕਤਾ ਅਤੇ ਭੁੱਲੇ ਫ਼ਖਰ ਵਿਚ ਰੁੱਝੇ ਹੋਏ ਹਾਂ, ਸਾਡੇ ਘਰਾਂ ਵਿੱਚ ਪੰਜਾਬੀ ਦੀ ਆਵਾਜ਼ ਕਮਜੋਰ ਹੋ ਰਹੀ ਹੈ। ਅੱਜ ਜ਼ਰੂਰਤ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਵੀ ਪੰਜਾਬੀ ਸਿਖਾਈਏ, ਮਾਂ ਬੋਲੀ 'ਚ ਗੱਲ ਕਰੀਏ, ਪੰਜਾਬੀ ਸਾਹਿਤ ਪੜ੍ਹੀਏ, ਤੇ ਇਸ ਬੋਲੀ ਨੂੰ ਮਾਣ ਨਾਲ ਜਿਉਂਦਾ ਰੱਖੀਏ। ਪੰਜਾਬੀ ਬੋਲਣਾ ਕੋਈ ਪਿਛਾਹ ਖਿੱਚੂ ਬੈਕਵਰਡਨੈਸ ਨਹੀਂ, ਸਗੋਂ ਇਹ ਉਸ ਜ਼ਮੀਨ ਨਾਲ ਜੁੜਨ ਦੀ ਸ਼ਾਨ ਹੈ ਜਿਥੋਂ ਸਾਡੀ ਵਿਰਾਸਤ ਨੇ ਜਨਮ ਲਿਆ ਸੀ ਜਿੱਥੇ ਸਾਡੀਆਂ ਲੋਰੀਆਂ ਦੇ ਗੀਤ ਉਡੀਕਦੇ ਪਏ ਨੇ। ਮਾਂ ਬੋਲੀ ਨਾਲ ਪਿਆਰ ਕਰਨਾ ਸਿਰਫ਼ ਫਰਜ਼ ਨਹੀਂ - ਇਹ ਇਕ ਆਤਮਿਕ ਯਾਤਰਾ ਹੈ। ਹਰ ਪੰਜਾਬੀ ਨੇ ਇਹ ਵਚਨ ਲੈਣਾ ਹੈ ਕਿ ਜਿਵੇਂ ਮਾਂ ਦੇ ਅੰਸ਼ ਨੂੰ ਮਨ ਵਿੱਚ ਸਾਂਭ ਕੇ ਰੱਖਦੇ ਹਾਂ, ਓਹੋ ਜਿਹੀ ਸਾਂਭ ਆਪਣੀ ਪੰਜਾਬੀ ਬੋਲੀ ਨੂੰ ਦੇਈਏ - ਕਿਉਂਕਿ ਜਦੋਂ ਬੋਲੀ ਜਿਉਂਦੀ ਹੱਸਦੀ ਨੱਚਦੀ ਹੈ, ਤਾਂ ਕੌਮ ਵੀ ਕਦੇ ਨਹੀਂ ਮਰਦੀ।



ਮਾਂ ਬੋਲੀ ਪੰਜਾਬੀ ਗੁਰਮਤਿ ਦੀ ਰੂਹ, ਵਿਰਾਸਤ ਦੀ ਧੜਕਨ - ਮਾਂ ਬੋਲੀ ਉਹ ਪਵਿੱਤਰ ਧਰਤੀ ਹੈ ਜਿਥੇ ਬੇਸੁਰੇ ਮਨ ਨੂੰ ਸੁਰ ਮਿਲਦਾ ਹੈ। ਜਿਵੇਂ ਗੁਰਮਤਿ ਕਹਿੰਦੀ ਹੈ ਕਿ "ਸਬਦ ਹੀ ਗੁਰੁ ਸੁਰਤਿ ਧੁਨਿ ਚੇਲਾ," ਓਸੇ ਤਰ੍ਹਾਂ ਮਾਂ ਬੋਲੀ ਸਾਡੇ ਮਨ ਵਿਚ ਸਚ ਦਾ ਸਬਦ ਜਗਾਉਂਦੀ ਹੈ। ਪੰਜਾਬੀ ਸਿਰਫ਼ ਇਕ ਮਾਧਿਅਮ ਨਹੀਂ, ਇਹ ਸਾਡੀ ਆਤਮਿਕ ਅਕਾਸ਼ ਦੀ ਅਵਾਜ਼ ਹੈ - ਜਿੱਥੇ ਗੁਰਬਾਣੀ ਦਾ ਰਸ ਵਸਦਾ ਹੈ, ਸ਼ਬਦਾਂ ਵਿੱਚ ਸਚ ਦੀ ਜੋਤ ਚਮਕਦੀ ਹੈ।

ਪੰਜਾਬੀ ਦੀ ਆਗੋਸ਼ ਉਹ ਥਾਂ ਹੈ ਜਿਥੇ ਗੁਰੂ ਨਾਨਕ ਦੇਵ ਜੀ ਦਾ "ਸਚੁ ਹੋਰ ਮੰਨਿਆ ਸਚੁ ਕਮਾਵਣੀ" ਸਦਾ ਗੂੰਜਦਾ ਹੈ। ਇਹ ਬੋਲੀ ਦਇਆ, ਪ੍ਰੇਮ ਅਤੇ ਸੰਤੋਖ ਦੀ ਪ੍ਰਤੀਕ ਹੈ। ਗੁਰਮਤਿ ਅਨੁਸਾਰ ਜਿਸਦਾ ਹਿਰਦਾ ਨਿਰਮਲ ਹੋਵੇ ਉਹੀ ਕੁਦਰਤ ਕਰਤਾ ਦੇ ਦਰਸ਼ ਦੀਦਾਰ ਪਾਉਂਦਾ ਹੈ - ਤੇ ਇਹ ਮਾਂ ਬੋਲੀ ਹੀ ਹੈ ਜੋ ਸਾਡੇ ਮਨ ਨੂੰ ਨਿਰਮਲ ਕਰਕੇ ਉਸ ਅਵਸਥਾ ਤੱਕ ਲੈ ਜਾਂਦੀ ਹੈ। ਜਦੋਂ ਅਸੀਂ ਪੰਜਾਬੀ ਵਿੱਚ ਗੁਰਬਾਣੀ ਉਚਾਰਦੇ ਹਾਂ, ਤਦ ਹਰ ਅੱਖਰ ਰੂਹ ਨੂੰ ਛੂਹਦਾ ਹੈ, ਹਰ ਧੁਨ ਅਕਾਲ ਮੂਰਤਿ ਨਾਲ ਸੰਬੰਧ ਜੋੜਦੀ ਹੈ। ਉਸ ਵੇਲੇ ਕਾਇਨਾਤ ਵਿੱਚ ਜਿਵੇਂ ਆਨੰਦ ਹੀ ਆਨੰਦ ਛਾ ਗਿਆ ਹੋਵੇ, ਗਮ ਝੋਰੇ ਅਦਰੇਵੇਂ ਪਤਾ ਨਹੀ ਕਿੱਥੇ ਉਡ ਜਾਂਦੇ ਹਨ।

ਸਾਡੀ ਮਾਂ ਬੋਲੀ ਨੇ ਜੰਗਾਂ ਦੇ ਗੀਤ ਵੀ ਗਾਏ, ਤੇ ਗੁਰੂਆਂ ਦੀ ਬਾਣੀ ਵੀ ਅਲਾਪੀ ਗਾਈ। ਇਹ ਇਕ ਐਸੀ ਬੋਲੀ ਹੈ ਜਿਹੜੀ ਨੇ ਕੌਮ ਨੂੰ ਰੂਹਾਨੀਅਤ ਤੇ ਬਹਾਦਰੀ ਦੋਵੇਂ ਸਿਖਾਈਆਂ। ਪੰਜਾਬੀ ਵਿਚ ਬੋਲੇ ਗਏ ਸ਼ਬਦਾਂ ਵਿਚ ਇਕ ਵਿਸ਼ੇਸ਼ "ਜੀਵਨ-ਜੋਤ ਤੇ ਜੋਗ" ਤਾਕਤ ਹੈ - ਇਹ ਸਾਨੂੰ ਅਹੰਕਾਰ ਤੋਂ ਹਟਾ ਕੇ ਸੇਵਾ ਤੇ ਸਮਰਪਣ ਦੇ ਰਾਹ 'ਤੇ ਲੈ ਜਾਂਦੀ ਹੈ। ਜਿਵੇਂ ਦਰਖ਼ਤ ਆਪਣੀ ਮਿੱਟੀ ਤੋਂ ਖੁਰਾਕ ਲੈਂਦਾ ਹੈ, ਮਨੁੱਖ ਆਪਣੀ ਮਾਂ ਬੋਲੀ ਤੋਂ ਆਤਮਿਕ ਖੁਰਾਕ ਲੈਂਦਾ ਹੈ। ਜੇ ਦਰਖ਼ਤ ਦੀ ਜੜ੍ਹ ਮਰ ਜਾਵੇ ਤਾਂ ਪੱਤੇ ਸੁੱਕ ਜਾਂਦੇ ਹਨ; ਓਸੇ ਤਰ੍ਹਾਂ ਜੇ ਅਸੀਂ ਆਪਣੀ ਬੋਲੀ ਭੁੱਲ ਜਾਈਏ, ਸਾਡੀ ਕੌਮੀ ਆਤਮਾ ਸੁੱਕਣ ਲੱਗਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ ਕਿ ਰੂਹਾਨੀ ਯੋਧਾ ਉਹੀ ਹੈ ਜੋ ਆਪਣੀ ਪਹਿਚਾਣ ਨਾਲ ਜਿਉਂਦਾ ਹੈ - ਤੇ ਮਾਂ ਬੋਲੀ ਸਾਡੀ ਪਹਿਚਾਣ ਦਾ ਜੀਵੰਤ ਕਵਚ ਹੈ। ਅੱਜ ਮਾਂ ਬੋਲੀ ਨੂੰ ਸਾਂਭਣਾ ਸਿਰਫ਼ ਭਾਸ਼ਾ ਦੀ ਰਖਵਾਲੀ ਨਹੀਂ, ਸਗੋਂ ਗੁਰਮਤਿ ਦੀ ਲਕੀਰ 'ਤੇ ਚੱਲਣ ਦਾ ਸੱਚਾ ਰੂਪ ਹੈ। ਜਦ ਤਕ ਪੰਜਾਬੀ ਬੋਲੀ ਵਿੱਚ ਗੁਰਬਾਣੀ ਦਾ ਉਚਾਰ ਹੋਵੇਗਾ, ਤਦ ਤਕ ਇਹ ਧਰਤੀ ਆਤਮਿਕ ਰੌਸ਼ਨੀ ਨਾਲ ਭਰਪੂਰ ਲਿਸ਼ਕਦੀ ਗਾਉਂਦੀ ਰਹੇਗੀ। ਮਾਂ ਬੋਲੀ ਨਾਲ ਵਫ਼ਾਦਾਰੀ, ਗੁਰਮਤਿ ਨਾਲ ਜੁੜਨ ਦਾ ਰੂਪਕ ਹੈ - ਕਿਉਂਕਿ ਜਿਸ ਨੇ ਮਾਂ ਦੀ ਬੋਲੀ ਸਾਂਭੀ, ਉਸਨੇ ਸ਼ਬਦ-ਰੂਪੀ ਵਾਹਿਗੁਰੂ ਨੂੰ ਵੀ ਸਾਂਭ ਲਿਆ। ਪੰਜਾਬੀ ਮਿੱਟੀ ਬੋਲੀ ਦੀ ਅਣਖ ਨਹੀਂ ਕਿਸੇ ਨੇ ਪਛਾਨਣੀ। ਸਿੱਖਾਂ ਦੀਆਂ ਬਹਾਦਰੀਆਂ ਦੇ ਗੀਤ ਵਾਰਾਂ ਇਤਿਹਾਸ ਦੇ ਪੰਨਿਆਂ ਤੋਂ ਮਿਟ ਜਾਣਗੇ। ਸੋ ਸੋਹਣਿਓ ਪੰਜਾਬੀ ਬੋਲੀ ਨੂੰ ਨਾ ਕਦੇ ਭੁੱਲਿਓ ਇਸ ਸੋਹਣੀ ਵਿਲੱਖਣ ਭਾਸ਼ਾ ਨੂੰ ਪਹਿਨ ਕੇ ਰੱਖਿਓ ਰਾਤ ਦਿਨ। ਇਹਦੇ ਨਾਲ ਰਾਤ ਦਿਨ ਬਾਤਾਂ ਪਾਇਆ ਕਰੋ ਤੇ ਬੱਚਿਆਂ ਨੂੰ ਸੁਣਾਇਆ ਕਰੋ ਤੇ ਥਾਪੜ ਕੇ ਲੋਰੀਆਂ ਦੇ ਕੇ ਸਵਾਇਆ ਕਰੋ ਰਾਤ ਨੂੰ ਸੁਪਨਿਆ ਸੰਗ।

* * * * * * *

# ਪੌਣੀ ਸਦੀ ਜਮ੍ਹਾਂ ਸਵਾ ਤਿੰਨ ਵਰ੍ਹੇ

## ਨਵੇਂ ਵਰ੍ਹੇ 'ਤੇ ਵਿਸ਼ੇਸ਼

ਗੁਰਮੀਤ ਸਿੰਘ ਪਲਾਹੀ
9815802070

ਪੌਣੀ ਸਦੀ ਤੋਂ ਬਾਅਦ ਸਵਾ ਤਿੰਨ ਵਰ੍ਹੇ ਅਤੇ ਅੱਧਾ ਮਹੀਨਾ ਬੀਤ ਗਿਆ ਹੈ। ਨਵਾਂ ਵਰ੍ਹਾ ਚੜ੍ਹ ਗਿਆ ਹੈ। ਇਨ੍ਹਾਂ ਵਰ੍ਹਿਆਂ 'ਚ ਦੇਸ਼ ਦੇ ਲੋਕਾਂ ਨੇ ਕਈ ਰੰਗ ਵੇਖੇ ਹਨ, ਪਰ ਇੱਕ ਰੰਗ ਤੋਂ ਅਸੀਂ ਭਾਰਤੀ ਛੁਟਕਾਰਾ ਨਹੀਂ ਪਾ ਸਕੇ। ਸਗੋਂ ਇਹ ਰੰਗ ਇੰਨਾ ਗੂੜ੍ਹਾ ਹੋ ਗਿਆ ਹੈ, ਸਾਡੇ ਹੱਡਾਂ 'ਚ ਇੰਨਾ ਰਚ-ਰਚਾ ਦਿੱਤਾ ਗਿਆ ਹੈ ਕਿ ਧੋਣ ਨਾਲ਼ ਹੋਰ ਗੂੜ੍ਹਾ ਹੋ ਰਿਹਾ ਹੈ। ਇਹ ਹੈ ਕਾਲਾ ਰੰਗ-ਗੁਰਬਤ ਦਾ, ਗ਼ਰੀਬੀ ਦਾ, ਕੰਗਾਲੀ ਦਾ, ਦਰਿੱਦਰਤਾ ਦਾ, ਥੁੜ੍ਹਾਂ ਦਾ, ਨਿਰਧਨਤਾ ਦਾ, ਮੁਥਾਜੀ ਦਾ।

ਥੁੜ੍ਹਾਂ ਮਾਰੇ ਭਾਰਤੀ ਲੋਕਾਂ ਵੱਲੋਂ ਦਰਿੱਦਰਤਾ ਨਾਲ਼ ਲੜਾਈ ਲੜਦਿਆਂ ਸਦੀਆਂ ਬੀਤ ਗਈਆਂ। ਸਾਧਨ-ਵਿਹੂਣੇ ਲੋਕ ਆਪਣੇ ਆਪ ਨੂੰ ਜਿਉਂਦਿਆਂ ਰੱਖਣ ਲਈ ਸਾਧਨ-ਭਰਪੂਰ ਹੈਂਕੜਬਾਜ਼ ਹਾਕਮਾਂ ਨਾਲ਼ ਜੰਗ-ਯੁੱਧ ਲੜਦੇ ਰਹੇ, ਹੱਕਾਂ ਲਈ ਸੰਘਰਸ਼ ਕਰਦੇ ਰਹੇ। ਅੱਖਾਂ 'ਚ ਚੰਗੀ ਜ਼ਿੰਦਗੀ ਜਿਉਣ ਦੇ ਸੁਪਨੇ ਸੰਜੋਅ ਕੇ ਕੁਰਬਾਨੀਆਂ ਦਿੰਦੇ ਰਹੇ, ਪਰ ਇਹ ਕੁਰਬਾਨੀਆਂ ਚਤੁਰ ਹਾਕਮਾਂ ਦੀਆਂ ਕੋਝੀਆਂ ਚਾਲਾਂ ਅੱਗੇ ਫਿੱਕੀਆਂ ਪੈਂਦੀਆਂ ਰਹੀਆਂ। ਸਾਜ਼ਸ਼ੀ, ਸਵਾਰਥੀ ਹੁਕਮਰਾਨ ਆਮ ਲੋਕਾਂ ਨੂੰ ਲਿਤਾੜ ਕੇ ਉਹਨਾਂ ਦੇ ਸਾਧਨਾਂ 'ਤੇ ਮੁੜ ਕਾਬਜ਼ ਹੁੰਦੇ ਰਹੇ।

ਇਹੋ ਕੁਝ ਲਗਾਤਾਰ ਕੀਤੀਆਂ ਗਈਆਂ ਵੱਡੀਆਂ ਕੁਰਬਾਨੀਆਂ ਅਤੇ ਸੰਘਰਸ਼ਾਂ ਦੇ ਬਾਵਜੂਦ ਭਾਰਤੀਆਂ ਨਾਲ਼ ਵਾਪਰਦਾ ਰਿਹਾ। ਅੱਜ ਦੇਸ਼ 'ਤੇ ਉਹ ਲੋਕ ਕਾਬਜ਼ ਹਨ ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਮਾਸਾ-ਤੋਲਾ ਵੀ ਹਿੱਸਾ ਨਹੀਂ ਪਾਇਆ, ਪਰ ਉਹ ਅੱਜ ਦੇਸ਼ ਦੇ ਅਖੌਤੀ ਮਾਲਕ ਹਨ। ਗ਼ਰੀਬੀ ਦੇ ਮਾਰੇ ਭਾਰਤੀਆਂ ਨਾਲ਼ ਦੇਸ਼ ਦੇ ਹਾਕਮਾਂ ਵੱਲੋਂ ਜਿਸ ਢੰਗ ਨਾਲ਼ ਸਲੂਕ ਕੀਤਾ ਜਾ ਰਿਹਾ ਹੈ, ਉਹ ਕਿਸੇ ਵੀ ਹਾਲਤ ਵਿੱਚ ਅੱਜ ਦੇ ਸਭਿਅਕ ਸਮਾਜ ਵਿੱਚ ਨਿੰਦਣਯੋਗ ਹੈ।

ਭਾਰਤ ਹਾਲੇ ਤੱਕ ਹਿੰਦੂ ਰਾਸ਼ਟਰ ਨਹੀਂ ਬਣਿਆ, ਜਿਸ ਨੂੰ ਬਣਾਉਣ ਲਈ ਮੌਜੂਦਾ ਹਾਕਮ ਪੱਬਾਂ ਭਾਰ ਹਨ, ਲੇਕਿਨ ਹਿੰਦੂ ਰਾਸ਼ਟਰ ਦੀਆਂ ਕੁਝ ਝਾਕੀਆਂ ਦੇਖਣ ਨੂੰ ਮਿਲ ਰਹੀਆਂ ਹਨ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਮਾਣ ਨਾਲ਼ ਆਪਣੇ ਆਪ ਨੂੰ "ਬੁਲਡੋਜ਼ਰ ਬਾਬਾ" ਕਹਿੰਦੇ ਹਨ, ਲੇਕਿਨ ਉਹਨਾਂ ਦੇ ਬੁਲਡੋਜ਼ਰ ਕਦੇ ਹਿੰਦੂ ਅਪਰਾਧੀਆਂ ਦੇ ਘਰ ਨਹੀਂ ਤੋੜਦੇ। ਮੁਸਲਮਾਨਾਂ ਦੇ ਘਰ ਟੁੱਟਦੇ ਹਨ-ਬਿਨਾਂ ਅਦਾਲਤ ਵਿੱਚ ਅਪਰਾਧ ਸਾਬਤ ਕੀਤਿਆਂ।

ਕਿਹੋ ਜਿਹੀ ਉਲਟੀ-ਪੁਲਟੀ ਹਿੰਦੂ ਰਾਸ਼ਟਰ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ ਹਾਕਮਾਂ ਵੱਲੋਂ, ਜਿੱਥੇ ਧਰਮ ਦੇਖ ਕੇ ਜੇਲ੍ਹ ਭੇਜਿਆ ਜਾ ਰਿਹਾ ਹੈ। ਸਥਿਤੀ ਇਹ ਬਣਾਈ ਜਾ ਰਹੀ ਹੈ ਕਿ ਧਰਮ ਦੇਖ ਕੇ ਬੁਲਡੋਜ਼ਰ ਭੇਜਣ ਦੀ ਪ੍ਰਵਿਰਤੀ ਜ਼ੋਰ ਫੜ ਰਹੀ ਹੈ, ਜਦਕਿ ਦੇਸ਼ ਦੀ ਸੁਪਰੀਮ





ਕੋਰਟ ਨੇ "ਬੁਲਡੋਜ਼ਰ ਇਨਸਾਫ਼" ਨੂੰ ਸਰਾਸਰ ਗ਼ਲਤ ਕਿਹਾ ਹੈ। ਪਰ ਇਨਸਾਫ਼ ਦਾ ਇੱਕ ਹੋਰ ਰੰਗ ਧਿਆਨ ਖਿੱਚਦਾ ਹੈ। ਪਿਛਲੇ ਹਫ਼ਤੇ ਕੁਲਦੀਪ ਸਿੰਘ ਸੇਂਗਰ ਦੀ ਸਜ਼ਾ ਦਿੱਲੀ ਦੀ ਇੱਕ ਅਦਾਲਤ ਨੇ ਘੱਟ ਕਰ ਦਿੱਤੀ। ਭਾਜਪਾ ਦੇ ਇਸ ਵਿਧਾਇਕ ਨੂੰ 2017 ਵਿੱਚ ਇੱਕ ਨਾਬਾਲਗ ਲੜਕੀ ਨਾਲ਼ ਉਨਾਵ ਵਿੱਚ ਬਲਾਤਕਾਰ ਕਰਨ ਲਈ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ। ਦਿੱਲੀ ਦੀ ਅਦਾਲਤ ਨੇ ਇਸ ਆਧਾਰ 'ਤੇ ਸਜ਼ਾ ਘੱਟ ਕਰ ਦਿੱਤੀ ਕਿ ਪੋਕਸੋ ਦੇ ਤਹਿਤ ਵਿਧਾਇਕ ਨੂੰ ਸਰਕਾਰੀ ਅਧਿਕਾਰੀ ਨਹੀਂ ਮੰਨਿਆ ਜਾ ਸਕਦਾ। ਕੁਲਦੀਪ ਸਿੰਘ ਸੇਂਗਰ ਜੇਲ੍ਹ ਵਿੱਚ ਹੀ ਰਹੇਗਾ, ਕਿਉਂਕਿ ਜਿਸ ਬੱਚੀ ਨਾਲ਼ ਬਲਾਤਕਾਰ ਕੀਤਾ ਗਿਆ ਸੀ, ਉਸ ਦੇ ਪਿਤਾ ਦੀ ਹੱਤਿਆ ਵੀ ਇਸ ਵੱਲੋਂ ਕੀਤੀ ਗਈ ਸੀ।

ਇਹੋ ਜਿਹੀਆਂ ਘਟਨਾਵਾਂ ਪੌਣੀ ਸਦੀ ਤੋਂ ਵੱਧ ਅਰਸਾ ਬੀਤਣ ਬਾਅਦ ਇਹ ਸਿੱਧ ਨਹੀਂ ਕਰਦੀਆਂ ਕਿ ਭਾਰਤ ਹਿੰਦੂ ਰਾਸ਼ਟਰ ਬਣਨ ਵੱਲ ਅੱਗੇ ਵੱਧ ਰਿਹਾ ਹੈ ਅਤੇ ਧਰਮ-ਨਿਰਪੱਖਤਾ ਅਤੇ ਬਹੁਲਵਾਦ ਦੀ ਕੋਈ ਵੀ ਥਾਂ ਇਸ ਦੇਸ਼ ਵਿੱਚ ਨਹੀਂ ਰਹੇਗੀ? ਹਾਕਮਾਂ ਦਾ ਵਰਤਾਰਾ ਸਿੱਧਾ ਤੇ ਸਪੱਸ਼ਟ ਵਿਖਾਈ ਦੇ ਰਿਹਾ ਹੈ ਕਿ ਆਉਣ ਵਾਲੇ ਦਿਨਾਂ 'ਚ ਭਾਰਤੀ ਸੰਵਿਧਾਨ ਦੀ ਇਸ ਹਿੰਦੂ ਰਾਸ਼ਟਰ ਵਿੱਚ ਹੱਤਿਆ ਕੀਤੀ ਜਾਣ ਵਾਲੀ ਹੈ। ਜੇਕਰ ਇੰਞ ਵਾਪਰਦਾ ਹੈ ਤਾਂ ਭਾਰਤ ਦੇ ਅੰਦਰ ਉਸੇ ਕਿਸਮ ਦੀ ਅਰਾਜਕਤਾ ਵੇਖਣ ਨੂੰ ਮਿਲੇਗੀ, ਜਿਹੋ-ਜਿਹੀ ਅੱਜ ਬੰਗਲਾਦੇਸ਼ ਜਾਂ ਪਾਕਿਸਤਾਨ ਵਿੱਚ ਮਿਲਦੀ ਹੈ।

ਅਸਲ ਵਿੱਚ ਦੇਸ਼ ਵਿੱਚ ਨਫ਼ਰਤ ਦੇ ਆਸਾਰ ਬਣਾਕੇ ਸੰਵਿਧਾਨ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਕੀਤੀ ਜਾ ਰਹੀ ਹੈ। ਬੇਰੁਜ਼ਗਾਰੀ ਦਾ ਦੈਂਤ ਦੇਸ਼ ਵਿੱਚ ਫਨ ਫੈਲਾਈ ਬੈਠਾ ਹੈ। ਨੌਜਵਾਨ ਬੇਰੁਜ਼ਗਾਰੀ ਦਾ ਸੰਤਾਪ ਹੰਢਾ ਰਹੇ ਹਨ,ਪਰਵਾਸ ਝੱਲ ਰਹੇ ਹਨ,ਡਿਗਰੀਆਂ ਹੱਥਾਂ ਵਿੱਚ ਹਨ, ਨੌਕਰੀਆਂ ਨਾ-ਬਰਾਬਰ ਹਨ। ਪਰ ਦੇਸ਼ ਦੇ ਹਾਕਮ ਚੋਣਾਂ ਵੇਲੇ ਵੱਡੇ ਲਾਰੇ ਲਾਉਂਦੇ ਹਨ, ਕਰੋੜਾਂ ਨੌਕਰੀਆਂ ਦੀ ਬਰਕਤ ਲੋਕਾਂ ਪੱਲੇ ਪਾਉਂਦੇ ਹਨ ਅਤੇ ਫਿਰ ਘੁਰਨਿਆਂ 'ਚ ਵੜ ਜਾਂਦੇ ਹਨ।

ਮੁਫ਼ਤ ਰਾਸ਼ਨ ਦੇ ਕੇ ਲੋਕਾਂ ਦੇ ਢਿੱਡ ਨੂੰ ਝੁਲਕਾ ਦੇਣ ਦੀਆਂ ਗੱਲਾਂ ਕਰਕੇ, ਉਹਨਾਂ ਨੂੰ ਪਰਚਾਉਣ ਦਾ ਯਤਨ ਦੇਸ਼ ਭਾਰਤ ਲਈ ਦੁਨੀਆ ਭਰ ਵਿੱਚ ਸ਼ਰਮਿੰਦਗੀ ਦਾ ਵੱਡਾ ਜਲੌਅ ਹੈ। ਪੌਣੀ ਸਦੀ ਤੋਂ ਸਵਾ ਤਿੰਨ ਵਰ੍ਹਿਆਂ ਬਾਅਦ, ਭਾਵ 78 ਸਾਲਾਂ ਬਾਅਦ ਵੀ, ਦੇਸ਼ ਦੀ ਕੁੱਲ 140 ਕਰੋੜ ਤੋਂ ਵੱਧ ਆਬਾਦੀ ਵਿੱਚੋਂ 80 ਕਰੋੜ ਲੋਕ ਮੁਫ਼ਤ ਅਨਾਜ ਪ੍ਰਾਪਤ ਕਰ ਰਹੇ ਹਨ।

ਦੇਸ਼ ਕਾਰਪੋਰੇਟਾਂ ਦੇ ਹੱਥਾਂ 'ਚ ਵੇਚਿਆ ਜਾ ਰਿਹਾ ਹੈ। ਬੁਨਿਆਦੀ ਢਾਂਚੇ ਦੀ ਉਸਾਰੀ ਦੇ ਨਾਂ 'ਤੇ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ। "ਸਭ ਦਾ ਵਿਕਾਸ" ਦੇ ਨਾਂ 'ਤੇ ਕਾਰਪੋਰੇਟ ਜਗਤ ਦਾ ਢਿੱਡ ਭਰਿਆ ਜਾ ਰਿਹਾ ਹੈ। ਪਰ ਇਹਨਾਂ ਵੱਡੀਆਂ ਹਾਈਵੇਜ਼ ਦਾ ਅਸਲ ਫ਼ਾਇਦਾ ਕਿਸ ਨੂੰ ਹੈ? ਕਿਸ ਵਰਗ ਦੀ ਆਮਦਨ ਵੱਧ ਰਹੀ ਹੈ? ਕਿਹੜਾ ਵਰਗ ਇਸ ਵਿਕਾਸ ਤੋਂ ਪੀੜਤ ਹੋ ਰਿਹਾ ਹੈ? ਕਿਸ ਵਰਗ ਦੀਆਂ ਜੇਬਾਂ ਕੱਟੀਆਂ ਜਾ ਰਹੀਆਂ ਹਨ?

ਆਖ਼ਰ ਦੇਸ਼ ਦੇ ਕੁਝ ਲੋਕ ਹੀ ਕੁਦਰਤੀ ਸਾਧਨਾਂ ਦੇ ਮਾਲਕ ਕਿਵੇਂ ਬਣਾਏ ਜਾ ਰਹੇ ਹਨ? ਇਸ ਪਿੱਛੇ ਕਿਹੜੀ ਸਾਜ਼ਿਸ਼ ਹੈ? ਕਾਰਪੋਰੇਟਾਂ ਅਤੇ ਹਾਕਮਾਂ ਦਾ ਗੱਠਜੋੜ ਪੌਣੀ ਸਦੀ ਬੀਤਣ ਤੋਂ ਬਾਅਦ ਦੇਸ਼ ਨੂੰ ਕਿਹੜੀ ਰਾਹ 'ਤੇ ਲੈ ਕੇ ਜਾ ਰਿਹਾ ਹੈ?

ਕਾਰਪੋਰੇਟਿਵ ਵਿਕਾਸ ਨੇ ਕੁਦਰਤ ਦਾ ਢਿੱਡ ਪਾੜ ਦਿੱਤਾ ਹੈ। ਮਨੁੱਖੀ ਕਿਰਤ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਗਿਆ ਹੈ। ਹਰ ਪਾਸੇ ਕਚਰਾ ਹੀ ਕਚਰਾ, ਗੰਦਗੀ ਦੇ ਢੇਰ ਹਨ। ਅੱਜ ਦਰਿਆਵਾਂ, ਪਹਾੜਾਂ ਦੀ ਸੋਹਣੀ ਧਰਤੀ ਗੰਦਗੀ ਦਾ ਢੇਰ ਬਣਾ ਦਿੱਤੀ ਗਈ ਹੈ। ਸਿੱਟਾ ਹੜ੍ਹਾਂ 'ਚ ਨਿਕਲਿਆ। ਵਾਤਾਵਰਨ 'ਚ ਪ੍ਰਦੂਸ਼ਣ ਵਧਿਆ। ਬਿਮਾਰੀਆਂ 'ਚ ਵਾਧਾ ਹੋਇਆ।

ਪ੍ਰਦੂਸ਼ਣ ਨੇ ਮਨੁੱਖ ਦੇ ਦੁੱਖਾਂ 'ਚ ਵਾਧਾ ਕੀਤਾ। ਬਿਮਾਰੀਆਂ ਦੇ ਇਲਾਜ ਲਈ ਨਵੀਆਂ ਦਵਾਈਆਂ ਦੀ ਖੋਜ ਹੋਈ। ਦਵਾਈਆਂ ਅਤੇ ਇਲਾਜ ਮਹਿੰਗੇ ਭਾਅ ਹੋ ਗਏ, ਪਰ ਇਹ ਸਧਾਰਨ ਮਨੁੱਖ ਦੀ ਪਹੁੰਚ ਤੋਂ ਦੂਰ ਰਹੇ। ਸਿੱਟਾ ਇਹ ਕਿ ਭਾਰਤ 'ਚ ਬੱਚਿਆਂ ਦੀ ਉਮਰ ਪੰਜ ਸਾਲ ਪੂਰੇ ਹੋਣ ਤੋਂ ਪਹਿਲਾਂ ਵੱਡੀ ਗਿਣਤੀ ਵਿੱਚ ਮੌਤ ਹੋ ਜਾਂਦੀ ਹੈ, ਕਿਉਂਕਿ ਉਹ ਕੁਪੋਸ਼ਣ ਦਾ ਸ਼ਿਕਾਰ ਰਹਿੰਦੇ ਹਨ।

ਦੇਸ਼, ਜਿਸ ਨੇ ਅਜ਼ਾਦੀ ਤੋਂ ਬਾਅਦ ਪੌਣੀ ਸਦੀ ਤੋਂ ਵੱਧ ਦਾ ਸਮਾਂ ਗੁਜ਼ਾਰ ਲਿਆ ਹੋਵੇ, ਆਪਣੇ ਭਵਿੱਖ-ਬੱਚਿਆਂ ਦੀ ਸਿਹਤ ਅਤੇ ਸਿੱਖਿਆ ਦੀ ਗਰੰਟੀ ਵੀ ਨਹੀਂ ਦੇ ਸਕਿਆ। ਅੱਜ ਇੱਕ ਪਾਸੇ ਪੰਜ-ਸਟਾਰ ਹਸਪਤਾਲ ਅਤੇ ਪਬਲਿਕ ਸਕੂਲ ਹਨ, ਦੂਜੇ ਪਾਸੇ ਆਮ ਲੋਕਾਂ ਲਈ ਗਏ-ਗੁਜ਼ਰੇ ਹਸਪਤਾਲ ਅਤੇ ਸਕੂਲ ਹਨ, ਜਿਨ੍ਹਾਂ ਵਿੱਚ ਕੋਈ ਸੁਵਿਧਾਵਾਂ ਹੀ ਨਹੀਂ। ਲੱਖਾਂ ਬੱਚੇ ਅੱਜ ਵੀ ਸਕੂਲਾਂ ਦਾ ਮੂੰਹ ਨਹੀਂ ਵੇਖਦੇ। ਲੱਖਾਂ ਬੱਚੇ ਪ੍ਰਾਇਮਰੀ ਤੱਕ ਦੀ ਪੜ੍ਹਾਈ ਵੀ ਪੂਰੀ ਨਹੀਂ ਕਰ ਸਕਦੇ। ਉਹਨਾਂ ਨੂੰ ਬਾਲ-ਮਜ਼ਦੂਰੀ ਵਿੱਚ ਧੱਕ ਦਿੱਤਾ ਜਾਂਦਾ ਹੈ। ਨਾ ਸਿਰਾਂ 'ਤੇ ਛੱਤ, ਨਾ ਪਹਿਨਣ ਲਈ ਕੱਪੜੇ।

ਤਾਂ ਫਿਰ 78 ਸਾਲ ਅਜ਼ਾਦੀ ਦੇ ਆਖਰ ਕਿਹੜੇ ਲੇਖੇ ਲੱਗੇ ਹਨ? ਨਵਾਂ ਸਾਲ ਮੁਬਾਰਕ ਕਹਿਣ ਨੂੰ ਜੀਅ ਕਰਦਾ ਹੈ ਸਭ ਨੂੰ, ਤਾਂ ਆਓ ਵੇਖੀਏ ਵਿਸ਼ਵ ਪੱਧਰ 'ਤੇ ਅਸੀਂ ਕਿੱਥੇ ਖੜ੍ਹੇ ਹਾਂ।

* ਭੁੱਖਮਰੀ ਵਿੱਚ ਵਿਸ਼ਵ ਦੇ 123 ਦੇਸ਼ਾਂ ਵਿੱਚ ਭਾਰਤ ਦੀ ਥਾਂ 102ਵੀਂ ਹੈ।
* ਭਾਰਤੀ ਲੋਕਾਂ ਦੀ ਔਸਤ ਆਮਦਨ 2.15 ਡਾਲਰ ਪ੍ਰਤੀ ਦਿਨ ਹੈ।
* ਸਿਹਤ ਸੁਵਿਧਾਵਾਂ ਵਿੱਚ ਭਾਰਤ ਦਾ ਸਥਾਨ 195 ਦੇਸ਼ਾਂ ਵਿੱਚ 145ਵਾਂ ਹੈ।
* ਭਾਰਤ ਦੀ ਕਿਸੇ ਵੀ ਯੂਨੀਵਰਸਿਟੀ ਦਾ ਨਾਂ ਦੁਨੀਆ ਦੀਆਂ ਪਹਿਲੀਆਂ 100 ਯੂਨੀਵਰਸਿਟੀਆਂ ਵਿੱਚ ਸ਼ਾਮਿਲ ਨਹੀਂ ਹੈ।
* ਵਾਤਾਵਰਨ ਸੁਧਾਰ ਵਿੱਚ ਭਾਰਤ 180 ਦੇਸ਼ਾਂ ਵਿੱਚੋਂ 176ਵੇਂ ਸਥਾਨ 'ਤੇ ਹੈ। ਭਾਰਤ ਉਹਨਾਂ 10 ਦੇਸ਼ਾਂ ਵਿੱਚ ਸ਼ਾਮਲ ਹੈ ਜੋ ਗ੍ਰੀਨ-ਹਾਊਸ ਗੈਸਾਂ ਨਾਲ਼ ਪ੍ਰਦੂਸ਼ਣ ਫੈਲਾਉਂਦੇ ਹਨ।

ਮਨੁੱਖ ਦੀ ਮੁਢਲੀ ਲੋੜ ਸਾਫ਼ ਹਵਾ, ਪਾਣੀ, ਚੰਗੀ ਖ਼ੁਰਾਕ ਹੈ। ਸਿਹਤ ਅਤੇ ਸਿੱਖਿਆ ਬੁਨਿਆਦੀ ਲੋੜਾਂ ਹਨ। ਪਰ ਭਾਰਤ ਦੇ ਹਾਕਮ ਅਜ਼ਾਦੀ ਦੇ ਪਹਿਲੇ ਦਹਾਕਿਆਂ ਤੋਂ ਹੀ ਅਜ਼ਾਦ ਭਾਰਤ ਦੇ ਲੋਕਾਂ ਨੂੰ ਇਹਨਾਂ ਬੁਨਿਆਦੀ ਹੱਕਾਂ ਦੇਣ ਤੋਂ ਮੂੰਹ ਮੋੜ ਬੈਠੇ। ਅੱਜ ਦੇ ਹਾਕਮ ਤਾਂ ਸਿਹਤ ਅਤੇ ਸਿੱਖਿਆ ਵਰਗੇ ਸੰਵਿਧਾਨਕ ਹੱਕਾਂ ਤੋਂ ਵੀ ਕੰਨੀ ਕਤਰਾਂਦੇ ਨਜ਼ਰ ਆ ਰਹੇ ਹਨ। ਆਮ ਲੋਕਾਂ ਨੂੰ ਆਪਣੇ ਰਹਿਮੋ-ਕਰਮ 'ਤੇ ਛੱਡ ਦਿੱਤਾ ਗਿਆ ਹੈ। ਜਿੱਥੇ ਉਹ ਜਿਸਮਾਨੀ ਹੀ ਨਹੀਂ, ਮਾਨਸਿਕ ਪੀੜਾ ਨਾਲ਼ ਪਰੁੰਨੇ ਪਏ ਹਨ, ਇਹੋ-ਜਿਹੇ ਹਾਲਾਤਾਂ ਵਿੱਚ ਖ਼ੁਸ਼ ਕਿਵੇਂ ਰਿਹਾ ਜਾ ਸਕਦਾ ਹੈ? ਦੁਨੀਆ ਭਰ ਵਿੱਚ ਖ਼ੁਸ਼ ਰਹਿਣ ਦੇ ਮਾਮਲੇ ਵਿੱਚ ਭਾਰਤ 147 ਦੇਸ਼ਾਂ ਵਿੱਚੋਂ 118ਵੇਂ ਸਥਾਨ 'ਤੇ ਹੈ। ਖ਼ੁਸ਼ ਲੋਕ ਖ਼ੁਸ਼ੀਆਂ ਮਨਾਉਂਦੇ ਹਨ, ਇਕ ਦੂਜੇ ਨੂੰ ਮੁਬਾਰਕਾਂ ਦਿੰਦੇ ਹਨ।

ਪਰ ਇੱਕ ਗੱਲ ਭਾਰਤੀਆਂ ਵਿੱਚ ਅਜੇ ਵੀ ਚੰਗੀ ਹੈ-ਉਹ ਗਮੀ ਵਿੱਚ ਖ਼ੁਸ਼ੀ, ਦੁੱਖਾਂ ਵਿੱਚ ਸੁੱਖ ਅਤੇ ਪੀੜਾ ਵਿੱਚ ਰਾਹਤ ਲੱਭਣ ਦੀ ਕੋਸ਼ਿਸ਼ ਕਰਦੇ ਹਨ ਅਤੇ ਗੁਲਾਮੀ ਵੇਲੇ ਅਜ਼ਾਦੀ ਲਈ ਸੰਘਰਸ਼ਸ਼ੀਲ ਮੰਨੇ ਜਾਂਦੇ ਹਨ। ਅੱਜ ਉਹਨਾਂ ਲਈ ਫਿਰ ਨਵਾਂ ਸਾਲ ਅਜ਼ਾਦੀ ਦੇ ਸੰਘਰਸ਼ ਦਾ ਪੈਗਾਮ ਲੈ ਕੇ ਆਇਆ ਹੈ। ਉਹਨਾਂ ਦੇ ਚਿਹਰੇ ਪ੍ਰਾਪਤੀਆਂ ਦੀ ਆਸ ਨਾਲ਼ ਖਿੜੇ ਹੋਏ ਹਨ। ਪਿਛਲੇ ਦਿਨਾਂ ਵਿੱਚ ਉਹਨਾਂ ਨੇ ਭਗਵੇਂ ਹਾਕਮਾਂ ਵਿਰੁੱਧ ਲਾਮਬੰਦੀ ਕੀਤੀ ਹੈ। ਉਹਨਾਂ ਹਾਕਮਾਂ ਦੀਆਂ ਗੋਡਣੀਆਂ ਲਵਾਈਆਂ ਹਨ, ਜਿਹੜੇ ਮੱਕਾਰੀ ਨਾਲ਼ ਲੋਕ-ਹਿੱਤਾਂ 'ਤੇ ਡਾਕਾ ਮਾਰਨ ਤੋਂ ਗੁਰੇਜ਼ ਨਹੀਂ ਕਰਦੇ। ਸਾਰੇ ਸੰਘਰਸ਼ਸ਼ੀਲ ਲੋਕਾਂ ਨੂੰ ਨਵੇਂ ਵਰ੍ਹੇ ਦੀਆਂ ਮੁਬਾਰਕਾਂ। ਮੁੜ ਅਜ਼ਾਦੀ ਲਈ ਅਰੰਭੀ ਮੁਹਿੰਮ ਲਈ ਢੇਰ ਸਾਰੀਆਂ ਮੁਬਾਰਕਾਂ।

# ਸਰਬੰਸ ਦਾਨੀ : ਸ੍ਰੀ ਗੁਰੂ ਗੋਬਿੰਦ ਸਿੰਘ ਜੀ



## ਗੁਰਪੁਰਬ ’ਤੇ ਵਿਸ਼ੇਸ਼

ਡਾ.ਚਰਨਜੀਤ ਸਿੰਘ ਗੁਮਟਾਲਾ
91 9417533060

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਿਹਾਰ ਸੂਬੇ ਦੇ ਪ੍ਰਸਿੱਧ ਸ਼ਹਿਰ ਪਟਨਾ ਜਿਸ ਦਾ ਉਸ ਸਮੇਂ ਨਾਂ ਪਾਟਲੀਪੁਤਰ ਸੀ ਵਿੱਚ 22 ਦਸੰਬਰ ਸੰਨ 1666 ਈ. ਪੋਹ ਸੁਦੀ ਸਤਵੀਂ ਵਾਲੇ ਦਿਨ ਅਵਤਾਰ ਧਾਰਿਆ। ਉਨ੍ਹਾਂ ਦੇ ਪਿਤਾ ਨੌਵੇਂ ਗੁਰੂ ਤੇਗ ਬਹਾਦਰ ਜੀ ਸਨ ਅਤੇ ਦਾਦਾ ਛੇਵੇਂ ਗੁਰੂ ਸ੍ਰੀ ਹਰਿ ਗੋਬਿੰਦ ਜੀ ਸਨ। ਮਾਤਾ ਦਾ ਨਾਂ ਮਾਤਾ ਗੁਜਰੀ ਸੀ। ਬਾਲ ਗੁਰੂ ਗੋਬਿੰਦ ਰਾਇ ਪੰਜ ਛੇ ਸਾਲ ਪਟਨਾ ਰਹੇ। ਇੱਥੇ ਇਨ੍ਹਾਂ ਦੇ ਕਈ ਕੌਤਕ ਪ੍ਰਸਿੱਧ ਹਨ। ਇੱਥੇ ਹੀ ਬੰਗਾਲੀ, ਹਿੰਦੀ, ਪੰਜਾਬੀ, ਫਾਰਸੀ, ਸੰਸਕ੍ਰਿਤ, ਬ੍ਰਜੀ ਆਦਿ ਬੋਲੀਆਂ ਸਿਖੀਆਂ। ਗੁਰੂ ਤੇਗ਼ ਬਹਾਦਰ ਜੀ 1671 ਈ. ਦੇ ਸ਼ੁਰੂ ਵਿੱਚ ਪ੍ਰਵਾਰ ਨੂੰ ਪਟਨਾ ਛੱਡ ਕੇ ਵੈਸਾਖੀ ਦੇ ਕਰੀਬ ਆਨੰਦਪੁਰ (ਮਾਖੋਵਾਲ) ਪੁੱਜ ਗਏ। ਛੇਤੀ ਹੀ ਉਨ੍ਹਾਂ ਪ੍ਰਵਾਰ ਨੂੰ ਵਾਪਸ ਮੰਗਵਾਇਆ। ਇੱਥੇ ਹੀ ਔਰੰਗਜ਼ੇਬ ਤੋਂ ਦੁੱਖੀ ਕਸ਼ਮੀਰੀ ਪੰਡਿਤਾਂ ਦੀ ਵਿੱਥਿਆ ਸੁਣ ਕੇ ਗੁਰੂ ਜੀ 7 ਸਾਲ ਦੇ ਬਾਲਕ ਗੁਰੂ ਗੋਬਿੰਦ ਰਾਇ ਜੀ ਨੂੰ ਗੁਰ-ਗੱਦੀ ਸੌਂਪ ਕੇ ਕੁਝ ਮੁੱਖੀ ਸਿੱਖਾਂ ਸਮੇਤ ਮਾਲਵਾ ਅਤੇ ਦਿੱਲੀ ਨੂੰ ਰਵਾਨਾ ਹੋਇ। ਡਾ. ਦੀਵਾਨ ਸਿੰਘ ਨੇ ਆਪਣੀ ਪੁਸਤਕ ‘ਦਸਮ ਗੁਰੂ ਜੀਵਨ ਤੇ ਸ਼ਖ਼ਸ਼ੀਅਤ’ ਵਿਚ ਵਿਸਥਾਰ ਨਾਲ ਲਿਖਦੇ ਹੋਏ ਇਹ ਸਮਾਂ 1673 ਈ. ਦਾ ਲਿਖਿਆ ਹੈ। ਦੋ ਕੁ ਸਾਲ ਗੁਰੂ ਜੀ ਨੇ ਦੇਸ਼ਾਟਨ ਵਿੱਚ ਬਿਤਾਏ। ਜਦ ਗੁਰੂ ਜੀ ਆਗਰੇ ਠਹਿਰੇ ਹੋਏ ਸਨ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਦਿੱਲੀ ਲਿਆਂਦਾ ਗਿਆ। ਉਨ੍ਹਾਂ ਨੂੰ ਕਰਾਮਾਤ ਵਿਖਾਉਣ ਜਾਂ ਇਸਲਾਮ ਧਰਮ ਧਾਰਨ ਲਈ ਕਿਹਾ ਗਿਆ। ਗੁਰੂ ਜੀ ਨੇ ਦੋਵਾਂ ਗਲ ਤੋਂ ਇਨਕਾਰ ਕਰ ਦਿੱਤਾ ਤੇ ਕਿਰਪਾਨ ਨੂੰ ਹੀ ਕਰਾਮਾਤ ਦਸਿਆ। ਅਖੀਰ ਔਰੰਗਜ਼ੇਬ ਦੇ ਹੁਕਮ ਨਾਲ ਉਨ੍ਹਾਂ ਨੂੰ ਅਤੇ ਭਾਈ ਮਤੀਦਾਸ ਜੀ, ਭਾਈ ਦਿਆਲ ਦਾਸ ਜੀ, ਭਾਈ ਸਤੀ ਦਾਸ ਜੀ ਆਦਿ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਇਹ ਸਾਕਾ 1675 ਈ. ਵਿਚ ਜਦ (ਗੁਰੁ) ਗੋਬਿੰਦ ਰਾਇ 9 ਸਾਲ ਦੇ ਸਨ ਉਸ ਸਮੇਂ ਵਾਪਰਿਆ। ਸਿੱਖ ਕੌਮ ਦੀ ਇਹ ਦੂਜੀ ਸ਼ਹੀਦੀ ਸੀ, ਜੋ ਕਿ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ (1606 ਈ.) ਤੋਂ 69 ਸਾਲ ਪਿੱਛੋਂ ਵਾਪਰੀ।

1675 ਤੋਂ 1688 ਈ. ਦਾ ਸਮਾਂ ਸਿੱਖ ਸ਼ਕਤੀ ਦੇ ਸੰਗਠਨ ਦਾ ਸਮਾਂ ਸੀ। ਸੈਨਿਕ ਅਤੇ ਬੀਰ ਰਸੀ ਜੋਸ਼ ਵਧਾਉਣ ਲਈ ਰਣਜੀਤ ਨਗਾਰਾ ਤਿਆਰ ਕਰਵਾਇਆ ਗਿਆ। ਜਿਸ ਦੀ ਆਵਾਜ਼ ਸਾਰੇ ਪਹਾੜੀ ਰਾਜਾਂ ਵਿੱਚ ਗੂੰਜ ਉੱਠੀ। ਇੱਕ ਸਿੱਖ ਦੁਨੀ ਚੰਦ ਕਾਬਲ ਤੋਂ ਇੱਕ ਬਹੁਤ ਸੁੰਦਰ ਅਤੇ ਕੀਮਤੀ ਸ਼ਮਿਆਨਾ ਬਣਵਾ ਕੇ ਲਿਆਇਆ ਤੇ ਗੁਰੂ ਜੀ ਨੂੰ ਭੇਟ ਕੀਤਾ, ਜਿਸ ਦੀ ਕੀਮਤ ਢਾਈ ਲੱਖ ਰੁਪਏ ਸੀ। ਆਸਾਮ ਦਾ ਰਾਜਾ ਰਤਨ ਰਾਏ ਬਹੁਤ ਕੀਮਤੀ ਤੋਹਫੇ ਜਿਨ੍ਹਾਂ ਵਿੱਚ ਇੱਕ ਸੁੰਦਰ ਹਾਥੀ, ਇੱਕ ਤਖ਼ਤ, ਪੰਜ ਵਧੀਆ ਤੇ ਸਜੇ ਸਜਾਏ ਘੋੜੇ, ਇੱਕ ਅਦੁੱਤੀ ਹਥਿਆਰ ਜਿਸ ਵਿੱਚੋਂ ਪੰਜ ਹਥਿਆਰ ਨਿਕਲਦੇ ਸਨ ਅਤੇ ਹੋਰ ਕਿੰਨਾਂ ਕੀਮਤੀ ਸਾਜੋ-ਸਾਮਾਨ ਸੀ।

ਗੁਰੂ ਸਾਹਿਬ ਦੀ ਸ਼ਕਤੀ ਵੱਧਦੀ ਵੇਖ ਕੇ ਬਿਲਾਸਪੁਰ ਦਾ ਰਾਜਾ ਭੀਮ ਚੰਦ ਈਰਖਾ ਦੀ ਅੱਗ ਵਿੱਚ ਸੜਨ ਲੱਗ ਪਿਆ। ਜਿਸ ਦਾ ਸਿੱਟਾ ਪਹਿਲੀ ਲੜਾਈ ਭੰਗਾਲੀ ਦੇ ਯੁੱਧ ਦਾ ਕਾਰਨ ਬਣੀ ਜੋ 1688 ਈ.ਵਿਚ ਲੜੀ ਗਈ। 1677 ਈ. ਵਿੱਚ ਆਪ ਦੀ ਸ਼ਾਦੀ ਲਾਹੌਰ ਦੇ ਸਿੱਖ ਭਾਈ ਭਿਖੀਆ ਦੀ ਲੜਕੀ ਬੀਬੀ ਜੀਤੋ ਨਾਲ ਅਨੰਦਪੁਰ ਸਾਹਿਬ ਹੋਈ। ਪਰੰਤੂ ਮੈਕਾਲਿਫ ਦਾ ਵਿਚਾਰ ਹੈ ਕਿ ਜੀਤੋ ਜੀ ਦਾ ਨਾਂ ਹੀ ਸੁੰਦਰੀ ਸੀ। ਪਰ ਪ੍ਰੋ.ਫੈਸਰ ਜੇ ਐਸ ਗਰੇਵਾਲ ਅਤੇ ਪ੍ਰੋ.ਫੈਸਰ ਐਸ ਐਸ ਬੱਲ ਅਨੁਸਾਰ ਦੂਜੀ ਸ਼ਾਦੀ 15 ਮਈ 1685 ਈ. ਵਿਚ ਅਨੰਦਪੁਰ ਵਿਚ ਬਜਵਾੜੇ ਦੇ ਸਿੱਖ ਸੋਨੀ ਦੀ ਲੜਕੀ ਸੁੰਦਰੀ ਨਾਲ (ਮਾਮਾ ਕਿਰਪਾਲ ,ਦਾਦੀ ਮਾਤਾ ਨਾਨਕੀ, ਮਾਤਾ ਗੁਜਰੀ ਜੀ ਦੇ ਮਜ਼ਬੂਰ ਕਰਨ ਤੇ) ਇਸ ਲਈ ਕੀਤੀ ਗਈ ਕਿ ਪਹਿਲੀ ਸ਼ਾਦੀ (ਜੀਤੋ ਜੀ) ਵਾਲੀ ਵਿਚੋਂ ਕੋਈ ਔਲਾਦ ਨਹੀਂ ਸੀ।

1685 ਈ. ਵਿੱਚ ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ ‘ਤੇ ਆਪਣੀ ਸੈਨਾ ਤੇ ਪ੍ਰਵਾਰ ਸਮੇਤ ਆਪ ਨਾਹਨ ਚਲੇ ਗਏ। ਰਾਜੇ ਦੀ ਬੇਨਤੀ ਕਰਨ ‘ਤੇ ਜਮਨਾ ਕੰਢੇ ਰਮਣੀਕ ਥਾਂ ‘ਤੇ 12 ਦਿਨਾਂ ਵਿੱਚ ਹੀ ਕਿਲ੍ਹਾ ਤਿਆਰ ਕਰਵਾਇਆ ਜਿਸ ਦਾ ਨਾਂ ਪਾਉਂਟਾ (ਪੈਰ ਰੱਖਣ ਦੀ ਥਾਂ) ਰੱਖਿਆ। ਏਥੇ ਆਪ ਤਿੰਨ ਸਾਲ ਰਹੇ ਤੇ ਬਹੁਤ ਸਾਰਾ ਸਾਹਿਤ ਰਚਿਆ।1688 ਈ. ਇੱਥੇ ਰਹਿੰਦਿਆਂ ਸਭ ਤੋਂ ਵੱਡੀ ਘਟਨਾ ਭੰਗਾਣੀ ਦਾ ਯੁੱਧ ਹੋਇਆ, ਜਿਸ ਵਿਚ ਗੁਰੂ ਜੀ ਦੀ ਸੈਨਾ ਨੂੰ ਬੜੀ ਭਾਰੀ ਜਿੱਤ ਹੋਈ। ਪਾਉਂਟਾ ਸਾਹਿਬ ਵਿੱਚ ਹੀ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਦਾ ਸੰਨ 1687 ਵਿੱਚ ਜਨਮ ਹੋਇਆ। ਭੰਗਾਣੀ ਦੇ ਯੁੱਧ ਤੋਂ ਬਾਅਦ 1688 ਈ. ਵਿੱਚ ਗੁਰੂ ਸਾਹਿਬ ਆਨੰਦਪੁਰ ਵਾਪਿਸ ਆ ਗਏ। ਗੁਰੂ ਜੀ ਦੇ ਬਾਕੀ ਤਿੰਨ ਸਾਹਿਬਜ਼ਾਦਿਆਂ ਦਾ ਜਨਮ ਵੀ ਇੱਥੇ ਹੀ ਹੋਇਆ। 1690 ਈ. ਨਦੌਣ ਦੀ ਲੜਾਈ ਹੋਈ।

ਗੁਰੂ ਜੀ ਨੇ ਸਿੱਖਾਂ ਨੂੰ ਨਿਆਰਾ ਰੂਪ ਦੇਣ ਲਈ 1699 ਦੀ ਵਿਸਾਖੀ ਨੂੰ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਖ਼ਾਲਸਾ ਪੰਥ ਦੀ ਸਾਜਣਾ ਨਾਲ ਪਹਾੜੀ ਰਾਜਿਆਂ ਵਿੱਚ ਗੁਰੂ ਜੀ ਪ੍ਰਤੀ ਈਰਖਾ ਹੋਰ ਵੱਧ ਗਈ। ਸੂਬਾ ਸਰਹੰਦ ਨੇ ਦਸ ਹਜ਼ਾਰ ਫੌਜ ਸਮੇਤ ਜਰਨੈਲ ਅਦੀਨਾ ਬੇਗ ਅਤੇ ਪੈਂਦਾ ਖ਼ਾਨ ਨੂੰ ਆਨੰਦਪੁਰ ’ਤੇ ਹਮਲਾ ਕਰਨ ਲਈ ਭੇਜਿਆ। ਇਸ ਵਿੱਚ ਜਿੱਤ ਗੁਰੂ ਜੀ ਦੀ ਹੀ ਹੋਈ। ਇਨ੍ਹਾਂ ਦਿਨਾਂ ਵਿੱਚ ਰੁਹਤਾਸ ਦੇ ਇੱਕ ਸਿੱਖ ਨੇ ਆਪਣੀ ਲੜਕੀ ਸਾਹਿਬ ਦੀ ਸ਼ਾਦੀ ਗੁਰੂ ਜੀ ਨਾਲ ਇੱਕ ਪ੍ਰਣ ਅਨੁਸਾਰ ਕੀਤੀ। ਗੁਰੂ ਜੀ ਨੇ ਅੰਮ੍ਰਿਤ ਛਕਾ ਕੇ ਉਸ ਦਾ ਨਾਂ ਸਾਹਿਬ ਕੌਰ ਰੱਖਿਆ। ਇਸੇ ਸਮੇਂ ਭਾਈ ਰਾਮ ਕੁੰਵਰ (ਬਾਬਾ ਬੁੱਢਾ ਜੀ ਦੇ ਵੰਸ਼ਜ) ਨੂੰ ਗੁਰੂ ਜੀ ਨੇ ਅੰਮ੍ਰਿਤ ਛਕਾਇਆ ਤੇ ਉਸ ਦਾ ਨਾਂ ਭਾਈ ਗੁਰਬਖਸ਼ ਸਿੰਘ ਰੱਖਿਆ। ਇਸੇ ਲੜਾਈ ਦੌਰਾਨ ਭਾਈ ਘਨ੍ਹਈਆ ਵਾਲਾ ਪ੍ਰਸੰਗ ਵਾਪਰਿਆ।

ਮੁ.ਗਲਾਂ ਅਤੇ ਪਹਾੜੀ ਰਾਜਿਆਂ ਦਾ ਨਿਸ਼ਾਨਾ ਆਨੰਦਪੁਰ ਸੀ। ਲਗਾਤਾਰ 8 ਮਹੀਨੇ ਤੋ ਆਨੰਦਪੁਰ ਸਾਹਿਬ ਨੂੰ ਘੇਰਾ ਪਾਇਆ ਗਿਆ। ਬਿਕ੍ਰਮੀ ਸੰਮਤ 1762 ਦੀ 6-7 ਪੋਹ ਦੀ ਦਰਮਿਆਨੀ ਰਾਤ ਨੂੰ ਆਨੰਦ ਗੜ ਦਾ ਕਿਲ੍ਹਾ ਖਾਲੀ ਕਰਨ ਤੋਂ ਬਾਅਦ ਮੁ.ਗਲਾਂ ਅਤੇ ਪਹਾੜੀ ਰਾਜਿਆਂ ਨੇ ਚੁੱਕੀਆਂ ਕਸਮਾਂ ਨੂੰ ਤੋੜ ਕੇ ਕੀਰਤਪੁਰ ਸਾਹਿਬ ਪਾਰ ਕਰਦਿਆਂ ਹੀ ਸਿੱਖ ਫੌਜਾਂ ਤੇ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕੰਢੇ ਜੰਗ ਹੋਈ, ਕਾਫੀ ਸਿੰਘ ਸ਼ਹੀਦ ਹੋ ਗਏ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਵਿਛੜ ਗਿਆ। ਉਨ੍ਹਾਂ ਦੇ ਮਾਤਾ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਰੋਪੜ ਵੱਲ ਨੂੰ ਗਏ। ਜਿੱਥੋਂ ਇੱਕ ਪੁਰਾਣਾ ਨੌਕਰ ਗੰਗੂ ਬ੍ਰਾਮਣ ਉਨ੍ਹਾਂ ਨੂੰ ਆਪਣੇ ਪਿੰਡ ਖੇੜੀ ਲੈ ਗਿਆ। ਰਾਤ ਨੂੰ ਮਾਤਾ ਜੀ ਪਾਸੋਂ ਜੇਵਰ ਤੇ ਨਕਦੀ ਚੁਰਾ ਲਈ ਤੇ ਹਜ਼ਮ ਕਰਨ ਲਈ ਉਨ੍ਹਾਂ ਵਿਰੁੱਧ ਮੋਰਿੰਡੇ ਚੌਧਰੀ ਨੂੰ ਖ਼ਬਰ ਕਰ ਦਿੱਤੀ। ਉਸ ਨੇ ਉਨ੍ਹਾਂ ਦੇ ਸੂਬੇਦਾਰ ਸਰਹੰਦ ਵਜ਼ੀਰ ਖਾਂ ਦੇ ਹਵਾਲੇ ਕਰ ਦਿੱਤਾ। ਵਜ਼ੀਰ ਖਾਂ ਨੇ ਆਪਣੇ ਵਜ਼ੀਰ ਸੁੱਚਾ ਨੰਦ ਖ਼ਤਰੀ ਦੇ ਜ਼ੋਰ ਦੇਣ ’ਤੇ ਦੋਵਾਂ ਮਾਸੂਮ ਬੱਚਿਆਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਮਾਤਾ ਜੀ ਬੱਚਿਆਂ ਦਾ ਦੁੱਖ ਨਾ ਸਹਾਰਦੇ ਹੋਏ ਸ਼ਹਾਦਤ ਪਾ ਗਏ।

ਅਗਲਾ ਟਾਕਰਾ 8 ਪੋਹ ਨੂੰ 1762 (ਸੰਨ 1705) ਚਮਕੌਰ ਦੀ ਗੜ੍ਹੀ ਤੇ ਭਾਰੀ ਜੰਗ ਹੋਇਆ। ਇਸ ਜੰਗ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਪੁੱਤਰ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ , ਹੋਰਨਾਂ ਚਾਲੀ ਕੁ ਸਿੰਘਾਂ ਸਮੇਤ ਲੜਦਿਆਂ ਸ਼ਹੀਦ ਹੋ ਗਏ। ਇਸ ਤੋਂ ਬਾਅਦ 30 ਪੋਹ 1762 ਬਿਕ੍ਰਮੀ (ਸੰਨ1705ਈ. ) ਵਿੱਚ ਖਿਦਰਾਣਾ ਦੀ ਢਾਬ ਤੇ ਸੂਬਾ ਸਰਹਿੰਦ ਦੀ ਦਸ ਹਜ਼ਾਰ ਮੁ.ਗਲਾ ਫੌਜ ਨਾਲ ਜੰਗ ਲੜੀ। ਇੱਥੇ ਚਾਲੀ ਸਿੰਘਾਂ ਵਲੋਂ ਲਿਖਿਆ ਗਿਆ ਬੇਦਾਵਾ ਗੁਰੂ ਜੀ ਨੇ ਪਾੜ ਦਿੱਤਾ। ਇਸ ਕਰ ਕੇ ਇਸ ਨੂੰ ਚਾਲੀ ਮੁਕਤਿਆ ਦੀ ਮੁਕਤੀ ਕਾਰਨ ਮੁਕਤਸਰ ਕਿਹਾ ਜਾਣ ਲੱਗਾ।

ਚਮਕੌਰ ਤੋਂ ਗੁਰੂ ਜੀ ਇਕੱਲੇ ਆਪਣੇ ਤਿੰਨ ਸਿੱਖਾਂ ਨਾਲੋਂ ਵਿਛੜ ਕੇ ਮਾਛੀਵਾੜੇ ਜਾ ਪੁੱਜੇ। ਮਾਛੀਵਾੜੇ ਉਨ੍ਹਾਂ ਦੇ ਤਿੰਨ ਸਾਥੀ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਵੀ ਆ ਮਿਲੇ। ਇੱਥੇ ਹੀ ਉਨ੍ਹਾਂ ਦੇ ਸ਼ਰਧਾਲੂ ਪਠਾਨ ਨਬੀ ਖ਼ਾਨ ਤੇ .ਗਨੀ ਖ਼ਾਨ ਆ ਮਿਲੇ। ਜਿਨ੍ਹਾਂ ਨੇ ਆਪਣੀ ਜਾਨ ਖ਼ਤਰੇ ਵਿੱਚ ਪਾ ਕੇ ਗੁਰੂ ਜੀ ਨੂੰ ‘ਉੱਚ ਦਾ ਪੀਰ’ ਬਣਾਇਆ ਅਤੇ ਨੀਲੀ ਪੁਸ਼ਾਕ ਪਹਿਨਾ ਕੇ ਪਾਲਕੀ ਵਿੱਚ ਸਵਾਰ ਕਰਕੇ ਮੁ.ਗਲ ਫੌਜਾਂ ਤੋਂ ਬਚਦੇ ਹੋਏ ਕਾਫੀ ਦੂਰ ਚਲੇ ਗਏ।ਗੁਰੂ ਜੀ ਇਸ ਵਿਉਂਤ ਨਾਲ ਜਗਰਾਉਂ ਤੇ ਰਾਏਕੋਟ ਹੁੰਦੇ ਹੋਏ ਜੱਟਪੁਰੇ ਪੁੱਜੇ। ਇੱਥੋਂ ਦੇ ਮੁਸਲਮਾਨ ਹਾਕਮ ਰਾਏ ਕਲ੍ਹਾ ਨੇ ਗੁਰੂ ਜੀ ਦੀ ਪੂਰੀ ਸਹਾਇਤਾ ਕੀਤੀ। ਰਾਏ ਕਲ੍ਹਾ ਨੇ ਗੁਰੂ ਜੀ ਦੇ ਕਹਿਣ ’ਤੇ ਸਰਹੰਦ ਤੋਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜ਼ਰੀ ਜੀ ਦੀ ਖ਼ਬਰ ਮੰਗਵਾਈ। ਜਦ ਮਾਹੀ ਨਾਮੀ ਹਰਕਾਰਾ ਇਹ ਅਤੀ ਦੁੱਖਦਾਈ ਖ਼ਬਰ ਲਿਆਇਆ ਤਾਂ ਉਸ ਵੇਲੇ ਗੁਰੂ ਜੀ ਜੰਗਲ ਵਿੱਚ ਬੈਠੇ ਹੋਏ ਸਨ। ਗੁਰੂ ਜੀ ਨੇ ਇੱਕ ਕਾਹੀ ਦਾ ਬੂਟਾ ਪੁੱਟਦੇ ਹੋਏ ਫਰਮਾਇਆ ਕਿ ਜਿਸ ਤਰ੍ਹਾਂ ਇਹ ਬੂਟਾ ਪੁੱਟਿਆ ਗਿਆ ਹੈ, ਉਸੇ ਤਰ੍ਹਾਂ ਮੁ.ਗਲ ਹਕੂਮਤ ਦੀਆਂ ਛੇਤੀ ਹੀ ਜੜ੍ਹਾਂ ਪੁੱਟੀਆਂ ਜਾਣਗੀਆਂ।

ਇਸ ਉਪਰੰਤ ਮੌਜੂਦਾ ਮੁਕਤਸਰ ਦੀ ਥਾਂ ’ਤੇ ਮੁ.ਗਲਾਂ ਨਾਲ ਮੁੜ ਮੁਠਭੇੜ ਹੁੰਦੀ ਹੈ, ਜਿੱਥੇ ਚਾਲੀ ਸਿੰਘ ਜੋ ਬੇਦਾਵਾ ਦੇ ਗਏ ਸਨ ਮੁਗਲ ਫੌਜਾਂ ਨਾਲ ਬੜੀ ਬਹਾਦਰੀ ਨਾਲ ਲੜਦੇ ਸ਼ਹੀਦੀ ਪ੍ਰਾਪਤ ਕਰਦੇ ਹਨ। ਗੁਰੂ ਜੀ ਨੇ ਇਸ ਲੜਾਈ ਨੂੰ ਉੱਚੇ ਟਿੱਬੇ ਤੋਂ ਵੇਖਿਆ। ਗੁਰੂ ਜੀ ਨੇ ਇਕੱਲੇ ਇਕੱਲੇ ਸਿੰਘ ਨੂੰ ਆਪਣੀ ਗੋਦ ਵਿਚ ਲਿਆ ਤੇ ਬੇਦਾਵਾ ਪਾੜ ਕੇ ਉਨ੍ਹਾਂ ਨੂੰ ਮੁਕਤੇ ਆਖ ਕੇ ਨਿਵਾਜਿਆ। ਇੱਥੇ ਹੁਣ ‘ਮੁਕਤਸਰ’ ਆਬਾਦ ਹੈ। ਮੁਕਤਸਰ ਤੋਂ ਬਾਅਦ ਗੁਰੂ ਜੀ ਤਲਵੰਡੀ ਸਾਬੋ ਪੁੱਜੇ। ਜਿੱਥੇ ਉਹ 9 ਮਹੀਨੇ ਰਹੇ ਤੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ ਅਤੇ ਇਸ ਨੂੰ ਹੁਣ ਵਾਲਾ ਸੰਪੂਰਨ ਰੂਪ ਬਖ਼ਸ਼ਿਆ ਅਤੇ ‘ਗੁਰੂ ਕੀ ਕਾਂਸ਼ੀ’ ਆਖ ਕੇ ਵਡਿਆਇਆ। ਤਲਵੰਡੀ ਵਿੱਚ ਹੀ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਜੀ ਦਿੱਲੀ ਤੋਂ ਆ ਕੇ ਗੁਰੂ ਜੀ ਨੂੰ ਮਿਲੇ ਅਤੇ ਉਨ੍ਹਾਂ ਦਾ ਏਥੇ ਹੀ ਪਤਾ ਲੱਗਾ।

ਤਲਵੰਡੀ ਸਾਬੋ ਜਾਂਦਿਆ ਜਦ ਗੁਰੂ ਜੀ ਦੀਸੇ ਠਹਿਰੇ ਹੋਏ ਸਨ ਤਾਂ ਔਰੰਗਜ਼ੇਬ ਵਲੋਂ ਉਨ੍ਹਾਂ ਨੂੰ ਇੱਕ ਸ਼ਾਹੀ ਪੱਤਰ ਪੁੱਜਾ ਜਿਸ ਵਿੱਚ ਉਨ੍ਹਾਂ ਨੂੰ ਦੱਖਣ ਵਿੱਚ ਕਿਆਮ ਕਰਦੇ ਬਾਦਸ਼ਾਹ ਨੂੰ ਮਿਲਣ ਦਾ ਸੱਦਾ ਸੀ। ਸ਼ਾਹੀ ਪੱਤਰ ਦੇ ਉੱਤਰ ਵਿੱਚ ਗੁਰੂ ਜੀ ਨੇ .ਫਾਰਸੀ ਕਵਿਤਾ ਵਿੱਚ ਇੱਕ ਲੰਮਾ ਪੱਤਰ ਲਿਖਿਆ, ਜਿਸ ਦਾ ਨਾਂ ‘ਜ਼.ਫਰਨਾਮਾ’ (ਜਿੱਤ ਦਾ ਪੱਤਰ) ਰੱਖਿਆ ਗਿਆ। ਇਹ ਮਹਾਨ ਕਾਵਿ-ਪੱਤਰ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਰਾਹੀਂ ਔਰੰਗਜ਼ੇਬ ਵੱਲ ਭੇਜਿਆ ਗਿਆ। ਜਦ ਉਹ ਬਹੁਤ ਸਮਾਂ ਵਾਪਿਸ ਨਾ ਆਏ ਤਾਂ ਗੁਰੂ ਜੀ ਔਰੰਗਜੇਬ ਨੂੰ ਮਿਲਣ ਲਈ ਦਖਣ ਵਲ ਨੂੰ ਅਕਤੂਬਰ 1706 ਈ. ਵਿੱਚ ਆਪ ਰਵਾਨਾ ਹੋ ਗਏ।

ਫਰਵਰੀ 1707 ਈ ਵਿਚ ਜਦ ਗੁਰੂ ਜੀ ਬਘੇਰ ਦੇ ਨੇੜੇ ਪੁੱਜੇ ਤਾਂ ਬਾਦਸ਼ਾਹ ਦੇ ਦੇਹਾਂਤ ਦੀ ਖ਼ਬਰ ਮਿਲੀ। ਔਰੰਗਜ਼ੇਬ ਦੀ ਮੌਤ ਪਿੱਛੋਂ ਬਹਾਦਰ ਸ਼ਾਹ ਦਿੱਲੀ ਦੇ ਤਖ਼ਤ ‘ਤੇ ਬਿਰਾਜਮਾਨ ਹੋ ਗਿਆ। ਆਗਰੇ ਵਿੱਚ ਗੁਰੂ ਜੀ ਬਹਾਦਰ ਸ਼ਾਹ ਨੂੰ ਮਿਲੇ। ਉਸ ਨੇ ਗੁਰੂ ਜੀ ਦਾ ਬਹੁਤ ਆਦਰ ਸਤਿਕਾਰ ਕੀਤਾ ਅਤੇ ਵੱਡਮੁੱਲਾ ‘ਖਿਲਅਤ’ ਪੇਸ਼ ਕੀਤਾ। ਗੁਰੂ ਜੀ ਵਜ਼ੀਰ ਖਾਂ ਨੂੰ ਦੰਡ ਦਿਵਾਉਣਾ ਚਾਹੁੰਦੇ ਸਨ ਪਰ ਉਹ ਇਸ ਗੱਲ ਨੂੰ ਟਾਲਦਾ ਰਿਹਾ। ਕਿਉਂਕਿ ਵਜ਼ੀਰ ਖ਼ਾਨ ਨੂੰ ਦੰਡ ਦੇਣ ਦਾ ਉਸ ਨੂੰ ਹੀਆ ਨਹੀਂ ਪੈਂਦਾ। ਉਹ ਚਾਹੁੰਦਾ ਸੀ ਕਿ ਆਪਣਾ ਰਾਜ ਚੰਗੀ ਤਰ੍ਹਾਂ ਸਥਾਪਤ ਕਰਕੇ ਕੋਈ ਅਜਿਹਾ ਕਦਮ ਉਠਾਏ। ਅੰਤ ਗੁਰੂ ਜੀ ਬਾਦਸ਼ਾਹ ਤੋਂ ਨਿਰਾਸ਼ ਹੋ ਕੇ ਉਸ ਦੀਆਂ ਫੌਜਾਂ ਨਾਲੋਂ ਵੱਖਰੇ ਹੋ ਕੇ ਨਾਦੇੜ ਚਲੇ ਗਏ।

ਨਾਦੇੜ ਵਿੱਚ ਰਹਿੰਦੇ ਇੱਕ ਸਾਧੂ ਬੈਰਾਗੀ ਲਛਮਨ ਦਾਸ ਜਾਂ ਮਾਧੋ ਦਾਸ ਨੂੰ ਗੁਰੂ ਜੀ ਨੇ ਪੂਰਨ ਮਰਯਾਦਾ ਅਨੁਸਾਰ ਅੰਮ੍ਰਿਤ ਛਕਾਇਆ ਅਤੇ ‘ਬੰਦਾ ਸਿੰਘ’ ਨਾਮ ਰੱਖਿਆ, ਜਿਸ ਦੀ ਉਮਰ 38 ਸਾਲ ਸੀ। ਫਿਰ ਉਸ ਨੂੰ ਥਾਪੜਾ ਜਾਂ ਅਸ਼ੀਰਵਾਦ ਦਿੱਤੀ ਤੇ ਕੁਝ ਸਿੰਘਾਂ ਦੇ ਨਾਲ ਪੰਜਾਬ ਵੱਲ ਰਾਜਸੀ ਕਰਤਵ ਦੀ ਪੂਰਤੀ ਲਈ ਭੇਜ ਦਿੱਤਾ। ਗੁਰੂ ਜੀ ਨੇ ਉਸ ਨੂੰ ਆਪਣੇ ਭੱਥੇ ਵਿੱਚੋਂ ਪੰਜ ਤੀਰ ਆਤਮਕ ਸਹਾਇਤਾ ਲਈ ਬਖਸ਼ੇ ਅਤੇ ਹੋਰ ਵੀ ਧਾਰਮਿਕ ਉਪਦੇਸ਼ ਤੇ ਕ੍ਰਿਪਾ ਨਾਲ ਨਿਹਾਲ ਕੀਤਾ,ਜਿਸ ਦੀ ਮਿਸਾਲ ਦੁਨੀਆਂ ਵਿੱਚ ਨਹੀਂ ਮਿਲਦੀ। ਉਨ੍ਹਾਂ ਨੇ ਬੰਦਾ ਸਿੰਘ ਬਹਾਦਰ ਵਿੱਚ ਆਪਣੀ ਸਾਰੀ ਸੈਨਿਕ ਤੇ ਰਾਜਸੀ ਸ਼ਕਤੀ ਭਰ ਦਿੱਤੀ, ਜਿਸ ਨੇ ਭਾਰਤ ਦੀ ਹੋਣੀ ਅਤੇ ਇਤਿਹਾਸ ਬਦਲ ਕੇ ਰੱਖ ਦਿੱਤਾ।

ਗੁਰੂ ਜੀ ਨੇ ਸਰੀਰਕ ਅੰਤ ਨੇੜੇ ਜਾਣ ਕੇ ਕੱਤਕ ਸੁਦੀ ਪੰਜ 1765 ਬਿਕ੍ਰਮੀ (7 ਅਕਤੂਬਰ 1708 ਈ.) ਦੀ ਰਾਤ ਦੇ ਤੀਜੇ ਪਹਿਰ ਸਿੰਘਾਂ ਨੂੰ ਇਕੱਤਰ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਸਦਾ ਲਈ ਖ਼ਾਲਸੇ ਦਾ ਆਤਮਕ ਆਗੂ ਅਤੇ ਗੁਰੂ ਥਾਪ ਕੇ ਜੋਤੀ ਜੋਤ ਸਮਾ ਗਏ। ਇਸ ਪਵਿੱਤਰ ਸਥਾਨ ’ਤੇ ‘ਸੱਚਖੰਡ ਸ੍ਰੀ ਹਜ਼ੂਰ ਸਾਹਿਬ’ ਜਾਂ ‘ਅਬਚਲ ਨਗਰ’ ਦਾ ਪ੍ਰਸਿੱਧ ਗੁਰਦੁਆਰਾ ਅਤੇ ਤਖ਼ਤ ਸਾਹਿਬ ਸੁਸ਼ੋਭਿਤ ਹੈ। ਪੰਜਾਬ ਆ ਕੇ ਬਾਬਾ ਬੰਦਾ ਸਿੰਘ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਖਾਲਸਾ ਰਾਜ ਕਾਇਮ ਕੀਤਾ। ਭਾਵੇਂ ਕਿ ਉਹ ਆਪਣਾ ਰਾਜ ਕਾਇਮ ਨਾ ਰਖ ਸਕਿਆ ਪਰ ਮੁ.ਗਲ ਹਕੂਮਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਬਾਦ ਵਿਚ ਮਿਸਲਾਂ ਦਾ ਰਾਜ ਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਹੋਇਆ, ਜਿਸ ਨੇ ਅ.ਫਗਾਨ ਹਮਲਾਵਰਾਂ ਦੇ ਹਮਲਿਆਂ ਤੋਂ ਭਾਰਤ ਨੂੰ ਛੁਟਕਾਰਾ ਦੁਆਇਆ। ਗੁਰੂ ਸਾਹਿਬਾਨ ਦੀਆਂ ਘਾਲਣਾ ਦਾ ਸਿੱਟਾ ਹੀ ਹੈ ਕਿ ਅੱਜ ਸਿੱਖ ਸਾਰੀ ਦੁਨੀਆਂ ਵਿਚ ਆਨੰਦਮਾਣ ਰਹਿ ਹਨ ਤੇ ਨਾਮਣਾ ਖੱਟ ਰਹਿ ਹਨ।

# ਸੁੰਦਰ ਕੁਦਰਤੀ ਨਜ਼ਾਰਿਆਂ ਅਤੇ ਇਤਿਹਾਸ ਦੀ ਧਰਤੀ ਕਰੋਏਸ਼ੀਆ

ਗੁਰਭਿੰਦਰ ਗੁਰੀ
+447951 590424



ਇੱਥੇ ਹਜ਼ਾਰ ਤੋਂ ਵੱਧ ਟਾਪੂ ਹਨ, ਜਿਨ੍ਹਾਂ ਵਿੱਚੋਂ ਕੁਝ ਹੀ ਅਬਾਦ ਹਨ। ਕਰੋਏਸ਼ੀਆ ਦੇ ਪਾਸ ਐਡ੍ਰਿਆਟਿਕ ਸਮੁੰਦਰ ਦਾ ਲੰਮਾ ਤੱਟ ਹੈ, ਜੋ ਯੂਰਪ ਦੇ ਸਭ ਤੋਂ ਖੂਬਸੂਰਤ ਤੱਟਾਂ ਵਿੱਚ ਗਿਣਿਆ ਜਾਂਦਾ ਹੈ। ਕਰੋਏਸ਼ੀਆ ਦਾ ਇਤਿਹਾਸ ਬਹੁਤ ਹੀ ਵਿਭਿੰਨ ਹੈ। ਇਹ ਪਹਿਲਾਂ ਰੋਮਨ ਸਾਮਰਾਜ ਦਾ ਹਿੱਸਾ ਸੀ, ਫਿਰ ਵੇਨਿਸੀਅਨ ਰਾਜ ਦੇ ਅਧੀਨ ਆਈ, ਤੇ ਬਾਅਦ ਵਿੱਚ ਆਸਟ੍ਰੋ-ਹੰਗੇਰੀਅਨ ਸਮਰਾਜ ਵਿੱਚ ਸ਼ਾਮਲ ਹੋਈ। 1991 ਵਿੱਚ, ਕਰੋਏਸ਼ੀਆ ਨੇ ਯੂਗੋਸਲਾਵੀਆ ਤੋਂ ਆਜ਼ਾਦੀ ਹਾਸਲ ਕੀਤੀ। ਕਰੋਏਸ਼ੀਆ ਯੂਰਪ ਦੇ ਦੱਖਣ-ਪੂਰਬ ਵਿੱਚ ਸਥਿਤ ਇੱਕ ਖੂਬਸੂਰਤ ਦੇਸ਼ ਹੈ, ਜੋ ਆਪਣੀ ਕੁਦਰਤੀ ਸੁੰਦਰਤਾ, ਇਤਿਹਾਸਕ ਵਿਰਾਸਤ ਅਤੇ ਸਮੁੰਦਰੀ ਤੱਟਾਂ ਲਈ ਦੁਨੀਆ ਭਰ ਵਿੱਚ ਮਸ਼ਹੂਰ ਹੈ। ਇਸ ਦੇਸ਼ ਦੀ ਰਾਜਧਾਨੀ ਜ਼ਾਗਰੇਬ ਹੈ, ਜਿੱਥੇ ਪੁਰਾਣੀਆਂ ਇਮਾਰਤਾਂ, ਆਧੁਨਿਕ ਕੈਫੇ ਅਤੇ ਸੱਭਿਆਚਾਰਕ ਮੇਲੇ ਯਾਤਰੀਆਂ ਨੂੰ ਖਿੱਚਦੇ ਹਨ।

ਭੂਗੋਲ ਅਤੇ ਮੌਸਮ-ਕਰੋਏਸ਼ੀਆ ਦੇ ਪਾਸ ਐਡ੍ਰਿਆਟਿਕ ਸਮੁੰਦਰ ਦਾ ਲੰਮਾ ਤੱਟ ਹੈ, ਜੋ ਯੂਰਪ ਦੇ ਸਭ ਤੋਂ ਖੂਬਸੂਰਤ ਤੱਟਾਂ ਵਿੱਚ ਗਿਣਿਆ ਜਾਂਦਾ ਹੈ। ਇੱਥੇ ਦਾ ਮੌਸਮ ਤੱਟੀ ਇਲਾਕਿਆਂ ਵਿੱਚ ਹਲਕਾ ਅਤੇ ਸੁਹਾਵਣਾ ਹੈ, ਜਦਕਿ ਅੰਦਰੂਨੀ ਇਲਾਕਿਆਂ ਵਿੱਚ ਸਰਦੀਆਂ ਠੰਢੀਆਂ ਹੁੰਦੀਆਂ ਹਨ।

ਇਤਿਹਾਸਕ ਮਹੱਤਤਾ-ਕਰੋਏਸ਼ੀਆ ਦਾ ਇਤਿਹਾਸ ਹਜ਼ਾਰਾਂ ਸਾਲ ਪੁਰਾਣਾ ਹੈ। ਇਹ ਥਾਂ ਰੋਮਨ ਸਾਮਰਾਜ, ਵੇਨਿਸੀਅਨ ਰਾਜ ਤੇ ਆਸਟ੍ਰੋ-ਹੰਗੇਰੀਅਨ ਸਮਰਾਜ ਦਾ ਹਿੱਸਾ ਰਹੀ ਹੈ। ਇਸ ਕਰਕੇ ਇੱਥੇ ਵੱਖ-ਵੱਖ ਸੱਭਿਆਚਾਰਾਂ ਅਤੇ ਵਾਸਤੁਕਲਾਂ ਦਾ ਮਿਲਾਪ ਮਿਲਦਾ ਹੈ। ਡੁਬਰੋਵਨਿਕ ਸ਼ਹਿਰ, ਜਿਸਨੂੰ "ਐਡ੍ਰਿਆਟਿਕ ਦਾ ਮੋਤੀ" ਕਿਹਾ ਜਾਂਦਾ ਹੈ, ਆਪਣੀ ਮਜ਼ਬੂਤ ਕਿਲ੍ਹੇਦਾਰੀ ਕੰਧਾਂ ਲਈ ਮਸ਼ਹੂਰ ਹੈ।

ਪਰਯਟਨ ਸਥਾਨ-ਪਲਿਟਵਿਸੇ ਝੀਲਾਂ ਰਾਸ਼ਟਰੀ ਉਦਿਆਨ - 16 ਸੁੰਦਰ ਝੀਲਾਂ ਅਤੇ ਝਰਨਿਆਂ ਨਾਲ ਭਰਪੂਰ।

ਸਪਲਿਟ-ਰੋਮਨ ਯੁੱਗ ਦਾ ਡਾਇਓਕਲੇਸ਼ਨ ਮਹਲ।

ਹਵਾਰ ਟਾਪੂ - ਲੈਂਡਰ ਫੁੱਲਾਂ ਦੀ ਮਹਿਕ ਤੇ ਰੌਣਕ ਭਰੀ ਰਾਤੀ ਜ਼ਿੰਦਗੀ ਲਈ ਪ੍ਰਸਿੱਧ।

ਖਾਣ-ਪੀਣ-ਕਰੋਏਸ਼ੀਆਈ ਰਸੋਈ ਵਿੱਚ ਮੱਛੀ, ਸਮੁੰਦਰੀ ਭੋਜਨ, ਓਲੀਵ ਆਇਲ ਅਤੇ ਤਾਜ਼ੀਆਂ ਸਬਜ਼ੀਆਂ ਦੀ ਵੱਧ ਵਰਤੋਂ ਹੁੰਦੀ ਹੈ। ਇੱਥੇ ਦੀ "ਪੇਕਾ" ਨਾਮਕ ਪਰੰਪਰਾਗਤ ਡਿਸ਼ ਬਹੁਤ ਮਸ਼ਹੂਰ ਹੈ। ਕਰੋਏਸ਼ੀਆ ਇੱਕ ਅਜਿਹਾ ਦੇਸ਼ ਹੈ ਜਿੱਥੇ ਕੁਦਰਤ, ਇਤਿਹਾਸ ਅਤੇ ਆਧੁਨਿਕਤਾ ਦਾ ਸੁੰਦਰ ਮੇਲ ਹੈ। ਚਾਹੇ ਤੁਸੀਂ ਸਮੁੰਦਰੀ ਤੱਟਾਂ ਦਾ ਆਨੰਦ ਲੈਣਾ ਚਾਹੁੰਦੇ ਹੋ ਜਾਂ ਪੁਰਾਣੇ ਕਿਲ੍ਹਿਆਂ ਦੀ ਖੋਜ!

ਕਰੋਏਸ਼ੀਆ - ਸੁੰਦਰਤਾ, ਇਤਿਹਾਸ ਅਤੇ ਸੱਭਿਆਚਾਰ ਦਾ ਦੇਸ਼-ਕਰੋਏਸ਼ੀਆ ਯੂਰਪ ਦੇ ਦੱਖਣ-ਪੂਰਬ ਵਿੱਚ ਸਥਿਤ ਇੱਕ ਛੋਟਾ ਪਰ ਬਹੁਤ ਹੀ ਖੂਬਸੂਰਤ ਦੇਸ਼ ਹੈ। ਇਸ ਦਾ ਰੂਪ-



ਰੰਗ, ਸਮੁੰਦਰੀ ਤੱਟਾਂ ਦੀ ਖੂਬਸੂਰਤੀ, ਹਰੇ-ਭਰੇ ਪਹਾੜ, ਪੁਰਾਣੀਆਂ ਇਮਾਰਤਾਂ ਅਤੇ ਗਹਿਰਾ ਇਤਿਹਾਸ ਇਸਨੂੰ ਯਾਤਰੀਆਂ ਲਈ ਸੁਪਨਿਆਂ ਵਾਲੀ ਮੰਜ਼ਿਲ ਬਣਾ ਦਿੰਦੇ ਹਨ।

ਭੂਗੋਲ ਅਤੇ ਮੌਸਮ-ਕਰੋਏਸ਼ੀਆ ਦੀ ਸੀਮਾ ਸਲੋਵੇਨੀਆ, ਹੰਗਰੀ, ਸਰਬੀਆ, ਬੋਸਨੀਆ ਤੇ ਹਰਜ਼ੇਗੋਵੀਨਾ ਤੇ ਮੋਂਟੇਨੇਗਰੋ ਨਾਲ ਲੱਗਦੀ ਹੈ, ਜਦਕਿ ਪੱਛਮੀ ਪਾਸੇ ਐਡ੍ਰਿਆਟਿਕ ਸਮੁੰਦਰ ਹੈ। ਇੱਥੇ ਹਜ਼ਾਰ ਤੋਂ ਵੱਧ ਟਾਪੂ ਹਨ, ਜਿਨ੍ਹਾਂ ਵਿੱਚੋਂ ਕੁਝ ਹੀ ਅਬਾਦ ਹਨ।

ਤੱਟੀ ਮੌਸਮ - ਹਲਕਾ ਤੇ ਸਮੁੰਦਰੀ ਹਵਾ ਨਾਲ ਭਰਪੂਰ।

ਅੰਦਰੂਨੀ ਮੌਸਮ - ਸਰਦੀਆਂ ਠੰਢੀਆਂ ਅਤੇ ਬਰਫ਼ ਵਾਲੀਆਂ, ਗਰਮੀਆਂ ਵਿੱਚ ਹਲਕਾ ਗਰਮ।

ਇਤਿਹਾਸਕ ਝਲਕ-ਕਰੋਏਸ਼ੀਆ ਦਾ ਇਤਿਹਾਸ ਬਹੁਤ ਹੀ ਵਿਭਿੰਨ ਹੈ। ਇਹ ਪਹਿਲਾਂ ਰੋਮਨ ਸਾਮਰਾਜ ਦਾ ਹਿੱਸਾ ਸੀ, ਫਿਰ ਵੇਨਿਸੀਅਨ ਰਾਜ ਦੇ ਅਧੀਨ ਆਈ, ਤੇ ਬਾਅਦ ਵਿੱਚ ਆਸਟ੍ਰੋ-ਹੰਗੇਰੀਅਨ ਸਮਰਾਜ ਵਿੱਚ ਸ਼ਾਮਲ ਹੋਈ। 1991 ਵਿੱਚ, ਕਰੋਏਸ਼ੀਆ ਨੇ ਯੂਗੋਸਲਾਵੀਆ ਤੋਂ ਆਜ਼ਾਦੀ ਹਾਸਲ ਕੀਤੀ। ਇਸ ਤੋਂ ਬਾਅਦ, ਇਹ ਦੇਸ਼ ਤੇਜ਼ੀ ਨਾਲ ਵਿਕਸਤ ਹੋ ਰਿਹਾ ਹੈ।

ਅਰਥਵਿਵਸਥਾ-ਕਰੋਏਸ਼ੀਆ ਦੀ ਅਰਥਵਿਵਸਥਾ ਵਿੱਚ ਪਰਯਟਨ ਸਭ ਤੋਂ ਵੱਡਾ ਯੋਗਦਾਨ ਦੇਂਦਾ ਹੈ। ਹਰ ਸਾਲ ਲੱਖਾਂ ਸੈਲਾਨੀ ਇੱਥੇ ਦੇ ਸਮੁੰਦਰੀ ਤੱਟਾਂ, ਰਾਸ਼ਟਰੀ ਉਦਿਆਨਾਂ ਅਤੇ ਇਤਿਹਾਸਕ ਸ਼ਹਿਰਾਂ ਦਾ ਆਨੰਦ ਮਾਣਨ ਆਉਂਦੇ ਹਨ।

ਮੁੱਖ ਖੇਤਰ - ਪਰਯਟਨ, ਖੇਤੀਬਾੜੀ, ਜਹਾਜ਼ ਸਾਜ਼ੀ, ਖਾਦਯ ਪ੍ਰਸੰਸਕਰਨ।

ਮੁੱਖ ਉਤਪਾਦ - ਸ਼ਰਾਬ, ਓਲੀਵ ਆਇਲ, ਮੱਛੀ ਅਤੇ ਫਲ-ਸਬਜ਼ੀਆਂ।

ਸੱਭਿਆਚਾਰ ਤੇ ਰਿਵਾਜ-ਕਰੋਏਸ਼ੀਆਈ ਸੱਭਿਆਚਾਰ 'ਚ ਮੱਧ-ਯੂਰਪੀ, ਮੈਡੀਟਰੇਨੀਅਨ ਤੇ ਬਾਲਕਨ ਪ੍ਰਭਾਵ ਦਾ ਮਿਲਾਪ ਹੈ।

ਭਾਸ਼ਾ - ਕਰੋਏਸ਼ੀਆਈ।

ਧਰਮ - ਰੋਮਨ ਕੈਥੋਲਿਕ ਬਹੁਗਿਣਤੀ।

ਤਿਉਹਾਰ - ਡੁਬਰੋਵਨਿਕ ਸਮਰ ਫੈਸਟੀਵਲ, ਸਪਲਿਟ ਸੰਗੀਤ ਮੇਲਾ।

ਮਸ਼ਹੂਰ ਯਾਤਰਾ ਸਥਾਨ

1. ਡੁਬਰੋਵਨਿਕ - "ਐਡ੍ਰਿਆਟਿਕ ਦਾ ਮੋਤੀ" ਕਿਹਾ ਜਾਂਦਾ ਹੈ, ਪੁਰਾਣੀਆਂ ਕੰਧਾਂ ਅਤੇ ਸਮੁੰਦਰੀ ਦ੍ਰਿਸ਼ਾਂ ਲਈ ਮਸ਼ਹੂਰ।

2. ਪਲਿਟਵਿਸੇ ਝੀਲਾਂ ਰਾਸ਼ਟਰੀ ਉਦਿਆਨ - ਝਰਨਿਆਂ ਅਤੇ ਹਰੇ-ਭਰੇ ਜੰਗਲਾਂ ਨਾਲ ਭਰਪੂਰ।

3. ਸਪਲਿਟ - ਡਾਇਓਕਲੇਸ਼ਨ ਮਹਲ ਨਾਲ ਰੋਮਨ ਇਤਿਹਾਸ ਦੀ ਝਲਕ।

4. ਹਵਾਰ ਟਾਪੂ - ਲੈਂਡਰ ਫੁੱਲਾਂ, ਨੀਲੇ ਸਮੁੰਦਰ ਅਤੇ ਰਾਤੀ ਜ਼ਿੰਦਗੀ ਲਈ ਪ੍ਰਸਿੱਧ।

ਖੇਡਾਂ-ਕਰੋਏਸ਼ੀਆ ਫੁਟਬਾਲ, ਟੈਨਿਸ ਅਤੇ ਵਾਟਰ ਸਪੋਰਟਸ ਲਈ ਮਸ਼ਹੂਰ ਹੈ। 2018 ਵਿੱਚ, ਕਰੋਏਸ਼ੀਆ ਦੀ ਫੁਟਬਾਲ ਟੀਮ ਫੀਫਾ ਵਿਸ਼ਵ ਕੱਪ ਦੇ ਫਾਈਨਲ ਵਿੱਚ ਪਹੁੰਚੀ, ਜਿਸ ਨਾਲ ਦੇਸ਼ ਦਾ ਨਾਮ ਵਿਸ਼ਵ ਪੱਧਰ 'ਤੇ ਹੋਰ ਚਮਕਿਆ।

ਖਾਣ-ਪੀਣ-ਕਰੋਏਸ਼ੀਆਈਭੋਜਨ ਵਿੱਚ ਮੈਡੀਟਰੇਨੀਅਨ ਸੁਆਦ ਦਾ ਪ੍ਰਭਾਵ ਹੈ।

ਪੇਕਾ - ਮਾਸ ਜਾਂ ਮੱਛੀ ਨੂੰ ਸਬਜ਼ੀਆਂ ਨਾਲ ਹੌਲੀ ਹੌਲੀ ਪਕਾਇਆ ਜਾਂਦਾ ਹੈ।

ਬ੍ਰੋਡੇਟ - ਮੱਛੀ ਅਤੇ ਸਮੁੰਦਰੀ ਭੋਜਨ ਦੀ ਸਟਿਊ।

ਓਲੀਵ ਆਇਲ - ਹਰ ਭੋਜਨ ਦਾ ਅਟੁੱਟ ਹਿੱਸਾ।

ਕਰੋਏਸ਼ੀਆ ਇਕ ਅਜਿਹਾ ਦੇਸ਼ ਹੈ ਜੋ ਕੁਦਰਤੀ ਸੁੰਦਰਤਾ, ਇਤਿਹਾਸ, ਸੱਭਿਆਚਾਰ ਅਤੇ ਆਧੁਨਿਕ ਜੀਵਨ ਦਾ ਸ਼ਾਨਦਾਰ ਮੇਲ ਹੈ। ਚਾਹੇ ਤੁਸੀਂ ਸਮੁੰਦਰੀ ਤੱਟਾਂ 'ਤੇ ਆਰਾਮ ਕਰਨਾ ਚਾਹੁੰਦੇ ਹੋ, ਇਤਿਹਾਸਕ ਕਿਲ੍ਹਿਆਂ ਦੀ ਖੋਜ ਕਰਨੀ ਹੋਵੇ ਜਾਂ ਖੇਡਾਂ ਅਤੇ ਸੰਗੀਤ ਮੇਲਿਆਂ ਦਾ ਆਨੰਦ ਲੈਣਾ ਹੋਵੇ, ਕਰੋਏਸ਼ੀਆ ਹਰ ਕਿਸੇ ਲਈ ਕੁਝ ਨਾ ਕੁਝ ਖਾਸ ਰੱਖਦਾ ਹੈ।

ਕਰੋਏਸ਼ੀਆ - ਪੰਜਾਬੀ ਯਾਤਰਾ ਗਾਈਡ

1. ਕਰੋਏਸ਼ੀਆ ਕਿਉਂ ਘੁੰਮਣ ਜਾਵੇ ?

ਕਰੋਏਸ਼ੀਆ ਆਪਣੀ ਨੀਲੇ ਸਮੁੰਦਰ ਦੀ ਚਮਕ, ਹਰੇ-ਭਰੇ ਟਾਪੂਆਂ, ਪੁਰਾਣੇ ਕਿਲ੍ਹਿਆਂ ਅਤੇ ਇਤਿਹਾਸਕ ਸ਼ਹਿਰਾਂ ਲਈ ਮਸ਼ਹੂਰ ਹੈ। ਇਹ ਯੂਰਪ ਦੇ ਉਹਨਾਂ ਦੇਸ਼ਾਂ ਵਿੱਚੋਂ ਇੱਕ ਹੈ, ਜਿੱਥੇ ਤੁਸੀਂ ਕੁਦਰਤੀ ਸੁੰਦਰਤਾ ਅਤੇ ਸੱਭਿਆਚਾਰਕ ਵਿਰਾਸਤ ਦਾ ਇੱਕੋ ਵੇਲੇ ਆਨੰਦ ਮਾਣ ਸਕਦੇ ਹੋ।

2. ਵੀਜ਼ਾ ਜਾਣਕਾਰੀ

ਵੀਜ਼ਾ ਕਿਸਮ: ਕਰੋਏਸ਼ੀਆ ਸ਼ੇਂਗਨ ਜ਼ੋਨ ਦਾ ਹਿੱਸਾ ਹੈ, ਇਸ ਲਈ ਸ਼ੇਂਗਨ ਵੀਜ਼ਾ ਨਾਲ ਤੁਸੀਂ ਇੱਥੇ ਆ ਸਕਦੇ ਹੋ।

ਲਾਗੂ ਸਮਾਂ: ਆਮ ਤੌਰ 'ਤੇ 15-20 ਦਿਨ ਲੱਗ ਸਕਦੇ ਹਨ।

ਲੋੜੀਂਦੇ ਦਸਤਾਵੇਜ਼ : ਪਾਸਪੋਰਟ (ਘੱਟੋ-ਘੱਟ 6 ਮਹੀਨੇ ਵੈਧ) ਵੀਜ਼ਾ ਅਰਜ਼ੀ ਫਾਰਮ, ਫੋਟੋਆਂ, ਹੋਟਲ ਬੁਕਿੰਗ ਅਤੇ ਯਾਤਰਾ ਯੋਜਨਾ, ਬੈਂਕ ਸਟੇਟਮੈਂਟ, ਯਾਤਰਾ ਬੀਮਾ

3. ਘੁੰਮਣ ਦਾ ਸਭ ਤੋਂ ਵਧੀਆ ਸਮਾਂ-ਮਈ ਤੋਂ ਸਤੰਬਰ - ਸਮੁੰਦਰੀ ਤੱਟਾਂ ਅਤੇ ਟਾਪੂਆਂ ਦਾ ਆਨੰਦ ਲੈਣ ਲਈ। ਅਕਤੂਬਰ ਤੋਂ ਅਪ੍ਰੈਲ - ਸ਼ਾਂਤ ਮਾਹੌਲ ਅਤੇ ਘੱਟ ਭੀੜ, ਪਰ ਕੁਝ ਟੂਰਿਸਟ ਸੇਵਾਵਾਂ ਬੰਦ ਹੋ ਸਕਦੀਆਂ ਹਨ।

4. ਮੁੱਖ ਯਾਤਰਾ ਸਥਾਨ

1. ਡੁਬਰੋਵਨਿਕ - ਪੁਰਾਣੀਆਂ ਕੰਧਾਂ, ਸਮੁੰਦਰੀ ਦ੍ਰਿਸ਼, ਅਤੇ ਟੀਵੀ ਸੀਰੀਜ਼ ਗੇਮ ਆਫ ਥ੍ਰੋਨਜ਼ ਦੀ ਸ਼ੂਟਿੰਗ ਲਈ ਮਸ਼ਹੂਰ।

2. ਪਲਿਟਵਿਸੇ ਝੀਲਾਂ ਰਾਸ਼ਟਰੀ ਉਦਿਆਨ - ਝਰਨਿਆਂ ਅਤੇ ਝੀਲਾਂ ਨਾਲ ਭਰਪੂਰ ਕੁਦਰਤੀ ਸੁਰਗ।

3. ਸਪਲਿਟ - ਡਾਇਓਕਲੇਸ਼ਨ ਮਹਲ ਅਤੇ ਰੌਣਕ ਭਰੀ ਰਾਤੀ ਜ਼ਿੰਦਗੀ।

4. ਹਵਾਰ ਟਾਪੂ - ਸੂਰਜ ਡੁੱਬਣ ਦੇ ਦ੍ਰਿਸ਼ ਅਤੇ ਨਾਈਟ ਕਲੱਬਾਂ ਲਈ ਪ੍ਰਸਿੱਧ।

5. ਜ਼ਾਗਰੇਬ - ਰਾਜਧਾਨੀ ਸ਼ਹਿਰ, ਇਤਿਹਾਸਕ ਇਮਾਰਤਾਂ ਤੇ ਆਧੁਨਿਕ ਕੈਫੇ।

5. ਯਾਤਰਾ ਟਿੱਪਸ

ਮੁਦਰਾ: ਕਰੋਏਸ਼ੀਆਈ ਕੁਨਾ - ਪਰ 2023 ਤੋਂ ਯੂਰੋ ਵਰਤੋਂ ਵਿੱਚ।

ਆਵਾਜਾਈ:

ਬੱਸ ਅਤੇ ਟ੍ਰੇਨ ਸਸਤੇ ਵਿਕਲਪ ਹਨ।

ਟਾਪੂਆਂ ਲਈ ਫੈਰੀ ਸੇਵਾਵਾਂ।

ਭਾਸ਼ਾ: ਕਰੋਏਸ਼ੀਆਈ ਸਰਕਾਰੀ ਭਾਸ਼ਾ ਹੈ, ਪਰ ਟੂਰਿਸਟ ਇਲਾਕਿਆਂ ਵਿੱਚ ਅੰਗ੍ਰੇਜ਼ੀ ਚੱਲਦੀ ਹੈ।

ਸੁਰੱਖਿਆ: ਕਰੋਏਸ਼ੀਆ ਯਾਤਰੀਆਂ ਲਈ ਸੁਰੱਖਿਅਤ ਦੇਸ਼ ਹੈ, ਪਰ ਹਮੇਸ਼ਾ ਆਪਣੀਆਂ ਚੀਜ਼ਾਂ 'ਤੇ ਧਿਆਨ ਰੱਖੋ।

6. ਖਾਣ-ਪੀਣ ਦੀ ਸਿਫਾਰਸ਼

ਪੇਕਾ - ਮਾਸ ਜਾਂ ਮੱਛੀ ਨੂੰ ਸਬਜ਼ੀਆਂ ਨਾਲ ਹੌਲੀ ਹੌਲੀ ਪਕਾਇਆ ਹੋਇਆ ਭੋਜਨ।

ਬ੍ਰੋਡੇਟ - ਸਮੁੰਦਰੀ ਭੋਜਨ ਦੀ ਸਟਿਊ।

ਓਲੀਵ ਆਇਲ - ਤਾਜ਼ਾ ਸਲਾਦਾਂ ਵਿੱਚ ਵੱਧ ਵਰਤੋਂ।

ਸਥਾਨਕ ਵਾਈਨ - ਕਰੋਏਸ਼ੀਆ ਦੀਆਂ ਵਾਈਨਾਂ ਯੂਰਪ ਭਰ ਵਿੱਚ ਮਸ਼ਹੂਰ ਹਨ।

7. ਲਗਭਗ ਖਰਚਾ (7 ਦਿਨਾਂ ਦੀ ਯਾਤਰਾ ਲਈ)

ਵੀਜ਼ਾ ਅਤੇ ਬੀਮਾ - 7,000 - 9,000

ਫਲਾਈਟ - 45,000 - 60,000 (ਆਉਣਾ-ਜਾਣਾ)

ਰਿਹਾਇਸ਼ - 4,000 - 10,000 ਪ੍ਰਤੀ ਰਾਤ (ਹੋਟਲ ਦੇ ਅਨੁਸਾਰ)

ਭੋਜਨ - 1,000 - 2,500 ਪ੍ਰਤੀ ਦਿਨ

ਆਵਾਜਾਈ ਅਤੇ ਟਿਕਟਾਂ - 5,000 - 10,000

ਖ਼ਾਸ ਸੁਝਾਅ-ਪੁਰਾਣੇ ਸ਼ਹਿਰਾਂ ਵਿੱਚ ਪੈਦਲ ਘੁੰਮਣਾ ਸਭ ਤੋਂ ਵਧੀਆ ਹੈ। ਗਰਮੀਆਂ ਵਿੱਚ ਸਮੁੰਦਰੀ ਤੱਟਾਂ ਤੇ ਭੀੜ ਜ਼ਿਆਦਾ ਹੁੰਦੀ ਹੈ, ਤਾਂ ਪਹਿਲਾਂ ਤੋਂ ਬੁਕਿੰਗ ਕਰਵਾਉ। ਸਥਾਨਕ ਲੋਕਾਂ ਨਾਲ ਗੱਲਬਾਤ ਕਰੋ, ਉਹ ਬਹੁਤ ਦਿਲਚਸਪ ਕਹਾਣੀਆਂ ਅਤੇ ਇਤਿਹਾਸ ਸਾਂਝਾ ਕਰਦੇ ਹਨ।

## ਵਿਸ਼ਵ ਦੇ ਮਹਾਨ ਖਿਡਾਰੀ

# ਵਿਸ਼ਵ ਦੀ ਸਰਬੋਤਮ ਅਥਲੀਟ ਜੈਕੀ ਜੋਏਨਰ

**ਪ੍ਰਿੰ. ਸਰਵਣ ਸਿੰਘ**



ਜੈਕੀ ਜੋਏਨਰ ਦਾ ਪੂਰਾ ਨਾਂ ਜੈਕੁਲਿਨ ਜੋਏਨਰ ਕਰਸੀ ਹੈ। ਉਹਦੀ ਦਾਦੀ ਨੇ ਉਸ ਦਾ ਨਾਂ ਜੈਕੁਲਿਨ 'ਜੈਕੀ ਅਮਰੀਕਾ ਦੀ ਪ੍ਰਥਮ ਲੇਡੀ ਜੈਕੁਲਿਨ ਕਨੇਡੀ ਦੇ ਨਾਂ ਦੀ ਨਕਲ ਕਰਦਿਆਂ ਰੱਖਿਆ ਸੀ। ਉਦੋਂ ਕਿਸੇ ਦੇ ਖ਼ਾਬ ਖਿਆਲ ਵਿਚ ਵੀ ਨਹੀਂ ਹੋਣਾ ਕਿ ਪਛੜੇ ਗਰੀਬ ਘਰ ਦੀ ਬੱਚੀ 20ਵੀਂ ਸਦੀ ਦੀ ਸਭ ਤੋਂ ਤਕੜੀ ਅਥਲੀਟ ਬਣੇਗੀ ਜੋ ਖੇਡਾਂ 'ਚ ਸੱਚੀਂ ਅਮਰੀਕਾ ਦੀ ਪ੍ਰਥਮ ਲੇਡੀ ਸਾਬਤ ਹੋਵੇਗੀ। ਉਹ ਆਪਣੀ ਸਖ਼ਤ ਮਿਹਨਤ ਤੇ ਕੋਚਾਂ ਦੀ ਸੁਚੱਜੀ ਕੋਚਿੰਗ ਨਾਲ ਐਸੀ ਸਰਬਪੱਖੀ ਅਥਲੀਟ ਬਣੀ ਕਿ ਉਸ ਨੂੰ ਮਿਲੇ ਵਿਸ਼ਵ ਪੱਧਰ ਦੇ ਮਾਣ ਸਨਮਾਨਾਂ ਦਾ ਕੋਈ ਅੰਤ ਨਾ ਰਿਹਾ। ਹੁਣ ਉਹ ਪੁੰਗਰਦੇ ਖਿਡਾਰੀਆਂ ਨੂੰ ਵੱਡੀਆਂ ਮੱਲਾਂ ਮਾਰਨ ਲਈ ਤਿਆਰ ਕਰ ਰਹੀ ਹੈ।

ਜਿਵੇਂ ਮਰਦਾਂ ਦਾ ਸਭ ਤੋਂ ਔਖਾ ਈਵੈਂਟ ਡੀਕੈਥਲਨ ਗਿਣਿਆ ਜਾਂਦਾ ਹੈ ਉਵੇਂ ਔਰਤਾਂ ਦਾ ਸਭ ਤੋਂ ਔਖਾ ਈਵੈਂਟ ਹੈਪਟੈਥਲਨ ਹੈ। ਉਸ ਵਿਚ 100 ਮੀਟਰ ਹਰਡਲਜ਼ ਦੌੜ, ਉੱਚੀ ਛਾਲ, ਗੋਲਾ ਸੁੱਟਣਾ, 200 ਮੀਟਰ ਦੌੜ, ਲੰਮੀ ਛਾਲ, ਜੈਵਲਿਨ ਸੁੱਟਣਾ ਤੇ 800 ਮੀਟਰ ਦੌੜ ਦੇ ਈਵੈਂਟ ਹੁੰਦੇ ਹਨ। ਹਰੇਕ ਈਵੈਂਟ ਦੀ ਕਾਰਗੁਜ਼ਾਰੀ ਅਨੁਸਾਰ ਅੰਕ ਜੋੜੇ ਜਾਂਦੇ ਹਨ। ਸਿਓਲ-1988 ਦੀਆਂ ਓਲੰਪਿਕ ਖੇਡਾਂ 'ਚ ਹੈਪਟੈਥਲਨ ਦਾ 7291 ਅੰਕਾਂ ਦਾ ਵਿਸ਼ਵ ਰਿਕਾਰਡ ਅਜੇ ਵੀ ਉਹਦੇ ਨਾਂ ਖੜ੍ਹਾ ਹੈ। ਉਥੇ ਉਸ ਨੇ 100 ਮੀਟਰ ਹਰਡਲਜ਼ ਦੌੜ 12.69 ਸਕਿੰਟ, 200 ਮੀਟਰ 22.56 ਸਕਿੰਟ, 800 ਮੀਟਰ 2 ਮਿੰਟ 8.51 ਸਕਿੰਟ, ਲੰਮੀ ਛਾਲ 7.27 ਮੀਟਰ ਤੇ ਉੱਚੀ ਛਾਲ 1.86 ਮੀਟਰ ਵਿਚ ਲਾਈ। ਗੋਲ਼ਾ 15.80 ਮੀਟਰ ਤੇ ਜੈਵਲਿਨ 45.66 ਮੀਟਰ ਸੁੱਟਿਆ। ਉਹਦੇ ਸਭ ਤੋਂ ਵੱਧ ਅੰਕ ਲੰਮੀ ਛਾਲ ਦੇ ਹੁੰਦੇ ਸਨ ਜਿਸ ਵਿਚ ਉਹ ਵਿਸ਼ਵ ਚੈਂਪੀਅਨ ਵੀ ਬਣਦੀ ਰਹੀ।


ਉਂਜ ਉਸ ਦਾ 100 ਮੀਟਰ ਹਰਡਲਜ਼ ਦੌੜ ਦਾ ਬਿਹਤਰੀਨ ਸਮਾਂ 12.61 ਸਕਿੰਟ, ਲੰਮੀ ਛਾਲ 7.49 ਮੀਟਰ, ਉੱਚੀ ਛਾਲ 1.93 ਮੀਟਰ, 200 ਮੀਟਰ ਦੌੜ 22.30 ਸਕਿੰਟ, ਸ਼ਾਟ ਪੁੱਟ 16.84 ਮੀਟਰ, ਜੈਵਲਿਨ ਥਰੋਅ 50.12 ਮੀਟਰ ਤੇ 800 ਮੀਟਰ ਦੌੜ 2 ਮਿੰਟ 8.51 ਸਕਿੰਟ ਹੈ।

ਸਿਆਹਫਾਮ ਨਸਲ ਦੀ ਸਧਾਰਨ ਕੁੜੀ ਨੇ ਉਹ ਕੁਝ ਕਰ ਵਿਖਾਇਆ ਜੋ ਕਰੋੜਾਂ ਕੁੜੀਆਂ ਲਈ ਲਟ-ਲਟ ਜਗਦੀ ਮਿਸਾਲ ਹੈ। ਉਸ ਨੇ ਚਾਰ ਓਲੰਪਿਕ ਖੇਡਾਂ 'ਚ ਭਾਗ ਲਿਆ ਜਿਨ੍ਹਾਂ ਵਿਚੋਂ 3 ਗੋਲਡ, 1 ਸਿਲਵਰ ਤੇ 2 ਬ੍ਰੌਂਜ਼ ਮੈਡਲ ਜਿੱਤੇ। ਨੈਸ਼ਨਲ ਤੇ ਇੰਟਰਨੈਸ਼ਨਲ ਅਥਲੈਟਿਕਸ ਮੀਟਾਂ ਦੇ ਅਨੇਕ ਮੈਡਲ ਜਿੱਤਣ ਨਾਲ ਉਸ ਨੇ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ 'ਚੋਂ ਵੀ 4 ਗੋਲਡ ਮੈਡਲ ਜਿੱਤੇ। ਉਹ ਹੁਣ 64ਵੇਂ ਸਾਲ 'ਚ ਵਿਚਰ ਰਹੀ ਹੈ ਅਤੇ ਗਰੀਬ ਬੱਚਿਆਂ ਲਈ ਭਲਾਈ ਸਕੀਮਾਂ ਤੇ ਕਈ ਹੋਰ ਪ੍ਰੋਗਰਾਮ ਚਲਾ ਰਹੀ ਹੈ।

ਉਸ ਦਾ ਜਨਮ ਅਮਰੀਕਾ ਦੀ ਸਟੇਟ ਇਲਨੌਇਸ ਦੇ ਸ਼ਹਿਰ ਈਸਟ ਸੇਂਟ ਲੂਈਸ ਵਿਚ 3 ਮਾਰਚ 1963 ਨੂੰ ਮੇਰੀ ਜੋਏਨਰ ਦੀ ਕੁੱਖੋਂ ਐਲਫ੍ਰੈਡ ਜੋਏਨਰ ਦੇ ਘਰ ਹੋਇਆ ਸੀ। ਉਨ੍ਹਾਂ ਦੇ ਤਿੰਨ ਬੱਚੇ ਹੋਰ ਹਨ। ਅਲ ਜੋਏਨਰ, ਡੇਬਰਾ ਮੈਕਨਾਇਰ ਤੇ ਅੰਗੇਲਾ ਜੋਏਨਰ। ਅਲ ਜੋਏਨਰ ਤੀਹਰੀ ਛਾਲ ਦਾ ਓਲੰਪਿਕ ਚੈਂਪੀਅਨ ਬਣ ਚੁੱਕਾ ਹੈ। ਜੈਕੀ ਨੇ ਆਪਣੀ ਪੜ੍ਹਾਈ ਈਸਟ ਸੇਂਟ ਲੂਈਸ ਸਕੂਲ ਤੋਂ ਕੀਤੀ ਜਿਥੇ ਉਸ ਨੂੰ ਵਾਲੀਬਾਲ, ਬਾਸਕਟਬਾਲ ਤੇ ਅਥਲੈਟਿਕਸ ਆਦਿ ਖੇਡਾਂ ਦੀ ਜਾਗ ਲੱਗੀ।

ਉਹ ਅਜੇ 9 ਸਾਲ ਦੀ ਸੀ ਕਿ ਸਪੈਸ਼ਲ ਕਮਿਊਨਟੀ ਪ੍ਰੋਗਰਾਮ ਵਿਚ ਸ਼ਾਮਲ ਹੋ ਗਈ। ਪਹਿਲਾਂ ਉਹ ਦੁਬਲੀ ਪਤਲੀ ਲੜਕੀ ਸੀ ਪਰ ਖੇਡਾਂ ਖੇਡਦੀ ਦਾ ਸਰੀਰ ਭਰਦਾ ਗਿਆ ਤੇ ਕੱਦ ਕਾਠ ਵੀ ਵਧਦਾ ਗਿਆ। ਉਹਦਾ ਕੱਦ 5 ਫੁੱਟ 10 ਇੰਚ ਹੋ ਗਿਆ ਤੇ ਵਜ਼ਨ ਵੀ 70 ਕਿਲੋ ਦੇ ਨੇੜ ਪੁੱਜ ਗਿਆ। ਅੱਲ੍ਹੜ ਉਮਰੇ ਉਹ ਜੂਨੀਅਰ ਨੈਸ਼ਨਲ ਅਥਲੈਟਿਕਸ ਚੈਂਪੀਅਨਸ਼ਿਪਾਂ 'ਚੋਂ ਪੈਂਟੈਥਲਨ ਦੇ ਮੁਕਾਬਲੇ ਜਿੱਤਣ ਲੱਗ ਪਈ। ਚਾਰ ਵਾਰ ਉਹ ਜੂਨੀਅਰ ਪੈਂਟੈਥਲਨ ਚੈਂਪੀਅਨ ਬਣੀ। ਇਥੋਂ ਤਕ ਕਿ ਸਕੂਲ ਦੀਆਂ ਵਾਲੀਬਾਲ ਤੇ ਬਾਸਕਟਬਾਲ ਟੀਮਾਂ ਨੂੰ ਵੀ ਅੰਤਰ ਸਕੂਲ ਮੁਕਾਬਲਿਆਂ ਵਿਚ ਜਿਤਾਉਣ 'ਚ ਮੋਹਰੀ ਰਹੀ। ਸਕੂਲੀ ਵਿਦਿਆਰਥਣ ਹੁੰਦਿਆਂ ਉਹ ਅਥਲੈਟਿਕਸ ਦੇ ਜੂਨੀਅਰ ਨੈਸ਼ਨਲ ਮੁਕਾਬਲਿਆਂ ਵਿਚ ਛਾ ਗਈ। ਉਸ ਨੇ ਅਜਿਹੀ ਹੋਣਹਾਰੀ ਵਿਖਾਈ ਕਿ 20 ਫੁੱਟ 7.5 ਇੰਚ ਲੰਮੀ ਛਾਲ ਲਾ ਕੇ ਇਲੀਨੋਇਸ ਸਟੇਟ ਦਾ ਨਵਾਂ ਜੂਨੀਅਰ ਰਿਕਾਰਡ ਰੱਖ ਦਿੱਤਾ। ਪੜ੍ਹਾਈ 'ਚ ਵੀ ਉਹ ਬੜੀ ਹੁਸ਼ਿਆਰ ਰਹੀ। ਸਕੂਲ ਦੀ ਗ੍ਰੇਜੂਏਸ਼ਨ ਕਰਦਿਆਂ ਉਸ ਨੂੰ ਯੂਨੀਵਰਸਿਟੀ ਆਫ਼ ਕੈਲੇਫੋਰਨੀਆ, ਲਾਸ ਏਂਜਲਸ ਦਾ ਵਜ਼ੀਫ਼ਾ ਮਿਲ ਗਿਆ ਜਿਥੇ ਅਮਰੀਕਾ ਦਾ ਮੰਨਿਆ ਦੰਨਿਆ ਅਥਲੈਟਿਕਸ ਕੋਚ ਬੌਬ ਕਰਸੀ ਕੋਚਿੰਗ ਦਿੰਦਾ ਸੀ।

ਪਹਿਲਾਂ ਉਹ ਬਾਸਕਟਬਾਲ ਖੇਡਣ ਲੱਗੀ, ਫਿਰ ਵਾਲੀਬਾਲ, ਆਖ਼ਰ ਅਥਲੈਟਿਕਸ ਵੱਲ ਖਿੱਚੀ ਗਈ। ਹੈਰਾਨੀ ਦੀ ਗੱਲ ਇਹ ਹੋਈ ਕਿ ਸੇਂਟ ਲੂਈਸ ਲਿੰਕੋਲਨ ਸੀਨੀਅਰ ਹਾਈ ਸਕੂਲ ਵਿਚ ਪੜ੍ਹਦਿਆਂ ਉਹ 1980 ਦੀਆਂ ਓਲੰਪਿਕ ਖੇਡਾਂ ਲਈ ਅਮਰੀਕਾ ਦੀ ਟੀਮ ਦੇ ਟਰਾਇਲਾਂ ਵੇਲੇ ਫਾਈਨਲ ਰਾਊਂਡ ਲਈ ਕੁਆਲੀਫਾਈ ਕਰ ਗਈ ਤੇ 8ਵੇਂ ਸਥਾਨ 'ਤੇ ਰਹੀ। ਉਹ ਟਰੈਕ ਸਟਾਰ ਬੇਬ ਡਿਡਰਿਕਸਨ ਤੋਂ ਪ੍ਰਭਾਵਿਤ ਹੋ ਕੇ ਹੈਪਟੈਥਲਨ ਕਰਨ ਲੱਗੀ ਸੀ। ਡਿਡਰਿਕਸਨ 20ਵੀਂ ਸਦੀ ਦੇ ਪਹਿਲੇ ਅੱਧ ਦੀ ਸਰਬੋਤਮ ਸਟਾਰ ਅਥਲੀਟ ਚੁਣੀ ਗਈ ਸੀ। ਇਹ ਮਾਣ ਉਸ ਨੂੰ ਸਪੋਰਟਸ ਇਲੱਸਟ੍ਰੇਟਡ ਫਾਰ ਵੋਮਿਨ ਮੈਗਜ਼ੀਨ ਨੇ ਦਿੱਤਾ ਸੀ। ਪੰਦਰਾਂ ਸਾਲਾਂ ਬਾਅਦ ਉਹਦੇ ਤੋਂ ਵੀ ਵੱਡਾ ਸਨਮਾਨ ਜੈਕੀ ਜੋਏਨਰ ਕਰਸੀ ਨੂੰ ਮਿਲਿਆ। ਉਸ ਨੂੰ 20ਵੀਂ ਸਦੀ ਦੀ ਸਰਬੋਤਮ ਅਥਲੀਟ ਐਲਾਨਿਆ ਗਿਆ।



ਜੈਕੀ 1980-85 ਵਿਚ ਯੂਨੀਵਰਸਿਟੀ ਆਫ਼ ਕੈਲੇਫੋਰਨੀਆ, ਲਾਸ ਏਂਜਲਸ ਦੀ ਵਿਦਿਆਰਥਣ ਰਹੀ। ਉਥੇ ਉਹ ਅਥਲੈਟਿਕਸ ਨਾਲ ਯੂਨੀਵਰਸਿਟੀ ਦੀ ਬਾਸਕਟਬਾਲ ਟੀਮ ਵਿਚ ਵੀ ਖੇਡਦੀ ਰਹੀ। ਹਾਲਾਂਕਿ ਵਜ਼ੀਫ਼ਾ ਉਸ ਨੂੰ ਅਥਲੀਟ ਵਜੋਂ ਮਿਲਿਆ ਸੀ। ਉਹ ਨਿੱਤ ਨਵੀਆਂ ਜਿੱਤਾਂ ਵੱਲ ਵਧ ਰਹੀ ਸੀ ਕਿ ਉਹਦੀ ਮਾਂ ਮੈਨਿਨਜਾਈਟਸ ਦੀ ਬਿਮਾਰੀ ਨਾਲ ਅਚਾਨਕ ਮਰ ਗਈ। ਉਥੇ ਬੌਬ ਕਰਸੀ ਉਹਦਾ ਹਮਦਰਦ ਬਣਿਆ ਰਿਹਾ। ਉਸ ਨੇ ਜੈਕੀ ਨੂੰ ਹੌਂਸਲਾ ਤੇ ਦਿਲਾਸਾ ਦਿੱਤਾ। ਔਖੇ ਸਮੇਂ ਕੋਚ ਨੇ ਆਪਣੇ ਟ੍ਰੇਨੀ ਦਾ ਦਿਲ ਧਰਾਇਆ ਤੇ ਉਸ ਨੂੰ ਆਪਣੀ ਖੇਡ ਤੋਂ ਡੋਲਣ ਨਾ ਦਿੱਤਾ। ਇੰਜ ਉਹ ਇਕ ਦੂਜੇ ਦੇ ਹੋਰ ਨੇੜੇ ਆ ਗਏ ਤੇ ਕੁਝ ਸਮੇਂ ਬਾਅਦ ਵਿਆਹ ਬੰਧਨ ਵਿਚ ਬੱਝ ਗਏ। ਉਨ੍ਹਾਂ ਦਾ ਵਿਆਹ ਜੋਏਨਰ ਤੇ ਕਰਸੀ ਪਰਿਵਾਰ ਦੇ ਐਸਾ ਰਾਸ ਆਇਆ ਕਿ ਦੋਹਾਂ ਪਰਿਵਾਰਾਂ ਵਿਚ ਓਲੰਪਿਕ ਚੈਂਪੀਅਨ ਬਣਨ ਲੱਗੇ। ਜੈਕੀ ਜੋਏਨਰ ਦੀ ਨਨਾਣ ਫਲੋਰੈਂਸ ਗ੍ਰਿਫਥ ਜੋਏਨਰ ਵੀ ਓਲੰਪਿਕ ਖੇਡਾਂ 'ਚੋਂ ਮੈਡਲ 'ਤੇ ਮੈਡਲ ਜਿੱਤੀ। ਉਹ ਪਾਲਸ਼ ਕੀਤੇ ਰੰਗੀਨ ਲੰਮੇ ਨਹੁੰਆਂ ਤੇ ਲੰਮੇ ਵਾਲਾਂ ਨਾਲ ਦੌੜਦੀ ਟ੍ਰੈਕ ਨੂੰ ਰੰਗ ਭਾਗ ਲਾਉਂਦੀ। ਉਸ ਨੂੰ ਟ੍ਰੈਕ ਦੀ ਰਾਣੀ ਕਿਹਾ ਜਾਂਦਾ ਪਰ ਉਹਦੀ ਅਧਖੜ ਉਮਰ ਵਿਚ ਹੀ ਸੁੱਤੀ ਪਈ ਦੀ ਮ੍ਰਿਤੂ ਹੋ ਗਈ। ਕਈ ਉਸ ਦੀ ਮ੍ਰਿਤੂ ਨੂੰ ਵਰਜਿਤ ਡੋਪਿੰਗ ਨਾਲ ਵੀ ਜੋੜਦੇ ਰਹੇ।

ਜੈਕੀ ਜੋਏਨਰ ਦੀ ਟ੍ਰੇਨਿੰਗ ਤਾਂ ਭਾਵੇਂ ਸਕੂਲੇ ਪੜ੍ਹਦਿਆਂ ਵੀ ਚਲਦੀ ਸੀ ਪਰ ਵਧੇਰੇ ਸਾਇੰਟੇਫਿਕ ਸਿਖਲਾਈ ਲਾਸ ਏਂਜਲਸ ਦੀ ਯੂਨੀਵਰਸਿਟੀ ਵਿਚ ਸ਼ੁਰੂ ਹੋਈ। ਉਥੇ ਉਹਦਾ ਕੋਚ ਬੌਬ ਕਰਸੀ ਨੂੰ ਮਿਲਣਾ ਉਹਦੇ ਜੀਵਨ 'ਚ ਅਹਿਮ ਮੋੜ ਸੀ। ਤਦ ਤਕ ਉਹ 18 ਸਾਲਾਂ ਦੀ ਹੋ ਗਈ ਸੀ। ਮਾਸਕੋ ਦੀਆਂ ਓਲੰਪਿਕ ਖੇਡਾਂ ਲੰਘ ਗਈਆਂ ਸਨ ਜਿਨ੍ਹਾਂ 'ਚ ਅਮਰੀਕਾ ਨੇ ਭਾਗ ਨਹੀਂ ਸੀ ਲਿਆ। ਉਦੋਂ ਉਸ ਨੇ 1984 ਦੀਆਂ ਓਲੰਪਿਕ ਖੇਡਾਂ 'ਚੋਂ ਮੈਡਲ ਜਿੱਤਣ ਦਾ ਟੀਚਾ ਮਿਥ ਲਿਆ ਜੋ ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਵਿਚ ਹੀ ਹੋਣੀਆਂ ਸਨ। ਉਹਦੇ ਭਾਗਾਂ ਨੂੰ 1981 ਤੋਂ ਔਰਤਾਂ ਲਈ ਪੈਂਟੈਥਲਨ ਦੀ ਥਾਂ ਹੈਪਟੈਥਲਨ ਈਵੈਂਟ ਸ਼ੁਰੂ ਹੋ ਗਿਆ ਸੀ।

ਜੈਕੀ ਜੋਏਨਰ ਬਚਪਨ ਤੋਂ ਦਮੇ ਦੀ ਮਰੀਜ਼ ਸੀ। ਫਿਰ ਵੀ ਉਸ ਨੇ ਦਮੇ ਨੂੰ ਆਪਣੀ ਖੇਡ ਵਿਚ ਰੋੜਾ ਨਾ ਬਣਨ ਦਿੱਤਾ। ਪਰ 1984 ਦੀਆਂ ਓਲੰਪਿਕ ਖੇਡਾਂ ਤੋਂ ਪਹਿਲਾ ਉਹ ਹੈਮਸਟਰਿੰਗ ਖਿੱਚੇ ਜਾਣ ਕਾਰਨ ਕਾਫੀ ਸਮਾਂ ਪ੍ਰੈਕਟਿਸ ਨਹੀਂ ਸੀ ਕਰ ਸਕੀ। ਜਦੋਂ ਠੀਕ ਹੋਈ ਤਾਂ ਮੁੜ ਮੈਦਾਨ ਵਿਚ ਆ ਨਿੱਤਰੀ ਤੇ ਟਰਾਇਲਾਂ ਵਿਚ ਹੈਪਟੈਥਲਨ ਈਵੈਂਟ ਦੇ ਲੋੜੀਂਦੇ ਅੰਕ ਬਣਾ ਕੇ ਅਮਰੀਕਾ ਦੀ ਟੀਮ ਵਿਚ ਚੁਣੀ ਗਈ। ਓਲੰਪਿਕ ਖੇਡਾਂ ਵਿਚ ਬੜਾ ਜਬਰਦਸਤ ਮੁਕਾਬਲਾ ਹੋਇਆ। ਕੇਵਲ 5 ਅੰਕਾਂ ਦੇ ਫਰਕ ਨਾਲ ਉਹ ਗੋਲਡ ਮੈਡਲ ਜਿੱਤਦੀ-ਜਿੱਤਦੀ ਸਿਲਵਰ ਮੈਡਲ ਹੀ ਜਿੱਤ ਸਕੀ। ਪਰ ਉਸ ਜਿੱਤ ਨਾਲ ਉਹਦਾ ਓਲੰਪਿਕ ਖੇਡਾਂ 'ਚੋਂ ਮੈਡਲ ਜਿੱਤਣ ਦਾ ਦੌਰ ਸ਼ੁਰੂ ਹੋ ਗਿਆ। 1985 ਵਿਚ ਉਸ ਨੇ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕਰ ਲਈ ਤੇ 1986 ਵਿਚ ਉਹਦਾ ਕੋਚ ਬੌਬ ਕਰਸੀ ਨਾਲ ਵਿਆਹ ਹੋ ਗਿਆ। ਤਦ ਤਕ ਉਹ 23 ਸਾਲਾਂ ਦੀ ਹੋ ਚੁੱਕੀ ਸੀ।

7 ਜੁਲਾਈ 1986 ਨੂੰ ਮਾਸਕੋ ਦੀਆਂ ਗੁਡਵਿੱਲ ਗੇਮਜ਼ ਵਿਚ ਉਸ ਨੇ ਹੈਪਟੈਥਲਨ ਦੇ ਈਵੈਂਟ 'ਚੋਂ 7148 ਅੰਕ ਹਾਸਲ ਕਰ ਕੇ ਨਵਾਂ ਵਿਸ਼ਵ ਰਿਕਾਰਡ ਸਥਾਪਿਤ ਕਰ ਦਿੱਤਾ। ਉਹ ਪਹਿਲੇ ਵਿਸ਼ਵ ਰਿਕਾਰਡ ਤੋਂ 202 ਅੰਕ ਵੱਧ ਸੀ। ਇਹ ਵਰਣਨਯੋਗ ਹੈ ਕਿ ਹੈਪਟੈਥਲਨ ਵਿਚ 7000 ਅੰਕਾਂ ਦਾ ਬੈਰੀਅਰ ਪਹਿਲੀ ਵਾਰ ਜੈਕੀ ਜੋਏਨਰ ਨੇ ਹੀ ਤੋੜਿਆ ਜੋ ਬਾਅਦ ਵਿਚ ਟੁੱਟਦਾ ਹੋਇਆ 7291 ਅੰਕਾਂ ਤਕ ਜਾ ਪੁੱਜਾ। ਇਹ ਮਾਅਰਕਾ ਜੈਕੀ ਨੇ ਸਿਓਲ-1988 ਦੀਆਂ ਓਲੰਪਿਕ ਖੇਡਾਂ ਵਿਚ ਮਾਰਿਆ। ਉਥੇ ਉਸ ਨੇ 2 ਗੋਲਡ ਮੈਡਲ ਜਿੱਤੇ। ਦੂਜਾ ਗੋਲਡ ਮੈਡਲ ਲੰਮੀ ਛਾਲ ਲਾਉਣ ਵਿਚ ਜਿੱਤਿਆ ਤੇ ਦੋਹਾਂ ਈਵੈਂਟਾਂ 'ਚ ਨਵੇਂ ਓਲੰਪਿਕ ਤੇ ਵਿਸ਼ਵ ਰਿਕਾਰਡ ਸਥਾਪਿਤ ਕੀਤੇ। ਸਿਓਲ ਦੀਆਂ ਓਲੰਪਿਕ ਖੇਡਾਂ 'ਚ ਬਣਾਇਆ ਉਸ ਦਾ 7291 ਅੰਕਾਂ ਦਾ ਰਿਕਾਰਡ 9 ਓਲੰਪਿਕਸ ਲੰਘ ਜਾਣ ਬਾਅਦ ਵੀ ਕਾਇਮ ਹੈ। ਸਿਓਲ ਵਿਚ ਹੈਪਟੈਥਲਨ ਤੋਂ 5 ਦਿਨਾਂ ਬਾਅਦ ਲੰਮੀ ਛਾਲ ਦਾ ਮੁਕਾਬਲਾ ਸੀ। ਉਸ ਵਿਚ ਵੀ ਜੈਕੀ ਨੇ 7.40 ਮੀਟਰ ਯਾਨੀ 24 ਫੁੱਟ ਸਵਾ 3 ਇੰਚ ਲੰਮੀ ਛਾਲ ਲਾ ਕੇ ਨਵਾਂ ਓਲੰਪਿਕ ਰਿਕਾਰਡ ਰੱਖਿਆ ਸੀ। ਜੈਕੀ ਜੋਇਨਰ ਅਮਰੀਕਾ ਦੀ ਪਹਿਲੀ ਔਰਤ ਅਥਲੀਟ ਹੈ ਜਿਸ ਨੇ ਪਹਿਲੀ ਵਾਰ ਹੈਪਟੈਥਲਨ ਤੇ ਪਹਿਲੀ ਵਾਰ ਹੀ ਲੰਮੀ ਛਾਲ 'ਚੋਂ ਅਮਰੀਕਾ ਲਈ ਗੋਲਡ ਮੈਡਲ ਜਿੱਤੇ। ਇਹ ਵੱਖਰੀ ਗੱਲ ਹੈ ਕਿ ਜੈਕੀ ਜੋਏਨਰ ਉਤੇ ਦੋਸ਼ ਲੱਗਦੇ ਰਹੇ ਕਿ ਉਸ ਦਾ ਕੋਚ ਪਤੀ ਉਸ ਨੂੰ ਪ੍ਰਫਾਰਮੈਂਸ ਵਧਾਉਣ ਵਾਲੀਆਂ ਦਵਾਈਆਂ ਦਿੰਦਾ ਸੀ। ਪਰ ਪੜਤਾਲ ਕਰਨ ਉਤੇ ਅਜਿਹੇ ਦੋਸ਼ ਸੱਚੇ ਸਾਬਤ ਨਾ ਹੋ ਸਕੇ।

ਬਾਕੀ ਹਿਸਾ ਸਫਾ 65 ਤੇ ਪੜ੍ਹੋ

### 65 ਸਫ਼ੇ ਦੀ ਬਾਕੀ

1992 'ਚ ਬਾਰਸੀਲੋਨਾ ਦੀਆਂ ਓਲੰਪਿਕ ਖੇਡਾਂ ਵਿਚ ਜੈਕੀ ਪਹਿਲੀ ਅਥਲੀਟ ਸੀ ਜਿਹੜੀ ਲਗਾਤਾਰ ਦੂਜੀ ਵਾਰ ਓਲੰਪਿਕ ਖੇਡਾਂ 'ਚੋਂ ਹੈਪਟੈਥਲਨ ਦਾ ਸੋਨ ਤ਼ਗਮਾ ਜਿੱਤੀ। ਐਟਲਾਂਟਾ-1996 ਦੀਆਂ ਓਲੰਪਿਕ ਖੇਡਾਂ 'ਚੋਂ ਉਸ ਨੇ ਲੰਮੀ ਛਾਲ ਲਾਉਣ 'ਚ ਤਾਂਬੇ ਦਾ ਤ਼ਗਮਾ ਜਿੱਤਿਆ। ਉਸ ਈਵੈਂਟ ਵਿਚ ਹੈਮਸਟਰਿੰਗ ਖਿੱਚੇ ਜਾਣ ਕਾਰਨ ਉਹ ਹੈਪਟੈਥਲਨ ਦੇ ਅਗਲੇ ਈਵੈਂਟਾਂ ਵਿਚ ਭਾਗ ਨਾ ਲੈ ਸਕੀ ਜਿਸ ਨਾਲ ਉਸ ਦਾ ਹੈਪਟੈਥਲਨ 'ਚੋਂ ਤੀਜਾ ਮੈਡਲ ਜਿੱਤਣ ਦਾ ਸੁਫਨਾ ਸਾਕਾਰ ਨਾ ਹੋ ਸਕਿਆ। ਹੈਪਟੈਥਲੋਨ ਵਿਚ ਪਹਿਲੇ ਦਿਨ 100 ਮੀਟਰ ਹਰਡਲਾਂ ਦੀ ਦੌੜ, ਉੱਚੀ ਛਾਲ, ਗੋਲਾ ਸੁੱਟਣ ਤੇ 200 ਮੀਟਰ ਦੀ ਦੌੜ ਲੱਗਦੀ ਹੈ ਅਤੇ ਦੂਜੇ ਦਿਨ ਲੰਮੀ ਛਾਲ, ਜੈਵਲਿਨ ਥਰੋਅ ਤੇ 800 ਮੀਟਰ ਦੀ ਦੌੜ ਹੁੰਦੀ ਹੈ। ਜੈਕੀ ਦੇ ਤਿੰਨ ਈਵੈਂਟ ਲੰਮੀ ਛਾਲ, 100 ਮੀਟਰ ਹਰਡਲਜ਼, 200 ਮੀਟਰ ਦੌੜ ਤੇ ਉੱਚੀ ਛਾਲ ਹੋਰਨਾਂ ਨਾਲੋਂ ਬਿਹਤਰ ਅੰਕ ਲੈਂਦੇ ਸਨ। ਲੰਮੀ ਛਾਲ ਲਾਉਣ ਵਿਚ ਤਾਂ ਉਹਦਾ ਵਿਸ਼ਵ ਰਿਕਾਰਡ ਸੀ ਜੋ 7.45 ਮੀਟਰ ਤਕ ਪੁੱਜ ਗਿਆ ਸੀ।

2000 ਵਿਚ ਹੋਣ ਵਾਲੀਆਂ ਓਲੰਪਿਕ ਖੇਡਾਂ 'ਚ ਉਹ ਪੰਜਵੀਂ ਵਾਰ ਭਾਗ ਲੈਣਾ ਚਾਹੁੰਦੀ ਸੀ ਪਰ ਵਧਦੀ ਉਮਰ ਨੇ ਉਹਦਾ ਸਾਥ ਨਾ ਦਿੱਤਾ। ਅਮਰੀਕਾ ਦੀ ਅਥਲੈਟਿਕਸ ਵਿਚ ਚੁਣੇ ਜਾਣ ਲਈ ਟਰਾਇਲ ਦਿੱਤੇ ਪਰ ਚੁਣੀ ਨਾ ਜਾ ਸਕੀ। ਉਸ ਨੇ ਅਥਲੈਟਿਕਸ ਦੀਆਂ ਵਿਸ਼ਵ ਚੈਂਪੀਅਨਸ਼ਿਪਾਂ 'ਚੋਂ ਵੀ ਹੈਪਟੈਥਲਨ ਤੇ ਲੰਮੀ ਛਾਲ ਦੇ ਈਵੈਂਟਾਂ 'ਚੋਂ 4 ਗੋਲਡ ਮੈਡਲ ਜਿੱਤੇ। ਆਖ਼ਰ ਉਹ ਸਰਗਰਮ ਅਥਲੈਟਿਕਸ ਤੋਂ ਰਿਟਾਇਰ ਹੋ ਗਈ ਤੇ ਦਾਨੀ ਸੰਸਥਾਵਾਂ ਨਾਲ ਜੁੜ ਗਈ।

1988 ਵਿਚ ਉਸ ਨੇ ਆਪਣੇ ਪਤੀ ਨਾਲ ਰਲ ਕੇ ਜੈਕੀ ਜੋਏਨਰ ਕਰਸੀ ਨਾਂ ਦੀ ਫਾਊਂਡੇਸ਼ਨ ਸਥਾਪਿਤ ਕਰ ਲਈ ਸੀ। ਉਸ ਰਾਹੀਂ ਉਹ ਬਿਮਾਰ ਤੇ ਗਰੀਬ ਬੱਚਿਆਂ ਦੀ ਮਦਦ ਕਰਦੇ ਖ਼ਾਸ ਕਰਕੇ ਆਪਣੇ ਸ਼ਹਿਰ ਈਸਟ ਸੇਂਟ ਲੂਈਸ ਦੇ ਬੱਚਿਆਂ ਨੂੰ ਇਮਦਾਦ ਦਿੰਦੇ। 2007 ਵਿਚ ਉਸ ਨੇ 'ਹੋਪ ਨਾਂ ਹੇਠ ਅਥਲੀਟਾਂ ਨੂੰ ਸਿਖਲਾਈ ਦੇਣੀ ਸ਼ੁਰੂ ਕਰ ਲਈ। 1997 ਵਿਚ ਉਸ ਨੇ ਸੋਂਜਾ ਸਟੇਪਟੋ ਨਾਲ ਮਿਲ ਕੇ ਆਪਣੀਆਂ ਯਾਦਾਂ ਦੀ ਪੁਸਤਕ 'ਏ ਕਾਈਂਡ ਆਫ਼ ਗ੍ਰੇਸ: ਦਿ ਆਟੋਗਰਾਫੀ ਆਫ਼ ਦਾ ਵਰਲਡ'ਜ਼ ਗ੍ਰੇਟੈਸਟ ਫੀਮੇਲ ਅਥਲੀਟ ਪ੍ਰਕਾਸ਼ਿਤ ਕਰਵਾਈ। 'ਸਪੋਰਟਸ ਇਲੱਸਟ੍ਰੇਟਡ ਮੈਗਜ਼ੀਨ ਨੇ ਉਸ ਨੂੰ 'ਗ੍ਰੇਟੈਸਟ ਫੀਮੇਲ ਅਥਲੀਟ ਆਫ਼ ਦਾ 20ਵੀਂ ਸਦੀ ਲਿਖ ਕੇ ਵਡਿਆਇਆ।

ਅਥਲੈਟਿਕਸ ਤੋਂ ਬਿਨਾਂ ਜੋਇਨਰ ਕਰਸੀ ਬਾਸਕਟਬਾਲ ਦੀ ਖੇਡ ਵਿਚ ਵੀ ਵਿਸ਼ਵ ਪੱਧਰ ਦੀ ਖਿਡਾਰਨ ਰਹੀ। 21 ਫਰਵਰੀ 1998 ਨੂੰ ਲਾਸ ਏਂਜਲਸ ਯੂਨੀਵਰਸਿਟੀ ਨੇ ਜਿਨ੍ਹਾਂ 15 ਸਰਬੋਤਮ ਬਾਸਕਟਬਾਲ ਖਿਡਾਰਨਾਂ ਨੂੰ ਸਨਮਾਨਿਤ ਕੀਤਾ ਉਨ੍ਹਾਂ ਜੈਕੀ ਵੀ ਸ਼ਾਮਲ ਸੀ। 1 ਅਪ੍ਰੈਲ 2001 ਨੂੰ ਯੂਨੀਵਰਸਿਟੀ ਨੇ ਉਸ 25 ਸਾਲਾਂ ਦੀ ਸਰਬੋਤਮ ਖਿਡਾਰਨ ਵਜੋਂ ਵਡਿਆਇਆ। 1983 ਤੇ 85 ਵਿਚ ਹੀ ਜੋਏਨਰ ਨੂੰ ਨੇਸ਼ਨ ਦੀ ਹੋਣਹਾਰ ਅਥਲੀਟ ਹੋਣ ਦਾ ਅਵਾਰਡ ਮਿਲ ਗਿਆ ਸੀ। 1986 'ਚ ਉਸ ਨੇ ਹਿਸਟਰੀ ਵਿਚ ਬੈਚਲਰ ਦੀ ਡਿਗਰੀ ਹਾਸਲ ਕਰ ਲਈ ਸੀ। ਉਸੇ ਸਾਲ ਉਸ ਨੂੰ ਜੇਮਸ ਈ ਸੁਲੀਵਨ ਅਵਾਰਡ ਮਿਲਿਆ। ਜੋਏਨਰ ਕਰਸੀ ਯੂਐੱਸਏ ਟ੍ਰੈਕ ਐਂਡ ਫੀਲਡ ਦੇ ਬੋਰਡ ਆਫ਼ ਡਾਇਰੈਕਟਰਜ਼ ਵਿਚ ਵੀ ਸੇਵਾ ਨਿਭਾਉਂਦੀ ਰਹੀ।

ਜੋਏਨਰ ਕਰਸੀ ਨੂੰ ਮਿਲੇ ਅਵਾਰਡਾਂ ਦੀ ਸੂਚੀ ਲੰਮੀ ਹੈ। ਮਸਲਨ ਹੋਂਡਾ ਸਪੋਰਟਸ ਅਵਾਰਡ, ਜੇਮਸ ਈ ਸੁਲੀਵਨ ਅਵਾਰਡ, ਜੈਸੀ ਓਵੇਂਜ਼ ਅਵਾਰਡ, ਸਪੋਰਟਸ ਪਰਸਨੈਲਟੀ ਆਫ਼ ਦਾ ਈਅਰ ਅਵਾਰਡ, ਜਾਰਜ ਥੌਮਸ ਅਵਾਰਡ 1992, ਵਰਲਡ ਅਥਲੈਟਿਕਸ ਆਫ਼ ਦਾ ਈਅਰ ਅਵਾਰਡ ਫਾਰ ਵੋਮਿਨ 1994, ਜੈਕ ਕੈਲੀ ਫੇਅਰ ਪਲੇਅ ਅਵਾਰਡ 1997, ਸੇਂਟ ਲੂਈਸ ਵਾਰਕ ਆਫ ਫੇਮ 2000, ਲੌਰੀਏਟ ਆਫ਼ ਲਿੰਕਨ ਅਕੈਡਮੀ ਆਫ ਇਲੀਨੋਇਸ ਅਵਾਰਡ ਤੇ ਅਨੇਕ ਹੋਰ ਮਾਨ ਸਨਮਾਨ ਮਿਲੇ। 1981 ਤੋਂ ਜਿਹੜਾ ਅਵਾਰਡ ਜੈਸੀ ਓਵੇਂਜ਼ ਦੇ ਨਾਂ ਉੱਤੇ ਅਥਲੀਟ ਆਫ਼ ਦਾ ਯੀਅਰ ਨੂੰ ਦਿੱਤਾ ਜਾਂਦਾ ਸੀ, 1996 ਤੋਂ ਉਹ ਡਬਲ ਕਰ ਦਿੱਤਾ ਗਿਆ।

ਪੁਰਸ਼ ਅਥਲੀਟ ਨੂੰ ਅੱਡ ਤੇ ਔਰਤ ਅਥਲੀਟ ਨੂੰ ਅੱਡ। 2013 ਤੋਂ ਔਰਤ ਅਥਲੀਟ ਆਫ਼ ਦਾ ਯੀਅਰ ਅਵਾਰਡ ਦਾ ਨਾਂ ਜੈਕੀ ਜੋਏਨਰ-ਕਰਸੀ ਅਵਾਰਡ ਰੱਖ ਦਿੱਤਾ ਗਿਆ। ਮਾਰਚ 2023 ਵਿਚ ਜੈਕੀ ਜੋਏਨਰ ਕਰਸੀ ਦਾ ਨਾਂ ਇੰਟਰਨੈਸ਼ਲ ਸਪੋਰਟਸ ਹਾਲ ਵਿਚ ਸ਼ਸ਼ੋਭਿਤ ਕੀਤਾ ਗਿਆ।

oooooo

# ਠੰਢ ਦੌਰਾਨ ਜ਼ੁਕਾਮ-ਫਲੂ ਦਾ ਵੱਧਿਆ ਅੰਕੜਾ


**ANIL DHEER**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)



"ਫਲੂ ਦੀ ਹਾਲਤ ਵਿਚ ਜ਼ਿਆਦਾ ਠੰਢ ਮਹਿਸੂਸ ਹੋਣਾ, ਛਿੱਕਾਂ, ਨੱਕ ਵਿੱਚੋਂ ਲਗਾਤਾਰ ਪਾਣੀ ਵਗਣਾ, ਮਾਸਪੇਸ਼ੀ-ਜੋੜਾਂ ਅੰਦਰ ਦਰਦ ਰਹਿਣਾ, ਥਕਾਵਟ ਸ਼ੁਰੂ ਹੋ ਜਾਂਦੀ ਹੈ। ਲਾਪ੍ਰਵਾਹੀ ਹਾਲਤ ਬਿਗਾੜ ਸਕਦੀ ਹੈ"-

ਹੈਲਥ ਮੀਡੀਆ ਕੈਨੇਡਾ : ਘੱਟ ਤਾਪਮਾਨ 'ਤੇ ਠੰਢ ਦੌਰਾਨ ਫਲੂ-ਜ਼ੁਕਾਮ ਦਾ ਸੀਜ਼ਨ ਚਲ ਰਿਹਾ ਹੈ। ਇਸ ਸਾਲ ਫਲੂ ਰੋਗੀਆਂ ਦਾ ਅੰਕੜਾ ਤੇਜ਼ੀ ਨਾਲ ਵਧਿਆ ਹੈ। ਅੰਦਾਜ਼ਨ 47 ਮਿਲੀਅਨ ਤੋਂ ਵੱਧ ਦੇ ਅੰਕੜੇ ਮੁਤਾਬਿਕ, 610,000 ਤੋਂ ਵੀ ਜ਼ਿਆਦਾ ਲੋਕਾਂ ਦਾ ਹਸਪਤਾਲ 'ਚ ਦਾਖਲ ਹੋਣ ਵਾਲੀ ਖਬਰ ਸਾਹਮਣੇ ਆਈ ਹੈ। ਜੋ ਕਿ ਇੱਕ ਚਿੰਤਾ ਦਾ ਵਿਸ਼ਾ ਹੈ। ਹਰ ਉਮਰ ਦਾ ਵਿਅਕਤੀ ਇਸ ਦੇ ਘੇਰੇ ਵਿਚ ਆ ਰਿਹਾ ਹੈ। ਹਰ ਸਾਲ ਇਸ ਦਾ ਪੀਕ ਸਮਾਂ ਨਵੰਬਰ ਤੋਂ ਫਰਵਰੀ ਤੱਕ ਦੇਖਿਆ ਜਾਂਦਾ ਹੈ। ਛੋਟੇ ਬੱਚੇ ਅਤੇ ਕਮਜ਼ੋਰ ਇਮਿਊਨਿਟੀ ਵਾਲੇ ਛੇਤੀ ਜ਼ੁਕਾਮ-ਫਲੂ ਦੇ ਸ਼ਿਕਾਰ ਹੋ ਜਾਂਦੇ ਹਨ। ਲਾਪ੍ਰਵਾਹੀ ਕਈ ਬਾਰ ਮੌਤ ਦਾ ਕਾਰਨ ਵੀ ਬਣ ਜਾਂਦੀ ਹੈ।

ਠੰਢੇ ਮੌਸਮ ਦੌਰਾਨ ਜ਼ੁਕਾਮ-ਫਲੂ ਲਈ ਵਾਇਰਸ ਨੂੰ ਜਿੰਮੇਵਾਰ ਮੰਨਿਆ ਜਾਂਦਾ ਹੈ। ਜ਼ੁਕਾਮ ਦੀ ਹਾਲਤ ਵਿਚ ਨੱਕ ਬੰਦ, ਸਾਹ ਲੈਣ ਵ੍ਹਿਚ ਮੁਸ਼ਕਲ, ਸੁਆਦ ਤੇ ਖ਼ੁਸ਼ਬੂ ਮਹਿਸੂਸ ਨਾ ਹੋਣਾ, ਅੱਖਾਂ ਵਿਚ ਜਲਨ, ਸਾਇਨਸ ਦੀ ਸ਼ਿਕਾਇਤ, ਖੰਘ 'ਤੇ ਸਿਰ-ਪੀੜ, ਗਲੇ ਅੰਦਰ ਦਰਦ ਦੇ ਨਾਲ ਬੁਖਾਰ




ਵੀ ਹੋ ਜਾਂਦਾ ਹੈ। ਫਲੂ ਜ਼ੁਕਾਮ ਤੋਂ ਅਲੱਗ ਕਿਸਮ ਦਾ ਅਤੇ ਅਚਾਨਕ ਹੋ ਜਾਂਦਾ ਹੈ। ਫਲੂ ਦੀ ਹਾਲਤ ਵਿਚ ਜ਼ਿਆਦਾ ਠੰਢ ਮਹਿਸੂਸ ਹੋਣਾ, ਛਿੱਕਾਂ, ਨੱਕ ਵਿੱਚੋਂ ਲਗਾਤਾਰ ਪਾਣੀ ਵਗਣਾ, ਮਾਸਪੇਸ਼ੀ-ਜੋੜਾਂ ਅੰਦਰ ਦਰਦ ਰਹਿਣਾ, ਥਕਾਵਟ ਸ਼ੁਰੂ ਹੋ ਜਾਂਦੀ ਹੈ। ਬੱਚਿਆਂ ਅਤੇ ਸੀਨੀਅਰਸ ਨੂੰ ਉਲਟੀਆਂ 'ਤੇ ਦਸਤ ਵੀ ਲੱਗ ਸਕਦੇ ਹਨ।

ਫਲੂ ਠੀਕ ਹੋਣ ਨੂੰ 2 ਹਫਤੇ ਵੀ ਲੱਗ ਸਕਦੇ ਹਨ। ਕੰਪਲੀਕੇਸ਼ਨਜ਼ ਦੀ ਹਾਲਤ ਵਿਚ ਸਾਈਨਸ 'ਤੇ ਕੰਨ ਦੀ ਇਨਫੈਕਸ਼ਨ, ਫਲੂ ਵਾਇਰਸ-ਬੈਕਟੀਰੀਆ ਅਟੈਕ ਨਾਲ ਦਿਲ ਦੀ ਸੂਜਨ, ਦਿਮਾਗ ਦੀ ਕਮਜ਼ੋਰੀ ਨਾਲ ਫਲੂ ਬਿਗੜ ਕੇ ਜਾਨਲੇਵਾ ਰੋਗ ਨਮੂਨੀਆ ਦੀ ਸ਼ਕਲ ਵੀ ਲੈ ਸਕਦਾ ਹੈ। ਫਲੂ ਦੇ ਵਾਇਰਸ ਗਲਾ ਅਤੇ ਫੇਫੜਿਆਂ 'ਤੇ ਅਟੈਕ ਕਰਦੇ ਹਨ।

ਜ਼ੁਕਾਮ 60-85% ਰਾਈਨੋਵਾਇਰਸ ਦੀ ਇਨਫੈਕਸ਼ਨ ਅਤੇ ਇਨਫਲੂਐਨਜ਼ਾ 'ਤੇ ਪੈਰਾ-ਇਨਫਲੂਐਨਜ਼ਾ ਵਾਇਰਸ, ਸਾਹ ਲੈਣ ਵਾਲੇ ਸਿੰਸੀਟੀਅਲ ਵਾਇਰਸ, ਐਂਟੀਵਾਇਰਸ 'ਤੇ ਐਡਨੋਵਾਇਰਸ ਦੀ ਇਨਫੈਕਸ਼ਨ ਕਾਰਨ ਵੀ ਹੋ ਸਕਦਾ ਹੈ। ਇਹ ਵਾਇਰਸ ਉਦੋਂ ਫੈਲਦਾ ਹੈ ਜਦੋਂ ਲੋਕ ਫਲੂ, ਖਾਂਸੀ, ਛਿੱਕਾਂ ਮਾਰਨ ਦੇ ਨਾਲ ਗੱਲਾਂ ਕਰਦੇ ਹੋਏ, ਵਾਇਰਸ ਨਾਲ ਬੂੰਦਾਂ ਨੂੰ ਹਵਾ ਵਿਚ ਭੇਜਦੇ ਹਨ। ਫਲੂ ਵਾਇਰਸ ਇਨਫੈਕਟਿਡ ਵਸਤਾਂ ਨੂੰ ਛੂਹਣ ਨਾਲ ਅਤੇ ਆਪਣੇ ਮੂੰਹ ਨੱਕ 'ਤੇ ਅੱਖਾਂ ਟੱਚ ਕਰਨ ਨਾਲ ਹੋ ਸਕਦਾ ਹੈ। ਘੱਟ ਨਮੀ ਵਾਇਰਲ ਫੈਲਾਅ ਵੱਧਾ ਦਿੰਦੀ ਹੈ। ਖੁਸ਼ਕ ਹਵਾ ਛੋਟੀ ਵਾਇਰਲ ਬੂੰਦਾਂ ਨੂੰ ਦੂਰ ਤੱਕ ਫੈਲਾਉਂਦੀ ਹੈ। ਗੰਭੀਰ ਐਕਸਪੋਜ਼ਰ ਨਾਲ ਸਰੀਰ ਦਾ ਤਾਪਮਾਨ ਬਿਗੜ ਸਕਦਾ ਹੈ।

### ਜ਼ੁਕਾਮ-ਫਲੂ ਦੌਰਾਨ ਰੱਖੋ ਖਿਆਲ

ਫਲੂ-ਜ਼ੁਕਾਮ ਦੇ ਲੱਛਣ ਸ਼ੁਰੂ ਹੁੰਦੇ ਹੀ ਬਿਨਾ ਦੇਰੀ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਆਪਣਾ ਇਲਾਜ਼ ਸ਼ੁਰੂ ਕਰੋ। ਹਰ ਸਾਲ ਸੀਜ਼ਨ ਦੌਰਾਨ ਡਾਕਟਰੀ ਸਲਾਹ ਨਾਲ ਫਲੂ-ਵੈਕਸੀਨ ਕਰਾਓ।

ਪਰਸਨਲ ਹਾਈਜ਼ੀਨ ਯਾਨਿ ਹੱਥਾਂ ਲਈ ਸੇਨੀਟਾਈਜ਼ਰ ਇਸਤੇਮਾਲ ਕਰੋ। ਨੱਕ-ਮੂੰਹ ਨੂੰ ਮਾਸਕ ਨਾਲ ਢੱਕ ਕੇ ਰੱਖੋ।

ਅਨਰਜ਼ੀ ਲਈ 2-3 ਬਾਰ ਗਰਮਾ-ਗਰਮ ਚਿਕਨ ਅਤੇ ਮਿਕਸ ਵੈਜ਼ੀਟੇਬਲ ਸੂਪ ਪੀਓ। ਸੂਲ ਸਰੀਰ ਅੰਦਰ ਚਿੱਟੇ ਲਹੂ ਦੀ ਇੱਕ ਕਿਸਮ ਨਿਊਟਰੋਫਿਲਸ ਦੀ ਗਤੀ ਨੂੰ ਘਟਾ ਕੇ ਇਨਫੈਕਸ਼ਨ ਤੋਂ ਬਚਾ ਸਕਦਾ ਹੈ। ਘੱਟ ਸੋਡੀਅਮ, ਸੂਪ ਸਰੀਰ ਨੂੰ ਹਾਈਡ੍ਰੇਟ ਕਰਨ 'ਚ ਹੈਲਪ ਕਰਦਾ ਹੈ।

ਬਿਮਾਰੀ ਦੀ ਹਾਲਤ 'ਚ ਤਾਜ਼ਾ ਅਦਰਕ, ਚੁਟਕੀ ਕਾਲੀ ਮਿਰਚ, ਇੱਕ ਚਮਚ ਸ਼ਹਿਦ ਮਿਕਸ ਕਰਕੇ ਭੋਜਨ ਤੋਂ ਅੱਧਾ ਘੰਟਾ ਪਹਿਲਾਂ ਗਰਮ ਪਾਣੀ ਨਾਲ ਲੈ ਸਕਦੇ ਹੋ।

ਵਿਟਾਮਿਨ-ਸੀ ਵਾਲੇ ਪਦਾਰਥ ਨਿੰਬੂ, ਆਂਵਲਾ, ਅੰਗੂਰ, ਸੰਤਰਾ, ਸਟਰਾਬਰੀ, ਰਸਬੇਰੀ, ਅਤੇ ਪਾਲਕ ਸਾਗ, ਬਿਮਾਰੀ ਨਾਲ ਲੜਣ ਦੀ ਤਾਕਤ ਦਿੰਦਾ ਹੈ। ਠੰਢ ਦੌਰਾਣ ਸਪਲੀਮੈਂਟ ਵਿਟਾਮਿਨ-ਸੀ ਦੀ ਵਰਤੋਂ ਨਾਲ ਸਾਹ ਨਲੀ ਦੀ ਇਨਫੈਕਸ਼ਨ ਤੋਂ ਬਚਾਅ ਕੀਤਾ ਜਾ ਸਕਦਾ ਹੈ।

ਗਲੇ ਦੀ ਦਰਦ ਤੇ ਖਰਾਸ਼ ਘੱਟ ਕਰਨ ਲਈ, ਗਰਮ ਨਮਕ-ਪਾਣੀ ਜਾਂ ਮੇਡੀਕੇਟਿਡ ਦਵਾਈ ਨਾਲ ਗਾਰਗਲਸ (ਗਰਾਰੇ) 3-4 ਬਾਰ ਕਰਨ ਨਾਲ ਆਰਾਮ ਮਿਲਦਾ ਹੈ।

ਬੰਦ ਨੱਕ ਖੋਲਣ ਲਈ 4-5 ਬਾਰ ਭਾਫ (ਸਟੀਮ) ਲਵੋ। ਕਾਟਨ ਬਾਲ 'ਤੇ ਯੁਕਲਿਪਟਸ ਤੇਲ ਦੀ ਬੂੰਦ ਪਾ ਕੇ ਇਨਹੇਲ ਕਰਦੇ ਰਹੋ। ਡੇਲੀ ਗਰਮ ਸ਼ਾਵਰ ਲੈਣ ਨਾਲ ਵੀ ਰਾਹਤ ਮਿਲਦੀ ਹੈ।

ਆਯੁਰਵੈਦਿਕ ਦੇਸੀ ਚਾਹ ਪੀ ਸਕਦੇ ਹੋ। ਲੌਂਗ, ਛੋਟੀ ਇਲਾਚੀ, ਮਿਸਰੀ ਚੂਸਦੇ ਰਹੋ। ਕੈਮਿਸਟ ਤੋਂ ਚੂਸਨ ਵਾਲੀਆਂ ਕਫ-ਟੇਬਲੇਟਸ, ਸਿਰਪ ਵੀ ਲੈ ਸਕਦੇ ਹੋ।

ਨੋਟ: ਬਿਮਾਰੀ ਦੌਰਾਨ ਕੋਈ ਵੀ ਦਵਾਈ ਆਪਣੀ ਮਰਜ਼ੀ ਨਾਲ ਨਾ ਲਵੋ। ਫਲੂ-ਜ਼ੁਕਾਮ ਦੇ ਲੱਛਣ ਸ਼ੁਰੂ ਹੁੰਦੇ ਹੀ ਬਿਨਾ ਦੇਰੀ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਕਰੋ।

# ਭੌਤਿਕ ਵਿਗਿਆਨ ਦਾ ਜਾਦੂਗਰ - ਐਚ. ਸੀ. ਵਰਮਾ

ਸੰਦੀਪ ਕੁਮਾਰ
7009807121



ਭਾਰਤੀ ਵਿਗਿਆਨ ਦੀ ਦੁਨੀਆ ਵਿੱਚ ਕੁਝ ਨਾਮ ਅਜਿਹੇ ਹਨ ਜੋ ਨਾ ਸਿਰਫ਼ ਵਿਦਿਆਰਥੀਆਂ ਦੇ ਦਿਲਾਂ ਵਿੱਚ ਵੱਸਦੇ ਹਨ, ਸਗੋਂ ਪੂਰੇ ਸਮਾਜ ਨੂੰ ਪ੍ਰੇਰਿਤ ਕਰਦੇ ਹਨ। ਇਨ੍ਹਾਂ ਵਿੱਚੋਂ ਇੱਕ ਨਾਮ ਹੈ ਪ੍ਰੋਫੈਸਰ ਹਰੀਸ਼ ਚੰਦਰ ਵਰਮਾ, ਜਿਨ੍ਹਾਂ ਨੂੰ ਲੱਖਾਂ ਵਿਦਿਆਰਥੀ ਪਿਆਰ ਨਾਲ ਐਚ.ਸੀ ਵਰਮਾ ਜਾਂ ਐੱਚਸੀਵੀ ਕਹਿ ਕੇ ਯਾਦ ਕਰਦੇ ਹਨ। ਉਹ ਇੱਕ ਅਜਿਹੇ ਜਾਦੂਗਰ ਹਨ ਜਿਨ੍ਹਾਂ ਨੇ ਭੌਤਿਕ ਵਿਗਿਆਨ ਦੇ ਗੁੰਝਲਦਾਰ ਸੰਕਲਪਾਂ ਨੂੰ ਇੰਨਾ ਸੌਖਾ ਅਤੇ ਦਿਲਚਸਪ ਬਣਾ ਦਿੱਤਾ ਕਿ ਇਹ ਵਿਸ਼ਾ ਜੋ ਕਈਆਂ ਲਈ ਡਰਾਉਣਾ ਲੱਗਦਾ ਸੀ, ਉਹ ਪਿਆਰਾ ਬਣ ਗਿਆ। ਉਹਨਾਂ ਪ੍ਰਤੀ ਲਿਖਣ ਦੀ ਉਤਸੁਕਤਾ, ਉਹਨਾਂ ਨੂੰ ਆਈ ਆਈ ਟੀ ਰੂਪਨਗਰ ਵਿਖੇ ਇੱਕ ਵਿਦਿਅਕ ਪ੍ਰੋਗਰਾਮ ਵਿਖੇ ਸ਼ਿਰਕਤ ਕਰਨ ਸਮੇਂ, ਉਹਨਾਂ ਨਾਲ ਮਿਲਣ ਤੋਂ ਬਾਅਦ ਹੋਈ। ਮੈਂ ਉਹਨਾਂ ਦੇ ਪਹਿਰਾਵੇ ਨੂੰ ਦੇਖਕੇ ਇਹੀ ਸੋਚ ਦਾ ਰਿਹਾ ਕਿ, ਕੋਈ ਇਨਸਾਨ ਇੰਨੇ ਕਾਮਯਾਬ ਮੁਕਾਮ ਤੇ ਹੋਣ ਤੋਂ ਬਾਅਦ ਵੀ ਇੰਨਾ ਸਾਦਾ ਜੀਵਨ ਕਿਵੇਂ ਜੀ ਸਕਦਾ ਹੈ। ਉਨ੍ਹਾਂ ਦੀ ਸ਼ਖਸ਼ੀਅਤ ਵਿੱਚ ਸਾਦਗੀ ਅਤੇ ਨਿਮਰਤਾ, ਸਮਾਜ ਪ੍ਰਤੀ ਸਮਰਪਣ ਦੀ ਇੱਕ ਅਜਿਹੀ ਮਿਸਾਲ ਹੈ ਜੋ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਬਣੀ ਹੋਈ ਹੈ।

ਪ੍ਰੋਫੈਸਰ ਵਰਮਾ ਦਾ ਜਨਮ 3 ਅਪ੍ਰੈਲ 1952 ਨੂੰ ਬਿਹਾਰ ਦੇ ਦਰਭੰਗਾ ਵਿੱਚ ਇੱਕ ਸਾਧਾਰਨ ਪਰਿਵਾਰ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਗਣੇਸ਼ ਪ੍ਰਸਾਦ ਵਰਮਾ ਇੱਕ ਅਧਿਆਪਕ ਸਨ ਅਤੇ ਮਾਤਾ ਰਾਮਵਤੀ ਵਰਮਾ ਨੇ ਘਰੇਲੂ ਜ਼ਿੰਮੇਵਾਰੀਆਂ ਨਿਭਾਈਆਂ। ਬਚਪਨ ਵਿੱਚ ਵਰਮਾ ਜੀ ਕੋਈ ਬਹੁਤ ਚਮਕਦਾਰ ਵਿਦਿਆਰਥੀ ਨਹੀਂ ਸਨ। ਉਹ ਆਪਣੇ ਇੰਟਰਵਿਊਆਂ ਵਿੱਚ ਅਕਸਰ ਕਹਿੰਦੇ ਹਨ ਕਿ ਸਕੂਲ ਵਿੱਚ ਉਹ ਪਾਸ ਹੋਣ ਲਈ ਵੀ ਸੰਘਰਸ਼ ਕਰਦੇ ਸਨ। ਪਰ ਉਨ੍ਹਾਂ ਵਿੱਚ ਜਿਗਿਆਸਾ ਅਤੇ ਮਿਹਨਤ ਦੀ ਭਾਵਨਾ ਬਹੁਤ ਸੀ। ਪਟਨਾ ਸਾਇੰਸ ਕਾਲਜ ਤੋਂ ਬੀ.ਐੱਸ.ਸੀ. ਕਰਨ ਤੋਂ ਬਾਅਦ ਉਨ੍ਹਾਂ ਨੇ ਆਈਆਈਟੀ ਕਾਨਪੁਰ ਤੋਂ ਐੱਮ.ਐੱਸ.ਸੀ. ਅਤੇ ਪੀ.ਐੱਚ.ਡੀ. ਕੀਤੀ। ਇਹੀ ਉਹ ਮੋੜ ਸੀ ਜਿੱਥੇ ਉਨ੍ਹਾਂ ਨੇ ਭੌਤਿਕ ਵਿਗਿਆਨ ਨੂੰ ਡੂੰਘਾਈ ਨਾਲ ਸਮਝਿਆ ਅਤੇ ਇਸ ਵਿੱਚ ਆਪਣਾ ਕਰੀਅਰ ਬਣਾਉਣ ਦਾ ਫੈਸਲਾ ਕੀਤਾ। ਪ੍ਰੋਫੈਸਰ ਵਰਮਾ ਦੀ ਸ਼ਖਸ਼ੀਅਤ ਦਾ ਸਭ ਤੋਂ ਵੱਡਾ ਗੁਣ ਉਨ੍ਹਾਂ ਦੀ ਨਿਮਰਤਾ ਅਤੇ ਸਾਦਗੀ ਹੈ। ਆਈਆਈਟੀ ਕਾਨਪੁਰ ਵਿੱਚ ਪ੍ਰੋਫੈਸਰ ਬਣਨ ਤੋਂ ਬਾਅਦ ਵੀ ਉਹ ਇੱਕ ਸਾਧਾਰਨ ਜੀਵਨ ਜੀਉਂਦੇ ਹਨ। ਉਹ ਕਾਰ ਨਹੀਂ ਰੱਖਦੇ, ਸਕੂਟਰ ਤੇ ਯਾਤਰਾ ਕਰਦੇ ਹਨ ਅਤੇ ਆਪਣੀ ਕਮਾਈ ਦਾ ਵੱਡਾ ਹਿੱਸਾ ਦਾਨ ਕਰ ਦਿੰਦੇ ਹਨ। ਉਨ੍ਹਾਂ ਦੀ ਮਸ਼ਹੂਰ ਕਿਤਾਬ "ਕੰਸੈਪਟਸ ਆਫ਼ ਫਿਜ਼ਿਕਸ" ਤੋਂ ਮਿਲਣ ਵਾਲੀ ਰਾਇਲਟੀ ਨੂੰ ਉਹ ਚੈਰਿਟੀ ਅਤੇ ਪ੍ਰਧਾਨ ਮੰਤਰੀ ਰਾਹਤ ਫੰਡ ਵਿੱਚ ਦਾਨ ਕਰ ਦਿੰਦੇ ਹਨ। ਇਹ ਸਾਦਗੀ ਉਨ੍ਹਾਂ ਨੂੰ ਆਮ ਲੋਕਾਂ ਨਾਲ ਜੋੜਦੀ ਹੈ ਅਤੇ ਵਿਦਿਆਰਥੀਆਂ ਲਈ ਇੱਕ ਮਿਸਾਲ ਬਣਦੀ ਹੈ ਕਿ ਸਫਲਤਾ ਪੈਸੇ ਜਾਂ ਸ਼ੋਹਰਤ ਵਿੱਚ ਨਹੀਂ,



ਸਗੋਂ ਸੰਤੁਸ਼ਟੀ ਅਤੇ ਸੇਵਾ ਵਿੱਚ ਹੈ।

ਉਨ੍ਹਾਂ ਦੀ ਸ਼ਖ਼ਸ਼ੀਅਤ ਵਿੱਚ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਬਹੁਤ ਡੂੰਘੀ ਹੈ। ਬਚਪਨ ਤੋਂ ਹੀ ਸਮਾਜਿਕ ਕਾਰਜਾਂ ਨਾਲ ਜੁੜੇ ਰਹੇ ਵਰਮਾ ਜੀ ਨੇ ਆਈਆਈਟੀ ਕਾਨਪੁਰ ਵਿੱਚ ਰਹਿੰਦਿਆਂ ਐੱਨਜੀਓ "ਸਿੱਖਿਆ ਸੋਪਾਨ" ਦੀ ਸਥਾਪਨਾ ਕੀਤੀ। ਇਹ ਸੰਸਥਾ ਕਾਨਪੁਰ ਦੇ ਨੇੜੇ ਗਰੀਬ ਅਤੇ ਕਮਜ਼ੋਰ ਬੱਚਿਆਂ ਨੂੰ ਮੁਫ਼ਤ ਸਿੱਖਿਆ ਦਿੰਦੀ ਹੈ। ਉਹ ਆਪਣੇ ਵਿਦਿਆਰਥੀਆਂ ਨਾਲ ਮਿਲ ਕੇ ਇਨ੍ਹਾਂ ਬੱਚਿਆਂ ਨੂੰ ਨਾ ਸਿਰਫ਼ ਪੜ੍ਹਾਈ ਵਿੱਚ ਮਦਦ ਕਰਦੇ ਹਨ, ਸਗੋਂ ਭਾਰਤੀ ਸੰਸਕ੍ਰਿਤੀ ਅਤੇ ਮੁੱਲਾਂ ਨੂੰ ਵੀ ਸਿਖਾਉਂਦੇ ਹਨ। ਇਸ ਤੋਂ ਇਲਾਵਾ, ਉਨ੍ਹਾਂ ਨੇ ਨੈਸ਼ਨਲ ਅਨਵੇਸ਼ਿਕਾ ਨੈੱਟਵਰਕ ਆਫ਼ ਇੰਡੀਆ (ਐੱਨਏਐੱਨਆਈ) ਸ਼ੁਰੂ ਕੀਤਾ, ਜੋ ਦੇਸ਼ ਭਰ ਵਿੱਚ 22 ਤੋਂ ਵੱਧ ਸੈਂਟਰਾਂ ਨਾਲ ਚੱਲ ਰਿਹਾ ਹੈ। ਇਸ ਨੈੱਟਵਰਕ ਰਾਹੀਂ ਉਹ ਅਧਿਆਪਕਾਂ ਨੂੰ ਸਿਖਾਉਂਦੇ ਹਨ ਕਿ ਭੌਤਿਕ ਵਿਗਿਆਨ ਨੂੰ ਪ੍ਰਯੋਗਾਂ ਰਾਹੀਂ ਕਿਵੇਂ ਦਿਲਚਸਪ ਬਣਾਇਆ ਜਾਵੇ। ਉਨ੍ਹਾਂ ਨੇ 600 ਤੋਂ ਵੱਧ ਸਸਤੇ ਪ੍ਰਯੋਗ ਤਿਆਰ ਕੀਤੇ ਹਨ ਜੋ ਕਲਾਸ ਵਿੱਚ ਆਸਾਨੀ ਨਾਲ ਕੀਤੇ ਜਾ ਸਕਦੇ ਹਨ। ਪ੍ਰੋਫੈਸਰ ਵਰਮਾ ਦੀ ਸਭ ਤੋਂ ਵੱਡੀ ਦੇਣ ਦੋ ਵਾਲੀਅਮਾਂ ਵਿੱਚ



ਉਨ੍ਹਾਂ ਦੀ ਕਿਤਾਬ "ਕੰਸੈਪਟਸ ਆਫ਼ ਫਿਜ਼ਿਕਸ" ਹੈ। ਇਹ ਕਿਤਾਬ ਲਿਖਣ ਲਈ ਉਨ੍ਹਾਂ ਨੇ ਪੂਰੇ ਅੱਠ ਸਾਲ ਲਗਾਏ। ਇਸ ਵਿੱਚ ਥਿਊਰੀ ਨੂੰ ਸੌਖੀ ਭਾਸ਼ਾ ਵਿੱਚ ਸਮਝਾਇਆ ਗਿਆ ਹੈ ਅਤੇ ਮੁਸ਼ਕਲ ਨੂਮੇਰੀਕਲ ਪ੍ਰੌਬਲਮਾਂ ਨਾਲ ਭਰੀ ਹੋਈ ਹੈ। ਜੇਈਈ, ਨੀਟ ਵਰਗੀਆਂ ਪ੍ਰਤੀਯੋਗੀ ਪਰੀਖਿਆਵਾਂ ਦੀ ਤਿਆਰੀ ਕਰਨ ਵਾਲੇ ਵਿਦਿਆਰਥੀਆਂ ਲਈ ਇਹ ਕਿਤਾਬ ਅਲਾਦੀਨ ਦੇ ਚਿਰਾਗ ਵਾਂਗ ਹੈ। ਉਹ ਵਿਦਿਆਰਥੀਆਂ ਨੂੰ ਹਮੇਸ਼ਾ ਕਹਿੰਦੇ ਹਨ ਕਿ ਰੈਂਕ ਲਈ ਨਹੀਂ, ਸੰਕਲਪਾਂ ਨੂੰ ਸਮਝਣ ਲਈ ਪੜ੍ਹੋ। ਇਸੇ ਸੋਚ ਨੇ ਲੱਖਾਂ ਵਿਦਿਆਰਥੀਆਂ ਨੂੰ ਨਾ ਸਿਰਫ਼ ਇੰਜੀਨੀਅਰਿੰਗ ਵਿੱਚ ਸਫਲ ਬਣਾਇਆ, ਸਗੋਂ ਭੌਤਿਕ ਵਿਗਿਆਨ ਨੂੰ ਪਿਆਰ ਕਰਨਾ ਸਿਖਾਇਆ। ਦੇਸ਼ ਭਰ ਵਿੱਚ 11ਵੀਂ ਜਮਾਤ ਤੋਂ ਹੀ ਉਹਨਾਂ ਦੁਆਰਾ ਲਿਖੀਆਂ ਗਈਆਂ ਭੌਤਿਕ ਵਿਗਿਆਨ ਦੀਆਂ ਕਿਤਾਬਾਂ ਸਾਇੰਸ ਵਿਸ਼ੇ ਦੇ ਵਿਦਿਆਰਥੀਆਂ ਦੀ ਜ਼ਿੰਦਗੀ ਦਾ ਮਹੱਤਵਪੂਰਨ ਹਿੱਸਾ ਬਣ ਜਾਂਦੀਆਂ ਹਨ।

ਉਨ੍ਹਾਂ ਦੀ ਸ਼ਖ਼ਸ਼ੀਅਤ ਵਿੱਚ ਇੱਕ ਹੋਰ ਪਹਿਲੂ ਉਨ੍ਹਾਂ ਦੀ ਜਿਗਿਆਸਾ ਅਤੇ ਨਵੀਨਤਾ ਹੈ। ਰਿਟਾਇਰਮੈਂਟ ਤੋਂ ਬਾਅਦ ਵੀ ਉਹ ਰੁਕੇ ਨਹੀਂ। ਯੂਟਿਊਬ ਤੇ ਉਨ੍ਹਾਂ ਦੇ ਲੈਕਚਰ ਲੱਖਾਂ ਲੋਕ ਵੇਖਦੇ ਹਨ। ਉਹ ਵਰਕਸ਼ਾਪਾਂ ਕਰਦੇ ਹਨ, ਅਧਿਆਪਕਾਂ ਨੂੰ ਤਰਬੀਤ ਦਿੰਦੇ ਹਨ ਅਤੇ ਗਰੀਬ ਖੇਤਰਾਂ ਵਿੱਚ ਜਾ ਕੇ ਬੱਚਿਆਂ ਨੂੰ ਪੜ੍ਹਾਉਂਦੇ ਹਨ। ਸਾਲ 2025 ਵਿੱਚ ਵੀ ਉਹ ਅਗਰਤਲਾ, ਕਸ਼ਮੀਰ ਵਰਗੀਆਂ ਥਾਵਾਂ ਤੇ ਵਰਕਸ਼ਾਪਾਂ ਕਰ ਰਹੇ ਹਨ। ਉਨ੍ਹਾਂ ਨੂੰ ਪਦਮ ਸ਼੍ਰੀ (2021), ਮੌਲਾਨਾ ਅਬੁਲ ਕਲਾਮ ਆਜ਼ਾਦ ਸਿੱਖਿਆ ਪੁਰਸਕਾਰ ਅਤੇ ਨੈਸ਼ਨਲ ਅਕੈਡਮੀ ਆਫ਼ ਸਾਇੰਸਿਜ਼ ਦਾ ਫੈਲੋਸ਼ਿਪ ਮਿਲੀ ਹੈ, ਪਰ ਇਹ ਸਨਮਾਨ ਉਨ੍ਹਾਂ ਨੂੰ ਘਮੰਡ ਨਹੀਂ ਦਿੰਦੇ। ਉਹ ਕਹਿੰਦੇ ਹਨ ਕਿ ਵਿਗਿਆਨ ਸਿੱਖਿਆ ਦਾ ਅਸਲ ਮਕਸਦ ਸਮਾਜ ਨੂੰ ਬਿਹਤਰ ਬਣਾਉਣਾ ਹੈ। ਪ੍ਰੋਫੈਸਰ ਵਰਮਾ ਦੀ ਸ਼ਖਸ਼ੀਅਤ ਇੱਕ ਅਜਿਹੀ ਮਿਸਾਲ ਹੈ ਜੋ ਦੱਸਦੀ ਹੈ ਕਿ ਸੱਚੀ ਸਫਲਤਾ ਸੇਵਾ ਅਤੇ ਸਮਰਪਣ ਵਿੱਚ ਹੈ। ਉਹ ਭੌਤਿਕ ਵਿਗਿਆਨ ਦੇ ਨਾ ਸਿਰਫ਼ ਅਧਿਆਪਕ ਹਨ, ਸਗੋਂ ਇੱਕ ਜਾਦੂਗਰ ਹਨ ਜਿਨ੍ਹਾਂ ਨੇ ਇਸ ਵਿਸ਼ੇ ਨੂੰ ਜੀਵੰਤ ਬਣਾ ਦਿੱਤਾ। ਉਨ੍ਹਾਂ ਵਰਗੇ ਲੋਕ ਹੀ ਸਮਾਜ ਨੂੰ ਅੱਗੇ ਲਿਜਾਂਦੇ ਹਨ ਅਤੇ ਨੌਜਵਾਨਾਂ ਨੂੰ ਸੱਚੇ ਰਾਹ ਤੇ ਤੁਰਨ ਦੀ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਦੀ ਜ਼ਿੰਦਗੀ ਸਾਨੂੰ ਸਿਖਾਉਂਦੀ ਹੈ ਕਿ ਸਾਦਗੀ ਨਾਲ ਜਿਉਣਾ ਅਤੇ ਦੂਜਿਆਂ ਲਈ ਜਿਉਣਾ ਹੀ ਅਸਲ ਖੁਸ਼ੀ ਹੈ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

## ਡਾ. ਅਨਿਲ ਧੀਰ ਦੀ "ਹੈਲਥ ਅਲਰਟ ਸੀਰੀਜ਼" ਪ੍ਰਿੰਟ 'ਤੇ ਸੋਸ਼ਲ ਮੀਡੀਆ ਲਈ

ਕੈਨੇਡਾ (ਆਈ. ਐਚ. ਏ. ਪ)-ਵਿਸ਼ਵ ਭਰ ਵਿੱਚ ਖਤਰਨਾਕ ਬਿਮਾਰੀਆਂ ਤੇਜ਼ੀ ਨਾਲ ਵੱਧ ਰਹੀਆਂ ਹਨ। ਪੂਰੀ ਦੁਨੀਆ ਅੱਜ ਸੋਸ਼ਲ ਮੀਡੀਆ 'ਤੇ ਵਿਅਸਤ ਹੋ ਚੁੱਕੀ ਹੈ। ਸਾਲ 2026 ਤੋਂ ਪ੍ਰਿੰਟ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਲਈ ਪੰਜਾਬੀ, ਅੰਗਰੇਜ਼ੀ'ਤੇ ਹਿੰਦੀ ਭਾਸ਼ਾ ਦੇ ਮਸ਼ਹੂਰ ਲੇਖਕ ਡਾ ਅਨਿਲ ਧੀਰ ਕਾਲਮਨਿਸਟ. ਸੋਸ਼ਲ ਅਕਟੀਵਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸਰਟੀਫਾਈਡ ਵਿਸ਼ਵ ਸਿਹਤ ਸੰਸਥਾ, ਯੂਨੀਸੈਫ. ਪੀ. ਐਫ. ਏ ਕੈਨੇਡੀਅਨ ਰੈੱਡ ਕ੍ਰਾਸ, ਹੈਲਥ ਅਤੇ ਸੇਫਟੀ ਅਵੇਅਰਨੈਸ ਲਈ "ਹੈਲਥ ਅਲਰਟ" ਸੀਰੀਜ਼ ਸ਼ੁਰੂ ਕਰ ਰਹੇ ਹਨ। ਜਾਗਰੂਕਤਾ ਲਈ ਨਾਰਥ-ਅਮਰੀਕਾ ਵਿਸ਼ਵ ਸਿਹਤ ਸੰਸਥਾ, ਸੀ.ਡੀ.ਸੀ, ਸੀ. ਐਫ. ਆਈ. ਏ 'ਤੇ ਵਿਸ਼ਵ ਦੀਆਂ ਵੱਖ-ਵੱਖ ਫੂਡ ਅਤੇ ਹੈਲਥ ਕੇਅਰ ਸੰਸਥਾਂਵਾ ਕੰਮ ਕਰ ਰਹੀਆਂ ਹਨ।

ਐਨ. ਏ ਸਰਵੇ ਦੇ ਮੁਤਾਬਿਕ ਹੈਲਥ, ਫੂਡ ਅਤੇ ਮੇਡੀਸਨ ਸੰਬੰਧੀ ਲਿਟਰੇਚਰ ਲਿਖ ਕੇ ਡਾ ਧੀਰ ਨੇ ਆਪਨੀ ਖਾਸ ਪਛਾਣ ਬਣਾ ਲਈ ਹੈ। ਅੱਜ ਕਰੀਬਨ 45 ਸਾਲਾਂ ਤੋਂ ਡਾ. ਅਨਿਲ ਧੀਰ ਅਮਰੀਕਾ, ਕੈਨੇਡਾ, ਇੰਗਲੈਂਡ, ਅਸਟਰੇਲੀਆ, ਭਾਰਤ 'ਤੇ ਹੋਰਨਾਂ ਦੇਸ਼ਾਂ ਦੇ ਮਸ਼ਹੂਰ ਪ੍ਰਿੰਟ ਅਤੇ ਸੋਸ਼ਲ ਮੀਡੀਆ ਅਦਾਰਿਆਂ ਲਈ ਆਪਨੀ ਕਲਮ ਦੁਆਰਾ ਸੇਵਾ ਕਰ ਰਹੇ ਹਨ। ਡਾ ਧੀਰ ਨੂੰ 1985 ਵਿੱਚ ਦਿੱਲੀ ਵਿਚ ਯੰਗ ਰਾਈਟਰ ਅਵਾਰਡ, ਅਤੇ ਅਤੇ 1987 'ਚ ਇੰਟਰਨੈਸ਼ਨਲ ਹੈਲਥ ਐਜੂਕੇਟਰ ਅਵਾਰਡ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ।

'ਹੈਲਥ ਅਲਰਟ ਸੀਰੀਜ਼' 'ਚ ਦੇਸ਼-ਵਿਦੇਸ਼ ਦੇ ਲੋਕਾਂ ਨੂੰ ਡੇਲੀ ਲਾਈਫ ਵਿਚ ਫੂਡ, ਹੈਲਥ ਐਂਡ ਮੇਡੀਸਨ ਨਾਲ ਜੁੜੀ ਸਹੀ ਅਤੇ ਸੰਖੇਪ ਜਾਣਕਾਰੀ ਪ੍ਰਿੰਟ 'ਤੇ ਸੋਸ਼ਲ ਮੀਡੀਆ ਪਲੇਟਫਾਰਮ ਦੁਆਰਾ ਦਿੱਤੀ ਜਾਵੇਗੀ। ਜੋ ਕਿ ਵਿਸ਼ਵ ਭਰ ਵਿਚ ਚਲ ਰਹੇ ਸਟ੍ਰੈੱਸ ਨੂੰ ਘੱਟ ਕਰਨ ਲਈ, ਸਰੀਰ ਅਤੇ ਮਨ ਨੂੰ ਤੰਦਰੁਸਤ ਰੱਖਣ ਲਈ ਜਰੂਰੀ ਹੋ ਗਈ ਹੈ। ਅੰਤਰਰਾਸ਼ਟਰੀ ਪੱਧਰ 'ਤੇ ਹਰ ਉਮਰ ਦਾ ਵਿਅਕਤੀ ਇਸਦਾ ਲਾਭ ਲੈ ਸਕੇਗਾ।

-ਕੇ. ਭਾਰਤੀ

# ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਪੋਹ ਮਹੀਨੇ ਦੀਆਂ ਸ਼ਹਾਦਤਾਂ ਅਤੇ ਕ੍ਰਿਸਮਸ ਨੂੰ ਸਮਰਪਿਤ ਰਹੀ



ਕੈਲਗਰੀ-ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਦਸੰਬਰ ਮਹੀਨੇ ਦੀ ਮੀਟਿੰਗ, ਜੈਨੇਸਸ ਸੈਂਟਰ ਵਿਖੇ 21 ਦਸੰਬਰ, ਐਤਵਾਰ ਨੂੰ ਖਚਾ ਖਚ ਭਰੇ ਹਾਲ ਵਿੱਚ ਹੋਈ। ਸਭਾ ਦੇ ਸਕੱਤਰ ਗੁਰਨਾਮ ਕੌਰ ਨੇ ਸਭਾ ਦੀ ਕਾਰਵਾਈ ਸ਼ੁਰੂ ਕਰਦਿਆਂ, ਅੱਤ ਦੀ ਸਰਦੀ ਵਿੱਚ ਪਹੁੰਚੀਆਂ, ਸਾਰੀਆਂ ਭੈਣਾਂ ਦਾ ਤਹਿ ਦਿਲੋਂ ਸਵਾਗਤ ਕੀਤਾ। ਉਹਨਾਂ ਪੋਹ ਮਹੀਨੇ ਦੇ ਸਾਰੇ ਸ਼ਹੀਦਾਂ ਨੂੰ ਸਿਜਦਾ ਕਰਦਿਆਂ, ਇਸ ਮਹੀਨੇ ਦੇ ਇੱਕ ਹਫ਼ਤੇ ਵਿੱਚ ਸਿੱਖ ਇਤਿਹਾਸ ਦੇ ਲਹੂ ਭਿੱਜੇ ਪੰਨਿਆਂ ਦੀ ਦਾਸਤਾਨ ਸਾਂਝੀ ਕੀਤੀ।

ਇਸ ਤੋਂ ਬਾਅਦ ਸਭਾ ਦੇ ਪ੍ਰਧਾਨ ਸ੍ਰੀਮਤੀ ਬਲਵਿੰਦਰ ਕੌਰ ਬਰਾੜ ਜੀ ਨੇ ਇਸ ਨੂੰ ਸਿੱਖ ਇਤਿਹਾਸ ਦਾ ਕਾਲਾ ਪੰਨਾ ਦੱਸਿਆ। ਉਨ੍ਹਾਂ ਕਿਹਾ 'ਸਰਸਾ ਹਰ ਇੱਕ ਦੀ ਜ਼ਿੰਦਗੀ ਵਿਚ ਚੜ੍ਹ ਕੇ ਆਉਂਦੀ ਹੈ, ਪਰ ਤਰਨਾ ਕਿਸੇ ਵਿਰਲੇ ਨੂੰ ਹੀ ਆਉਂਦਾ ਹੈ!' ਇਸ ਤੋਂ ਬਾਅਦ ਨਵੇਂ ਮੈਂਬਰਾਂ ਨਾਲ ਜਾਣ ਪਛਾਣ ਕਰਵਾਈ ਗਈ- ਜਿਨ੍ਹਾਂ ਵਿੱਚ ਅਮਰਜੀਤ ਕੌਰ ਧਾਲੀਵਾਲ, ਜਸਪਾਲ ਕੌਰ ਰੰਧਾਵਾ, ਪਰਮਜੀਤ ਕੌਰ ਅਤੇ ਪ੍ਰਿੰਸੀਪਲ ਚਰਨਦੀਪ ਕੌਰ ਸ਼ਾਮਿਲ ਸਨ। ਮੀਟਿੰਗ ਦਾ ਪਹਿਲਾ ਇਕ ਘੰਟਾ ਪੋਹ ਮਹੀਨੇ ਦੀਆਂ ਸ਼ਹਾਦਤਾਂ ਨੂੰ ਸਮਰਪਿਤ ਰਿਹਾ। ਇਸ ਵਿਸ਼ੇ ਤੇ- ਗੁਰਦੀਸ਼ ਕੌਰ ਗਰੇਵਾਲ ਨੇ ਮਾਤਾ ਗੁਜਰ ਕੌਰ ਜੀ ਨੂੰ ਸਮਰਪਿਤ ਕਵਿਤਾ-

"ਸਮੇਂ ਜ਼ੋਰ ਲਾਇਆ, ਉਹ ਤਾਂ ਵੀ ਨਾ ਡੋਲੀ!" ਅਤੇ ਪ੍ਰਿੰਸੀਪਲ ਚਰਨਦੀਪ ਕੌਰ ਨੇ ਸਾਹਿਬਜ਼ਾਦਿਆਂ ਨੂੰ ਸਮਰਪਿਤ ਕਵਿਤਾ ਸੁਣਾ ਕੇ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਹਰਜੀਤ ਕੌਰ ਜੌਹਲ, ਗੁਰਤੇਜ ਕੌਰ ਸਿੱਧੂ ਬਲਬੀਰ ਹਜ਼ੂਰੀਆਂ, ਮੁਖਤਿਆਰ ਕੌਰ, ਸਰਬਜੀਤ ਉੱਪਲ, ਹਰਦੇਵ ਕੌਰ, ਭਗਵੰਤ ਕੌਰ ਅਤੇ ਅਮਰਜੀਤ ਕੌਰ ਵਿਰਦੀ ਨੇ ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰ ਕੌਰ ਜੀ ਅਤੇ ਸਾਹਿਬਜ਼ਾਦਿਆਂ ਬਾਰੇ ਕਵਿਤਾਵਾਂ/ ਗੀਤ ਸੁਣਾ ਕੇ ਸਭ ਨੂੰ ਭਾਵੁਕ ਕਰ ਦਿੱਤਾ।

ਬਰੇਕ ਤੋਂ ਬਾਅਦ, ਬਲਵੀਰ ਕੌਰ ਗਰੇਵਾਲ ਨੇ ਪੰਜਾਬੀ ਲੋਕ ਗੀਤ ਗਾ ਕੇ ਰੰਗ ਬੰਨ੍ਹ ਦਿੱਤਾ। ਵੀਰਪਾਲ ਕੌਰ ਨੇ ਛ ਸੀਨੀਅਰ ਹੋਮ ਕੇਅਰ ਬਾਰੇ ਜਾਣਕਾਰੀ ਦਿੱਤੀ।

ਸਿੰਮੀ ਸੰਧਾਵਾਲੀਆ, ਰੂਪ ਸੈਣੀ ਅਤੇ ਨਵਦੀਪ ਨਾਗਰਾ ਨੇ ਮਾਇਕ ਸੈੱਟ ਦਾਨ ਕੀਤਾ। ਬਾਅਦ ਵਿੱਚ ਉਹਨਾਂ ਨੇ ਭੈਣਾਂ ਨੂੰ ਤੰਬੋਲਾ ਖਿਡਾ ਕੇ, ਜਿੱਥੇ ਸਭ ਦਾ ਮਨ ਪਰਚਾਵਾ ਕੀਤਾ, ਉਥੇ ਜਿੱਤਣ ਵਾਲੀਆਂ ਨੂੰ 25-25 ਡਾਲਰ ਦੇ ਗਿਫ਼ਟ ਕਾਰਡ ਵੀ ਦਿੱਤੇ। ਸਾਲ ਦਾ ਅੰਤ ਹੋਣ ਕਾਰਨ, ਹਰ ਸਾਲ ਦੀ ਤਰ੍ਹਾਂ ਸਭਾ ਵੱਲੋਂ ਸਮੂਹ ਮੈਂਬਰ ਨੂੰ ਤੋਹਫੇ ਵੰਡੇ ਗਏ।

ਫੂਡ ਕਮੇਟੀ ਵਾਲੀਆਂ ਭੈਣਾਂ ਨੇ ਬਹੁਤ ਹੀ ਪਿਆਰ ਅਤੇ ਸਤਿਕਾਰ ਨਾਲ ਚਾਹ, ਸਨੈਕਸ ਖਾਣਾ ਪਰੋਸਿਆ। ਬੀ ਟੀ ਵੀ ਦੀ ਟੀਮ ਨੇ ਉਚੇਚੇ ਤੌਰ ਤੇ ਪਹੁੰਚ ਕੇ ਇਸ ਮੀਟਿੰਗ ਦੀ ਕਵਰੇਜ ਕੀਤੀ। ਬਲਵਿੰਦਰ ਕੌਰ ਬਰਾੜ ਪ੍ਰਧਾਨ 403-590-9629 ਗੁਰਚਰਨ ਕੌਰ ਥਿੰਦ ਕੋਆਰਡੀਨੇਟਰ 403-402-9635 ਰਿਪੋਰਟ ਕਰਤਾ ਗੁਰਨਾਮ ਕੌਰ ਸਕੱਤਰ।

# ਦੱਖਣੀ ਆਕਲੈਂਡ ਵਿੱਚ ਹੁਣ ਸਮੁਦਾਇਕ ਸੰਵਾਦ ਰਚਾਇਆ ਜਾਵੇ-ਡਾ ਅਮਰਜੀਤ ਟਾਂਡਾ




ਸਿਡਨੀ-ਦੱਖਣੀ ਆਕਲੈਂਡ ਵਿੱਚ ਹੁਣ ਸਮੁਦਾਇਕ ਸੰਵਾਦ ਸੰਵਾਦ ਅਤੇ ਏਕਤਾ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ। ਇਸ ਬਾਰੇ ਕਨਵੀਨਰ "ਪੰਜਾਬ ਤੇ ਸਿਡਨੀ ਸਿੱਖ ਚਿੰਤਕ" ਡਾ ਅਮਰਜੀਤ ਟਾਂਡਾ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ।

ਯਾਦ ਰਹੇ ਕਿ ਦੱਖਣੀ ਆਕਲੈਂਡ ਵਿੱਚ 20 ਦਸੰਬਰ 2025 ਨੂੰ ਇੱਕ ਸਿੱਖ ਮਨਜ਼ੂਰ ਸ਼ੁਦਾ ਧਾਰਮਿਕ ਨਗਰ ਕੀਰਤਨ ਨੂੰ ਵਿਰੋਧੀ-ਇਮੀਗ੍ਰੇਸ਼ਨ ਈਸਾਈ ਸਮੂਹ ਨੇ ਰੋਕਿਆ, ਜਿਸ ਨੇ ਧਾਰਮਿਕ ਸਹਿਣਸ਼ੀਲਤਾ ਅਤੇ ਨਸਲੀ ਸਦਭਾਵਨਾ ਬਾਰੇ ਗੰਭੀਰ ਸਵਾਲ ਖੜੇ ਕੀਤੇ ਹਨ, ਡਾ ਟਾਂਡਾ ਨੇ ਦੱਸਿਆ।

ਡਾ ਟਾਂਡਾ ਨੇ ਕਿਹਾ ਕਿ ਜਲੂਸ ਦੇ ਦੌਰਾਨ, ਭਰਿਓਨ ਠਓਮਓਕਿ ਦੇ ਧਏਸਟਿਨੇ ਛਹੁਰਚਹ ਨਾਲ ਜੁੜੇ ਵਿਰੋਧੀਆਂ ਨੇ ਜਾਣਬੁੱਝ ਕੇ ਸੜਕਾਂ ਬੰਦ ਕਰ ਦਿੱਤੀਆਂ ਅਤੇ ਸਿੱਖ ਕਮਿਊਨਿਟੀ ਵੱਲ ਹਾਕਾ-ਸਟਾਈਲ ਪ੍ਰਦਰਸ਼ਨ ਕੀਤਾ. ਵਿਰੋਧੀਆਂ ਨੇ "Kiwis First" ਦੇ ਨਾਅਰੇ ਲਗਾਏ ਅਤੇ ਬੈਨਰ ਲਹਿਰਾਏ. ਪੁਲਿਸ ਦੀ ਦਖਲਅੰਦਾਜ਼ੀ New Zealand ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਦੋਹਾਂ ਗਰੁੱਪਾਂ ਨੂੰ ਵੱਖ ਕੀਤਾ ਅਤੇ ਸੁਰੱਖਿਆ ਯਕੀਨੀ ਬਣਾਈ।

ਵਿਰੋਧ ਦਾ ਨੇਤ੍ਰਿਤਵ ਕਰਨ ਵਾਲੇ ਸਮੂਹ ਦੇ ਆਗੂ ਨੇ ਆਪਣੀ ਕਾਰਵਾਈ ਦਾ ਬਚਾਅ ਕਰਦਿਆਂ ਸਿੱਖ ਕਮਿਊਨਿਟੀ ਦੇ ਮੈਂਬਰਾਂ ਨੂੰ "ਅੱਤਵਾਦੀ" ਕਿਹਾ ਅਤੇ ਇਮੀਗ੍ਰੇਸ਼ਨ ਨੂੰ "mass invasion" (ਵਿਸ਼ਾਲ ਹਮਲਾ) ਕਰਾਰ ਦਿੱਤਾ ਹੈ,ਡਾ ਟਾਂਡਾ ਨੇ ਦੱਸਿਆ।

ਡਾ ਟਾਂਡਾ ਨੇ ਕਿਹਾ ਕਿ ਇਹ ਬਿਆਨ ਭਾਰਤੀ ਕਮਿਊਨਿਟੀ ਦੇ ਖਿਲਾਫ ਸਪੱਸ਼ਟ ਨਫ਼ਰਤ ਅਤੇ ਪੱਖਪਾਤ ਨੂੰ ਦਰਸਾਉਂਦੇ ਹਨ, ਕਿਉਂਕਿ ਭਾਰਤੀ ਕਮਿਊਨਿਟੀ ਹੁਣ 'ਏਾ ਗ਼ਇਓਲਓਨਦ ਦਾ ਤੀਜਾ ਸਭ ਤੋਂ ਵੱਡਾ ਨਸਲੀ ਸਮੂਹ ਹੈ।

ਡਾ ਟਾਂਡਾ ਨੇ ਸਲਾਹ ਦਿੰਦੇ ਕਿਹਾ ਕਿ ਸਮੁਦਾਇ ਇੱਕ ਅਜਿਹਾ ਖੇਤਰ ਹੁੰਦਾ ਹੈ ਜਿਸ ਵਿੱਚ ਸਾਂਝੀਆਂ ਭਾਵਨਾਵਾਂ, ਸਾਂਝਾ ਸੱਭਿਆਚਾਰ ਅਤੇ ਸਮਾਜਿਕ ਪ੍ਰਣਾਲੀ ਵਾਲੇ ਲੋਕ ਵੱਸਦੇ ਹਨ . ਸਮੁਦਾਇਕ ਸੰਵਾਦ ਅਤੇ ਸਹਿਯੋਗ ਟਕਰਾਅ ਨੂੰ ਹੱਲ ਕਰਨ ਅਤੇ ਸਮਝੌਤੇ ਤੱਕ ਪਹੁੰਚਣ ਲਈ ਬੁਨਿਆਦੀ ਹਨ। ਡਾ ਟਾਂਡਾ ਨੇ ਦੱਸਿਆ ਕਿ ਸਮੁਦਾਇ ਇੱਕ ਖੇਤਰੀ ਗਰੁੱਪ ਹੁੰਦਾ ਹੈ ਜਿਸ ਦੀ ਸਾਂਝੀ ਜ਼ਮੀਨ ਅਤੇ ਸਾਂਝੀ ਜੀਵਨ ਸ਼ੈਲੀ ਹੁੰਦੀ ਹੈ। ਭਵਿੱਖ ਵਿੱਚ ਦੁਨੀਆਂ ਭਰ ਵਿਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਅਤੇ ਧਾਰਮਿਕ ਸਦਭਾਵਨਾ ਬਣਾਉਣ ਲਈ ਪ੍ਰਭਾਵੀ ਸਮੁਦਾਇਕ ਸੰਵਾਦ ਬਹੁਤ ਹੀ ਜ਼ਰੂਰੀ ਹੈ, ਡਾ ਟਾਂਡਾ ਨੇ ਅੱਗੇ ਸਲਾਹ ਦਿੱਤੀ।

ਡਾ ਟਾਂਡਾ ਨੇ ਇਹ ਵੀ ਕਿਹਾ ਕਿ ਵੱਖ-ਵੱਖ ਧਾਰਮਿਕ ਅਤੇ ਨਸਲੀ ਸਮੁਦਾਵਾਂ ਵਿਚਕਾਰ ਆਪਸੀ ਸਮਝ ਅਤੇ ਸਹਿਯੋਗ ਬਣਾਉਣ ਲਈ ਵਿਚੋਲਗੀ ਦੀ ਪ੍ਰਕਿਰਿਆ ਸੁਲ੍ਹਾ-ਸਫ਼ਾਈ ਸਭ ਤੋਂ ਵੱਧ ਵਰਤੀ ਜਾਣ ਵਾਲੀ ਅਤੇ ਪ੍ਰਭਾਵਸ਼ਾਲੀ ਪ੍ਰਕਿਰਿਆ ਹੈ ਜਿਸ ਵਿੱਚ ਇੱਕ ਨਿਰਪੱਖ ਤੀਜੀ ਧਿਰ ਦੋਹਾਂ ਪੱਖਾਂ ਨੂੰ ਸਾਂਝਾ ਆਧਾਰ ਲੱਭਣ ਵਿੱਚ ਮਦਦ ਕਰਦੀ ਹੈ।

ਅੱਗੇ ਜਾ ਕੇ ਡਾਕਟਰ ਟਾਂਡਾ ਨੇ ਕਿਹਾ ਕਿ ਸਰਕਾਰ ਜਾਂ ਸੁਤੰਤਰ ਸੰਸਥਾਵਾਂ ਸੁਲਾਹ ਸੇਵਾਵਾਂ ਉਪਲਬਧ ਕਰਵਾ ਸਕਦੀਆਂ ਹਨ, ਤਾਂ ਕਿ ਅੱਗੇ ਤੋਂ ਕੋਈ ਅਜਿਹੀ ਘਟਨਾ ਨਾ ਵਾਪਰੇ ਤੇ ਸਾਰੀਆਂ ਕੌਮਾਂ ਰਲਮਿਲ ਖੁਸ਼ੀ ਖੁਸ਼ੀ ਵਸਣ।

## ਨਵੇਂ ਸਾਲ ਵਿੱਚ

ਅਲਵਿਦਾ ਤੈਨੂੰ ਖਤਮ ਹੋਣ ਵਾਲੇ ਸਾਲਾ,
ਸਾਰੇ ਖੁਸ਼ ਵਸਣ ਨਵੇਂ ਸਾਲ ਵਿੱਚ ਸ਼ਾਲਾ!
ਐਵੇਂ ਆਪਸ ਦੇ ਵਿੱਚ ਲੋਕੀਂ ਲੜਨ ਨਾ,
ਇਕ, ਦੂਜੇ ਦੇ ਰਾਹ 'ਚ ਰੋੜਾ ਬਣਨ ਨਾ।
ਨਸ਼ਿਆਂ ਤੋਂ ਦੂਰ ਰਹਿਣ ਸਭ ਦੇ ਪੁੱਤ, ਧੀਆਂ,
ਸਭ ਦੇ ਘਰਾਂ 'ਚ ਆਣ ਖੇੜੇ ਤੇ ਖੁਸ਼ੀਆਂ।
ਕੋਈ ਜਾਵੇ ਨਾ ਰੋਟੀ ਲਈ ਬਦੇਸ਼ ਵਿੱਚ,
ਸਭ ਨੂੰ ਰੁਜ਼ਗਾਰ ਮਿਲੇ ਆਪਣੇ ਦੇਸ਼ ਵਿੱਚ।
ਸਭ ਕੁੜੀਆਂ ਪੜ੍ਹਨ ਜਾਣ ਬੇਖੌਫ਼ ਹੋ ਕੇ,
ਰਾਹ 'ਚ ਉਨ੍ਹਾਂ ਨੂੰ ਕੋਈ ਦਰਿੰਦਾ ਨਾ ਰੋਕੇ।
ਦੋ ਵੇਲੇ ਦੀ ਰੋਟੀ ਹਰ ਕਿਸੇ ਨੂੰ ਮਿਲੇ,
ਬਾਜ਼ਾਰਾਂ 'ਚ ਕੋਈ ਭਿਖਾਰੀ ਨਾ ਦਿਸੇ।
ਫੁੱਟ-ਪਾਥਾਂ ਤੇ ਕੋਈ ਰਾਤਾਂ ਨਾ ਕੱਟੇ,
ਪਾਵੇ ਨਾ ਕੋਈ ਫਟੇ, ਪੁਰਾਣੇ ਕੱਪੜੇ।
ਜ਼ਾਤਾਂ-ਪਾਤਾਂ ਦੀ ਕੋਈ ਗੱਲ ਕਰੇ ਨਾ,
ਧਰਮਾਂ ਦੇ ਨਾਂ ਤੇ ਕੋਈ ਝਗੜੇ, ਲੜੇ ਨਾ।

ਮਹਿੰਦਰ ਸਿੰਘ ਮਾਨ






## ਨਾਵਲ ਸਮੀਖਿਆ

ਡਾ. ਬੀਰਬਲ ਸਿੰਘ


ਮੋਬਾਈਲ- 98965- 45965


# ਯੂ.ਪੀ.ਐੱਸ.ਸੀ.ਵਾਲਾ ਲਵ-ਕਲੈਕਟਰ ਸਾਹਿਬਾ (ਨਾਵਲ)

ਮੂਲ : ਕੈਲਾਸ਼ ਮਾਂਜੂ ਬਿਸ਼ਨੋਈ
ਪੰਜਾਬੀ ਅਨੁਵਾਦ: ਡਾ. ਸੰਦੀਪ ਸਿੰਘ ਮੁੰਡੇ
ਪੰਨੇ : 176 ਮੁੱਲ : 299
ਪ੍ਰਕਾਸ਼ਕ-ਮੰਜੁਲ ਪਬਲੀਸ਼ਿੰਗ ਹਾਊਸ, ਭੋਪਾਲ

ਕੈਲਾਸ਼ ਮਾਂਜੂ ਬਿਸ਼ਨੋਈ ਦੁਆਰਾ 2023 ਵਿੱਚ ਰਚਿਤ ਉਸ ਦੇ ਪਹਿਲੇ ਹੀ ਹਿੰਦੀ ਨਾਵਲ 'ਯੂ.ਪੀ.ਐੱਸ.ਸੀ.ਵਾਲਾ ਲਵ-ਕਲੈਕਟਰ ਸਾਹਿਬਾ' ਨੂੰ ਨੈਸ਼ਨਲ 'ਬੈਸਟ ਸੇਲਰ ਪੁਸਤਕ' ਹੋਣ ਦਾ ਮਾਣ ਹਾਸਲ ਹੈ। ਆਪਣੇ ਛਪਣ ਸਮੇਂ ਤੋਂ ਹੀ ਇਸ ਨਾਵਲ ਨੇ ਪਾਠਕ ਵਰਗ ਦੇ ਮਨ ਮਸਤਕ ਉੱਤੇ ਸਾਰਥਕ ਪ੍ਰਭਾਵ ਪਾਉਣਾ ਸ਼ੁਰੂ ਕਰ ਦਿੱਤਾ। ਉਸ ਦਾ ਹੀ ਸਿੱਟਾ ਹੈ ਕਿ ਅੱਜ ਇਸ ਨਾਵਲ ਦੀ ਮਕਬੂਲੀਅਤ ਦਾ ਘੇਰਾ ਦਿਨ ਪਰ ਦਿਨ ਵਿਸ਼ਾਲ ਹੁੰਦਾ ਜਾ ਰਿਹਾ ਹੈ। ਨੌਜਵਾਨ ਪੀੜ੍ਹੀ ਦਾ ਪ੍ਰੇਰਣਾ ਸਰੋਤ ਬਣ, ਉਨ੍ਹਾਂ ਦੀ ਜ਼ਿੰਦਗੀ ਨੂੰ ਖ਼ੂਬਸੂਰਤ ਮੁਕਾਮ 'ਤੇ ਪਹੁੰਚਾਉਣ ਦੀ ਸਮਰੱਥਾ ਰੱਖਣ ਵਾਲਾ ਨਾਵਲ ਵਿਚਲਾ ਬਿਰਤਾਂਤ, ਕਹਾਣੀ ਦੀ ਬੁਣਤਰ ਅਤੇ ਘਟਨਾਵਾਂ ਦੀ ਤਰਤੀਬ ਕਰਕੇ ਪਾਠਕਾਂ ਉੱਤੇ ਅਮਿੱਟ ਛਾਪ ਛੱਡਦਾ ਹੈ। ਹਿੰਦੀ ਸਾਹਿਤ ਧਾਰਾ ਨੂੰ ਗਤੀ ਪ੍ਰਦਾਨ ਕਰਨ ਵਾਲੇ ਇਸ ਚਰਚਿਤ ਨਾਵਲ ਦਾ ਪੰਜਾਬੀ ਅਨੁਵਾਦ ਕਰਕੇ ਡਾ. ਸੰਦੀਪ ਸਿੰਘ ਮੁੰਡੇ ਨੇ ਪੰਜਾਬੀ ਸਾਹਿਤ ਵਿੱਚ ਨਿੱਗਰ ਵਾਧਾ ਕੀਤਾ ਹੈ।

ਪੰਜਾਬੀ ਪਾਠਕਾਂ ਲਈ ਇੱਕ ਸੁਹਜ-ਸੰਵੇਦਨਾ ਨਾਲ ਭਰਪੂਰ ਰਚਨਾ ਵਜੋਂ, ਕੈਲਾਸ਼ ਮਾਂਜੂ ਬਿਸ਼ਨੋਈ ਦਾ ਮਸ਼ਹੂਰ ਨਾਵਲ 'ਯੂਪਸ਼ਛ ਵਾਲਾ ਲਵ ਕਲੈਕਟਰ ਸਾਹਿਬਾ' ਹੁਣ ਡਾ. ਸੰਦੀਪ ਸਿੰਘ ਮੁੰਡੇ ਦੇ ਸਹਿਜ ਅਤੇ ਪ੍ਰਵਾਹਮਈ ਪੰਜਾਬੀ ਅਨੁਵਾਦ ਵਿੱਚ ਉਪਲਬਧ ਹੈ। ਇਹ ਰਚਨਾ ਸਿਰਫ਼ ਇੱਕ ਪ੍ਰੇਮ ਕਹਾਣੀ ਹੀ ਨਹੀਂ, ਸਗੋਂ ਉਨ੍ਹਾਂ ਲੱਖਾਂ ਨੌਜਵਾਨਾਂ ਦੀ ਜ਼ਿੰਦਗੀ ਦੇ ਸੰਘਰਸ਼ ਦਾ ਦਸਤਾਵੇਜ਼ ਹੈ ਜੋ ਦੇਸ਼ ਦੀ ਸਭ ਤੋਂ ਕੱਟੜ ਪ੍ਰੀਖਿਆ, ਯੂ.ਪੀ.ਐਸ.ਸੀ. ਦੀ ਮੰਜ਼ਿਲ ਪ੍ਰਾਪਤ ਕਰਨ ਲਈ ਦਿੱਲੀ ਵਰਗੇ ਮਹਾਨਗਰਾਂ ਦੀਆਂ ਤੰਗ ਗਲੀਆਂ ਵਿੱਚ ਆਪਣੇ ਸੁਪਨੇ ਰਚਦੇ ਹਨ।




ਨਾਵਲ ਦੀਆਂ ਬਿਰਤਾਂਤਕ ਘਟਨਾਵਾਂ ਦਾ ਤਾਣਾ-ਬਾਣਾ ਐਨੀ ਕੁਸ਼ਲਤਾ ਨਾਲ ਬੁਣਿਆ ਗਿਆ ਹੈ ਕਿ ਨਾਵਲਕਾਰ,ਪਾਠਕ ਨੂੰ ਬੜੀ ਸਹਿਜਤਾ ਨਾਲ ਆਪਣੇ ਨਾਲ ਤੋਰੀ ਰੱਖਦਾ ਹੈ। ਨਾਵਲ ਦੀ ਕਹਾਣੀ ਦੋ ਮੁੱਖ ਪਾਤਰਾਂ-ਗਿਰੀਸ਼ (ਇੱਕ ਉੱਭਰਦਾ ਲੇਖਕ ਅਤੇ ਮਾਰਗ-ਦਰਸ਼ਕ) ਅਤੇ ਐਂਜਲ (ਜਿਸ ਦੀਆਂ ਅੱਖਾਂ ਵਿੱਚ ਬਚਪਨ ਤੋਂ ਕਲੈਕਟਰ ਬਣਨ ਦਾ ਸੁਪਨਾ ਹੈ)-ਦੇ ਆਲੇ-ਦੁਆਲੇ ਬੁਣੀ ਗਈ ਹੈ। ਇੱਕ ਅਖ਼ਬਾਰੀ ਲੇਖ ਰਾਹੀਂ ਸ਼ੁਰੂ ਹੋਈ ਇਹ ਈ-ਮੇਲ ਦੋਸਤੀ ਹੌਲੀ-ਹੌਲੀ ਇੱਕ ਡੂੰਘੇ ਅਤੇ ਸਹਾਇਕ ਪਿਆਰ ਵਿੱਚ ਤਬਦੀਲ ਹੋ ਜਾਂਦੀ ਹੈ। ਇਨ੍ਹਾਂ ਪਾਤਰਾਂ ਦੀ ਨੇੜਤਾ ਦੇ ਸੰਦਰਭ ਨਾਲ ਲੇਖਕ ਨੇ ਬੜੀ ਯਥਾਰਥਕਤਾ ਨਾਲ ਇਸ ਮਿੱਥ ਨੂੰ ਟੁੱਟਦਿਆਂ ਦਿਖਾਇਆ ਹੈ ਕਿ ਪਿਆਰ ਸਫ਼ਲਤਾ ਦੇ ਰਾਹ ਵਿੱਚ ਵੱਡੀ ਰੁਕਾਵਟ ਬਣਦਾ ਹੈ। ਜਦੋਂ ਕਿ ਇਸ ਦੇ ਵਿਪਰੀਤ ਨਾਵਲ ਵਿੱਚ ਨਾਇਕ ਅਤੇ ਨਾਇਕਾ ਦਾ ਰਿਸ਼ਤਾ ਪ੍ਰੀਖਿਆ ਤਿਆਰੀ ਵਿੱਚ ਇੱਕ ਦੂਜੇ ਲਈ ਪ੍ਰੇਰਣਾ ਅਤੇ ਸਹਾਰੇ ਦਾ ਪ੍ਰਤੀਕ ਬਣ ਕੇ ਉੱਭਰਦਾ ਹੈ।

ਵੱਖ-ਵੱਖ 19 ਸਿਰਲੇਖਾਂ ਅਧੀਨ ਵੰਡਿਆ ਇਹ ਨਾਵਲ ਪ੍ਰੀਖਿਆਰਥੀਆਂ ਦੇ ਦਰਪੇਸ਼ ਮੁਸ਼ਕਿਲਾਂ, ਚੁਣੌਤੀਆਂ, ਸਫ਼ਲਤਾਵਾਂ ਅਤੇ ਅਸਫ਼ਲਤਾਵਾਂ ਦਾ ਯਥਾਰਥਮਈ ਚਿੱਤਰਣ ਬਿਆਨ ਕਰਦਾ ਹੈ। ਨਾਵਲ ਵਿੱਚ ਪ੍ਰੀਲਿਮਜ਼ ਦਾ ਡਰ, ਮੁੱਖ ਪ੍ਰੀਖਿਆ ਦੀ ਥਕਾਵਟ ਭਰੀ ਤਿਆਰੀ, ਇੰਟਰਵਿਊ ਦੀ ਘਬਰਾਹਟ, ਅਤੇ ਕੋਰੋਨਾ ਕਾਲ ਵਰਗੀਆਂ ਚੁਣੌਤੀਆਂ ਨੂੰ ਬੜੀ ਬਾਰੀਕੀ ਨਾਲ ਦਰਸਾਇਆ ਗਿਆ ਹੈ। ਇਹ ਸਾਰੇ ਵੇਰਵੇ ਕਿਸੇ ਵੀ ਪ੍ਰੀਖਿਆਰਥੀ ਨੂੰ ਆਪਣੀ ਸੰਘਰਸ਼ ਕਹਾਣੀ ਲੱਗਣਗੇ।

ਕਹਾਣੀ ਦਾ ਸਭ ਤੋਂ ਪ੍ਰਭਾਵਸ਼ਾਲੀ ਮੋੜ ਉਦੋਂ ਆਉਂਦਾ ਹੈ ਜਦੋਂ ਐਂਜਲ ਸਫਲ ਹੋ ਕੇ ਆਈ.ਏ.ਐੱਸ. ਅਧਿਕਾਰੀ ਬਣ ਜਾਂਦੀ ਹੈ, ਪਰ ਗਿਰੀਸ਼ ਨਹੀਂ ਬਣ ਪਾਉਂਦਾ। ਇੱਥੇ ਲੇਖਕ ਨੇ ਸਮਾਜਿਕ ਰੁਤਬੇ, ਪਰਿਵਾਰਕ ਦਬਾਅ ਅਤੇ ਪਿਆਰ ਦੇ ਟਕਰਾਅ ਨੂੰ ਸੰਵੇਦਨਸ਼ੀਲਤਾ ਨਾਲ ਪੇਸ਼ ਕੀਤਾ ਹੈ। ਐਂਜਲ ਦਾ ਚਰਿੱਤਰ ਇੱਕ ਸ਼ਕਤੀਸ਼ਾਲੀ ਸੰਦੇਸ਼ ਦਿੰਦਾ ਹੈ: ਸਫ਼ਲਤਾ ਵਿਅਕਤੀ ਨੂੰ ਨਹੀਂ, ਉਸਦੇ ਸੰਸਕਾਰਾਂ ਅਤੇ ਵਫ਼ਾਦਾਰੀਆਂ ਨੂੰ ਬਦਲਣ ਲਈ ਵੀ ਜ਼ਰੂਰੀ ਹੈ। ਇਹ ਸਮਾਜ ਦੀ ਉਸ ਧਾਰਨਾ ਲਈ ਚੁਣੌਤੀ ਪ੍ਰਦਾਨ ਕਰਦਾ ਹੈ ਜਿਸ ਮੁਤਾਬਿਕ ਇੱਕ ਕਲੈਕਟਰ ਸਾਹਿਬਾ ਦਾ ਜੀਵਨ ਸਾਥੀ ਵੀ ਉਸਦੇ ਬਰਾਬਰ ਦਾ ਅਹੁਦੇਦਾਰ ਹੀ ਹੋਣਾ ਚਾਹੀਦਾ ਹੈ।

ਨਾਵਲ ਵਿੱਚ ਹਾਸਰਸ ਪਾਤਰ 'ਲਵਗੁਰੂ' ਦਿੱਲੀ ਦੇ ਕੋਚਿੰਗ ਸੱਭਿਆਚਾਰ ਨੂੰ ਰੰਗੀਨ ਢੰਗ ਨਾਲ ਪੇਸ਼ ਕਰਦਾ ਹੈ, ਜਦੋਂ ਕਿ ਲੇਖਕ ਦੀ ਨਜ਼ਰ ਨੌਕਰਸ਼ਾਹੀ ਅਤੇ ਸੋਸ਼ਲ ਮੀਡੀਆ 'ਤੇ ਪੈਂਦੇ ਹੰਕਾਰ ਅਤੇ ਦਿਖਾਵੇ 'ਤੇ ਵੀ ਤਿੱਖੀ ਹੈ। ਡਾ. ਸੰਦੀਪ ਸਿੰਘ ਮੁੰਡੇ ਦਾ ਅਨੁਵਾਦ ਇਨ੍ਹਾਂ ਸਹਿਜ ਅਤੇ ਸੁਹਜਮਈ ਹੈ ਕਿ ਪਾਠਕ ਨੂੰ ਕਿਤੇ ਵੀ ਅਨੁਵਾਦ ਹੋਣ ਦਾ ਅਹਿਸਾਸ ਨਹੀਂ ਹੁੰਦਾ। ਨਾਵਲ ਵਿੱਚ ਪ੍ਰਯੋਗ ਕੀਤੀ ਗਈ ਸ਼ਾਇਰੀ ਅਤੇ ਪ੍ਰੇਰਨਾਦਾਇਕ ਸੰਵਾਦ ਪਾਠਕ ਦੇ ਮਨ ਵਿੱਚ ਨਵਾਂ ਉਤਸ਼ਾਹ ਭਰਦੇ ਹਨ।


ਸੰਖੇਪ ਰੂਪ ਵਿੱਚ, 'ਕਲੈਕਟਰ ਸਾਹਿਬਾ' ਨਾਵਲ ਜੀਵਨ ਦੇ ਮਹੱਤਵਪੂਰਨ ਪੜਾਅ 'ਤੇ ਜੂਝ ਰਹੇ ਹਰ ਨੌਜਵਾਨ ਲਈ ਬਹੁਤ ਹੀ ਮੁੱਲਵਾਨ ਤੇ ਪੜ੍ਹਨਯੋਗ ਰਚਨਾ ਹੈ। ਇਹ ਰਚਨਾ ਪ੍ਰੇਰਿਤ ਕਰਦੀ ਹੈ ਕਿ ਅਸਲੀ ਜਿੱਤ ਕਿਸੇ ਪਦਵੀ ਵਿੱਚ ਨਹੀਂ, ਸਗੋਂ ਆਪਣੀ ਨੇਕ ਨੀਅਤੀ, ਮਿਹਨਤ ਅਤੇ ਪਿਆਰ ਪ੍ਰਤੀ ਵਫ਼ਾਦਾਰੀ ਵਿੱਚ ਹੈ। ਇਹ ਨਾਵਲ ਨਿਸ਼ਚਿਤ ਤੌਰ 'ਤੇ ਹਰ ਪੁਸਤਕ ਪ੍ਰੇਮੀ, ਖਾਸ ਕਰਕੇ ਪ੍ਰੀਖਿਆਰਥੀਆਂ ਅਤੇ ਉਨ੍ਹਾਂ ਦੇ ਨੇੜਲਿਆਂ ਨੂੰ ਸੇਧ ਪ੍ਰਦਾਨ ਕਰਨ ਵਿੱਚ ਸਾਰਥਕ ਭੂਮਿਕਾ ਨਿਭਾ ਸਕਦਾ ਹੈ।


ਮੁਖੀ, ਪੰਜਾਬੀ ਵਿਭਾਗ,
ਖਾਲਸਾ ਤ੍ਰੈ-ਸ਼ਤਾਬਦੀ ਸਰਕਾਰੀ ਕਾਲਜ, ਰਤੀਆ।
Email-
dr.birbalsingh18@gmail.com



ਤਰਲੋਚਨ ਸਿੰਘ ਦੁਪਾਲ ਪੁਰ
001-408-905-5517
tsdupalpuri@yahoo.com


# ਕੀਰਤਨੀਏਂ ਬਨਾਮ ਗਾਇਕ ਕਲਾਕਾਰ



ਕਈ ਦਹਾਕੇ ਪੁਰਾਣੀ ਗੱਲ ਹੈ। ਉਸ ਵੇਲੇ ਮੈਂ ਸੱਤਵੀਂ ਅੱਠਵੀਂ ਵਿਚ ਪੜ੍ਹਦਾ ਹੋਵਾਂ ਗਾ। ਸਾਡੇ ਇਲਾਕੇ ਵਿਚ ਉਦੋਂ ਦੁਸਹਿਰਾ ਸਿਰਫ ਰਾਹੋਂ ਹੀ ਮਨਾਇਆ ਜਾਂਦਾ ਸੀ ਹੁਣ ਭਾਵੇਂ ਨਵਾਂਸ਼ਹਿਰ ਵੀ ਮਨਾਉਣ ਲੱਗ ਪਏ ਹਨ। ਅਸੀਂ ਪੰਜ ਸੱਤ ਮੁੰਡੇ ਸਾਈਕਲਾਂ 'ਤੇ ਚਲੇ ਗਏ ਰਾਹੋਂ ਦੁਸਹਿਰਾ ਮੇਲਾ ਦੇਖਣ। ਉੱਥੇ ਖਾਣ-ਪੀਣ ਅਤੇ ਨਿੱਕੇ ਮੋਟੇ ਸਾਜ਼ੋ-ਸਮਾਨ ਵਾਲੀਆਂ ਦੁਕਾਨਾਂ ਤੋਂ ਇਲਾਵਾ ਸਟੇਜ ਵੀ ਲੱਗੀ ਹੋਈ ਸੀ, ਜਿੱਥੇ ਰਾਗੀ-ਢਾਡੀ ਜਾਂ ਰਲ਼ੇ-ਮਿਲ਼ੇ ਜਿਹੇ ਗੀਤ-ਗਾਣੇ ਗਾਉਣ ਵਾਲ਼ੇ ਕਲਾਕਾਰ ਵੀ 'ਕੱਠ ਦਾ ਮਨੋਰੰਜਨ ਕਰ ਰਹੇ ਸਨ। ਸਾਡੇ ਜਾਂਦਿਆਂ ਨੂੰ ਰਾਹੋਂ ਵਾਲ਼ੇ ਗਿਆਨੀ ਕਰਮ ਸਿੰਘ 'ਜੋਸ਼' ਹੁਣਾ ਦਾ ਰਾਗੀ ਜਥਾ ਗੁਰਬਾਣੀ ਦੇ ਸ਼ਬਦ ਅਤੇ ਸਿੱਖ ਇਤਿਹਾਸ 'ਚੋਂ ਧਾਰਮਿਕ ਗੀਤਾਂ ਦਾ ਗਾਇਨ ਕਰ ਰਿਹਾ ਸੀ।

ਇਸ ਜਥੇ ਦੀ ਸਮਾਪਤੀ ਤੋਂ ਬਾਅਦ ਗਾਇਕ ਕੁੜੀ ਸਟੇਜ 'ਤੇ ਆਈ (ਸ਼ਾਇਦ ਉਹ ਜਗਮੋਹਨ ਕੌਰ ਸੀ) ਉਹ ਸਟੇਜ 'ਤੇ ਰੱਖੇ ਮੇਜ ਉੱਪਰ ਆਪਣਾ ਹਾਰਮੋਨੀਅਮ ਖੋਲ੍ਹ ਰਹੀ ਸੀ। ਹੇਠਾਂ ਭਾਈ ਜੋਸ਼ ਦਾ ਢੁਲਕਈਆ ਭਾਈ ਤਾਰਾ ਸਿੰਘ ਕੱਪੜੇ ਵਿਚ ਆਪਣੀ ਢੋਲਕੀ ਬੰਨ੍ਹਦਾ ਪਿਆ ਸੀ। ਗਾਇਕਾ ਬੀਬੀ ਦਾ ਆਪਣਾ ਢੁਲਕਈਆ ਉੱਥੇ ਸਮੇਂ ਸਿਰ ਪਹੁੰਚਿਆ ਨਾ। ਉਹ ਮੇਜ 'ਤੇ ਪਏ ਵਾਜੇ ਦੀ 'ਪੀਂ....ਪੀਂ...ਪੀਂ' ਵਜਾਉਂਦਿਆਂ ਟੇਢੀ ਜਿਹੀ ਹੋ ਕੇ ਭਾਈ ਤਾਰਾ ਸਿੰਘ ਨੂੰ ਆਜਜ਼ੀ ਨਾਲ ਕਹਿੰਦੀ ਕਿ ਗਿਆਨੀ ਜੀ ਥੋੜ੍ਹਾ ਚਿਰ ਮੇਰੇ ਨਾਲ ਢੋਲਕੀ ਵਜਾ ਦਿਉ,ਜਦ ਤੱਕ ਮੇਰਾ ਸਾਥੀ ਨਹੀਂ ਆਉਂਦਾ?



ਥੋੜ੍ਹੇ ਕੁਰਖਤ ਜਿਹੇ ਚਿਹਰੇ-ਮੋਹਰੇ ਵਾਲ਼ੇ ਭਾਈ ਤਾਰਾ ਸਿੰਘ ਨੇ ਕਲਾਕਾਰ ਬੀਬੀ ਦੀ ਗੱਲ ਸੁਣਕੇ ਹੋਰ 'ਭਵਾਂ ਚੜ੍ਹਾ' ਲਈਆਂ! ਫਟਾ ਫਟ ਢੋਲਕੀ ਨੂੰ ਕੱਪੜੇ ਵਿਚ ਘੁੱਟ ਘੁੱਟ ਬੰਨ੍ਹਦਿਆਂ ਹੋਇਆਂ ਉਹ ਬੋਲੇ-

"ਕੀ ਆਹਨੀਂ ਏਂ ਬੀਬੀ? ..ਮੈਂ ਤੇਰੇ 'ਗਾਉਣ ਵਾਲ਼ੀ' ਨਾਲ ਢੋਲਕੀ ਵਜਾ ਦਿਆਂ ...ਤਾਰਾ ਸਿੰਘ ਦੀ ਇਹ ਢੋਲਕੀ ਤੇ ਗੁਰਬਾਣੀ ਜਾਂ ਗੁਰੂ-ਜਸ ਨਾਲ ਹੀ ਵੱਜਦੀ ਏ.....! ਅੱਜ ਮੈਂ ਐਥੇ ਤੇਰੇ ਨਾਲ ਢੋਲਕੀ ਵਜਾ ਦਿਆਂ...ਤਾਂ ਕੱਲ੍ਹ ਨੂੰ ਸੰਗਤ ਵਿਚ ਕਿਹੜਾ ਮੂੰਹ ਲੈ ਕੇ ਜਾਵਾਂ ਗਾ ਮੈਂ....."

ਮੋਢੇ ਵਿਚ ਢੋਲਕੀ ਫਸਾ ਕੇ ਭਾਈ ਤਾਰਾ ਸਿੰਘ ਸਟੇਜ ਤੋਂ 'ਬੁੜ ਬੁੜ' ਕਰਦਾ ਹੇਠਾਂ ਉੱਤਰ ਆਇਆ! ਸਟੇਜ ਵਾਲ਼ੇ ਮਾਈਕ ਤੋਂ ਉਹਦੇ ਬੋਲੇ ਬੋਲ ਲਾਊਡ ਸਪੀਕਰਾਂ ਰਾਹੀਂ ਸਭ ਨੇ ਸੁਣ ਲਏ ਸਨ!!

# ਅੰਮਤਾ, ਪੂਰਨਮੰਤਾ ਅਤੇ ਮਲਮਾਸ


**ਸਰਵਜੀਤ ਸਿੰਘ ਸੈਕਰਾਮੈਂਟੋ**



ਲੱਗ-ਭੱਗ 8 ਸਾਲ ਪਹਿਲਾਂ, ਅਨੁਰਾਗ ਸਿੰਘ ਦੀਆਂ ਪੋਸਟਾਂ ਵਿੱਚ ਮੈਂ ਪਹਿਲੀ ਵਾਰ ਪੜ੍ਹਿਆ ਸੀ ਕਿ ਗੁਰੂ ਸਾਹਿਬ ਜੀ ਨੇ ਪ੍ਰਚੱਲਤ ਬਿਕ੍ਰਮੀ ਕੈਲੰਡਰ ਵਿੱਚ ਸੋਧ ਕਰਕੇ 'ਮੂਲ ਸਿੱਖ ਕੈਲੰਡਰ' ਸਥਾਪਿਤ ਕੀਤਾ ਸੀ। ਇਹ ਜਾਣਕਾਰੀ ਮੇਰੇ ਵਾਸਤੇ ਨਵੀਂ ਸੀ। ਮੈਂ ਅਨੁਰਾਗ ਸਿੰਘ ਨੂੰ ਲਿਖਤੀ ਬੇਨਤੀ ਕੀਤੀ ਕਿ ਇਸ ਕੈਲੰਡਰ ਬਾਰੇ ਹੋਰ ਜਾਣਕਾਰੀ ਦੇ ਨਾਲ, ਉਹ ਕੈਲੰਡਰ ਵੀ ਸਾਝਾ ਕੀਤਾ ਜਾਵੇ। ਉਸ ਵੱਲੋਂ ਕੋਈ ਜਵਾਬ ਨਾ ਆਉਣ ਕਾਰਨ, ਮੇਰਾ ਸ਼ੱਕ ਯਕੀਨ ਵਿੱਚ ਬਦਲ ਗਿਆ ਕਿ ਇਹ ਝੂਠ ਬੋਲ/ਲਿਖ ਰਿਹਾ ਹੈ। ਫੇਰ ਇਹ ਆਉਣ ਵਾਲੀ ਕਿਤਾਬ ਬਾਰੇ ਪ੍ਰਚਾਰ ਕਰਨ ਲੱਗ ਪਿਆ। ਅਸੀਂ ਸੋਚਿਆ ਕਿ ਕਿਤਾਬ ਵਿੱਚ ਤਾਂ ਕੈਲੰਡਰ ਬਾਰੇ ਜਾਣਕਾਰੀ ਦੇਣਗੇ ਹੀ। ਇਕ ਦਿਨ ਸਤਿੰਦਰ ਸਿੰਘ ਦੀ ਪੋਸਟ ਨੇ ਮੇਰਾ ਧਿਆਨ ਖਿੱਚਿਆ, "ਉਡੀਕ ਖਤਮ ਹੋਈ, ਪੁਸਤਕ ਹੁਣ ਕਨੇਡਾ-ਅਮਰੀਕਾ ਵਿਚ ਵੀ ਉਪਲੱਬਦ ਹੈ"। ਕਿਤਾਬ ਦਾ ਨਾਮ, "ਗੁਰੂ ਸਾਹਿਬ ਵੱਲੋਂ ਸਥਾਪਤ ਕੀਤਾ ਮੂਲ ਸਿੱਖ ਕੈਲੰਡਰ", ਪੜ੍ਹ ਕੇ ਆਸ ਦੀ ਕਿਰਨ ਵਿਖਾਈ ਦਿੱਤੀ ਕਿ ਹੁਣ ਤਾਂ ਗੁਰੂ ਸਾਹਿਬ ਜੀ ਵੱਲੋਂ ਸਥਾਪਤ ਕੀਤੇ 'ਮੂਲ ਸਿੱਖ ਕੈਲੰਡਰ' ਦੇ ਦਰਸ਼ਨ ਹੋ ਹੀ ਜਾਣਗੇ। ਪਰ ਕਿੱਥੇ? ਕੈਲੰਡਰ ਦੇ ਦਰਸ਼ਨ ਤਾਂ ਹੁੰਦੇ ਜੇ ਕੋਈ ਅਜਿਹਾ ਕੈਲੰਡਰ ਹੁੰਦਾ?

ਹੁਣ ਅਸੀਂ ਇਹ ਵੇਖਣਾ ਹੈ ਕਿ ਅਨੁਰਾਗ ਸਿੰਘ ਨੂੰ ਅਜਿਹਾ ਸ਼ੋਸ਼ਾ ਛੱਡਣ ਦਾ ਖਿਆਲ ਕਿਵੇਂ ਆਇਆ ਹੋਵੇਗਾ? ਇਸ ਦੀ ਜੜ੍ਹ ਹੈ 'Oxford Dictionary of World Religions' ਵਿੱਚ। ਜਿਸ ਦੇ ਹਵਾਲੇ ਨਾਲ, ਆਪਣੀ ਹਰ ਦੂਜੀ-ਤੀਜੀ ਪੋਸਟ ਵਿੱਚ ਆਹ ਪੰਗਤੀ, "ਪਾਲ ਸਿੰਘ ਪੁਰੇਵਾਲ ਦੀ ਮਿਸ਼ਰਤ ਜੰਤਰੀ ਤੋਂ ਪਹਿਲਾਂ ਸਿੱਖਾਂ ਦਾ ਮੂਲ ਸਿੱਖ ਕੈਲੰਡਰ ਸੀ ਜਿਸ ਦਾ ਜਿਕਰ John Bowker ਇਸ ਤਰ੍ਹਾਂ ਕਰਦੇ ਹਨ: "The Sikh Religious Calendar is a modified form of the Bikrami Calendar",, ਪੇਸਟ ਕਰਦਾ ਰਿਹਾ ਹੈ। ਆਪਣੀ ਕਿਤਾਬ "ਮੂਲ ਸਿੱਖ ਕੈਲੰਡਰ" ਵਿੱਚ ਵੀ ਇਹ ਪੰਗਤੀ ਦਰਜ ਕਰਨਾ ਨਹੀਂ ਭੁਲੇ (ਪੰਨਾ 19)

ਪਰ ਜਦੋਂ, 'Oxford Dictionary of World Religions' ਦਾ ਹਵਾਲਾ ਦੇ ਕੇ, 'Oxford Dictionary of World Religions' ਹਵਾਲਾ ਦੇ ਕੇ, "Sikhism; The Sikhs' religious calendar is a modified form of the Bikrami calendar. The year is solar (23 minutes 44 seconds shorter than the Christian year) and the months are lunar. Lunar month dates, varying within fifteen days, are used for *gurpurbs. So in 1984 Guru *Gobind Singh's birthday fell on both 10 Jan. and




29 Dec. Solar months, based on the twelve zodiac signs, are also used, e.g. for *Sangrands, *Baisakhi, and Lohri. The anniversaries of the battle of Chamkaur, martyrdom of the younger *Sahibzada, and battle of *Muktsar are solar dates. Because of the discrepancy between the Bikrami and Christian solar year these dates advance one day in sixty-seven years. (page 188) ਸਵਾਲ ਕੀਤਾ ਤਾਂ ਇਨ੍ਹਾਂ ਨੇ 'ਇਕ ਚੁੱਪ ਸੌ ਸੁੱਖ' ਦੀ ਨੀਤੀ ਤੇ ਅਮਲ ਕਰਨ ਵਿੱਚ ਹੀ ਭਲਾਈ ਸਮਝੀ।

ਸਵਾਲ ਪੈਦਾ ਹੁੰਦਾ ਹੈ ਕਿ ਕੀ ਕਿਸੇ ਸ਼ਬਦ ਕੋਸ਼ ਵਿੱਚ ਲਿਖਿਆ, ਪੱਥਰ 'ਤੇ ਲਕੀਰ ਹੁੰਦੀ ਹੈ? ਕੀ ਉਸ ਨੂੰ ਅੱਖਾਂ ਬੰਦ ਕਰਕੇ ਮੰਨ ਲੈਣਾ ਚਾਹੀਦਾ ਹੈ? ਜੇ ਅਜੇਹਾ ਹੈ ਤਾਂ, "23 minutes 44 seconds shorter than the Christian year" ਦਾ ਕੀ ਕੀਤਾ ਜਾਵੇ? ਇਸ਼ੇ ਸ਼ਬਦ ਕੋਸ਼ ਦੇ ਇਸੇ ਪੰਨੇ (188) ਉੱਪਰ 'ਹਿੰਦੂ ਧਾਰਮਿਕ ਕੈਲੰਡਰ' ਵੀ ਦਿੱਤਾ ਹੋਇਆ ਹੈ। ਦੱਸੋ, ਇਨ੍ਹਾਂ ਦੋਵਾਂ ਵਿੱਚ ਕੀ ਅੰਤਰ ਹੈ? ਗੁਰੂ ਸਾਹਿਬ ਜੀ ਵੱਲੋਂ ਸੋਧ ਕੇ ਲਾਗੂ ਕੀਤਾ 'ਮੂਲ ਸਿੱਖ ਕੈਲੰਡਰ' ਕਿੱਥੇ ਹੈ? ਅਨੁਰਾਗ ਸਿੰਘ ਨੂੰ ਇਹ ਕੈਲੰਡਰ ਕਦੋਂ ਅਤੇ ਕਿੱਥੋਂ ਪ੍ਰਾਪਤ ਹੋਇਆ ਸੀ? ਜੇ ਇਸ ਨੂੰ, ਇਸ ਕੈਲੰਡਰ ਬਾਰੇ, ਨਾਨਕਸ਼ਾਹੀ ਕੈਲੰਡਰ ਬਨਣ ਤੋਂ ਪਹਿਲਾ ਜਾਣਕਾਰੀ ਸੀ ਤਾਂ ਇਸ ਨੇ ਉਸ ਵੇਲੇ ਕਿਉਂ ਨਹੀਂ ਦੱਸਿਆ ਜਦੋਂ ਇਹ ਮੀਟਿੰਗਾਂ ਵਿੱਚ ਸ਼ਾਮਿਲ ਹੁੰਦਾ ਸੀ। ਯਾਦ ਰਹੇ ਇਹ ਕਿਤਗਬ 1996 ਈ: ਵਿੱਚ ਛਪੀ ਸੀ। ਜੇ ਇਹ ਕੈਲੰਡਰ ਉਸ ਤੋਂ ਪਿਛੋਂ ਲੱਭਾ ਹੈ ਤਾਂ ਵਾਰ-ਵਾਰ ਬੇਨਤੀਆਂ ਕਰਨ 'ਤੇ ਵੀ ਸੰਗਤਾਂ ਦੀ ਕਚਿਹਰੀ ਵਿੱਚ ਕਿਉਂ ਨਹੀਂ ਰੱਖਿਆ ਗਿਆ? ਕੀ ਇਹ ਕੈਲੰਡਰ, ਇਨ੍ਹਾਂ ਦੀ ਨਿੰਜੀ ਸੰਪਤੀ ਹੈ ਜਾਂ ਪੰਥਕ ਵਿਰਾਸਤ?

20 ਦਸੰਬਰ 2025 ਈ: ਨੂੰ ਬਠਿੰਡਾ ਵਿਖੇ ਹੋਣ ਵਾਲੀ ਵਿਚਾਰ-ਚਰਚਾ ਸਬੰਧੀ ਜਦੋਂ ਸਤਿੰਦਰ ਸਿੰਘ ਦਾ ਫੋਨ (12 ਦਸੰਬਰ) ਆਇਆ ਤਾਂ ਮੈਂ ਉਸ ਮੀਟਿੰਗ ਦੇ ਏਜੰਡੇ ਬਾਰੇ ਜਾਨਣ ਦੇ ਨਾਲ-ਨਾਲ 'ਗੁਰੂ ਸਾਹਿਬ ਜੀ ਵੱਲੋਂ ਸਥਾਪਿਤ ਕੀਤਾ ਗਿਆ ਮੂਲ ਸਿੰਘ ਕੈਲੰਡਰ' ਦੀ ਵੀ ਮੰਗ ਕੀਤੀ ਤਾਂ ਸਤਿੰਦਰ ਸਿੰਘ ਨੇ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਸੀ ਦਿੱਤਾ। ਇਨ੍ਹਾਂ ਦੀ ਕਿਤਾਬ ਪੜ੍ਹ ਕੇ ਮੈਂ 4 ਦਸੰਬਰ 2023 ਈ: ਨੂੰ ਈ ਮੇਲ ਕਰਕੇ ਕੈਲੰਡਰ ਦੀ ਮੰਗ ਕੀਤੀ ਸੀ, ਜਿਸ ਦਾ ਜਵਾਬ ਅੱਜ ਤਾਂਈ ਨਹੀਂ ਆਇਆ। ਬਠਿੰਡੇ ਵਾਲੀ ਮੀਟਿੰਗ ਵਿੱਚ ਵੀ ਸ. ਕਿਰਪਾਲ ਸਿੰਘ ਨੇ ਕੈਲੰਡਰ ਦੀ ਮੰਗ ਕੀਤੀ ਤਾਂ ਜਵਾਬ ਮਿਲਿਆ ਕਿ ਕੈਲੰਡਰ ਕਿਤਾਬ ਵਿੱਚ ਹੀ ਹੈ। ਸਰਬਜੀਤ ਸਿੰਘ ਸਿੰਘ ਸੈਕਰਾਮੈਂਟੋ ਅਤੇ ਕਿਰਪਾਲ ਸਿੰਘ ਬਠਿੰਡਾ ਨੂੰ ਕੈਲੰਡਰ ਸਮਝ ਨਹੀਂ ਆਇਆ, ਪਰ ਹੋਰ ਸਾਰਿਆਂ ਨੂੰ ਸਮਝ ਆ ਗਿਆ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਉਹ, 'ਹੋਰ ਸਾਰੇ' ਕੌਣ ਹਨ? ਜਿਨ੍ਹਾਂ ਨੂੰ ਕਿਤਾਬ ਪੜ੍ਹ ਕੇ ਕੈਲੰਡਰ ਦੇ ਦਰਸ਼ਨ ਹੋ ਗਏ ਹਨ? ਖੈਰ... । ਆਓ ਹੁਣ ਇਹ ਵੇਖੀਏ ਕਿ ਗੁਰਚਰਨ ਸਿੰਘ ਸੇਖੋਂ ਨੇ ਕਿਤਾਬ ਵਿੱਚ ਕੀ ਲਿਖਿਆ ਹੈ?

"ਗੁਰੂ ਨਾਨਕ ਦੇਵ ਜੀ ਨੇ ਚੰਦਮਾਂ ਦੇ ਮਹੀਨਿਆਂ ਦੀ ਸ਼ੁਰੂਆਤ ਦੀ ਚੋਣ ੧ ਵਦੀ ਤੋਂ ਕਰਕੇ ਇਸ ਮਹੀਨੇ ਨਾਲ ਜੁੜਿਆ ਸਾਰਾ ਭਰਮ ਹੀ ਕੱਟ ਦਿੱਤਾ। ... ਗੁਰੂ ਨਾਨਕ ਦੇਵ ਜੀ ਨੇ ਚੰਦ੍ਰਮਾਂ ਦੇ ਮਹੀਨੇ ਦੀ ਸ਼ੁਰੂਆਤ ਦੋ ਮੱਸਿਆ ਦੇ ਅੱਧ ਵਿੱਚ, ਭਾਵ ਕਿ ਪੂਰਨਮਾਸ਼ੀ ਉਪਰੰਤ ਕਰ ਦਿੱਤੀ। ਹੁਣ ਪਹਿਲੇ ਮਹੀਨੇ ਵਿੱਚ ਵੀ ਸੰਗਰਾਂਦ ਆਵੇਗੀ ਅਤੇ ਅਗਲੇ ਵਿੱਚ ਵੀ ਆਵੇਗੀ। ਉਦਾਹਰਨ: ਅਗਰ ਭਾਦੋਂ ੧ ਨੂੰ ਸੂਰਜੀ ਮਹੀਨਾ ਸ਼ੁਰੂ ਹੋਵੇ ਅਤੇ ਦੋ ਨੂੰ ਚੰਦ੍ਰਮਾਂ ਦਾ ਮਹੀਨਾ ਸ਼ੁਰੂ ਹੋ ਜਾਵੇ ਅਤੇ ਫਿਰ ਭਾਦੋਂ ੩੧ ਨੂੰ ਮੱਸਿਆ ਸਮੇਂ ਚੰਦਮਾਂ ਦਾ ਮਹੀਨਾ ਸਮਾਪਤ ਹੋ ਜਾਵੇ ਅਤੇ ਅਗਲੇ ਦਿਨ ਅੱਸੂ ੧ ਦੀ ਸੰਗਰਾਂਦ ਵਾਲੇ ਦਿਨ ਸੂਰਜੀ ਮਹੀਨਾ ਸ਼ੁਰੂ ਹੋ ਜਾਵੇ, ਤਾਂ ਚੰਦਮਾਂ ਦੇ ਮਹੀਨੇ ਵਿੱਚ ਸੰਗਰਾਂਦ ਨਹੀਂ ਆਵੇਗੀ । ਪਰ ਜੇ ਚੰਦਮਾਂ ਦਾ ਮਹੀਨਾ ਬਦਲ ਕੇ ਪੂਰਨਮਾਸ਼ੀ ਉਪਰੰਤ ਵਦੀ ੧ ਤੋਂ ਕਰ ਦਿੱਤਾ ਜਾਵੇ ਤਾਂ ਇਹ ਸੂਰਜੀ ਭਾਦੋਂ ਮਹੀਨੇ ਦੇ ਅੱਧ ਵਿਚ, ਭਾਵ ਕਿ ੧੫ ਭਾਦੋਂ ਦੇ ਆਸ-ਪਾਸ ਦਾ ਸਮਾਂ ਬਣ ਜਾਵੇਗਾ। ਹੁਣ ਪਿਛਲੇ ੩੦ ਦਿਨਾਂ ਵਿੱਚ ਵੀ ਸੰਗਰਾਂਦ ਆਵੇਗੀ ਅਤੇ ਅਗਲੇ ੩੦ ਦਿਨਾਂ ਵਿਚ ਸੰਗਰਾਂਦ ਆਵੇਗੀ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਇਹ ਅਸ਼ੁਭ ਵਾਲੀ ਸਾਰੀ ਵਿਚਾਰ ਹੀ ਖ਼ਤਮ ਕਰਕੇ ਇਕ ਨਿਰੋਲ-ਵਿਲੱਖਣ ਸਿੱਖ ਕੈਲੰਡਰ ਸਥਾਪਤ ਕੀਤਾ। ਇਹ ਹੈ ਗੁਰੂ ਸਾਹਿਬਾਂ ਵਲੋਂ ਸਥਾਪਤ ਕੀਤਾ ਸਿੱਖਾਂ ਦਾ ਮੂਲ ਕਲੰਡਰ, ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਸੂਰਜੀ ਅਤੇ ਚੰਦ੍ਰਮਾਂ ਦੇ ਅਲੱਗ-ਅਲੱਗ ਸਿਧਾਂਤਾਂ ਵਿਚੋਂ ਆਪਣੇ ਸਿਧਾਂਤਾਂ ਦੀ ਚੋਣ ਕਰਕੇ, ਉਨ੍ਹਾਂ ਉਪਰ ਬਾਣੀ ਉਚਾਰੀ ਅਤੇ ਸਾਡੇ ਕਲੰਡਰ ਦੇ ਸਿਧਾਂਤ, ਆਦਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ। ਇਸ ਲਈ ਸਿੱਖ ਕੌਮ, ਕਦੇ ਵੀ ਕਲੰਡਰ ਤੋਂ ਵਾਂਝੀ ਨਹੀਂ ਸੀ, ਪਰ ਸਿੱਖਾਂ ਨੂੰ ਝੂਠ ਬੋਲ ਕੇ ਇਸ ਗੱਲ ਦਾ ਭੁਲੇਖਾ ਪਾਇਆ ਗਿਆ ਕਿ ਉਨ੍ਹਾਂ ਪਾਸ ਕੋਈ ਕਲੰਡਰ ਨਹੀਂ ਹੈ"। (ਪੰਨਾ 86)

ਗੁਰਚਰਨ ਸਿੰਘ ਸੇਖੋ ਦੇ ਲਿਖਣ ਦਾ ਭਾਵ ਜੋ ਮੈਂ ਸਮਝਿਆ ਹਾਂ ਇਹ ਹੈ ਕਿ, ਮਲ ਮਾਸ ਇਸ ਕਰਕੇ ਆਉਂਦਾ ਹੈ ਕਿ ਮਹੀਨੇ ਦਾ ਆਰੰਭ ਸੁਦੀ ਏਕਮ ਤੋਂ ਹੁੰਦਾ ਹੈ ਅਤੇ ਉਦੋਂ ਹੀ ਸੰਗਰਾਂਦ ਹੁੰਦੀ ਹੈ, ਇਸ ਕਾਰਨ ਮੱਸਿਆ ਅਤੇ ਸੰਗਰਾਂਦ ਨੂੰ ਵੱਖ-ਵੱਖ ਕਰਨ ਲਈ ਗੁਰੂ ਸਾਹਿਬ ਜੀ ਨੇ ਮਹੀਨੇ ਦਾ ਆਰੰਭ ਵਦੀ ਏਕਮ ਤੋਂ ਕਰ ਦਿੱਤਾ। ਹੁਣ ਮੱਸਿਆ ਮਹੀਨੇ ਦੇ ਮੱਧ ਵਿੱਚ ਆਉਣ ਕਰਕੇ, ਮਲ ਮਾਸ ਦੀ ਸਮੱਸਿਆ ਨਹੀਂ ਆਵੇਗੀ। "ਗੁਰੂ ਨਾਨਕ ਦੇਵ ਜੀ ਨੇ ਚੰਦਮਾਂ ਦੇ ਮਹੀਨਿਆਂ ਦੀ ਸ਼ੁਰੂਆਤ ਦੀ ਚੋਣ ੧ ਵਦੀ ਤੋਂ ਕਰਕੇ ਇਸ ਮਹੀਨੇ ਨਾਲ ਜੁੜਿਆ ਸਾਰਾ ਭਰਮ ਹੀ ਕੱਟ ਦਿੱਤਾ"।

ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਵਿੱਚ ਚੰਦ ਦਾ ਮਹੀਨਾ ਅਤੇ ਸੂਰਜੀ ਮਹੀਨਾ, ਦੋਵੇਂ ਇਕੱਠੇ ਚਲਦੇ ਹਨ। ਚੰਦ ਦੇ ਨਵੇਂ ਸਾਲ ਦਾ ਆਰੰਭ ਚੇਤ ਸੁਦੀ ਏਕਮ ਤੋਂ ਹੁੰਦਾ ਹੈ। ਪਰ ਮਹੀਨੇ ਦਾ ਆਰੰਭ ਚੇਤ ਵਦੀ ਏਕਮ ਤੋਂ। ਇਸ ਕਾਰਨ ਚੇਤ ਦਾ ਅੱਧਾ ਮਹੀਨਾ ( ਵਦੀ ਪੱਖ) ਪਿਛਲੇ ਸਾਲ ਵਿੱਚ ਆਉਂਦਾ ਹੈ ਅਤੇ ਅੱਧਾ ਮਹੀਨਾ (ਸੁਦੀ ਪੱਖ) ਨਵੇਂ ਸਾਲ ਵਿੱਚ ਆਉਂਦਾ ਹੈ। ਬਿਕ੍ਰਮੀ ਕੈਲੰਡਰ ਦੇ ਨਵੇਂ ਚੰਦਰ ਸਾਲ ਭਾਵ 2083 ਬਿ: ਦਾ ਆਰੰਭ 19 ਮਾਰਚ 2026 ਈ: ਨੂੰ ਹੋਵੇਗਾ। ਸੂਰਜੀ ਸਾਲ ਦਾ ਆਰੰਭ 1 ਵੈਸਾਖ/ 14 ਅਪ੍ਰੈਲ 2026 ਈ: ਨੂੰ ਹੋਵੇਗਾ। ਇਥੇ ਮਹੀਨਾ ਚੰਦ ਦਾ ਮੁੱਖ ਰੱਖਿਆ ਜਾਂਦਾ ਹੈ ਅਤੇ ਸਾਲ ਸੂਰਜੀ।

ਗੁਰੂ ਗ੍ਰੰਥ ਸਾਹਿਬ ਜੀ ਵਿੱਚ 'ਥਿਤੀ' ਸਿਰਲੇਖ ਹੇਠ ਤਿੰਨ ਬਾਣੀਆ ਦਰਜ ਹਨ-:

੧.ਥਿਤੀ ਗਉੜੀ ਮਹਲਾ ੫ (ਪੰਨਾ 296)

੨. ਰਾਗ ਗਉੜੀ ਥਿਤੀ ਕਬੀਰ ਜੀ ਕੀ (ਪੰਨਾ 343)

੩. ਬਿਲਾਵਲ ਮਹਲਾ ੧ਥਿਤੀ ਘਰੁ ੧੦ (ਪੰਨਾ838)

ਚੰਦ ਦਾ ਮਹੀਨਾ ਪੁੰਨਿਆ ਤੋਂ ਪੁੰਨਿਆ, ਜਿਸ ਨੂੰ ਪੂਰਨਮੰਤਾ ਕਹਿੰਦੇ ਹਨ ਅਤੇ ਮੱਸਿਆ ਤੋਂ ਮੱਸਿਆ, ਜਿਸ ਨੂੰ ਅਮੰਤਾ ਕਹਿੰਦੇ ਹਨ, ਦੋਵੇਂ ਤਰ੍ਹਾਂ ਹੀ ਗਿਣਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ 'ਬਿਲਾਵਲ ਮਹਲਾ ੧ ਥਿਤੀ' ਅਤੇ 'ਥਿਤੀ ਗਉੜੀ ਮਹਲਾ ੫' ਦੋਵੇਂ ਪਾਵਨ ਬਾਣੀਆਂ ਵਿੱਚ ਮਹੀਨਾ 'ਪੂਰਨਮੰਤਾ' ਹੈ। ਅਤੇ 'ਰਾਗ ਗਉੜੀ ਥਿਤੀ ਕਬੀਰ ਜੀ ਕੀ' ਵਿੱਚ ਮਹੀਨਾ 'ਅਮੰਤਾ' ਹੈ। ਤਿੰਨੇ ਹੀ ਪਾਵਨ ਬਾਣੀਆਂ ਏਕਮ ਤੋਂ ਆਰੰਭ ਹੁੰਦੀਆਂ ਹਨ ;

ਬਾਕੀ ਹਿਸਾ ਸਫ਼ਾ 71 ਤੇ ਪੜ੍ਹੋ

**71 ਸਫ਼ੇ ਦੀ ਬਾਕੀ**

ਏਕਮ ਏਕੰਕਾਰੁ ਪ੍ਰਭੁ
ਕਰਉ ਬੰਦਨਾ ਧਿਆਇ ॥ (ਪੰਨਾ 296)
ਪਰਿਵਾ ਪ੍ਰੀਤਮ ਕਰਹੁ ਬੀਚਾਰ ॥
(ਪੰਨਾ 343)
ਏਕਮ ਏਕੰਕਾਰੁ ਨਿਰਾਲਾ ॥
(ਪੰਨਾ 838)

ਥਿਤੀ ਗਉੜੀ ਮਹਲਾ ੫ (ਪੰਨਾ 296) ਵਿੱਚ ਚੌਦਸ ਤੋਂ ਪਿਛੋਂ ਮੱਸਿਆ ਦਾ ਜਿਕਰ ਆਉਂਦਾ ਹੈ, "ਅਮਾਵਸ ਆਤਮ ਸੁਖੀ ਭਏ ਸੰਤੋਖੁ ਦੀਆ ਗੁਰਦੇਵ"। (ਪੰਨਾ 300) ਇੱਥੋਂ ਇਹ ਗਿਆਨ ਹਾਸਿਲ ਹੁੰਦਾ ਹੈ ਕਿ ਮੱਸਿਆ ਮਹੀਨੇ ਦੇ ਵਿਚਕਾਰ ਆਉਂਣ ਕਾਰਨ ਇਹ ਮਹੀਨਾ 'ਪੂਰਨਮੰਤਾ' ਹੈ।

ਬਿਲਾਵਲ ਮਹਲਾ ੧ਥਿਤੀ ਘਰੁ ੧੦ (ਪੰਨਾ838) ਬਾਣੀ ਵਿੱਚ ਵੀ ਚੌਦਸ ਤੋਂ ਪਿਛੋਂ ਮੱਸਿਆ ਦਾ ਜਿਕਰ ਹੀ ਆਓਦਾ ਹੈ। "ਅਮਾਵਸਿਆ ਚੰਦੁ ਗੁਪਤੁ ਗੈਣਾਰਿ", (ਪੰਨਾ 840) ਇਥੇ ਵੀ ਮੱਸਿਆ ਦਾ ਮਹੀਨੇ ਅੱਧ ਵਿਚਕਾਰ ਆਉਣਾ ਇਸ ਗੱਲ ਦਾ ਸਬੂਤ ਹੈ ਕਿ ਇਹ ਮਹੀਨਾ ਵੀ 'ਪੂਰਨਮੰਤਾ' ਹੈ। ਰਾਗ ਗਉੜੀ ਥਿਤੀੰ ਕਬੀਰ ਜੀ ਕੀੰ (ਪੰਨਾ 343) ਸਿਰਲੇਖ ਵਾਲੀ ਬਾਣੀ ਵਿੱਚ, ਚੌਦਸ ਤੋਂ ਪਿਛੋਂ ਪੁੰਨਿਆ ਦਾ ਜਿਕਰ ਆਉਦਾ ਹੈ। "ਪੂਨਿਉ ਪੂਰਾ ਚੰਦ ਅਕਾਸ"। (ਪੰਨਾ 344) ਭਗਤ ਕਬੀਰ ਜੀ ਵੱਲੋਂ ਉਚਾਰਣ ਕੀਤੀ ਗਈ ਬਾਣੀ ਵਿੱਚ 'ਪੁੰਨਿਆ' ਮਹੀਨੇ ਦੇ ਅੱਧ ਵਿਚਕਾਰ ਆਉਂਦੀ ਹੈ। ਇਸ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਇਹ ਮਹੀਨਾ ਮੱਸਿਆ ਤੋਂ ਮੱਸਿਆ ਤਾਈਂ ਚਲਦਾ ਹੈ। ਇਸ ਮਹੀਨੇ ਨੂੰ 'ਅਮੰਤਾ' ਕਹਿੰਦੇ ਹਨ।

ਭਾਰਤ ਸਰਕਾਰ ਵੱਲੋਂ ਬਣਾਈ ਗਈ ਕੈਲੰਡਰ ਸੁਧਾਰ ਕਮੇਟੀ ਦੀ ਰਿਪੋਟ ਵਿੱਚ, ਦੇਸ ਵਿੱਚ ਪ੍ਰਚੱਲਤ ਵੱਖ-ਵੱਖ 32 ਕੈਲੰਡਰਾਂ ਦੀ ਸੂਚੀ ਦਰਜ ਹੈ । ਜਿਸ ਮੁਤਾਬਕ ਦੇਸ਼ ਵਿੱਚ ਅੱਜ ਵੀ ਚੰਦ ਦਾ ਮਹੀਨਾ ਦੋਵੇ ਤਰ੍ਹਾਂ ਹੀ, ਭਾਵ 'ਪੂਰਨਮੰਤਾ' ਅਤੇ 'ਅਮੰਤਾ' ਚਲਦਾ ਹੈ। ਇਹ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦਾ ਵਿਧਾਨ ਹੈ। ਗੁਰੂ ਸਾਹਿਬ ਜੀ ਪੰਜਾਬ ਦੇ ਇਲਾਕੇ ਵਿੱਚ ਜਿਆਦਾ ਵਿਚਰੇ ਹਨ ਇਸ ਲਈ, ਇਸ ਖਿਤੇ ਵਿੱਚ ਪ੍ਰਚੱਲਿਤ ਕੈਲੰਡਰ, ਚੰਦਰ- ਸੂਰਜੀ ਬਿਕ੍ਰਮੀ (ਸੂਰਜੀ ਸਿਧਾਂਤ- ਪੂਰਨਮੰਤਾ) ਮੁਤਾਬਕ ਉਪਦੇਸ ਦਿੱਤਾ ਗਿਆ ਹੈ। ਭਗਤ ਕਬੀਰ ਦੀ ਦੇਸ਼ ਦੇ ਕਿਸੇ ਹੋਰ ਹਿੱਸੇ ( ਬਨਾਰਸ- ਉੱਤਰ ਪ੍ਰਦੇਸ਼) ਵਿੱਚ ਰਹਿੰਦੇ ਸਨ। ਉਨ੍ਹਾਂ ਨੇ ਉਸ ਇਲਾਕੇ ਵਿੱਚ ਪ੍ਰਚੱਲਿਤ ਕੈਲੰਡਰ ਚੰਦਰ- ਸੂਰਜੀ ਬਿਕ੍ਰਮੀ (ਸੂਰਜੀ ਸਿਧਾਤ- ਅਮੰਤਾ) ਮੁਤਾਬਕ ਉਪਦੇਸ਼ ਦਿੱਤਾ ਹੈ।

ਮਲ-ਮਾਸ:- ਚੰਦ ਦੇ ਕੈਲੰਡਰ ਮੁਤਾਬਕ ਸਾਲ ਵਿੱਚ 354.37 ਦਿਨ ਹੁੰਦੇ ਹਨ। ਜਦੋਂ ਕਿ ਸੂਰਜੀ ਸਿਧਾਂਤ ਮੁਤਾਬਕ ਸੂਰਜੀ ਕੈਲੰਡਰ ਦੇ ਸਾਲ ਦੀ ਲੰਬਾਈ 365.2587 ਦਿਨ ਮੰਨੀ ਗਈ ਹੈ। ਮੋਟੇ ਤੌਰ 'ਤੇ ਕਹਿ ਸਕਦੇ ਹਾਂ ਕਿ ਚੰਦ ਦਾ ਸਾਲ ਸੂਰਜੀ ਸਾਲ ਤੋਂ ਲਗਭਗ 11 ਦਿਨ ਛੋਟਾ ਹੁੰਦਾ ਹੈ। ਜਦੋਂ ਇਕ ਸਾਲ ਵਿੱਚ 11, ਦੋ ਸਾਲ 22 ਅਤੇ ਤੀਜੇ ਸਾਲ ਚੰਦ ਦਾ ਕੈਲੰਡਰ ਸੂਰਜੀ ਸਾਲ ਤੋਂ 33 ਦਿਨ ਪਿਛੇ ਰਹਿ ਜਾਂਦਾ ਹੈ ਤਾਂ, ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ, ਇਸ ਵਿੱਚ ਇਕ ਹੋਰ ਮਹੀਨਾ ਜੋੜ ਦਿੱਤਾ ਜਾਂਦਾ ਹੈ। ਇਸ ਨੂੰ ਮਲ ਮਾਸ (ਮਾੜਾ ਮਹੀਨਾ) ਕਹਿੰਦੇ ਹਨ। ਇਸ ਸਾਲ, ਚੰਦ ਦੇ ਸਾਲ ਵਿੱਚ 384 ਦਿਨ ਅਤੇ 13 ਮਹੀਨੇ ਹੁੰਦੇ ਹਨ। 19 ਸਾਲਾਂ ਵਿੱਚ, 7 ਸਾਲ ਅਜੇਹੇ ਆਉਂਦੇ ਹਨ।

ਅਗਲੇ ਸਾਲ ਭਾਵ ਸੰਮਤ 2083 ਬਿਕ੍ਰਮੀ (2026-27 ਈ:) ਵਿੱਚ ਜੇਠ ਦਾ ਮਹੀਨਾ ਦੋ ਵਾਰ ਆਵੇਗਾ। ਇਕ ਚੰਗਾ ਦੂਜਾ ਮਾੜਾ। ਜੇਠ ਮਹੀਨੇ ਦਾ ਆਰੰਭ, ਜੇਠ ਵਦੀ ਏਕਮ, 2 ਮਈ 2026 ਈ: ਤੋਂ ਹੋਵੇਗਾ। ਜੇਠ ਦੀ ਮੱਸਿਆ 16 ਜੂਨ ਨੂੰ ਆਵੇਗੀ। ਜੇਠ ਦੀ ਪੁੰਨਿਆ 31 ਮਈ ਨੂੰ ਆਵੇਗੀ। ਦੂਜੇ ਜੇਠ ਦਾ ਆਰੰਭ (ਜੇਠ ਵਦੀ ਏਕਮ) 1 ਜੂਨ ਤੋਂ ਹੋਵੇਗਾ। ਜੇਠ ਦੀ ਮੱਸਿਆ 15 ਜੂਨ ਨੂੰ ਆਵੇਗੀ ਅਤੇ ਮਹੀਨੇ ਅੰਤ ਭਾਵ ਪੁੰਨਿਆ 29 ਜੂਨ ਨੂੰ ਆਵੇਗੀ। ਜੇਠ ਦਾ ਚੰਦਰ ਮਹੀਨਾ 2 ਮਈ ਤੋਂ 29 ਜੂਨ ਤੀਕ ਭਾਵ 59 ਦਿਨਾਂ ਦਾ ਹੋਵੇਗਾ।

ਇਸ ਵਿੱਚੋਂ 17 ਮਈ ਤੋਂ 15 ਜੂਨ ਦੇ ਦਿਨ ਮਾੜੇ ਹੋਣਗੇ, ਭਾਵ ਮਲ-ਮਾਸ ਹੋਵੇਗਾ। ਇਨ੍ਹਾਂ ਦਿਨਾਂ ਵਿੱਚ ਕੋਈ ਵੀ ਸ਼ੁਭ ਕਾਰਜ ਨਹੀਂ ਕੀਤਾ ਜਾ ਸਕਦਾ। ਪਹਿਲੇ ਮਹੀਨੇ ਦਾ ਪਹਿਲਾ ਪੱਖ (ਵਦੀ ਪੱਖ) ਚੰਗਾ, ਪਹਿਲੇ ਮਹੀਨ ਦਾ ਦੂਜਾ ਪੱਖ (ਸੁਦੀ ਪੱਖ) ਮਾੜਾ, ਦੂਜੇ ਮਹੀਨੇ ਦਾ ਪਹਿਲਾ ਪੱਖ (ਵਦੀ ਪੱਖ) ਮਾੜਾ ਅਤੇ ਦੂਜੇ ਮਹੀਨੇ ਦਾ ਦੂਜਾ ਪੱਖ (ਸੁਦੀ ਪੱਖ) ਚੰਗਾ ਹੁੰਦਾ ਹੈ। ਯਾਦ ਰਹੇ ਚੰਦਰ- ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਜੇਠ ਸੁਦੀ 4 ਨੂੰ ਮਨਾਇਆ ਜਾਂਦਾ ਹੈ। ਅਗਲੇ ਸਾਲ ਇਹ ਪਹਿਲੀ ਜੇਠ ਸੁਦੀ 4, ਜੋ 20 ਮਈ ਨੂੰ ਆਵੇਗੀ, ਨਹੀਂ ਮਨਾਇਆ ਜਾਵੇਗਾ, ਕਿਉਂਕਿ ਪਹਿਲੇ ਮਹੀਨੇ ਦਾ ਦੂਜਾ ਪੱਖ ਮਾੜਾ ਹੋਵੇਗਾ। ਹੁਣ ਇਹ ਦੂਜੇ ਮਹੀਨੇ ਦੇ ਦੂਜੇ ਪੱਖ ਵਿੱਚ ਆਉਣ ਵਾਲੀ ਸ਼ੁਭ ਜੇਠ ਸੁਦੀ 4 (18 ਜੂਨ) ਨੂੰ ਮਨਾਇਆ ਜਾਵੇਗਾ। ਜੇ ਇਹ ਬਿਪਰਵਾਦ ਨਹੀਂ ਤਾਂ ਹੋਰ ਕੀ ਹੈ ?

ਇਸ ਮਹੀਨੇ ਦੀ ਚੋਣ ਕਿਵੇਂ ਕੀਤੀ ਜਾਂਦੀ ਹੈ, ਇਹ ਜਾਨਣਾ ਵੀ ਦਿਲਚਸ ਹੋਵੇਗਾ। ਜਦੋਂ ਮੱਸਿਆ ਤੋਂ ਮੱਸਿਆ ਦੇ ਦਰਮਿਆਨ ਸੰਗਰਾਂਦ ਨਾ ਆਵੇ ਤਾਂ ਉਹ ਮਹੀਨਾ ਦੂਜੀ ਵਾਰ ਆ ਜਾਂਦਾ ਹੈ। ਜੇਠ ਦੀ ਸੰਗਰਾਂਦ 15 ਮਈ 2026 ਈ: ਨੂੰ ਆਵੇਗੀ। ਜੇਠ ਮਹੀਨੇ ਦੀ ਮੱਸਿਆ 16 ਮਈ ਨੂੰ ਆਵੇਗੀ। ਹੁਣ ਅਗਲੀ ਸੰਗਰਾਂਦ ਅਤੇ ਮੱਸਿਆ ਦੋਵੇਂ 15 ਜੂਨ ਨੂੰ ਆ ਰਹੀਆ ਹਨ। ਅਜੇਹੀ ਸਥਿਤੀ ਵਿੱਚ ਵੇਖਣਾ ਪਵੇਗਾ ਕਿ ਦੋਵਾਂ 'ਚ ਪਹਿਲਾਂ ਕਿਹੜੀ (ਮੱਸਿਆ ਜਾਂ ਸੰਗਰਾਂਦ) ਆ ਰਹੀ ਹੈ ? 15 ਜੂਨ 2026 ਈ: ਦਿਨ ਸੋਮਵਾਰ ਨੂੰ ਸੂਰਜ 5:25 ਅੰ ਤੇ ਚੜ੍ਹੇਗਾ। ਮੱਸਿਆ ਦੀ ਤਿੱਥ ਜਿਹੜੀ 14 ਜੂਨ ਨੂੰ 12:20 ਫੰ ਤੇ ਆਰੰਭ ਹੋਈ ਸੀ, 15 ਤਾਰੀਖ ਨੂੰ 8:24 ਅੰ ਖਤਮ ਹੋਵੇਗੀ। 15 ਤਾਰੀਖ ਨੂੰ ਸੂਰਜ ਚੜ੍ਹਨ ਵੇਲੇ ਮੱਸਿਆ ਹੋਣ ਕਾਰਨ ਅਗਲੇ ਸੂਰਜ ਚੜ੍ਹਨ ਤੀਕ ਇਹ ਮੱਸਿਆ ਹੀ ਮੰਨੀ ਜਾਵੇਗੀ। ਸੂਰਜ, 15 ਜੂਨ ਨੂੰ 12:53 ਫੰ 'ਤੇ ਮਿਥਨ ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ। ਇਸ ਦਾ ਭਾਵ ਇਹ ਹੋਇਆ ਕਿ ਮੱਸਿਆ 8:24 ਅੰ ਤੇ ਖਤਮ ਹੋ ਜਾਵੇਗੀ ਪਰ ਸੰਗਰਾਂਦ 12:53 ਫੰ ਹੋਵੇਗੀ। ਸਪਸ਼ਟ ਹੈ ਕਿ ਮੱਸਿਆ ਤੋਂ ਮੱਸਿਆ ਦੇ ਵਿਚਾਰ ਸੰਗਰਾਂਦ ਨਹੀਂ ਆਵੇਗੀ ਤਾਂ ਜੇਠ ਦਾ ਮਹੀਨਾ ਹੀ ਦੂਜੀ ਵਾਰ ਆ ਜਾਵੇਗਾ। ਇਕ ਚੰਗਾ ਇਕ ਮਾੜਾ ਭਾਵ ਮਲ-ਮਾਸ। ਹੁਣ ਗੁਰਚਰਨ ਸਿੰਘ ਸੇਖੋਂ ਦੇ ਲਿਖਤੀ ਦਾਵੇ, "ਗੁਰੂ ਨਾਨਕ ਦੇਵ ਜੀ ਨੇ ਚੰਦ੍ਰਮਾਂ ਦੇ ਮਹੀਨਿਆਂ ਦੀ ਸ਼ੁਰੂਆਤ ਦੀ ਚੋਣ ੧ ਵਦੀ ਤੋਂ ਕਰਕੇ ਇਸ ਮਹੀਨੇ ਨਾਲ ਜੁੜਿਆ ਸਾਰਾ ਭਰਮ ਹੀ ਕੱਟ ਦਿੱਤਾ" ਦਾ ਕੀ ਬਣਿਆ ? ਜਦੋਂ ਚੰਦ ਦੇ ਸਾਲ (354.37 ਦਿਨ) ਅਤੇ ਸੂਰਜੀ ਸਾਲ (365.2587 ਦਿਨ) ਦੀ ਲੰਬਾਈ ਵੱਖ ਵੱਖ ਹੋਣ ਕਾਰਨ 10.8887 ਦਿਨ੍ਹਾਂ ਦਾ ਫਰਕ ਹੈ ਤਾਂ ਦੱਸੋ ਤੇਰਵਾਂ ਮਹੀਨਾ ਭਾਵ ਮਲ ਮਾਸ ਤੋਂ ਬਿਨਾ ਇਨ੍ਹਾਂ ਦੋਵਾਂ ਨੂੰ ਨੇੜੇ-ਤੇੜੇ ਕਿਵੇਂ ਰੱਖਿਆ ਜਾ ਸਕਦਾ ਹੈ ?

ਸਿਆਣਿਆ ਦਾ ਕਥਨ ਹੈ ਕਿ ਸਮਝਦਾਰ ਨੂੰ ਤਾਂ ਇਸ਼ਾਰਾ ਹੀ ਕਾਫੀ ਹੁੰਦਾ ਹੈ। ਸੇਖੋ ਦੇ ਲਿਖਤੀ ਦਾਵੇ ਨੂੰ ਨੂੰ ਰੱਦ ਕਰਨ ਲਈ ਉਪ੍ਰੋਕਤ ਵਿਆਖਿਆ ਹੀ ਕਾਫੀ ਹੈ। ਪਰ ਇਹ ਬਹੁਤ ਹੀ ਢੀਠ ਕਿਸਮ ਦੇ ਲੋਕ ਹਨ। ਇਸ ਲਈ ਇਨ੍ਹਾਂ ਦੀ ਤਸੱਲੀ ਕਰਵਾਉਣ ਲਈ ਗੁਰੂ ਨਾਨਕ ਜੀ ਦੇ ਜੀਵਨ ਕਾਲ ਵਿੱਚ ਆਏ ਆਖਰੀ ਅਸ਼ੁਭ ਮਹੀਨੇ ਦਾ ਜਿਕਰ ਕਰਨਾ ਵੀ ਜਰੂਰੀ ਹੈ। ਗੁਰੂ ਨਾਨਕ ਸਾਹਿਬ ਜੀ 8 ਅੱਸੂ ਸੰਮਤ 1596 ਬਿ: (7 ਸਤੰਬਰ 1539 ਈ: ਜੂਲੀਅਨ) ਨੂੰ ਜੋਤੀ ਜੋਤ ਸਮਾਏ ਸਨ। ਸੰਮਤ 1595 ਬਿ: (1538 ਈ:) ਵਿੱਚ ਵੀ ਜੇਠ ਦਾ ਮਹੀਨਾ ਦੋ ਵਾਰ ਆਇਆ ਸੀ ਇਕ ਸ਼ੁਭ ਅਤੇ ਦੂਜਾ ਅਸ਼ੁਭ ਭਾਵ ਮਲ ਮਾਸ। ਉਸ ਸਾਲ ਜੇਠ ਦਾ ਆਰੰਭ (ਜੇਠ ਵਦੀ ਏਕਮ) 15 ਅਪ੍ਰੈਲ 1538 ਈ: (ਜੂਲੀਅਨ) ਨੂੰ ਹੋਇਆ ਸੀ ਅਤੇ ਦੂਜੇ ਜੇਠ ਦੀ ਪੁੰਨਿਆ 12 ਜੂਨ ਨੂੰ ਆਈ ਸੀ। ਪਹਿਲੇ ਜੇਠ ਦੀ ਮੱਸਿਆ 28 ਅਪ੍ਰੈਲ ਨੂੰ ਆਈ ਸੀ। ਜੇਠ ਦੀ ਸੰਗਰਾਂਦ 27 ਅਪ੍ਰੈਲ ਨੂੰ ਆਈ ਸੀ। ਹਾੜ ਦੀ ਸੰਗਰਾਂਦ 29 ਮਈ ਨੂੰ ਆਈ ਸੀ, ਪਰ ਮੱਸਿਆ 28 ਮਈ 1538 ਈ: (ਜੂਲੀਅਨ) ਨੂੰ ਹੀ ਲੰਘ ਗਈ ਸੀ। ਇਸ ਕਾਰਨ ਜੇਠ ਦਾ ਮਹੀਨਾ ਦੁਵਾਰਾ ਆ ਗਿਆ ਸੀ। ਮਲ ਮਾਸ ਗੁਰੂ ਨਾਨਕ ਜੀ ਦੇ ਜੀਵਨ ਕਾਲ ਤੋਂ ਲੈਕੇ ਅੱਜ ਤਾਂਈ ਨਿਰੰਤਰ ਆ ਰਿਹਾ ਹੈ। ਇਸ ਲਈ ਸੇਖੋਂ ਦਾ ਇਹ ਲਿਖਣਾ, "ਪਰ ਜੇ ਚੰਦ੍ਰਮਾਂ ਦਾ ਮਹੀਨਾ ਬਦਲ ਕੇ ਪੂਰਨਮਾਸ਼ੀ ਉਪਰੰਤ ਵਦੀ ੧ ਤੋਂ ਕਰ ਦਿੱਤਾ ਜਾਵੇ ਤਾਂ ਇਹ ਸੂਰਜੀ ਭਾਦੋਂ ਮਹੀਨੇ ਦੇ ਅੱਧ ਵਿਚ, ਭਾਵ ਕਿ ੧੫ ਭਾਦੋਂ ਦੇ ਆਸ-ਪਾਸ ਦਾ ਸਮਾਂ ਬਣ ਜਾਵੇਗਾ। ਹੁਣ ਪਿਛਲੇ ੩੦ ਦਿਨਾਂ ਵਿੱਚ ਵੀ ਸੰਗਰਾਂਦ ਆਵੇਗੀ ਅਤੇ ਅਗਲੇ ੩੦ ਦਿਨਾਂ ਵਿਚ ਸੰਗਰਾਂਦ ਆਵੇਗੀ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਇਹ ਅਸ਼ੁਭ ਵਾਲੀ ਸਾਰੀ ਵਿਚਾਰ ਹੀ ਖ਼ਤਮ ਕਰਕੇ ਇਕ ਨਿਰੋਲ-ਵਿਲੱਖਣ ਸਿੱਖ ਕੈਲੰਡਰ ਸਥਾਪਤ ਕੀਤਾ", (ਪੰਨਾ 86) ਮੁੱਢੋਂ ਹੀ ਗਲਤ ਹੈ। ਮੈਂ ਪੂਰੀ ਜਿੰਮੇਵਾਰੀ ਨਾਲ ਗੁਰਚਰਨ ਸਿੰਘ ਸੇਖੋਂ ਦੇ ਇਸ ਲਿਖਤੀ ਦਾਵੇ ਨੂੰ ਰੱਦ ਕਰਦਾ ਹਾਂ।

ਅਮੰਤਾ, ਪੂਰਨਮੰਤਾ ਅਤੇ ਮਲ-ਮਾਸ ਆਦਿ ਕੁਝ ਗੁੰਝਲਦਾਰ ਨੁਕਤੇ ਹਨ। ਸ਼ਾਇਦ ਸਾਰਿਆਂ ਦੇ ਗੇੜ ਵਿੱਚ ਨਾ ਆਏ ਹੋਣ, ਸੇਖੋਂ ਵੱਲੋਂ ਲਿਖਿਆ ਇਕ ਹੋਰ ਝੂਠ, ਜੋ ਸੌਖਿਆਂ ਹੀ ਸਾਰਿਆਂ ਦੇ ਸਮਝ ਆ ਜਾਵੇਗਾ, ਉਹ ਇਹ ਹੈ ਕਿ ਸੇਖੋਂ ਆਪਣੀ ਕਿਤਾਬ ਵਿੱਚ ਲਿਖਦਾ ਹੈ, "ਹਫਤਿਆਂ ਦੇ ਦਿਨਾਂ ਉਪਰ ਜਿਹੜੀ ਗੁਰਬਾਣੀ ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ, ਉਹ ਵੀ ਸੋਮਵਾਰ ਤੋਂ ਹੀ ਸ਼ੁਰੂ ਹੁੰਦੀ ਹੈ, ਐਤਵਾਰ ਤੋਂ ਨਹੀਂ" (ਪੰਨਾ 98)

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਤਵਾਰ ਦੇ ਸਿਰਲੇਖ ਹੇਠ ਦੋ ਬਾਣੀਆਂ ਦਰਜ ਹਨ। ਭਗਤ ਕਬੀਰ ਜੀ ਵੱਲੋਂ ਉਚਾਰਨ ਕੀਤੀ ਬਾਣੀ, ਗਉੜੀ ਰਾਗ ਵਿੱਚ (ਪੰਨਾ 344) ਉੱਪਰ ਦਰਜ ਹੈ। ਗੁਰੂ ਅਮਰਦਾਸ ਜੀ ਵੱਲੋਂ ਉਚਾਰੇ ਗਏ ਸਤਵਾਰੇ 'ਬਿਲਾਵਲੁ ਰਾਗ ਵਿੱਚ (ਪੰਨਾ 841) ਉੱਪਰ ਦਰਜ ਹਨ। ਦੋਵੇਂ ਬਾਣੀਆਂ ਦਾ ਆਰੰਭ ਐਤਵਾਰ ਤੋਂ ਹੁੰਦਾ ਹੈ।


ੴ ਸਤਿਗੁਰ ਪ੍ਰਸਾਦਿ ॥ ਰਾਗੁ ਗਉੜੀ
ਵਾਰ ਕਬੀਰ ਜੀਉ ਕੇ ੭ ॥
ਆਦਿਤ ਕਰੈ ਭਗਤਿ ਆਰੰਭ ॥
ਕਾਇਆ ਮੰਦਰ ਮਨਸਾ ਥੰਭ ॥
(ਪੰਨਾ 344)
ਬਿਲਾਵਲੁ ਮਹਲਾ ੩ ਵਾਰ ਸਤ ਘਰੁ ੧੦
ੴ ਸਤਿਗੁਰ ਪ੍ਰਸਾਦਿ ॥
ਆਦਿਤ ਵਾਰਿ ਆਦਿ ਪੁਰਖੁ ਹੈ ਸੋਈ ॥
ਆਪੇ ਵਰਤੈ ਅਵਰੁ ਨ ਕੋਈ ॥
(ਪੰਨਾ 841)

ਇਹ ਹੈ ਨਵੇਂ ਉੱਠੇ ਲੇਖਕ ਦਾ ਸ਼ੁਧ ਝੂਠ। ਉਪ੍ਰੋਕਤ ਵਿਚਾਰ ਚਰਚਾ ਤੋਂ ਸਾਰੇ ਸੱਜਣ ਹੀ ਸਮਝ ਗਏ ਹੋਣਗੇ ਕਿ, ਸ. ਪਾਲ ਸਿੰਘ ਪੁਰੇਵਾਲ ਵੱਲੋਂ ਤਿਆਰ ਕੀਤੇ ਗਏ ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀ, ਕਿੰਨਾ ਝੂਠ ਬੋਲ ਅਤੇ ਲਿਖ ਰਹੇ ਹਨ। ਕੀ ਅਜੇਹੇ ਝੂਠੇ ਅਤੇ ਮਕਾਰਾਂ ਨਾਲ ਵਿਚਾਰ ਚਰਚਾ ਕੀਤੀ ਜਾਣੀ ਚਾਹੀਦੀ ਹੈ ?

ਗੁਰੂ ਸਾਹਿਬ ਜੀ ਨੇ ਉਸ ਵੇਲੇ ਪ੍ਰਚੱਲਤ ਕੈਲੰਡਰ, ਚੰਦਰ-ਸੂਰਜੀ ਬਿਕ੍ਰਮੀ (ਸੂਰਜੀ ਸਿਧਾਂਤ, ਚਿਤ੍ਰਾਦੀ, ਪੂਰਨਮੰਤਾ) ਕੈਲੰਡਰ ਦੀ ਹੀ ਵਰਤੋਂ ਕੀਤੀ ਸੀ। ਸਾਰੀਆਂ ਤਾਰੀਖਾਂ ਇਸੇ ਕੈਲੰਡਰ ਵਿੱਚ ਹੀ (ਵਦੀ-ਸੁਦੀ ਅਤੇ ਪ੍ਰਵਿਸ਼ਟੇ) ਲਿਖੀਆਂ ਮਿਲਦੀਆਂ ਹਨ। ਪ੍ਰਚੱਲਤ ਕੈਲੰਡਰ ਵਿੱਚ ਸੋਧ, ਗੁਰੂ ਸਾਹਿਬ ਜੀ ਨੇ ਨਹੀਂ ਸਗੋ 1964 ਈ: ਵਿੱਚ ਹਿੰਦੂ ਵਿਦਵਾਨਾਂ ਨੇ ਕੀਤੀ ਸੀ। ਅੱਜ ਇਸ ਨੂੰ 'ਚੰਦਰ-ਸੂਰਜੀ ਬਿਕ੍ਰਮੀ, ਦ੍ਰਿਕ ਗਿਣਤ ਸਿਧਾਂਤ' ਕਹਿੰਦੇ ਹਨ। ਇਸ ਦੇ ਸਾਲ ਦੀ ਲੰਬਾਈ 365.32563 ਦਿਨ ਮੰਨੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਸੋਧ ਨੂੰ ਪ੍ਰਵਾਨ ਕਰ ਚੁੱਕੀ ਹੈ। ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀਆਂ ਨੇ ਕਦੇ ਵੀ ਇਸ ਸੋਧ ਨੂੰ ਪ੍ਰਵਾਨ ਕਰਨ ਤੇ ਕਿੰਤੂ-ਪ੍ਰੰਤੂ ਨਹੀਂ ਕੀਤਾ। ਦੂਜੇ ਪਾਸੇ ਗੁਰੂ ਸਾਹਿਬ ਜੀ ਦੇ ਨਾਮ ਨਾਲ ਵੀ ਝੂਠ ਨੂੰ ਜੋੜਨ ਤੋਂ ਸੰਕੋਚ ਨਹੀਂ ਕਰਦੇ।

## ਖੁਸ਼ਆਮਦੀਦ

ਖੁਸ਼ਆਮਦੀਦ ਹੈ ਸਾਡੀ,
ਨਵੇਂ ਵਰ੍ਹੇ ਨੂੰ,
ਤਿੰਨ ਸੌ ਪੈਂਹਠ ਵਰਕੇ ਫਰੋਲ ਕੇ,
ਮੁੜ ਪਹਿਲੇ ਸਫੇ ਤੇ ਆ ਗਿਆ ਏ ਤੂੰ,
ਹਣ ਤੂੰ ਇੰਨਸਾਫ,
ਪਿਆਰ ਅਤੇ ਏਕਤਾ ਦੇ ਵਰਕੇ ਸੁ ਕਰੀਂ
ਪਹਿਲੀ ਜਨਵਰੀ ਦੁਹਰਾਉਂਦਾ ਏ ਤੂੰ,
ਤੂੰ ਵੀ ਪੱਕਾ ਅਸੀਂ ਵੀ ਪੱਕੇ ,
ਮੱਥੇ ਰਗੜ ਘਸਾਉਣ ਤੋ ਬਿਹਤਰ,
ਸਾਂਝੀਵਾਲਤਾ ਸਬਕ ਸਿਖਾਈਂ
ਨਵੇਂ ਵਰ੍ਹੇ ਤੇ।
ਹਾਕਮ ਨਾ ਬਣਨ ਕਸਾਈ,ਨਵੇਂ ਵਰ੍ਹੇ ਤੇ।
ਈਰਖਾ ਰਹਿਤ ਨਾ ਬਣਦੇ ਜਿਹੜੇ ,
ਗਲ ਤੋਂ ਪਰੇ ਹਟਾਈਂ, ਨਵੇਂ ਵਰ੍ਹੇ ਤੇ।
ਜੈ ਜਵਾਨ, ਜੈ ਕਿਸਾਨ ਦੀ,
ਅਵਾਜ਼ ਬੁਲੰਦ ਕਰਾਈਂ, ਨਵੇਂ ਵਰ੍ਹੇ ਤੇ,
ਮੁਬਾਰਕ ਤੈਨੂੰ ਫਿਰ ਮੈਂ ਆਖਾਂ,
ਸੋਝੀ ਸਾਡੇ ਪੱਲੇ ਪਾਈਂ, ਨਵੇਂ ਵਰ੍ਹੇ ਤੇ



ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445

# • ਪੰਜਾਬੀ ਫ਼ਿਲਮ ਦਰਪਣ •

## ਨਵੇਂ ਸਾਲ ਕਰਨਗੀਆਂ ਹੋਰ ਕਮਾਲ ਗਲੈਮਰ ਨਾਲ ਮਾਲੋ ਮਾਲ ਰਮਨੀਤੂ ਚੌਧਰੀ/ਅੰਜਲੀ



ਪੰਜਾਬੀ ਹੀਰੋ ਪਹਿਲੇ ਛਾ ਜਾਂਦੇ ਸਨ ਤੇ ਹੀਰੋਇਨਾਂ ਆਖਦੇ ਸਨ ਮਦਰਾਸ ਦੀਆਂ ਜ਼ਿਆਦਾ ਕਾਮਯਾਬ ਸ਼ਨ।ਅੱਜ ਕੱਲ ਪੰਜਾਬਣ ਐਕਟਰੈੱਸ ਦੀ ਗੱਲ ਪੂਰੀ ਪੂਰੀ ਹੈ।ਤਮੰਨਾ ਭਾਟੀਆ ਤਾਪਸੀ ਪਨੂੰ ਤੱਕ ਇਸਦੀਆਂ ਉਦਾਹਰਨਾਂ ਹਨ ।ਇਸ ਤਰਾਂ ਹੀ ਰਮਨੀਤੂ ਚੌਧਰੀ ਤੇ ਅੰਜਲੀ ਦਾ ਬੋਲ ਬਾਲਾ ਹੈ। ਰਮਨੀਤੂ ਲੁਧਿਆਣੇ ਦੀ ਹੈ ਤੇ ਹਿੰਦੀ ਫ਼ਿਲਮਜ਼ ਦੇ ਨਾਲ ਨਾਲ ਸਾਊਥ ਦੀਆਂ ਫ਼ਿਲਮਾਂ ਕਰ ਰਹੀ ਹੈ। ਨਾਲ ਹੀ ਓਹ ਸੀਰੀਅਲ ਤੇ ਵੈੱਬ ਸੀਰੀਜ਼ ਕਰਦੀ ਹੈ। ਰਮਣੀਤੂ ਚੌਧਰੀ ਨੇ ਕਿਹਾ ਕਿ ਐਕਟਿੰਗ ਬਚਪਨ ਤੋ ਹੀ ਵੱਡਾ ਸ਼ੌਂਕ ਸੀ ਪਿਤਾ ਹਾਕਮ ਬਖਤੜੀਵਾਲਾ ਦਲਜੀਤ ਕੌਰ ਵੱਡੇ ਗਾਇਕ ਹਨ ਤੇ ਰਮਨੀਤ ਹੁਣ ਤੱਕ ਏਕਤਾ ਕਪੂਰ ਨਾਲ ਵੀ ਕੰਮ ਕਰ ਚੁੱਕੀ ਹੈ ਦੂਜੇ ਪਾਸੇ ਅਜਲੀ ਵੀ ਪੰਜਾਬ ਤੋਂ ਹੈ ਤੇ ਓਸ ਤੇਜ਼ ਤਰਾਰ ਤਰੀਕੇ ਨਾਲ ਆਪਣੇ ਆਪ ਨੂੰ ਵਿਦੇਸ਼ ਜਾ ਕਿ ਵੀ ਸਥਾਪਿਤ ਕਰ ਲਿਆ ਹੈ। ਅੰਜਲੀ ਨੇ ਅਰਬ ਦੇਸ਼ਾਂ ਦੇ ਕਲਾਕਾਰਾਂ ਦੇ ਗੀਤ ਕੀਤੇ ਹਨ ਤੇ ਫੈਸ਼ਨ ਦੇ ਨਾਲ ਹੀ ਓਹ ਸੋਸ਼ਲ ਮੀਡੀਆ ਪ੍ਰਭਾਵਿਤ ਕਰਦੀ ਮੁਟਿਆਰ ਵੀ ਹੈ। ਰਮਨੀਤੂ ਤੇ ਅੰਜਲੀ ਪੰਜਾਬਣ ਕੁੜੀਆਂ ਤੋ ਮਨੋਰੰਜਨ ਸੰਸਾਰ ਨੂੰ ਅਹਿਮ ਆਸਾਂ ਹਨ।


## ਬੰਨੀ ਸ਼ਰਮਾ ਤੇ ਗੋਲਡਨ ਸਟਾਰ ਮਲਕੀਤ ਸਿੰਘ ਯਾਰੀਆਂ ਬਣਾਈ ਰੱਖੀਂ ਯਾਰੀਆਂ



ਬੰਨੀ ਸ਼ਰਮਾ ਤੀਹ ਸਾਲ ਤੋਂ ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਇਤਿਹਾਸ ਵਿੱਚ ਹਰ ਵਰ੍ਹੇ, ਹਰ ਸਫ਼ੇ ਤੇ ਨਵੇਂ ਰਿਕਾਰਡ ਦਰਜ ਕਰਦੇ ਆਏ ਹਨ। ਬੰਨੀ ਸ਼ਰਮਾ ਦੀ ਅੱਜ ਲਖਵਿੰਦਰ ਵਡਾਲੀ ਨਾਲ ਓਹੀ ਮਿੱਤਰਤਾ ਜਿਹੀ ਬੰਨੀ ਸ਼ਰਮਾ ਦੀ ਮਲਕੀਤ ਸਿੰਘ ਨਾਲ ਹੈ। ਮਲਕੀਤ ਸਿੰਘ ਦੱਸਦੇ ਨੇ ਕਿ ਓਹ ਬੰਨੀ ਸ਼ਰਮਾ ਵੱਲੋਂ ਦੂਰਦਰਸ਼ਨ ਜਲੰਧਰ ਰਾਹੀਂ ਪੰਜਾਬੀ ਕਲਾਕਾਰ ਲੋਕਾਂ ਨੂੰ ਉਭਾਰਨ ਤੇ ਬਹੁਤ ਖੁਸ਼ ਹਨ। ਬੰਨੀ ਸ਼ਰਮਾ ਨੇ ਪ੍ਰਚਾਰ ਪੱਖੋਂ ਪੰਜਾਬੀ ਕਲਾਕਾਰੀ ਨਹੀਂ ਪਿੱਛੇ ਰਹਿਣ ਦਿੱਤੀ ਤੇ ਬੰਨੀ ਸ਼ਰਮਾ ਨੇ ਸੁਰ ਵਾਲੇ ਕਲਾਕਾਰ ਰਿਕਾਰਡ ਕਰ ਪੇਸ਼ ਕੀਤੇ ਹਨ। ਆਖ਼ਿਰ ਕੁੱਝ ਤੇ ਬੰਨੀ ਸ਼ਰਮਾ ਨੇ ਵਿੱਚ ਹੋਊ ਜਿਹੜਾ ਟੀ ਸੀਰੀਜ਼ ਦੇ ਲੇਟ ਗੁਲਸ਼ਨ ਕੁਮਾਰ ਵੀ ਬੰਨੀ ਸ਼ਰਮਾ ਨੂੰ ਬਹੁਤ ਪਿਆਰ ਦਿੰਦੇ ਰਹੇ। ਇਹਨਾਂ ਸਭਨਾਂ ਗੱਲਾਂ ਤੇ ਬੰਨੀ ਸ਼ਰਮਾ ਇਹੀ ਆਖਦੇ ਨੇ "ਕੌਣ ਕਿਸੇ ਦਾ ਖਾਂਦਾ, ਦਾਨਾ ਪਾਣੀ ਖਿੱਚ ਕਿ ਹਰੇਕ ਨੂੰ ਇੱਥੇ ਲਿਆਉਂਦਾ ਹੈ। ਬੰਨੀ ਸ਼ਰਮਾ ਤੇ ਮਲਕੀਤ ਸਿੰਘ ਪਿਛਲੇ ਦਿਨੀਂ ਕਨੇਡਾ ਇੱਕਠੇ ਹੋਏ ਤਾਂ ਗੱਲਾਂ ਚਲੀਆਂ ਕਿ ਜਲੰਧਰ ਦੂਰਦਰਸ਼ਨ ਤੇ ਬੰਨੀ ਸ਼ਰਮਾ ਨੇ ਬਹੁਤ ਗੁੰਮਨਾਮ ਚਿਹਰੇ ਸਟਾਰ ਬਣਾਏ ਤੇ ਬੰਨੀ ਸ਼ਰਮਾ ਨੇ ਕਿਹਾ ਕਿ ਮਲਕੀਤ ਸਿੰਘ ਗੋਲਡਨ ਸਟਾਰ ਨੇ ਕਲ ਵੀ ਓਹ ਡੀ ਡੀ ਜਲੰਧਰ ਦੇ ਚਹੇਤੇ ਕਲਾਕਾਰ ਤੇ ਅੱਜ ਵੀ ਅਹਿਮ ਮੌਕੇ ਤੇ ਦੂਰਦਰਸ਼ਨ ਜਲੰਧਰ ਵਾਲੇ ਮਲਕੀਤ ਸਿੰਘ ਨੂੰ ਯਾਦ ਕਰਦੇ ਹਨ।

## ਚੜ੍ਹਿਆ ਛੱਬੀ ਸਾਲ ਕਿਸਮਤ ਚਮਕਾਉਣ ਲਈ ਬੋਲੇ ਦਮਨ ਮਜੀਠੀਆ

ਦਮਨ ਮਜੀਠੀਆ ਨੇ ਮਿਹਨਤ ਕੀਤੀ



ਹੈ ਐਕਟਿੰਗ ਖੇਤਰ ਵਿੱਚ ਜਜ਼ਬਾ ਰੱਖਿਆ ਹੈ ਤੇ ਇਸ ਦਾ ਸਿੱਟਾ ਅੱਜ ਦਮਨ ਮਜੀਠੀਆ ਪਾਲੀਵੁੱਡ ਸਟਾਰ ਬਣਨ ਵੱਲ ਹਨ। ਦਰਿਆ ਦਿਲ ਇਨਸਾਨ ਦੂਜੇ ਦੀ ਮਦਦ ਕਰਨ ਵਾਲਾ ਦਮਨ ਮਜੀਠੀਆ ਕਰਦਾ ਬੌਬੀ ਬਾਜਵਾ ਨਾਲ ਵੀਡੀਓ ਗਾਣੇ ਵੈੱਬ ਸੀਰੀਜ਼ ਤੱਕ ਪਹੁੰਚਿਆ ਤੇ ਭਗਵੰਤ ਕੰਗ ਜਿਹੇ ਕਾਬਿਲ ਨਿਰਦੇਸ਼ਕਾਂ ਨਾਲ ਓਸ ਕੰਮ ਕੀਤਾ ਹੈ। ਫੈਸ਼ਨ ਸਟਾਰ ਓਹ ਗ਼ਜ਼ਬ ਦਾ ਹੈ ਤੇ ਉੱਤਰ ਪ੍ਰਦੇਸ਼, ਉਤਰਾਖੰਡ ਤੱਕ ਦੀਆਂ ਫੈਸ਼ਨ ਗਰਲ ਮੰਨਦੀਆਂ ਨੇ ਕਿ ਰੈਂਪ ਵਾਕ ਵਿੱਚ ਦਮਨ ਮਜੀਠੀਆ ਦਾ ਜਵਾਬ ਨਹੀਂ। ਪਿਛਲਾ ਸਾਲ ਬਹੁਤ ਵਧੀਆ ਓਸ ਲਈ ਰਿਹਾ ਤੇ ਅੱਜ ਓਹ ਦੀਦਾਰ ਗਿੱਲ, ਜਾਹਨਵੀ ਬਾਂਸਲ ਆਦਿ ਨਾਲ ਪਰਦੇ ਦੀਆਂ ਵੱਡੀਆਂ ਵੱਡੀਆਂ ਫ਼ਿਲਮਾਂ ਕਰ ਰਿਹਾ ਹੈ। ਖੁਸ਼ੀ ਹੈ ਕਿ ਦਮਨ ਮਜੀਠੀਆ ਜਲਦੀ ਹੀ ਪਾਲੀਵੁੱਡ ਸਟਾਰ ਬਣਨ ਵਾਲਾ ਹੈ ਤੇ ਫਿਰ ਦਮਨ ਮਜੀਠੀਆ ਦੀ ਪਹੁੰਚ ਬਾਲੀਵੁੱਡ ਤੱਕ ਹੋਣ ਵਾਲੀ ਹੈ। ਦਮਨ ਮਜੀਠੀਆ ਦੀ ਲੁੱਕ ਖਲਨਾਇਕ ਵਾਲੀ ਵੀ ਹੈ ਤੇ ਓਹ ਕਰੇਕਟਰ ਕਿਰਦਾਰ ਵੀ ਬਾਖੂਬੀ ਕਰ ਸਕਦਾ ਹੈ।ਦਮਨ ਮਜੀਠੀਆ ਨੂੰ ਪੰਜਾਬੀ ਫ਼ਿਲਮਾਂ ਦਾ ਪ੍ਰਾਣ ਕਿਹਾ ਜਾ ਸਕਦਾ ਹੈ। ਦਮਨ ਮਜੀਠੀਆ ਸਾਬਿਤ ਕਰ ਰਿਹਾ ਹੈ ਕਿ ਓਹ ਹਰ ਕਿਰਦਾਰ ਲਈ ਬਣਿਆ ਹੈ ਮੌਕਾ ਦੇ ਕਿ ਤਾਂ ਦੇਖੋ ਸਾਬਾਸ਼ ਦਮਨ ਮਜੀਠੀਆ ਸਾਬਾਸ਼ ਸਮਾਂ ਆਪ ਦਾ ਸੁਨਹਿਰੀ ਹੈ।

## ਤੇਰੀ ਰੱਬ ਨੇ ਬਣਾ ਦਿੱਤੀ ਜੋੜੀ ਟਾਈਗਰ ਹਰਮੀਕ ਸਿੰਘ ਤੇ ਮਣੀ ਬੋਪਾਰਾਏ



ਪਤੀ ਦੇਵ ਟਾਈਗਰ ਨੇ ਪੰਜਾਬੀ ਫ਼ਿਲਮਾਂ ਦੇ ਟਾਈਗਰ ਹਰਮੀਕ ਸਿੰਘ ਤੇ ਪਤਨੀ ਅਨਮੋਲ ਮਣੀ ਹੈ ਇੰਡਸਟਰੀ ਦੀ ਮਣੀ ਬੋਪਾਰਾਏ। ਅਮਰੀਕਾ ਅੱਛੇ ਸਥਾਪਿਤ ਸਨ ਪਰ ਐਕਟਿੰਗ ਦਾ ਖੇਤਰ ਪਿਆਰ ਸੀ ਇਸ ਲਈ ਆ ਗਏ ਭਾਰਤ ਤੇ ਐਕਟਿੰਗ ਦੇ ਨਾਲ ਮਾਡਲਿੰਗ ਤੇ ਨਾਲ ਐਡ ਫ਼ਿਲਮਾਂ ਤੇ ਨਿਰਮਾਣ ਨਿਰਦੇਸ਼ਨ ਵਿੱਚ ਟਾਈਗਰ ਸਾਬ ਨੇ ਪ੍ਰਵੇਸ਼ ਕੀਤਾ। ਅੱਜ ਟਾਈਗਰ ਹਰਮੀਕ ਸਿੰਘ ਵਾਅਦਿਆਂ ਨੂੰ ਵਫ਼ਾ ਕਰਦੇ ਵੱਡੀਆਂ ਵੱਡੀਆਂ ਹਿੰਦੀ ਫ਼ਿਲਮਜ਼ ਕਰ ਰਹੇ ਨੇ ਤੇ ਮਣੀ ਬੋਪਾਰਾਏ ਵੀ ਦੋ ਕਦਮ ਅੱਗੇ ਹੈ।ਦੋਵਾਂ ਦਾ ਆਪਸ ਵਿੱਚ ਅੱਛਾ ਪਿਆਰ ਹੈ ਤੇ ਦੋਵੇਂ ਆਪਣੀ ਆਪਣੀ ਥਾਂ ਤੇ ਅੱਛੀ ਕਾਰਗੁਜ਼ਾਰੀ ਦਿਖਾ ਰਹੇ ਹਨ। ਅਦਿੱਤਯ ਧਰ ਨਾਲ ਫ਼ਿਲਮ ਇਸ ਜੋੜੀ ਨੇ ਕੀਤੀ ਹੈ।ਟਾਈਗਰ ਉੱਚਾ ਲੰਬਾ ਗੱਭਰੂ ਤੇ ਮਣੀ ਬੋਪਾਰਾਏ ਖ਼ੂਬਸੂਰਤੀ ਦੀ ਓਹ ਨਦੀ ਹੈ ਜਿਸ ਵਿਚ ਵਿੱਚ ਤਾਰੀ ਲਾ ਕਿ ਬਹੁਤ ਖੁਸ਼ ਨੇ ਟਾਈਗਰ ਹਰਮੀਕ ਸਿੰਘ ਤੇ ਟਾਈਗਰ ਡਾਇਰੈਕਟਰ ਬਣ ਕਿ ਬਹੁਤ ਵੱਡੀ ਪੰਜਾਬੀ ਫ਼ਿਲਮ ਕਰ ਰਹੇ ਹਨ ਤੇ ਮਣੀ ਬੋਪਾਰਾਏ ਪੂਰਾ ਸਾਥ ਤੇ ਸਹਿਯੋਗ ਦੇ ਰਹੀ ਹੈ। ਮਣੀ ਬੋਪਾਰਾਏ ਨੂੰ ਇਸ ਰਾਹ ਤੇ ਭੈਣ ਨੀਨਾ ਬੁੰਦੇਲ ਨੇ ਤੋਰਿਆ ਹੈ।ਟਾਈਗਰ ਹਰਮੀਕ ਸਿੰਘ ਤੇ ਮਣੀ ਬੋਪਾਰਾਏ ਦੀ ਜੋੜੀ ਇਸ ਸਾਲ ਨਿਰਮਾਣ ਤੇ ਨਿਰਦੇਸ਼ਨ ਦੇ ਨਾਲ ਨਾਲ ਐਕਟਿੰਗ ਵਿੱਚ ਵੀ ਨਵੀਆਂ ਸੰਭਾਵਨਾਵਾਂ ਪੈਦਾ ਕਰੇਗੀ ਪੱਕੀ ਉਮੀਦ ਹੈ, ਆਸ ਹੈ ਤੇ ਓਹਨਾਂ ਦੇ ਫੈਨ ਵੀ ਇਹੀ ਚਾਹੁੰਦੇ ਹਨ।

## ਵਾਕਿਆ ਹੀ ਅਨਮੋਲ ਹੈ ਪਾਲੀਵੁੱਡ ਲਈ ਕਰਮਜੀਤ ਅਨਮੋਲ



ਕਰਮਜੀਤ ਅਨਮੋਲ ਨੇ ਅਨਮੋਲ ਬਣਨ ਲਈ ਬਹੁਤ ਸੰਘਰਸ਼ ਕੀਤਾ ਹੈ ਬਹੁਤ ਸੰਘਰਸ਼ ਤੇ ਮਿਹਨਤ ਕਰ ਕਿ ਓਹ ਅਨਮੋਲ ਥਾਂ ਤੇ ਪਹੁੰਚਿਆ ਹੈ। ਕਰਮਜੀਤ ਅਨਮੋਲ ਨੇ ਗਾਇਕੀ ਲਈ, ਕਮੇਡੀ ਲਈ ਲੁਧਿਆਣੇ ਰਹਿ ਕਿ ਸਖ਼ਤ ਮਿਹਨਤ ਕੀਤੀ ਤੇ ਜਰਨੈਲ ਘੁਮਾਣ ਨੇ ਉਸ ਦੇ ਗੀਤ ਸਕਿਟਾਂ ਰਲੀਜ਼ ਕਰ ਓਸ ਦਾ ਨਾਂਅ ਬਣਾਇਆ।ਕਦੇ ਟੈਲੀ ਫ਼ਿਲਮਾਂ ਤੇ ਫਿਰ ਅਨਮੋਲ, ਗੁਰਪ੍ਰੀਤ ਘੁੱਗੀ, ਬੀ ਐਨ ਸ਼ਰਮਾ ਜਸਵਿੰਦਰ ਭੱਲਾ ਸਵਰਗੀ ਤੇ ਬੀਨੂੰ ਢਿੱਲੋਂ ਨਾਲ ਚਲਦਾ ਕਰਮਜੀਤ ਅਨਮੋਲ ਹੀਰੋ ਬਣ ਪੰਜਾਬੀ ਫ਼ਿਲਮਾਂ ਹਿੱਟ ਦੇ ਚੁੱਕਾ ਹੈ ਤੇ ਗਾਇਕੀ "ਯਾਰਾ ਵੇ" ਤਾਂ ਲੋਕ ਤੱਥ ਹੀ ਬਣ ਗਿਆ ਹੈ। ਰਾਜਨੀਤੀ ਵਿੱਚ ਨਵਾਂ ਹੈ ਪਰ ਸੇਵਾ ਦਾ ਜਜ਼ਬਾ ਹੈ, ਕਰਮਜੀਤ ਅਨਮੋਲ ਨੂੰ ਰੱਬ ਨੇ ਆਸ ਓਸ ਦੀ ਤੋਂ ਵੱਧ ਦਿੱਤਾ ਹੈ ਤੇ ਇਹੀ ਅਨਮੋਲ ਪ੍ਰਾਪਰਟੀ ਕਰਮਜੀਤ ਅਨਮੋਲ ਦੀ ਸਦਾ ਲਈ ਬਣੀ ਅਨਮੋਲ ਪ੍ਰਾਪਰਟੀ ਤੇ ਪ੍ਰਾਪਤੀ ਹੈ। ਕਰਮਜੀਤ ਅਨਮੋਲ ਨੇ ਕਮੇਡੀ ਵਿੱਚ ਵੀ ਵੱਖ ਵੱਖ ਅੰਦਾਜ਼ ਦਿਖਾਏ ਹਨ ਤੇ ਨਿਸ਼ਾ ਬਾਨੋ ਨਾਲ ਓਹ ਪੂਰਾ ਧਰਮ ਹੇਮਾ ਵਾਲਾ ਭੁਲੇਖਾ ਪਾਉਂਦਾ ਹੈ ਪੰਜਾਬੀ ਫ਼ਿਲਮਾਂ ਤੇ ਰਾਜ ਕਾਫ਼ੀ ਸਮੇਂ ਤੋਂ ਕਰ ਰਿਹਾ ਕਰਮਜੀਤ ਅਨਮੋਲ ਅੱਜ ਵੀ ਪੂਰੇ ਜਜ਼ਬੇ ਨਾਲ ਸਰਗਰਮ ਹੈ ਤੇ ਕਦੇ ਕੀਤੀ ਸਖ਼ਤ ਮਿਹਨਤ ਅੱਜ ਕਰਮਜੀਤ ਅਨਮੋਲ ਦੇ ਵਰ ਹੈ ਤੇ ਐਕਟ੍ਰੈਸ ਜਯੋਤੀ ਅਰੋੜਾ ਵੀ ਇਹ ਆਖਦੀ ਹੈ ਕਿ ਕਰਮ ਵੀ ਕਰਮਜੀਤ ਦੇ ਅਨਮੋਲ ਹਨ ਤੇ ਕੁਲ ਮਿਲਾ ਕਿ ਪਾਲੀਵੁੱਡ ਲਈ ਅਨਮੋਲ ਹੈ ਕਰਮਜੀਤ ਅਨਮੋਲ।

## ਬੌਬੀ ਬਾਜਵਾ ਨੇ ਦੱਸ ਦਿੱਤਾ ਕਿ ਐਕਟਰ ਵਜੋਂ ਸਹੀ ਹੈ ਅਸ਼ੋਕ ਪੁਰੀ ਦਾ ਵਕਤ




ਚੜ੍ਹੇ ਸਾਲ ਅਸ਼ੋਕ ਪੁਰੀ ਨੂੰ ਬਾਹਰ ਦੀਆਂ ਫ਼ਿਲਮਾਂ ਐਕਟਿੰਗ ਲਈ ਮਿਲਣੀਆਂ ਇਸ ਗੱਲ ਦੀ ਗਵਾਹੀ ਹੈ ਕਿ ਅਸ਼ੋਕ ਪੁਰੀ ਦੀ ਐਕਟਿੰਗ ਬਾਬਤ ਇੰਡਸਟਰੀ ਜਾਣੂ ਹੈ। ਇਹ ਨਵੀਂ ਪ੍ਰਾਪਤੀ ਅਸ਼ੋਕ ਪੁਰੀ ਹੁਣ ਬਾਹਰ ਦੇ ਬੈਨਰ ਦੀਆਂ ਫ਼ਿਲਮਾਂ ਕਰ ਰਹੇ ਹਨ। ਖੁਸ਼ੀ ਵਾਲੀ ਗੱਲ ਹੈ ਤੇ ਅਸ਼ੋਕ ਪੁਰੀ ਨੇ ਕਿਹਾ ਕਿ ਨਾਮ ਕਾਫੀ ਸੁਣਿਆ ਓਹਨਾਂ ਬੌਬੀ ਬਾਜਵਾ ਦਾ ਤੇ ਬੌਬੀ ਬਾਜਵਾ ਦੇ ਨਿਰਦੇਸ਼ਨ ਹੇਠ ਓਹਨਾਂ ਨੇ ਜਿਹੜੀ ਫ਼ਿਲਮ ਕੀਤੀ ਹੈ ਓਸ ਦਾ ਨਾਮ "ਵਕਤ" ਹੈ ਜਿਹੜੀ ਜਲਦੀ ਆਏਗੀ। ਸਵਰਗੀ ਸੁਰਿੰਦਰ ਛਿੰਦਾ ਵੀ ਫ਼ਿਲਮ ਵਿੱਚ ਹਨ ਤੇ ਰਜਿੰਦਰ ਰੋਜ਼ੀ ਵੀ ਤੇ ਅਸ਼ੋਕ ਪੁਰੀ ਅਨੁਸਾਰ ਬੌਬੀ ਬਾਜਵਾ ਨੇ ਓਹਨਾਂ ਦੇ ਰੋਲ ਨੂੰ ਅੱਛੇ ਤਰੀਕੇ ਨਾਲ ਫ਼ਿਲਮਾਇਆ ਹੈ। ਪ੍ਰਿਅੰਕਾ ਸ਼ਰਮਾ ਵੀ ਫ਼ਿਲਮ ਦਾ ਹਿੱਸਾ ਹੈ ਤੇ ਸੰਗੀਤ ਹਰਜੀਤ ਗੁੱਡੂ ਦਾ ਹੈ। ਇਹ ਫ਼ਿਲਮ ਕਸ਼ਮੀਰ ਸਿੰਘ ਸੋਹਲ ਤੇ ਕੁਲਜੀਤ ਸਿੰਘ ਖਾਲਸਾ ਦੀ ਹੈ ਤੇ ਬੌਬੀ ਬਾਜਵਾ ਨਾਲ ਇਹ "ਵਕਤ" ਫ਼ਿਲਮ ਕਰ ਕਿ ਕਾਫ਼ੀ ਖ਼ੁਸ਼ ਤੇ ਉਤਸ਼ਾਹਿਤ ਅਸ਼ੋਕ ਪੁਰੀ ਨਜ਼ਰ ਆਏ ਹਨ। ਅਸ਼ੋਕ ਪੁਰੀ ਪਿਛਲੇ ਸਾਲ "ਗੋਲਡ ਮੈਡਲ ਕਾ ਦਹੇਜ" ਨਾਲ ਸੁਰਖੀਆਂ ਵਿੱਚ ਰਹੇ ਤੇ ਬੌਬੀ ਬਾਜਵਾ ਨਾਲ ਫ਼ਿਲਮ ਕਰਨ ਦਾ ਅਰਥ ਓਹਨਾਂ ਅਨੁਸਾਰ ਇਹ ਸੰਕੇਤ ਹੈ ਕਿ ਅੱਛੇ ਮੇਕਰ ਤੇ ਡਾਇਰੈਕਟਰ ਮਹਿਸੂਸ ਕਰਦੇ ਨੇ ਕਿ ਅਸ਼ੋਕ ਪੁਰੀ ਮੌਲਿਕ ਤੌਰ ਤੇ ਸਾਡੇ ਸ਼ਾਨਦਾਰ ਅਭਿਨੇਤਾ ਹਨ ਤੇ ਓਹਨਾਂ ਵੱਲੋਂ ਆਪਣੇ ਕਿਰਦਾਰ ਵਿੱਚ ਜਾਨ ਪਾਈ ਜਾਂਦੀ ਹੈ। ਅਸ਼ੋਕ ਪੁਰੀ ਨੇ "ਵਕਤ" ਲਈ ਬੌਬੀ ਬਾਜਵਾ ਨੂੰ ਸ਼ੁਕਰੀਆ ਕਿਹਾ ਤੇ ਫ਼ਿਲਮ ਦੇ ਕਾਮਯਾਬ ਹੋਣ ਦੀ ਸੰਭਾਵਨਾ ਪ੍ਰਗਟਾਈ। ਯਾਦ ਰਹੇ ਕੈਂਬਰਿਜ ਯੂਨੀਵਰਸਿਟੀ ਅਸ਼ੋਕ ਪੁਰੀ ਨੂੰ ਡਾਕਟਰੇਟ ਡਿਗਰੀ ਐਕਟਿੰਗ ਲਈ ਦੇ ਚੁੱਕੀ ਹੈ। ਦਰਜ਼ਨਾਂ ਧਾਰਮਿਕ ਫਿਲਮਾਂ ਤੇ ਟੀਵੀ ਤੇ ਸਟਾਰ ਐਕਟਰ ਅਸ਼ੋਕ ਪੁਰੀ ਸ਼ੋਰਟ, ਸਿਨੇਮੇ ਦੀਆਂ ਫ਼ਿਲਮਾਂ ਤੇ ਸਾਊਥ ਦੀਆਂ ਫ਼ਿਲਮਾਂ ਤੱਕ ਮਕਬੂਲ ਹਨ।

**ਅੰਮ੍ਰਿਤ ਪਵਾਰ**

# ਜੇਠਾ ਐਤਵਾਰ

ਜੇਠਾ ਐਤਵਾਰ ਜੋ ਆਇਆ,
ਕੁੱਝ ਪੁਆੜੇ ਨਾਲ ਲਿਆਇਆ।
ਸਵੱਖਤੇ ਉਠ ਜਾਣਾ ਸੀ ਕਿਧਰੇ,
ਜਿਸ ਲਈ ਸਾਰਾ ਪਲੈਨ ਬਣਾਇਆ।

ਤਿਆਰ ਹੋ ਕੇ ਕਾਰ ਕੱਢਣ ਲਈ,
ਜਦ ਗੇਟ ਮੈਂ ਆਪਣਾ ਖੋਲ੍ਹਿਆ,
ਗੇਟ ਦੇ ਬਾਹਰ ਸੀ ਕਾਰ ਕਿਸੇ ਦੀ,
ਦੇਖ ਕੇ ਮੇਰਾ ਦਿਲ ਝੱਟ ਖੌਲਿਆ।

ਕੌਣ ਹੋ ਸਕਦਾ ਹੈ ਐਨਾ ਮੂਰਖ,
ਜਿਸ ਨੇ ਮੇਰਾ ਰਸਤਾ ਰੋਕਿਆ ?
ਪਤਾ ਕਰਨ ਲਈ ਗੁਆਂਢੀ ਘਰਾਂ ਦਾ,
ਮੈਂ ਹਰ ਇੱਕ ਦਰਵਾਜ਼ਾ ਠੋਕਿਆ।

ਦਸ ਕੁ ਦਰਵਾਜ਼ੇ ਖੜਕਾਉਣ ਬਾਦ,
ਅਖੀਰ ਸੁਰਾਗ ਮੇਰੇ ਹੱਥ ਆਇਆ,
ਪਤਾ ਲੱਗਾ ਕੋਈ ਸੰਭਾਵੀ ਜਵਾਈ,
ਗੋਰਿਆਂ ਦੇ ਕਿਸੇ ਘਰ ਸੀ ਆਇਆ।

ਭੜੂਆ ਸਵੱਖਤੇ ਉੱਠ ਕੇ ਮੌਕੇ ਨਾਲ,
ਕਿਸੇ ਦੀ ਕਾਰ 'ਚ ਕਰ ਸਵਾਰੀ,
ਟਿਭ ਗਿਆ ਸੀ ਕਿਸੇ ਹੋਰ ਸ਼ਹਿਰ ਨੂੰ,
ਪਿੱਛੇ ਛੱਡ ਆਪਣੀ ਮਿੰਨੀ ਪਿਆਰੀ।

ਕੁੜੀ ਦੇ ਬਾਪ ਨੇ ਹਲੀਮੀ ਦੇ ਨਾਲ,
ਮੇਰੇ ਤੋਂ ਮੰਗੀ ਬੜੀ ਮੁਆਫੀ,
ਲੌਂਡੇ ਤੋਂ ਚਾਬੀ ਲੈ ਆਉਣ ਲਈ,
ਕੁੜੀ ਉਸ ਦੂਜੇ ਸ਼ਹਿਰ ਭਜਾ 'ਤੀ।

ਪਰ ਮੈਨੂੰ ਕਿਸੇ ਹੋਰ ਦੀ ਮਦਦ,
ਦਰਕਾਰ ਹੋ ਗਈ ਪਲਾਂ ਵਿੱਚ ਹੀ।
ਦੂਜੇ ਘਰੋਂ ਆਪਣੇ ਪੁੱਤਰ ਤੋਂ,
ਲਿਫਟ ਲੈਣ ਦੀ ਕੀਤੀ ਝੱਟ ਹੀ।

ਘੰਟਾ ਲੇਟ ਪ੍ਰੋਗਰਾਮ ਤੇ ਪਹੁੰਚ ਕੇ,
ਮੰਗੀ ਮੁਆਫੀ ਮੇਜ਼ਬਾਨਾਂ ਤੋਂ,
ਮੈਂ 'ਤੇ ਪਤਨੀ ਨੇ ਵੇਰਵੇ ਨਾਲ,
ਕਾਰਨ ਦੱਸਿਆ ਖ਼ੁਦ ਜ਼ੁਬਾਨਾਂ ਤੋਂ।

ਹੋ ਕੇ ਆਖ਼ਰ,ਜਸ਼ਨ ਵਿੱਚ ਸ਼ਾਮਲ,
ਅਸੀਂ ਆਪਣਾ ਫ਼ਰਜ਼ ਨਿਭਾਇਆ,
ਮੁੜ ਕੇ ਕਿਸੇ ਦੀ ਮਿੰਨਤ ਕਰਕੇ,
ਘਰ ਮੁੜਨ ਦਾ ਜੁਗਾੜ ਲਗਾਇਆ।

ਤੱਦ ਤੱਕ ਮੇਰੇ ਗੇਟ ਦੇ ਅੱਗਿਓਂ,
ਕਾਰ ਭੜੂਏ ਨੇ ਹਟਾ ਲਈ ਸੀ,
ਕਿਸੇ ਸ਼ਹਿਰ ਮੇਲਾ ਦੇਖਣ ਦੀ,
ਦੂਜੀ ਬਿਉਂਤ ਮੈਂ ਬਣਾ ਲਈ ਸੀ।

ਦੋਸਤ ਨੂੰ ਉਸ ਦੇ ਘਰੋਂ ਚੁੱਕ ਕੇ,
ਮੈਂ 'ਤੇ ਉਹ ਚੱਲ ਪਏ ਮੇਲੇ ਨੂੰ,
ਸ਼ੁਗਲੋ ਸ਼ੁਗਲੀ ਜਾ ਰਹੇ ਸੀ,
ਹੱਸਦੇ ਖੇਲ੍ਹਦੇ ਅਸੀਂ ਮੇਲੇ ਨੂੰ।

ਮੋਟਰਵੇਅ ਤੇ ਭੱਜਦੀ ਗੱਡੀ ਦੇ,
ਅਚਾਨਕ ਪੱਥਰ ਸ਼ੀਸ਼ੇ ਵਿੱਚ ਵੱਜਿਆ,
ਵਿੰਡ ਸਕ੍ਰੀਨ ਤਿੜਕ ਗਈ ਸੀ,
ਹਾਦਸਾ ਹੋਣ ਨੂੰ ਮਿੰਟ ਨਾ ਲੱਗਿਆ।

ਹੱਕੇ ਬੱਕੇ ਮੈਂ 'ਤੇ ਦੋਸਤ,
ਇੱਕ ਦੂਜੇ ਨੂੰ ਤੱਕਦੇ ਰਹਿ ਗਏ,
ਹਾਰਡ ਸ਼ੋਲਡਰ 'ਤੇ ਗੱਡੀ ਰੋਕ ਕੇ,
ਆਪਣੇ ਸਿਰ ਅਸੀਂ ਫੜ ਕੇ ਬਹਿ ਗਏ।

ਸੋਚ ਸੋਚ ਕੇ ਫੈਸਲਾ ਕੀਤਾ,
ਕਿ ਸਫਰ ਨੂੰ ਜਾਰੀ ਰੱਖਿਆ ਜਾਵੇ,
ਮੇਲਾ ਦੇਖਣ ਦਾ ਸਾਡਾ ਚਾਅ,
ਕਿਸੇ ਵੀ ਗੱਲੋਂ ਨਾ ਮੱਠਾ ਪੈ ਜਾਵੇ।

ਔਖੇ ਸੌਖੇ ਨਿਸਚਿਤ ਥਾਂ ਵਿੱਚ,
ਅਖੀਰ ਨੂੰ ਅਸੀਂ ਪਹੁੰਚ ਗਏ ਸੀ,
ਖਚਾ ਖਚ ਭਰੇ ਮੇਲੇ ਨੂੰ ਦੇਖ,
ਸਾਡੇ ਹੋਸ਼ ਹੋਰ ਉੱਡ ਗਏ ਸੀ।

ਮੇਲੇ ਦੁਆਲੇ ਸਾਰੀਆਂ ਸੜਕਾਂ,
ਕਾਰਾਂ ਨਾਲ ਪਈਆਂ ਸੀ ਭਰੀਆਂ,
ਸਾਨੂੰ ਕਿਤੇ ਵੀ ਥਾਂ ਨਾ ਲੱਭੀ,
ਤਰਕੀਬਾਂ ਅਸੀਂ ਲੜਾਈਆਂ ਬੜੀਆਂ।


ਇੱਕ ਘੰਟਾ ਖ਼ੂਬ ਖੱਜਲ਼ ਹੋ ਕੇ,
ਸਾਨੂੰ ਕੌੜਾ ਘੁੱਟ ਭਰਨਾ ਪੈ ਗਿਆ,
ਬਿਨਾ ਦੇਖਿਆਂ ਇਸ ਮੇਲੇ ਨੂੰ,
ਅਲਵਿਦਾ ਸਾਨੂੰ ਕਹਿਣਾ ਪੈ ਗਿਆ।

ਮਾਯੂਸ ਅਤੇ ਨਿਮੋਝੂਣੇ ਹੋ ਕੇ,
ਅਸੀਂ ਕੌਵੈਂਟਰੀ ਨੂੰ ਪਾ 'ਤੇ ਚਾਲੇ,
ਭੁੱਖੇ ਅਤੇ ਪਿਆਸੇ ਦੋਨੋਂ,
ਹੋ ਚੁੱਕੇ ਸੀ ਹਾਲੋਂ ਬੇ ਹਾਲੇ।

ਵਾਪਸ ਆ ਕੇ ਨਿਚੱਲੇ ਹੋ ਕੇ,
ਜਦ ਸਾਰੇ ਦਿਨ ਦਾ ਲੇਖਾ ਕੀਤਾ,
ਝੱਟ ਮੇਰੇ ਦਿਮਾਗ ਵਿੱਚ ਆ ਕੇ,
ਜੇਠੇ ਐਤਵਾਰ ਨੇ ਡੇਰਾ ਕੀਤਾ।

ਸੁਣਿਆ ਸੀ ਬਜ਼ੁਰਗਾਂ ਕੋਲੋਂ,
ਸਖਤ ਹੁੰਦਾ ਹੈ ਜੇਠਾ ਐਤਵਾਰ,
ਪਰ ਕਦੀ ਵੀ ਅੱਜ ਤੱਕ ਮੈਂ ਇਸ 'ਤੇ,
ਕੀਤਾ ਨਹੀਂ ਸੀ ਕੋਈ ਇਤਬਾਰ।

ਪਰ ਜਦ ਖਰੋਹੜ ਅਤੇ ਖਰੋਹੜ,
ਮੇਰੇ ਉਸ ਦਿਨ ਸਾਹਮਣੇ ਆਈ,
ਮਨ ਸੋਚਣ 'ਤੇ ਮਜਬੂਰ ਹੋ ਗਿਆ,
ਸੱਚੀਂ ਇਸ ਵਿੱਚ ਹੈ ਕੋਈ ਸਚਾਈ ?



**ਰਵਿੰਦਰ ਸਿੰਘ ਕੁੰਦਰਾ**
**ਕੌਵੈਂਟਰੀ (ਯੂ ਕੇ)**

* * * * *

# ਕਾਵਿ ਕਿਆਰੀ

## ਨਵਾਂ ਸਾਲ

ਸੁੱਖਾਂ ਵਿੱਚ ਵਸਦੀ ਰਹੇ ਦੁਨੀਆਂ ਸਾਰੀ,
ਦੁਖਾਂ ਦੀ ਨਾ ਕਿਸੇ 'ਤੇ ਪਵੇ ਪਰਛਾਈ ਮੇਰੇ ਮਾਲਕਾਂ

ਧਰਤੀ ਦੀ ਕੁੱਖ ਸਦਾ ਹਰੀ ਭਰੀ ਰੱਖੀ,
ਸੁੱਕਿਆ ਰੁੱਖਾਂ ਨੂੰ ਫਲ਼ ਲਾਈ ਮੇਰੇ ਮਾਲਕਾਂ।

ਨਫ਼ਰਤਾਂ ਦੀ ਜੰਗ ਸਦਾ ਲਈ ਖ਼ਤਮ ਹੋਵੇ,
ਮੋਹ ਮੁਹੱਬਤ ਦਾ ਮੀਂਹ ਵਰਸਾਈਂ ਮੇਰੇ ਮਾਲਕਾਂ।

ਤੋਪਾਂ ਟੈਂਕ ਬੰਬ ਜਿਹੜੇ ਚੁੱਕੀ ਫਿਰਦੇ ਨੇ,
ਕਿਤਾਬਾਂ ਇਹਨਾਂ ਹੱਥਾਂ 'ਚੋਂ ਫੜਾਈ ਮੇਰੇ ਮਾਲਕਾਂ।

ਥਾਂ-ਥਾਂ ਖੁੱਲੀਆਂ ਝੂਠੀਆਂ ਦੁਕਾਨਾਂ ਬੰਦ ਹੋਵਣ,
ਸੱਚ ਦਾ ਸੌਦਾ ਤੂੰ ਵਿਕਾਈ ਮੇਰੇ ਮਾਲਕਾਂ।

ਦੇਣ ਇਨਸਾਫ਼ ਲੋਕਾਂ ਤਾਈਂ,
ਅੱਜ ਦੇ ਰਾਜਿਆਂ ਸਿਰਾਂ ਵਿੱਚ ਅਕਲ ਇੰਨੀ ਪਾਈ ਮੇਰੇ ਮਾਲਕਾਂ।

ਨੌਜਵਾਨਾਂ ਨੂੰ ਵੀ ਸਮੁੱਤ ਬਖਸ਼ੀ,
ਪੁੱਤ ਦੀ ਅਰਥੀ ਬਾਪ ਦੇ ਮੋਢਿਆਂ 'ਤੇ ਨਾ ਉਠਾਈ ਮੇਰੇ ਮਾਲਕਾਂ।

ਦੁੱਧ ਪੁੱਤ ਦੀ ਨਾ ਤੋਟ ਰਹੇ ਕਿਸੇ ਘਰ,
ਹਰ ਇਨਸਾਨ 'ਤੇ ਰਹਿਮਤਾਂ ਦਾ ਮੀਂਹ ਵਰਸਾਈਂ ਮੇਰੇ ਮਾਲਕਾਂ।

ਰਿਸ਼ਤੇ ਨਾਤੇ ਕਰੀਂ ਸ਼ਹਿਦ ਨਾਲੋਂ ਮਿੱਠੇ,
ਰੁੱਸੇ ਨਾ ਕੋਈ ਭੈਣ ਨਾਲੋਂ ਭਾਈ ਮੇਰੇ ਮਾਲਕਾਂ।

ਅੱਜ ਹਰ ਪਾਸੇ ਦਿਲਾਂ ਵਿੱਚ ਜ਼ਹਿਰ ਭਰੀ,
ਸਾਰੀ ਦੁਨੀਆਂ 'ਤੇ ਠੰਡ ਵਰਤਾਈ ਮੇਰੇ ਮਾਲਕਾਂ।

ਕਿੰਨੀਆਂ ਵੰਡੀਆਂ ਪਈਆਂ ਅੱਜ ਇਨਸਾਨਾਂ ਵਿੱਚ
ਇਕੱਠੇ ਕਰ ਇੱਕ ਥਾਂ ਬਹਾਈਂ ਮੇਰੇ ਮਾਲਕਾਂ।


ਅੱਜ ਪੰਜ ਚੋਰਾਂ ਬੰਦੇ ਦਾ ਜਿਊਣਾ ਹਰਾਮ ਕੀਤਾ,
ਇਹਨਾਂ ਕੋਲੋਂ ਪਿੱਛਾ ਛੁਡਾਈਂ ਮੇਰੇ ਮਾਲਕਾਂ।

ਮੰਦਰ ਮਸਜਿਦ ਗੁਰੂ ਘਰ ਨਾ ਕੋਈ ਤੋੜੇ ,
ਇਨਸਾਨੀਅਤ ਦਾ ਪਾਠ ਸਭ ਨੂੰ ਪੜਾਈਂ ਮੇਰੇ ਮਾਲਕਾਂ।

ਮਹਿਲ ਮੁਨਾਰੇ ਵਿੱਚ ਵਸਦੇ ਲੋਕੀ ਹਾਏ ਹਾਏ ਕਰਦੇ
ਨੀਤਾਂ ਇਹਨਾਂ ਦੀਆਂ ਨੂੰ ਵੀ ਰਜਾਈ ਮੇਰੇ ਮਾਲਕਾਂ

ਇਨਸਾਨ ਬਣ ਰਹੀਏ ਇਸ ਧਰਤੀ ਉੱਤੇ,
ਪਸ਼ੂ ਬਣੇ ਮਨੁੱਖਾਂ ਨੂੰ ਬੰਦੇ ਬਣਾਈਂ ਮੇਰੇ ਮਾਲਕਾਂ।

"ਰਾਣਾ" ਹੱਥ ਜੋੜ ਅਰਜ਼ ਕਰੇਂ ਤੇਰੇ ਅੱਗੇ,
2026 ਸਾਲ ਵਧੀਆ ਚੜਾਈ ਮੇਰੇ ਮਾਲਕਾਂ।



**ਰਣਵੀਰ ਸਿੰਘ ਰਾਣਾ**

# ਸਿੱਖ ਕੌਮ ਇਕ ਨਿਰਣਾਇਕ ਮੋੜ ਤੇ : ਵਿਚਾਰ, ਏਕਤਾ ਅਤੇ ਭਵਿੱਖ ਲਈ ਯੋਜਨਾ ਬਣਾਉਣ ਦੀ ਲੋੜ

**ਇਕਬਾਲ ਸਿੰਘ ਲਾਲਪੁਰਾ**
9780003333



ਸਾਲ 2025 ਸਮਾਪਤ ਹੋਣ ਜਾ ਰਿਹਾ ਹੈ ਅਤੇ ਅਸੀਂ 2026 ਦਾ ਸਵਾਗਤ ਕਰਨ ਲਈ ਤਿਆਰ ਹਾਂ, ਇਸ ਮੌਕੇ ’ਤੇ ਸਿੱਖ ਕੌਮ ਦੇ ਸਾਰੇ ਭੈਣ,ਭਰਾਵਾਂ ਨੂੰ ਨਵਾਂ ਸਾਲ ਮੁਬਾਰਕ ਕਹਿਣਾ ਦਾ ਸਮਾਂ ਹੈ ਅਤੇ ਇਹ ਕਾਮਨਾ ਵੀ ਕਰਨੀ ਹੈ ਕਿ ਆਉਂਦਾ ਸਾਲ ਕੌਮ ਲਈ ਸ਼ਾਂਤੀ ਅਤੇ ਤਰੱਕੀ ਲੈ ਕੇ ਆਵੇ। ਕੈਲੰਡਰ ਦੀ ਇਹ ਤਬਦੀਲੀ ਸਿਰਫ਼ ਤਾਰੀਖਾਂ ਦੀ ਬਦਲਾਅ ਨਹੀਂ, ਸਗੋਂ ਇੱਕ ਵੱਡਾ ਇਤਿਹਾਸਕ ਸੰਕੇਤ ਵੀ ਹੈ, ਇੱਕੀਵੀਂ ਸਦੀ ਦਾ ਪੂਰਾ ਇਕ ਚੌਥਾਈ ਹਿੱਸਾ ਲੰਘ ਚੁੱਕਾ ਹੈ। ਅਜਿਹੇ ਮੋੜ ਇਤਿਹਾਸ ਵਿੱਚ ਕਦੇ-ਕਦੇ ਹੀ ਮਿਲਦੇ ਹਨ, ਜੋ ਸ਼ੋਰ-ਸ਼ਰਾਬੇ ਜਾਂ ਨੱਚਣ ਕੁੱਦਣ, ਧਾਰਮਿਕ ਰੀਤੀ ਰਿਵਾਜਾਂ ਨਾਲੋਂ, ਸ਼ਾਂਤ ਚਿੰਤਨ ਅਤੇ ਗੰਭੀਰ ਆਤਮ-ਮੁਲਾਂਕਣ ਦੀ ਮੰਗ ਕਰਦੇ ਹਨ। ਸਿੱਖ ਕੌਮ ਲਈ ਵੀ ਅੱਜ ਇਹੋ ਜਿਹਾ ਇੱਕ ਮੌਕਾ ਹੈ।

ਅੱਜ ਦਾ ਸਿੱਖ ਸਮਾਜ ਕਿਸੇ ਇੱਕ ਅਚਾਨਕ ਸੰਕਟ ਨਾਲ ਨਹੀਂ, ਸਗੋਂ ਲੰਮੇ ਸਮੇਂ ਤੋਂ ਸਾਂਝੀ ਤਾਕਤ ਦੇ ਹੌਲੀ-ਹੌਲੀ ਕਮਜ਼ੋਰ ਹੋਣ ਨਾਲ ਜੂਝ ਰਿਹਾ ਹੈ। ਇਸ ਦਾ ਮੁੱਖ ਕਾਰਨ ਆਗੂਆਂ, ਸੰਸਥਾਵਾਂ, ਤਰਜੀਹਾਂ ਅਤੇ ਦ੍ਰਿਸ਼ਟੀਕੋਣ ਵਿੱਚ ਆਈ ਟੁੱਟ-ਭੱਜ ਅਤੇ ਆਪਸੀ ਤਾਲਮੇਲ ਦੀ ਘਾਟ ਹੈ। ਇਸ ਹਕੀਕਤ ਨੂੰ ਕੜਵਾਹਟ ਜਾਂ ਇਕ ਦੂਜੇ ਤੇ ਦੋਸ਼ ਲਗਾਉਣ ਤੋਂ ਬਿਨਾਂ ਸਵੀਕਾਰ ਕਰਨਾ ਜ਼ਰੂਰੀ ਹੈ। ਇਸ ਪੜਚੋਲ ਦਾ ਉਦੇਸ਼ ਕਿਸੇ ਵਿਅਕਤੀ ਜਾਂ ਸੰਸਥਾ ਨੂੰ ਨਿਸ਼ਾਨਾ ਬਣਾਉਣਾ ਨਹੀਂ, ਸਗੋਂ ਅਗਲੀ ਪੀੜ੍ਹੀ ਦੇ ਭਵਿੱਖ ਲਈ ਵਿਚਾਰ ,ਸੰਵਾਦ ਅਤੇ ਯੋਜਨਾ ਬਣਾਉਣ ਦੀ ਲੋੜ ਵੱਲ ਧਿਆਨ ਖਿੱਚਣਾ ਹੈ।

ਸਿੱਖ ਕੌਮ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਪ੍ਰਭਾਵਸ਼ਾਲੀ ਅਤੇ ਮਾਨਤਾ ਪ੍ਰਾਪਤ ਸਾਂਝੇ ਨੇਤ੍ਰਤਵ ਦੀ ਘਾਟ ਹੈ। ਆਗੂ ਸਿਰਫ਼ ਰਾਜਸੀ ਜਾਂ ਧਾਰਮਿਕ ਅਹੁਦੇ ਸੰਭਾਲਣ ਜਾਂ ਬਿਆਨ ਜਾਰੀ ਕਰਨ ਵਾਲਾ ਨਹੀਂ ਹੁੰਦਾ, ਸਗੋਂ ਉਸ ਦੀ ਸ਼ਕਤੀ ਲੋਕਾਂ ਨੂੰ ਭਰੋਸਾ, ਦਿਸ਼ਾ ਅਤੇ ਸਮੱਸਿਆ ਦੇ ਹੱਲ ਮੁਹੱਈਆ ਕਰਵਾਉਣ ਦੀ ਸਮਰਥਾ ਹੁੰਦੀ ਹੈ। ਅੱਜ ਹਾਲਾਤ ਇਹ ਹਨ ਕਿ ਰਾਸ਼ਟਰੀ, ਰਾਜ ਅਤੇ ਜ਼ਿਲ੍ਹਾ ਪੱਧਰ ’ਤੇ ਵੀ ਕੋਈ ਅਜਿਹਾ ਢਾਂਚਾ ਸਪਸ਼ਟ ਨਹੀਂ, ਜਿੱਥੇ ਆਮ ਸਿੱਖ ਸਮਾਜਿਕ ਮੁਸ਼ਕਲ, ਸਿੱਖਿਆ, ਕਾਨੂੰਨੀ ਸਹਾਇਤਾ ਜਾਂ ਸਾਂਝੇ ਵਿਕਾਸ ਕੰਮਾਂ ਲਈ ਨਿਡਰ ਹੋ ਕੇ , ਪੁੱਜਣ ਦੀ ਆਸ ਕਰ ਸਕੇ। ਇਹ ਹੀ ਖਲ਼ਾ ਮਾਨਸਿਕ ਕਮਜ਼ੋਰੀ ਪੈਦਾ ਕਰਦਾ ਹੈ ਅਤੇ ਵਿਅਕਤੀ ਨੂੰ ਸਾਂਝੇ ਤੰਤਰ ਦੀ ਥਾਂ ਨਿਰਾਸ਼ ਤੇ ਇਕੱਲਾ ਛੱਡ ਦਿੰਦਾ ਹੈ।

ਇਸ ਨੇਤ੍ਰਤਵ ਦੀ ਘਾਟ ਦੇ ਨਾਲ-ਨਾਲ ਧਾਰਮਿਕ ਅਤੇ ਸਮੁਦਾਇਕ ਸੰਸਥਾਵਾਂ ਦੀ ਵੰਡਿਆ ਹੋਣਾ ਵੀ ਚਿੰਤਾ ਦਾ ਵਿਸ਼ਾ ਹੈ। ਸਮੇਂ ਦੇ ਨਾਲ ਕਈ ਇਤਿਹਾਸਕ ਮੋੜ ਤੇ ਸਿੰਘ ਸਭਾ, ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਚੀਫ ਖ਼ਾਲਸਾ ਦੀਵਾਨ ਵਰਗੇ, ਖੇਤਰੀ ਅਤੇ ਸਥਾਨਕ ਸੰਗਠਨ ਉਭਰੇ ਹਨ, ਜੋ ਅਕਸਰ ਇਕ-ਦੂਜੇ ਦੇ ਪੂਰਕ ਬਣਨ ਦੀ ਥਾਂ ਵੱਖ-ਵੱਖ



ਦਿਸ਼ਾਵਾਂ ਵਿੱਚ ਕੰਮ ਕਰ ਰਹੇ ਹਨ। ਧਾਰਮਿਕ ਸੰਸਥਾਵਾਂ ਵਿੱਚ ਰਾਜਨੀਤਿਕ ਦਖ਼ਲਅੰਦਾਜ਼ੀ ਨੇ ਉਨ੍ਹਾਂ ਦੇ ਆਤਮਕ ਅਤੇ ਸਮਾਜਿਕ ਮਕਸਦ ਨੂੰ ਹੋਰ ਵੀ ਕਮਜ਼ੋਰ ਕੀਤਾ ਹੋਇਆ ਹੈ, ਜਿਸ ਨਾਲ ਸਿੱਖਿਆ, ਨੈਤਿਕ ਗੁਰਮਤਿ ਗਿਆਨ ਅਤੇ ਸਮਾਜਿਕ ਸੁਰੱਖਿਆ ਦੀ ਭਾਵਨਾ ਕਮਜ਼ੋਰ ਹੋ ਪਿੱਛੇ ਰਹਿ ਗਈ ਹੈ। ਆਮ ਸਿੱਖ ਇਸ ਟਕਰਾਅ ਵਿਚ ਫਸ ਕੇ ਉਲਝਣ ਅਤੇ ਨਿਰਾਸ਼ਾ ਮਹਿਸੂਸ ਕਰਦਾ ਹੈ। ਇਸ ਕਾਰਨ ਹੀ ਉਹ ਦੂਜਿਆਂ ਦੇ ਬਹਿਕਾਵੇ ਵਿੱਚ ਫਸ ਧਰਮ ਤੋਂ ਹੀ ਦੂਰ ਹੋ ਰਹੇ ਹਨ, ਨਤੀਜਾ ਧਰਮ ਤੇ ਰਾਜਨੀਤੀ ਦੋਵੇਂ ਕਮਜੋਰ ਹੋ ਗਏ ਨਜ਼ਰ ਆ ਰਹੇ ਹਨ।

ਇੱਕ ਹੋਰ ਅਕਸਰ ਨਜ਼ਰਅੰਦਾਜ਼ ਕੀਤੀ ਜਾਣ ਵਾਲੀ ਕਮੀ ਹੈ, ਗੁਰਦੁਆਰਿਆਂ ਤੋਂ ਬਾਹਰ ਸਾਂਝੀ ਸਮਾਜਿਕ ਥਾਵਾਂ ਦੀ ਘਾਟ। ਗੁਰਦੁਆਰੇ ਸਿੱਖ ਜੀਵਨ ਦਾ ਆਤਮਕ ਕੇਂਦਰ ਹਨ ਅਤੇ ਰਹਿਣਗੇ, ਪਰ ਹਰ ਸਮਾਜਿਕ, ਰਾਜਨੀਤਿਕ ਜਾਂ ਸਾਂਸਕ੍ਰਿਤਿਕ ਚਰਚਾ ਦਾ ਬੋਝ ਉਨ੍ਹਾਂ ’ਤੇ ਪਾਉਣਾ ਉਚਿਤ ਨਹੀਂ। ਦੇਸ਼ ਦੇ ਬਹੁਤੇ ਹਿੱਸਿਆਂ ਵਿੱਚ ਹੋਰ ਧਰਮਾਂ ਵਾਂਗ ਸਿੱਖ ਭਵਨ ਜਾਂ ਪੰਜਾਬੀ ਭਵਨ ਮੌਜੂਦ ਨਹੀਂ ਹਨ, ਜਿੱਥੇ ਲੋਕ ਸਮਾਜਿਕ ਸੰਵਾਦ, ਬੌਧਿਕ ਵਿਚਾਰ-ਵਟਾਂਦਰਾ, ਯੁਵਾ ਮਾਰਗਦਰਸ਼ਨ ਅਤੇ ਲੰਬੀ ਯੋਜਨਾ ਲਈ ਮਿਲ ਬੈਠ ਸਕਣ। ਇਸ ਕਾਰਨ ਸਿਹਤਮੰਦ ਗੱਲਬਾਤ ਲਈ ਢੰਗੀ ਥਾਂ ਨਹੀਂ ਬਣ ਸਕੀ। ਧਾਰਮਿਕ ਸੰਸਥਾਵਾਂ ਦੀ ਰਾਜਨੀਤੀ ਲਈ ਵਰਤੋਂ ਨਾਲ ਸਥਿਤੀ ਹੋਰ ਵੀ ਗੰਭੀਰ ਹੋ ਗਈ ਹੈ।

ਸਿੱਖਿਆ, ਜੋ ਕਦੇ ਸਿੱਖ ਸਮਾਜ ਦੀ ਮਜ਼ਬੂਤ ਨੀਂਹ ਸੀ, ਅੱਜ ਚਿੰਤਾ ਦਾ ਵਿਸ਼ਾ ਹੈ। ਪਿੰਡਾਂ ਵਿੱਚ ਸਿੱਖਿਆਈ ਢਾਂਚਾ ਕਮਜ਼ੋਰ ਹੈ, ਜਦਕਿ ਸ਼ਹਿਰੀ ਖੇਤਰਾਂ ਵਿੱਚ ਵੀ ਮਿਆਰੀ ਸਿੱਖਿਆ ਸੀਮਿਤ ਹੈ। ਚਿਕਿਤਸਾ, ਤਕਨੀਕੀ, ਵਿਗਿਆਨਕ ਅਤੇ ਖੋਜ ਸੰਸਥਾਵਾਂ ਵਿੱਚ ਸਿੱਖਾਂ ਦੀ ਹਾਜ਼ਰੀ ਸੰਭਾਵਨਾ ਨਾਲੋਂ ਕਾਫ਼ੀ ਘੱਟ ਹੀ ਨਹੀਂ ਹੋਰ ਵੀ ਘੱਟ ਰਹੀ ਹੈ। ਦੁੱਖ ਦੀ ਗੱਲ ਹੈ ਕਿ , ਸਿੱਖਾਂ ਵੱਲੋਂ ਚਲਾਈਆਂ ਜਾ ਰਹੀਆਂ ਸਿੱਖਿਆ ਸੰਸਥਾਵਾਂ ਅਜੇ ਤੱਕ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪੱਧਰ ’ਤੇ ਮਿਆਰ ਦੀ ਪਹਿਚਾਣ ਨਹੀਂ ਬਣਾਉਣ ਵਿੱਚ ਸਫਲ ਨਹੀਂ ਹੋ ਸਕੀਆਂ। ਇਸ ਦਾ ਨਤੀਜਾ ਨੌਕਰਸ਼ਾਹੀ, ਨਿਆਂਪਾਲਿਕਾ ਅਤੇ ਨੀਤੀ-ਨਿਰਧਾਰਕ ਅਦਾਰਿਆਂ ਵਿੱਚ ਘਟਦੀ ਹਿਸੇਦਾਰੀ ਰੂਪ ਵਿੱਚ ਸਾਹਮਣੇ ਆ ਰਿਹਾ ਹੈ।

ਸਿੱਖ ਜੀਵਨ ਦਾ ਬੌਧਿਕ ਪੱਖ ਵੀ ਕਮਜ਼ੋਰ ਹੋਇਆ ਹੈ। ਸਿੱਖ ਧਰਮ ਗਿਆਨ, ਨੈਤਿਕ ਹਿੰਮਤ ਅਤੇ ਸਮਾਜਿਕ ਜ਼ਿੰਮੇਵਾਰੀ ’ਤੇ ਆਧਾਰਿਤ ਹੈ। ਗੁਰੂ ਨਾਨਕ ਦੇਵ ਜੀ ਨੇ ਅਜਿਹੇ ਮਨੁੱਖਾਂ ਦੀ ਕਲਪਨਾ ਕੀਤੀ ਸੀ ਜੋ ਸੱਚੇ, ਨਿਡਰ ਅਤੇ ਦਇਆਲੂ ਹੋਣ, ਅਰਥਾਤ ਧਰਤੀ ’ਤੇ ਦੇਵਤੇ। ਪਰ ਅੱਜ ਅਜਿਹੇ ਵਿਦਵਾਨਾਂ ਅਤੇ ਵਕਤਾਵਾਂ ਦੀ ਘਾਟ ਹੈ ਜੋ ਸਿੱਖ ਦਰਸ਼ਨ ਨੂੰ ਆਮ ਭਾਸ਼ਾ ਵਿੱਚ, ਖ਼ਾਸ ਕਰਕੇ ਨੌਜਵਾਨਾਂ ਤੱਕ, ਤਰਕਸੰਗਤ ਅਤੇ ਸਮਕਾਲੀ ਢੰਗ ਨਾਲ ਪਹੁੰਚਾ ਸਕਣ। ਜਦੋਂ ਕੋਈ ਸਮਾਜ ਆਪਣੇ ਮੁੱਲਾਂ ਨੂੰ ਆਪ ਹੀ , ਢੰਗ ਨਾਲ ਸਮਝਾ ਨਾ ਸਕੇ, ਤਾਂ ਦੂਰੀ ਅਤੇ ਭਟਕਣ ਪੈਦਾ ਹੋਣੀ ਲਾਜ਼ਮੀ ਹੈ।

ਇੱਕ ਹੋਰ ਮੁਸ਼ਕਲ ਪਰ ਜ਼ਰੂਰੀ ਮੁੱਦਾ ਹੈ, ਲਗਾਤਾਰ ਅੰਦਰੂਨੀ ਵਿਵਾਦ ਅਤੇ ਰਾਜਨੀਤਿਕ ਅੰਦੋਲਨ। ਸਾਲਾਂ ਤੋਂ ਪ੍ਰਦਰਸ਼ਨ, ਟਕਰਾਅ ਅਤੇ ਅੰਦਰੂਨੀ ਵਿਰੋਧ, ਸਿੱਖ ਜਨ ਜੀਵਨ ਦਾ ਹਿੱਸਾ ਬਣ ਗਏ ਹਨ। ਜਦੋਂ ਕਿ ਲੋਕਤੰਤਰ ਵਿੱਚ ਅਸਹਿਮਤੀ ਅਤੇ ਵਖਰੀ ਵਿਚਾਰ ਧਾਰਾ ਦੀ ਆਪਣੀ ਥਾਂ ਹੈ, ਪਰ ਲਗਾਤਾਰ ਅੰਦੋਲਨ ਨੇ ਲਾਭ ਨਾਲੋਂ ਵੱਧ ਨੁਕਸਾਨ ਕੀਤਾ ਹੈ। ਸਰਬ ਜਨਕ ਭਰੋਸੇ , ਆਰਥਿਕ ਮੌਕਿਆਂ ਦੀ ਘਾਟ, ਸੰਸਥਾਵਾਂ ਦੀ ਸਾਖ ਨੂੰ ਕੰਮਜੋਰ ਕੀਤਾ ਹੈ। ਵੱਡੀ ਗੱਲ, ਕੀਮਤੀ ਸਮੇਂ ਤੇ ਸਰਮਾ ਦੀ ਬਰਬਾਦੀ ਹੁੰਦੀ ਹੈ। ਵਿਚਾਰ ਦੀ ਲੋੜ ਹੈ ਕਿ, ਕੀ ਇਹ ਸ਼ਕਤੀ ਤੇ ਸਰਮਾਇਆ, ਸਿੱਖਿਆ, ਸੰਸਥਾਵਾਂ ਦੇ ਨਿਰਮਾਣ, ਨੌਜਵਾਨੀ ਤਿਆਰੀ ਵਿੱਚ, ਨਹੀਂ ਲੱਗ ਸਕਦੀ ਸੀ।

ਇਸ ਇਤਿਹਾਸਕ ਮੋੜ ’ਤੇ ਸਿੱਖ ਕੌਮ ਨੂੰ ਅਗਲੇ ਘੱਟੋ-ਘੱਟ ਪੰਜ ਦਸ ਸਾਲਾਂ ਲਈ ਅੰਦਰੂਨੀ ਵਿਵਾਦ ਅਤੇ ਅੰਦੋਲਨਾਂ ਨੂੰ ਵਿਰਾਮ ਦੇਣ ਦੀ ਅਪੀਲ ਕੀਤੀ ਜਾ ਸਕਦੀ ਹੈ। ਇਹ ਚੁੱਪੀ ਜਾਂ ਕਿਸੇ ਅੱਗੇ ਸਮਰਪਣ ਦੀ ਗੱਲ ਨਹੀਂ, ਸਗੋਂ ਰਣਨੀਤਿਕ ਪੱਕੇਪਣ ਦੀ ਗੱਲ ਹੋਵੇਗੀ। ਪੰਜ ਦਸ ਸਾਲਾਂ ਦਾ ਸੰਯਮ, ਜੋ ਸਿੱਖਿਆ, ਸੰਸਥਾਵਾਂ, ਸੰਵਾਦ ਅਤੇ ਨੇਤ੍ਰਤਵ ਵਿਕਾਸ ’ਤੇ ਕੇਂਦ੍ਰਿਤ ਹੋਵੇ, ਦਹਾਕਿਆਂ ਦੀ ਟਕਰਾਅਕਾਰੀ ਰਾਜਨੀਤੀ ਨਾਲੋਂ ਵੱਧ ਸਾਰਥਕ ਨਤੀਜੇ ਦੇ ਸਕਦਾ ਹੈ।

ਇਹ ਵੀ ਸਵੀਕਾਰ ਕਰਨਾ ਹੋਵੇਗਾ ਕਿ ਮੌਜੂਦਾ ਰਾਸ਼ਟਰੀ ਮਾਹੌਲ ਇੱਕ ਚੰਗਾ ਮੌਕਾ ਪੇਸ਼ ਕਰਦਾ ਹੈ। ਕੇਂਦਰ ਅਤੇ ਕੁਝ ਰਾਜਾਂ ਵਿੱਚ ਸਿੱਖਾਂ ਪ੍ਰਤੀ ਸਕਾਰਾਤਮਕ ਸੋਚ ਵਾਲਿਆਂ ਸਰਕਾਰਾਂ ਦੀ ਪਹਿਲ ਨੂੰ ਭਾਵਨਾਤਮਕ ਜਾਂ ਵਿਅਕਤੀਗਤ ਨਹੀਂ, ਸਗੋਂ ਸੰਸਥਾਗਤ ਢੰਗ ਨਾਲ ਵਰਤਣ ਦੀ ਲੋੜ ਹੈ। ਸਿੱਖਿਆ ਤੰਤਰ ਨੂੰ ਮਜ਼ਬੂਤ ਕਰਨ, ਨੌਕਰਸ਼ਾਹੀ ਅਤੇ ਨਿਆਂਪਾਲਿਕਾ ਵਿੱਚ ਭਾਗੀਦਾਰੀ ਵਧਾਉਣ ਤੇ ਧਾਰਮਿਕ ਸੰਸਥਾਵਾਂ ਦੀ ਖੁਦਮੁਖਤਿਆਰੀ ਬਰਕਰਾਰ ਰੱਖਣ ਲਈ ਇਸ ਦਾ ਲਾਭ ਲਿਆ ਜਾ ਸਕਦਾ ਹੈ।

ਅੱਗੇ ਦਾ ਰਾਹ ਆਪਸੀ ਤਕਰਾਰ ਤੇ ਟਕਰਾਅ ਵਿੱਚ ਨਹੀਂ, ਸਗੋਂ ਮਿੱਤਰਤਾਪੂਰਕ ਗੱਲਬਾਤ ਅਤੇ ਸਾਂਝੀ ਯੋਜਨਾ ਵਿੱਚ ਹੈ। ਸਿੱਖ ਪਰੰਪਰਾ ਵਿਚ ਵਿਚਾਰ ਨੂੰ ਵਿਵਾਦ ਤੋਂ ਉੱਪਰ ਰੱਖਿਆ ਗਿਆ ਹੈ। ਇਹੀ ਆਤਮਾ ਅਗਲੇ ਪੜਾਅ ਨੂੰ ਦਿਸ਼ਾ ਦੇਵੇ ਇਹ ਬਹੁਤ ਲਾਭਦਾਇਕ ਹੋ ਸਕਦਾ ਹੈ।

ਜਿਵੇਂ ਅਸੀਂ 2026 ਵਿੱਚ ਦਾਖ਼ਲ ਹੋ ਰਹੇ ਹਾਂ, ਸਿੱਖ ਕੌਮ ਨੂੰ ਆਪਣੀ ਨਜ਼ਰ 2050 ’ਤੇ ਟਿਕਾਣੀ ਹੋਵੇਗੀ ਇੱਕ ਐਸੀ ਕੌਮ ਜੋ ਸਿਖਅਤ, ਆਤਮਵਿਸ਼ਵਾਸੀ ਅਤੇ ਏਕਜੁੱਟ ਹੋਵੇ, ਗੁਰਦੁਆਰਿਆਂ ਤੋਂ ਇਲਾਵਾ ਮਜ਼ਬੂਤ ਸੰਸਥਾਵਾਂ ਹੋਣ, ਹਰ ਪੱਧਰ ’ਤੇ ਮਾਨਤਾ ਪ੍ਰਾਪਤ ਆਗੂ ਹੋਵੇ ਅਤੇ ਨੌਜਵਾਨ ਆਪਣੇ ਮੁੱਲਾਂ ਨਾਲ ਜੁੜੇ ਹੋਏ ਆਧੁਨਿਕ ਚੁਣੌਤੀਆਂ ਲਈ ਤਿਆਰ ਹੋਣ ਇਸ ਤੇ ਕੰਮ ਕਰੀਏ।

ਇਹ ਅਤੀਤ ਦੀ ਮਹਿਮਾ ਕਰਨ ਦੀ ਜਾ ਦੁਹਰਾਉਣ ਦੀ ਗੱਲ ਨਹੀਂ, ਸਗੋਂ ਆਪਣੀ ਵਿਰਾਸਤ ਦੇ ਚੰਗੇ ਭਵਿੱਖ ਬਣਾਉਣ ਦੀ ਗੱਲ ਹੈ। ਆਉਂਦੇ ਸਾਲ ਇਸ ਤਰ੍ਹਾਂ ਯਾਦ ਰਹਿਣ ਕਿ ਸਿੱਖ ਕੌਮ ਨੇ ਪ੍ਰਤੀਕ੍ਰਿਆ ਦੀ ਥਾਂ ਵਿਚਾਰ, ਅੰਦੋਲਨ ਦੀ ਥਾਂ ਯੋਜਨਾ ਅਤੇ ਵਖਰੇਵੇਂ ਦੀ ਥਾਂ ਏਕਤਾ ਨੂੰ ਚੁਣਿਆ।

ਇਹ ਨਵਾਂ ਸਾਲ 2026 ਸਾਂਝੀ ਜਾਗ੍ਰਿਤੀ ਦਾ ਪਲ ਬਣੇ। ਆਓ ਜਾਗੀਏ, ਉਠੀਏ, ਹੱਥਾਂ ਵਿੱਚ ਹੱਥ ਫੜੀਏ ਅਤੇ ਸਕਾਰਾਤਮਕ ਬਦਲਾਅ ਤੇ ਕੌਮ ਦੀ ਚੜ੍ਹਦੀ ਕਲਾ ਲਈ ਮਿਲ ਕੇ ਕੰਮ ਕਰੀਏ। ਜੇ ਅਸੀਂ ਅੱਜ ਸਿਆਣਪ ਅਤੇ ਸੰਯਮ ਨਾਲ ਕਦਮ ਚੁੱਕੇ, ਤਾਂ ਇਤਿਹਾਸ ਗਵਾਹੀ ਦੇਵੇਗਾ ਕਿ ਇਸ ਪੀੜ੍ਹੀ ਨੇ ਅੰਦਰੂਨੀ ਟਕਰਾਅ ਤੋਂ ਉੱਪਰ ਉੱਠ ਕੇ ਸਕਾਰਾਤਮਕ ਅਤੇ ਰਚਨਾਤਮਕ ਸੋਚ ਤੇ ਕੰਮ ਨਾਲ ਕੌਮ ਅਤੇ ਦੇਸ਼ ਨੂੰ ਮਜ਼ਬੂਤ ਕੀਤਾ ਸੀ ।

ਸਾਬਕਾ ਚੇਅਰਮੈਨ
ਕੌਮੀ ਘੱਟ ਗਿਣਤੀਆਂ ਕਮਿਸ਼ਨ,
ਭਾਰਤ ਸਰਕਾਰ